# ਲੋਟਾ

(ਨਾਵਲ)

## *ਏਸੇ ਕਲਮ ਤੋਂ ਹੋਰ*

**ਨਾਵਲ**

- ਮੀਂਹ ਕਣੀ ਦੇ ਦਿਨ
- ਦੇਸ ਕੁਦੇਸ
- ਕੰਡਾ
- ਮਿੱਟੀ
- ਬੱਦਲਾਂ ਦੀ ਪੌੜੀ
- ਭਾਊ
- ਮੀਂਹ ਵਰਸੇਂਦਾ
- ਬੁਝਾਰਤ
- ਗੈਲਰੀ ਸ਼ਹੀਦਾਂ
- ਭੂਮਿਕਾ

**ਕਹਾਣੀਆਂ**

- ਹਨ੍ਹੇਰੀ

**ਰੇਖਾ-ਚਿੱਤਰ**

- ਅੱਧ-ਚਾਨਣਾ

# ਲੋਟਾ

ਨਾਵਲ

ਦਰਸ਼ਨ ਸਿੰਘ

*Novel/Punjabi Novel*

ISBN : 978-93-5068-812-0
Price : 350/-

**LOTA**
*a novel by*
**Darshan Singh**
C/13, Greater Kailash Enclave-1
New Delhi-110048
Mob. 9910220294
E-mail : darshan2402@gmail.com

2014
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2014 Author*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਸੁਰਜੀਤ ਤੇ ਗੁਲਜ਼ਾਰ ਦੇ ਨਾਂ

*ਯਾਰੀ ਲੱਗੀ ਤੇ ਲਵਾ'ਤੇ ਤਖ਼ਤੇ*
*ਟੁੱਟੀ ਤਾਂ ਚੁਗਾਠ ਪੱਟ ਲਈ*
*- ਬੋਲੀ*

## ਲੋਟਾਗਿਰੀ

ਜਿਵੇਂ ਅਸੀਂ ਏਧਰ ਗੜਵੀ ਜਾਂ ਗੜਵਾ ਵਰਤਦੇ ਹਾਂ, ਪਾਕਿਸਤਾਨ 'ਚ ਲੋਟਾ ਵਰਤਿਆ ਜਾਂਦਾ ਏ। ਅਜੇ ਜਦੋਂ ਦੇਸ ਵੰਡਿਆ ਨਹੀਂ ਸੀ ਗਿਆ, ਆਪਣੀ ਸਿਆਸੀ ਪਾਰਟੀ ਬਦਲਣ ਵਾਲੇ ਬੰਦੇ ਨੂੰ ਲੋਟਾ ਸੱਦਿਆ ਜਾਂਦਾ ਸੀ। ਮਤਲਬ ਸੀ ਕਿ ਏਸ ਬੰਦੇ 'ਚ ਲੋਟੇ ਵਾਂਗ ਇਕ ਥਾਂ ਤੋਂ ਰਿੜ ਦੂਜੀ ਥਾਂ ਪਹੁੰਚ ਜਾਣ ਦੀ ਰੁਚੀ ਏ। ਅਸੀਂ ਏਧਰ ਇਹੋ ਜਿਹੇ ਬੰਦਿਆਂ ਨੂੰ *ਦਲ-ਬਦਲੂ* ਜਾਂ *ਆਇਆ ਰਾਮ, ਗਿਆ ਰਾਮ* ਕਹਿੰਦੇ ਹਾਂ।

ਪਹਿਲੀਆਂ 'ਚ ਪਾਰਟੀ ਬਦਲਣ ਦਾ ਵਰਤਾਰਾ ਬਹੁਤਾ ਇਲਾਕਾਈ ਪਾਰਟੀਆਂ 'ਚ ਦਿਸਦਾ ਸੀ। ਪਿਛਲੀ ਸਦੀ ਦੇ ਅਖ਼ੀਰ ਸੱਠਵਿਆਂ ਤੋਂ ਇਹ ਕੌਮੀ ਪਾਰਟੀਆਂ 'ਚ ਵੀ ਦਿੱਸਣ ਲੱਗ ਪਿਆ ਦੇ। ਹੁਣ ਤਾ ਇਹ ਨਿਤ ਦਾ ਨੇਮ ਬਣ ਗਿਆ ਏ। ਸਾਡੇ ਸਿਆਸਤਦਾਨ ਅਸੂਲਾਂ ਦੇ ਜੰਜਾਲ 'ਚੋਂ ਨਿਕਲ ਗਏ ਨੇ ਤੇ ਫੁਰਤੀ ਫੜ ਚੁੱਕੇ ਨੇ। ਇਕ ਪਾਰਟੀ ਤੋਂ ਦੂਜੀ ਪਾਰਟੀ 'ਚ ਪਹੁੰਚਣ 'ਚ ਪਲ ਨਹੀਂ ਲਾਉਂਦੇ। ਏਸ ਮਾਮਲੇ 'ਚ ਉਹਨਾਂ ਲੋਟੇ ਨੂੰ ਵੀ ਮਾਤ ਪਾ ਦਿਤਾ ਏ।

ਆਪਣੇ ਏਸ ਨਾਵਲ 'ਚ ਮੈਂ ਉਹਨਾਂ ਦੀ ਏਸੇ ਲੋਟਾਗਿਰੀ ਨੂੰ ਹੀ ਚਿਤਰਨ ਦਾ ਜਤਨ ਕੀਤਾ ਏ। ਬ੍ਰਿਤਾਂਤ ਦਾ ਪਿਛੋਕੜ ਸੰਨ 2012 ਵਾਲੀਆਂ ਪੰਜ ਰਾਜਾਂ ਦੀਆਂ ਚੋਣਾਂ ਦਾ ਏ। ਸਭੋ ਪਾਤਰ ਕਲਪਤ ਨੇ। ਉਹ ਸਥਿੱਤੀਆਂ ਵੀ ਫ਼ਰਜ਼ੀ ਨੇ, ਜਿਨ੍ਹਾਂ 'ਚੋਂ ਉਹ ਲੰਘਦੇ ਨੇ।

**ਦਰਸ਼ਨ ਸਿੰਘ**

# ਨੋਟਿਸ

ਗੁਰਦਿਆਲ ਕੋਠੀ ਦੇ ਅਧ-ਖੁੱਲ੍ਹੇ ਫਾਟਕੋਂ ਅੰਦਰ ਵੜਿਆ। ਪਹਿਲੀ ਕਿਆਰੀ ਕੋਲ ਹੀ ਅਟਕ ਗਿਆ। ਨਿਉਂ, ਨੀਝ ਲਾ, ਕੁਝ ਵੇਖਣ ਲੱਗਾ। ਅਚੰਭੇ ਨਾਲ ਉਹਦੇ ਬੁੱਲ੍ਹ ਅੱਡੇ ਗਏ। ਇਕ ਬੜਾ ਹੀ ਸੁਹਣਾ ਫੁੱਲ ਨਿਕਲਿਆ ਹੋਇਆ ਸੀ। ਅਜੇ ਪੂਰਾ ਨਹੀਂ ਸੀ ਖਿੜਿਆ। ਪਹਿਲ-ਪਲੱਕੜਾ ਸੀ। ਪੂਰਾ ਖਿੜ ਕੇ ਉਹਨੇ ਹੋਰ ਵੀ ਸੁਹਣਾ ਲੱਗਣਾ ਸੀ। *ਪੈਂਜ਼ੀ* ਫੁੱਲ ਸੀ। ਕੁੱਤਾ-ਫੁੱਲ। ਸਾਡੀ ਬੋਲੀ 'ਚ ਉਹਦਾ ਨਾਂ ਠੀਕ ਨਹੀਂ ਸੀ ਰਖਿਆ ਗਿਆ। ਉਹਦੇ ਰੰਗ ਗੂਹੜੇ ਸਨ। ਮਖ਼ਮਲ ਦਾ ਬਣਿਆ ਲੱਗਦਾ ਸੀ। ਕੂਲਾ, ਮਲੂਕ ਜਿਹਾ ਸੀ। ਗੁਰਦਿਆਲ ਨੇ ਉਹਨੂੰ ਅੱਖਾਂ 'ਚ ਵਸਾ ਲਿਆ ਤੇ ਅੱਗੇ ਟੁਰਿਆ। ਅਗਲੀ ਕਿਆਰੀ 'ਤੇ ਵੀ ਨਜ਼ਰ ਮਾਰੀ। ਉਹਦੀ ਪਤਨੀ, ਗੁਰਦੀਪ, ਦੂਰ ਵਰਾਂਡੇ 'ਚ ਖਲੋਤੀ, ਉਹਦੇ ਵੱਲ ਵੇਖ ਰਹੀ ਸੀ। ਵਰਾਂਡਾ ਕੋਠੀ ਦੇ ਅੱਧ-ਵਿਚਾਲੇ ਸੀ। ਅੱਧਾ ਬਾਗ਼ ਪਿਛਵਾੜੇ ਸੀ। ਗੁਰਦਿਆਲ ਆਪਣੇ ਧਿਆਨ ਰਿਹਾ ਤੇ ਇਕ ਪਾਸੇ ਨਿਵਿਆ, ਨਜ਼ੀਰ ਲਾਉਂਦਾ, ਮੱਠੀ ਟੋਰੇ ਅੱਗੇ ਹੁੰਦਾ ਗਿਆ।

ਰਾਹ ਦੇ ਨਾਲ-ਨਾਲ ਹੋਰ ਫੁੱਲ ਵੀ ਲੱਗੇ ਹੋਏ ਸਨ। ਉਹ ਉਹਨਾਂ ਨੂੰ ਵੀ ਵੇਖਦਾ ਗਿਆ। ਅਜੇ ਕੋਈ ਫੁੱਲ ਨਹੀਂ ਸੀ ਨਿਕਲਿਆ। ਡੋਡੀਆਂ ਸਨ। ਫੁੱਟੀਆਂ ਨਹੀਂ ਸਨ ਅਜੇ। ਏਧਰ ਧੁੱਪ ਘੱਟ ਪੈਂਦੀ ਸੀ। ਵੈਸੇ ਵੀ ਐਤਕੀਂ ਫ਼ਰਵਰੀ 'ਚ ਠੰਢ ਬਹੁਤ ਪਈ ਸੀ। ਸਭ ਕੁਝ ਪਿਛੇਤੇ ਖਿੜਨਾ ਸੀ। ਉਸ ਚਿਤਾਰਿਆ, ਜਦੋਂ ਸਾਰੀਆਂ ਕਿਆਰੀਆਂ ਖਿੜ ਪਈਆਂ, ਰੰਗਾਂ ਦਾ ਭੜਮੱਚ ਪੈ ਜਾਣਾ ਸੀ। ਬੜਾ ਸੁਹਣਾ ਲੱਗਣਾ ਸੀ। ਉਹ ਮੁਸਕਰਾ ਪਿਆ।

ਗੁਰਦੀਪ, ਉਹਦੀ ਲਟਕੰਦੜੀ ਚਾਲ ਵੇਖ, ਕਾਹਲੀ ਪੈਣ ਲੱਗੀ। ਅੰਤ ਅੱਕ ਓਸ ਆਵਾਜ਼ ਦਿੱਤੀ,

'ਮੈਂ ਕਿਹੈ, ਹੁਣ ਆ ਵੀ ਜਾਓ!'

ਗੁਰਦਿਆਲ ਨੇ ਉਹਦੇ ਵਲ ਵੇਖਿਆ ਤੇ ਟੋਰ ਤੇਜ਼ ਕਰ ਲਈ।

'ਕੀ ਪਏ ਵੇਖਦੇ ਸਾਓ?' ਕੋਲ ਪਹੁੰਚਣ ਤੇ ਗੁਰਦੀਪ ਨੇ ਪੁਛਿਆ।

'ਬਾਹਰੋਂ ਪਹਿਲੀ ਕਿਆਰੀ 'ਚ ਇਕ ਬੜਾ ਹੀ ਸੁਹਣਾ ਫੁੱਲ ਨਿਕਲਿਐ। *ਪੈਂਜ਼ੀ* ਏ। ਗੂਹੜਾ। ਮਖ਼ਮਲੀ। ਮਾਲੀ ਨੇ ਏਸ ਵਾਰੀ ਪਨੀਰੀ ਕਿਸੇ ਚੰਗੀ ਥਾਂ ਤੋਂ ਲਿਆਂਦੀ ਏ। ਫੁੱਲ ਅਜੇ ਇਕੋ ਹੀ ਏ। ਜਦੋਂ ਸਾਰੇ ਨਿਕਲ ਆਏ, ਬੜੇ ਸੁਹਣੇ ਲੱਗਣਗੇ...'

'ਜਦੋਂ ਸਾਰੇ ਨਿਕਲੇ, ਸ਼ੈਦ ਅਸੀਂ ਏਥੇ ਹੋਈਏ ਹੀ ਨਾ', ਗੁਰਦੀਪ ਨੇ ਪਤੀ ਨੂੰ ਟੋਕ ਦਿੱਤਾ।

'ਕਿਉਂ ? ਅਸੀਂ ਕਿਤੇ ਭੱਜ ਚੱਲੇ ਹਾਂ?' ਗੁਰਦਿਆਲ ਨੇ ਮਾੜਾ ਜਿਹਾ ਹੱਸ ਕੇ ਪੁੱਛਿਆ।

'ਕੀ ਪਤਾ। ਚਿੱਠੀ ਪੜ੍ਹ ਕੇ ਵੇਖ ਲੌ ਇਹ।'

ਉਹਨੇ ਇਕ ਖੁੱਲ੍ਹਾ-ਪਿਆ, ਲੰਬੂਤਰਾ, ਖ਼ਾਕੀ ਲਫ਼ਾਫ਼ਾ ਪਤੀ ਨੂੰ ਫੜਾ ਦਿਤਾ।

ਗੁਰਦਿਆਲੇ ਨੇ ਲਫ਼ਾਫ਼ੇ 'ਚੋਂ ਚਿੱਠੀ ਕੱਢੀ ਤੇ ਪੜ੍ਹਨ ਲਗਾ। ਉਸ ਐਸਟੇਟ ਏਜੰਸੀ ਨੇ ਘੱਲੀ ਸੀ, ਜਿਹਦੇ ਹੱਥ ਨਵੀਂ ਦਿੱਲੀ ਦੀਆਂ ਸਰਕਾਰੀ ਕੋਠੀਆਂ, ਕੁਆਟਰਾਂ ਤੇ ਹੋਰ ਜਾਇਦਾਦਾਂ ਦਾ ਪ੍ਰਬੰਧ ਸੀ। ਚਿੱਠੀ ਨਹੀਂ, ਨੋਟਿਸ ਸੀ। ਗੁਰਦਿਆਲ ਨੂੰ ਯਾਦ ਕਰਾਉਂਦਾ ਸੀ ਕਿ ਉਹ ਹੁਣ ਫਲਾਣੀ ਤਰੀਕ ਤੇ ਫਲਾਣੇ ਸੰਨ ਤੋਂ *ਦਲਿਤ ਵਿਦਿਅਕ* ਬੋਰਡ ਦਾ ਮੈਂਬਰ ਨਹੀਂ ਰਿਹਾ ਤੇ ਉਸ ਕਰਕੇ ਫਲਾਣੀ ਸੜਕ 'ਤੇ ਫਲਾਣੇ ਨੰਬਰ ਦੀ ਉਹ ਕੋਠੀ, ਜਿਹੜੀ ਉਹਨੂੰ ਫਲਾਣੀ ਤਰੀਕ ਤੇ ਫਲਾਣੇ ਸੰਨ ਤੋਂ ਅਲਾਟ ਕੀਤੀ ਗਈ ਸੀ, ਖ਼ਾਲੀ ਕੀਤੀ ਜਾਣੀ ਚਾਹੀਦੀ ਸੀ। ਵੱਧ ਤੋਂ ਵੱਧ ਤਿੰਨ ਮਹੀਨੇ ਹੋਰ ਰਹਿ ਲੈਣ ਦੀ ਮੁਹਲਤ ਦੇਂਦਾ ਸੀ।

ਗੁਰਦਿਆਲ ਦਾ ਰੰਗ ਫ਼ੱਕ ਹੋ ਗਿਆ। ਮੱਥੇ 'ਤੇ ਡੂੰਘਾ ਵੱਟ ਪੈ ਗਿਆ, ਜਿਹੜਾ ਕਿਸੇ ਫ਼ਿਕਰ ਦੇ ਲਗਦਿਆਂ ਹੀ ਪੈ ਜਾਂਦਾ ਸੀ। ਉਹਨੇ ਸਿਰ ਤੋਂ ਪੱਗ ਲਾਹ ਕੇ ਮੇਜ਼ 'ਤੇ ਰੱਖ ਦਿੱਤੀ। ਉਹਨੂੰ ਜਦੋਂ ਵੀ ਕੋਈ ਵਖ਼ਤ ਪੈਂਦਾ, ਉਹ ਇੰਜ ਹੀ ਕਰਦਾ ਸੀ। ਉਹਦਾ ਸਿਰ ਏਨਾ ਭਾਰਾ ਹੋ ਜਾਂਦਾ ਕਿ ਪੱਗ ਦਾ ਬੋਝ ਵੀ ਸਹਿ ਨਾ ਸਕਦਾ।

'ਸਾਡੀ ਮੈਂਬਰੀ ਦੀ ਮਿਆਦ ਨਹੀਂ ਵਧ ਸਕਦੀ?' ਗੁਰਦੀਪ ਨੇ ਭੋਲੇ-ਭਾਅ ਪੁੱਛਿਆ।

'ਦੀਪਾਂ, ਵਧ ਸਕਦੀ ਸੀ, ਜੇ ਕੇਂਦਰ 'ਚ ਸਰਕਾਰ ਨਾ ਬਦਲ ਜਾਂਦੀ...' ਗੁਰਦਿਆਲ ਨੇ ਕੁਝ ਸੰਭਲਦਿਆਂ ਜਵਾਬ ਦਿੱਤਾ।

ਗੁਰਦਿਆਲ ਪਤਨੀ ਦਾ ਪੂਰਾ ਨਾਂ ਸਿਰਫ਼ ਤਕੱਲਫ਼ ਵੇਲੇ ਹੀ ਲੈਂਦਾ ਸੀ। ਆਮ ਉਹਨੂੰ ਉਹ *ਦਿੱਪ, ਦੀਪ, ਦੀਪੋ* ਜਾਂ *ਦੀਪਾਂ* ਸੱਦਦਾ ਸੀ। ਨਿਰਭਰ ਏਸ ਗੱਲ 'ਤੇ ਕਰਦਾ ਸੀ ਕਿ ਓਸ ਵੇਲੇ ਉਹਨੂੰ ਲਾਡ ਕਿੰਨਾ ਆ ਰਿਹਾ ਸੀ ਜਾਂ ਉਹਦਾ ਧਿਆਨ ਕਿੰਨਾ ਕਿੱਧਰ ਸੀ।

'...ਹੁਣ ਸਰਕਾਰ ਏਥੇ ਉਹਨਾਂ ਦੀ ਏ, ਜਿਹੜੇ ਮੈਨੂੰ ਚੁਫੇਰ-ਗੜ੍ਹੀਆ ਸਮਝਦੇ ਨੇ, ਜਿਹਨੂੰ ਉਨ੍ਹਾਂ ਦੇ ਵਿਰੋਧੀਆਂ ਨੇ ਲਾਇਆ ਸੀ', ਗੁਰਦਿਆਲ ਆਪਣੀ ਮੁਸ਼ਕਿਲ ਕੁਝ ਵਿਸਥਾਰ ਨਾਲ ਸਮਝਾਉਣ ਲੱਗਾ। 'ਹੁਣ ਮੇਰੇ ਵਾਲੀ ਕੁਰਸੀ ਤੇ ਉਹ ਕਿਸੇ ਹੋਰ ਨੂੰ ਬਿਠਾਣਗੇ।'



'ਕੱਢੋ ਨਾ ਏਸ ਨਵੀਂ ਸਰਕਾਰ ਨਾਲ ਵੀ ਵਾਕਫ਼ੀ ਕੋਈ,' ਗੁਰਦੀਪ ਨੇ ਜਿਵੇਂ ਮਿੰਨਤ ਕੀਤੀ।

'ਏਨਾ ਸੌਖਾ ਨਹੀਂ, ਦੀਪੋ। ਏਸ ਤਰ੍ਹਾਂ ਦੀ ਪੁਜ਼ੀਸ਼ਨ ਪਹਿਲੋਂ ਕੀਤੀ ਸੇਵਾ ਦਾ ਮੇਵਾ ਹੁੰਦੀ ਹੈ। ਵੇਖ, ਜਿਹੜੀ ਸਟੇਟ ਹੁੰਦੀ ਏ ਨਾ, ਮਤਲਬ ਸਰਕਾਰ, ਉਹ ਸਭ ਤੋਂ ਵੱਡੀ ਦਾਤਾ ਹੁੰਦੀ ਏ। ਦੇਸ ਦੇ ਸਾਰੇ ਅੱਸਾਸੇ ਉਹਦੇ ਹੱਥ ਹੁੰਦੇ ਨੇ। ਇਹ ਉਹਨੂੰ ਸਾਡੀ ਡੈਮੋਕ੍ਰੇਸੀ ਨੇ, ਇਹ ਜਿਹੜੇ ਅਸੀਂ ਸਮੇਂ-ਸਮੇਂ ਪਿੱਛੋਂ ਵੋਟ ਪਾਂਦੇ ਹਾਂ, ਉਂਗਲਾਂ 'ਤੇ ਲੱਥਣ-ਨਾ-ਵਾਲੀ ਸਿਆਹੀ ਲੁਆ ਕੇ, ਸੌਂਪੇ ਹੁੰਦੇ ਨੇ। ਸਰਕਾਰ ਉਹਨਾਂ ਨੂੰ ਵੰਡਦੀ ਰਹਿੰਦੀ ਏ, ਜਿਵੇਂ ਅੰਨ੍ਹਾ ਰਿਉੜੀਆਂ ਵੰਡਦੈ। ਆਪਣਿਆਂ ਦੀਆਂ ਝੋਲੀਆਂ ਹੀ ਭਰੀ ਜਾਂਦੈ। ਅਸੀਂ ਏਸ ਸਰਕਾਰ ਦੇ ਆਪਣੇ ਨਹੀਂ। ਜੇ ਝੋਲੀ ਅੱਡੀਏ ਵੀ, ਤਾਂ ਵੀ ਕੁਝ ਨਹੀਂ ਪਵੇਗਾ ਉਹਦੇ 'ਚ...'

ਗੁਰਦਿਆਲ ਦਾ ਬੜਾ ਵਿਚਾਰਾ ਜਿਹਾ ਮੂੰਹ ਬਣਿਆ ਹੋਇਆ ਸੀ।

'ਤੁਸੀਂ ਵੀ ਬਣ ਜਾਓ ਨਾ ਆਪਣੇ,' ਗੁਰਦੀਪ ਨੇ ਪਤੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਪ੍ਰੇਰਨਾ ਦਿੱਤੀ।

'ਦੀਪੋ, ਤੂੰ ਬੜੀ ਭੋਲੀ ਏਂ। ਆਪਣਾ ਦੋ-ਚਾਰ ਦਿਨਾਂ 'ਚ ਨਹੀਂ ਬਣਿਆ ਜਾ ਸਕਦਾ। ਬਣ ਵੀ ਜਾਵੋ ਤਾਂ ਅਗਲਾ ਨਹੀਂ ਸਮਝਦਾ ਆਪਣਾ। ਬੜਾ ਵਕਤ ਚਾਹੀਦਾ ਹੁੰਦੈ ਇਹਦੇ ਲਈ। ਸੌਦਾ ਜ਼ਰੂਰ ਕੋਈ ਹੋ ਸਕਦੈ। ਤਾਂ ਜੇ ਕੋਲ ਕੁਝ ਦੇਣ ਨੂੰ ਹੋਵੇ। ਸਾਡੇ ਕੋਲ ਦੇਣ ਨੂੰ ਕੁਝ ਨਹੀਂ। ਦੇ ਵੀ ਕੀ ਸਕਦੇ ਹਾਂ ਅਸੀਂ ਕਿਸੇ ਨੂੰ...'

ਗੁਰਦਿਆਲ ਨੂੰ ਕੋਈ ਤੌਖ਼ਲਾ ਹੋਇਆ।

ਉਹਨੇ ਗੱਲ ਵਿੱਚੇ ਛੱਡ ਪਤਨੀ ਨੂੰ ਪੁਛਿਆ, 'ਸੁਣ, ਬੌਬੀ ਤੇ ਰੂਪੀ ਨੇ ਤਾਂ ਨਹੀਂ ਸੀ ਪੜ੍ਹੀ ਇਹ ਚਿੱਠੀ?'

'ਨਹੀਂ, ਉਹਨਾਂ ਨਹੀਂ ਪੜ੍ਹੀ। ਜਦੋਂ ਆਈ ਸੀ, ਉਹ ਚਲੇ ਗਏ ਹੋਏ ਸਨ।'

ਬੌਬੀ ਏਸ ਜੋੜੀ ਦਾ ਇਕਲੌਤਾ ਮੁੰਡਾ ਸੀ, ਜਸਵਿੰਦਰ, ਤੇ ਰੂਪੀ ਨੂੰਹ ਸੀ, ਰੂਪਿੰਦਰ। ਉਹ ਉਹਨਾਂ ਨਾਲ ਹੀ ਰਹਿੰਦੇ ਸਨ। ਦੋਵੇਂ ਕੰਪਿਊਟਰ ਇੰਜੀਨੀਅਰ ਸਨ। ਗੁੜਗਾਉਂ ਕਿਸੇ ਵੱਡੀ ਫ਼ਰਮ 'ਚ ਕੰਮ ਕਰਦੇ ਸਨ। ਸਵੇਰੇ ਸਵੱਖਤੇ ਨਿਕਲ ਜਾਂਦੇ ਸਨ ਤੇ ਸ਼ਾਮੀਂ ਚਿਰਾਕੇ ਪਰਤਦੇ ਸਨ। ਬਹੁਤਾ ਚਿਰ ਆਪੋ 'ਚ ਤੇ ਆਪਣੇ ਕੰਮ 'ਚ ਮਸਤ ਰਹਿੰਦੇ ਸਨ।

'ਦੀਪ, ਅਜੇ ਉਹਨਾਂ ਨਾਲ ਗੱਲ ਨਾ ਕਰੀਂ। ਇਹ ਨੋਟਿਸ ਤਾਂ ਆਉਣਾ ਹੀ ਸੀ। ਸਰਕਾਰੀ ਏਜੰਸੀ ਏ। ਏਸ ਲਈ ਸੁਸਤ ਏ। ਤਿੰਨ ਮਹੀਨੇ ਲਗ ਗਏ ਸੂ ਭੇਜਦਿਆਂ।'

'ਹੁਣ ਫੇਰ ਕਰੀਏ ਕੀ ?' ਪਤਨੀ ਨੂੰ ਚਿੰਤਾ ਲਗ ਗਈ। ਸਮਝ ਪੈ ਗਈ ਸੀ ਕਿ ਮਾਮਲਾ ਗੰਭੀਰ ਏ।

'ਕੁਝ ਤਾਂ ਕਰਨਾ ਹੀ ਪਏਗਾ।'

'ਮੈਨੂੰ ਤਾਂ ਆਦਤ ਪੈ ਗਈ ਏਸ ਥਾਂ ਦੀ। ਏਨੀ ਖੁੱਲ੍ਹ ਏ ਏਥੇ। ਸਭ ਕੁਝ ਹਰਾ-ਭਰਾ ਏ। ਫੁੱਲ ਨੇ। ਦਰੱਖਤ ਨੇ। ਪੰਛੀ ਚਹਿਕਦੇ ਨੇ। ਕਿੰਨੀ ਚੁੱਪ-ਚਾਂ ਏ। ਲੱਗਦਾ ਹੀ ਨਹੀਂ, ਸ਼ਹਿਰ ਦੇ ਅੱਧ-ਵਿਚਾਲੇ ਬੈਠੇ ਹਾਂ... ਹਰ ਥਾਂ ਨੇੜੇ ਏ। ਅਸਮਾਨ ਦਿਸਦੈ ਹਰ ਵਕਤ...' ਗੁਰਦੀਪ ਕੋਠੀ ਦੇ ਸੁਖ ਗਿਣਵਾਉਣ ਲੱਗੀ।

ਗੁਰਦਿਆਲ ਨੂੰ ਮਿਲੀ ਹੋਈ ਇਹ ਕੋਠੀ ਲੋਧੀ ਐਸਟੇਟ 'ਚ ਸੀ। ਓਸ ਇਕ ਸੜਕ 'ਤੇ, ਜਿਹੜੀ ਇੰਡੀਆ ਇੰਟਰਨੈਸ਼ਨਲ ਸੈਂਟਰ ਤੇ ਭਾਰਤੀ ਨਗਰ ਦੇ ਵਿਚਾਲੇ ਪੈਂਦੀ ਸੀ। ਖ਼ਾਨ ਮਾਰਕਿਟ ਨੇੜੇ ਸੀ। ਲੋਧੀ ਕਾਲੋਨੀ ਦੀ ਮਾਰਕਿਟ ਵੀ ਕੋਲ ਸੀ। ਹਰ ਤਰ੍ਹਾਂ ਦੀ ਖ਼ਰੀਦਾਰੀ ਓਥੋਂ ਹੋ ਜਾਂਦੀ ਸੀ। ਲੋਧੀ ਗਾਰਡਨ ਵੀ ਲਾਗੇ ਸੀ। ਗੁਰਦਿਆਲ ਓਥੇ ਸ਼ਾਮੀਂ ਤੇ ਕਦੀ ਸਵੇਰੇ ਵੀ, ਸੈਰ ਕਰਨ ਜਾਂਦਾ ਸੀ। ਉਹਦੇ ਦੋ ਫ਼ਾਇਦੇ ਹੁੰਦੇ ਸਨ। ਇਕ ਤਾਂ ਸਿਹਤ ਬਣਦੀ ਸੀ ਤੇ ਦੂਜਾ ਦਿੱਲੀ ਦੀਆਂ ਨਾਮਵਰ ਹਸਤੀਆਂ ਨਾਲ ਮੁਲਾਕਾਤ ਹੁੰਦੀ ਰਹਿੰਦੀ ਸੀ। ਮੰਤਰੀ, ਪਾਰਲੀਮੈਂਟ-ਮੈਂਬਰ, ਵਡੇ-ਵਡੇ ਅਫ਼ਸਰ, ਜੱਜ, ਬਿਜ਼ਨਸਮੈਨ ਓਥੇ ਦੂਰੋਂ-ਦੂਰੋਂ ਸੈਰ ਕਰਨ ਆਉਂਦੇ ਸਨ ਤੇ ਟੱਕਰ ਪੈਂਦੇ ਸਨ। ਕੋਠੀ ਦੇ ਦੂਜੇ ਪਾਸੇ ਗੌਲਫ਼ ਕਲੱਬ ਸੀ। ਇਹ ਦੋ ਫ਼ਾਇਦੇ ਉਹਦੇ ਵੀ ਸਨ। ਗੁਰਦਿਆਲ ਨੇ ਉਹਦੀ ਆਰਜ਼ੀ ਮੈਂਬਰਸ਼ਿਪ ਲਈ ਹੋਈ ਸੀ। ਸਨਿੱਚਰ ਐਤਵਾਰ ਓਥੇ ਗੋਲਫ਼ ਖੇਡਣ ਜਾਂਦਾ ਸੀ। ਕੋਠੀ ਦੀ ਆਦਤ ਉਹਨੂੰ ਸਗੋਂ ਜ਼ਿਆਦਾ ਪਈ ਹੋਈ ਸੀ। ਉਹ ਹੈ ਵੀ ਅੱਧੇ ਏਕੜ ਜ਼ਮੀਨ 'ਚ ਸੀ। ਬਣੀ ਘੱਟ ਹੋਈ ਸੀ। ਅੱਗੇ ਪਿੱਛੇ ਖੁੱਲ੍ਹੀ ਥਾਂ ਬਹੁਤ ਸੀ। ਬਾਹਰੋਂ ਭੀੜਾਂ 'ਚੋਂ ਆ ਕੇ ਸਾਹ ਆ ਜਾਂਦਾ ਸੀ।

'ਦੀਪਾਂ, ਆਪਣੇ ਘਰ ਜਾਣ ਦੀ ਸੋਚੀਏ?'

ਗੁਰਦਿਆਲ ਨੇ ਇਹ ਸਵਾਲ ਪਤਨੀ ਨੂੰ ਹੀ ਨਹੀਂ, ਆਪਣੇ ਆਪ ਨੂੰ ਵੀ ਕੀਤਾ। ਕਰ ਕੇ ਉਹਨੂੰ ਹੌਲ ਪਿਆ।

ਗੁਰਦਿਆਲ ਦਾ ਆਪਣਾ, ਜੱਦੀ ਘਰ, ਗ੍ਰੇਟਰ ਕੈਲਾਸ਼-1 'ਚ ਸੀ। ਈ ਬਲਾਕ 'ਚ। ਪਹਾੜੀ ਵਾਲੇ ਗੁਰਦਵਾਰੇ ਤੋਂ ਨੇੜੇ। ਡੇਢ-ਮੰਜ਼ਿਲਾ ਸੀ। ਦੋ ਸੌ ਗਜ਼ 'ਚ ਬਣਿਆ ਹੋਇਆ। ਗੁਰਦਿਆਲ ਦੇ ਮਾਪੇ ਬਣਾ ਗਏ ਸਨ। ਹੇਠਲੀ ਮੰਜ਼ਿਲ ਪਿਛਲੇ ਪੰਦਰਾਂ ਵਰ੍ਹਿਆਂ ਤੋਂ ਕਿਰਾਏ ਚੜ੍ਹੀ ਰਹਿੰਦੀ ਸੀ। ਉਪਰਲੀ ਖ਼ਾਲੀ ਰੱਖੀ ਹੋਈ ਸੀ। ਆਪ ਗੁਰਦਿਆਲ ਹੁਰੀਂ ਸਰਕਾਰੀ ਕੁਆਟਰਾਂ, ਘਰਾਂ ਜਾਂ ਕੋਠੀਆਂ 'ਚ ਹੀ ਰਹਿੰਦੇ ਰਹੇ ਸਨ। ਏਸ ਕੋਠੀ 'ਚ ਆਉਣ ਤੋਂ ਪਹਿਲਾਂ ਉਹ ਬਾਪਾ ਨਗਰ ਰਹਿੰਦੇ ਸਨ। ਉਸ ਤੋਂ ਪਹਿਲਾਂ ਪੰਡਾਰਾਂ ਰੋਡ 'ਤੇ। ਤੇ ਉਸ



ਤੋਂ ਪਹਿਲਾਂ ਹੋਰ ਕਈ ਥਾਵਾਂ 'ਤੇ। ਗੁਰਦਿਆਲ ਨੂੰ ਜਦੋਂ ਵੀ ਕੋਈ ਕੁਰਸੀ ਮਿਲਦੀ, ਸਰਕਾਰ ਉਹਨੂੰ, ਉਹਦੀ ਹੈਸੀਅਤ ਅਨੁਸਾਰ, ਘਰ ਵੀ ਅਲਾਟ ਕਰਦੀ। ਉਹ ਹਰ ਵਾਰੀ ਪਹਿਲਾਂ ਤੋਂ ਵੱਡਾ ਹੁੰਦਾ। ਅੰਤ ਉਹ ਏਸ ਕੋਠੀ ਜਿੱਡਾ ਹੋ ਗਿਆ।

'ਆਪਣਾ ਘਰ ਤਾਂ ਹੁਣ ਰਹਿਣ ਵਾਲੀ ਥਾਂ ਨਹੀਂ ਰਿਹਾ', ਗੁਰਦਿਆਲ ਗੜੂੰਦੀ ਪਈ ਪਤਨੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਬੋਲ ਪਿਆ। 'ਮੈਂ ਪਰਸੋਂ ਲੰਘਿਆ ਸਾਂ ਓਧਰੋਂ। ਪੁੱਛ ਨਾ, ਕੀ ਹਾਲ ਸੀ। ਸੜਕ ਹੋਰ ਸੌੜੀ ਹੋ ਗਈ ਏ। ਦੋਵਾਂ ਪਾਸੇ ਕਾਰਾਂ ਖੜੀਆਂ ਨੇ। ਸਾਡੇ ਨਾਲ ਵਾਲਾ ਘਰ ਢਾਹ ਕੇ ਬਣਾਇਆ ਜਾ ਰਿਹੈ। ਉਹਦੇ ਅੱਗੇ ਰੇਤ, ਰੋੜੀ ਤੇ ਸੀਮਿੰਟ ਦੇ ਢੇਰ ਲੱਗੇ ਹੋਏ ਸਨ। ਸਰੀਆ ਵਿਛਿਆ ਪਿਆ ਸੀ। ਸਾਡੇ ਘਰ ਅੱਗੇ ਇੱਟਾਂ ਦਾ ਟਰੱਕ ਖੜਾ ਸੀ। ਮੈਂ ਅੰਦਰ ਜਾਣਾ ਚਾਹੁੰਦਾ, ਤਾਂ ਨਾ ਜਾ ਸਕਦਾ। ਜੇ ਅਸੀਂ ਓਥੇ ਆਪਣੀਆਂ ਦੋ ਕਾਰਾਂ ਲੈ ਜਾਈਏ ਤਾਂ ਕਿਤੇ ਖੜੀਆਂ ਨਾ ਕਰ ਸਕੀਏ।'

'ਪਰ ਜੇ ਓਥੇ ਜਾਣਾ ਪੈ ਗਿਆ ਤਾਂ?' ਪਤਨੀ ਨੇ ਔਖਾ ਸਵਾਲ ਕੀਤਾ। ਉਹਨੂੰ ਵੀ ਦਹਿਸ਼ ਪਈ ਹੋਈ ਸੀ।

'ਸੋਚ ਕੇ ਦਿਲ ਬਹਿ ਜਾਂਦੈ।'

'ਫੇਰ ਇਹ ਨਾ, ਹੋਰ ਸੋਚੋ ਕੁਝ!' ਪਤਨੀ ਨੇ ਅਰਜ਼ੋਈ ਕੀਤੀ। 'ਤੁਹਾਡੀ ਇਹ ਫੈਡਰੇਸ਼ਨ ਕੁਝ ਨਹੀਂ ਕਰ ਸਕਦੀ?'

ਫ਼ੈਡਰੇਸ਼ਨ ਤੋਂ ਮੁਰਾਦ *ਸਰਬ ਭਾਰਤੀ ਪਹਿਲਵਾਨੀ ਫ਼ੈਡਰੇਸ਼ਨ* ਸੀ। ਗੁਰਦਿਆਲ ਉਹਦਾ ਜੂਨੀਅਰ ਮੀਤ-ਪ੍ਰਧਾਨ ਸੀ। ਪਿਛਲੇ ਇਕ ਡੇਢ ਦਹਾਕੇ ਤੋਂ। ਫ਼ੈਡਰੇਸ਼ਨ ਦਾ ਨਾਂ ਤਾਂ ਬੜੇ ਰੁਅਬ ਵਾਲਾ ਸੀ, ਪਰ ਉਹਦੇ ਹੱਥ ਪੱਲੇ ਕੁਝ ਨਹੀਂ ਸੀ। ਉਹ ਕੋਠੀ ਤੇ ਕਾਰ ਨਹੀਂ ਸੀ ਦੇ ਸਕਦੀ। ਜੇ ਕੁਝ ਦੇ ਸਕਦੀ ਸੀ ਤਾਂ ਉਹ ਸੀ, ਕਿਤੇ ਆਉਣ-ਜਾਉਣ ਦਾ ਭੱਤਾ। ਕਦੀ ਕਦੀ ਬਾਹਰ ਦਾ ਟਰਿੱਪ ਵੀ ਲੁਆ ਸਕਦੀ ਸੀ। ਕਦੀ ਕਦੀ ਕੋਈ ਟੀ. ਵੀ. ਚੈਨਲ ਵੀ ਸੱਦ ਲੈਂਦੀ ਸੀ ਤੇ ਕੁਸ਼ਤੀਆਂ ਦੀ ਕਿਸੇ ਘਟਣਾ 'ਤੇ ਟਿੱਪਣੀ ਕਰਾ ਲੈਂਦੀ ਸੀ ਤੇ ਟੁਰਨ ਵੇਲੇ ਹਜ਼ਾਰ ਡੇਢ ਹਜ਼ਾਰ ਦਾ ਚੈਕ ਫੜਾ ਦੇਂਦੀ ਸੀ। ਲੱਖਾਂ ਦਰਸ਼ਕ ਸ਼ਕਲ ਜ਼ਰੂਰ ਵੇਖ ਲੈਂਦੇ ਸਨ। ਫ਼ੈਡਰੇਸ਼ਨ ਨੂੰ ਸਰਕਾਰ ਤੋਂ ਮਾੜੀ ਮੋਟੀ ਗਰਾਂਟ ਮਿਲਦੀ ਸੀ। ਇਹਦੇ ਨਾਲ ਉਹਨੂੰ ਸਾਹ ਆਉਂਦਾ ਰਹਿੰਦਾ ਸੀ। ਨਹੀਂ ਤਾਂ ਉਹ ਮਰਨਹਾਰ ਰਹਿੰਦੀ ਸੀ।

ਗੁਰਦਿਆਲ ਏਸੇ ਤਰ੍ਹਾਂ ਕਈ ਹੋਰ ਸੰਸਥਾਵਾਂ ਦਾ ਚੌਧਰੀ ਵੀ ਸੀ। ਕਿਤੇ ਪ੍ਰਧਾਨ ਸੀ, ਕਿਤੇ ਮੀਤ-ਪ੍ਰਧਾਨ ਤੇ ਕਿਤੇ ਪੈਟਰਨ। ਓਥੇ ਵੀ ਸਿਰਫ਼ ਮੰਚ 'ਤੇ ਕੁਰਸੀ ਮਿਲਦੀ ਸੀ, ਜਾਂ ਮੌਸਮ ਦੇ ਫੁੱਲਾਂ ਦਾ ਗੁਲਦਸਤਾ, ਜਿਹੜਾ ਘਰ ਆਉਣ ਵੇਲੇ ਉਹ ਚੁਕਣਾ ਭੁੱਲ ਜਾਂਦਾ ਸੀ। ਹੋਰ ਓਥੇ ਵੀ ਕੁਝ ਨਹੀਂ ਸੀ ਲੱਭਦਾ।

'ਦੀਪਾਂ, ਤੈਨੂੰ ਪਤੈ, ਸਾਡੀ ਫ਼ੈਡਰੇਸ਼ਨ ਐਵੇਂ ਹੀ ਏ। ਐਵੇਂ ਕਲਗ਼ੀ ਲਗੀ ਹੋਈ ਏ ਸਿਰ 'ਤੇ। ਹੋਰ ਕੁਝ ਨਹੀਂ।'

'ਫੇਰ ਕੋਈ ਹੋਰ ਰਾਹ ਲੱਭੋ ਨਾ।' ਗੁਰਦੀਪ ਨੇ ਤਰਲਾ ਪਾਇਆ। ਉਹਦੀਆਂ ਅੱਖਾਂ ਸਿੱਜਣ ਲੱਗੀਆਂ ਸਨ। 'ਤੁਸੀਂ ਬੜੇ ਸਿਆਣੇ ਹੋ। ਸੋਚੋ ਨਾ ਕੁਝ।'

'ਸੋਚਦੇ ਹਾਂ।'

ਗੁਰਦਿਆਲ ਹੁਣ ਸੰਭਲਿਆ ਹੋਇਆ ਸੀ। ਉਹਦੇ ਅੰਦਰ ਕੁਝ ਉਧੜਨ ਤੇ ਕੁਝ ਸੀਪਣ ਲਗ ਪਿਆ ਸੀ। ਉਸ ਆਖਿਆ,

'ਦੀਪ, ਇਕਦਮ ਕੁਝ ਨਹੀਂ ਸੁੱਝ ਰਿਹਾ। ਪਿਆਲਾ ਚਾਹ ਬਣਾ ਲਿਆ ਇਕ। ਗਲਾਸ ਪਾਣੀ ਵੀ ਲੈ ਆ।'

ਗੁਰਦੀਪ ਰਸੋਈ ਵੱਲ ਹੋ ਪਈ। ਘਰ 'ਚ ਸਭ ਕੁਝ ਬਣਾਉਂਦੀ ਲਿਆਉਂਦੀ ਉਹੋ ਹੀ ਸੀ। ਨੌਕਰ ਚਾਕਰ ਕੋਈ ਨਹੀਂ ਸੀ। ਸਵੇਰੇ ਮਾਈ ਆਉਂਦੀ ਸੀ ਤੇ ਸਫ਼ਾਈ ਕਰ ਜਾਂਦੀ ਸੀ। ਬਾਗ ਦਾ ਕੰਮ ਸਰਕਾਰੀ ਮਾਲੀ ਕਰਦੇ ਸਨ।

ਗੁਰਦਿਆਲ ਨੇ ਆਪਣਾ ਕੋਟ ਲਾਹਿਆ। ਫੇਰ ਟਾਈ ਵੀ ਲਾਹ ਦਿੱਤੀ ਤੇ ਸੋਚੀਂ ਪੈ ਗਿਆ।

#

ਗੁਰਦਿਆਲ ਨੇ ਨੋਟਿਸ ਇਕ ਵਾਰੀ ਫੇਰ ਪੜ੍ਹਿਆ। ਸਾਫ਼ ਸਪਸ਼ਟ ਸੀ। ਦੋ-ਟੁਕ ਕਹਿ ਰਿਹਾ ਸੀ, 'ਫੁੱਟੋ ਏਥੋਂ! ਤੁਹਾਡੀ ਹੈਸੀਅਤ ਹੁਣ ਏਸ ਕੋਠੀ ਵਾਲੀ ਨਹੀਂ ਰਹੀ।'

ਉਹ ਚਾਹ ਚੁਸਕਦਾ ਆਪਣੇ ਵਹਿਣੀਂ ਵਹਿੰਦਾ ਰਿਹਾ। ਚਾਣਚੱਕ ਹੀ ਉਹਦੇ ਚੇਤੇ 'ਚ ਆਪਣੇ ਗਵਾਂਢੀ ਸੁੰਦਰ ਦਾਸ ਦਾ ਚਿਹਰਾ ਉਘੜ ਪਿਆ। ਪੂਰਾ ਮੂੰਹ ਖੋਲ੍ਹ ਕੇ ਹੱਸਦੇ ਦਾ। ਠਹਾਕੇ ਲਾਉਂਦੇ ਦਾ। ਉਹਦੀ ਟੱਕ ਉਹਦੇ ਉਤੇ ਲਗ ਗਈ।

ਗੁਰਦਿਆਲ ਦੇ ਏਸ ਗਵਾਂਢੀ ਦਾ ਪੂਰਾ ਨਾਂ ਸੁੰਦਰ ਦਾਸ ਪਾਂਡੇ ਸੀ। ਪੰਡਿਤ ਸੀ। ਪਰ ਆਪਣੀ ਪੰਡਤਾਈ ਲੁਕਾ ਕੇ ਰਖਦਾ ਸੀ। ਏਸ ਕਰਕੇ ਨਾਂ ਨਾਲ ਗੋਤ ਨਹੀਂ ਸੀ ਲਾਉਂਦਾ। ਉਹਦਾ ਚੰਨ ਵਾਂਗ ਚੱਪਟਾ ਮੂੰਹ ਸੀ। ਮੋਟੇ-ਮੋਟੇ ਬੁੱਲ੍ਹਾਂ 'ਤੇ, ਮੁੱਛਾਂ 'ਚੋਂ ਛਿਣਦੀ, ਭੋਲੀ ਜਿਹੀ ਮੁਸਕੜੀ ਰਹਿੰਦੀ ਸੀ। ਲੋਲ੍ਹੜ ਲਗਦਾ ਸੀ, ਪਰ ਸੀ ਰੱਜ ਕੇ ਖਚਰਾ। ਹਮੇਸ਼ਾ ਕੋਈ ਬੁਣਤੀ ਬੁਣਦਾ ਰਹਿੰਦਾ ਸੀ। ਸਾਰਾ ਕੁਝ ਬਹੁਤ ਪਹਿਲੋਂ ਸੋਚਦਾ ਸੀ। ਸਬਰਕੱਤਾ ਸੀ। ਮੌਕਾ ਉਡੀਕਦਾ ਸੀ। ਫਲ ਨੂੰ ਹੱਥ ਓਦੋਂ ਹੀ ਪਾਉਂਦਾ ਸੀ, ਜਦੋਂ ਉਹ ਪੱਕ ਗਿਆ ਹੋਵੇ। ਇਕ ਜਾਂ ਦੋ ਟੰਙਾਂ 'ਤੇ ਨਹੀਂ ਸੀ ਖਲੋਂਦਾ। ਹੋਰ ਵੀ ਟੇਕਾਂ ਹੁੰਦੀਆਂ ਸਨ ਉਹਦੀਆਂ। ਚੌਧਰੀ ਤਾਂ ਉਹ ਵਿਰੋਧੀ ਦਲ ਦਾ ਸੀ, ਪਰ ਅੰਦਰਖਾਨੇ ਉਹਦੀਆਂ ਹਾਕਮ ਪਾਰਟੀ ਨਾਲ ਵੀ ਅੰਗਲੀਆਂ-ਸੰਗਲੀਆਂ ਸਨ। ਮੂੰਹ ਦਾ ਰੱਜ ਕੇ



ਮਿੱਠਾ ਸੀ। ਜੇ ਸ਼ਹਿਦ ਨਹੀਂ ਤਾਂ ਮਿਸ਼ਰੀ।

ਗੁਰਦਿਆਲ ਸਾਹਮਣੇ ਹੁਣ ਉਹ ਜਿਵੇਂ ਖ਼ਿਲਾਅ 'ਚ ਟੰਙਿਆ ਪਿਆ ਸੀ। ਧਿਆਨ ਕਿਸੇ ਹੋਰ ਪਾਸੇ ਨਹੀਂ ਸੀ ਜਾਣ ਦੇ ਰਿਹਾ। ਉਹ ਸਿਰਫ਼ ਉਹਨੂੰ ਹੀ ਚਿਤਵ ਸਕਦਾ ਸੀ।

ਕੋਈ ਵੀ ਸਿਆਸੀ ਘਾਟ ਨਹੀਂ ਸੀ, ਜਿਸਦਾ ਪਾਣੀ ਸੁੰਦਰ ਦਾਸ ਨੇ ਨਹੀਂ ਸੀ ਪੀਤਾ ਹੋਇਆ। ਬਹੁਤ ਚਿਰ ਪਹਿਲੋਂ ਉਹ ਰਾਸ਼ਟਰ ਪਾਰਟੀ 'ਚ ਹੁੰਦਾ ਸੀ। ਓਦੋਂ ਉਹ ਮੁੰਬਈ ਸੀ। ਨਾਲੋ-ਨਾਲ ਉਹ ਕਈ ਤਰ੍ਹਾਂ ਦਾ ਬਿਜ਼ਨੈਸ ਵੀ ਕਰਦਾ ਰਿਹਾ। ਬੜਾ ਮਾਲ ਬਣਾਇਆ ਉਹਨੇ। ਇਸ ਤੋਂ ਪਹਿਲਾਂ ਕਿ ਉਹਦੀ ਕੋਈ ਸਿਆਸੀ ਪਛਾਣ ਬਣਦੀ, ਉਹਦੀ ਆਰਥਕ ਪਛਾਣ ਬਣ ਚੁਕੀ ਸੀ। ਫੇਰ ਉਹਨੇ ਸਿਆਸੀ ਚਰਾਂਦਾਂ 'ਚ ਕੁਝ ਚਿਰ ਏਧਰ ਓਧਰ ਮੂੰਹ ਮਾਰਿਆ। ਅਖ਼ੀਰ ਉੱਤਰ-ਪ੍ਰਦੇਸ਼ ਦੀ ਸਮਾਜ-ਸੇਵਾ ਪਾਰਟੀ 'ਚ ਪੈਰ ਪਾਏ। ਕਿਤੇ ਹੇਠਾਂ ਨਹੀਂ। ਐਨ ਉਪਰ ਜਿੱਥੇ ਪਾਰਟੀ ਹੀ ਹਾਈ ਕਮਾਨ ਸੀ। ਉਹਨੇ ਪਾਰਟੀ-ਪ੍ਰਮੱਖ ਨੂੰ ਕੁਝ ਵਡੇ ਸਨਅਤਕਾਰ ਤੇ ਕੁਝ ਨਾਮੀ ਐਕਟਰ ਐਕਟ੍ਰੈਸਾਂ ਮਿਲਾਈਆਂ। ਪੈਸਾ ਵੀ ਵਿਖਾਇਆ ਤੇ ਚਕਾਚੌਂਧ ਵੀ। ਪਾਰਟੀ- ਪ੍ਰਮੁੱਖ ਚੁੰਧਿਆ ਗਿਆ ਤੇ ਪਸਮ ਪਿਆ। ਉਹਨੇ ਸੁੰਦਰ ਦਾਸ ਨੂੰ ਆਪਣਾ ਖ਼ਾਸ ਬੰਦਾ ਥਾਪ ਦਿਤਾ। ਉਹਨੂੰ ਪਾਰਟੀ ਦਾ ਮੁਖ ਸਕੱਤਰ ਬਣਾ ਦਿਤਾ। ਸਭ ਕੁਝ ਉਹਦੀ ਸਲਾਹ ਨਾਲ ਕਰਨ ਲਗ ਪਿਆ। ਲੋਕ ਵੀ ਉਹਨੂੰ ਪਾਰਟੀ ਦਾ ਦੂਜੇ ਨੰਬਰ ਦਾ ਨੇਤਾ ਸਮਝਣ ਲੱਗ ਪਏ।

ਸੋਚ ਸੋਚ ਗੁਰਦਿਆਲ ਨੂੰ ਉਹਦੇ 'ਤੇ ਰੀਸ ਆਉਣ ਲੱਗੀ। ਉਹਨੇ ਮੌਕਿਆਂ ਦੀ ਵਰਤੋਂ ਕਮਾਲ ਚੱਜ ਨਾਲ ਕੀਤੀ ਸੀ। ਉਹਨੂੰ ਉਹਦੇ ਸਹਿਜ ਤੇ ਠਹਿਰਾਅ ਉਤੇ ਵੀ ਰਸ਼ਕ ਆਇਆ। ਜ਼ਿੰਦਗੀ 'ਚ ਉਹਨੇ ਕੋਈ ਛੜੱਪੇ ਨਹੀਂ ਸਨ ਮਾਰੇ। ਪੌੜੀ-ਪੌੜੀ ਚੜ੍ਹਿਆ ਸੀ। ਆਰਾਮ ਨਾਲ। ਕਿਸੇ ਨਾਲ ਠਹਿਕੇ ਬਿਨਾਂ। ਪਿੰਡੇ 'ਤੇ ਕੋਈ ਝਰੀਟ ਨਹੀਂ ਸੀ ਪੈਣ ਦਿੱਤੀ। ਬੜੀ ਕਲਾਕਾਰ ਚੀਜ਼ ਸੀ। ਉਹਦੀ ਉਮਰ ਕੋਈ ਖ਼ਾਸ ਨਹੀਂ ਸੀ। ਗੁਰਦਿਆਲ ਨੇ ਮੋਟਾ-ਮੋਟਾ ਹਿਸਾਬ ਲਾਇਆ। ਕੁਝ ਸਾਲ ਛੋਟਾ ਹੀ ਸੀ ਉਹਦੇ ਤੋਂ। ਪਰ ਸੀ ਸਿੱਖਰਾਂ 'ਤੇ। ਧੰਨਵਾਨ ਸੀ। ਸੰਸਦੀਆ ਸੀ। ਕੋਠੀਆਂ ਸਨ ਉਹਦੇ ਕੋਲ। ਕਾਰਖਾਨੇ ਸਨ। ਰਸੂਖ ਸੀ। ਹਰ ਥਾਂ ਉਹਦੀ ਅੜ੍ਹੇਸ ਸੀ। ਘਰੋਂ ਬਾਹਰ ਟੀ-ਵੀ ਵਾਲਿਆਂ ਦੀਆਂ ਵੈਨਾਂ ਖੜੀਆਂ ਰਹਿੰਦੀਆਂ ਸਨ। ਹਰ ਛੋਟੇ-ਮੋਟੇ ਵਿਸ਼ੇ 'ਤੇ ਉਹਦੀ ਟਿੱਪਣੀ ਪ੍ਰਸਾਰਦੀਆਂ ਸਨ। ਆਇਆ-ਗਿਆ ਵੀ ਬੜਾ ਰਹਿੰਦਾ ਸੀ। ਨੌਕਰ ਚਾਕਰ ਸਨ। ਚੌਕੀਦਾਰ ਬੂਹੇ ਖੋਲ੍ਹਦੇ ਸਨ। ਲਹਿਰ-ਬਹਿਰ ਸੀ। ਗੁਰਦਿਆਲ ਐਵੇਂ ਹੀ ਮਸੋਸਿਆ ਗਿਆ।

ਉਹਨੂੰ ਸੁੰਦਰ ਦਾਸ ਨਾਲ ਕੋਈ ਸ਼ਿਕਵਾ ਨਹੀਂ ਸੀ। ਜੇ ਹੈ ਸੀ ਤਾਂ ਆਪਣੇ ਨਾਲ ਸੀ। ਸ਼ਿਕਵਾ ਉਹਨੂੰ ਆਪਣੇ ਕਾਹਲੇ ਸੁਭਾ ਨਾਲ ਸੀ। ਜਾਂ

ਆਪਣੇ ਨਸੀਬਾਂ ਨਾਲ। ਸੁੰਦਰ ਦਾਸ ਨੇ ਉਹਦਾ ਕੋਈ ਹੱਕ ਨਹੀਂ ਸੀ ਮਾਰਿਆ। ਉਹ ਤਾਂ ਭਲਾ ਆਦਮੀ ਸੀ। ਨਿੱਘਾ ਸੀ। ਮੁਹੱਬਤੀ ਸੀ। ਕਿਵੇਂ ਪਹਿਲੀ ਵਾਰ ਹੀ ਉਹਨੂੰ ਏਡੀ ਹੁੱਬ ਨਾਲ ਮਿਲਿਆ ਸੀ।

ਕੁਝ ਹੀ ਮਹੀਨੇ ਹੋਏ ਸਨ। ਸਵੇਰ ਦਾ ਸਮਾਂ ਸੀ। ਗੁਰਦਿਆਲ ਆਪਣੇ ਲਾਅਨ 'ਚ ਖੜਾ ਸੀ ਤੇ ਸੁੰਦਰ ਦਾਸ ਆਪਣੇ ਲਾਅਨ 'ਚ। ਉਹ ਅੰਬ ਦੇ ਓਸ ਦਰੱਖ਼ਤ ਤੋਂ ਤੋਤੇ ਉਡਾ ਰਿਹਾ ਸੀ, ਜਿਹਦਾ ਤਣਾ ਤਾਂ ਉਹਦੇ ਪਾਸੇ ਸੀ, ਪਰ ਡਾਹਣਾਂ ਦਾ ਅੱਧੋ ਤੋਂ ਵਧ ਫੈਲਾਅ ਗੁਰਦਿਆਲ ਦੇ ਪਾਸੇ ਸੀ। ਆਪ ਗੁਰਦਿਆਲ ਉਸ ਵੇਲ ਨੂੰ ਲੱਗੀਆਂ ਕਲੀਆਂ ਵੇਖ ਰਿਹਾ ਸੀ, ਜਿਹੜੀ ਅਜੇ ਤਾਂ ਸਾਰੀ ਉਹਦੇ ਪਾਸੇ ਸੀ, ਪਰ ਜਿਨ੍ਹੇ ਅਗਲੀ ਰੁੱਤੇ ਵਧ ਕੇ ਸੁੰਦਰ ਦਾਸ ਦੇ ਪਾਸੇ ਵੀ ਪਲਮ ਪੈਣਾ ਸੀ। ਦੋਵਾਂ ਵਿਚਕਾਰ ਸਿਰਫ਼ ਕੰਧ ਸੀ। ਕੋਠੀ ਦੀ ਚਾਰ-ਦੀਵਾਰੀ ਦੀ। ਮਧਰੀ ਜਿਹੀ। ਬਸ ਸਾਹਮਣਾ ਹੋ ਗਿਆ। ਪਹਿਲੋਂ ਹਾਸਾ ਪਿਆ। ਫੇਰ ਗੱਲਾਂ ਹੋ ਪਈਆਂ। ਬਹੁਤਾ ਸੁੰਦਰ ਦਾਸ ਹੀ ਬੋਲਿਆ। ਬੜੀ ਅਪਣੱਤ ਸੀ ਉਹਦੇ ਲਹਿਜੇ 'ਚ। ਲੱਗਦਾ ਨਹੀਂ ਸੀ, ਪਹਿਲੀ ਵਾਰ ਮਿਲਿਆ ਹੋਵੇ। ਉਹ ਵੀ ਸਬੱਬ ਨਾਲ।

ਕੁਝ ਚਿਰ ਏਧਰ-ਓਧਰ ਦੀਆਂ ਮਾਰ ਲੈਣ ਪਿੱਛੋਂ ਸੁੰਦਰ ਦਾਸ ਨੇ ਸਹਿਜ ਸੁਭਾ ਹੀ ਪੁੱਛ ਲਿਆ,

'ਸਿੰਘ ਸਾਹਿਬ, ਕੋਈ ਸੇਵਾ ਦੱਸੋ।'

ਸੁੰਦਰ ਦਾਸ ਨੇ ਉਤੋਂ-ਉਤੋਂ ਨਹੀਂ, ਦਿਲੋਂ ਪੁਛਿਆ ਸੀ। ਪੂਰੇ ਵਿਸ਼ਵਾਸ ਨਾਲ। ਸਮਝਦਾ ਸੀ, ਉਹ ਫ਼ਰਮਾਇਸ਼ ਪੂਰੀ ਕਰਨ ਜੋਗ ਸੀ। ਉਹਨੇ ਕੋਈ ਲੁਕਾਅ ਨਹੀਂ ਸੀ ਰਖਿਆ। ਸਾਫ਼-ਸਾਫ਼ ਕਹਿ ਦਿਤਾ ਸੀ,

'ਸਿੰਘ ਸਾਹਿਬ, ਸਿਆਸਤ 'ਚ ਅਸੀਂ ਵਿਰੋਧੀ ਹਾਂ। ਅਸੀਂ ਕਦੀ ਵੀ ਵਾੜ੍ਹ ਦੇ ਇਕੋ ਪਾਸੇ ਨਹੀਂ ਰਹੇ। ਪਰ ਏਸ ਵੇਲੇ ਤੁਸੀਂ ਮੇਰੇ ਗਵਾਂਢੀ ਹੋ। ਮੇਰੇ ਪੂਜਨੀਏ ਪਿਤਾ ਜੀ ਕਿਹਾ ਕਰਦੇ ਸਨ ਕਿ ਗਵਾਂਢੀ ਸਕੇ ਭਰਾਵਾਂ ਨਾਲੋਂ ਵਧ ਹੁੰਦੈ। ਜੇ ਲੋੜ ਵੇਲੇ 'ਵਾਜ ਮਾਰੀਏ ਤਾਂ ਸਭ ਤੋਂ ਪਹਿਲੋਂ ਉਹ ਹੀ ਪਹੁੰਚਦੈ। ਮੈਨੂੰ ਤੁਹਾਡੀ ਤੇ ਤੁਹਾਡੇ ਗਵਾਂਢ ਦੀ ਬੜੀ ਕਦਰ ਏ। ਕਦੀ ਕੋਈ ਮੇਰੇ ਲਾਇਕ ਸੇਵਾ ਹੋਵੇ ਤਾਂ ਜ਼ਰੂਰ ਦਸਣਾ। ਕਰ ਸਕਦਾ ਹੋਇਆ ਤਾਂ ਜ਼ਰੂਰ ਕਰਾਂਗਾ।'

ਗੁਰਦਿਆਲ ਤੇ ਸੁੰਦਰ ਦਾਸ ਇਸ ਆਰ-ਪਾਰ ਅਵੱਸਥਾ 'ਚ ਕੋਈ ਵੀਹ ਮਿੰਟ ਖੜੇ ਰਹੇ। ਬੜੀਆਂ ਗੱਲਾਂ ਹੋਈਆਂ। ਹੋਰ ਤਾਂ ਭੁੱਲ ਗਈਆਂ ਸਨ, ਪਰ ਉਹ ਗਵਾਂਢ ਵਾਲਾ ਪੱਖ ਗੁਰਦਿਆਲ ਨੂੰ ਯਾਦ ਆ ਰਿਹਾ ਸੀ। ਉਹਨੂੰ ਫ਼ੁਰ ਪਿਆ, ਆਪਣੀ ਭੀੜਾ ਦੀ ਗੱਲ ਉਹਦੇ ਨਾਲ ਕੀਤੀ ਜਾਏ। ਸ਼ਾਇਦ ਉਹ ਕੁਝ ਕਰ ਸਕੇ।

ਗੁਰਦਿਆਲ ਨੇ ਬਹੁਤਾ ਨਾ ਸੋਚਿਆ। ਉਹਦਾ ਫ਼ੋਨ ਨੰਬਰ ਲੱਭਿਆ ਤੇ ਖੜਕਾ ਦਿਤਾ।



ਅੱਗੋਂ ਕੋਈ ਰੁੱਖਾ ਜਿਹਾ ਬੋਲਿਆ। ਉਹਨੇ ਇਕਦਮ ਹੀ ਕਹਿ ਦਿੱਤਾ,

'ਸਾਹਿਬ ਵਿਅਸਥ ਨੇ। ਫੇਰ ਕਿਸੇ ਵੇਲੇ ਕਰ ਲੈਣਾ।'

ਗੁਰਦਿਆਲ ਠੰਢਾ ਨਾ ਪਿਆ। ਉਹਨੇ ਤਾਕੀਦ ਨਾਲ ਆਖਿਆ,

'ਉਹਨਾਂ ਨੂੰ ਕਹੋ, ਤੁਹਾਡਾ ਗਵਾਂਢੀ ਤੁਹਾਡੇ ਨਾਲ ਗੱਲ ਕਰਨੀ ਚਾਹੁੰਦੈ।'

ਮਿੰਟ ਕੁ ਬਾਅਦ ਸੁੰਦਰ ਦਾਸ ਦੀ ਆਵਾਜ਼ ਆਈ,

'ਹਾਂ-ਜੀ ਸਿੰਘ ਸਾਹਿਬ', ਉਹਨੇ ਲੰਮੀ ਉੱਚੀ ਹੇਕ ਲਾਈ। 'ਹੁਕਮ ਕਰੋ।'

'ਭਾਈ ਸਾਹਿਬ, ਕੋਈ ਭੀੜਾ ਬਣੀ ਹੋਈ ਏ। ਦੋ ਮਿੰਟ ਗੱਲ ਕਰਨਾ ਚਾਹੁਨਾਂ ਤੁਹਾਡੇ ਨਾਲ। ਫ਼ੋਨ ਤੇ ਨਹੀਂ। ਤੁਹਾਡੇ ਕੋਲ ਬਹਿ ਕੇ।'

ਗੁਰਦਿਆਲ ਸੁੰਦਰ ਦਾਸ ਨੂੰ ਪਹਿਲੀ ਮਿਲਣੀ ਤੋਂ ਹੀ *ਭਾਈ ਸਾਹਿਬ* ਕਹਿਣ ਲਗ ਪਿਆ ਸੀ। ਕੁਝ ਆਦਰ ਨਾਲ ਤੇ ਕੁਝ ਆਪਣਾ ਸਮਝ ਕੇ।

'ਫੇਰ ਕੀ ਉਡੀਕ ਰਹੇ ਹੋ! ਆ ਜਾਓ।' ਸੁੰਦਰ ਦਾਸ ਨੇ ਫ਼ੌਰੀ ਸੱਦਾ ਦਿਤਾ।

'ਤੁਸੀਂ ਤਾਂ ਵਿਅਸਥ ਲਗਦੇ ਹੋ। ਤੁਹਾਡੇ ਕੋਲ ਕੋਈ ਬੈਠਾ ਹੋਇਐ।'

'ਤੁਸੀਂ ਪਰਵਾਹ ਨਾ ਕਰੋ। ਮੇਰੇ ਕੋਲ ਕੋਈ ਨਾ ਕੋਈ ਬੈਠਾ ਹੀ ਹੁੰਦੈ। ਇਹਦੀ ਚਿੰਤਾ ਨਾ ਕਰੋ। ਆ ਜਾਓ।'

'ਹੱਛਾ, ਭਾਈ ਸਾਹਿਬ, ਮੈਂ ਦਸ ਪੰਦਰਾਂ ਮਿੰਟਾਂ 'ਚ ਹਾਜ਼ਿਰ ਹੋਨਾਂ।'

## ਸਲਾਹ

ਗੁਰਦਿਆਲ ਨਿਕਲਣ ਤੋਂ ਪਹਿਲੋਂ ਆਪਣਾ ਹੁਲੀਆ ਠੀਕ ਕਰਨ ਲੱਗਾ। ਉਹਨੇ ਪਤਨੀ ਨੂੰ ਨਵੀਂ ਪੱਗ ਤੇ ਨਵੀਂ ਟਾਈ ਲਿਆਉਣ ਲਈ ਕਿਹਾ। ਪਤਨੀ ਛੇਤੀ ਨਾਲ ਕੱਢ ਲਿਆਈ।

'ਇਹ ਤਾਂ ਇਕੋ ਰੰਗ ਦੀਆਂ ਨਹੀਂ। ਇਹ ਟਾਈ ਬਦਲ ਲਿਆ। ਮੈਂ ਸੁੰਦਰ ਦਾਸ ਵਲ ਜਾ ਰਿਹਾਂ। ਏਸੇ ਨੋਟਿਸ ਦੇ ਸਿਲਸਲੇ ਵਿਚ।'

ਪਤਨੀ ਟਾਈ ਚੁੱਕ ਕੇ ਲੈ ਗਈ।

ਗੁਰਦਿਆਲ ਦੇ ਹੋਰ ਕਪੜੇ ਕਿਹੋ ਜਿਹੇ ਵੀ ਹੋਣ, ਉਹ ਪਗੜੀ ਤੇ ਟਾਈ ਇੱਕੋ ਰੰਗ ਦੀ ਬੰਨ੍ਹਦਾ ਸੀ। ਇਹ ਉਹਦੀ ਸ਼ੈਲੀ ਸੀ। ਇੰਜ ਉਹ ਬੜੇ ਸਾਲਾਂ ਤੋਂ ਕਰ ਰਿਹਾ ਸੀ। ਉਹਦੀ ਰੀਸ ਵੀ ਹੋਣ ਲੱਗ ਪਈ ਸੀ। ਇਕ ਉਹ ਮਸ਼ਹੂਰ ਫੁਟਬਾਲ ਖਿਡਾਰੀ ਵੀ ਉਹਦੇ ਰਾਹੇ ਪਿਆ ਹੋਇਆ ਸੀ, ਜਿਹਦੇ ਪਿਓ ਦੀ ਸਾਰੀ ਉਮਰ ਰਾਸ਼ਟਰ ਦਲ 'ਚ ਬੀਤੀ ਸੀ ਤੇ ਜਿਹੜਾ ਆਪ ਭਗਵਾਂ ਦਲ 'ਚ ਜਾ ਵੜਿਆ ਸੀ ਤੇ ਉਹਦਾ ਜਿਵੇਂ ਸਾਈਨ-ਬੋਰਡ ਬਣਿਆ ਹੋਇਆ ਸੀ। ਬਾਅਦ 'ਚ ਉਹ ਆਪਣੀ ਭਰਜਾਈ ਨੂੰ ਵੀ ਓਸੇ ਪਾਰਟੀ 'ਚ ਖਿੱਚ ਲਿਆਇਆ। ਬੜਾ ਖੁਸ਼ ਸੀ ਕਿ ਉਹ ਏਸ ਪਾਰਟੀ 'ਚ। ਗੁਰਦਿਆਲ ਨੇ ਉਹਦੇ ਵਲੋਂ ਧਿਆਨ ਜਾਣੋਂ ਰੋਕਿਆ। ਕੁਝ ਜ਼ੋਰ ਲਾਉਣਾ ਪਿਆ। ਫੇਰ ਨੀਲਾ ਸੂਟ ਪਾਇਆ। ਅਸਮਾਨੀ ਪੱਗ ਬੰਨ੍ਹੀ ਤੇ ਅਸਮਾਨੀ ਟਾਈ ਲਾਈ। ਪਤਨੀ ਨੂੰ ਦੱਸਿਆ ਤੇ ਨਾਲ ਦੀ ਕੋਠੀ ਨੂੰ ਨਿਕਲ ਪਿਆ।

ਚੌਕੀਦਾਰ ਨੇ ਫਾਟਕ ਖੋਲ੍ਹਿਆ ਤੇ ਗੁਰਦਿਆਲ ਨੂੰ ਬੜੇ ਅਦਬ ਨਾਲ ਅੰਦਰ ਲੈ ਗਿਆ।

ਸੁੰਦਰ ਦਾਸ ਇਕੱਲਾ ਨਹੀਂ ਸੀ। ਉਹਦੇ ਗੋਡੇ ਮੁਢ ਇਕ ਬੜੀ ਹੀ ਸੁਹਣੀ ਬੀਬੀ ਬੈਠੀ ਸੀ। ਏਡੀ ਸੁਹਣੀ ਕਿ ਉਹਦੇ ਤੋਂ ਨਜ਼ਰ ਨਹੀਂ ਸੀ ਹਟਦੀ। ਸੰਵਲਾਇਆ ਰੰਗ ਸੀ ਉਹਦਾ। ਮੋਢਿਆ 'ਤੇ ਪੈਂਦੇ ਵਾਲ ਕਿਤੋਂ ਕਾਲੀਆਂ ਤੇ ਕਿਤੋਂ ਭੂਰੀਆਂ ਭਾਹਾਂ ਮਾਰਦੇ ਸਨ। ਮੋਟੀਆਂ ਕਜਲਾਈਆਂ ਅੱਖਾਂ ਸਨ। ਕੁਝ-ਕੁਝ ਸਿੱਜਲ। ਸ਼ਾਇਦ ਹੁਣੇ-ਹੁਣੇ ਰੁੰਨੀਆਂ ਸਨ। ਕਜਲਾ ਵੀ ਕੁਝ-ਕੁਝ ਖਿੰਡਿਆ ਹੋਇਆ ਸੀ। ਬੀਬੀ ਗੁਰਦਿਆਲ ਨੂੰ ਪਹਿਲੋਂ ਕਿਤੇ ਵੇਖੀ ਲੱਗੀ। ਉਹਨੂੰ ਆ ਕੇ ਏਡੀ ਸੁਖੱਲ ਮਹਿਸੂਸ ਨਹੀਂ ਸੀ ਹੋ ਰਹੀ। ਉਹਨੇ ਝੱਟ-ਦੇਣੀ ਆਖਿਆ,

'ਤੁਸੀਂ *ਬਿਜ਼ੀ* ਲਗਦੇ ਹੋ। ਫੇਰ ਆਜਾਂ ਕਦੀ?'



'ਨਹੀਂ, ਨਹੀਂ, ਸਿੰਘ ਸਾਹਿਬ, ਏਥੇ ਕੋਈ ਵੀ ਬਾਹਰਲਾ ਨਹੀਂ। ਅਲਕਾ ਜੀ ਘਰ ਦੇ ਹੀ ਬੰਦੇ ਨੇ। ਅਲਕਾ ਮੂਰੂਗੱਪਾ। ਮਿਲੇ ਹੋਏ ਹੋ ਨਾ ਪਹਿਲਾਂ?'

'ਨਹੀਂ, ਏਸ ਤਰ੍ਹਾਂ ਨਹੀਂ ਮਿਲਿਆ ਹੋਇਆ। ਏਡੀ ਕੋਲੋਂ। ਟੀ-ਵੀ 'ਤੇ ਵੇਖਿਆ ਹੋਇਐ ਤੇ ਪਹਿਲੋਂ ਕਈ ਫ਼ਿਲਮਾਂ 'ਚ।'

'ਬਸ ਇਹ ਉਹੀਉ ਹੀ ਨੇ।'

ਗੁਰਦਿਆਲ ਨੂੰ ਓਸੇ ਦਮ ਅਲਕਾ ਮੂਰੂਗੱਪਾ ਦਾ ਬੜਾ ਕੁਝ ਅਹੁੜ ਪਿਆ। ਅਲਕਾ ਕਿਸੇ ਵੇਲੇ ਦੱਖਣ ਭਾਰਤੀ ਫ਼ਿਲਮਾਂ ਦੀ ਟੌਪ ਦੀ ਹੀਰੋਇਨ ਹੁੰਦੀ ਸੀ। ਫੇਰ ਉਹ ਹਿੰਦੀ ਫ਼ਿਲਮਾਂ 'ਚ ਆ ਗਈ। ਪਹਿਲੋਂ ਬੜੀ ਚਮਕੀ। ਫੇਰ ਦੋ ਚਾਰ ਫ਼ਿਲਮਾਂ ਬਾਅਦ ਨਿੰਮ੍ਹੀ ਪੈ ਗਈ। ਕੋਈ ਉਹਨੂੰ ਸਿਆਸਤ 'ਚ ਲੈ ਆਇਆ। ਏਸ ਵੇਲੇ ਉਹ ਸਮਾਜ-ਸੇਵਾ ਪਾਰਟੀ ਦੀ ਪਾਰਲੀਮੈਂਟ-ਮੈਂਬਰ ਸੀ। ਗਹਿਣਾ ਸੀ ਓਥੋਂ ਦਾ। ਲੋਕ ਸਭਾ ਚੈਨਲ ਦਾ ਕੈਮਰਾ ਉਹਦੇ 'ਤੇ ਆ ਕੇ ਖਲੋ ਜਾਂਦਾ ਸੀ।

ਅਲਕਾ ਸੁੰਦਰ ਦਾਸ ਦੀ ਸਖੀ ਮੰਨੀ ਜਾਂਦੀ ਸੀ। ਉਹਦੀ ਸਾਰੀ ਸਿਆਸਤ ਸੁੰਦਰ ਦਾਸ ਹੀ ਸੀ। ਉਹਦੇ ਕਰਕੇ ਹੀ ਉਹ ਉਹਦੀ ਪਾਰਟੀ 'ਚ ਸੀ। ਗੁਰਦਿਆਲ ਨੇ ਸੋਚਿਆ, ਉਹਦੇ ਵਾਂਗ ਉਹ ਵੀ ਕੋਈ ਦੁੱਖ-ਸੁੱਖ ਫੋਲਣ ਆਈ ਹੋਵੇਗੀ। ਉਹ ਅਲਕਾ ਤੋਂ ਨਜ਼ਰਾਂ ਹਟਾ ਏਧਰ-ਓਧਰ ਵੇਖਣ ਲਗਾ, ਜਿਵੇਂ ਘਰ ਦੇ ਕਿਸੇ ਹੋਰ ਜੀਅ ਨੂੰ ਭਾਲ ਰਿਹਾ ਹੋਵੇ।

'ਲੀਲਾ ਜੀ ਪੇਕੇ ਗਏ ਹੋਏ ਨੇ', ਸੁੰਦਰ ਦਾਸ ਨੇ ਬੁੱਝ ਲਿਆ, 'ਉਹਨਾਂ ਦੇ ਪਿਤਾ ਜੀ ਢਿੱਲੇ ਨੇ।'

ਲੀਲਾ ਸੁੰਦਰ ਦਾਸ ਦੀ ਪਤਨੀ ਸੀ। ਗੁਰਦਿਆਲ ਨੇ ਕੋਠੀ ਦੇ ਲਾਅਨ 'ਚ ਘੁੰਮਦਿਆਂ-ਫਿਰਦਿਆਂ ਵੇਖੀ ਹੋਈ ਸੀ। ਸੁੰਦਰ ਦਾਸ ਵਾਂਗ ਹੀ ਉਹਦਾ ਕੱਦ ਮਧਰਾ ਸੀ ਤੇ ਗੋਲ-ਗੋਲ ਨਕਸ਼ ਸਨ।

ਸੁੰਦਰ ਦਾਸ ਨੇ ਅਲਕਾ ਦੀ ਗੁਰਦਿਆਲ ਨਾਲ ਜਾਣ-ਪਛਾਣ ਕਰਾਈ।

'ਅਲਕਾ, ਸਿੰਘ ਸਾਹਿਬ, ਮੇਰੇ ਗਵਾਂਢੀ ਨੇ। ਇਹ ਵੀ ਮੇਰੇ ਵਾਂਗ ਬੜੇ ਤਜਰਬੇਕਾਰ ਨੇ। ਮੇਰੇ ਵਾਂਗ ਹੀ ਇਹਨਾਂ ਬੜੀਆਂ ਪਾਰਟੀਆਂ ਗਾਹੀਆਂ ਹੋਈਆਂ ਨੇ। ਅਸੀਂ ਜਦੋਂ ਵੀ ਮਿਲਦੇ ਹਾਂ, ਆਪਣੀ ਸਾਂਝੀ ਕੰਧ ਦੇ ਆਰ-ਪਾਰ ਮਿਲਦੇ ਹਾਂ। ਅੱਜ ਪਹਿਲੀ ਵਾਰੀ ਰੂ-ਬਰੂ ਹੋਏ ਹਾਂ।'

ਫੇਰ ਉਹਨੇ ਅਲਕਾ ਤੋਂ ਨਜ਼ਰ ਚੁੱਕੀ ਤੇ ਕਿਹਾ,

'ਸਿੰਘ ਸਾਹਿਬ, ਅਲਕਾ ਦਾ ਫ਼ਿਕਰ ਨਾ ਕਰੋ। ਇਹ ਸਮਝ ਲਵੋ ਕਿ ਏਥੇ ਤੁਸੀਂ ਹੋ ਤੇ ਮੈਂ। ਹੋਰ ਕੋਈ ਨਹੀਂ। ਜੋ ਚਾਹੋ, ਕਹੋ।'

ਗੁਰਦਿਆਲ ਦੀ ਝਿਜਕ ਲਹਿ ਗਈ। ਬੋਲਿਆ,

'ਭਾਈ ਸਾਹਿਬ, ਮੇਰੇ ਤੋਂ ਤੁਹਾਡਾ ਗਵਾਂਢ ਖੋਹਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਨੇ।'

ਇਹ ਕਹਿ ਉਹਨੇ ਨੋਟਿਸ ਵਾਲਾ ਲਫ਼ਾਫ਼ਾ ਸੁੰਦਰ ਦਾਸ ਨੂੰ ਫੜਾ ਦਿਤਾ। ਸੁੰਦਰ ਦਾਸ ਨੇ ਨੋਟਿਸ ਕੱਢ ਕੇ ਪੜ੍ਹਿਆ ਤੇ ਠਹਾਕਾ ਮਾਰਿਆ। ਅਲਕਾ ਵੀ ਹੱਸ ਪਈ। ਰੀਸੋ-ਰੀਸੀ।

'ਇਹਦੀ ਚਿੰਤਾ ਲਾਈ ਹੋਈ ਜੇ?' ਸੁੰਦਰ ਦਾਸ ਨੇ ਇੰਜ ਜਤਲਾ ਕੇ ਆਖਿਆ, ਜਿਵੇਂ ਗੁਰਦਿਆਲ ਨੂੰ ਕਿਸੇ ਗੱਲ ਦੀ ਸਮਝ ਹੀ ਨਾ ਹੋਵੇ। 'ਸਿੰਘ ਸਾਹਿਬ, ਬਿੱਲੀ ਨੂੰ ਸ਼ੇਰ ਨਾ ਸਮਝੋ। ਇਹ ਬਿੱਲੀ ਵੀ ਨਹੀਂ ਜੇ। ਬਲੂੰਗੜਾ ਜੇ। ਕੁਝ ਹੀ ਦਿਨਾਂ ਦਾ। ਅਜੇ ਅੱਖਾਂ ਨਹੀਂ ਖੁੱਲ੍ਹੀਆਂ ਇਹਦੀਆਂ। ਏਸ ਕਾਗ਼ਜ਼ ਦੀ ਕੌਣ ਪਰਵਾਹ ਕਰਦੈ। ਇਹਨੂੰ ਕਰੋ ਲੀਰੋ ਲੀਰ ਤੇ ਸੁੱਟੋ ਰੱਦੀ ਦੀ ਟੋਕਰੀ 'ਚ।'

ਸੁੰਦਰ ਦਾਸ ਨੇ ਇਕ ਹੋਰ ਠਹਾਕਾ ਛੱਡਿਆ। ਪਹਿਲੋਂ ਤੋਂ ਉੱਚਾ। ਅਲਕਾ ਵੀ ਓਸੇ ਮੇਚ ਦਾ ਹਾਸਾ ਹੱਸੀ। ਗੁਰਦਿਆਲ ਡੌਰ-ਭੌਰ ਹੋਇਆ ਏਧਰ ਓਧਰ ਵੇਖਣ ਲੱਗਾ।

'ਸਿੰਘ ਸਾਹਿਬ', ਸੁੰਦਰ ਦਾਸ ਚੰਗਾ ਚਿੱਥ ਕੇ ਸਮਝਾਉਣ ਲੱਗਾ, 'ਅਸੀਂ, ਭਾਰਤ ਵਰਸ਼ ਦੇ ਵਾਸੀ ਬੜੇ ਸੁਭਾਗੇ ਹਾਂ। ਸਾਡੇ ਜੋ ਵੀ ਕਾਨੂੰਨ ਨੇ, ਉਹ ਬੜੇ ਸਖ਼ਤ ਨੇ। ਪਰ ਅਮਲ ਅਸੀਂ ਉਹਨਾਂ ਉਤੇ ਬੜਾ ਨਰਮ ਰਖਦੇ ਹਾਂ। ਜੇ ਅਮਲ ਵੀ ਓਨਾ ਹੀ ਸਖ਼ਤ ਹੁੰਦਾ, ਅਸੀਂ ਤੁਸੀਂ ਓਸ ਥਾਂ ਨਾ ਹੁੰਦੇ, ਜਿੱਥੇ ਅੱਜ ਬੈਠੇ ਹੋਏ ਹਾਂ। ਸਾਡੀ ਏਸ ਨੋਟਿਸ ਘੱਲਣ ਵਾਲੀ ਏਜੰਸੀ ਦਾ ਵੀ ਇਹੋ ਹਾਲ ਜੇ। ਜਿੰਨੀ ਸਖ਼ਤ ਲਿਖਣ 'ਚ ਏ, ਕਰਨ 'ਚ ਓਨੀ ਸਖ਼ਤ ਨਹੀਂ। ਆਪਣੇ ਉਹਨਾਂ ਨੂੰ ਜਾਣਦੇ ਹੋ? ਉਹ ਜਿਹੜੇ...'

ਸੁੰਦਰ ਦਾਸ ਨੇ ਇਕ ਸਾਬਕਾ ਪ੍ਰਧਾਨ ਮੰਤਰੀ ਦਾ ਨਾਂ ਲਿਆ।

'ਉਹ ਕਿਹਨੂੰ ਭੁੱਲੇ ਹੋਏ ਨੇ ਜੀ', ਗੁਰਦਿਆਲ ਨੇ ਕਿਹਾ, 'ਬੜੇ ਨੇਕ ਬੰਦੇ ਸਨ। ਦੇਸੋਂ ਬਾਹਰ, ਦੇਸ ਦੇ ਹੀ ਕੰਮ 'ਤੇ ਗਏ ਹੋਣ ਸਮੇਂ, ਵਿਛੋੜਾ ਪਾ ਗਏ ਸਾਨੂੰ। ਸਾਡੀ ਸਿਆਸਤ 'ਚ ਅੱਜਕਲ ਉਹੋ ਜਿਹੇ ਬੰਦੇ ਨਹੀ।'

'ਕਦੋਂ ਦੀ ਗੱਲ ਏ ਇਹ?' ਸੁੰਦਰ ਦਾਸ ਨੇ ਪੁੱਛਿਆ।

'ਸ਼ਾਇਦ ਪਿਛਲੀ ਸਦੀ ਦੇ ਸੰਨ ਪੈਂਠ ਦੀ, ਜਦੋਂ ਪਾਕਿਸਤਾਨ ਨਾਲ ਲੜਾਈ ਹੋਈ ਸੀ।'

'ਅੱਜ ਕਿੰਨੇ ਸਾਲ ਹੋ ਗਏ ਨੇ?' ਸੁੰਦਰ ਦਾਸ ਹਿਸਾਬ ਲਾਉਣ ਲੱਗਾ। 'ਪੈਂਤੀ ਜਮ੍ਹਾਂ ਬਾਰਾਂ। ਮਤਲਬ ਏ ਸੰਤਾਲੀ ਸਾਲ। ਜਿੰਨੀ ਮੇਰੀ ਉਮਰ ਏ। ਉਹਨਾਂ ਦੀ ਕੋਠੀ ਅਜੇ ਤਕ ਖ਼ਾਲੀ ਨਹੀਂ ਹੋਈ। ਪਰਵਾਰ ਕੋਲ ਹੀ ਏ। ਕਹਿੰਦੇ ਨੇ ਮੈਮੋਰੀਅਲ ਬਣਾਨੈਂ ਓਥੇ। ਸ਼ਾਇਦ ਬਣਾਇਆ ਵੀ ਹੋਇਆ ਨੇ ਕੋਈ। ਇਹੋ ਹਾਲ ਸਾਡੇ ਪਹਿਲਾਂ ਦੇ ਇਕ ਬਹੁਤ ਵੱਡੇ ਦਲਿਤ ਲੀਡਰ ਦਾ ਹੋਇਐ। ਉਹਦੀ ਕੋਠੀ ਵੀ ਅਜੇ ਪਰਵਾਰ ਕੋਲ ਏ।'

ਗੁਰਦਿਆਲ ਨੂੰ ਤੁਲਨਾ ਠੀਕ ਨਹੀਂ ਸੀ ਲੱਗ ਰਹੀ। ਉਹ ਕਹਿਣ ਲੱਗਾ,



'ਭਾਈ ਸਾਹਿਬ, ਉਹ ਤਾਂ ਬੜੇ ਮਹਾਨ ਲੀਡਰ ਸਨ। ਕੌਮ ਸਿਰ ਉਹਨਾਂ ਦੇ ਬੜੇ ਅਹਿਸਾਨ ਨੇ। ਮੇਰਾ ਕੀ ਮੁਕਾਬਲਾ ਉਹਨਾਂ ਨਾਲ।'

ਸੁੰਦਰ ਦਾਸ ਦੀ ਮੁਸਕੜੀ ਫੈਲ ਗਈ। ਮੁੱਛਾਂ ਉਪਰ ਉਠ ਗਈਆਂ। ਅਲਕਾ ਦੇ ਬੁੱਲ੍ਹ ਵੀ ਖਿੜ ਪਏ। ਸੇਜਲ ਨੈਣਾਂ 'ਤੇ ਬੁੱਲ੍ਹਾਂ ਦੇ ਖੇੜੇ ਦਾ ਮੇਲ ਖੋਹ ਪਾਉਂਦਾ ਸੀ।

'ਚਲੋ ਉਹਨਾਂ ਦਾ ਹਾਲ ਵੀ ਵੇਖ ਲੈਂਦੇ ਹਾਂ, ਜੋ ਮਹਾਨ ਨਹੀਂ। ਓਸ ਨੂੰ ਜਾਣਦੇ ਹੋ?'

ਸੁੰਦਰ ਦਾਸ ਨੇ ਉਹ ਨਾਂ ਲਿਆ, ਜਿਹੜਾ ਅੱਧਾ ਦੇਸੀ ਤੇ ਅੱਧਾ ਪ੍ਰਦੇਸੀ ਸੀ। ਉਹ ਰਾਸ਼ਟਰ ਪਾਰਟੀ ਦਾ ਬੰਦਾ ਸੀ। ਪਾਰਲੀਮੈਂਟ ਦਾ ਮੈਂਬਰ ਰਿਹਾ ਸੀ। ਪਾਰਟੀ ਉਹਨੂੰ ਕਈ ਰਾਜਾਂ 'ਚ ਆਪਣਾ ਨਿਰੀਕਸ਼ਕ ਬਣਾ ਕੇ ਘੱਲਦੀ ਸੀ।

ਨਾਂ ਸੁਣ ਕੇ ਗੁਰਦਿਆਲ ਚੌਂਕ ਪਿਆ।

'ਭਾਈ ਸਾਹਿਬ, ਉਹਨੂੰ ਦਿੱਲੀ ਦਾ ਕੋਈ ਵੀ ਸਿੱਖ ਨਹੀਂ ਭੁੱਲ ਸਕਦਾ। ਸੰਨ ਚੁਰਾਸੀ 'ਚ ਜਿਹੜੇ ਕਾਲੇ ਕਾਰੇ ਉਹਨੇ ਕੀਤੇ ਸਨ, ਉਹ ਕੌਣ ਭੁੱਲ ਸਕਦੈ।'

ਗੁਰਦਿਆਲ ਦੇ ਲਹਿਜੇ 'ਚ ਰੋਹ ਤੇ ਰੋਸ ਭਰ ਗਿਆ।

'ਚਲੋ, ਏਸ ਅਭੁੱਲ ਬੰਦੇ ਦੀ ਸੁਣੋ। ਸੰਨ 2009 'ਚ ਪਾਰਟੀ ਨੇ ਉਹਨੂੰ ਟਿਕਟ ਨਹੀਂ ਸੀ ਦਿੱਤੀ। ਹੁਣ ਉਹ ਪਾਰਟੀ ਦਾ ਐਮ-ਪੀ ਨਹੀਂ। ਪਰ ਐਮ-ਪੀ ਵਾਲੀ ਕੋਠੀ ਉਹਨੇ ਨਹੀਂ ਛੱਡੀ। ਉਹਦੇ ਸਿਰ ਉਨੀ ਲੱਖ ਰੁਪਏ ਕਿਰਾਇਆ ਬਕਾਇਐ। ਚਲੋ ਇਕ ਹੋਰ ਕਿੱਸਾ ਸੁਣੋ। ਇਕ ਚੌਧਰੀ ਨਾਂ ਦਾ ਬੰਦੈ। ਕਦੀ ਉਹ ਭੁਲ-ਭੁਲੇਖੇ ਐਮ-ਪੀ ਬਣ ਗਿਆ। ਕੋਠੀ ਉਹਨੇ ਵੀ ਨਹੀਂ ਛੱਡੀ। ਉਹਦੇ ਸਿਰ ਬਕਾਇਆ ਕਿਰਾਇਆ ਉਨੱਤੀ ਲੱਖ ਏ। ਬੜੇ ਲੋਕ ਨੇ, ਜਿਹੜੇ ਸਾਲਾਂ ਤੋਂ ਸਰਕਾਰੀ ਕੋਠੀਆਂ ਮੱਲੀ ਬੈਠੇ ਨੇ। ਅਫ਼ਸਰ ਵੀ ਨੇ। ਪੱਤਰਕਾਰ ਵੀ। ਚਿੱਤਰਕਾਰ ਵੀ। ਹੋਰ ਤਰ੍ਹਾਂ ਦੇ ਕਲਾਕਾਰ ਵੀ। ਸਭ ਸਰਕਾਰ ਨੂੰ ਚੁੰਘੀ ਜਾਂਦੇ ਨੇ। ਧੰਨ ਏ ਸਰਕਾਰ ਜਿਹਦੇ ਥੰਨ ਨਹੀਂ ਸੁਕਦੇ। ਸਿੰਘ ਸਾਹਿਬ, ਤੁਸੀਂ ਵੀ ਲਾਹ ਦਿਓ ਚਿੰਤਾ। ਇਹ ਜਿਹੜਾ ਸਾਡਾ ਅੰਬ ਦਾ ਦਰੱਖ਼ਤ ਤੁਹਾਡੇ ਪਾਸੇ ਫੈਲਿਆ ਹੋਇਐ, ਜਿੰਨੇ ਵੀ ਪੱਕੇ ਅੰਬ ਤੁਹਾਡੇ ਪਾਸੇ ਡਿੱਗਣਗੇ, ਉਹ ਤੁਸੀਂ ਹੀ ਚੂਪੋਗੇ। ਅਜੇ ਕਈ ਰੁੱਤਾਂ ਹੋਰ।'

ਸੁੰਦਰ ਦਾਸ ਨੇ ਫੇਰ ਠਹਾਕਾ ਮਾਰਿਆ। ਆਪਣੇ ਵਲੋਂ ਅਲਕਾ ਨੇ ਵੀ ਕਾਫ਼ੀਆ ਮੇਲਿਆ। ਗੁਰਦਿਆਲ ਹੱਸਿਆ ਤਾਂ ਨਾ, ਪਰ ਉਹਦੇ ਮੱਥੇ ਦਾ ਵੱਟ ਜਾਂਦਾ ਰਿਹਾ। ਫੇਰ ਵੀ ਉਹ ਪੁੱਛਣੋਂ ਨਾ ਰਹਿ ਸਕਿਆ,

'ਭਾਈ ਸਾਹਿਬ, ਦੱਸੋ, ਮੈਂ ਕੀ ਕਰਾਂ? ਮੈਂ ਹੱਥ ਉਤੇ ਹੱਥ ਧਰ ਕੇ ਤਾਂ ਬਹਿ ਨਹੀਂ ਸਕਦਾ।'

'ਕਿਉਂ ਬਹੋ ਤੁਸੀਂ ਹੱਥ 'ਤੇ ਹੱਥ ਰਖ ਕੇ! ਸਭ ਤੋਂ ਪਹਿਲਾਂ ਤੇ ਏਸ ਨੋਟਿਸ ਨੂੰ ਪਾੜੋ ਤੇ ਰੱਦੀ ਦੀ ਟੋਕਰੀ 'ਚ ਸੁੱਟੋ...'

ਸੁੰਦਰ ਦਾਸ ਨੇ ਏਧਰ-ਓਧਰ ਨਜ਼ਰ ਮਾਰੀ। ਉਹਨੂੰ ਪਰ੍ਹਾਂ, ਇਕ ਨੁੱਕਰੇ, ਕੁਝ ਦਿਸਿਆ। ਉਹਨੇ ਉਹਦੇ ਵਲ ਸੈਨਤ ਕੀਤੀ।

'ਰੱਦੀ ਦੀ ਟੋਕਰੀ ਏਥੇ ਵੀ ਹੈ ਜੇ। ਭਾਵੇਂ ਉਹਦੇ 'ਚ ਹੀ ਸੁੱਟ ਦਿਉ। ਸੋਚ ਲੌ, ਨੋਟਿਸ ਤੁਹਾਨੂੰ ਕਦੀ ਆਇਆ ਹੀ ਨਹੀਂ।'

'ਨਹੀਂ, ਭਾਈ ਸਾਹਿਬ', ਗੁਰਦਿਆਲ ਦਾ ਦਿਲ ਨਾ ਮੰਨਿਆ, 'ਕੁਝ ਨਾ ਕੁਝ ਤਾਂ ਕਰਨਾ ਹੀ ਪਏਗਾ। ਤਲਵਾਰ ਨੂੰ ਸਿਰ 'ਤੇ ਲਟਕਦੀ ਨਹੀਂ ਛੱਡਿਆ ਜਾ ਸਕਦਾ।'

'ਚਲੋ, ਇਹਦਾ ਵੀ ਸੋਚਣੇ ਹਾਂ...ਮੇਰੇ ਕੋਲ ਹੈ ਇਕ ਤਰਕੀਬ। ਇਕ ਨਹੀਂ ਦੋ।'

ਸੁੰਦਰ ਦਾਸ ਨੂੰ ਕੁਝ ਸੁੱਝ ਪਿਆ ਸੀ। ਅਜੇ ਉਹਨੂੰ ਹੋਰ ਸੋਚਣਾ ਚਾਹੁੰਦਾ ਸੀ। ਉਹਨੇ ਪਰਦਾ ਪਿਆ ਰਹਿਣ ਦਿੱਤਾ ਤੇ ਹੋਰ ਪਾਸੇ ਟੁਰ ਪਿਆ।

'ਕਮਾਲ ਏ, ਸਿੰਘ ਸਾਹਿਬ, ਤੁਸੀਂ ਪਹਿਲੀ ਵਾਰੀ ਸਾਡੇ ਘਰ ਆਏ ਹੋ। ਅਸੀਂ ਪਾਣੀ-ਧਾਣੀ ਵੀ ਨਹੀਂ ਪੁਛਿਆ। ਮੁਆਫ਼ ਕਰਨਾ...'

'ਨਹੀਂ, ਭਾਈ ਸਾਹਿਬ, ਚਾਹ ਮੈਂ ਪੀ ਕੇ ਚਲਿਆ ਸਾਂ।' ਗੁਰਦਿਆਲ ਗੱਲ ਨੂੰ ਪਹਿਲੇ ਪਾਸੇ ਹੀ ਰਖਣਾ ਚਾਹੁੰਦਾ ਸੀ।

'ਨਹੀਂ, ਸਿੰਘ ਸਾਹਿਬ, ਚਾਹ ਤਾਂ ਤੁਹਾਨੂੰ ਏਥੇ ਵੀ ਪੀਣੀ ਪਵੇਗੀ। ਅਲਕਾ, ਕਰੋ ਬੰਦੋਬਸਤ। ਸਾਡੇ ਪੂਜਨੀਕ ਪੜੋਸੀ ਨੇ ਸਾਡੇ ਘਰ ਪਹਿਲੀ ਵਾਰੀ ਚਰਨ ਪਾਏ ਨੇ।'

ਅਲਕਾ ਮੁਸਕਰਾਈ ਤੇ ਉਠ ਪਈ। ਮਲਕੜੇ ਹੀ ਕਿਸੇ ਨਾਲ-ਦੇ ਕਮਰੇ 'ਚ ਅਲੋਪ ਹੋ ਗਈ।

#

ਉਹ ਛੇਤੀ ਹੀ ਵਾਪਸ ਆ ਗਈ। ਉਹਦੇ ਮਗਰੇ-ਮਗਰ ਇਕ ਬਾ-ਵਰਦੀ ਬਹਿਰਾ ਸੀ, ਜਿਹੋ ਜਿਹਾ ਹੋਟਲਾਂ 'ਚ ਹੁੰਦਾ ਏ। ਉਹਦੇ ਹੱਥ 'ਚ ਪੂਰਾ ਪ੍ਰੋਸਿਆ ਟਰੇ ਸੀ, ਜਿਹੜਾ ਉਹਨੇ ਵਿਚਲੇ ਮੇਜ਼ 'ਤੇ ਰਖ ਦਿਤਾ। ਟਰੇ ਚਾਂਦੀ ਦਾ ਸੀ। ਟੀ-ਸੈੱਟ ਵੀ ਚਾਂਦੀ ਦਾ ਸੀ। ਵਲਾਇਤੀ ਕਿਸਮ ਦਾ। ਚਮਚੇ ਵੀ ਚਾਂਦੀ ਦੇ ਸਨ। ਸਭ ਕੁਝ ਸਮੇਂ ਨਾਲ ਕਾਲਾ ਪਿਆ ਹੋਇਆ ਸੀ। ਤਿੰਨ, ਸਿੱਪ ਦਾ ਭੁਲੇਖਾ ਪਾਉਂਦੀ, ਚੀਨੀ ਦੇ ਪਿਆਲੇ ਸਨ।

'ਸਿੰਘ ਸਾਹਿਬ, ਇਹ ਚਾਹ ਜਿਹੜੀ ਅਸੀਂ ਪੀਣ ਲਗੇ ਹਾਂ, ਦਾਰਜੀਲਿੰਗ ਦੇ ਇਕ ਖ਼ਾਸ ਬਾਗ਼ ਤੋਂ ਆਈ ਏ। ਸਾਲ 'ਚ ਸਿਰਫ਼ ਦੋ-ਤਿੰਨ ਸੌ ਕਿਲੋ ਹੀ ਹੁੰਦੀ ਏ। ਟੀ-ਸੈੱਟ ਪਿਤਾ-ਪੁਰਖੀ ਏ। ਕਿਸੇ ਵੇਲੇ ਮੇਰੇ ਦਾਦਾ ਜੀ ਵਲਾਇਤੋਂ



ਲਿਆਏ ਸਨ। ਪਹਿਲੋਂ ਉਹਨਾਂ ਵਰਤਿਆ। ਫੇਰ ਮੇਰੇ ਪਿਤਾ ਜੀ ਨੇ। ਤੇ ਹੁਣ ਮੈਂ ਵਰਤ ਰਿਹਾਂ। ਮੇਰੇ ਪਿੱਛੋਂ ਮੇਰਾ ਪੁੱਤਰ ਵਰਤੇਗਾ। ਇਕੋ-ਇਕ ਪੁੱਤਰ ਏ, ਏਸ ਲਈ ਏਸ ਸੈੱਟ ਦੀ ਵੰਡੀ ਨਹੀਂ ਪਏਗੀ। ਤੇ ਚਾਹ ਬਣਾ ਰਹੀ ਏ ਸਾਡੀ ਅਲਕਾ। ਇਹੋ ਜਿਹੀ ਚਾਹ ਨਸੀਬਾਂ ਵਾਲੇ ਨੂੰ ਮਿਲਦੀ ਏ। ਇਹਨੂੰ ਪੀਵੋ ਤੇ ਸਭ ਕੁਝ ਭੁੱਲ ਜਾਓ।'

ਸੁੰਦਰ ਦਾਸ ਫੂਕ ਨਹੀਂ ਸੀ ਲੈ ਰਿਹਾ, ਗਵਾਂਢੀ ਲਈ ਆਪਣਾ ਆਦਰ ਦਰਸਾ ਰਿਹਾ ਸੀ।

ਅਲਕਾ ਚਾਹ ਬਣਾਉਣ ਲੱਗੀ। ਗੁਰਦਿਆਲ ਨੇ ਵੇਖਿਆ, ਉਹਦਾ ਹੱਥ ਨਾਜ਼ੁਕ ਸੀ ਤੇ ਉਂਗਲਾਂ ਲੰਮੀਆਂ ਤੇ ਪਤਲੀਆਂ। ਨਹੁੰ ਵੀ ਲੰਮੇ ਸਨ। ਉਹਦੇ ਵੇਸ ਦੇ ਰੰਗ 'ਚ ਰੰਗੇ ਹੋਏ।

'ਇਕ ਵਾਰੀ ਸਾਡੀ ਸੁਪਰੀਮ ਕੋਰਟ ਨੇ ਸਾਡੀ ਸਰਕਾਰ ਨੂੰ ਝਾੜਿਆ', ਸੁੰਦਰ ਦਾਸ ਨੇ ਚਾਹ ਤੋਂ ਪਹਿਲਾਂ ਵਾਲੀ ਗੱਲ ਫੇਰ ਛੋਹ ਲਈ, 'ਕਿ ਭਾਈ ਉਹ ਆਪਣੀਆਂ ਕਬਜ਼ਾ-ਕੀਤੀਆਂ ਕੋਠੀਆਂ ਸਾਬਿਕ ਐਮ-ਪੀਆਂ ਤੇ ਬਿਊਰੋਕ੍ਰੈਟਾਂ ਤੋਂ ਛੁਡਾਉਂਦੀ ਕਿਉਂ ਨਹੀਂ। ਪਰ ਏਸ ਝਾੜ ਦਾ ਵੀ ਕੋਈ ਅਸਰ ਨਹੀਂ ਹੋਇਆ। ਕਬਜ਼ਾ ਅੱਜ ਤਕ ਕਾਇਮ ਏ।'

ਸੁੰਦਰ ਦਾਸ ਨੇ ਅਲਕਾ ਵਲ ਵੇਖਿਆ ਤੇ ਮੁਸਕਰਾਇਆ ਤੇ ਫੇਰ ਗੁਰਦਿਆਲ ਨੂੰ ਸੰਬੋਧਨ ਹੋਇਆ,

'ਸਿੰਘ ਸਾਹਿਬ, ਮੈਨੂੰ ਇਕ ਕਿੱਸਾ ਯਾਦ ਆ ਗਿਐ। ਏਸੇ ਸਿਲਸਲੇ ਦਾ। ਅਲਕਾ ਨੇ ਵੀ ਨਹੀਂ ਸੁਣਿਆ ਹੋਣਾ। ਉਹ ਤੁਹਾਨੂੰ ਸੁਣਾ ਹੀ ਦੇਨਾਂ...ਕਿੱਸਾ ਇਹ ਵੀ ਸਾਡੇ ਇਕ ਪਹਿਲੇ ਪ੍ਰਧਾਨ ਮੰਤਰੀ ਦਾ ਈ ਏ। ਉਹਦਾ ਨਾਂ ਸੀ ਗੁਲਜ਼ਾਰੀ ਲਾਲ ਨੰਦਾ। ਪੰਜਾਬੀ ਸੀ ਉਹ ਵੀ ਤੁਹਾਡੇ ਵਾਂਗ। ਲੰਮਾ ਉੱਚਾ। ਸੁਕੜਾ। ਕਾਂਗੜੀ ਭਲਵਾਣ। ਨਾਂ ਉਹਦਾ ਆਪਣੇ ਸਰੀਰ ਨਾਲ ਮੇਲ ਨਹੀਂ ਸੀ ਖਾਂਦਾ। ਉਹ ਹੁੰਦਾ ਤਾਂ ਲੇਬਰ ਮਨਿਸਟਰ ਸੀ। ਪਰ ਜਦੋਂ ਕੋਈ ਸਾਡਾ ਪ੍ਰਧਾਨ ਮੰਤਰੀ ਪੂਰਾ ਹੁੰਦਾ—ਨਹਿਰੂ ਚੌਂਠ 'ਚ ਪੂਰਾ ਹੋਇਆ ਤੇ ਸ਼ਾਸਤਰੀ ਪੈਂਠ 'ਚ-ਉਹਨੂੰ ਉਹਦੀ ਥਾਂ ਬਿਠਾ ਦਿੱਤਾ ਜਾਂਦਾ। ਉਹ ਕਾਇਮ-ਮੁਕਾਮ ਪ੍ਰਧਾਨ ਮੰਤਰੀ ਹੁੰਦਾ। ਜਦੋਂ ਪਾਰਟੀ ਨਵਾਂ ਪ੍ਰਧਾਨ ਮੰਤਰੀ ਚੁਣ ਲੈਂਦੀ, ਨੰਦਾ ਆਪਣੀ ਪਹਿਲੀ ਥਾਂ ਆ ਜਾਂਦਾ। ਆਨੇ ਵਾਲੀ ਥਾਂ। ਫਟਾ-ਫਟ ਕੁਰਸੀ ਖ਼ਾਲੀ ਕਰ ਦੇਂਦਾ। ਏਸੇ ਤਰ੍ਹਾਂ ਜਦੋਂ ਉਹਦੀ ਪਾਰਲੀਮੈਂਟ-ਮੈਂਬਰੀ ਖ਼ਤਮ ਹੋਈ, ਉਹਨੇ ਆਪਣੀ ਕੋਠੀ ਵੀ ਖ਼ਾਲੀ ਕਰ ਦਿੱਤੀ...'

'ਫੇਰ ਉਹ ਕਿੱਥੇ ਰਿਹਾ?' ਗੁਰਦਿਆਲ ਨੇ ਚੌਂਕ ਕੇ ਪੁਛਿਆ।

'ਏਥੇ ਦਿੱਲੀ, ਡੀਫ਼ੈਂਸ ਕਾਲੋਨੀ 'ਚ। ਕਿਰਾਏ ਦੇ ਮਕਾਨ 'ਚ। ਉਹਦੇ ਕੋਲ ਆਪਣਾ ਮਕਾਨ ਕੋਈ ਨਹੀਂ ਸੀ। ਉਹਨੀਂ ਦਿਨੀਂ ਸਾਡੇ ਸਿਆਸਤਦਾਨਾਂ ਕੋਲ ਮਾਇਆ ਨਹੀਂ ਸੀ ਹੁੰਦੀ। ਬਨਾਮੀ ਜਾਇਦਾਦਾਂ ਵੀ ਨਹੀਂ ਸਨ ਹੁੰਦੀਆਂ।

ਕੁਝ ਚਿਰ ਉਹ ਕਿਰਾਇਆ ਦੇਂਦਾ ਰਿਹਾ। ਫੇਰ ਪੈਸੇ ਮੁੱਕ ਗਏ। ਮਕਾਨ ਖ਼ਾਲੀ ਕਰਨਾ ਪਿਆ। ਨਿਓਟਾ ਹੋ ਗਿਆ ਵਿਚਾਰਾ। ਅਹਿਮਦਾਬਾਦ ਚਲਾ ਗਿਆ। ਓਥੇ ਧੀ ਰਹਿੰਦੀ ਸੀ ਉਹਦੀ। ਆਪਣੇ ਆਖ਼ਰੀ ਦਿਨ ਉਹਨੇ ਓਥੇ ਰੁਲ-ਖੁਲ ਗੁਜ਼ਾਰੇ।'

ਅਲਕਾ ਦੀਆਂ ਅੱਖਾਂ ਡੁਬਡੁਬਾ ਪਈਆਂ। ਗੁਰਦਿਆਲ ਵੀ ਪਸੀਜ ਗਿਆ। ਉਹਨੂੰ ਲੱਗਾ, ਉਹ ਵੀ ਏਸ ਘੁੰਮਣ-ਘੇਰੀ 'ਚ ਫਸ ਸਕਦਾ ਸੀ। ਪਰ ਉਹਦਾ ਹਾਲ ਏਨਾ ਮਾੜਾ ਨਹੀਂ ਸੀ ਹੋਣ ਲੱਗਾ। ਉਹਦੇ ਕੋਲ ਛੋਟਾ-ਮੋਟਾ ਜੱਦੀ ਘਰ ਹੈ ਸੀ।

'ਨੰਦਾ', ਸੁੰਦਰ ਦਾਸ ਗੱਲ ਨੂੰ ਟਿਕਾਣੇ ਲਾਉਣ ਲੱਗਾ, 'ਦਿਨੇ ਨਿਕਲਦਾ ਤਾਰਾ ਸੀ। ਝੱਟ ਦੀ ਝੱਟ ਟਿਮਕਣ ਵਾਲਾ। ਅੱਜਕਲ ਸਾਡੇ ਸਿਆਸੀ ਅਸਮਾਨ 'ਚ ਉਹਦੇ ਜਿਹੇ ਤਾਰੇ ਨਹੀਂ ਨਿਕਲਦੇ।'

ਗੱਲ ਅਫ਼ਸੋਸ ਵਾਲੀ ਸੀ, ਪਰ ਸੁੰਦਰ ਦਾਸ ਨੂੰ ਹਾਸਾ ਆ ਗਿਆ। ਕਹਿਣ ਲੱਗਾ,

''ਚੰਗੈ, ਉਹ ਦੌਰ ਲੰਘ ਗਿਐ। ਨਹੀਂ ਤਾਂ ਤੁਹਾਡਾ ਸਾਡਾ ਵੀ ਇਹੋ ਹਾਲ ਹੁੰਦਾ।'

ਸੁੰਦਰ ਦਾਸ ਐਵੇਂ ਚਸਕੇ ਲਾ ਰਿਹਾ ਸੀ। ਮਤਲਬ ਦੀ ਗੱਲ ਨਹੀਂ ਸੀ ਕਰ ਰਿਹਾ। ਗੁਰਦਿਆਲ ਨੇ ਉਹਨੂੰ ਆਪਣੇ ਪਾਸੇ ਲਿਆਉਣਾ ਚਾਹਿਆ, 'ਭਾਈ ਸਾਹਿਬ, ਮੈਨੂੰ ਵੀ ਰਾਹ ਵਿਖਾਓ ਨਾ ਕੋਈ। ਕੀ ਤਰਕੀਬ ਸੀ, ਜਿਹੜੀ ਤੁਹਾਨੂੰ ਸੁੱਝੀ ਸੀ?'

'ਤਰਕੀਬ ਨਹੀਂ, ਨਿਰੀਕਸ਼ਣ। ਵਿਸ਼ਲੇਸ਼ਣ। ਨਿਰਣਾ। ਵੇਖੋ, ਤੁਸੀਂ ਪਿਛਲੇ ਕਈ ਸਾਲਾਂ ਤੋਂ ਵਿਰੋਧੀ ਪਾਰਟੀਆਂ ਤੇ ਗਰੁੱਪਾਂ ਨਾਲ ਜੁੜੇ ਰਹੇ ਹੋ...'

ਗੁਰਦਿਆਲ ਤ੍ਰੱਭਕਿਆ। ਸੁੰਦਰ ਦਾਸ ਨੇ ਸਾਰੀ ਖ਼ਬਰ ਰਖੀ ਹੋਈ ਸੀ।

'...ਪਰ ਏਸ ਵੇਲੇ ਕੇਂਦਰ 'ਚ ਸਰਕਾਰ ਦੂਜੀ ਧਿਰ ਦੀ ਏ। ਰਾਸ਼ਟਰ ਪਾਰਟੀ ਹੁਕਮਰਾਨ ਏ। ਉਹ ਤੁਹਾਡੇ ਲਈ ਕੁਝ ਨਹੀਂ ਕਰੇਗੀ। ਉਹ ਤੁਹਾਨੂੰ ਕਿਸੇ ਹੋਰ ਥਾਂ ਨਹੀਂ ਲਾਵੇਗੀ। ਨਾ ਹੀ ਤੁਹਾਨੂੰ ਤੁਹਾਡੀ ਪਹਿਲੀ ਪਦਵੀ ਮੋੜੇਗੀ। ਹਾਕਮ ਪਾਰਟੀ ਕੋਲ ਦੇਣ ਨੂੰ ਕਾਫ਼ੀ ਕੁਝ ਹੁੰਦੈ। ਪਰ ਉਹਦੇ ਆਪਣੇ ਮੰਗਤਿਆਂ ਦੀ ਲਾਈਨ ਵੀ ਬੜੀ ਲੰਮੀ ਹੁੰਦੀ ਏ। ਉਹ ਹੀ ਨਹੀਂ ਭੁਗਤਦੀ। ਏਸ ਲਈ ਏਸ ਵੇਲੇ ਤੁਹਾਨੂੰ ਜੋ ਕੁਝ ਵੀ ਮਿਲ ਸਕਦੈ, ਉਹ ਵਿਰੋਧੀ ਪਾਰਟੀਆਂ ਤੋਂ ਹੀ ਮਿਲ ਸਕਦੈ। ਇਹ ਪਾਰਟੀਆਂ ਰਾਜਾਂ 'ਚ ਨੇ...'

'ਪਰ ਭਾਈ ਸਾਹਿਬ', ਗੁਰਦਿਆਲ ਵਿੱਚੋਂ ਬੋਲ ਪਿਆ, 'ਮੈਨੂੰ ਤਾਂ ਦਿੱਲੀ 'ਚ ਹੀ ਚਾਹੀਦੈ। ਮੇਰੇ ਬੱਚੇ ਏਥੇ ਨੇ।'

'ਮੈਂ ਸਮਝਨਾਂ।' ਸੁੰਦਰ ਦਾਸ ਅਟਕ ਗਿਆ। ਫੇਰ ਉਹਨੂੰ ਕੋਈ ਨਵਾਂ ਫੁਰਨਾ ਫੁਰਿਆ। ਉਹਨੇ ਕਿਸੇ ਨੂੰ ਆਵਾਜ਼ ਦਿੱਤੀ,



'ਗੋਪਾਲ !'

ਓਸੇ ਦਮ ਇਕ ਛੁਹਲਾ ਬੰਦਾ ਕਿਤੇ ਨੇੜਿਉਂ ਹੀ ਪ੍ਰਗਟ ਹੋ ਪਿਆ।

'ਜੀ ਸਾਹਿਬ?'

'ਉਹ ਜਿਹੜੀ ਰਾਜ ਸਭਾ ਦੀਆਂ ਉਪ-ਚੋਣਾਂ ਵਾਲੀ ਖ਼ਬਰ ਨਿਕਲੀ ਸੀ, ਉਹਦੀ *ਕਟਿੰਗ* ਲਿਆ।'

ਗੋਪਾਲ ਫੁਰਤੀ ਨਾਲ ਗਿਆ ਤੇ ਫੁਰਤੀ ਨਾਲ ਹੀ ਵਾਪਸ ਆ ਗਿਆ। ਉਹਦੇ ਹੱਥ ਇਕ ਛੋਟੀ ਜਿਹੀ ਅਖ਼ਬਾਰੀ ਕਾਤਰ ਸੀ। ਸੁੰਦਰ ਦਾਸ ਨੇ ਪੜ੍ਹੀ ਤੇ ਬੋਲਿਆ,

'ਭਾਈ ਸਾਹਿਬ, ਮਈ 'ਚ ਰਾਜ ਸਭਾ ਦੀਆਂ ਛਪੰਜਾ ਸੀਟਾਂ ਦੀਆਂ ਚੋਣਾਂ ਹੋਣੀਆਂ ਨੇ। ਇਹਨਾਂ 'ਚੋਂ ਇਕ 'ਤੇ ਤੁਹਾਡਾ ਵੀ ਦਾਅ ਲਗ ਸਕਦੈ। ਰਾਜ ਸਭਾ ਦੀ ਮੈਂਬਰੀ ਦੀ ਇਕ ਗੱਲ ਬੜੀ ਚੰਗੀ ਏ। ਉਹ ਛੇ ਸਾਲ ਰਹਿੰਦੀ ਏ। ਜੇ ਤੁਸੀਂ ਰਾਜ ਸਭਾ ਦੇ ਮੈਂਬਰ ਬਣ ਗਏ, ਇਹ ਕੋਠੀ ਤੁਹਾਡੇ ਨਾਂ ਲਗ ਜਾਏਗੀ। ਫੇਰ ਛੇ ਸਾਲ ਤੁਹਾਨੂੰ ਏਥੋਂ ਕੋਈ ਹਿਲਾ ਨਹੀਂ ਸਕੇਗਾ। ਉਸ ਤੋਂ ਬਾਅਦ ਦੀ ਫੇਰ ਵੇਖ ਲਾਂਗੇ।'

'ਗੱਲ ਤਾ ਠੀਕ ਏ, ਪਰ ਮੈਨੂੰ ਰਾਜ ਸਭਾ ਦਾ ਮੈਂਬਰ ਬਣਾਏਗਾ ਕੌਣ?'

'ਇਹ ਵੀ ਦਸਦਾਂ ਤੁਹਾਨੂੰ। ਵੇਖੋ, ਜਿਹੜੀਆਂ ਤਾਂ ਵੱਡੀਆਂ ਪਾਰਟੀਆਂ ਨੇ, ਮੁਖ-ਧਾਰਾ ਪਾਰਟੀਆਂ, ਉਹਨਾਂ 'ਚ ਤਾਂ ਗੁੰਜਾਇਸ਼ ਕੋਈ ਨਹੀਂ ਜੇ। ਉਹਨਾਂ ਦੇ ਦਰਾਂ 'ਤੇ ਸਵਾਲੀ ਪਹਿਲੋਂ ਹੀ ਭੀੜ ਪਾਈ ਬੈਠੇ ਨੇ। ਜਿਹੜੇ ਤੁਸੀਂ ਟੀ-ਵੀ ਚੈਨਲਾਂ ਤੇ ਪਾਰਟੀਆਂ ਦੇ ਸਪੋਕਸਮੈਨ ਵੇਖਦੇ ਹੋ ਨਾ, ਇਹਨਾਂ ਨੂੰ ਵੀ ਝਾਕ ਏ। ਤੁਹਾਨੂੰ ਰਾਜ ਸਭਾ 'ਚ ਕੋਈ ਇਲਾਕਾਈ ਪਾਰਟੀ ਹੀ ਘੱਲ ਸਕਦੀ ਏ। ਝਾਰਖੰਡ 'ਚ ਪੈਸਾ ਲਗਦੈ। ਉਹ ਤੁਹਾਡੇ ਕੋਲ ਹੈ ਨਹੀਂ। ਬੰਗਾਲ ਵਾਲੀ ਬੀਬੀ ਤੁਹਾਨੂੰ ਨੇੜੇ ਨਹੀਂ ਲੱਗਣ ਦੇਵੇਗੀ। ਉੜੀਸਾ ਵਾਲਾ ਬਾਬੂ ਵੀ ਠੁੱਠ ਹੀ ਵਿਖਾਏਗਾ। ਦੱਖਣ ਵਾਲੇ ਵੀ ਦਵਾਲ ਨਹੀਂ ਹੋਣ ਲੱਗੇ। ਤੁਹਾਨੂੰ ਜੇ ਕੋਈ ਸੀਟ ਦੇ ਸਕਦੈ, ਤਾਂ ਉਹ ਹੈ ਪੰਜਾਬ ਜਾਂ ਹਰਿਆਣਾ। ਪੰਜਾਬ 'ਚ ਸੀਟ ਹੀ ਕੋਈ ਨਹੀਂ। ਹਰਿਆਣੇ 'ਚ ਦੋ ਸੀਟਾਂ ਨੇ। ਬਸ ਥਾਂ ਇਹੋ ਹੀ ਸਮਝੋ। ਓਥੇ ਜਾ ਕੇ ਚੌਧਰੀ ਚੰਦਰ ਮਲ ਦੇ ਚਰਨ ਫੜ ਲਵੋ।'

ਚੌਧਰੀ ਚੰਦਰ ਮਲ ਹਰਿਆਣਾ ਦਾ ਮੁੱਖ ਮੰਤਰੀ ਸੀ। ਵਿਰੋਧੀ ਦਲ ਦਾ ਹੀ ਸੀ।

'ਮੇਰੀ ਗੱਲ ਮੰਨਣਗੇ ਉਹ?'

ਗੁਰਦਿਆਲ ਨੂੰ ਸ਼ੱਕ ਸੀ।

'ਸਿੰਘ ਸਾਹਿਬ, ਉਹ ਤੁਹਾਡਾ ਪੁਰਾਣਾ ਮਿਹਰਬਾਨ ਏ। ਤੁਹਾਡੀ ਇਹ ਪਦਵੀ ਵੀ ਉਹਦੀ ਹੀ ਦਵਾਈ ਹੋਈ ਸੀ। ਤੁਹਾਨੂੰ ਐਵੇਂ ਹੀ ਨਹੀਂ ਛਿਣਕ ਸਕਦਾ। ਬਸ ਜਾ ਵੱਜੋ ਉਹਦੇ ਦਰਬਾਰ 'ਚ।'

ਗੁਰਦਿਆਲ ਕੁਝ ਸੋਚਣ ਲੱਗਾ।

'ਬਹੁਤੀਆਂ ਸੋਚਾਂ ਨਾ ਸੋਚੋ', ਸੁੰਦਰ ਦਾਸ ਨੇ ਤਾਕੀਦ ਕੀਤੀ। 'ਛੇਤੀ ਨਾਲ ਪਹੁੰਚ ਜਾਓ। ਏਸ ਤੋਂ ਪਹਿਲਾ ਕਿ ਕੋਈ ਹੋਰ ਪਹੁੰਚ ਜਾਏ। ਇਹੋ ਜਿਹੇ ਮੌਕਿਆਂ ਲਈ ਲੋਕ ਪਹਿਲੋਂ ਹੀ ਸ਼ਹਿ ਲਾ ਕੇ ਬੈਠੇ ਹੁੰਦੇ ਜੇ।'

'ਚਲੋ ਕਰ ਵੇਖਨਾਂ ਕੋਸ਼ਿਸ਼' ਗੁਰਦਿਆਲ ਢਿੱਲਾ ਜਿਹਾ ਬੋਲਿਆ।

'ਸਿੰਘ ਸਾਹਿਬ, ਢਿੱਲ ਨਾ ਕਰੋ। ਹੁਣ ਹੀ ਜਾਓ। ਭਾਵੇਂ ਚਾਹ ਵਿੱਚੇ ਹੀ ਛੱਡ ਜਾਓ। ਅਲਕਾ ਦੇ ਹੱਥ ਦੀ ਬਣੀ ਹੋਈ। ਤਿਆਰੀ ਕਰੋ ਜਾ ਕੇ। ਅੱਜੋ ਹੀ ਨਿਕਲ ਜਾਓ। ਦਿਨ ਪਹਿਰ ਨਾ ਵੇਖੋ।'

ਗੁਰਦਿਆਲ ਨੂੰ ਕੁਝ-ਕੁਝ ਵਿਸ਼ਵਾਸ ਹੋਇਆ। ਉਹ ਉੱਠਣ ਲੱਗਾ। ਉਹਨੇ ਅਲਕਾ ਵਲ ਵੇਖਿਆ। ਉਹਦੀਆਂ ਅੱਖਾਂ ਖੁਸ਼ਕ ਸਨ। ਮਿੰਨ੍ਹਾ-ਮਿੰਨ੍ਹਾ ਮੁਸਕਰਾ ਰਹੀ ਸੀ। ਬੇ-ਧਿਆਨੀ ਨਾਲ ਚਾਹ ਚੁਸਕ ਰਹੀ ਸੀ। ਉਹਦਾ ਜੀਅ ਕੀਤਾ, ਸੁੰਦਰ ਦਾਸ ਦੀ ਵਡਿਆਈ ਕਰਦਾ ਜਾਵੇ। ਉਹਨੇ ਪੁਛਿਆ,

'ਭਾਈ ਸਾਹਿਬ, ਮੈਂ ਤੁਹਾਨੂੰ ਆਪਣਾ ਗੁਰੂ ਧਾਰ ਲਵਾਂ?'

ਸੁੰਦਰ ਦਾਸ ਜ਼ੋਰ ਦੀ ਹੱਸਿਆ ਤੇ ਵਰਜਣ ਲੱਗਾ,

'ਸਿੰਘ ਸਾਹਿਬ, ਐਸੀ ਗ਼ਲਤੀ ਨਾ ਕਰਨਾ। ਮੈਨੂੰ ਬੜੀਆਂ ਭੈੜੀਆਂ-ਭੈੜੀਆਂ ਆਦਤਾਂ ਜੇ। ਐਵੇਂ ਤੁਹਾਨੂੰ ਵੀ ਪੈ ਜਾਣਗੀਆਂ। ਨਾਲੇ, ਅਜੇ ਮੈਂ ਆਪ ਵੀ ਸ਼ਿਸ਼ ਹਾਂ। ਬੜਿਆਂ ਤੋਂ ਸਿੱਖ ਰਿਹਾਂ। ਅਲਕਾ ਤੋਂ ਵੀ।'

ਅਲਕਾ ਮਾੜਾ ਜਿਹਾ ਹੱਸੀ ਤੇ ਉਹਦੀ ਗੱਲ੍ਹ 'ਚ ਟਿੱਬ ਪੈ ਗਿਆ। ਗੁਰਦਿਆਲ ਨੂੰ ਬੜਾ ਚੰਗਾ ਲੱਗਾ।

ਉਹ ਸੁੰਦਰ ਦਾਸ ਦੀ ਕੋਠੀਉਂ ਨਿਕਲਿਆ। ਉਹਨੂੰ ਸੁੰਦਰ ਦਾਸ 'ਤੇ ਫੇਰ ਰੀਸ ਆ ਰਹੀ ਸੀ। ਉਹਦਾ ਧਿਆਨ ਅਜੇ ਪਿੱਛੇ ਹੀ ਸੀ। ਕਿੱਡੀ ਆਦਰਸ਼ਕ ਅਵੱਸਥਾ ਸੀ ਉਹਦੀ। ਧੰਨ ਦੌਲਤ ਸੀ। ਜਾਇਦਾਦਾਂ ਸਨ। ਸਰਕਾਰੇ-ਦਰਬਾਰੇ ਰਸੂਖ਼ ਸੀ। ਪਦਵੀਆਂ ਸਨ। ਵਹੁਟੀ ਪੇਕੇ ਸੀ, ਪਰ ਏਥੇ ਅਲਕਾ ਜਿਹੀ ਸੁੰਦਰੀ ਦੀ ਸੁਹਬਤ ਸੀ। ਕੋਈ ਫ਼ਿਕਰ ਫ਼ਾਕਾ ਨਹੀਂ ਸੀ। ਮੌਜਾਂ ਹੀ ਮੌਜਾਂ ਸਨ।

ਆਪਣੀ ਕੋਠੀ 'ਚ ਪੈਰ ਪਾਉਂਦਿਆਂ ਹੀ ਗੁਰਦਿਆਲ ਨੇ ਆਪਣੇ ਆਪ ਨਾਲ ਪੱਕ ਕੀਤਾ,

'ਸੁੰਦਰ ਦਾਸ ਮੈਨੂੰ ਆਪਣਾ ਸ਼ਿਸ਼ ਮੰਨੇ ਨਾ ਮੰਨੇ, ਮੈਂ ਉਹਨੂੰ ਆਪਣਾ ਗੁਰੂ ਮੰਨਾਂਗਾ।'

# ਭਵਨ

ਗੁਰਦੀਪ ਉਡੀਕ ਰਹੀ ਸੀ। ਬਰਾਂਡੇ 'ਚ ਬੈਠੀ ਦੀਆਂ ਨਜ਼ਰਾਂ ਫਾਟਕ 'ਤੇ ਸਨ। ਪਤੀ ਨੂੰ ਅੰਦਰ ਵੜਦਿਆਂ ਵੇਖ ਉਹਨੂੰ ਉਹ ਅੱਗੋਂ ਆ ਮਿਲੀ।

ਗੁਰਦਿਆਲ ਨੇ ਉਹਨੂੰ ਸਭ ਕੁਝ ਦਸਿਆ। ਅੰਤ ਤੱਤ ਕਢਿਆ,

'ਦੀਪੋ, ਇਹ ਲੋਕ ਭਾਗਾਂ ਵਾਲੇ ਨੇ। ਸੁੰਦਰ ਦਾਸ ਹੈ ਤਾਂ ਸਾਡੇ ਵਰਗਾ ਈ ਏ, ਪਰ ਹੈ ਬੜਾ ਕਾਮਯਾਬ। ਸਭ ਕੁਝ ਹੈ ਉਹਦੇ ਕੋਲ। ਸਭ ਕੁਝ ਉਹਦੇ ਆਪਣੇ ਵੱਸ ਏ। ਚਾਹੇ ਤਾਂ ਕੇਂਦਰ 'ਚ ਮੰਤਰੀ ਬਣ ਜਾਏ। ਪਰ ਉਹ ਬਣਨਾ ਨਹੀਂ ਚਾਹੁੰਦਾ। ਹੋਰਨਾਂ ਨੂੰ ਬਣਾਣਾ ਚਾਹੁੰਦੈ। ਉਹਨਾਂ 'ਚੋਂ ਏ, ਜਿਹੜੇ ਤਖ਼ਤ 'ਤੇ ਆਪ ਨਹੀਂ ਬਹਿੰਦੇ, ਦੂਜਿਆਂ ਨੂੰ ਬਿਠਾਂਦੇ ਨੇ। ਸਿਆਣੇ ਨੇ। ਬਿਠਾਣ ਵਾਲਿਆਂ ਦੀ ਸੋਭਾ ਹੁੰਦੀ ਏ ਤੇ ਬੈਠਣ ਵਾਲਿਆਂ ਦੀ ਸ਼ਾਨ-ਸ਼ੌਕਤ, ਪਰ ਜੁੱਤੀਆਂ ਸਿਰਫ਼ ਬੈਠਣ ਵਾਲਿਆਂ ਨੂੰ ਪੈਂਦੀਆਂ ਨੇ। ਸੁੰਦਰ ਦਾਸ ਵਰਗੇ ਬੰਦੇ ਤਖ਼ਤ ਦੇ ਸਾਰੇ ਮਜ਼ੇ ਤਾਂ ਲੈ ਲੈਂਦੇ ਨੇ, ਪਰ ਛਿੱਤਰਾਂ ਤੋਂ ਬਚੇ ਰਹਿੰਦੇ ਨੇ।'

'ਚਲੋ ਸਾਨੂੰ ਕੀ। ਆਪੋ ਆਪਣੀ ਕਿਸਮਤ ਏ', ਸਧਰਾ ਗਈ ਪਤਨੀ ਨੇ ਪਤੀ ਦਾ ਝੋਰਾ ਘਟਾਉਣਾ ਚਾਹਿਆ। 'ਕੋਈ ਸਲਾਹ-ਮੱਤ ਦਿੱਤੀ ਸੂ ਕਿ ਨਹੀਂ?'

'ਦਿੱਤੀ ਸੂ। ਦਸਨਾਂ ਤੈਨੂੰ। ਸੋਚ-ਸਮਝ ਕੇ ਦਿੱਤੀ ਸੂ। ਮਾੜੀ-ਮੋਟੀ ਮਦਦ ਵੀ ਕਰ ਦੇਗਾ, ਜੇ ਲੋੜ ਪਈ ਤਾਂ। ਲਗਦੈ ਭਲੈ, ਪਰ ਖਚਰਾ ਬੜੈ।'

'ਸਾਨੂੰ ਕੀ। ਸਾਡਾ ਕੰਮ ਕਰਾ ਦੇ। ਖਚਰਾ ਭਾਵੇਂ ਹੋਰ ਹੋ ਜਾਏ।'

ਗੁਰਦਿਆਲ ਦੀਆਂ ਨਜ਼ਰਾਂ 'ਚੋਂ ਅਜੇ ਸੁੰਦਰ ਦਾਸ ਦੇ ਘਰ ਦਾ ਦ੍ਰਿੱਸ਼ ਅਲੋਪ ਨਹੀਂ ਸੀ ਹੋਇਆ। ਉਹ ਅਲਕਾ ਦੀ ਗੱਲ੍ਹ ਛੋਹਣ ਲਗਾ, ਪਰ ਕੁਝ ਸੋਚ ਕੇ ਰੁਕ ਗਿਆ। ਅਖ਼ੀਰ ਉਸ ਤੋਂ ਰਿਹਾ ਨਾ ਗਿਆ। ਉਹ ਕਹਿ ਉਠਿਆ,

'ਦੀਪੋ, ਸੁੰਦਰ ਦਾਸ ਨੇ ਕੋਲ ਉਹ ਕੰਨੜ੍ਹ ਐਕਟ੍ਰੈਸ ਬਿਠਾਈ ਹੋਈ ਸੀ, ਅਲਕਾ ਮੂਰੂਗੱਪਾ। ਸੁਹਣੀ ਏ। ਨਖ਼ਰੇਲੋ। ਗੱਲ੍ਹ 'ਚ ਟਿੱਬ ਪੈਂਦਾ ਸੂ। ਵਹੁਟੀ ਪੇਕੇ ਘੱਲੀ ਹੋਈ ਏ ਸੁੰਦਰ ਦਾਸ ਨੇ। ਮਜ਼ੇ ਨਾਲ ਬੈਠੇ ਸਨ...'

'ਅਲਕਾ ਮੂਰੂ...? ਪਤਾ ਏ ਮੈਨੂੰ ਉਹਦਾ', ਪਤਨੀ ਦੇ ਚੇਤੇ 'ਚ ਕੋਈ ਸੂਰਤ ਉਘੜ ਪਈ। 'ਉਹਨੇ ਹਿੰਦੀ ਫ਼ਿਲਮਾਂ 'ਚ ਵੀ ਕੰਮ ਕੀਤੈ। ਅਸੀਂ ਉਹਦੀ ਇਕ ਫ਼ਿਲਮ ਵੀ ਵੇਖੀ ਹੋਈ ਏ। ਉਹਦੇ 'ਚ ਉਹ ਗੂੰਗੀ ਬਣੀ ਸੀ।

ਫ਼ਿਲਮ ਦੇ ਅਖ਼ੀਰ ਤਕ ਉਹ ਠੀਕ ਹੋ ਗਈ ਸੀ। ਉਹਨੇ ਬੜਾ ਸੁਰੀਲਾ ਗਾਣਾ ਗਾ ਕੇ ਵਿਖਾਇਆ ਸੀ। ਸੁਹਣੀ ਬੜੀ ਸੀ।'

'ਸੁਹਣੀ ਤਾਂ ਉਹ ਹੁਣ ਵੀ ਬੜੀ ਏ। ਜਜ਼ਬਾਤੀ ਜਿਹੀ ਏ। ਕਦੀ ਹੱਸਦੀ ਏ, ਕਦੀ ਰੋਂਦੀ ਏ। ਮੈਨੂੰ ਉਹਨੇ ਚਾਹ ਬਣਾ ਕੇ ਪਿਆਈ।'

'ਕੀ!? ਚਾਹ ਤਾਂ ਤੁਸੀਂ ਘਰੋਂ ਪੀ ਕੇ ਗਏ ਸਾਓ?'

'ਕੀ ਕਰਦਾ। ਸੁੰਦਰ ਦਾਸ ਪਿੱਛੇ ਪੈ ਗਿਆ। ਕਵ੍ਹੇ, ਪਹਿਲੀ ਵਾਰੀ ਸਾਡੇ ਘਰ ਆਏ ਹੋ। ਸੁੱਚੇ ਮੂੰਹ ਨਹੀਂ ਜਾਣ ਦੇਣਾ। ਪੜੋਸੀ ਹੋ। ਖ਼ਾਤਰਦਾਰੀ ਸਾਰੀ ਅਲਕਾ ਨੇ ਕੀਤੀ। ਜਿਵੇਂ ਉਹਦੀ ਘਰੋਂ ਹੋਵੇ। ਉੱਕਾ ਸ਼ਰਮ ਨਹੀਂ ਸੀ ਕਰ ਰਹੀ। ਸੁੰਦਰ ਦਾਸ ਵੀ ਮਸਤ ਸੀ। ਝੇਂਪ ਨਹੀਂ ਸੀ ਰਿਹਾ। ਮੇਰੇ ਨਾਲ ਸਾਰੀ ਗੱਲ ਉਹਨੇ ਅਲਕਾ ਸਾਹਮਣੇ ਹੀ ਕੀਤੀ।'

'ਇਹ ਪੋਲੀਟੀਸ਼ਨ ਨਹੀਂ ਝੇਂਪਦੇ', ਪਤਨੀ ਨੇ ਕਿਤੇ ਪੜ੍ਹਿਆ-ਸੁਣਿਆ ਦੁਹਰਾ ਦਿਤਾ। 'ਸ਼ਰਮ ਘਟ ਹੀ ਆਉਂਦੀ ਨੇ। ਮੈਂ ਤਾਂ ਸਦਾ ਸੱਚੇ ਪਾਦਸ਼ਾਹ ਅੱਗੇ ਅਰਦਾਸ ਕਰਦੀ ਹਾਂ ਕਿ ਸਾਡੇ ਸਰਦਾਰ-ਜੀ ਨੂੰ ਪੋਲੇਟਿਕਸ 'ਚ ਏਨਾ ਸਫ਼ਲ ਨਾ ਬਣਾਨਾ ਕਿ ਉਹ ਆਪਣਾ ਰਾਹ ਹੀ ਭੁੱਲ ਜਾਣ।'

ਗੁਰਦਿਆਲ ਦਾ ਹਾਸਾ ਨਿਕਲ ਪਿਆ।

'ਦੀਪਾਂ, ਐਵੇਂ ਨਾ ਡਰ ਪਈ। ਜੇ ਮੈਨੂੰ ਪੋਲੇਟਿਕਸ 'ਚ ਸਫ਼ਲਤਾ ਨਹੀਂ ਮਿਲੀ ਤਾਂ ਇਹ ਤੇਰੀਆਂ ਅਰਦਾਸਾਂ ਕਰਕੇ ਨਹੀਂ। ਅਸਲ ਵਜ੍ਹਾ ਇਹ ਏ ਕਿ ਮੈਂ ਘਰੋਂ ਏਨਾ ਸੌਖਾ ਨਹੀਂ ਸਾਂ। ਮਿਡਲ ਕਲਾਸ ਮਾਪਿਆਂ ਦਾ ਜਾਇਆ ਸਾਂ। ਸਾਰੀ ਉਮਰ ਕਿਰਸ ਹੀ ਵੇਖੀ। ਮਾਪੇ ਮੇਰੇ ਹਮੇਸ਼ਾ ਬਚਤਾਂ ਕਰਦੇ ਰਹੇ। ਫੇਰ ਵੀ ਮੇਰੇ ਲਈ ਇਕ ਦੋ ਸੌ ਗਜ਼ ਦਾ ਮਕਾਨ ਹੀ ਛੱਡ ਸਕੇ। ਮੈਨੂੰ ਸਭ ਕੁਝ ਜ਼ੀਰੋ ਤੋਂ ਸ਼ੁਰੂ ਕਰਨਾ ਪਿਐ। ਸੁੰਦਰ ਦਾਸ ਨੇ ਤਾਂ ਸਾਰੀ ਉਮਰ ਦੌਲਤ ਵੇਖੀ ਏ। ਜਿਸ ਸੈੱਟ 'ਚ ਮੈਨੂੰ ਉਹਨੇ ਚਾਹ ਪਿਆਈ, ਚਾਂਦੀ ਦਾ ਸੀ। ਕਿਸੇ ਵੇਲੇ ਉਹਦਾ ਦਾਦਾ ਵਲਾਇਤੋਂ ਲਿਆਇਆ ਸੀ। ਜੇ ਸਿਆਸੀ ਬੰਦਾ ਮਾਲਦਾਰ ਹੋਵੇ, ਉਹਦੀ ਸਫਲਤਾ ਸੌਖੀ ਹੋ ਜਾਂਦੀ ਏ। ਸੁੰਦਰ ਦਾਸ ਨੇ ਆਪ ਵੀ ਬੜਾ ਪੈਸਾ ਬਣਾਇਐ...'

'ਤੁਸੀਂ ਕਿਉਂ ਨਾ ਬਣਾਇਆ ਪੈਸਾ?'

'ਮੈਂ ਧਰਮ-ਪੁੱਤਰ ਯੁਧਿਸ਼ਟਰ ਤਾਂ ਹੈ ਨਹੀਂ। ਮੌਕਾ ਹੀ ਨਹੀਂ ਮਿਲਿਆ। ਜਿਨ੍ਹਾਂ ਥਾਵਾਂ 'ਤੇ ਲੱਗਾ ਰਿਹਾ, ਓਥੇ ਪੈਸਾ ਬਣਾਣ ਦੀ ਗੁੰਜਾਇਸ਼ ਹੀ ਨਹੀਂ ਸੀ। ਕੋਲ ਪੈਸਾ ਹੋਣਾ ਜ਼ਰੂਰੀ ਏ। ਜੇ ਹੋਵੇ, ਤਾਂ ਸਾਰੇ ਕੰਮ ਸੌਖੇ ਹੋ ਜਾਂਦੇ ਨੇ।'

'ਚਲੋ, ਕਦੀ ਸਾਡੇ ਕੋਲ ਵੀ ਪੈਸਾ ਹੋਵੇਗਾ। ਤੁਸੀਂ ਕਿਸੇ ਚੰਗੇ ਬੰਦੇ ਦਾ ਲੜ ਫੜ ਲਵੋ।'

'ਯਾਰ, ਕੋਈ ਫੜਨ ਤਾਂ ਦੇਵੇ। ਮੈਂ ਤਾਂ ਤਿਆਰ ਹਾਂ ਫੜਨ ਨੂੰ।'



ਪਤਨੀ ਚੁਪ ਹੋ ਗਈ।

ਗੁਰਦਿਆਲ ਨੂੰ ਅਚਾਣਕ ਕੋਈ ਸੋਚ ਆਈ। ਉਹਦੇ ਮੱਥੇ ਵੱਟ ਪੈ ਗਿਆ। ਉਹਨੇ ਪਤਨੀ ਨੂੰ ਖ਼ਬਰਦਾਰ ਕੀਤਾ,

'ਦੀਪਾਂ, ਅਜੇ ਬੱਚਿਆਂ ਨੂੰ ਕੁਝ ਨਹੀਂ ਦੱਸਣਾ। ਐਵੇਂ ਫ਼ਿਕਰ ਕਰਨਗੇ।'

'ਨਹੀਂ ਦੱਸਾਂਗੀ, ਪਰ ਅਖ਼ੀਰ ਉਹਨਾਂ ਨੂੰ ਪਤਾ ਲਗ ਹੀ ਜਾਣੈਂ। ਨੋਟਿਸ ਕਦੀ ਉਹਨਾਂ ਦੇ ਹੱਥ ਆ ਹੀ ਜਾਏਗਾ।'

'ਨਹੀਂ ਆਏਗਾ। ਨੋਟਿਸ ਮੈਂ ਪਾੜ ਦਿੱਤੈ। ਓਥੇ ਸੁੰਦਰ ਦਾਸ ਦੇ ਘਰ ਹੀ ਰੱਦੀ ਦੀ ਟੋਕਰੀ 'ਚ ਸੁੱਟ ਦਿਤਾ।'

'ਚਾਹੀਦਾ ਨਹੀਂ ਸੀ ਤੁਹਾਨੂੰ ਉਹ?'

'ਮੈਂ ਸਿਰ ਮਾਰਨੈਂ। ਸੁੰਦਰ ਦਾਸ ਕਹਿਣ ਲੱਗਾ, ਪਾੜ ਕੇ ਸੁੱਟੋ ਇਹਨੂੰ। ਮੈਂ ਪਾੜ ਕੇ ਸੁੱਟ ਦਿੱਤਾ।'

'ਵੇਖੋ ਜੀ, ਤੁਸੀਂ ਹੁਣ ਇਹ ਸਭ ਕੁਝ ਛੱਡੋ,' ਪਤਨੀ ਨੇ ਸਾਵਧਾਨ ਕੀਤਾ। 'ਇਹ ਸਭ ਕੁਝ ਹੁੰਦਾ ਰਹੇਗਾ। ਪਹਿਲੋਂ ਫ਼ੋਨ ਕਰੋ ਚੌਧਰੀ ਨੂੰ। ਵਕਤ ਲਵੋ ਉਹਦੇ ਤੋਂ। ਤੁਹਾਡੇ ਤੋਂ ਪਹਿਲਾਂ ਕੋਈ ਹੋਰ ਨਾ ਪਹੁੰਚ ਜਾਏ ਓਥੇ।'

'ਹਾਂ ਸੱਚੀ।' ਗੁਰਦਿਆਲ ਤ੍ਰੱਭਕ ਪਿਆ।

ਉਹਨੇ ਜੇਬ 'ਚੋਂ ਫ਼ੋਨ ਕਢਿਆ ਤੇ ਚੰਡੀਗੜ੍ਹ ਚੌਧਰੀ ਦੇ ਪੀ. ਏ. ਦਾ ਨੰਬਰ ਮਿਲਾਇਆ। ਉਹ ਉਹਦਾ ਚੰਗਾ ਜਾਣੂ ਸੀ।

'ਜਗਨ ਨਾਥ! ਯਾਰ, ਕਲ੍ਹ ਚੌਧਰੀ ਸਾਹਿਬ ਨਾਲ ਮੇਰਾ ਟਾਈਮ ਰੱਖ ਦੇ। ਬਹੁਤ ਜ਼ਰੂਰੀ ਕੰਮ ਏ। ਦੁਪਹਿਰੋਂ ਬਾਅਦ ਰੱਖੀਂ। ਮੈਂ ਏਥੋਂ ਸਵੇਰੇ ਚੱਲਾਂਗਾ।'

'ਸਰਦਾਰ-ਜੀ, ਏਥੇ ਆਉਣ ਦੀ ਲੋੜ ਨਹੀਂ", ਜਗਨ ਨਾਥ ਬੋਲਿਆ। 'ਚੌਧਰੀ ਸਾਹਿਬ ਕਲ੍ਹ ਆਪ ਹੀ ਦਿੱਲੀ ਆ ਰਹੇ ਨੇ।'

'ਹੱਛਾ!...'

'ਸਵੇਰੇ ਦਸ ਵਜੇ ਤਕ ਪਹੁੰਚ ਜਾਣਗੇ। ਭਵਨ 'ਚ ਠਹਿਰਨਗੇ। ਆਪਣੀ ਮੰਜ਼ਿਲ 'ਤੇ।'

'ਯਾਰ, ਓਥੇ ਤਾਂ ਬੜਾ ਭੀੜ-ਭੜੱਕਾ ਹੋਏਗਾ।'

'ਭੀੜ-ਭੜੱਕਾ ਤਾਂ ਹਰ ਥਾਂ ਹੁੰਦੈ ਜੀ। ਤੁਹਾਨੂੰ ਤਾਂ ਉਹ ਮਿਲਣਗੇ ਹੀ। ਮੈਂ ਤੁਹਾਡੀ ਮੀਟਿੰਗ ਰੱਖ ਦੇਨਾਂ। ਦੁਪਹਿਰੋਂ ਬਾਅਦ।'

'ਨਹੀਂ ਯਾਰ, ਸਵੇਰੇ ਰੱਖ ਦੇ। ਦਸ ਗਿਆਰਾਂ ਵਜੇ ਨਾਲ।'

'ਓਦੋਂ ਚੌਧਰੀ ਸਾਹਿਬ ਗਏ ਹੋਣਗੇ। ਉਹਨਾਂ ਦੀ ਪੇਂਡੂ ਵਿਕਾਸ ਮੰਤਰੀ ਨਾਲ ਮੀਟਿੰਗ ਏ। ਕੋਈ ਗਰਾਂਟ ਫਸੀ ਹੋਈ ਏ।'

'ਚਲ ਫੇਰ ਦੋ ਵਜੇ ਰੱਖ ਦੇ। ਜ਼ਰੂਰ। ਕੰਮ ਬੜਾ ਇਹੋ ਜਿਹਾ।'

'ਸਰਦਾਰ ਜੀ, ਫ਼ਿਕਰ ਨਾ ਕਰੋ। ਤੁਸੀਂ ਪਹੁੰਚ ਜਾਣਾ ਓਸ ਵੇਲੇ,' ਜਗਨ ਨਾਥ ਨੇ ਯਕੀਨ ਦਵਾ ਦਿਤਾ।

#

ਭਵਨ ਵਾਲੀ ਸੜਕ 'ਤੇ ਪੈਂਦਿਆਂ ਹੀ ਖੁੜਕ ਜਾਂਦੀ ਸੀ ਕਿ ਓਥੋਂ ਅੱਜ ਕੋਈ ਅਲੋਕਾਰ ਸਵਾਰੀ ਲੰਘਣੀ ਸੀ। ਥਾਂ-ਥਾਂ ਟ੍ਰੈਫ਼ਿਕ ਪੁਲਸ ਖੜੀ ਸੀ। ਗੱਡੀਆਂ ਨੂੰ ਸੇਧੇ ਪਾ ਰਹੀ ਸੀ। ਭਵਨ ਦੇ ਨੇੜੇ ਹਥਿਆਰਬੰਦ ਪੁਲਸ ਦੀਆਂ ਟੁਕੜੀਆਂ ਸਨ। ਭਵਨ ਦਾ ਫਾਟਕ, ਜਿਹੜਾ ਹਰ ਵੇਲੇ ਪੂਰਾ ਜਾਂ ਅੱਧਾ ਖੁੱਲ੍ਹਾ ਰਹਿੰਦਾ ਸੀ, ਪੂਰਾ ਬੰਦ ਸੀ। ਉਹਦੇ ਆਰ-ਪਾਰ ਪੁਲਸ ਸੀ। ਗੁਰਦਿਆਲ ਜਿਵੇਂ ਕਿਵੇਂ ਉਥੋਂ ਤਕ ਪਹੁੰਚ ਗਿਆ। ਉਹਨੇ ਅੰਦਰ ਨਜ਼ਰ ਮਾਰੀ। ਓਥੇ ਵੀ ਪੁਲਸ ਦੀਆਂ ਧਾੜਾਂ ਸਨ। ਭਵਨ ਛੋਟੀ-ਮੋਟੀ ਛਾਉਣੀ ਬਣਿਆ ਹੋਇਆ ਸੀ।

ਉਹਨੂੰ ਗਾਰਡ-ਹਾਊਸ 'ਚ ਲਿਜਾਇਆ ਗਿਆ। ਉਹਦਾ ਨਾਂ ਓਸ ਸੂਚੀ 'ਚੋਂ ਲੱਭਿਆ ਗਿਆ, ਜਿਹੜੀ ਓਥੇ ਰੱਖੀ ਪਈ ਸੀ। ਨਾਂ ਉਹਦਾ ਲੱਭ ਪਿਆ। ਜਗਨ ਨਾਥ ਨੇ ਘੌਲ ਨਹੀਂ ਸੀ ਕੀਤੀ। ਮੁਲਾਕਾਤ ਢਾਈ ਵਜੇ ਸੀ। ਅਜੇ ਅੱਧਾ ਘੰਟਾ ਰਹਿੰਦਾ ਸੀ। ਉਹਨੂੰ ਰੀਸੈਪਸ਼ਨ ਲਿਜਾਇਆ ਗਿਆ। ਓਥੇ ਵੀ ਖ਼ਾਕੀ ਵਰਦੀ ਦਾ ਦੌਰ-ਦੌਰਾ ਸੀ। ਹੋਰ ਮੁਲਾਕਾਤੀ ਵੀ ਬੈਠੇ ਸਨ। ਕੁਝ ਲੋਕ ਐਵੇਂ ਹੀ ਭੱਜੇ ਫਿਰਦੇ ਸਨ। ਲਿਫ਼ਟਾਂ ਵਾਲੀ ਥਾਂ ਸਖ਼ਤ ਪਹਿਰਾ ਸੀ। ਹਰ ਉਪਰ ਜਾਣ ਵਾਲੇ ਨਾਲ ਸਿਪਾਹੀ ਜਾਂਦਾ ਸੀ। ਹੇਠ ਆਉਣ ਵਾਲੇ ਦਾ ਵੀ ਇਹੋ ਹਾਲ ਸੀ।

ਗੁਰਦਿਆਲ ਨੂੰ ਸੱਦਾ ਚਾਰ ਵਜੇ ਪਿਆ। ਇਕ ਸਿਪਾਹੀ ਉਹਨੂੰ ਸਭ ਤੋਂ ਉਪਰਲੀ ਮੰਜ਼ਿਲ 'ਤੇ ਲੈ ਗਿਆ।

ਜਿਸ ਕਮਰੇ 'ਚ ਚੌਧਰੀ ਬੈਠਾ ਸੀ, ਉਹ ਲਿਫ਼ਟ ਤੋਂ ਕਾਫ਼ੀ ਦੂਰ ਸੀ। ਉਹਦਾ ਪਤਾ ਉਹਦੇ ਬਾਹਰ ਖੜੇ ਸਿਪਾਹੀਆਂ ਤੋਂ ਲੱਗਦਾ ਸੀ। ਜਿਵੇਂ ਹੀ ਗੁਰਦਿਆਲ ਨੂੰ ਅੰਦਰ ਵਾੜਿਆ ਗਿਆ, ਚੌਧਰੀ ਨੇ ਖੁਸ਼-ਖ਼ਲਕੀ ਨਾਲ ਉਹਦਾ ਸੁਆਗਤ ਕੀਤਾ।

'ਆ ਭਾਈ ਗੁਰਦਿਆਲ ਸਿੰਘ। ਮੁਆਫ਼ ਕਰੀਂ, ਤੈਨੂੰ ਉਡੀਕਣਾ ਪਿਆ। ਤੇਰੇ ਤੋਂ ਪਹਿਲੇ ਬੰਦੇ ਨਾਲ ਗੱਲ ਐਵੇਂ ਲਮਕ ਗਈ। ਵਿਸ਼ਾ ਮਹੱਤਵ ਵਾਲਾ ਸੀ। ਏਸ ਲਈ ਵਿੱਚੇ ਨਾ ਛਡ ਸਕਿਆ।'

'ਚੌਧਰੀ ਸਾਹਿਬ, ਕੀ ਗੱਲ ਕਰਦੇ ਹੋ! ਮੇਰਾ ਕੀ ਏ! ਮੈਂ ਤਾਂ ਘਰ ਦਾ ਬੰਦਾ ਹਾਂ। ਮੈਂ ਹੋਰ ਵੀ ਉਡੀਕ ਲੈਂਦਾ', ਗੁਰਦਿਆਲ ਨੇ ਤਸੱਲੀ ਕਰਾਈ।

'ਨਹੀਂ ਭਾਈ, ਤੂੰ ਸਾਡੇ ਲਈ ਕਿਸੇ ਹੋਰ ਤੋਂ ਘੱਟ ਅਹਿਮ ਨਹੀਂ। ਬੜਾ



ਕੁਝ ਕੀਤੈ ਤੂੰ ਸਾਡੇ ਲਈ,' ਚੌਧਰੀ ਨੇ ਰਸਮੀ ਫੂਕ ਦਿੱਤੀ।

ਗੁਰਦਿਆਲ ਖੁਲ੍ਹ ਪਿਆ। ਉਸ ਪੁੱਛਿਆ,

'ਛੋਟੇ ਚੌਧਰੀ ਸਾਹਿਬ ਨਜ਼ਰ ਨਹੀਂ ਆ ਰਹੇ। ਅੱਜ ਤੁਹਾਡੇ ਨਾਲ ਨਹੀਂ ਆਏ?'

'ਨਹੀਂ ਭਾਈ, ਉਹ ਨਹੀਂ ਆਉਂਦਾ ਹੁਣ ਮੇਰੇ ਨਾਲ। ਆਪਣੇ ਕੰਮੀਂ ਲੱਗਾ ਹੋਇਆ। ਹਲਕੇ 'ਚ ਗਿਆ ਹੋਇਐ।'

ਚੌਧਰੀ ਚੰਦਰ ਪਾਲ ਦਾ ਸਪੂਤ, ਚੌਧਰੀ ਤਾਰਾ ਪਾਲ, ਉਹਦਾ ਇਕੋ ਇਕ ਪੁੱਤਰ ਸੀ। ਉਹ ਵੀ ਸਿਆਸਤ 'ਚ ਹੀ ਸੀ। ਚੌਧਰੀ ਦੀ ਪਾਰਟੀ, ਕਿਸਾਨ ਕਰਾਂਤੀ ਦਲ, ਦਾ ਐਮ-ਐਲ-ਏ ਸੀ। ਉਹਦਾ ਨਾਂ ਪਿਓ ਨਾਲੋਂ ਘਟ ਨਹੀਂ ਸੀ। ਕਿਹਾ ਜਾਂਦਾ ਸੀ, ਪਰਵਾਰ ਦਾ ਸਾਰਾ ਮਾਲ-ਮੱਤਾ ਉਹਦੇ ਹੱਥ ਸੀ। ਨਵੀਆਂ ਨਿਯੁਕਤੀਆਂ, ਬਦਲੀਆਂ, ਭਰਤੀ, ਨਵੇਂ ਆਰਡਰ, ਟੈਂਡਰ, ਠੇਕੇ, ਸਭ ਕੁਝ ਉਹਦੇ ਜ਼ਿੰਮੇ ਸਨ। ਲੈਣ-ਦੇਣ ਵੀ ਸਭ ਉਹੀਓ ਕਰਦਾ ਸੀ। ਚੌਧਰੀ ਚੰਦਰ ਪਾਲ ਦੇ ਨਿੰਦਕ ਆਪਣਾ ਪਹਿਲਾ ਨਿਸ਼ਾਨਾ ਉਹਨੂੰ ਹੀ ਬਣਾਉਂਦੇ ਸਨ। ਚੌਧਰੀ ਦੀ ਨੂੰਹ ਵੀ ਸਿਆਸਤ 'ਚ ਸੀ। ਉਹਦਾ ਚਾਚਾ, ਭਤੀਜਾ ਤੇ ਹੋਰ ਕਈ ਦੂਰ-ਨੇੜੇ ਦੇ ਰਿਸ਼ਤੇਦਾਰ ਵੀ ਸਿਆਸਤ 'ਚ ਸਨ। ਅਸੰਬਲੀ 'ਚ ਵੀ ਬੈਠੇ ਸਨ। ਏਸ ਸਦਕਾ ਚੌਧਰੀ ਦੀ ਸਰਕਾਰ ਤੇ ਪਾਰਟੀ ਬੜੀ ਮਜ਼ਬੂਤ ਸੀ। ਵਿਰੋਧੀ ਕਿਸੇ ਨੂੰ ਖਿਸਕਾ ਨਹੀਂ ਸਨ ਸਕਦੇ।

'ਭਾਈ ਗੁਰਦਿਆਲ', ਚੌਧਰੀ ਨੇ ਗੱਲ ਪੂਰੀ ਕੀਤੀ, 'ਅੱਜ ਦੀ ਪੀੜ੍ਹੀ ਪਹਿਲੀ ਪੀੜ੍ਹੀ ਦੇ ਪਾਏ ਪੂਰਣਿਆਂ 'ਤੇ ਨਹੀਂ ਚਲਦੀ। ਆਪਣਾ ਰਾਹ ਆਪ ਬਣਾਂਦੀ ਏ। ਸੱਚ ਪੁੱਛੇਂ ਤਾਂ ਇਹ ਗੱਲ ਠੀਕ ਵੀ ਏ। ਮੈਂ ਵੀ ਤਾ ਇੰਜ ਹੀ ਕੀਤਾ ਸੀ। ਮੈਂ ਕਦੋਂ ਚਲਿਆ ਸਾਂ ਆਪਣੇ ਤਾਊ ਦੇ ਪਾਏ ਪੂਰਣਿਆਂ 'ਤੇ।'

ਚੌਧਰੀ ਹੱਸ ਪਿਆ। ਉਹਨੇ ਬੁੱਲ੍ਹ ਅੱਧ-ਵਿਚਕਾਰੋਂ ਮੀਚੇ ਲਏ, ਮਤੇ ਹਾਸਾ ਬਾਹਰ ਨਾ ਡੁਲ੍ਹ ਜਾਏ।

'ਚੌਧਰੀ ਸਾਹਿਬ, ਇਹ ਤਾਂ ਚੰਗਾ ਹੀ ਹੋਇਐ', ਗੁਰਦਿਆਲ ਨੇ ਹਾਂ 'ਚ ਹਾਂ ਮਿਲਾਈ, 'ਜੇ ਤੁਸੀਂ ਵੱਡੇ ਚੌਧਰੀ ਸਾਹਿਬ ਦੀ ਪਿਰਤ ਪਾਲਦੇ ਤਾਂ ਅੱਜ ਮੁੱਖ ਮੰਤਰੀ ਨਾ ਬਣੇ ਹੁੰਦੇ ਤੇ ਸਾਡੇ ਪ੍ਰਾਂਤ ਨੇ ਏਡੀ ਤਰੱਕੀ ਨਾ ਕੀਤੀ ਹੁੰਦੀ।'

ਗੱਲ ਇਹ ਠੀਕ ਸੀ। ਵੱਡੇ ਚੌਧਰੀ, ਸੂਰਜ ਪਾਲ, ਸਬਰ ਸਬੂਰੀ ਵਾਲੇ ਬੰਦੇ ਸਨ। ਕੋਈ ਵੱਡਾ ਹੱਥ ਨਹੀਂ ਸਨ ਮਾਰਦੇ। ਸਾਰੀ ਉਮਰ ਉਹ ਐਮ-ਐਲ-ਏ ਹੀ ਰਹੇ। ਏਨੇ 'ਤੇ ਹੀ ਸੰਤੋਖ ਕਰ ਲਿਆ। ਜਿੰਨਾ ਮਜ਼ਾ ਉਹਨਾਂ ਨੂੰ ਆਪਣੀ ਹਵੇਲੀ 'ਚ ਬਹਿ, ਹੁੱਕਾ ਪੀ, ਆਪਣੇ ਖੇਤ ਦਾ ਗੰਨਾ ਚੂਪ, ਆਪਣੀ ਘਾਣੀ ਦਾ ਗੁੜ ਖਾ ਜਾਂ ਕਿੱਲੇ-ਬੱਝੀ ਆਪਣੀ ਗਾਂ ਦਾ ਦੁੱਧ ਪੀ ਕੇ ਆਉਂਦਾ, ਹੋਰ ਕਿਸੇ ਚੀਜ਼ ਦਾ ਨਾ ਆਉਂਦਾ। ਪਰ ਉਹਨਾਂ ਦਾ ਸਪੂਤ, ਚੌਧਰੀ ਚੰਦਰ ਪਾਲ, ਬੜਾ ਟੱਪਣਾ ਨਿਕਲਿਆ। ਉਹਨੇ ਆਪਣੀ ਪਾਰਟੀ ਖੜੀ ਕੀਤੀ।

ਉਹਦਾ *ਕਿਸਾਨ ਕਰਾਂਤੀ* ਦਲ ਜਿਹਾ ਜਬਰਜੰਗ ਨਾਂ ਰਖਿਆ। ਜੋ ਵੀ ਕੋਈ ਹਾਕਮ ਪਾਰਟੀ ਜਾਂ ਕਿਸੇ ਹੋਰ ਪਾਰਟੀ ਤੋਂ ਰੁੱਸਿਆ ਫਿਰਦਾ ਸੀ, ਉਹਨੂੰ ਨਾਲ ਜੋੜ ਲਿਆ। ਪੰਜਾਬੀਆਂ ਨੂੰ, ਖ਼ਾਸ ਕਰਕੇ ਜਿਹੜੇ ਸੰਨ ਸੰਤਾਲੀ 'ਚ ਪਾਕਿਸਤਾਨੋਂ ਆਏ ਸਨ, ਪਸਮਾਇਆ ਤੇ ਆਪਣੇ ਨਾਲ ਰਲਾ ਲਿਆ। ਏਸ ਤਰ੍ਹਾਂ ਜੱਟ-ਪੰਜਾਬੀ ਧੁਰੇ ਦੀ ਨੀਂਹ ਰਖੀ। ਫੇਰ ਚੋਣਾਂ ਲੜੀਆਂ। ਪਹਿਲੀ ਵਾਰੀ ਬੁਰੀ ਤਰ੍ਹਾਂ ਹਾਰੀਆਂ। ਜ਼ਮਾਨਤਾਂ ਜ਼ਬਤ ਹੋ ਗਈਆਂ। ਪਰ ਹਿੰਮਤ ਨਾ ਹਾਰੀ। ਦੂਜੀ ਵਾਰ ਫੇਰ ਲੜੀਆਂ। ਹਾਕਮ ਪਾਰਟੀ ਨੂੰ ਹਿਲਾ ਦਿੱਤਾ। ਪਰ ਫੇਰ ਵੀ ਉਹ ਕੁਝ ਕੁ ਸੀਟਾਂ ਵਧ ਲੈ ਕੇ ਜਿੱਤ ਗਈ। ਤੀਜੀ ਵਾਰੀ ਚੌਧਰੀ ਨੇ ਸਭ ਦਾ ਸਫ਼ਾਇਆ ਕਰ ਦਿੱਤਾ। ਦੋ-ਤਿਹਾਈ ਬਹੁ-ਗਿਣਤੀ ਲਈ। ਮੁੱਖ ਮੰਤਰੀ ਬਣਿਆ। ਜਦੋਂ ਵੱਡਾ ਚੌਧਰੀ ਜਿਊਂਦਾ ਸੀ, ਚੰਦਰ ਪਾਲ ਛੋਟਾ ਚੌਧਰੀ ਅਖਵਾਉਂਦਾ ਸੀ। ਅੱਜ ਛੋਟਾ ਚੌਧਰੀ ਤਾਰਾ ਪਾਲ ਨੂੰ ਸੱਦਿਆ ਜਾਂਦਾ ਸੀ।

ਸੁਭਾਵਕ ਹੀ ਤਾਰਾ ਪਾਲ ਛੜੱਪੇ-ਮਾਰ ਸੀ। ਨਵੀਆਂ ਪਿਰਤਾਂ ਪਾ ਰਿਹਾ ਸੀ। ਉਹਦੀ ਨਜ਼ਰ ਕੇਂਦਰ 'ਤੇ ਸੀ। ਪ੍ਰਾਂਤੋਂ ਬਾਹਰਲੀਆਂ ਪਾਰਟੀਆਂ ਨਾਲ ਨੇੜ ਬਣਾ ਰਿਹਾ ਸੀ।

'ਤਰੱਕੀ ਹੁੰਦੀ ਈ ਇੰਜ ਏ', ਚੌਧਰੀ ਨੇ ਗੁਰਦਿਆਲ ਦੀ ਗੱਲ ਫੜ ਲਈ। 'ਹਰ ਪੀੜ੍ਹੀ ਨੂੰ ਕੁਝ ਨਵਾਂ ਕਰਨਾ ਚਾਹੀਦੈ। ਦੇਸ਼ ਅਗੇ ਤਾਂ ਹੀ ਵਧ ਸਕਦੈ।'

ਚੌਧਰੀ ਨੂੰ ਸਮੇਂ ਦੀ ਕਿੱਲਤ ਨਹੀਂ ਸੀ ਲਗਦੀ। ਸਿੱਧਾ ਮਤਲਬ ਪੁੱਛਣ ਦੀ ਥਾਂ ਉਹ ਗੁਰਦਿਆਲ ਨਾਲ ਗਿਆਨ-ਧਿਆਨ ਦੀਆਂ ਗੱਲਾਂ ਲੈ ਬੈਠਾ ਸੀ। ਅਜੇ ਵੀ ਰੱਜਿਆ ਨਹੀਂ ਸੀ। ਅੱਗੇ ਟੁਰਿਆ,

'ਭਾਈ, ਤੁਹਾਡੇ ਪੰਜਾਬ 'ਚ ਵੀ ਤਾਂ ਇੰਜ ਹੀ ਹੋ ਰਿਹੈ। ਸਾਡੇ ਮਿੱਤਰ ਪਾਰਸ ਸਾਹਿਬ ਵੀ ਤਾਂ ਆਪਣੇ ਸਪੁੱਤਰ ਨੂੰ ਅੱਗੇ ਲਿਆ ਰਹੇ ਨੇ...'

ਪਾਰਸ ਚੌਧਰੀ ਦੇ ਗਵਾਂਢੀ ਰਾਜ ਦਾ ਮੁੱਖ ਮੰਤਰੀ ਸੀ। ਪਿਛਲੇ ਪੰਜ ਸਾਲਾਂ ਤੋਂ। ਉਹਨੇ ਵੀ ਆਪਣੇ ਸਾਹਿਬਜ਼ਾਦੇ ਨੂੰ ਖ਼ੁਦ ਆਪਣੇ ਪੂਰਨੇ ਪਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ। ਉਹ ਵੀ ਆਪਣੇ ਬਾਪ ਦੀ ਪਾਰਟੀ, ਕੇਸਰੀ ਦਲ, ਦੀਆਂ ਸੇਧਾਂ ਬਦਲ ਰਿਹਾ ਸੀ।

ਚੌਧਰੀ ਦੇ ਪਾਰਸ ਨਾਲ ਬੜੇ ਗੂਹੜੇ ਸੰਬੰਧ ਸਨ। ਆਪੇ 'ਚ ਮਿਲਦੇ ਰਹਿੰਦੇ ਸਨ। ਸਲਾਹਵਾਂ ਕਰਦੇ ਸਨ। ਭੀੜਾ ਵੇਲੇ ਇਕ ਦੂਜੇ ਨੂੰ ਬਹੁੜਦੇ ਸਨ। ਦੋਵੇਂ ਹੀ ਕੇਂਦਰ 'ਚ ਬਣੇ ਇਕੋ ਵਿਰੋਧੀ ਮੋਰਚੇ ਦੇ ਅੰਗ ਸਨ।

'ਚੌਧਰੀ ਸਾਹਿਬ, ਉਹ ਵੀ ਠੀਕ ਹੀ ਕਰ ਰਹੇ ਨੇ। ਅਖ਼ੀਰ ਪਾਰਟੀ ਅੱਗੋਂ ਨਵੀਂ ਪੀੜ੍ਹੀ ਨੇ ਹੀ ਸੰਭਾਲਣੀ ਏਂ। ਉਹਦੀ ਥਾਂ ਆਪਣੇ ਜਿਉਂਦੇ-ਜੀਅ ਹੀ ਬਣਾ ਦੇਣੀ ਚਾਹੀਦੀ ਏ।'



'ਪਾਰਸ ਸਾਹਿਬ ਬੜੇ ਸਿਆਣੇ ਬੰਦੇ ਨੇ। ਬੜਾ ਤਿਆਗ ਏ ਉਹਨਾਂ 'ਚ। ਭਾਈ ਗੁਰਦਿਆਲ, ਇਹ ਐਤਕੀਂ ਫੇਰ ਮੈਦਾਨ ਮਾਰ ਜਾਣਗੇ ਕਿ ਨਹੀਂ?' ਚੌਧਰੀ ਨੇ ਉਹੀਉ ਆਪਣਾ ਅਧ-ਮੀਟਿਆ ਹਾਸਾ ਹੱਸਦਿਆਂ ਪੁੱਛਿਆ।

ਦੇਸ ਦੇ ਹੋਰ ਚਾਰ ਰਾਜਾਂ ਦੇ ਨਾਲ-ਨਾਲ ਪੰਜਾਬ 'ਚ ਵੀ ਚੋਣਾਂ ਦਾ ਬਿਗਲ ਵੱਜ ਚੁਕਾ ਸੀ। ਐਤਕੀਂ ਪਾਰਸ ਦੀ ਪਾਰਟੀ ਨੂੰ ਰਾਸ਼ਟਰ ਦਲ ਵਲੋਂ ਜ਼ਬਰਦਸਤ ਚੈਲੰਜ ਸੀ। ਰਾਸ਼ਟਰ-ਦਲੀਏ ਦਮਗਜੇ ਮਾਰ ਰਹੇ ਸਨ। ਦਾਹਵਾ ਕਰ ਰਹੇ ਸਨ ਕਿ ਉਹਨਾਂ ਏਸ ਵਾਰੀ ਪਾਰਸ ਨੂੰ ਗੱਦੀਉਂ ਲਾਹ ਸੁੱਟਣਾ ਏ। ਗੁਰਦਿਆਲ ਨੂੰ ਵੀ ਉਹ ਗੱਦੀਉਂ ਲਹਿੰਦਾ ਦਿੱਸ ਰਿਹਾ ਸੀ। ਪਰ ਚੌਧਰੀ ਨੂੰ ਜਵਾਬ ਦੇਂਦਿਆਂ ਉਹਨੇ ਲਾਈਨ ਹੋਰ ਰਖੀ। ਉਹਨੇ ਕਿਹਾ,

'ਲੱਗਦਾ ਤਾਂ ਹੈ ਕਿ ਮੈਦਾਨ ਮਾਰ ਜਾਣਗੇ। ਪਾਰਸ ਸਾਹਿਬ ਨੇ ਪਿਛਲੇ ਪੰਜਾਂ ਸਾਲਾਂ 'ਚ ਬੜਾ ਚੰਗਾ ਕੰਮ ਕੀਤੈ। ਸਾਹਿਬਜ਼ਾਦੇ ਵੀ ਬੜੇ ਹੁਸ਼ਿਆਰ ਨੇ। ਅਸਲ 'ਚ ਪੜ੍ਹੇ-ਲਿਖੇ ਬਹੁਤ ਨੇ ਉਹ। ਸਾਰਾ ਕੁਝ ਸੋਚ-ਸਮਝ ਕੇ ਕਰ ਰਹੇ ਨੇ...'

'ਪਰ, ਭਾਈ ਗੁਰਦਿਆਲ, ਮੈਨੂੰ ਏਡਾ ਸੌਖਾ ਨਹੀਉਂ ਲੱਗ ਰਿਹਾ', ਚੌਧਰੀ ਨੇ ਗੁਰਦਿਆਲ ਦਾ ਕਿਹਾ ਨਾ ਮੰਨਿਆ। 'ਸਾਹਿਬਜ਼ਾਦੇ ਕਰਕੇ ਪਾਰਟੀ 'ਚ ਈਰਖਾ ਬਹੁਤ ਏ। ਪਹਿਲਾਂ ਵਰਗਾ ਏਕਾ ਨਹੀਂ ਰਿਹਾ। ਨਾਲੇ ਤੈਨੂੰ ਪਤੈ, ਪੰਜਾਬ 'ਚ ਪਾਰਟੀਆਂ ਵਾਰੋ-ਵਾਰੀ ਜਿੱਤਦੀਆਂ ਨੇ। ਐਤਕੀਂ ਰਾਸ਼ਟਰ ਦਲ ਦੀ ਵਾਰੀ ਏ। ਪਿਛਲੀ ਵਾਰੀ ਉਹਨੂੰ ਕੇਸਰੀ ਦਲ ਨੇ ਮਾਤ ਦਿਤੀ ਸੀ। ਐਤਕੀਂ ਮਾਤ ਉਹਨੂੰ ਪੈ ਸਕਦੀ ਏ।'

ਗੁਰਦਿਆਲ ਸਹਿਮਤ ਨਾ ਹੋਇਆ। ਉਹ ਕਹਿਣ ਲੱਗਾ,

'ਚੌਧਰੀ ਸਾਹਿਬ, ਕਈ ਵਾਰੀ ਇੰਜ ਨਹੀਂ ਜੇ ਹੁੰਦਾ। ਸਾਡੀ ਦਿੱਲੀ 'ਚ ਰਾਸ਼ਟਰ ਪਾਰਟੀ ਉਤ-ਉੜਿੱਤੀ ਤਿੰਨ ਵਾਰੀ ਜਿੱਤੀ ਏ। ਨਿਰਭਰ ਏਸ ਗੱਲ 'ਤੇ ਕਰਦੈ ਕਿ ਲੋਕ ਤੁਹਾਡੇ ਨਾਲ ਖ਼ੁਸ਼ ਨੇ ਕਿ ਨਹੀਂ।'

'ਇਹ ਵੀ ਠੀਕ ਏ। ਚਲੋ ਵੇਖਦੇ ਹਾਂ, ਪਾਸਾ ਕਿੱਧਰ ਪੈਂਦੈ। ਪਰ ਯੁਧ ਹੋਏਗਾ ਬੜੇ ਘਮਸਾਣ ਦਾ।'

'ਚੌਧਰੀ ਸਾਹਿਬ, ਉਹ ਪੜ੍ਹਿਆ ਜੇ ਨਾ', ਗੁਰਦਿਆਲ ਧਿਆਨ ਕਿਸੇ ਹੋਰ ਪਾਸੇ ਲੈ ਗਿਆ, 'ਰਾਜੇ ਕੋਲ ਕੋਈ ਖ਼ਾਸ ਨਿਕਲਿਆ ਨਹੀਂ ਕੁਝ। ਏਡਾ ਕੰਗਾਲ ਵੀ ਤਾਂ ਨਹੀਂ ਹੋ ਸਕਦਾ ਉਹ।'

ਚੌਧਰੀ ਸਮਝ ਗਿਆ, ਗੁਰਦਿਆਲ ਦਾ ਇਸ਼ਾਰਾ ਓਸ ਹਲਫ਼ਨਾਮੇ ਵਲ ਸੀ, ਜਿਹੜਾ ਰਾਸ਼ਟਰ ਦਲ ਦੇ ਲੀਡਰ ਨ ਆਪਣੇ ਨਾਮਜ਼ਦਗੀ ਦੇ ਕਾਗ਼ਜ਼ਾਂ ਨਾਲ ਭਰਿਆ ਸੀ। ਚੋਣ-ਕਮਿਸ਼ਨ ਦੇ ਨਿਯਮਾਂ ਅਨੁਸਾਰ, ਹਰ ਉਮੀਦਵਾਰ ਨੂੰ ਆਪਣੇ ਤੇ ਆਪਣੇ ਪਰਵਾਰ ਦੇ ਅੱਸਾਸੇ ਦਾ ਵੇਰਵਾ ਦੇਣਾ ਪੈਂਦਾ ਸੀ।

ਰਾਸ਼ਟਰ ਦਲ ਦੇ ਨੇਤਾ ਨੇ ਵੀ ਦਿਤਾ ਸੀ। ਪੜ੍ਹ ਕੇ ਰਾਜਾ ਨਹੀਂ, ਰੰਕ ਲੱਗਦਾ ਸੀ। ਇਹ ਸਭ ਅਖ਼ਬਾਰਾਂ 'ਚ ਛਪਿਆ ਸੀ। ਚੌਧਰੀ ਦੀ ਨਜ਼ਰ ਹੇਠੋਂ ਵੀ ਲੰਘਿਆ ਸੀ।

'ਭਾਈ ਗੁਰਦਿਆਲ, ਇਹ ਜਿਹੜੀ ਮਾਇਆ ਰਾਜੇ ਨੇ ਵਿਖਾਈ ਏ ਆਪਣੇ ਕੋਲ, ਇਹ ਪੂਰੀ ਨਹੀਉਂ। ਕਾਫ਼ੀ ਪੈਸਾ ਤੇ ਜਾਇਦਾਦ ਹੋਰਨਾਂ ਨਾਵਾਂ ਥੱਲੇ ਏ। ਸਾਡੇ ਦੇਸ ਦਾ ਦਸਤੂਰ ਹੀ ਇਹ ਏ। ਆਪਣੇ ਵੇਲੇ ਅਸੀਂ ਵੀ ਤਾਂ ਇੰਜ ਹੀ ਕੀਤਾ ਸੀ। ਇਹ ਤਾਂ ਐਵੇਂ ਚੋਣ-ਕਮਿਸ਼ਨ ਦਾ ਮੂੰਹ ਰੱਖਣ ਲਈ ਕਰ ਦਈਦੈ।'

ਇਸ ਵਾਰੀ ਫੇਰ ਆਪਣਾ ਵਿਚਾਲਿਉਂ ਮਿਚਿਆ ਹਾਸਾ ਹੱਸਦਾ ਚੌਧਰੀ ਗੁਰਦਿਆਲ ਵਲ ਵੇਖਣ ਲੱਗਾ।

'ਠੀਕ ਕਹਿ ਰਹੇ ਹੋ ਤੁਸੀਂ।' ਗੁਰਦਿਆਲ ਨੇ ਪ੍ਰੋੜ੍ਹਤਾ ਕੀਤੀ।

ਚੌਧਰੀ ਨੇ ਬੂਹੇ ਵਲ ਵੇਖਿਆ। ਕਿਸੇ ਨੇ ਰਤਾ ਕੁ ਖੋਲ੍ਹਿਆ ਸੀ। ਜਗਨ ਨਾਥ ਸੀ। ਮਾੜੀ ਜਿਹੀ ਵਿਖਾਲੀ ਪਾ ਉਹ ਪਿਛਾਂਹ ਹੋ ਗਿਆ।

ਮਤਲਬ ਸੀ, ਅਗਲੇ ਮੁਲਾਕਾਤੀ ਦੀ ਵਾਰੀ ਆ ਗਈ ਸੀ। ਚੌਧਰੀ ਸਮਝ ਗਿਆ, ਪਰ ਉਹਨੇ ਪਰਵਾਹ ਨਾ ਕੀਤੀ।

'ਫੇਰ ਵੀ, ਚੌਧਰੀ ਸਾਹਿਬ, ਸਾਡੇ ਬਹੁਤੇ ਉਮੀਦਵਾਰ ਲਖਪਤੀ ਨਹੀਂ, ਕਰੋੜਪਤੀ ਨੇ...'

'ਭਾਈ ਕਿਉਂ ਨਾ ਹੋਣ!' ਚੌਧਰੀ ਚਮਕ ਪਿਆ। 'ਦੇਸ਼ ਤਰੱਕੀ ਕਰ ਰਿਹੈ। ਉਹ ਵੀ ਕਿਉਂ ਨਾ ਤਰੱਕੀ ਕਰਨ? ਉਹ ਤਾਂ ਸਿਆਸਤ 'ਚ ਨੇ। ਸਾਡੇ ਦੇਸ 'ਚ ਸਿਆਸਤ ਤੋਂ ਵੱਡਾ *ਬਿਜ਼ਨੈਸ* ਹੀ ਨਹੀਂ ਕੋਈ ਹੋਰ। ਬੜੀਆਂ ਕਮਾਈਆਂ ਨੇ ਇਹਦੇ 'ਚ। ਪਰ,' ਚੌਧਰੀ ਇਕ ਪਲ ਰੁਕਿਆ, 'ਜੇ ਕੋਈ ਇਹਨੂੰ ਸੇਵਾ ਨਾ, *ਬਿਜ਼ਨੈਸ* ਸਮਝੇ। ਐਸੇ ਪਰਵਾਰ ਵੀ ਹੈ ਨੇ, ਜਿਨ੍ਹਾਂ ਸਿਆਸਤ ਨੂੰ *ਬਿਜ਼ਨੈਸ* ਨਹੀਂ, ਨਿਰੋਲ ਸੇਵਾ ਸਮਝਿਐ। ਇਹ ਪਰਵਾਰ ਪੁਸ਼ਤਾਂ ਤੋਂ ਸੌਖੇ ਨੇ। ਰੱਜੇ ਹੋਏ ਨੇ। ਸਮਝਦੇ ਨੇ ਕਿ ਜੇ ਸੇਵਾ ਕਰਨ ਨਿਕਲੇ ਹਾਂ, ਤਾਂ ਸੇਵਾ ਹੀ ਕਰੀਏ। ਉਹ ਪੈਸੇ ਵਲ ਵੇਖਦੇ ਵੀ ਨਹੀਂ।'

ਗੁਰਦਿਆਲ ਸਮਝ ਗਿਆ, ਚੌਧਰੀ ਕਿਸੇ ਹੋਰ ਪਰਵਾਰ ਦੀ ਨਹੀਂ, ਆਪਣੇ ਪਰਵਾਰ ਦੀ ਗੱਲ ਕਰ ਰਿਹਾ ਸੀ। ਉਹਨੇ ਅੱਗੋਂ ਜ਼ੋਰ ਦੀ ਸਿਰ ਹਿਲਾ ਦਿੱਤਾ, ਜਿਵੇਂ ਚੌਧਰੀ ਦੇ ਦਾਹਵੇ ਦੀ ਤਾਈਦ ਕਰ ਰਿਹਾ ਹੋਵੇ। ਚੌਧਰੀ ਗੰਭੀਰ ਹੋ ਗਿਆ ਤੇ ਬੇ-ਧਿਆਨਾ। ਗੁਰਦਿਆਲ ਏਧਰ ਓਧਰ ਵੇਖਣ ਲੱਗਾ। ਉਹਨੇ ਨਾਲ ਦੇ ਸੋਫ਼ੇ 'ਤੇ ਚੌਧਰੀ ਦੀ ਲਾਹ-ਕੇ-ਰੱਖੀ ਪੱਗ ਦਿੱਸੀ। ਚੌਟਾਲਾ ਸਾਹਿਬ ਵਾਂਗ ਲੰਮੇ ਲੜ ਤੇ ਉੱਚੇ ਤੁੱਰੇ ਵਾਲੀ ਨਹੀਂ, ਚੌਧਰੀ ਛੋਟੂ ਰਾਮ ਵਰਗੀ ਗੋਲ, ਮੁਨੀਮਾਂ ਵਰਗੀ। ਗੂਹੜੇ ਕਾਸ਼ਨੀ ਰੰਗ ਦੀ। ਉਹਨੂੰ ਅਹੁੜਿਆ, ਉਹਦੇ ਤੋਂ ਗ਼ਲਤੀ ਹੋ ਗਈ ਸੀ। ਉਹਨੂੰ ਵੀ ਏਸੇ ਰੰਗ ਦੀ ਪੱਗ ਤੇ ਟਾਈ ਬੰਨ੍ਹ ਕੇ



ਆਉਣਾ ਚਾਹੀਦਾ ਸੀ। ਉਹਨੇ ਧਾਰਿਆ, ਅੱਗੋਂ ਧਿਆਨ ਰੱਖੇਗਾ। ਉਹਦਾ ਪੁੱਛਣ ਨੂੰ ਜੀਅ ਕੀਤਾ, ਚੌਧਰੀ ਸਾਹਿਬ ਸਦਾ ਕਾਸ਼ਨੀ ਪੱਗ ਕਿਉਂ ਬੰਨ੍ਹਦੇ ਸਨ। ਪਾਰਟੀ ਦਾ ਝੰਡਾ ਵੀ ਉਹਨਾਂ ਏਸੇ ਰੰਗ ਦਾ ਕਿਉਂ ਰਖਿਆ ਸੀ। ਪਰ ਉਹਨੇ ਆਪਣੇ ਆਪ ਨੂੰ ਹੋੜ ਲਿਆ। ਇਹ ਵੀ ਕੋਈ ਪੁੱਛਣ ਵਾਲੀ ਗੱਲ ਸੀ। ਨਾਲੇ, ਪੁੱਛਣੀ ਸੀ ਤਾਂ ਬਹੁਤ ਪਹਿਲੋਂ ਪੁੱਛਣੀ ਚਾਹੀਦੀ ਸੀ।

ਜਗਨ ਨਾਥ ਨੇ ਫੇਰ ਮੂੰਹ ਅੰਦਰ ਕੀਤਾ। ਚੌਧਰੀ ਛਿੱਥਾ ਪੈ ਗਿਆ। ਉਹਨੇ ਘੁਰਕ ਛੱਡੀ,

'ਓਏ, ਵੇਖਦਾ ਨਹੀਂ, *ਬਿਜ਼ੀ* ਹਾਂ!'

'ਸਰ, ਬਾਹਰ ਮਨਚੰਦਾ ਸਾਹਿਬ ਦਾ ਬੰਦਾ ਆਇਐ',

'ਬਿਠਾ ਸੂ। ਕੀ ਕਹਿੰਦੈ?'

'ਉਹਨਾਂ ਦੇ ਪੋਤਰੇ ਦੇ ਦਾਖ਼ਲੇ ਦਾ ਕਹਿ ਰਿਹੈ। ਏਥੋਂ ਦੇ *ਐਕਟਿਵਿਟੀ ਸਕੂਲ* 'ਚ।'

'ਹੱਛਾ। ਮੈਨੂੰ ਤਾਂ ਯਾਦ ਹੀ ਨਹੀਂ ਸੀ ਰਿਹਾ।' ਚੌਧਰੀ ਠੰਢਾ ਪੈ ਗਿਆ।

ਉਹ ਗੁਰਦਿਆਲ ਵਲ ਹੋਇਆ ਤੇ ਉਚਰਿਆ,

'ਆਹ ਵੇਖ ਭਾਈ ਗੁਰਦਿਆਲ, ਸਾਡੇ ਮਿਹਰਬਾਨ ਵੀ ਕਿਹੋ-ਕਿਹੋ ਜਿਹੀਆਂ ਫਰਮਾਇਸ਼ਾਂ ਪਾਂਦੇ ਨੇ। ਅਖੇ, ਬੱਚੇ ਦਾ ਦਾਖ਼ਲਾ ਕਰਾ ਦਿਓ। ਉਹ ਵੀ ਏਥੋਂ ਦੇ ਸਕੂਲ 'ਚ। ਸਮਝਦੇ ਨੇ, ਮੈਂ ਸਕੂਲ ਦਾ ਚੇਅਰਮੈਨ ਲੱਗਾ ਹੋਇਆਂ ਜਾਂ ਪ੍ਰਿੰਸੀਪਲ ਓਥੋਂ ਦੀ ਮੇਰੀ ਚਾਚੀ ਏ।'

ਗੱਲ ਹੱਸਣ ਵਾਲੀ ਤਾਂ ਸੀ, ਪਰ ਚੌਧਰੀ ਨੂੰ ਆਪਣਾ ਉਹ ਅੱਧਾ-ਪਚੱਧਾ, ਖ਼ਾਸ ਹਾਸਾ ਨਾ ਆਇਆ। ਖਿੱਝ ਜਿਹੀ ਹੋ ਗਈ ਸੀ ਉਹਨੂੰ।

'ਚੌਧਰੀ ਸਾਹਿਬ, ਗੱਲ ਤਾਂ ਤੁਹਾਡੀ ਠੀਕ ਏ', ਗੁਰਦਿਆਲ ਨੇ ਉਹਦਾ ਪੱਖ ਪੂਰਿਆ, 'ਪਰ ਇਹ ਵੀ ਠੀਕ ਏ ਕਿ ਤੁਹਾਡਾ ਨਾਂ ਸਿਰਫ਼ ਹਰਿਆਣੇ 'ਚ ਹੀ ਨਹੀਂ, ਸਭ ਥਾਂ ਚਲਦੈ। ਇਕ ਚਿੱਠੀ ਲਿਖਵਾ ਦਿਓ ਨੇ। ਸਿਰ ਮੱਥੇ ਰੱਖਣਗੇ। ਵੈਸੇ ਚੌਧਰੀ ਸਾਹਿਬ, ਦਿੱਲੀ 'ਚ ਬੱਚਿਆਂ ਦੇ ਦਾਖ਼ਲੇ ਦਾ ਮਾਮਲਾ ਹੈ ਬੜਾ ਗੰਭੀਰ ਜੇ। ਮਾਪੇ ਲਾਚਾਰ ਹੋ ਜਾਂਦੇ ਨੇ।'

'ਨਹੀਂ ਭਾਈ, ਮੈਂ ਚਿੱਠੀ ਨਹੀਂ ਲਿਖਣੀ। ਚਿੱਠੀਆਂ ਉਹਨਾਂ ਨੂੰ ਜਣੇ-ਖਣੇ ਦੀਆਂ ਆਉਂਦੀਆਂ ਹੋਣਗੀਆਂ। ਚੁਕ ਕੇ ਪਾਸੇ ਰਖ ਦੇਂਦੇ ਹੋਣਗੇ।'

'ਨਹੀਂ, ਚੌਧਰੀ ਸਾਹਿਬ, ਤੁਸੀਂ ਤਾਂ ਗਵਾਂਢੀ ਰਾਜ ਦੇ ਮੁੱਖ ਮੰਤਰੀ ਹੋ। ਤੁਹਾਡੀ ਚਿੱਠੀ ਉਹ ਪਾਸੇ ਨਹੀਂ ਰਖ ਸਕਦੇ।'

'ਨਹੀਂ, ਨਹੀਂ, ਚਿੱਠੀ ਮੈਂ ਨਹੀਂ ਲਿਖਣੀ...'

ਚੌਧਰੀ ਨੂੰ ਕੁਝ ਅਹੁੜਿਆ। ਪੁੱਛਣ ਲੱਗਾ, 'ਤੂੰ ਦੱਸ ਗੁਰਦਿਆਲ, ਤੂੰ ਏਨੇ ਸਾਲਾਂ ਤੋਂ ਦਿੱਲੀ 'ਚ ਏਂ। ਲਾਲ ਬੱਤੀ ਵਾਲੀ ਗੱਡੀ ਰਹੀ ਏ ਤੇਰੇ ਹੇਠ। ਤੂੰ ਨਹੀਂ ਏਸ ਜੋਗਾ ਹੋਇਆ ਅਜੇ? ਇਹ ਦਾਖ਼ਲਾ ਤੂੰ ਹੀ ਕਿਉਂ ਨਹੀਂ ਕਰਾ

ਦੇਂਦਾ?'

ਗੁਰਦਿਆਲ ਬੌਂਦਲਾ ਗਿਆ। ਚੌਧਰੀ ਆਪਣੀ ਬਲਾ ਉਹਦੇ ਗਲੇ ਪਾਣ ਲੱਗਾ ਸੀ। ਉਹਨੇ ਉਜ਼ਰ ਕੀਤਾ,

'ਚੌਧਰੀ ਸਾਹਿਬ, ਏਸ ਨਾਚੀਜ਼ ਦਾ ਰਸੂਖ਼ ਤਾਂ ਸਿਰਫ਼ ਤੁਹਾਡੇ ਤਕ ਏ...'

ਚੌਧਰੀ ਦਾ ਰੰਗ ਬਦਲਦਾ ਵੇਖ ਉਹਨੇ ਸੁਰ ਬਦਲ ਲਈ ਤੇ ਬੋਲਿਆ,

'...ਚੌਧਰੀ ਸਾਹਿਬ, ਚਲੋ, ਕਰ ਵੇਖਨਾਂ ਕੋਸ਼ਿਸ਼।'

'ਨਹੀਂ ਭਾਈ, ਢਿੱਲੀ-ਮੱਠੀ ਗੱਲ ਨਾ ਕਰ। ਜ਼ਿੰਮਾ ਲੈ ਤੇ ਦਾਖ਼ਲਾ ਕਰਾ ਦੇ। ਜਗਨ ਨਾਥ!' ਚੌਧਰੀ ਨੇ ਪੀ.ਏ. ਨੂੰ ਆਵਾਜ਼ ਦਿੱਤੀ। ਜਗਨ ਨਾਥ ਅੰਦਰ ਆ ਗਿਆ ਤੇ ਹਿਦਾਇਤ ਲੈਣ ਲੱਗਾ।

'ਮਨਚੰਦਾ ਸਾਹਿਬ ਦੇ ਬੰਦੇ ਨੂੰ ਕਹਿ, ਚੌਧਰੀ ਸਾਹਿਬ ਨੇ ਇਹ ਕੰਮ ਸ. ਗੁਰਦਿਆਲ ਸਿੰਘ ਦੇ ਜ਼ਿੰਮੇ ਲਾ ਦਿੱਤੈ। ਬੜਾ ਅਸਰ-ਰਸੂਖ਼ ਏ ਸਰਦਾਰ ਹੁਰਾਂ ਦਾ ਦਿੱਲੀ 'ਚ। ਇਹਨਾਂ ਨੂੰ ਮਿਲ ਲੈਣ। ਚਲੇ ਜਾਣ ਇਹਨਾਂ ਦੀ ਕੋਠੀ। ਨਾਂ ਪਤਾ ਤੇ ਟੈਲੀਫ਼ੋਨ ਨੰਬਰ ਦੇ-ਦੇ ਇਹਨੂੰ।'

ਗੁਰਦਿਆਲ ਕੁਝ ਨਾ ਬੋਲ ਸਕਿਆ। ਅੰਦਰੋਂ ਡਰਿਆ, ਪਰ ਮੂੰਹ 'ਤੇ ਉਹਨੇ ਆਸਵੰਦੀ ਲੈ ਆਂਦੀ। ਸੋਚਣ ਲੱਗਾ, ਕੋਈ ਨਾ ਕੋਈ ਰਾਹ ਕੱਢਾਂਗੇ। ਸਕੂਲ ਸਰਕਾਰੀ ਅਫ਼ਸਰਾਂ ਦੈ। ਨਿਕਲ ਆਏਗੀ ਕੋਈ ਨਾ ਕੋਈ ਵਾਕਫ਼ੀ।'

#

ਚੌਧਰੀ ਆਪਣੇ ਪਹਿਲੇ ਵਹਿਣੋਂ ਨਿਕਲ ਆਇਆ। ਆਪਣੇ ਕੰਮ ਨਿਪਟਾਉਣ ਲੱਗਾ। ਜਗਨ ਨਾਥ ਨੂੰ ਉਹਨੇ ਬਾਹਰ ਘੱਲ ਦਿਤਾ ਤੇ ਗੁਰਦਿਆਲ ਨੂੰ ਕਹਿਣ ਲੱਗਾ,

'ਮੈਂ ਤਾਂ ਭਾਈ ਤੈਨੂੰ ਪੁੱਛਣਾ ਹੀ ਭੁੱਲ ਗਿਆ, ਕਿਸ ਕੰਮ ਆਇਆ ਸੈਂ।'

ਗੁਰਦਿਆਲੇ ਨੇ ਥੋੜੇ ਲਫ਼ਜ਼ਾਂ 'ਚ ਆਪਣੀ ਵਿਥਿਆ ਸੁਣਾ ਦਿੱਤੀ। ਚੌਧਰੀ ਫਟਾਫਟ ਸਮਝ ਗਿਆ। ਵਿੱਚੋਂ ਹੀ ਬੋਲ ਪਿਆ,

'ਜੇ ਮਾਮਲਾ ਰਿਹਾਇਸ਼ ਦਾ ਏ ਤਾਂ ਏਸੇ ਹੀ ਭਵਨ 'ਚ ਤੈਨੂੰ ਦੋ-ਚਾਰ ਕਮਰੇ ਦੇ ਦੇਣੇ ਹਾਂ। ਮਜ਼ੇ ਨਾਲ ਰਹੀਂ। ਨਾ ਫ਼ਿਕਰ ਨਾ ਫ਼ਾਕਾ...'

ਮਾਮਲਾ ਕੋਠੀ ਦਾ ਸੀ, ਰਿਹਾਇਸ਼ ਦਾ ਨਹੀਂ ਸੀ। ਗੁਰਦਿਆਲ ਨੂੰ ਪੇਸ਼ਕਸ਼ ਸੂਤ ਨਹੀਂ ਸੀ ਬਹਿੰਦੀ। ਉਹਨੇ ਡੱਕਾ ਡਾਹੁਣ ਦੀ ਕੀਤੀ,

'ਨਹੀਂ ਚੌਧਰੀ ਸਾਹਿਬ, ਮੈਂ ਬਾਲ-ਬੱਚੇ ਵਾਲਾਂ। ਮੇਰੀ ਏਥੇ ਗੁਜ਼ਰ ਨਹੀਂ ਹੋ ਸਕਦੀ। ਨਾਲੇ ਐਵੇਂ ਤੁਹਾਨੂੰ ਗੱਲਾਂ ਬਣਨਗੀਆਂ। ਮੀਡੀਆ ਵਾਲੇ ਪਿੱਛੇ ਪੈ ਜਾਣਗੇ। ਕਹਿਣਗੇ, ਭਵਨ ਨੂੰ ਸਰਾਂ ਬਣਾ ਦਿੱਤੈ।'

ਚੌਧਰੀ ਆਪਣਾ ਅੱਧ-ਮੀਟਿਆ ਹਾਸਾ ਹੱਸਣੋਂ ਨਾ ਰਹਿ ਸਕਿਆ। ਜਦੋਂ



ਹੱਸ ਲਿਆ ਤਾਂ ਬੋਲਿਆ,

'ਭਾਈ, ਮੀਡੀਆ ਨੂੰ ਮਾਰ ਗੋਲੀ। ਜੇ ਉਹਦੇ ਵਲ ਵੇਖਦੇ ਰਹੀਏ ਤਾਂ ਕੋਈ ਵੀ ਭਲਾ ਕੰਮ ਨਾ ਕਰ ਸਕੀਏ। ਹੱਛਾ, ਦੱਸ ਜੇ ਇਹ ਨਹੀਂ ਕਰਨਾ ਤਾਂ ਫੇਰ ਕੀ ਕਰੀਏ?'

ਗੁਰਦਿਆਲ ਨੇ ਰਾਜ ਸਭਾ ਦੀਆਂ ਚੋਣਾ ਵਾਲੀ ਕਹਾਣੀ ਪਾ ਦਿੱਤੀ। ਇਹ ਵੀ ਦੱਸ ਦਿਤਾ, ਇਹਦੀ ਸਲਾਹ ਉਹਨੂੰ ਉਹਦੇ ਗਵਾਂਢੀ ਸੁੰਦਰ ਦਾਸ ਨੇ ਦਿੱਤੀ ਸੀ। ਚੌਧਰੀ ਦੇ ਕੰਨ ਖੜੇ ਹੋ ਗਏ। ਵਿਚੋਂ ਹੀ ਬੋਲ ਪਿਆ,

'ਸੁੰਦਰ ਦਾਸ ਤੇਰਾ ਗਵਾਂਢੀ ਏ?'

'ਬਿਲਕੁਲ ਜੀ। ਵਿਚਾਲੇ ਛੋਟੀ ਜਿਹੀ ਬੰਨੀ ਏ। ਬਾਹਰ ਹੋਵੇ ਤਾਂ ਸਾਰੇ ਪਾਸਿਉਂ ਦਿਸਦੈ...'

'ਹੱਛਾ! ਗੁਰਦਿਆਲ, ਇਹ ਸੁੰਦਰ ਦਾਸ ਬੜੀ ਕਾਇਆਂ ਚੀਜ਼ ਈ। ਪਰ ਬੰਦਾ ਹੈ ਕੰਮ ਦਾ। ਉਹਦੇ ਨਾਲ ਬਣਾ ਕੇ ਰੱਖ। ਕਿਸੇ ਵੇਲੇ ਉਹਦੀ ਲੋੜ ਪੈ ਸਕਦੀ ਏ।'

ਗੁਰਦਿਆਲ ਨੂੰ ਮੌਕਾ ਮਿਲ ਗਿਆ। ਉਹ ਰਤਾ ਘੋਟ ਕੇ ਬੋਲਿਆ,

'ਚੌਧਰੀ ਸਾਹਿਬ, ਬਣਾ ਕੇ ਰੱਖਣ ਲਈ ਕੋਠੀ ਹੋਰ ਵੀ ਜ਼ਰੂਰੀ ਹੋ ਜਾਂਦੀ ਏ। ਜੇ ਗਵਾਂਢ ਰਹੇ ਤਾਂ ਕੰਮ ਸੌਖਾ ਹੋਏਗਾ। ਅਸੀਂ ਗਰਮੀਆਂ 'ਚ ਇਕੋ ਦਰੱਖ਼ਤ ਦੇ ਅੰਬ ਚੂਪਦੇ ਹਾਂ।'

ਫੇਰ ਗੁਰਦਿਆਲ ਨੇ ਅੰਬ ਦੇ ਓਸ ਦਰੱਖ਼ਤ ਦੀ ਕਹਾਣੀ ਛੋਹ ਦਿੱਤੀ, ਜਿਹੜਾ ਉੱਗਿਆ ਤਾਂ ਸੁੰਦਰ ਦਾਸ ਦੀ ਕੋਠੀ 'ਚ ਹੋਇਆ ਸੀ, ਪਰ ਜਿਹਦਾ ਅੱਧੇ ਤੋਂ ਵੱਧ ਫਲ ਉਹਦੀ ਕੋਠੀ 'ਚ ਲੱਗਦਾ ਸੀ। ਓਸ ਕੰਧ ਦਾ ਜ਼ਿਕਰ ਵੀ ਕਰ ਦਿੱਤਾ, ਜਿਹਦੇ ਆਰ-ਪਾਰ ਉਹ ਅਕਸਰ ਮਿਲ ਪੈਂਦੇ ਸਨ।

'ਇਹ ਦਰੱਖ਼ਤ ਤੇ ਇਹ ਕੰਧ ਸਾਡੇ ਸੰਬੰਧਾਂ ਦੀ ਨੀਂਹ ਨੇ।'

ਚੌਧਰੀ ਸੋਚੀਂ ਪੈ ਗਿਆ। ਫੇਰ ਕਹਿਣ ਲੱਗਾ ਕਿ ਇਹਨਾਂ ਚੋਣਾਂ ਦੇ ਸਿਲਸਲੇ 'ਚ ਅਜੇ ਸਾਡੇ ਕੁਝ ਵਿਚਾਰ ਨਹੀਂ ਹੋਇਆ। ਸਰੇ-ਦਸਤ ਕੁਝ ਨਹੀਂ ਕਹਿ ਸਕਦਾ।

'ਚੌਧਰੀ ਸਾਹਿਬ, ਵਕਤ ਤਾਂ ਬਹੁਤਾ ਰਹਿ ਨਾ ਗਿਆ। ਚੋਣਾਂ ਜੂਨ 'ਚ ਹੋਣੀਆਂ ਨੇ।'

'ਨਹੀਂ ਭਾਈ, ਵਕਤ ਹੀ ਵਕਤ ਏ। ਇਹ ਚੋਣਾਂ ਹੋਰ ਤਰ੍ਹਾਂ ਦੀਆਂ ਹੁੰਦੀਆਂ ਨੇ। ਕੋਈ ਮੁਹਿੰਮਾਂ ਨਹੀਂ ਚਲਾਣੀਆਂ ਪੈਂਦੀਆਂ। ਨਾ ਕੁਝ ਹੋਰ ਕਰਨਾ ਹੁੰਦੈ। ਦੋ-ਚਾਰ ਕਾਗ਼ਜ਼ ਹੀ ਭਰਨੇ ਹੁੰਦੇ ਨੇ। ਮੈਨੂੰ ਲਗ ਰਿਹੈ, ਜਿੰਨੇ ਵੋਟ ਸਾਡੇ ਕੋਲ ਹੈ ਨੇ, ਓਨਿਆਂ ਨਾਲ ਬੰਦਾ ਇਕੋ ਹੀ ਜਿਤਾਇਆ ਜਾ ਸਕਦੈ। ਕੁਝ ਵੋਟ ਬਚ ਜਾਣਗੇ। ਜੇ ਉਹਨਾਂ ਨਾਲ ਕੁਝ ਹੋਰ ਵੋਟ ਜੋੜ ਲਏ ਜਾਣ ਤਾਂ ਇਕ ਹੋਰ ਬੰਦੇ ਦੀ ਗੁੰਜਾਇਸ਼ ਨਿਕਲ ਸਕਦੀ ਏ। ਜੇ ਅਸੀਂ ਇੰਜ

ਕਰ ਸਕੇ, ਤਾਂ ਦੂਜੀ ਸੀਟ ਤੇਰੀ ਰਹੀ। ਇਹ ਮੇਰਾ ਵਾਇਦਾ ਰਿਹਾ...ਪਹਿਲੀ ਸੀਟ ਵਾਲਾ ਬੰਦਾ ਤਾਂ ਅਸੀਂ ਪਹਿਲੋਂ ਹੀ ਮਿਥਿਆ ਹੋਇਐ...'

ਚੌਧਰੀ ਦਾ ਪਹਿਲੋਂ ਇਹ ਕਹਿਣਾ ਕਿ ਅਸੀਂ ਅਜੇ ਏਸ ਵਿਸ਼ੇ 'ਤੇ ਵਿਚਾਰ ਨਹੀਂ ਕੀਤਾ, ਠੀਕ ਨਹੀਂ ਸੀ। ਸਭ ਸੋਚ-ਵਿਚਾਰ ਚੁੱਕੇ ਸਨ।

ਗੁਰਦਿਆਲ ਦਾ ਮੂੰਹ ਲਹਿ ਗਿਆ। ਚੌਧਰੀ ਵਲ ਇੰਜ ਵੇਖਣ ਲੱਗਾ, ਜਿਵੇਂ ਪੁੱਛ ਰਿਹਾ ਹੋਵੇ, ਇਹ ਪਹਿਲਾ, ਪੱਕਾ ਜਿੱਤ ਸਕਣ ਵਾਲਾ, ਬੰਦਾ ਉਹਨਾਂ ਕਿਹੜਾ ਚੁਣਿਆ ਏ। ਚੌਧਰੀ ਨੂੰ ਦੱਸਣ 'ਚ ਸੰਕੋਚ ਨਹੀਂ ਸੀ। ਉਹ ਆਪੇ ਹੀ ਸ਼ੁਰੂ ਹੋ ਪਿਆ,

'ਪਹਿਲੀ ਸੀਟ ਤਾਂ ਅਸੀਂ ਆਪਣੇ ਕੁੜਮ ਨੂੰ ਦੇ ਰਹੇ ਹਾਂ। ਚੌਧਰੀ ਮਹਿੰਦਰ ਸਿੰਘ ਨੂੰ। ਸਾਡੀ ਨੂੰਹ ਦਾ ਬਾਪ ਏ। ਫ਼ਰਮਾਇਸ਼ ਵੀ ਨੂੰਹ ਨੇ ਹੀ ਪਾਈ ਏ। ਮੈਂ ਨੂੰਹ ਦਾ ਕਿਹਾ ਨਹੀਂ ਮੋੜ ਸਕਦਾ। ਤੈਨੂੰ ਪਤੈ, ਪਰਵਾਰ 'ਚ ਨੂੰਹ ਦੀ ਕੀ ਹਸੀਅਤ ਹੁੰਦੀ ਏ।'

ਗੁਰਦਿਆਲ ਨੂੰ ਚੰਗੀ ਤਰ੍ਹਾਂ ਪਤਾ ਸੀ। ਆਪਣੀ ਨੂੰਹ ਦਾ ਕਿਹਾ ਉਹ ਵੀ ਨਹੀਂ ਸੀ ਮੋੜ ਸਕਦਾ। ਉਹ ਤਾਂ ਕਿਹਾ ਕਰਦਾ ਸੀ ਕਿ ਜੇ ਪੁੱਤਰ ਗਵਾਉਣਾ ਹੋਵੇ ਤਾਂ ਨੂੰਹ ਨਾਲ ਕੋਈ ਰੇੜਕਾ ਪਾ ਲਵੋ। ਉਹਨੇ ਓਸੇ ਦਮ ਮੰਨ ਲਿਆ।

'ਇਹ ਗੱਲ ਤਾਂ, ਚੌਧਰੀ ਸਾਹਿਬ, ਤੁਹਾਡੀ ਸੋਲ੍ਹਾਂ ਆਨੇ ਠੀਕ ਏ।'

ਚੌਧਰੀ ਪਸੀਜ ਗਿਆ। ਉਹਦਾ ਦਿਲ ਰੱਖਣ ਲੱਗਾ,

'ਕੁਝ ਸੋਚਣ ਦੇ। ਤੇਰੇ ਲਈ ਗੁੰਜਾਇਸ਼ ਨਿਕਲ ਵੀ ਸਕਦੀ ਏ। ਤੂੰ ਇੰਜ ਕਰ, ਕੁਝ ਦਿਨਾਂ ਬਾਅਦ ਚੰਡੀਗੜ੍ਹ ਆ ਜਾ। ਓਦੋਂ ਤਕ ਅਸੀਂ ਸਭ ਕੁਝ ਵਿਚਾਰ ਲਿਆ ਹੋਵੇਗਾ। ਓਦੋਂ ਫ਼ੈਸਲਾ ਕਰਾਂਗਾ, ਅਖ਼ੀਰੀ। ਨਾਲੇ, ਤੂੰ ਜਾ ਕੇ ਪਾਰਸ ਸਾਹਿਬ ਨੂੰ ਵੀ ਮਿਲ ਲਈਂ। ਉਹਨਾਂ ਲਈ ਅਜ਼ਮਾਇਸ਼ ਦੀ ਘੜੀ ਏ। ਇਹ ਚੋਣਾਂ ਸੌਖੀਆਂ ਨਹੀਂ। ਜਾ ਕੇ ਕਹੀਂ ਨੇ, ਇਸ ਮੈਦਾਨ ਦਾ ਕੋਈ ਮੋਰਚਾ ਮੈਨੂੰ ਵੀ ਦਿਓ ਸੰਭਾਲਣ ਨੂੰ। ਏਸ ਵੇਲੇ ਤੇਰਾ ਜਾਣਾ ਬਣਦੈ ਉਹਨਾਂ ਕੋਲ। ਤੇਰੇ ਪੁਰਾਣੇ ਮਿਹਰਬਾਨ ਨੇ। ਲਗਦੇ ਹੱਥ, ਉਹਨਾਂ ਨੂੰ ਆਪਣੀ ਇਹ ਸਮੱਸਿਆ ਵੀ ਦੱਸ ਦਈਂ। ਸ਼ਾਇਦ ਉਹ ਵੀ ਕੁਝ ਕਰ ਸਕਣ।'

ਚੌਧਰੀ ਨੇ ਨੇਕ ਸਲਾਹ ਦਿੱਤੀ ਸੀ। ਗੁਰਦਿਆਲ 'ਤੇ ਪਾਰਸ ਦੇ ਬੜੇ ਅਹਿਸਾਨ ਸਨ। ਉਹਨੇ ਕਈ ਸਾਲ ਪਹਿਲਾਂ ਉਹਨੂੰ ਵਾਇਸ-ਚਾਂਸਲਰੀ ਵੀ ਦਿੱਤੀ ਸੀ। ਪੂਰੀ ਤਿੰਨ ਸਾਲ ਯੂਨੀਵਰਸਿਟੀ 'ਤੇ ਉਹਦੀ ਹਾਕਮੀ ਰਹੀ ਸੀ। ਉਹ ਮਿਆਦ ਤਿੰਨ ਸਾਲ ਹੋਰ ਵਧਾਉਣ ਨੂੰ ਵੀ ਤਿਆਰ ਸੀ।ਗੁਰਦਿਆਲ ਆਪ ਹੀ ਨਹੀਂ ਸੀ ਮੰਨਿਆ। ਏਸ ਵੇਲੇ ਉਹਨੂੰ ਉਹਦੇ ਕੋਲ ਜਾਣਾ ਚਾਹੀਦਾ ਸੀ ਤੇ ਕੋਈ ਸੇਵਾ ਮੰਗਣੀ ਚਾਹੀਦੀ ਸੀ।



'ਚੌਧਰੀ ਸਾਹਿਬ, ਮੈਂ ਜ਼ਰੂਰ ਮਿਲਾਂਗਾ ਜਾ ਕੇ ਉਹਨਾਂ ਨੂੰ। ਉਹਨਾਂ ਨੂੰ ਮਿਲ ਕੇ ਤੁਹਾਡੇ ਵਲ ਆਵਾਂਗਾ।'

'ਠੀਕ ਏ, ਓਦੋਂ ਤਕ ਅਸੀਂ ਵੀ ਸਾਰੇ ਹਿਸਾਬ ਲਾ ਲਏ ਹੋਣਗੇ। ਫ਼ਿਕਰ ਨਾ ਕਰ। ਕੁਝ ਨਾ ਕੁਝ ਜ਼ਰੂਰ ਕਰਾਂਗੇ। ਬਹੁਤੀ ਢਿੱਲ ਨਾ ਕਰੀਂ।'

'ਨਹੀਂ ਚੌਧਰੀ ਸਾਹਿਬ, ਕੁਝ ਦਿਨਾਂ 'ਚ ਪਹੁੰਚ ਜਾਵਾਂਗਾ। ਪਹਿਲੋਂ ਏਥੇ ਇਹ ਮਨਚੰਦਾ ਸਾਹਿਬ ਵਾਲਾ ਕੰਮ ਕਰ ਲਵਾਂ।'

'ਹਾਂ ਭਾਈ, ਇਹ ਕੰਮ ਵੀ ਬੜਾ ਜ਼ਰੂਰੀ ਏ। ਮਨਚੰਦਾ ਬੜਾ ਹੀ ਕਾਰਾਮਦ ਬੰਦੈ। ਕਦੀ ਤੇਰੇ ਕੰਮ ਵੀ ਆਏਗਾ।'

ਚੌਧਰੀ ਨੇ ਫੇਰ ਇਹ ਬਸਤਾ ਬੰਦ ਕਰ ਦਿੱਤਾ। ਉਹਦਾ ਹਾਵ-ਭਾਵ ਬਦਲ ਗਿਆ। ਏਧਰ ਓਧਰ ਵੇਖਣ ਲੱਗਾ। ਓਪਰਾ ਲੱਗਣ ਲੱਗ ਪਿਆ। ਫੇਰ ਉਹਦਾ ਹੱਥ ਘੰਟੀ 'ਤੇ ਗਿਆ ਤੇ ਉਹਦਾ ਬਟਨ ਦਬਿਆ ਗਿਆ। ਬੂਹੇ 'ਚੋਂ ਜਗਨ ਨਾਥ ਦਾ ਸਿਰ ਨਿਕਲਿਆ।

ਗੁਰਦਿਆਲ ਨੂੰ ਸਮਝ ਪੈ ਗਈ ਕਿ ਉਹਦੇ ਵੀ ਨਿਕਲਣ ਦਾ ਸਮਾਂ ਹੋ ਗਿਆ ਏ। ਉਹਨੇ ਛੁੱਟੀ ਲਈ ਤੇ ਉੱਠ ਖਲੋਤਾ।

# ਦਾਖ਼ਲਾ

ਚੌਧਰੀ ਨੇ ਤਾਂ ਕਹਿ ਦਿੱਤਾ ਸੀ ਕਿ ਫ਼ਿਕਰ ਨਾ ਕਰੀਂ, ਪਰ ਫ਼ਿਕਰ ਗੁਰਦਿਆਲ ਨੂੰ ਲੱਗਾ ਹੋਇਆ ਸੀ। ਉਹਨੂੰ ਸੁੰਦਰ ਦਾਸ ਦਾ ਹਿਸਾਬ ਠੀਕ ਨਹੀਂ ਸੀ ਜਾਪ ਰਿਹਾ। ਹਰਿਆਣੇ 'ਚ ਦੋ ਸੀਟਾਂ ਦੀ ਨਹੀਂ, ਇਕੋ ਸੀਟ ਦੀ ਗੁੰਜਾਇਸ਼ ਸੀ। ਉਹ ਚੌਧਰੀ ਦੇ ਕੁੜਮ ਨੂੰ ਮਿਲ ਜਾਣੀ ਸੀ। ਗੁਰਦਿਆਲ ਨੇ ਸੁੱਕਾ ਰਹਿ ਜਾਣਾ ਸੀ। ਘਰ ਪਰਤਦਿਆਂ ਗੁਰਦਿਆਲ ਦਾ ਮਨ ਇਹਨਾਂ ਸੋਚਾਂ ਨੇ ਹੀ ਮੱਲਿਆ ਹੋਇਆ ਸੀ।

ਉਹਨੂੰ ਯਾਦ ਆਇਆ, ਟੁਰਨ ਵੇਲੇ ਚੌਧਰੀ ਨੇ ਮਾੜੀ ਜਿਹੀ ਆਸ ਦਵਾਈ ਸੀ। ਚੰਡੀਗੜ੍ਹ ਛੇਤੀ ਜਾਣਾ ਚਾਹੀਦਾ ਸੀ। ਪਾਰਸ ਨੂੰ ਵੀ ਮਿਲਣਾ ਚਾਹੀਦਾ ਸੀ। ਉਹਨੂੰ ਆਪਣੀ ਸਮੱਸਿਆ ਦੱਸਣੀ ਚਾਹੀਦੀ ਸੀ ਤੇ ਚੌਧਰੀ ਨੂੰ ਫ਼ੋਨ ਕਰਵਾਣਾ ਚਾਹੀਦਾ ਸੀ। ਪਰ ਜਾਏ ਤਾਂ ਜੇ ਪਹਿਲੋਂ ਮਨਚੰਦੇ ਦਾ ਟੰਟਾ ਮੁੱਕ ਜਾਵੇ। ਉਹਦੇ ਮੁੱਕੇ ਬਿਨਾਂ ਉਹ ਚੌਧਰੀ ਦੇ ਮੱਥੇ ਨਹੀਂ ਸੀ ਲਗ ਸਕਦਾ।

ਉਹਨੇ ਮਤਾ ਪਕਾਇਆ ਕਿ ਮਨਚੰਦੇ ਦੇ ਮਾਮਲੇ 'ਚ ਪਹਿਲ ਕਰਨੀ ਚਾਹੀਦੀ ਏ। ਉਹਨੂੰ ਆਪ ਸੱਦ ਲੈਣਾ ਚਾਹੀਦੈ। ਉਹਦਾ ਫ਼ੋਨ ਨਹੀਂ ਉਡੀਕਣਾ ਚਾਹੀਦਾ। ਉਹਦਾ ਕੀ ਪਤਾ। ਉਹ ਢਿੱਲ ਵੀ ਕਰ ਸਕਦੈ। ਜ਼ਰੂਰ ਹੀ ਹੋਰਨਾਂ ਸਕੂਲਾਂ 'ਚ ਵੀ ਹੱਥ-ਪੈਰ ਮਾਰ ਰਿਹਾ ਹੋਵੇਗਾ। ਫ਼ੋਨ ਉਹਨੂੰ ਹੁਣੇ ਹੀ ਕਿਉਂ ਨਾ ਕੀਤਾ ਜਾਵੇ। ਪਰ ਕੋਲ ਨੰਬਰ ਨਹੀਂ ਉਹਦਾ। ਨੰਬਰ ਜਗਨ ਨਾਥ ਤੋਂ ਲਿਆ ਜਾ ਸਕਦੈ।

ਗੁਰਦਿਆਲ ਨੇ ਕਾਰ ਸੜਕ ਦੇ ਇਕ ਪਾਸੇ ਲਾ ਲਈ ਤੇ ਜਗਨ ਨਾਥ ਦਾ ਫ਼ੋਨ ਮਿਲਾਇਆ। ਉਹਨੇ ਮਨਚੰਦੇ ਦਾ ਨੰਬਰ ਦੇ ਦਿੱਤਾ। ਗੁਰਦਿਆਲ ਨੇ ਫੇਰ ਮਨਚੰਦੇ ਦੀ ਘੰਟੀ ਖੜਕਾਈ। ਉਹਨੂੰ ਸਭ ਖਬਰ ਸੀ। ਉਹਦੇ ਬੰਦੇ ਨੇ ਉਹਨੂੰ ਦੱਸ ਦਿੱਤਾ ਹੋਇਆ ਸੀ। ਉਸ ਪੁਛਿਆ,

'ਜੀ! ਕਦੋਂ ਹਾਜ਼ਿਰ ਹੋਵਾਂ? ਸ਼ਾਮੀਂ ਆ ਜਾਵਾਂ?'

'ਨਹੀਂ, ਕਲ੍ਹ ਸਵੇਰੇ। ਦਸ ਕੁ ਵਜੇ ਨਾਲ। *ਐਕਟੀਵਿਟੀ ਸਕੂਲ* ਹੀ ਨਾ, ਉਹ ਜਿਹੜਾ *ਅਸ਼ੋਕਾ ਹੋਟਲ* ਕੋਲ ਏ?'

'ਜੀ, ਉਹੀਓ ਹੀ।'

'ਫੇਰ ਆ ਜਾਓ ਸਵੇਰੇ ਕਲ੍ਹ। ਬੱਚੇ ਦਾ ਸਾਰਾ ਵੇਰਵਾ ਨਾਲ ਲੈ ਆਉਣਾ...'

'ਬੱਚੇ ਨੂੰ ਵੀ?'



'ਨਹੀਂ, ਅਜੇ ਨਹੀਂ। ਉਹਦੀ ਲੋੜ ਦਾਖ਼ਲੇ ਵੇਲੇ ਪਵੇਗੀ।'

ਗੁਰਦਿਆਲ ਨੇ ਗੱਡੀ ਫੇਰ ਘਰ ਦੇ ਰਾਹੇ ਪਾ ਦਿਤੀ। ਸਕੂਲ ਦਾ ਸੋਚਣ ਲੱਗਾ। ਦੋ-ਚਾਰ ਸਾਲ ਪਹਿਲਾਂ ਉਹਨੇ ਇਹਦਾ ਨਾਂ ਅਖ਼ਬਾਰਾਂ 'ਚ ਪੜ੍ਹਿਆ ਸੀ। ਇਹ ਸਰਕਾਰ ਦੇ ਬਿਊਰੋਕ੍ਰੈਟਾਂ ਨੇ ਆਪਣੇ ਬੱਚਿਆਂ ਲਈ ਬਣਾਇਆ ਸੀ। ਨਵੀਂ ਦਿੱਲੀ 'ਚ ਬੜੀ ਵਧੀਆ ਜ਼ਮੀਨ ਅਲਾਟ ਕਰਾ ਲਈ ਸੀ। ਬੜੀ ਹੀ ਵਧੀਆ ਉਸਾਰੀ ਕਰਾਈ ਸੀ। ਬੜਾ ਹੀ ਵਧੀਆ ਸਟਾਫ਼ ਰਖਿਆ ਸੀ। ਕੁਝ ਹੀ ਸਾਲਾਂ 'ਚ ਸਕੂਲ ਦਾ ਨਾਂ ਹੋ ਗਿਆ ਸੀ। ਮਾਪੇ ਆਪਣੇ ਬੱਚੇ ਓਥੇ ਦਾਖ਼ਲ ਕਰਾਉਣ ਲਈ ਸਹਿਕਦੇ ਸਨ। ਪਰ ਦਾਖ਼ਲ ਉਹ ਹੀ ਹੁੰਦੇ ਸਨ, ਜਿਹੜੇ ਬਿਊਰੋਕ੍ਰੈਟਾਂ ਦੇ ਜਾਏ ਹੁੰਦੇ ਸਨ, ਜਾਂ ਉਹਨਾਂ ਦੇ ਕੁਝ-ਲਗਦੇ। ਜਾਂ ਜਿਨ੍ਹਾਂ ਦੀ ਕੋਈ ਰੂ-ਰਿਆਇਤ ਹੁੰਦੀ। ਬਾਕੀ ਵੇਖਦੇ ਰਹਿ ਜਾਂਦੇ ਤੇ ਸਿਫ਼ਾਰਸ਼ਾਂ ਲੱਭਦੇ ਫਿਰਦੇ।

'ਕਿਹਨੂੰ ਕਿਹਾ ਜਾਏ?' ਗੁਰਦਿਆਲ ਦਿਮਾਗ ਦੌੜਾਣ ਲੱਗਾ। ਕੋਈ ਯਾਦ ਨਹੀਂ ਸੀ ਆ ਰਿਹਾ। ਉਹਨੇ ਗੱਡੀ ਫੇਰ ਇਕ ਪਾਸੇ ਲਾ ਲਈ। ਮੋਬਾਇਲ ਕੱਢਿਆ ਤੇ ਉਹਦੇ 'ਚ ਭਰੇ ਪਏ ਨਾਂ ਤੇ ਨੰਬਰ ਵੇਖਣ ਲਗਾ। ਪਹਿਲੇ ਅੱਖਰ ਤੋਂ ਸ਼ੁਰੂ ਹੋਇਆ। *ਕੇ* ਅੱਖਰ ਦੇ ਵਿਚਾਲਿਉਂ ਲੰਘਦਿਆਂ ਉਹਨੂੰ ਖਰਬੰਦਾ ਯਾਦ ਆ ਗਿਆ। ਉਹਨੇ ਉਹਦਾ ਨਾਂ ਤੇ ਨੰਬਰ ਲੱਭਿਆ। ਰੱਬੋਂ ਉਹ ਓਥੇ ਹੈ ਸੀ।

ਖਰਬੰਦਾ ਸਪੋਰਟਸ ਮਨਿੱਸਟਰੀ 'ਚ ਡਿਪਟੀ ਸੈਕਟਰੀ ਸੀ। ਪਹਿਲਵਾਨੀ ਫ਼ੈਡਰੇਸ਼ਨ ਦਾ ਆਹੁਦੇਦਾਰ ਹੋਣ ਕਰਕੇ ਉਹਦੇ ਨਾਲ ਉਹਦੀ ਕਦੀ-ਕਦੀ ਗੱਲ ਹੁੰਦੀ ਰਹਿੰਦੀ ਸੀ। ਚੰਗੀ ਬੇ-ਤਕੱਲਫ਼ੀ ਸੀ ਉਹਦੇ ਨਾਲ। ਗੁਰਦਿਆਲ ਨੇ ਉਹਦਾ ਨੰਬਰ ਦੱਬ ਦਿੱਤਾ।

ਆਵਾਜ਼ ਦੇ ਕੰਨੀਂ ਪੈਂਦਿਆਂ ਹੀ ਖਰਬੰਦੇ ਨੇ ਫ਼ੋਨ ਕਰਨ ਵਾਲੇ ਨੂੰ ਪਛਾਣ ਲਿਆ। ਗੁਰਦਿਆਲ ਨੇ ਪੁੱਛਿਆ,

'ਖਰਬੰਦਾ ਸਾਹਿਬ, *ਐਕਟਿਵਿਟੀ ਸਕੂਲ* ਦੇ ਕਿਸੇ ਮੁਅਤਬਰ ਬੰਦੇ ਦਾ ਪਤਾ ਜੇ? ਉਸ *ਫਾਈਵ ਸਟਾਰ* ਸਕੂਲ ਦਾ, ਜਿਹੜਾ *ਅਸ਼ੋਕਾ ਹੋਟਲ* ਕੋਲ ਏ? ਬੰਦਾ ਕੋਈ ਇਹੋ ਜਿਹਾ ਦੱਸੋ, ਜਿਹਦਾ ਕਿਹਾ ਕੋਈ ਟਾਲ ਨਾ ਸਕੇ।'

'ਬੰਦੇ ਤਾਂ ਬੜੇ ਨੇ। ਮੇਰਾ ਭਣੇਵਾਂ ਵੀ ਓਥੇ ਪੜ੍ਹ ਰਿਹੈ।'

'ਹੱਛਾ! ਉਹਨੂੰ ਕਿਵੇਂ ਦਾਖ਼ਲ ਕਰਾਇਆ ਸਾਜੇ?'

'ਕੋਈ ਮੁਸ਼ਕਿਲ ਨਹੀਂ ਸੀ ਹੋਈ। ਯਾਰ, ਡਿਪਟੀ ਸੈਕਟਰੀ ਹਾਂ। ਵੇਲੇ ਸਿਰ ਮੈਂ ਉਹਦਾ ਨਾਂ ਰਜਿਸੱਟਰ ਕਰਾ ਦਿੱਤਾ। ਉਹਦਾ ਦਾਖਲਾ ਹੋ ਗਿਆ। ਕਿਸੇ ਕੁਝ ਵੀ ਨਾ ਪੁੱਛਿਆ।'

'ਖਰਬੰਦਾ ਸਾਹਿਬ, ਜਿਹੜਾ ਬੱਚਾ ਮੈਂ ਦਾਖ਼ਲ ਕਰਾਣੈਂ, ਉਹ ਬਿਜ਼ਨੈਸ-

ਪਰਵਾਰ ਦੈ। ਕਰਾਣਾ ਜ਼ਰੂਰ ਏ। ਉਤੋਂ ਹੁਕਮ ਹੋਇਐ। ਕਰਾਣਾ ਵੀ ਛੇਤੀ ਏ। ਦੋ ਤਿੰਨਾਂ ਦਿਨ 'ਚ।'

'ਦਾਖ਼ਲੇ ਤਾਂ ਅੱਜਕਲ ਹੋ ਰਹੇ ਹੋਣਗੇ।'

'ਏਸੇ ਲਈ। ਦੱਸੋ ਕਿਸੇ ਬੰਦੇ ਦਾ ਨਾਂ, ਜਿਸ ਤੋਂ ਕਹਿਵਾਈਏ।'

ਖ਼ਰਬੰਦੇ ਨੂੰ ਅਜਿਹੇ ਬੰਦੇ ਦੀ ਖ਼ਬਰ ਸੀ। ਉਹਨੇ ਇਕਦਮ ਦੱਸ ਦਿਤਾ,

'*ਮਨਿੱਸਟਰੀ ਔਫ਼ ਹਿਊਮਨ ਰੀਸੋਰਸਿਸ* 'ਚ ਇਕ ਡਿਪਟੀ ਸੈਕਟਰੀ ਏ, ਮਿ. ਅਗਰਵਾਲ। ਸਕੂਲ ਦੀ ਪ੍ਰਿੰਸੀਪਲ ਉਹਦੀ ਚਾਚੀ ਏ। ਮਿਸਿਜ਼ ਸੁਸ਼ੀਲ ਗੁਪਤਾ।'

'ਯਾਰ, ਇਕ ਵੇਲੇ ਹੋਮ ਮਨਿੱਸਟਰੀ 'ਚ ਐਡੀਸ਼ਨਲ ਸੈਕਟਰੀ ਹੁੰਦੇ ਸਨ, ਪਰਾਨ ਅਗਰਵਾਲ...।'

'ਉਹ ਅਜੇ ਵੀ ਹੈ ਨੇ, ਖਰਬੰਦੇ ਨੇ ਗੱਲ ਪੂਰੀ ਨਾ ਹੋਣ ਦਿੱਤੀ, 'ਰੀਟਾਇਰ ਹੋ ਚੁੱਕੇ ਨੇ, ਪੂਰੇ ਸੈਕਟਰੀ ਦੇ ਅਹੁਦੇ ਤੋਂ। ਉਹ ਡਿਪਟੀ ਸੈਕਟਰੀ ਅਗਰਵਾਲ ਦੇ ਪਿਤਾ ਨੇ।'

'ਹੱਛਾ!' ਗੁਰਦਿਆਲ ਦੀਆਂ ਵਾਛਾਂ ਖਿੜ ਪਈਆਂ। 'ਕਮਾਲ ਏ ਯਾਰ, ਅਗਰਵਾਲ ਸਾਰੇ ਹੀ ਸਰਕਾਰ 'ਚ ਵੜੇ ਹੋਏ ਨੇ!'

'ਕਿਉਂ ਨਾ ਵੜਨ?' ਖਰਬੰਦਾ ਚਿੜ ਪਿਆ। 'ਸਿਫ਼ਾਰਸ਼ਾਂ ਨਾਲ ਨਹੀਂ ਵੜੇ, ਇਮਤਿਹਾਨ ਪਾਸ ਕਰਕੇ ਵੜੇ ਨੇ। ਨਾਲੇ, ਤੁਹਾਨੂੰ ਕੀ? ਤੁਹਾਡਾ ਤਾਂ ਕੰਮ ਸੌਖਾ ਹੋ ਗਿਐ।'

'ਯਾਰ, ਸਿੱਧਾ ਪਰਾਨ ਅਗਰਵਾਲ ਨੂੰ ਹੀ ਕਹਿਣੇ ਹਾਂ। ਕਿਸੇ ਵੇਲੇ ਮੇਰੇ ਬੜੇ ਜਾਣਕਾਰ ਹੁੰਦੇ ਸਨ। ਉਹਨਾਂ ਦਾ ਕੋਈ ਨਾਂ-ਪਤਾ ਹੈ ਜੇ? ਜਾਂ ਫੋਨ ਨੰਬਰ ਕੋਈ?'

'ਸੀਨੀਅਰ ਅਗਰਵਾਲ ਆਪਣੇ ਪੁੱਤਰ ਕੋਲ ਹੀ ਰਹਿੰਦੇ ਨੇ। ਏਸੇ ਡਿਪਟੀ ਸੈਕਟਰੀ ਅਗਰਵਾਲ ਦੇ ਘਰ। ਤੁਹਾਨੂੰ ਉਹਨਾਂ ਦੀ ਲੈਂਡ-ਲਾਈਨ ਦਾ ਨੰਬਰ ਦੇ ਦੇਨਾਂ। ਮੇਰੀ ਮੰਨੋ ਤਾਂ ਸਿੱਧੇ ਉਹਨਾਂ ਕੋਲ ਹੀ ਚਲੇ ਜਾਓ। ਦੇਰ ਨਾ ਕਰੋ। ਜੇ ਸੀਟਾਂ ਭਰ ਗਈਆਂ ਤਾਂ ਕੋਈ ਕੁਝ ਵੀ ਨਹੀਂ ਕਰ ਸਕੇਗਾ।'

'ਮੈਂ ਅੱਜ ਹੀ ਪਹੁੰਚਨਾਂ ਉਹਨਾਂ ਕੋਲ। ਜੇ ਘਰ ਦਾ ਪਤਾ ਹੋਵੇ ਤਾਂ ਉਹ ਵੀ ਲਿਖਵਾ ਦਿਓ।'

ਖਰਬੰਦੇ ਨੇ ਲਿਖਵਾ ਦਿਤਾ। ਅਗਰਵਾਲ ਨੇੜੇ ਹੀ ਰਹਿੰਦਾ ਸੀ। ਰਾਬਿੰਦਰਾ ਪਾਰਕ 'ਚ। ਖਾਨ ਮਾਰਕਿਟ ਦੇ ਨਾਲ ਕਰਕੇ। ਆਪ ਗੁਰਦਿਆਲ ਦੀ ਕੋਠੀ ਤੋਂ ਕੁਝ ਮਿੰਟਾਂ ਦੀ ਪੈਦਲ ਵਾਟ ਸੀ।

ਗੁਰਦਿਆਲ ਪਰਾਨ ਅਗਰਵਾਲ ਨੂੰ ਚਿਤਾਰਨ ਲੱਗਾ। ਬੜਾ ਚੁਸਤ ਬੰਦਾ ਹੁੰਦਾ ਸੀ। *ਐਕਸ਼ਨ* 'ਚ ਯਕੀਨ ਰਖਦਾ ਸੀ। ਕਾਇਦੇ-ਕਾਨੂੰਨ ਦੀ ਪਰਵਾਹ



ਨਹੀਂ ਸੀ ਕਰਦਾ। ਹੁਣ ਤਾਂ ਬੁੱਢਾ ਹੋ ਗਿਆ ਹੋਵੇਗਾ ਵਿਚਾਰਾ। ਗੋਡੇ ਦੁਖਦੇ ਹੋਣਗੇ ਸੂ। ਮਨਚੰਦੇ ਦੇ ਬੱਚੇ ਨਾਲ ਸਕੂਲ ਨਹੀਂ ਜਾ ਸਕੇਗਾ।

'ਚਲੋ ਵੇਖੀ ਜਾਏਗੀ', ਗੁਰਦਿਆਲ ਦੇ ਬੁੱਲ੍ਹ ਫਰਕੇ।' ਅੱਜ ਸ਼ਾਮੀਂ ਹੀ ਫੜ ਲੈਣੇ ਹਾਂ ਜਾ ਕੇ ਉਹਨੂੰ।'

ਓਸ ਗੱਡੀ ਟੋਰ ਦਿੱਤੀ।

#

ਅਜੇ ਸ਼ਾਮ ਹੋਈ ਹੀ ਸੀ। ਗੁਰਦਿਆਲ ਨੇ ਪਰਾਨ ਅਗਰਵਾਲ ਨੂੰ ਫ਼ੋਨ ਕੀਤਾ। ਘੰਟੀ ਬੜਾ ਚਿਰ ਵੱਜਦੀ ਰਹੀ। ਅਖ਼ੀਰ ਫ਼ੋਨ ਕਿਸੇ ਬੀਬੀ ਨੇ ਚੁੱਕਿਆ। ਆਵਾਜ਼ ਵਡੇਰੀ ਉਮਰ ਦੀ ਲਗਦੀ ਸੀ। ਕਹਿਣ ਲੱਗੀ,

'ਇਹ ਟੈਨਿਸ ਖੇਡਣ ਗਏ ਹੋਏ ਨੇ।'

'ਹੱਛਾ! ਏਸ ਉਮਰੇ ਵੀ ਖੇਡਦੇ ਨੇ ਟੈਨਿਸ?' ਗੁਰਦਿਆਲ ਖਿੜਖਿੜਾ ਪਿਆ।

'ਰੋਜ਼ ਨਹੀਂ। ਹਫ਼ਤੇ 'ਚ ਦੋ ਦਿਨ। ਥੋੜੇ ਚਿਰ ਲਈ। ਬਸ ਆਉਣ ਵਾਲੇ ਨੇ।'

'ਪਰਾਨ ਅਗਰਵਾਲ ਦੀ ਘਰੋਂ ਲਗਦੀ ਏ। ਓਡੀ ਹੀ ਹੋਵੇਗੀ। ਤਾਂ ਹੀ ਆਵਾਜ਼ ਏਨੀ ਲਿੱਸੀ ਏ,' ਗੁਰਦਿਆਲ ਨੇ ਸੋਚਿਆ।

'ਉਹਨਾਂ ਨੂੰ ਕਹਿਣਾ, ਕੁਝ ਚਿਰ ਬਾਅਦ ਉਹਨਾਂ ਦਾ ਇਕ ਪੁਰਾਣਾ ਵਾਕਿਫ਼ ਮਿਲਣ ਆ ਰਿਹੈ ਉਹਨਾਂ ਨੂੰ। ਪੰਦਰਾਂ-ਵੀਹ ਮਿੰਟਾਂ ਲਈ। ਕੋਈ ਕੰਮ ਸੂ', ਗੁਰਦਿਆਲ ਨੇ ਸੁਨੇਹਾ ਦਿੱਤਾ।

ਛੇ ਕੁ ਵਜੇ ਨਾਲ ਉਹ ਕੋਠੀਉਂ ਨਿਕਲ ਪਿਆ। ਪੈਦਲ। ਸਹਿਜੇ-ਸਹਿਜੇ ਕਦਮ ਪੁੱਟਦਾ। ਸੜਕ ਦੇ ਨਾਲ-ਨਾਲ ਪਟੜੀ ਉਤੇ। ਹੁਣ ਤੋਂ ਬੇ-ਧਿਆਨਾ। ਓਸ ਸਮੇਂ ਨੂੰ ਚਿਤਵਦਾ, ਜਦੋਂ ਪਰਾਨ ਅਗਰਵਾਲ ਨਾਲ ਉਹਦੀ ਛੋਹ ਰਹਿੰਦੀ ਸੀ।

ਤੀਹ ਪੈਂਤੀ ਸਾਲ ਪਹਿਲਾਂ ਦਾ ਸਮਾਂ ਸੀ। ਸ਼ਾਇਦ ਲੰਘ ਗਈ ਸਦੀ ਦਾ ਸੰਨ ਪਚੱਤਰ ਸੀ। ਗੁਰਦਿਆਲ ਸਤਾਈ ਅਠਾਈ ਵਰ੍ਹਿਆਂ ਦਾ ਹੁੰਦਾ ਹੋਵੇਗਾ। ਵਿਆਹਿਆ ਹੋਇਆ ਸੀ। ਬੇਟਾ ਸੀ। ਆਪਣਾ ਬੌਬੀ। ਉਹਨੂੰ ਪੰਜਵਾਂ ਵਰ੍ਹਾ ਸੀ। ਗੁਰਦਿਆਲ ਕੋਲ ਨਾ ਕੋਈ ਨੌਕਰੀ ਹੁੰਦੀ ਸੀ, ਨਾ ਕੋਈ ਆਪਣਾ ਕੰਮ। ਸਿਰਫ਼ ਸਿਆਸਤ ਕਰਦਾ ਸੀ ਉਹ। ਗਰਮਾ-ਗਰਮ ਸਿਆਸਤ। ਸੰਜੇ ਗਾਂਧੀ ਦੀ ਯੂਥ ਕਾਂਗਰਸ 'ਚ ਸੀ। ਉਡਦਾ ਫਿਰਦਾ ਸੀ। ਫੇਰ ਜਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਕੋਈ ਭੀੜਾ ਬਣੀ, ਉਹਨੇ ਦੇਸ 'ਚ ਐਮਰਜੈਂਸੀ ਲਾ ਦਿੱਤੀ। ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਠੋਕ ਦਿੱਤੀਆਂ। ਉਹਨਾਂ ਦਿਨਾਂ ਨੂੰ

ਲੋਕ *ਕਾਲੇ ਦਿਨ* ਕਹਿੰਦੇ ਸਨ। ਪਰ ਗੁਰਦਿਆਲ ਤੇ ਯੂਥ ਕਾਂਗਰਸ ਦੇ ਉਹਦੇ ਸਾਥੀਆਂ ਨੂੰ ਉਹ ਦਿਨ ਡਾਢੇ ਚਿੱਟੇ ਲਗਦੇ ਸਨ। ਧੋਬੀ-ਧੁੱਪੇ। ਕਲਫ਼-ਲਗੇ। ਰੌਸ਼ਨ। ਉਹਨਾਂ ਭਾਣੇ ਸੂਰਜ ਡੁੱਬਦਾ ਹੀ ਨਹੀਂ ਸੀ। ਜੇ ਡੁੱਬਦਾ ਵੀ ਸੀ ਤਾਂ ਪਹਿਲੋਂ ਪੂਰੇ ਚੰਨ ਨੂੰ ਚੜ੍ਹ ਲੈਣ ਦੇਂਦਾ ਸੀ।

'ਕਿੰਨਾ ਚਿਰ ਰਹੀ ਸੀ ਇਹ ਐਮਰਜੈਂਸੀ?' ਗੁਰਦਿਆਲ ਨੇ ਆਪਣੇ ਆਪ ਨੂੰ ਪੁੱਛਿਆ। ਅਨੁਮਾਨ ਲਾਉਣ ਲੱਗਾ। ਕੋਈ ਇੱਕੀ ਮਹੀਨੇ। ਫੇਰ ਚੋਣਾਂ ਹੋਈਆਂ। ਕਾਂਗਰਸ ਬੁਰੀ ਤਰ੍ਹਾਂ ਹਾਰੀ। ਸੰਜੇ ਦੀ ਛੁੱਟੀ ਹੋ ਗਈ। ਪਰ ਗੁਰਦਿਆਲ ਉਹਦੇ ਨਾਲ ਹੀ ਰਿਹਾ। ਸੜਕਾ 'ਤੇ ਨਿਕਲਿਆ। ਜਨਪਥ ਤੇ ਮੁਜ਼ਾਹਿਰਾ ਕੀਤਾ ਤੇ ਪੁਲਸ ਤੋਂ ਕੁੱਟ ਖਾਧੀ। ਫੱਟੜ ਹੋਇਆ। ਹਸਪਤਾਲ ਪਿਆ ਰਿਹਾ। ਓਥੇ ਹੀ ਪੀੜ ਨਾਲ ਲੂਸਦਿਆਂ ਉਹਨੂੰ ਸੋਚ ਆਈ, 'ਸੰਜੇ ਦੇ ਦਿਨ ਲੱਦ ਗਏ ਨੇ। ਫੇਰ ਮੈਂ ਕਿਉਂ ਮਾਰੀ ਜਾਂ ਰਿਹਾਂ ਰੇਤ 'ਚ ਚੱਪੂ? ਕਿਉਂ ਨਾ ਜਾਵਾਂ ਓਥੇ, ਜਿਥੇ ਪਾਣੀ ਡੂੰਘਾ ਏ? ਬੇੜੀ ਚੱਲੇ ਤਾਂ ਸਹੀ।' ਜਦੋਂ ਹਸਪਤਾਲੋਂ ਨਿਕਲਿਆ, ਉਹ ਜਨਤਾ ਪਾਰਟੀ 'ਚ ਜਾ ਵੜਿਆ। ਭੁਲਾ ਦਿੱਤੇ ਉਹਨੇ ਆਪਣੇ *ਇੱਕੀ ਨੁਕਤੇ*।

ਇਹ *ਇੱਕੀ ਨੁਕਤੇ* ਵੀ ਮਜ਼ੇਦਾਰ ਚੀਜ਼ ਸਨ। ਸੰਜੇ ਗਾਂਧੀ ਨੇ ਆਪਣਾ ਫ਼ੌਰੀ ਪ੍ਰੋਗਰਾਮ ਇਹਨਾਂ ਨੁਕਤਿਆਂ 'ਚ ਘਸੋੜਿਆ ਹੋਇਆ ਸੀ। ਅਜੀਬ ਅਜੀਬ ਨੁਕਤੇ ਸਨ। ਸਾਰੇ ਚੇਤੇ ਵੀ ਨਹੀਂ ਸਨ ਆ ਰਹੇ। ਸੋਚ-ਸੋਚ ਗੁਰਦਿਆਲ ਨੂੰ ਸਿਰਫ਼ ਦੋ ਹੀ ਅਹੁੜੇ। ਇਕ ਇਹ ਕਿ ਦਿੱਲੀ ਸ਼ਹਿਰ 'ਚੋਂ ਝੁੱਗੀਆਂ ਝੌਂਪੜੀਆਂ ਹੂੰਝ ਦਿੱਤੀਆਂ ਜਾਣ। ਦੂਜਾ ਇਹ ਕਿ ਦੋ ਤੋਂ ਵਧ ਬੱਚਿਆਂ ਵਾਲਿਆਂ ਦੀ ਨਸਬੰਦੀ ਕੀਤੀ ਜਾਵੇ। ਇਹ ਨੁਕਤੇ ਕਈਆਂ ਨੂੰ ਬੜੇ ਹਸਾਉਣੇ ਲੱਗਦੇ ਸਨ। ਇਕ ਅੰਗ੍ਰੇਜ਼ੀ ਅਖ਼ਬਾਰ ਨੇ ਉਹਨਾਂ ਦਾ ਚੰਗਾ ਮਜ਼ਾਕ ਉਡਾਇਆ। ਇਕ ਕਾਰਟੂਨ ਛਾਪ ਕੇ। ਉਹਦੇ 'ਚ ਇਕ ਬੀਬੀ ਦੀ ਛਾਤੀ ਵਿਖਾਈ ਗਈ। ਉਹ ਚੰਗੀ ਫੁੱਲੀ ਹੋਈ ਸੀ ਤੇ ਉਹਦੀ ਡੋਡੀ ਚੰਗੀ ਉਤਾਂਹ ਉਠੀ ਹੋਈ ਸੀ। ਡੋਡੀ ਗੂਹੜੀ ਨੁਸਵਾਰੀ ਸੀ, ਜਿਵੇਂ ਉਤੇ ਚਾਕਲੇਟ ਮਲਿਆ ਹੋਵੇ। ਉਹਨੂੰ ਨਾਂ ਦਿੱਤਾ ਗਿਆ ਸੀ: *ਬਾਈਵਾਂ ਨੁਕਤਾ*। ਇਹ ਤੀਜਾ ਨੁਕਤਾ ਸੀ, ਜਿਹੜਾ ਗੁਰਦਿਆਲ ਨੂੰ ਅਜੇ ਤਕ ਨਹੀਂ ਸੀ ਭੁੱਲਿਆ। ਗੁੱਸਾ ਖਾ, ਬਹਾਦਰ ਸ਼ਾਹ ਜ਼ਫ਼ਰ ਮਾਰਗ ਏਸ ਅਖ਼ਬਾਰ ਦੇ ਦਫ਼ਤਰ ਨੂੰ ਉਹਨਾਂ, ਮਿੱਟੀ ਦਾ ਤੇਲ ਛਿੜਕ, ਅੱਗ ਲਾਣ ਦੀ ਕੋਸ਼ਿਸ਼ ਕੀਤੀ ਸੀ।

ਗੁਰਦਿਆਲ ਦਾ ਓਦੋਂ ਇਕ ਤਖ਼ੱਲਸ ਵੀ ਹੁੰਦਾ ਸੀ। ਉਹ ਗੁਰਦਿਆਲ ਸਿੰਘ ਆਜ਼ਾਦ ਅਖਵਾਉਂਦਾ ਸੀ, ਜਿਵੇਂ ਬਾਕੀ ਦੇ ਸਭੋ ਗੁਰਦਿਆਲ ਸਿੰਘ ਗੁਲਾਮ ਹੋਣ।

ਇਹਨਾਂ ਇੱਕੀ ਨੁਕਤਿਆਂ ਦੇ ਸੰਘਰਸ਼ 'ਚ ਉਹ ਪੇਸ਼-ਪੇਸ਼ ਰਿਹਾ। ਜਦੋਂ ਤੁਰਕਮਾਨ ਗੇਟ ਦੀਆਂ ਝੁੱਗੀਆਂ ਢਾਹੀਆਂ ਜਾ ਰਹੀਆਂ ਸਨ, ਉਹ ਵੀ ਓਥੇ



ਸੀ। ਉਹਦੇ ਹੱਥ 'ਚ ਵੀ ਬੇਲਚਾ ਸੀ। ਨਸਬੰਦੀ ਦੇ ਪ੍ਰਚਾਰ ਲਈ ਉਹਨੇ ਦਿੱਲੀ ਤੋਂ ਪਾਣੀਪਤ ਪੈਦਲ ਮਾਰਚ ਕੀਤਾ ਸੀ। ਜਦੋਂ ਕਿਸ਼ੋਰ ਕੁਮਾਰ ਨੇ ਯੂਥ ਕਾਂਗਰਸ ਦੇ ਸੰਮੇਲਨ 'ਚ, ਪੈਸੇ ਲਿਆਂ ਬਿਨਾਂ, ਗਾਉਣੋਂ ਨਾਂਹ ਕੀਤੀ ਸੀ, ਆਕਾਸ਼ ਵਾਣੀ ਦੇ ਨਾਲ-ਨਾਲ ਗੁਰਦਿਆਲ ਨੇ ਵੀ ਉਹਦਾ ਬਾਈਕਾਟ ਕੀਤਾ ਸੀ। ਉਹਦੀਆਂ ਟੇਪਾਂ ਸਾੜ ਦਿੱਤੀਆਂ ਸਨ ਤੇ ਮੁਹੰਮਦ ਰਫ਼ੀ ਨੂੰ ਸੁਣਨ ਲੱਗ ਪਿਆ ਸੀ।

ਗੁਰਦਿਆਲ ਸਾਹਵੇਂ ਸੰਜੇ ਦਾ ਆਕਾਰ ਉਘੜਿਆ। ਉਹਦੇ ਸਿਰ 'ਤੇ ਵਾਲ ਬੜੇ ਘੱਟ ਹੁੰਦੇ ਸਨ। ਐਨਕ ਢਿਲਕੀ ਹੁੰਦੀ ਸੀ। ਸ਼ਖ਼ਸੀਅਤ ਰੁਅਬਦਾਰ ਨਹੀਂ ਸੀ। ਪਰ ਫੇਰ ਵੀ ਉਹਦੀ ਤੂਤੀ ਬੋਲਦੀ ਸੀ। ਉਹਦੇ ਅੱਗੇ ਕੋਈ ਚੂੰ ਨਹੀਂ ਸੀ ਕਰਦਾ। ਜੋ ਕਰਦਾ, ਅੰਦਰ ਜਾਂਦਾ। ਜਾਂ ਉਹਦੇ 'ਤੇ ਸੀ-ਆਈ-ਡੀ ਛੱਡ ਦਿੱਤੀ ਜਾਂਦੀ। ਇਨਕਮ ਟੈਕਸ ਵਾਲੇ ਪਿੱਛੇ ਪਾ ਦਿੱਤੇ ਜਾਂਦੇ। ਜਦ ਕੇਂਦਰ ਦਾ ਪ੍ਰਸਾਰ ਮੰਤਰੀ ਉਹਦੇ ਆਖੇ ਨਾ ਲੱਗਾ, ਉਹਨੂੰ ਲਾਹ ਦਿੱਤਾ ਗਿਆ।

ਵੱਡੇ-ਵੱਡੇ ਅਫ਼ਸਰ ਵੀ ਉਹਦੀ ਜੀ-ਹਜ਼ੂਰੀ ਕਰਦੇ ਸਨ। ਹਰ ਮੰਤਰਾਲੇ 'ਚ ਦੋ-ਚਾਰ ਅਫ਼ਸਰ ਅਜਿਹੇ ਨੀਅਤ ਕੀਤੇ ਗਏ ਸਨ, ਜਿਨ੍ਹਾਂ ਹਿਦਾਇਤਾਂ ਸਿਰਫ਼ ਸੰਜੇ ਤੋਂ ਲੈਣੀਆਂ ਹੁੰਦੀਆਂ ਸਨ।

ਅੱਜ ਵਾਂਗ ਓਦੋਂ ਵੀ ਗੁਰਦਿਆਲ ਨੇ ਇਕ ਬੱਚਾ ਦਿੱਲੀ ਦੇ ਇਕ ਫ਼ੰਨੇ ਖਾਂ ਸਕੂਲ 'ਚ ਦਾਖ਼ਲ ਕਰਾਇਆ ਸੀ। ਆਪਣਾ ਬੌਬੀ। ਦੀਪਾਂ ਅੜੀ ਹੋਈ ਸੀ ਕਿ ਬੌਬੀ ਵੀ ਓਸੇ ਸਕੂਲ 'ਚ ਪੜ੍ਹੇ, ਜਿਥੇ ਉਹਦੀ ਇਕ ਅਮੀਰਜ਼ਾਦੀ ਸਹੇਲੀ ਦਾ ਮੁੰਡਾ ਪੜ੍ਹਦਾ ਸੀ। ਉਹਦੇ ਵਾਂਗ ਹੀ ਨੀਲੀ ਯੂਨੀਫ਼ਾਰਮ ਪਾਏ ਤੇ ਜਾਮਣੂ ਟਾਈ ਲਾਏ। ਗੁਰਦਿਆਲ ਨੂੰ ਦਾਖ਼ਲੇ 'ਚ ਕੋਈ ਮੁਸ਼ਕਿਲ ਨਾ ਆਈ। ਉਹਨੇ ਸੰਜੇ ਦੇ ਦਫ਼ਤਰੋਂ, ਉਹਦੇ ਨਾਂ 'ਤੇ ਸਕੂਲ ਦੇ ਪ੍ਰਿੰਸੀਪਲ ਦੇ ਨਾਂ ਇਕ ਚਿੱਠੀ ਟਾਈਪ ਕਰਵਾਈ। ਹੇਠਾਂ ਘੁੱਗੀ ਮਾਰ ਦਿਤੀ। ਬੌਬੀ ਨੂੰ ਲੈ, ਸਕੂਲ ਦੇ ਪ੍ਰਿੰਸੀਪਲ ਦੇ ਕਮਰੇ 'ਚ ਜਾ ਵੜਿਆ। ਪ੍ਰਿੰਸੀਪਲ ਨੇ ਸੰਜੇ ਦਾ ਨਾਂ ਪੜ੍ਹਿਆ ਤੇ ਠਠੰਬਰ ਗਈ। ਉਹਨੇ ਕੁਝ ਨਾ ਪੁੱਛਿਆ ਤੇ ਬੌਬੀ ਨੂੰ ਦਾਖ਼ਲ ਕਰ ਲਿਆ। ਜੇ ਉਹ ਸਮੇਂ ਹੁੰਦੇ ਤਾਂ ਅੱਜ ਉਹਨੂੰ ਪਰਾਨ ਅਗਰਵਾਲ ਨੂੰ ਲੱਭਣ ਦੀ ਲੋੜ ਨਾ ਪੈਂਦੀ।

ਪਰ ਜੇ ਉਹ ਸਮੇਂ ਹੁੰਦੇ ਤਾਂ ਲੱਭਣ ਲਈ ਕਿਤੇ ਜਾਣਾ ਵੀ ਨਹੀਂ ਸੀ ਪੈਣਾ। ਪਰਾਨ ਅਗਰਵਾਲ ਉਹਨਾਂ ਅਫ਼ਸਰਾਂ 'ਚੋਂ ਸੀ, ਜਿਹੜੇ ਸੰਜੇ ਨਾਲ ਨੱਥੀ ਸਨ। ਉਹ ਯੂਥ ਫ਼ੈਡਰੇਸ਼ਨ ਦੇ ਹੁਕਮ ਪਾਲਦਾ ਸੀ। ਫ਼ੈਡਰੇਸ਼ਨ ਦੇ ਦਫ਼ਤਰ ਆਉਂਦਾ ਰਹਿੰਦਾ ਸੀ ਤੇ ਉਹਦੇ ਨਾਲ ਟੱਕਰ ਹੁੰਦੀ ਰਹਿੰਦੀ ਸੀ। ਅਕਸਰ ਫੈਡਰੇਸ਼ਨ ਦੇ ਦਫ਼ਤਰ ਦੇ ਬਾਹਰ। ਫਾਟਕ ਕੋਲ ਕਰਕੇ। ਅਗਰਵਾਲ ਨੂੰ ਹਮੇਸ਼ਾ ਭਾਜੜ ਪਈ ਹੁੰਦੀ ਸੀ। ਲੇਟ ਹੋ ਰਿਹਾ ਹੁੰਦਾ ਸੀ। ਘਬਰਾਇਆ ਹੁੰਦਾ ਸੀ। ਸੰਜੇ ਨੂੰ ਪੱਛੜ ਕੇ ਪਹੁੰਚਣ ਵਾਲੇ ਚੰਗੇ ਨਹੀਂ ਸਨ ਲਗਦੇ। ਉਹਨਾਂ

ਨੂੰ ਉਹ ਅੱਗੋਂ ਕੜਕੇ ਮਾਰਦਾ ਸੀ। ਗੁਰਦਿਆਲ ਨੇ ਓਸ ਵੇਲੇ ਦੇ ਅਗਰਵਾਲ ਨੂੰ ਚਿਤਾਰਿਆ। ਲੰਮਾ-ਝੰਮਾ ਹੁੰਦਾ ਸੀ। ਸਰੀਰ ਕਸਰਤੀ ਸੀ। ਫੁਰਤੀਲਾ ਬੜਾ ਸੀ। ਲੰਮੀਆਂ ਪੁਲਾਂਘਾ ਪੁੱਟਦਾ ਆਉਂਦਾ ਸੀ। ਹਮੇਸ਼ਾ ਚਿੱਟਾ ਸੂੱਟ ਪਾਇਆ ਹੁੰਦਾ ਸੀ ਉਹਨੇ।

ਗੁਰਦਿਆਲ ਓਸ ਚੌਕ 'ਤੇ ਪਹੁੰਚ ਪਿਆ ਸੀ, ਜਿੱਥੋਂ ਰਾਬਿੰਦਰ ਪਾਰਕ ਸ਼ੁਰੂ ਹੁੰਦਾ ਸੀ। ਬੱਤੀ ਲਾਲ ਹੋਈ ਤੇ ਉਹਨੇ ਸੜਕ ਪਾਰ ਕੀਤੀ। ਫੁਟਪਾਥ ਉਤੇ ਪੈਰ ਰਖਦਿਆਂ ਉਹਨੂੰ ਸੰਸਾ ਹੋਇਆ, 'ਜੇ ਅਗਰਵਾਲ ਨੇ ਮੈਨੂੰ ਪਛਾਣਿਆਂ ਹੀ ਨਾ ਤਾਂ?' ਸੰਸਾ ਸਹੀ ਸੀ। ਸ਼ਕਲਾਂ ਬਦਲ ਗਈਆਂ ਹੋਈਆਂ ਸਨ। ਗੁਰਦਿਆਲ ਓਦੋਂ ਹੋਰ ਤਰ੍ਹਾਂ ਦਾ ਹੁੰਦਾ ਸੀ। ਕੁੜਤਾ-ਪਾਜਾਮਾ ਪਾਉਂਦਾ ਸੀ। ਛੋਟੀ ਜਿਹੀ ਦਾੜ੍ਹੀ ਹੁੰਦੀ ਸੀ ਉਹਦੀ। ਪੱਗ ਹੋਰ ਸ਼ੈਲੀ ਦੀ ਬੰਨ੍ਹਦਾ ਸੀ। ਅੱਜ ਵਾਂਗ ਟੱਸ਼ ਵੀ ਨਹੀਂ ਸੀ ਕੱਢਦਾ। ਕੀ ਕਹੇ ਉਹਨੂੰ ਜੇ ਉਹ ਨਾ ਪਛਾਣੇ ਤਾਂ? ਕਾਹਦਾ ਚੇਤਾ ਕਰਾਵੇ ਉਹਨੂੰ?

ਓਸ ਸਮੇਂ ਇਕ ਦਿਨ ਇਕ ਘਟਨਾ ਘਟੀ ਸੀ। ਉਹਨੇ ਆ ਆਪਣਾ ਚੇਤਾ ਕਰਾਇਆ। ਕੀ ਸੀ ਭਲਾ ਉਹ? ਗੁਰਦਿਆਲ ਦਿਮਾਗ਼ ਤੇ ਜ਼ੋਰ ਪਾਉਣ ਲਗਾ।

ਦੁਪਹਿਰ ਦਾ ਵੇਲਾ ਸੀ। ਕੁੱਝ ਬੱਦਲ ਵੀ ਸਨ। ਗੁਰਦਿਆਲ ਸੰਜੇ ਦੇ ਦਫ਼ਤਰ ਦੇ ਬਾਹਰ ਖੜਾ ਸੀ। ਉਹਦੇ ਹੱਥ 'ਚ ਝੰਡਾ ਸੀ। ਢਾਸਣਾ ਉਹਨੇ ਜ਼ਮੀਨ 'ਚ ਗੱਡੇ ਉਸ ਬੋਰਡ ਨੂੰ ਲਾਈ ਹੋਈ ਸੀ, ਜਿਸ ਉਤੇ ਇੱਕੀ ਨੁਕਤੇ ਲਿਖੇ ਹੋਏ ਸਨ। ਅਗਰਵਾਲ ਕਿਤੋਂ ਦੜੰਗੇ ਮਾਰਦਾ ਆਇਆ। ਉਹਨੂੰ ਠੁੱਡਾ ਵੱਜਾ ਤੇ ਉਹ ਡਿਗ ਪਿਆ। ਮੂੰਹ-ਭਰਨੇ। ਐਨ ਗੁਰਦਿਆਲ ਦੇ ਪੈਰੀਂ। ਉਹਦੇ ਮੱਥੇ ਫੱਟ ਪੈ ਗਿਆ। ਲਹੂ ਦੀਆਂ ਧਤੀਰੀਆਂ ਵਗ ਪਈਆਂ। ਗੁਰਦਿਆਲ ਨੇ ਝੰਡਾ ਸੁੱਟਿਆ ਤੇ ਉਹਨੂੰ ਚੁਕ ਲਿਆ। ਜੀਪ 'ਚ ਪਾਇਆ ਤੇ ਹਸਪਤਾਲ ਲੈ ਗਿਆ। ਡਾਕਟਰ ਨੇ ਟਾਂਕੇ ਲਾਏ। ਜ਼ਖ਼ਮ ਮੇਲਿਆ ਗਿਆ ਪਰ ਮੱਥੇ 'ਤੇ ਛੋਟਾ ਜਿਹਾ ਚਟਾਕ ਛੱਡ ਗਿਆ। 'ਉਹ ਚਟਾਕ ਅਜੇ ਵੀ ਨਹੀਂ ਗਿਆ ਹੋਣਾ', ਗੁਰਦਿਆਲ ਨੇ ਸੋਚਿਆ। 'ਅਗਰਵਾਲ ਨੇ ਪਲਾਸਟਿਕ ਸਰਜਰੀ ਤਾਂ ਕਰਾਈ ਨਹੀਂ ਹੋਣੀ। ਲੋੜ ਪੈਣ 'ਤੇ ਇਹ ਚਟਾਕ ਕੰਮ ਆ ਸਕਦਾ ਸੀ।'

#

ਅਗਰਵਾਲ ਦੀ ਕੋਠੀ ਨੂੰ ਕੋਠੀ ਨਹੀਂ ਸੀ ਕਿਹਾ ਜਾ ਸਕਦਾ, ਭਾਵੇਂ ਉਹਦੇ 'ਚ ਕੋਠੀ ਵਾਲਾ ਬੜਾ ਕੁਝ ਸੀ। ਅੱਗੇ ਲਾਅਨ ਸੀ, ਪਰ ਛੋਟਾ ਜਿਹਾ। ਖੁੱਲ੍ਹੀ ਥਾਂ ਪਿਛਵਾੜੇ ਵੀ ਹੋ ਸਕਦੀ ਸੀ। ਜੇ ਹੋਈ ਤਾਂ ਥੋੜੀ ਜਿਹੀ ਹੋਣੀ ਸੀ। ਘਰ ਚੰਗਾ ਬਣਿਆ ਹੋਇਆ ਸੀ, ਪਰ ਸੀ ਛੋਟਾ। ਗੁਰਦਿਆਲ ਦੀ



ਖੁੱਸਣ-ਨੂੰ-ਫਿਰਦੀ ਕੋਠੀ 'ਚ ਇਹੋ ਜਿਹੇ ਤਿੰਨ ਘਰ ਬਣ ਸਕਦੇ ਸਨ। ਉਹਨੂੰ ਹੌਸਲਾ ਹੋਇਆ। ਉਹ ਅੱਗੇ ਵਧਿਆ ਤੇ ਪਹਿਲੇ ਖੁੱਲ੍ਹੇ ਬੂਹੇ 'ਚੋਂ ਅੰਦਰ ਵੜ ਗਿਆ।

ਇਹ ਡਰਾਇੰਗ-ਰੂਮ ਸੀ। ਅਗਰਵਾਲ ਬੈਠਾ ਚਾਹ ਪੀ ਰਿਹਾ ਸੀ। ਉਹਨੇ ਚਿੱਟੀ ਟੀ-ਸ਼ਰਟ ਤੇ ਚਿੱਟੀ ਨਿੱਕਰ ਪਾਈ ਹੋਈ ਸੀ। ਪੈਰੀਂ ਚਿੱਟੇ ਫਲੀਟ ਸਨ। ਟੈਨਿਸ ਵਾਲਾ ਰੈਕਟ ਬਾਹੀ ਨਾਲ ਲੱਗਾ ਹੋਇਆ ਸੀ। ਗੁਰਦਿਆਲ ਨੇ ਉਹਦੇ ਮੱਥੇ ਵਲ ਵੇਖਿਆ। ਇੱਕੀ ਨੁਕਤਿਆਂ ਵਾਲਾ ਚਟਾਕ ਅਜੇ ਓਥੇ ਹੈ ਸੀ। ਬਾਈਵਾਂ ਜਾਂ ਤਈਵਾਂ ਨੁਕਤਾ। ਉਹਨੂੰ ਧਰਵਾਸ ਹੋਇਆ। ਹੁਣ ਪਛਾਣੇ ਹੀ ਪਛਾਣੇਗਾ। ਉਹ ਅਛੋਪਲੇ ਹੀ ਉਹਦੀ ਸਾਹਮਣੀ ਕੁਰਸੀ 'ਤੇ ਜਾ ਬੈਠਿਆ।

'ਬਜ਼ੁਰਗੋ, ਪਛਾਣਿਆਂ ਜੇ?' ਉਹਨੇ, ਉੱਚੀ, ਖੁਲ੍ਹ-ਖੁਲਾਸੀ ਆਵਾਜ਼ 'ਚ ਪੁੱਛਿਆ।

ਅਗਰਵਾਲ ਨੇ ਅੱਗੋਂ ਕੋਈ ਆਵਾਜ਼ ਨਾ ਕੱਢੀ। ਆਪਣੀ ਚਾਹ ਪੀਂਦਾ ਰਿਹਾ। ਉਹਨੂੰ ਅਚਾਨਕ ਆ-ਵੜੇ ਮੁਲਾਕਾਤੀ ਦੀ ਬੇ-ਤਕੱਲਫ਼ੀ ਚੰਗੀ ਨਹੀਂ ਸੀ ਲੱਗੀ।

'ਮੈਂ ਅਗਰਵਾਲ ਸਾਹਿਬ, ਗੁਰਦਿਆਲ ਹਾਂ। ਗੁਰਦਿਆਲ ਸਿੰਘ ਆਜ਼ਾਦ,' ਗੁਰਦਿਆਲ ਨੇ ਆਪਣੀ ਪਛਾਣ ਕਰਾਈ, 'ਯੂਥ ਫ਼ੈਡਰੇਸ਼ਨ ਵਾਲਾ। ਤੀਹ ਪੈਂਤੀ ਸਾਲ ਪਿੱਛੇ ਜਾਓ...'

ਅਗਰਵਾਲ ਤ੍ਰੱਭਕਿਆ। ਉਹਨੇ ਗੁਰਦਿਆਲ ਨੂੰ ਗਹੁ ਨਾਲ ਵੇਖਿਆ ਤੇ ਖਿੜ ਪਿਆ। ਅੱਗੇ ਵਧਿਆ ਤੇ ਗੁਰਦਿਆਲ ਦੇ ਦੋਵੇਂ ਮੋਢੇ ਘੁੱਟ ਲਏ।

'ਓਏ, ਤੈਨੂੰ ਮੈਂ ਕਿਵੇਂ ਭੁਲਾ ਸਕਨਾਂ!?' ਉਹ ਕਹਿ ਉਠਿਆ, 'ਰੋਜ਼ ਵੇਖਨਾਂ ਮੱਥੇ ਦਾ ਚਟਾਕ। ਜਦੋਂ ਸ਼ੀਸ਼ਾ ਵੇਖਨਾਂ, ਤੂੰ ਯਾਦ ਆ ਜਾਨੈਂ। ਰੋਜ਼ ਹੀ... ਯਾਰ, ਸ਼ਕਲ ਤੇਰੀ ਬੜੀ ਬਦਲ ਗਈ ਏ। ਬੜਾ ਸ਼ੁਕੀਨ ਹੋ ਗਿਐਂ। ਸੂਟਿਡ-ਬੂਟਿਡ! ਪਗੜੀ ਵੀ ਤੇਰੀ ਹੋਰ ਤਰ੍ਹਾਂ ਦੀ ਏ...ਤੇ ਇਹ ਟਾਈ!'

'ਸਟਾਈਲ ਮੈਂ ਬਦਲ ਲਿਆ ਹੋਇਐ। ਕਪੜੇ ਹੋਰ ਤਰ੍ਹਾਂ ਦੇ ਪਾਂਦਾ ਹਾਂ ਹੁਣ।' ਗੁਰਦਿਆਲ ਨੇ ਦੱਸਿਆ। 'ਮੇਰੀ ਕੋਠੀ ਏਥੋਂ ਨੇੜੇ ਹੀ ਏ। ਪੈਦਲ ਆਇਆ ਹਾਂ...।'

ਉਹਨੇ ਇਹ ਨਾ ਦੱਸਿਆ, ਉਹਦੇ 'ਤੇ ਕੀ ਭੀੜਾ ਬਣੀ ਹੋਈ ਸੀ। ਅਗਰਵਾਲ ਨੇ ਆਪਣੀ ਸਾਰੀ ਖ਼ਬਰ ਦਿਤੀ,

'ਸੰਨ ਪਚਾਸੀ 'ਚ ਰੀਟਾਇਰ ਹੋ ਗਿਆ ਸਾਂ। ਵਸੰਤ ਵਿਹਾਰ 'ਚ ਮੇਰੀ ਕੋਠੀ ਏ। ਏ ਬਲਾਕ 'ਚ। ਹਜ਼ਾਰ ਗਜ਼ 'ਚ ਬਣੀ ਹੋਈ। ਪਹਿਲਾਂ ਓਥੇ ਰਹਿੰਦਾ ਸਾਂ। ਦੋਵੇਂ ਜੀਅ। ਦਿਲ ਨਹੀਂ ਸੀ ਲਗਦਾ। ਕੋਠੀ ਕਿਰਾਏ ਚਾੜ੍ਹ ਦਿੱਤੀ ਤੇ ਆਪ ਨੂੰਹ-ਪੁੱਤਰ ਕੋਲ ਆ ਗਏ ਹਾਂ। ਏਥੇ ਸਾਡਾ ਪੋਤਰਾ ਏ।

ਉਹਦੇ ਨਾਲ ਦਿਲ ਲੱਗਾ ਰਹਿੰਦੈਂ।

ਕੁਝ ਹੋਰ ਏਧਰ-ਓਧਰ ਦੀਆਂ ਮਾਰ ਲੈਣ ਪਿੱਛੋਂ ਅਗਰਵਾਲ ਨੇ ਆਉਣ ਦੀ ਗਰਜ਼ ਪੁੱਛੀ।

'ਚੌਧਰੀ ਚੰਦਰ ਮੱਲ ਨੇ ਇਕ ਬੁੱਤੀ ਪਾ ਦਿੱਤੀ ਏ। ਐਵੇਂ। ਬੈਠੇ-ਬਿਠਾਏ। ਕੋਈ ਅਜ਼ੀਜ਼ ਨੇ, ਮਨਚੰਦਾ। ਕਹਿੰਦੇ ਨੇ ਉਹਦੇ ਪੋਤਰੇ ਨੂੰ *ਐਕਟਿਵੀਟੀ ਸਕੂਲ* 'ਚ ਦਾਖ਼ਲ ਕਰਾ। ਪੰਜਵੀਂ ਜਮਾਤ 'ਚ। ਮੈਨੂੰ ਕਿਸੇ ਦੱਸਿਐ, ਓਸ ਸਕੂਲ 'ਚ ਤੁਹਾਡੀ ਬੜੀ ਚਲਦੀ ਏ। ਪਤਾ ਕੱਢਦਾ ਪਹੁੰਚ ਗਿਆਂ।'

'ਚੌਧਰੀ ਚੰਦਰ ਮਲ? ਹਰਿਆਣੇ ਵਾਲਾ? ਮੁੱਖ ਮੰਤਰੀ!?'

'ਉਹੀਓ ਹੀ।'

'ਉਹ ਤਾਂ ਮੁਖ਼ਾਲਿਫ਼ ਏ ਰਾਸ਼ਟਰ ਦਲ ਦਾ।'

'ਅੱਜਕਲ, ਅਗਰਵਾਲ ਸਾਹਿਬ, ਰਾਸ਼ਟਰ ਦਲ ਦਾ ਮੈਂ ਵੀ ਮੁਖ਼ਾਲਿਫ਼ ਹਾਂ। ਚੌਧਰੀ ਸਾਹਿਬ ਮੇਰੇ ਬੜੇ ਮਿਹਰਬਾਨ ਨੇ। ਮੇਰੇ 'ਤੇ ਬੜੇ ਅਹਿਸਾਨ ਨੇ ਉਹਨਾਂ ਦੇ।'

ਅਗਰਵਾਲ ਮਿੰਨ੍ਹਾ-ਮਿੰਨ੍ਹਾ ਮੁਸਕਰਾਇਆ।

'ਬਦਲ ਲਈ ਆ ਸਿਆਸਤ?'

'ਨਹੀਂ, ਅਗਰਵਾਲ ਸਾਹਿਬ, ਮੈਂ ਨਹੀਂ ਬਦਲੀ, ਆਪ ਸਿਆਸਤ ਹੀ ਬਦਲ ਗਈ ਏ। ਏਨੇ ਸਾਲਾਂ 'ਚ ਉਹ ਵੀ ਉਹ ਨਹੀਂ ਰਹੀ। ਖ਼ੈਰ ਇਹ ਲੰਮੀ ਗੱਲ ਏ। ਫੇਰ ਕਰਾਂਗੇ ਕਦੀ। ਨੇੜੇ ਰਹਿੰਦੇ ਹਾਂ। ਮੁਲਾਕਾਤ ਹੁੰਦੀ ਰਹੇਗੀ। ਏਸ ਵੇਲੇ ਮੇਰਾ ਇਹ ਕੰਮ ਕਰਾ ਦਿਓ। ਮੇਰੀ ਰਹਿ ਆਵੇ।'

'ਚਲੋ ਕੋਸ਼ਿਸ਼ ਕਰਦੇ ਹਾਂ। ਚਾਹ ਪੀਂਏਗਾ?', ਆਪਣੇ ਅੱਧ-ਪੀਤੇ ਪਿਆਲੇ ਵਲ ਵੇਖਦਿਆਂ ਅਗਰਵਾਲ ਨੇ ਪੁੱਛਿਆ।

'ਨਹੀਂ, ਮੈਂ ਪੀ ਕੇ ਆਇਆਂ। ਤੁਸੀਂ ਆਪਣੀ ਮੁਕਾ ਲੌ ਪਹਿਲਾਂ।'

ਅਗਰਵਾਲ ਨੇ ਪਿਆਲੇ 'ਚ ਰਹਿ ਗਈ ਚਾਹ ਦਾ ਇਕੋ ਘੁੱਟ ਕੀਤਾ ਤੇ ਆਪਣਾ ਮੋਬਾਇਲ ਕਢਿਆ। ਕੋਈ ਨੰਬਰ ਮਿਲਾਇਆ। ਕਿਸੇ ਸ਼ੁਸ਼ੀਲ ਨਾਲ ਗੱਲ ਕੀਤੀ। ਰਤਾ ਲਾਂਭੇ ਹੋ ਗਿਆ। ਫ਼ੋਨ ਸੁਣਨ ਵਾਲੇ ਨੂੰ ਉਹਨੇ ਆਖਿਆ, ਇਕ ਬੱਚਾ ਪੰਜਵੀਂ 'ਚ ਦਾਖ਼ਲ ਕਰਾਉਣੈ। ਬੜੀ ਵੱਡੀ ਸਿਫ਼ਾਰਸ਼ ਏ। ਜ਼ਰੂਰੀ ਏ। ਫੇਰ ਉਹ ਦੂਜੇ ਪਾਸੇ ਦਾ ਕਿਹਾ ਸੁਣਦਾ ਰਿਹਾ। ਅਖ਼ੀਰ ਉਹ ਫੇਰ ਆ ਕੇ ਆਪਣੀ ਪਹਿਲੀ ਥਾਵੇਂ ਬਹਿ ਗਿਆ ਤੇ ਗੁਰਦਿਆਲ ਨੂੰ ਦੱਸਣ ਲੱਗਾ,

'ਗੁਰਦਿਆਲ, ਜਿਹਦੇ ਨਾਲ ਮੈਂ ਗੱਲ ਕੀਤੀ ਏ, ਉਹ ਮੇਰੀ ਛੋਟੀ ਭਰਜਾਈ ਏ। ਸ਼ੁਸ਼ੀਲ ਗੁਪਤਾ। ਭਰਜਾਈ ਸਕੀ ਏ। ਉਹ ਆਪਣੀ ਪੇਕੀ ਜ਼ਾਤ ਹੀ ਲਾਂਦੀ ਏ ਨਾਂ ਨਾਲ। *ਐਕਟਿਵੀਟੀ ਸਕੂਲ* ਦੀ ਪ੍ਰਿੰਸੀਪਲ ਏ। ਤੂੰ ਇਕ ਦਿਨ ਲੇਟ ਆਇਐਂ। ਦਾਖ਼ਲਾ ਪੂਰਾ ਹੋ ਚੁੱਕੈ। ਹੁਣ ਬੱਚਾ ਵੇਟਿੰਗ ਲਿਸਟ 'ਚ ਪੈ ਸਕਦੈ। ਪਰ ਉਹ ਪਹਿਲੇ ਨੰਬਰ 'ਤੇ ਪਾ ਦੇਵੇਗੀ।'



'ਅਗਰਵਾਲ ਸਾਹਿਬ, ਬੱਚਾ ਵੇਟਿੰਗ ਲਿਸਟ 'ਚ ਹੀ ਨਾ ਰਹਿ ਜਾਏ। ਮੇਰੀ ਬੜੀ ਖਿੱਚਾਈ ਹੋਏਗੀ। ਚੌਧਰੀ ਬੜਾ ਡਾਢੈ।'

'ਓਏ ਨਹੀਂ ਯਾਰ। ਤੂੰ ਬੱਚੇ ਨੂੰ ਪਰਸੋਂ ਸਕੂਲ ਲੈ ਜਾ। ਉਹਦੀ ਇੰਟਰਵਿਊ ਦਵਾ ਦੇ। ਮੇਰਾ ਨਾਂ ਲੈ ਦਈਂ। ਸ਼ੁਸ਼ੀਲ ਨੇ ਮੈਨੂੰ ਕਿਹੈ, ਦਾਖ਼ਲਾ ਹੋ ਜਾਏਗਾ। ਕਈ ਬੱਚੇ ਕਈ ਸਕੂਲਾਂ 'ਚ ਦਾਖ਼ਲਾ ਲੈ ਲੈਂਦੇ ਨੇ ਤੇ ਫੇਰ ਇਕ ਸਕੂਲ ਚੁਣਦੇ ਨੇ। ਥਾਂ ਨਿਕਲ ਆਉਂਦੀ ਏ। ਸ਼ੁਸ਼ੀਲ ਕਹਿੰਦੀ ਸੀ, ਨੜਿੱਨਵੇਂ ਫ਼ੀ ਸਦੀ ਚਾਂਸ ਏ।'

'ਪਰ ਇਹਦਾ ਪੱਕਾ ਪਤਾ ਕਿਵੇਂ ਲੱਗੇ? ਚੌਧਰੀ ਨੂੰ ਕੀ ਕਹਾਂ। ਉਹਦਾ ਰਾਤੀਂ ਫ਼ੋਨ ਆ ਸਕਦੈ। ਅੱਜ ਦਿੱਲੀ ਹੀ ਹੈ ਉਹ।'

ਚਿੰਤਾ ਗੁਰਦਿਆਲ ਦੇ ਮੂੰਹ 'ਤੇ ਲੇਪੀ ਗਈ।

'ਉਹ, ਯਾਰ, ਕਹਿ ਦਈਂ, ਕੰਮ ਹੋ ਗਿਐ... ਹੱਛਾ ਠਹਿਰ, ਮੈਂ ਭਰਜਾਈ ਨਾਲ ਫੇਰ ਗੱਲ ਕਰਨਾਂ।'

ਅਗਰਵਾਲ ਨੇ ਭਰਜਾਈ ਦਾ ਫ਼ੋਨ ਫੇਰ ਦੱਬਿਆ। ਐਤਕੀਂ ਲਾਂਭੇ ਨਾ ਹੋਇਆ। ਉਹਨੂੰ ਦੱਸ ਦਿੱਤਾ, ਸਿਫ਼ਾਰਸ਼ ਕਿਹਦੀ ਏ। ਉਹਨੂੰ ਇਹ ਵੀ ਦੱਸ ਦਿੱਤਾ ਕਿ ਸਿਫ਼ਾਰਸ਼ ਲਿਆਉਣ ਵਾਲਾ ਬੰਦਾ ਉਹ ਏ, ਜਿਹੜਾ ਮੱਥੇ ਉਤੇ ਫੱਟ ਪੈਣ ਵੇਲੇ ਮੈਨੂੰ ਹਸਪਤਾਲ ਲੈ ਕੇ ਗਿਆ ਸੀ। ਅਗਰਵਾਲ ਦੇ ਮੱਥੇ ਦੇ ਚਟਾਕ ਦਾ ਇਤਿਹਾਸ ਉਹਦੀ ਭਰਜਾਈ ਨੇ ਪੜ੍ਹਿਆ ਹੋਇਆ ਸੀ। ਸੁਣ ਕੇ ਜ਼ਰੂਰ ਪੰਘਰ ਗਈ ਹੋਵੇਗੀ। ਸ਼ੁਸ਼ੀਲ ਨੇ ਜੇਠ ਨੂੰ ਅੱਗੋਂ ਕੁਝ ਆਖਿਆ। ਸੁਣ-ਸੁਣਾ ਉਹਨੇ ਗੁਰਦਿਆਲ ਨੂੰ ਦੱਸਿਆ,

'ਗੁਰਦਿਆਲ, ਤੇਰਾ ਕੰਮ ਹੋ ਗਿਐ। ਚਲੇ ਜਾਓ ਸਵੇਰੇ ਦਸ ਵਜੇ ਸਕੂਲ ਤੁਸੀਂ। ਪਰਸੋਂ। ਕਲ੍ਹ ਐਤਵਾਰ ਏ।

ਗੁਰਦਿਆਲ ਨੇ ਧੰਨਵਾਦ ਕੀਤਾ ਤੇ ਉਠ ਪਿਆ।

'ਗੁਰਦਿਆਲ, ਟੈਨਿਸ ਖੇਡਨੈਂ?' ਅਗਰਵਾਲ ਨੇ ਪੁੱਛਿਆ।

'ਨਹੀਂ, ਅਗਰਵਾਲ ਸਾਹਿਬ, ਅੱਜਕਲ ਦੀ ਸਿਆਸਤ ਟੈਨਿਸ ਖੇਡਣ ਦਾ ਵਕਤ ਨਹੀਂ ਦੇਂਦੀ। ਮੈਂ ਸਰਬ ਭਾਰਤੀ ਪਹਿਲਵਾਨੀ ਫ਼ੈਡਰੇਸ਼ਨ ਦਾ ਵਾਈਸ-ਚੇਅਰਮੈਨ ਵੀ ਹਾਂ, ਪਰ ਕਦੀ ਕਿਸੇ ਅਖਾੜੇ 'ਚ ਉਤਰ ਕੇ ਨਹੀਂ ਵੇਖਿਆ। ਸੋ ਕੁਸ਼ਤੀ ਵੀ ਨਹੀਂ ਹੁੰਦੀ। ਬਸ ਸੈਰ ਕਰਦਾ ਹਾਂ ਕਦੀ-ਕਦੀ। ਲੋਧੀ ਗਾਰਡਨਜ਼ 'ਚ।'

'ਕਿਹੜੇ ਵੇਲੇ?'

'ਸਵੇਰੇ।'

'ਉਹ-ਹੋ! ਫੇਰ ਸਾਡਾ ਮੇਲ ਨਹੀਂ ਹੋ ਸਕਦਾ। ਮੈਂ ਸ਼ਾਮੀਂ ਜਾਨਾਂ, ਜਿਸ ਦਿਨ ਟੈਨਿਸ ਨਾ ਖੇਡਣੀ ਹੋਵੇ।'

ਬਾਹਰ ਨਿਕਲਦੇ ਜਾਂਦੇ ਗੁਰਦਿਆਲ ਨੇ ਜਵਾਬ 'ਚ ਜੋ ਕੁਝ ਕਿਹਾ, ਉਹ

ਅਗਰਵਾਲ ਨੂੰ ਸੁਣਾਈ ਨਾ ਦਿਤਾ। ਉਮਰ ਨਾਲ ਉਹਦੇ ਕੰਨ ਏਡੇ ਤੇਜ਼ ਨਹੀਂ ਸਨ ਰਹੇ।

#

ਮਨਚੰਦਾ ਪੂਰੀ ਸ਼ਾਨ-ਸ਼ੌਕਤ ਨਾਲ ਆਇਆ। ਪੂਰੇ ਦਸ ਵਜੇ। ਆਪਣੀ ਉਹੋ ਜਿਹੀ ਕਾਰ ਚਲਾਉਂਦਾ, ਜਿਹੋ ਜਿਹੀ ਸੜਕਾਂ 'ਤੇ ਨਹੀਂ, ਚਮਕੀਲੇ ਇਸ਼ਤਿਹਾਰੀ ਰਿਸਾਲਿਆਂ 'ਚ ਹੁੰਦੀ ਏ, ਜਾਂ ਸ਼ੋ-ਰੋਮਾਂ 'ਚ ਤੇ ਜਾਂ ਟੀ-ਵੀ ਤੇ ਫ਼ਿਲਮਾਂ 'ਚ। ਜਿਹਦੀ ਕੀਮਤ ਜਣੇ-ਖਣੇ ਨੂੰ ਨਹੀਂ ਦੱਸੀ ਜਾਂਦੀ। ਕਾਰ *ਲੰਮਬੋਰਗੀਨੀ* ਸੀ। ਇਟਲੀ ਦੀ ਬਣੀ ਹੋਈ। ਝਿਲਮਿਲਾਉਂਦੀ। ਸੋਨ-ਸੁਨਹਿਰੀ। ਫਾਟਕ ਖੁੱਲ੍ਹਾ ਵੇਖ ਤੋੜ ਅੰਦਰ ਰੁਮਕ ਆਈ ਸੀ।

ਗੁਰਦਿਆਲ ਨੂੰ ਦੂਰੋਂ ਹੀ ਦਿੱਸ ਪਈ ਸੀ। ਰੁਅਬ ਪੈ ਗਿਆ ਸੀ ਉਹਦੇ 'ਤੇ। ਉਠ ਕੇ ਉਹ ਡਰਾਇਵੇ 'ਚ ਆ ਗਿਆ। ਪਹਿਲੋਂ ਉਹਨੇ ਮਨਚੰਦੇ ਨਾਲ ਕਾਰ ਦੀ ਪਰਦੱਖਣਾ ਕੀਤੀ। ਉਹਨੂੰ ਛੋਹ ਕੇ ਵੇਖਿਆ। ਅਗਲਾ ਬੂਹਾ ਖੋਲ੍ਹ ਅੰਦਰ ਝਾਤੀ ਮਾਰੀ। ਉਹਦੇ ਮਨਚੰਦੇ ਨੇ ਪੁੱਛਿਆ,

'ਅੰਦਰ ਬਹਿ ਕੇ ਵੇਖੋਗੇ?'

'ਨਹੀਂ। ਨਾ ਲਲਚਾਵੋ!'

ਉਹਨੇ ਡਿੱਕੀ ਖੁਲ੍ਹਾ ਕੇ ਵੇਖੀ। ਬੜੀ ਥਾਂ ਸੀ। ਦੋ ਬੰਦੇ ਪੈ ਸਕਦੇ ਸਨ। ਪਿਛਲੀਆਂ ਬੱਤੀਆਂ ਵੇਖਦਿਆਂ ਗੁਰਦਿਆਲ ਨੂੰ ਕੁਝ ਖੁੜਕਿਆ। ਉਹਨੇ ਪੁੱਛਿਆ,

'ਮਨਚੰਦਾ ਸਾਹਿਬ, ਇਹ ਓਸੇ ਤਰ੍ਹਾਂ ਦੀ ਕਾਰ ਤਾਂ ਨਹੀਂ, ਜਿਸ ਤਰ੍ਹਾਂ ਦੀ ਦਾ ਪਰਸੋਂ ਰਾਤੀਂ ਚਿਰਾਗ਼ ਦਿੱਲੀ ਵਾਲੀ ਸੜਕ 'ਤੇ ਐਕਸੀਡੈਂਟ ਹੋਇਆ ਸੀ। ਟੀ-ਵੀ 'ਤੇ ਵਿਖਾਈ ਸਾਨੇਂ।'

'ਓਸੇ ਤਰ੍ਹਾਂ ਦੀ ਹੀ ਏ। ਓਸ ਤੋਂ ਪਹਿਲਾਂ ਪੂਰੀ ਦਿੱਲੀ 'ਚ ਏਸ ਤਰ੍ਹਾਂ ਦੀਆਂ ਚਾਰ ਕਾਰਾਂ ਹੁੰਦੀਆਂ ਸਨ। ਹੁਣ ਤਿੰਨ ਰਹਿ ਗਈਆਂ ਨੇ। ਕਿਸੇ ਬਿਲਡਰ ਦਾ ਮੁੰਡਾ ਸੀ। ਅੱਧੀ ਰਾਤੀਂ ਪੀ-ਪਿਆ ਪਿਓ ਦੀ ਗੱਡੀ ਲੈ ਨਿਕਲਿਆ। ਉਹਨੂੰ ਕਾਰ ਨਹੀਂ, ਹਵਾਈ ਜਹਾਜ਼ ਸਮਝ ਬੈਠਾ। ਖ਼ਾਲੀ ਸੜਕ ਵੇਖੀ ਤੇ ਉਡਾ ਦਿੱਤੀ। ਜਾ ਕੇ ਖੰਬੇ ਵਿਚ ਵੱਜਾ। ਫੇਰ ਨਾ ਕਾਰ ਰਹੀ, ਨਾ ਸਵਾਰ, ਨਾ ਖੰਬਾ।'

ਮਨਚੰਦੇ ਨੇ ਹੱਥ ਉਤਾਂਹ ਉਗਰਿਆ।

'ਮੈਂ ਕਿਤੇ ਪੜ੍ਹਿਐ, ਏਸ ਕਾਰ ਦਾ *ਲੋਗੋ* ਸੋਨੇ ਦਾ ਹੁੰਦੈ?' ਗੁਰਦਿਆਲ ਨੇ ਪੁੱਛਿਆ।

'ਬਿਲਕੁਲ! ਚਵ੍ਹੀ ਕੈਰਟ ਸੋਨੇ ਦਾ', ਮਨਚੰਦੇ ਨੇ ਤਸਦੀਕ ਕੀਤੀ।



'ਬਚਾ ਕੇ ਰਖਣਾ ਪੈਂਦਾ ਹੋਣੈਂ? ਰਾਤੀਂ ਲਾਹ ਲੈਂਦੇ ਹੋ?'

'ਨਹੀਂ। ਪਹਿਰਾ ਰਖਣੇ ਹਾਂ। ਨਾਲੇ ਗੱਡੀ ਬੰਦ ਹੁੰਦੀ ਏ ਗੈਰੇਜ 'ਚ।'

'ਐਕਸੀਡੈਂਟ ਵਾਲੀ ਕਾਰ ਦਾ ਤਾਂ ਚੁਕਿਆ ਗਿਆ ਹੋਣੈਂ?'

'ਸਭ ਤੋਂ ਪਹਿਲੋਂ। ਪੁਲਸ ਲੱਭਦੀ ਹੀ ਰਹਿ ਗਈ ਉਹਨੂੰ?'

ਅਖ਼ੀਰ ਗੱਡੀ ਤੋਂ ਨਜ਼ਰਾਂ ਹਟਾ ਗੁਰਦਿਆਲ ਨੇ ਮਨਚੰਦੇ ਨੂੰ ਧਿਆਨ ਨਾਲ ਵੇਖਿਆ। ਉਹਦੇ ਆਪਣੇ 'ਚ ਗੱਡੀ ਵਾਲੀ ਚਕਾਚੌਂਧ ਕੋਈ ਨਹੀਂ ਸੀ। ਉਹਦੀ ਆਪਣੀ ਸ਼ਕਲ ਸੂਰਤ ਐਵੇਂ ਹੀ ਸੀ। ਕੱਦ-ਬੁੱਤ ਐਵੇਂ ਸੀ। ਘੀਚਰ ਜਿਹਾ ਸੀ। ਗੰਜ ਨਿਕਲਿਆ ਹੋਇਆ। ਕੋਈ ਖ਼ਾਸ ਪ੍ਰਭਾਵ ਨਹੀਂ ਸੀ ਪੈਂਦਾ। ਉਹਨੇ ਇਕ ਨਜ਼ਰ ਹੋਰ ਮਾਰੀ। ਉਹਦੀ ਜੀਨ, ਟੀ-ਸ਼ਰਟ, ਐਨਕ, ਘੜੀ, ਜੇਬ 'ਚ ਟੰਗਿਆ ਪੈਨ, ਗੁਰਗਾਬੀ, ਵੇਖੀ। ਸਭ ਕੁਝ ਉਹੋ ਜਿਹਾ ਸੀ, ਜਿਹੋ ਜਿਹਆਂ ਦੀ ਇਸ਼ਤਿਹਾਰਾਂ 'ਚ ਕੀਮਤ ਨਹੀਂ ਸੀ ਦੱਸੀ ਜਾਂਦੀ। ਮਤੇ ਬੰਦਾ ਸੁਣ ਕੇ ਭੱਜ ਨਾ ਜਾਵੇ। ਫੇਰ ਉਹਨੇ ਇਕ ਨਜ਼ਰ ਹੋਰ ਮਾਰੀ ਤੇ ਉਹਨੂੰ ਸਮਝ ਪੈ ਗਈ। ਮਨਚੰਦੇ ਦਾ ਪਿੰਡਾ ਹੀ ਦੇਸੀ ਸੀ, ਬਾਕੀ ਸਭ ਕੁਝ ਵਿਲਾਇਤੀ। ਉੱਚੇ ਬਰੈਂਡਾਂ ਵਾਲਾ। ਰੱਜ ਕੇ ਮਹਿੰਗਾ। ਏਨਾ ਕਿ ਛੋਹਣ ਲਗਿਆਂ ਬੰਦਾ ਤ੍ਰੱਭਕ ਪਵੇ।

ਗੁਰਦਿਆਲ ਮਨਚੰਦੇ ਨੂੰ ਅੰਦਰ ਲੈ ਆਇਆ। ਉਹਨੂੰ ਬਿਠਾਇਆ ਤੇ ਦੱਸਣ ਲੱਗਾ,

'ਮਨਚੰਦਾ ਸਾਹਿਬ, ਤੁਹਾਡਾ ਕੰਮ ਹੋ ਗਿਐ। ਕਲ੍ਹ ਸਵੇਰੇ, ਦੱਸੇ ਵਜੇ, ਭਾਵੇਂ ਏਸੇ ਗੱਡੀ 'ਚ ਹੀ, ਬੱਚੇ ਨੂੰ ਸਕੂਲ ਲੈ ਜਾਵੋ। ਮਿਸਿਜ਼ ਸੁਸ਼ੀਲ ਗੁਪਤਾ ਨੂੰ ਮਿਲ ਲਵੋ। ਉਹ ਪ੍ਰਿੰਸੀਪਲ ਏ *ਐਕਟੀਵਿਟੀ ਸਕੂਲ* ਦੀ...'

'ਸਰਦਾਰ ਸਾਹਿਬ, ਉਹ ਤਾਂ ਬੜੀ ਬਦ-ਦਿਮਾਗ਼ ਔਰਤ ਏ। ਮੈਂ ਉਹਨੂੰ ਮਿਲਣ ਗਿਆ ਸਾਂ। ਕੁਝ ਦਿਨ ਪਹਿਲਾਂ। ਮੇਰੀ ਉਹਨੇ ਇਕ ਨਹੀਂ ਸੀ ਸੁਣੀ। ਮੈਨੂੰ ਕਮਰਿਉਂ ਕੱਢ ਦਿੱਤਾ ਸੀ।'

ਗੁਰਦਿਆਲ ਹੱਸਿਆ ਤੇ ਧਰਵਾਸ ਦੇਣ ਲੱਗਾ,

'ਮਨਚੰਦਾ ਸਾਹਿਬ, ਹੁਣ ਨਹੀਂ ਕੱਢੇਗੀ। ਮਿ. ਅਗਰਵਾਲ ਦਾ ਨਾਂ ਲੈ ਦੇਣਾ। ਬੱਚਾ ਤੁਹਾਡਾ ਦਾਖ਼ਲ ਏ। ਜਾ ਕੇ ਫ਼ਾਰਮ ਭਰੋ ਤੇ ਮਾੜੀ ਜਿਹੀ ਇੰਟਰਵਿਊ ਕਰਾ ਦਿਓ। ਐਵੇਂ ਨਾਂ ਦੀ।'

'ਕਰਾ ਦਿਆਂਗੇ। ਸਾਡਾ ਬੱਚਾ ਹੁਸ਼ਿਆਰ ਏ ਬੜਾ। *ਏ-ਪਲੱਸ ਗ੍ਰੇਡ* ਨੇ ਉਹਦੇ। ਉਹ ਹਰ ਤਰ੍ਹਾਂ ਦੀ ਇੰਟਰਵਿਊ ਦੇ ਸਕਦੈ।'

'ਉਹਦੀ ਲੋੜ ਨਹੀਂ, ਮਨਚੰਦਾ ਸਾਹਿਬ। ਸਭ ਕੁਝ ਤੈਅ ਹੋ ਚੁਕਿਐ। ਭਾਵੇਂ ਆਪ ਜਾਵੋ ਹੀ ਨਾ। ਆਪਣੀ ਨੂੰਹ ਨੂੰ ਘੱਲ ਦਿਓ।'

ਮਨਚੰਦੇ ਨੇ ਇਹ ਨਾ ਪੁੱਛਿਆ ਕਿ ਉਹਦਾ ਕੰਮ ਕਿਵੇਂ ਹੋਇਆ ਤੇ ਕਿਨ੍ਹੇ

ਕਰਾਇਆ। ਨਿੱਠ ਕੇ ਬੈਠਾ ਰਿਹਾ। ਉਹਨੂੰ ਕੋਈ ਕਾਹਲ ਨਹੀਂ ਸੀ ਲਗਦੀ। ਏਧਰ-ਓਧਰ ਝਾਕਦਾ ਰਿਹਾ। ਅਖ਼ੀਰ ਕਹਿ ਉੱਠਿਆ,

'ਸਰਦਾਰ ਸਾਹਿਬ, ਤੁਹਾਡੀ ਕੋਠੀ ਬੜੀ ਵਧੀਐ।'

'ਮਨਚੰਦਾ ਸਾਹਿਬ, ਕੋਠੀ ਮੇਰੀ ਨਹੀਂ, ਸਰਕਾਰ ਦੀ ਏ। ਅਸੀਂ ਤਾਂ ਏਥੇ ਮਹਿਮਾਨ ਹਾਂ। ਪਤਾ ਨਹੀਂ, ਕਿੰਨੇ ਦਿਨ ਦੇ।'

ਗੁਰਦਿਆਲ ਨੇ ਇਹ ਨਾ ਦੱਸਿਆ ਕਿ ਉਹ ਵੀ ਏਸੇ ਕੋਠੀ ਦਾ ਪੱਟਿਆ ਹੋਇਆ ਸੀ ਤੇ ਅੱਜਕਲ ਉਹਨੂੰ ਬਚਾਉਣ ਦੇ ਚੱਕਰ 'ਚ ਪਿਆ ਹੋਇਆ ਸੀ। ਉਹਦੇ ਤੇ ਉਹਦੀ ਸੁਨ-ਸੋਨਹਿਰੀ ਗੱਡੀ ਦੇ ਦਰਸ਼ਨ ਵੀ ਏਸੇ ਸਦਕਾ ਹੀ ਹੋਏ ਸਨ।

'ਏਥੇ ਕਿੰਨਾ ਚੈਨ ਏ,' ਮਨਚੰਦੇ ਨੇ ਡੂੰਘਾ ਸਾਹ ਲਿਆ। 'ਕੋਈ ਰੌਲਾ ਨਹੀਂ।'

'ਮਨਚੰਦਾ ਸਾਹਿਬ। ਤੁਸੀਂ ਕਿੱਥੇ ਰਹਿੰਦੇ ਹੋ?'

'ਏਥੋਂ ਨੇੜੇ ਹੀ। ਗੌਲਫ਼ ਲਿੰਕਸ 'ਚ। ਹਜ਼ਾਰ ਗਜ਼ ਦੀ ਕੋਠੀ ਏ। ਸਾਹਮਣੇ ਗੌਲਫ਼ ਕਲੱਬ ਏ। ਲੋਧੀ ਐਸਟੇਟ ਰੋਡ ਕੋਲ ਕਰਕੇ ਏ। ਬੜੀ ਟਰੈਫ਼ਿਕ ਏ...'

'ਉਹ ਤਾਂ ਬੜੀ ਕੀਮਤੀ ਪ੍ਰਾਪਰਟੀ ਏ।'

'ਚਾਹੋ ਤਾਂ ਵਟਾ ਲੌ ਮੇਰੇ ਨਾਲ', ਮਨਚੰਦੇ ਨੇ ਹੱਸ ਕੇ ਪੇਸ਼ਕਸ਼ ਕੀਤੀ।

'ਜੇ ਇਹ ਕੋਠੀ ਮੇਰੀ ਆਪਣੀ ਹੁੰਦੀ ਤਾ ਜ਼ਰੂਰ ਵਟਾ ਲੈਂਦਾ।'

ਗੁਰਦਿਆਲ ਦੀ ਨਜ਼ਰ ਫੇਰ ਮਨਚੰਦੇ ਦੀ ਕਾਰ 'ਤੇ ਜਾ ਪਈ। ਐਵੇਂ ਪੁੱਛ ਬੈਠਾ,

'ਮਨਚੰਦਾ ਸਾਹਿਬ, ਇਹ ਕਾਰ ਕਿੰਨੇ ਕੁ ਦੀ ਹੋਏਗੀ?'

'ਚਾਰ ਕਰੋੜ ਰੁਪਏ ਦੀ। ਲੈਣੀ ਜੇ?'

ਗੁਰਦਿਆਲ ਹੱਸ ਪਿਆ।

'ਮਨਚੰਦਾ ਸਾਹਿਬ, ਆਪਣੀ ਹੈਸੀਅਤ ਨਹੀਂ। ਅੱਗੋਂ ਕਈ ਪੁਸ਼ਤਾਂ ਤਕ ਨਹੀਂ ਹੋਣ ਲੱਗੀ', ਗੁਰਦਿਆਲ ਨੇ ਗੱਲ ਟਾਲ ਦਿੱਤੀ। 'ਤੁਸੀਂ ਕਰਦੇ ਕੀ ਹੋ?'

'ਰਾਜ-ਮਿਸਤ੍ਰੀ ਹਾਂ...'

ਗੁਰਦਿਆਲ ਨੂੰ ਹਾਸਾ ਆ ਗਿਆ। ਉਹਨੇ ਉਚਰਿਆ,

'ਵਾਹ ਭਾਈ ਵਾਹ! ਤੁਸੀਂ ਦੇਸ ਦੇ ਇਕੋ-ਇਕ ਰਾਜ-ਮਿਸਤ੍ਰੀ ਹੋ, ਜਿਦ੍ਹੇ ਥੱਲੇ ਚਾਰ ਕਰੋੜ ਰੁਪਏ ਦੀ ਗੱਡੀ ਏ।'

'ਸਰਦਾਰ ਸਾਹਿਬ, ਹੈ ਤਾਂ ਮੈ ਰਾਜ-ਮਿਸਤ੍ਰੀ ਹੀ ਹਾਂ। ਕਹਿਣ ਨੂੰ ਭਾਵੇਂ ਕੁਝ ਵੀ ਕਹਿ ਲਵੋ। ਇਕ ਵੇਲੇ, ਕੋਈ ਵੀਹ ਸਾਲ ਪਹਿਲਾਂ, ਛੋਟੇ-ਛੋਟੇ ਪਲਾਟਾਂ 'ਤੇ ਫ਼ਲੈਟ ਬਣਾ ਕੇ ਵੇਚਦਾ ਸਾਂ। ਮੈਂ ਆਪ ਰਾਜਗੀਰੀ ਵੀ ਕਰਦਾ



ਰਿਹਾਂ। ਉਸਾਰੀ ਦੇ ਸਾਰੇ ਕੰਮ ਜਾਣਦਾ ਹਾਂ। ਅੱਜਕਲ ਮੈਂ ਉੱਚੀਆਂ-ਉੱਚੀਆਂ, ਬਾਰਾਂ ਤੇਰਾਂ ਮੰਜ਼ਲਾਂ ਵਾਲੀਆਂ ਬਿਲਡਿੰਗਾਂ ਬਣਾਨਾਂ। ਇਕ ਨਹੀਂ, ਪੂਰਾ ਸਮੂਹ ਉਹਨਾਂ ਦਾ। ਇਕ ਸਮੂਹ ਸੌ ਡੇਢ ਸੌ ਏਕੜਾਂ 'ਚ ਹੁੰਦੈ। ਸਭ ਕੁਝ ਹੁੰਦੈ ਉਹਦੇ 'ਚ। ਗੌਲਫ਼ ਕੋਰਸ। ਕਲੱਬ। ਸਵਿੰਮਿੰਗ ਪੂਲ। ਜਿਮ। ਆਪਣੀ ਬਿਜਲੀ, ਆਪਣਾ ਪਾਣੀ। ਪੂਰੀ ਸੁਰੱਖਿਆ। ਇਕ ਸਮੂਹ 'ਚ ਤਿੰਨ ਚਾਰ ਸੌ ਫਲੈਟ ਹੁੰਦੇ ਨੇ। ਵੱਡੇ-ਵੱਡੇ। ਪੰਜ-ਪੰਜ ਛੇ-ਛੇ ਕਮਰਿਆਂ ਵਾਲੇ। ਅੰਦਰ ਵੜੋ ਤਾਂ ਲਗਦੈ, ਜਰਮਨੀ ਜਾਂ ਫਰਾਂਸ 'ਚ ਆ ਗਏ ਹੋ। ਸਭ ਕੁਝ ਉਹਨਾਂ ਮੁਲਕਾਂ ਦਾ ਲੱਗਾ ਹੁੰਦੈ। ਏਥੋਂ ਦਾ ਸਿਰਫ਼ ਇੱਟਾਂ ਤੇ ਸੀਮਿੰਟ ਹੀ ਹੁੰਦੈ, ਜਾਂ ਸਰੀਆ, ਜੋ ਦਿੱਸਦਾ ਨਹੀਂ...'

'ਬੜੇ ਮਹਿੰਗੇ ਵੇਚਦੇ ਹੋਵੋਗੇ?'

'ਮੇਰੀ ਏਸ ਕਾਰ ਦੀ ਕੀਮਤ ਦਾ ਸਸਤੇ ਤੋਂ ਸਸਤਾ ਫ਼ਲੈਟ ਵੀ ਨਹੀਂ ਹੁੰਦਾ...ਦੇਵਾਂ ਤੁਹਾਨੂੰ ਵੀ ਕੋਈ ਫ਼ਲੈਟ?'

'ਨਹੀਂ, ਮਨਚੰਦਾ ਸਾਹਿਬ, ਮੇਰੀ ਹੈਸੀਅਤ ਨਹੀਂ।'

ਮਨਚੰਦੇ ਨੇ ਨੱਕ ਸੁਕੇੜਿਆ ਤੇ ਮੁਸਕਰਾਇਆ। ਸਮਝਾਉਣ ਲੱਗਾ,

'ਸਰਦਾਰ ਸਾਹਿਬ, ਹੈਸੀਅਤ ਦਾ ਕੀ ਏ। ਵੀਹ ਸਾਲ ਪਹਿਲਾਂ ਮੇਰੀ ਕੀ ਹੈਸੀਅਤ ਸੀ। ਹੈਸੀਅਤ ਬਣ ਜਾਂਦੀ ਏ। ਤੁਹਾਡੀ ਵੀ ਬਣ ਜਾਏਗੀ। ਮੇਰੇ ਦੋ-ਚਾਰ ਕੰਮ ਕਰਾ ਦਿਓ, ਹੈਸੀਅਤ ਹੀ ਹੈਸੀਅਤ ਹੋ ਜਾਏਗੀ। ਤੁਹਾਡਾ ਅਸਰ-ਰਸੂਖ਼ ਬਹੁਤ ਏ।'

'ਕੰਮ ਕਰਾ ਦਿਆਂਗੇ ਤੁਹਾਡੇ। ਪੰਜਾਬ 'ਚ। ਪਹਿਲੋਂ ਸਾਨੂੰ ਇਹ ਚੋਣਾਂ ਜਿੱਤ ਲੈਣ ਦਿਓ। ਪੰਜਾਬ 'ਚ ਕੋਈ ਹੈ ਕੰਮ ਤੁਹਾਡਾ?'

'ਅਜੇ ਤਕ ਤਾਂ ਮੇਰੇ ਕੰਮ ਹਰਿਆਣੇ 'ਚ ਹੀ ਨੇ। ਚੌਧਰੀ ਸਾਹਿਬ ਦੀ ਛਤਰ ਛਾਯਾ ਹੇਠ ਹਾਂ। ਕੰਮ ਦਿੱਲੀ ਦੇ ਨੇੜੇ-ਤੇੜੇ ਵੀ ਨੇ। *ਗੋਲਡਨ ਵੈਲੀ*, *ਗੋਲਡਨ ਮੀਡੋਜ਼*, *ਗੋਲਡਨ ਵਿਸਟਾ*। ਇਹ ਸਭ ਮੇਰੇ ਪ੍ਰੋਜੈਕਟ ਨੇ। ਜਿਹਦੇ ਨਾਲ *ਗੋਲਡਨ* ਲੱਗਾ ਹੋਵੇ, ਸਮਝੋ, ਮੇਰੈ।'

ਮਨਚੰਦਾ ਘੰਟਾ ਭਰ ਬੈਠਾ ਰਿਹਾ। ਉਹਨੇ ਗੁਰਦੀਪ ਦੀ ਬਣੀ ਚਾਹ ਵੀ ਪੀਤੀ। ਅਖ਼ੀਰ ਜਾਣ ਵੇਲੇ ਜਦੋਂ ਗੱਡੀ 'ਚ ਬੈਠਿਆ, ਕਹਿਣ ਲੱਗਾ,

'ਸਰਦਾਰ ਸਾਹਿਬ, ਕੋਈ ਸੇਵਾ ਦੱਸੋ।'

'ਜ਼ਰੂਰ ਦੱਸਾਂਗਾ, ਪਰ ਅਜੇ ਨਹੀਂ। ਅਜੇ ਤਾਂ ਤੁਸੀਂ ਸਿਰਫ਼ ਚੌਧਰੀ ਸਾਹਿਬ ਨੂੰ ਫ਼ੋਨ ਕਰ ਦਿਓ ਕਿ ਮੇਰਾ ਕੰਮ ਹੋ ਗਿਐ। ਉਹਨਾਂ ਨੂੰ ਖ਼ਬਰ ਹੋ ਜਾਣੀ ਚਾਹੀਦੀ ਏ।'

'ਕਲ੍ਹ ਸਕੂਲੋਂ ਬਾਅਦ ਕਰ ਦਿਆਂਗਾ।'

ਉਹਨੇ ਆਪਣਾ ਕਾਰਡ ਕਢਿਆ ਤੇ ਗੁਰਦਿਆਲ ਨੂੰ ਫੜਾ ਦਿੱਤਾ। ਉਹਨੇ

ਸਾਂਭ ਲਿਆ ਤੇ ਡਰਾਈਵੇ 'ਚ ਆ ਮਨਚੰਦੇ ਤੇ ਉਹਦੀ ਸੋਨ-ਸੁਨਹਿਰੀ ਛਮਕ ਛੱਲੇ ਨੂੰ ਰੁਖ਼ਸਤ ਕੀਤਾ।

ਅੰਦਰ ਆ ਉਹਨੇ ਜਗਨ ਨਾਥ ਦਾ ਨੰਬਰ ਦੱਬਿਆ। ਉਹਨੂੰ ਕਹਿ ਦਿੱਤਾ,

'ਜਗਨ, ਸੁਣ ਭਾਈ, ਮਨਚੰਦਾ ਸਾਹਿਬ ਦਾ ਕੰਮ ਹੋ ਗਿਐ। ਚੌਧਰੀ ਸਾਹਿਬ ਨੂੰ ਦੱਸ ਦਈਂ। ਨਾਲੇ ਇਹ ਵੀ ਕਹਿ ਦਈ ਕਿ ਮੈਂ ਮੰਗਲਵਾਰ ਪਹੁੰਚ ਰਿਹਾਂ। ਦੁਪਹਿਰੋਂ ਬਾਅਦ ਮੇਰੀ ਮੀਟਿੰਗ ਰਖ ਦਈਂ।'

'ਸਰਦਾਰ ਜੀ, ਮੰਗਲਵਾਰ ਦੁਪਹਿਰੋਂ ਬਾਅਦ ਤਾਂ ਚੌਧਰੀ ਸਾਹਿਬ ਪਿੰਡ ਗਏ ਹੋਣਗੇ।'

'ਫੇਰ ਬੁੱਧਵਾਰ ਦੁਪਹਿਰੋਂ ਬਾਅਦ ਦੀ ਰਖ ਦੇ। ਮੈਂ ਇਕ ਦਿਨ ਚੰਡੀਗੜ੍ਹ ਅਟਕ ਜਾਵਾਂਗਾ।'

'ਜੋ ਹੁਕਮ। ਆ ਜਾਣਾ। ਮਿਲਾ ਦਿਆਂਗਾ।'

# ਸੁਜਾਨਗੜ੍ਹ

ਚੰਡੀਗੜ੍ਹ ਗੁਰਦਿਆਲ ਦੀ ਛੋਟੀ ਸਾਲੀ ਰਹਿੰਦੀ ਸੀ। ਗੁਰਚਰਨ। ਪਿਆਰ ਨਾਲ ਉਹਨੂੰ ਉਹ *ਲਾਡੀ* ਸੱਦਦੇ ਸਨ। ਗੁਰਦੀਪ ਤੋਂ ਉਹ ਕਾਫ਼ੀ ਛੋਟੀ ਸੀ। ਲਾਡੀ ਤੋਂ ਉਹ ਵਾਰੇ-ਵਾਰੇ ਜਾਂਦੀ ਸੀ। ਦੂਜੇ-ਤੀਜੇ ਦਿਨ ਉਹਨੂੰ ਫ਼ੋਨ ਕਰਦੀ ਰਹਿੰਦੀ ਸੀ। ਜਿਸ ਤਰ੍ਹਾਂ ਵੱਡੀ ਭੈਣ ਦਾ ਇਕੋ ਇਕ ਮੁੰਡਾ ਸੀ, ਛੋਟੀ ਭੈਣ ਨੇ ਇਕੋ ਧੀ ਹੀ ਜਣੀ ਸੀ। ਗੁਰਪਾਲ। ਉਹਨੂੰ ਉਹ ਸਾਰੇ *ਪਾਲੀ* ਸੱਦਦੇ ਸਨ। ਗੁਰਦਿਆਲ ਨੂੰ ਆਪਣੀ ਏਸ ਛੋਟੀ ਸਾਲੀ ਤੇ ਉਹਦੀ ਧੀ ਨਾਲ ਬੜਾ ਮੋਹ ਸੀ। ਪਾਲੀ ਨੂੰ ਤਾਂ ਉਹ ਆਪਣੀ ਧੀ ਹੀ ਸਮਝਦਾ ਸੀ। ਉਹਦਾ ਵਿਆਹ ਵੀ ਉਹਨੇ ਹੀ ਕਰਾਇਆ ਸੀ। ਚੰਡੀਗੜ੍ਹ ਹੀ। ਇਕ ਰੀਟਾਇਰਡ ਬ੍ਰਿਗੇਡੀਅਰ ਦੇ ਹੋਣਹਾਰ ਇਕਲੌਤੇ ਮੁੰਡੇ ਨਾਲ। ਪਾਲੀ ਵੀ ਉਹਨੂੰ ਆਪਣੇ ਪਿਓ ਤੋਂ ਵਧ ਸਮਝਦੀ ਸੀ। ਹੁਣ ਜਦੋਂ ਉਹ ਚੰਡੀਗੜ੍ਹ ਜਾਣ ਦੀ ਸੋਚ ਰਿਹਾ ਸੀ, ਉਹਨੂੰ ਉਹ ਬੜੀ ਯਾਦ ਆ ਰਹੀ ਸੀ। ਉਹਨੇ ਜਾ ਕੇ ਸਾਲੀ ਕੋਲ ਹੀ ਠਹਿਰਨਾ ਸੀ।

ਉਹਨੂੰ ਪਤਾ ਸੀ, ਚੰਡੀਗੜ੍ਹ ਜਾਣ ਨੂੰ ਜੀਅ ਉਹਦੀ ਦੀਪਾਂ ਦਾ ਵੀ ਕਰ ਰਿਹਾ ਸੀ। ਉਹਨੇ ਉਹਨੂੰ ਸੁਲਾਹ ਮਾਰੀ,

'ਦੀਪਾਂ ਤੂੰ ਵੀ ਮੇਰੇ ਨਾਲ ਕਿਉਂ ਨਹੀਂ ਚਲਦੀ? ਦੋ ਦਿਨ ਲਾਡੀ ਕੋਲ ਲਾ ਲਈਂ। ਪਾਲੀ ਨੂੰ ਵੀ ਮਿਲ ਲਈਂ।'

'ਜੀਅ ਤਾਂ ਬੜਾ ਕਰਦੈ, ਪਰ ਬੌਬੀ ਤੇ ਰੂਪੀ ਨੂੰ 'ਕੱਲਿਆਂ ਨਹੀਂ ਛੱਡ ਸਕਦੀ। ਪਿੱਛੋਂ ਕੌਣ ਧਿਆਨ ਰੱਖੇਗਾ ਉਹਨਾਂ ਦਾ? ਬਾਜ਼ਾਰ ਦਾ ਖਾਂਦੇ ਫਿਰਨਗੇ। ਬੀਮਾਰ ਪੈ ਜਾਣਗੇ। ਨਹੀਂ, ਮੈਂ ਨਹੀਂ ਜਾਂਦੀ। ਤੁਸੀਂ ਜਾਓ, ਕੰਮ ਕਰ ਆਓ ਆਪਣਾ। ਐਵੇਂ ਬਹਿ ਨਾ ਜਾਣਾ ਓਥੇ। ਕੰਮ ਮੁੱਕਦਿਆਂ ਹੀ ਵਾਪਸ ਆ ਜਾਣਾ।'

ਗੁਰਦਿਆਲ ਨੇ ਹੋਰ ਕੁਝ ਨਾ ਕਿਹਾ। ਉਹ ਵੀ ਨਹੀਂ ਸੀ ਚਾਹੁੰਦਾ, ਬੱਚੇ ਪਿੱਛੇ ਇਕੱਲੇ ਰਹਿ ਜਾਣ ਤੇ ਔਖੇ ਹੋਣ। ਉਹਨਾਂ ਨੂੰ ਆਪਣੇ ਆਪ ਵੇਲੇ ਸਿਰ ਸਵੇਰੇ ਜਾਗ ਵੀ ਨਹੀਂ ਸੀ ਆਉਂਦੀ। ਗੁਰਦੀਪ ਹੀ ਉਹਨਾਂ ਨੂੰ ਜਗਾਉਂਦੀ ਸੀ ਤੇ ਸਮੇਂ ਨਾਲ ਤਿਆਰ ਕਰਾ ਦਫ਼ਤਰ ਘੱਲਦੀ ਸੀ।

'ਠੀਕ ਏ, ਨਾ ਜਾ', ਗੁਰਦਿਆਲ ਮੰਨ ਗਿਆ। 'ਸੱਚ ਪੁੱਛੇਂ ਤਾਂ ਜੀਅ ਮੇਰਾ ਵੀ ਨਹੀਂ ਕਰ ਰਿਹਾ ਜਾਣ ਨੂੰ। ਇਹ ਵਕਤ ਪੰਜਾਬ ਜਾਣ ਦਾ ਨਹੀਂ। ਚੋਣਾਂ ਦਾ ਐਲਾਨ ਹੋ ਚੁੱਕੈ। ਪਾਰਸ ਨੂੰ ਕਿੱਥੇ ਵਿਹਲ ਹੋਣੀ ਏਂ ਮੇਰੇ ਨਾਲ ਗੱਲ ਕਰਨ ਦੀ। ਪਾਰਟੀ ਉਹਨਾਂ ਦੀ ਵਿਚ ਫੁੱਟ ਪੈ ਗਈ ਏ। ਜਿਨ੍ਹਾਂ ਨੂੰ ਉਹ

ਆਪਣਾ ਸਮਝਦੇ ਸਨ, ਉਹ ਆਪਣੀ ਵੱਖਰੀ ਪਾਰਟੀ ਬਣਾਈ ਬੈਠੇ ਨੇ। ਹਰ ਹਲਕੇ 'ਚ ਉਹ ਸਿਰ ਡਾਹਣ ਨੂੰ ਫਿਰਦੇ ਨੇ। ਪਾਰਸ ਆਪਣਾ ਸੋਚੇ ਕਿ ਮੇਰਾ। ਉਹਨੇ ਚੱਜ ਨਾਲ ਕਹਿਣਾ ਵੀ ਨਹੀਂ ਚੌਧਰੀ ਨੂੰ। ਐਵੇਂ ਗੋਂਗਲੂਆਂ ਦੀ ਮਿੱਟੀ ਝਾੜ ਦੇਵੇਗਾ। ਕੋਈ ਅਸਰ ਨਹੀਂ ਹੋਣਾ ਉਹਦਾ...ਨਾਲੇ ਚੌਧਰੀ ਵੀ ਕੁਝ ਨਹੀਂ ਦੁਆਲ। ਜੋ ਉਹਦੇ ਹੱਥ 'ਚ ਏ, ਉਹ ਨਹੀਂ ਦੇਂਦਾ। ਜੋ ਹਵਾ 'ਚ ਏ, ਕਹਿੰਦੈ, ਉਹਨੂੰ ਫੜ ਲੈ। ਮੈਨੂੰ ਲਗਦੈ, ਐਵੇਂ ਪਟਰੋਲ ਫੂਕ, ਧੱਕੇ ਖਾ, ਵਾਪਸ ਆ ਜਾਵਾਂਗਾ।'

'ਨਹੀਂ ਜੀ, ਜਾਓ ਜ਼ਰੂਰ', ਗੁਰਦੀਪ ਨੇ ਪ੍ਰੇਰਿਆ, 'ਚੌਧਰੀ ਨੇ ਆਣ ਨੂੰ ਕਿਹਾ ਸੀ। ਵੈਸੇ ਵੀ ਸਾਡੇ ਕੋਲ ਹੋਰ ਚਾਰਾ ਵੀ ਕੋਈ ਨਹੀਂ। ਆਪਣੇ ਵਲੋਂ ਜ਼ੋਰ ਤਾਂ ਲਾਣਾ ਹੀ ਚਾਹੀਦੈ। ਅਖ਼ੀਰ ਕੋਠੀ ਦਾ ਮਾਮਲਾ ਏ। ਜਾਂ ਫੇਰ ਕੁਝ ਹੋਰ ਸੋਚੋ।'

'ਬੜਾ ਸੋਚਿਐ। ਸੋਚ-ਸੋਚ ਹਾਰ ਗਿਆਂ। ਬੰਦਾ ਏਡਾ ਵੀ ਲਾਚਾਰ ਨਾ ਹੋਵੇ।'

'ਨਾ ਜੀ ਨਾ। ਐਵੇਂ ਦਿਲ ਨਾ ਛੱਡੋ। ਜੋ ਹੋ ਸਕਦੈ, ਉਹ ਕਰ ਵੇਖੋ,' ਗੁਰਦੀਪ ਨੇ ਹੌਸਲਾ ਦਿਤਾ। 'ਸਾਡੇ ਬੀ-ਜੀ ਕਿਹਾ ਕਰਦੇ ਸਨ, ਬੰਦੇ ਨੂੰ ਆਪਣੇ ਵਲੋਂ ਤਾਂ ਕੋਈ ਕਸਰ ਨਹੀਂ ਛੱਡਣੀ ਚਾਹੀਦੀ।'

'ਕਲ੍ਹ ਉਹ ਮਨਚੰਦਾ ਆਇਆ ਸੀ ਨਾ, ਉਹੀਉ ਆਲੀਸ਼ਾਨ ਸੁਨਹਿਰੀ ਗੱਡੀ ਵਾਲਾ', ਗੁਰਦਿਆਲ ਦੇ ਚੇਤੇ 'ਚੋਂ ਅਜੇ ਉਹਦੀ ਚਕਾਚੌਂਧ ਨਹੀਂ ਸੀ ਗਈ। 'ਵੀਹ ਸਾਲ ਪਹਿਲਾਂ ਮਾਮੂਲੀ ਬਿਲਡਰ ਹੁੰਦਾ ਸੀ। ਛੋਟੇ-ਛੋਟੇ ਫਲੈਟ ਬਣਾ ਕੇ ਵੇਚਦਾ ਸੀ। ਅੱਜ *ਸਕਾਈਸਕ੍ਰੈਪਰ* ਬਣਾ ਰਿਹੈ। ਇਕ-ਇਕ ਨਹੀਂ, ਉਹਨਾਂ ਦੇ ਝਮਘਟੇ। ਪੂਰੀ ਦੀ ਪੂਰੀ ਆਬਾਦੀ। ਘੀਚਰ ਜਿਹੈ। ਅਰਸ਼ਾਂ 'ਤੇ ਬੈਠਾ ਹੋਇਐ। ਮੈਨੂੰ ਤੀਹ ਸਾਲ ਹੋ ਗਏ ਨੇ ਇਹਨਾਂ ਕੰਮਾਂ 'ਚ। ਅਜੇ ਤਕ ਫ਼ਰਸ਼ 'ਤੇ ਪਿਆ ਹਾਂ।'

'ਆਪੋ ਆਪਣੀ ਕਿਸਮਤ ਏ', ਗੁਰਦੀਪ ਨੇ ਆਪਣਾ ਮੰਤਰ ਪੜ੍ਹ ਦਿੱਤਾ।

'ਦੀਪਾਂ, ਕਿਸਮਤ ਦੀ ਗੱਲ ਨਹੀਂ। ਕਾਰਨ ਇਹ ਵੇ ਕਿ ਮੈਂ ਕਿਸੇ ਠੀਕ ਬੰਦੇ ਦਾ ਲੜ ਨਹੀਂ ਫੜਿਆ।'

'ਐਵੇਂ ਨਾ ਝੂਰੋ। ਅਸੀਂ ਵੀ ਕੋਈ ਏਡੇ ਮਾੜੇ ਨਹੀਂ ਰਹੇ। ਇਹ ਤਾਂ ਐਵੇਂ ਕੋਠੀ ਦੀ ਭੀੜਾ ਬਣ ਗਈ ਏ। ਜਾ ਕੇ ਮਿਲੋ ਪਾਰਸ ਨੂੰ। ਚੌਧਰੀ ਨਾਲ ਵੀ ਗੱਲ ਕਰੋ। ਕੁਝ ਨਾ ਕੁਝ ਤਾਂ ਕਰਨਗੇ ਹੀ।'

ਗੁਰਦਿਆਲ ਨੇ ਠੰਢਾ ਸਾਹ ਲਿਆ।

'ਜੇ ਪਾਰਸ ਚੋਣਾਂ ਜਿੱਤ ਜਾਵੇ, ਤਾਂ ਸਾਡਾ ਕਲਿਆਣ ਹੋ ਸਕਦੈ। ਪਰ ਜਿੱਤੇ ਵੀ ਨਾ।'

'ਇਹਦਾ ਤਾਂ ਤੁਹਾਨੂੰ ਪਤੈ। ਮੈਨੂੰ ਕੋਈ ਅੰਦਾਜ਼ਾ ਨਹੀਂ।'



'ਮੇਰਾ ਅੰਦਾਜ਼ਾ ਤਾਂ ਇਹ ਵੇ ਕਿ ਉਹ ਹਾਰ ਰਿਹੈ।'

'ਹੱਛਾ! ਫੇਰ ਤਾਂ ਸਾਡੇ ਕੋਲ ਸਿਰਫ਼ ਚੌਧਰੀ ਹੀ ਰਹਿ ਜਾਏਗਾ।'

'ਉਹ ਵੀ ਅਗਲੇ ਦੋ ਢਾਈ ਸਾਲ। ਅਗਲੀਆਂ ਚੋਣਾਂ 'ਚ ਉਹ ਵੀ ਹਾਰ ਜਾਏਗਾ। ਅੰਨ੍ਹੀ ਪਾਈ ਹੋਈ ਸੂ। ਦੋਵੇਂ ਹੱਥੀਂ ਲੁੱਟੀ ਜਾ ਰਿਹੈ। ਆਪਣੀਆਂ ਕਈ ਪੁਸ਼ਤਾਂ ਦਾ ਬੰਦੋਬਸਤ ਕਰ ਲਿਐ ਉਹਨੇ। ਕਿਸੇ ਨਾਲ ਵੰਡਾਂਦਾ ਨਹੀਂ।'

'ਫੇਰ ਕੋਈ ਹੋਰ ਬੂਹਾ ਲੱਭੋ।'

'ਦੀਪਾਂ, ਕਿਹੜਾ ਲੱਭਾਂ। ਸਾਰੇ ਪਹਿਲੋਂ ਹੀ ਮੱਲੇ ਪਏ ਨੇ। ਸਾਡੇ ਤੋਂ ਪਹਿਲਾਂ ਪਹੁੰਚੇ ਹੋਏ ਨੇ ਲੋਕ ਓਥੇ।'

'ਫੇਰ ਆਪਣੇ ਏਸ ਸੁੰਦਰ ਦਾਸ 'ਤੇ ਪੱਟੂ ਪਾਓ। ਉਹਦੇ ਹੱਥ ਵੀ ਤਾਂ ਬੜਾ ਕੁਝ ਏ।'

'ਸੁੰਦਰ ਦਾਸ ਬੜਾ ਪਹੁੰਚਿਆ ਹੋਇਐ। ਉਤੋਂ ਭਾਵੇਂ ਕੀ ਪਿਆ ਕਵ੍ਹੇ, ਅੰਦਰੋਂ ਸਾਡਾ ਸਕਾ ਤਾਂ ਹੀ ਬਣੇਗਾ, ਜੇ ਉਹਨੂੰ ਆਪ ਵੀ ਕੋਈ ਫ਼ਾਇਦਾ ਹੁੰਦਾ ਹੋਵੇ।'

ਗੁਰਦਿਆਲ ਬੜਾ ਬੇ-ਬਸ ਸੀ। ਪਤੀ ਵਲ ਵੇਖਦੀ ਗੁਰਦੀਪ ਦੀਆਂ ਅੱਖਾਂ ਭਰ ਆਈਆਂ। ਗੁਰਦਿਆਲ ਸੰਭਲਿਆ। ਉਹਨੇ ਪਤਨੀ ਦੇ ਅੱਥਰੂ ਪੂੰਝੇ ਤੇ ਪੁਚ-ਪੁਚ ਕੀਤੀ,

'ਨਾ ਦੀਪੋ ਨਾ। ਐਵੇਂ ਦਿਲ ਨਹੀਂ ਛੱਡੀਦਾ। ਜਾਵਾਂਗਾ ਮੈਂ ਚੰਡੀਗੜ੍ਹ। ਲਾਵਾਂਗਾ ਪੂਰਾ ਜ਼ੋਰ ਆਪਣਾ। ਕੁਝ ਨਾ ਕੁਝ ਤਾਂ ਨਿਕਲੇਗਾ ਹੀ।'

ਗੁਰਦੀਪ ਉੱਠ ਖਲੋਤੀ।

'ਅੱਛਾ, ਮੈਂ ਜਾ ਕੇ ਤੁਹਾਡਾ ਅਟੈਚੀ ਤਿਆਰ ਕਰਨੀ ਹਾਂ।'

#

ਗੁਰਦਿਆਲ ਮੰਗਲਵਾਰ ਸਵੇਰੇ ਪੰਜ ਵਜੇ ਹੀ ਨਿਕਲ ਪਿਆ। ਸੜਕਾਂ 'ਤੇ ਕਾਰਾਂ ਭਜਾਣ ਵਾਲੇ ਅਜੇ ਸੁੱਤੇ ਪਏ ਸਨ। ਭੀੜ ਕੋਈ ਨਹੀਂ ਸੀ। ਉਹ ਨੌਂ ਵਜੇ ਤੋਂ ਪਹਿਲਾਂ ਚੰਡੀਗੜ੍ਹ ਜਾ ਪਹੁੰਚਿਆ। ਪਹਿਲਾ ਕੰਮ ਉਹਨੇ ਪਾਰਸ ਦੇ ਪੀ-ਏ ਦੀ ਘੰਟੀ ਖੜਕਾਉਣ ਦਾ ਕੀਤਾ।

ਪੀ-ਏ ਕਿਸੇ ਹੋਰ ਥਾਉਂ ਬੋਲਿਆ,

'ਅਸੀਂ ਹੁਣੇ ਸਾਹਿਬ ਦੇ ਪਿੰਡੋਂ ਨਿਕਲੇ ਹਾਂ ਜੀ। ਸ਼ਾਮੀਂ ਚਾਰ ਵਜੇ ਤਕ ਚੰਡੀਗੜ੍ਹ ਪਹੁੰਚਾਂਗੇ। ਓਦੋਂ ਆ ਜਾਣਾ। ਮੁਲਾਕਾਤੀਆਂ 'ਚ ਮੈਂ ਤੁਹਾਡਾ ਨਾਂ ਪਾ ਦਿਆਂਗਾ।'

ਮਾਰੋ-ਮਾਰ ਕਰਦੇ ਪਹੁੰਚੇ ਗੁਰਦਿਆਲ ਦੀ ਉਹਨੇ ਸ਼ਾਮ ਤਕ ਤਾਂ ਛੁੱਟੀ ਕਰ ਦਿੱਤੀ। ਉਹਨੂੰ ਪਰਮ ਪਿਆਰੀ ਸਾਲੀ ਕੋਲ ਬਹਿਣ ਤੇ ਗੱਪਾਂ ਮਾਰਨ ਦਾ ਸਮਾਂ ਦੇ ਦਿੱਤਾ। ਸਾਂਢੂ ਤਾਂ ਦਫ਼ਤਰ ਚਲਾ ਗਿਆ ਹੋਇਆ ਸੀ। ਉਹਦੇ ਨਾਲ

ਮੇਲ ਤਾਂ ਸ਼ਾਮ ਨੂੰ ਹੀ ਹੋਣਾ ਸੀ।

ਪੰਜ ਕੁ ਵਜੇ ਉਹ ਪਾਰਸ ਦੀ ਕੋਠੀ ਜਾ ਪਹੁੰਚਿਆ। ਗੱਡੀ ਇਕ ਪਾਸੇ ਲਾਈ ਤੇ ਅੰਦਰ ਵੜਿਆ। ਉਸ ਵੇਖਿਆ, ਇਕ ਪੁਲਸ ਵਾਲੀ ਜੀਪ ਬਾਹਰ ਨੂੰ ਆ ਰਹੀ ਸੀ ਤੇ ਉਹਦੇ ਪਿੱਛੇ ਇਕ ਕਾਰ ਵੀ। ਤੇ ਉਹਦੇ ਪਿੱਛੇ ਇਕ ਹੋਰ ਜੀਪ ਲੱਗੀ ਹੋਈ ਸੀ। ਮਤਲਬ ਸੀ, ਮੁੱਖ ਮੰਤਰੀ ਕਿਤੇ ਨਿਕਲ ਪਿਆ ਸੀ। ਘਬਰਾ ਕੇ ਗੁਰਦਿਆਲ ਨੇ ਹੱਥ ਉਤਾਂਹ ਕੀਤਾ, ਜਿਵੇਂ ਉਹਨਾਂ ਨੂੰ, ਮਿਲੇ ਬਿਨਾਂ ਜਾਣੋਂ, ਰੋਕ ਰਿਹਾ ਹੋਵੇ। ਰੱਬੋਂ ਪਾਰਸ ਦੀ ਨਜ਼ਰ ਪੈ ਗਈ। ਉਹਨੇ ਗੱਡੀ ਰੁਕਵਾ ਲਈ ਤੇ ਸ਼ੀਸ਼ਾ ਹੇਠਾਂ ਕਰ ਆਵਾਜ਼ ਦਿਤੀ,

'ਗੁਰਦਿਆਲ ਸਿੰਘ, ਆ ਜਾ, ਬਹਿ ਜਾ ਅੱਗੇ। ਸੁਜਾਨਗੜ੍ਹ ਜਾ ਰਹੇ ਹਾਂ। ਰੋਪੜ ਕੋਲ। ਕੋਈ ਜ਼ਰੂਰੀ ਕੰਮ ਪੈ ਗਿਐ...'

'ਮੇਰੀ ਗੱਡੀ...'

'ਉਹ ਗੱਡੀ ਤੇਰੀ ਨੂੰ ਕੁਝ ਨਹੀਂ ਹੁੰਦਾ। ਖੜੀ ਰਹਿਣ ਦੇ।'

ਗੁਰਦਿਆਲ ਕਾਰ ਦੀ ਅਗਲੀ ਸੀਟ 'ਤੇ ਬਹਿ ਗਿਆ।

ਪਿਛਲੀ ਸੀਟ 'ਤੇ ਪਾਰਸ ਨਾਲ ਕੋਈ ਜੱਥੇਦਾਰ ਬੈਠਾ ਸੀ। ਉਹਦੇ ਨਾਲ ਗੱਲੀਂ ਲੱਗਾ ਹੋਇਆ ਸੀ। ਬੋਲ ਜ਼ਿਆਦਾ ਰਿਹਾ ਸੀ ਤੇ ਸੁਣ ਘੱਟ। ਉਹਨੇ ਸਾਰਾ ਰਾਹ ਪਾਰਸ ਦਾ ਸਿਰ ਖਾਂਦੇ ਰਹਿਣਾ ਸੀ। ਗੁਰਦਿਆਲ ਨੇ ਧਿਆਨ ਅੱਗੇ ਕਰ ਲਿਆ।

ਕੁਝ ਚਿਰ ਬਾਅਦ ਉਹਦੀ ਨਜ਼ਰ ਕਾਰ ਦੇ ਪਿੱਛਾ-ਝਲਕਾਉਂਦੇ ਸ਼ੀਸ਼ੇ 'ਤੇ ਪਈ। ਪਾਰਸ ਤੇ ਜੱਥੇਦਾਰ, ਦੋਵੇਂ, ਆਪੋ 'ਚ ਜੁੱਟੇ, ਦਿੱਸ ਰਹੇ ਸਨ। ਉਹਨੂੰ ਇਕ ਗੱਲ ਰੜਕੀ। ਪਾਰਸ ਦੀ ਦਾੜ੍ਹੀ ਖੁੱਲ੍ਹੀ ਸੀ ਤੇ ਜੱਥੇਦਾਰ ਦੀ ਵੀ। ਉਹਨੇ ਸੱਜੇ ਹੱਥ ਡਰਾਈਵਰ ਵਲ ਵੇਖਿਆ। ਦਾੜ੍ਹੀ ਉਹਦੀ ਵੀ ਖੁੱਲ੍ਹੀ ਸੀ। ਉਹਨੇ ਫੇਰ ਸ਼ੀਸ਼ੇ 'ਚ ਝਾਕਿਆ। ਪਗੜੀ ਪਾਰਸ ਦੀ ਵੀ ਕਾਲੀ ਸੀ ਤੇ ਜੱਥੇਦਾਰ ਦੀ ਵੀ। ਅੱਗੇ ਡਰਾਈਵਰ ਦੀ ਪੱਗ ਵੀ ਕਾਲੀ ਸੀ। ਉਹਨੇ ਹੇਠ ਕੇਸਰੀ ਫਿਫਟੀ ਵੀ ਬੰਨ੍ਹੀ ਹੋਈ ਸੀ। ਗੁਰਦਿਆਲ ਨੂੰ ਬੜਾ ਓਪਰਾ ਲੱਗਾ। ਉਹਦਾ ਆਪਣਾ ਕੁਝ ਵੀ ਸੰਗਤ 'ਚ ਨਹੀਂ ਸੀ। ਉਹਨੇ ਲਾਖੀ ਪੱਗ ਬੰਨ੍ਹੀ ਹੋਈ ਸੀ। ਦਾੜ੍ਹੀ ਫਿਕਸੋ ਨਾਲ ਜਮਾਈ ਹੋਈ ਸੀ ਤੇ ਉਤੇ ਜਾਲੀ ਵੀ ਚਾੜ੍ਹ ਰੱਖੀ ਸੀ। ਵੈਸੇ ਵੀ ਉਹਨੇ ਸੂਟ ਪਾਇਆ ਹੋਇਆ ਸੀ ਤੇ ਲਾਖੀ ਟਾਈ ਲਾਈ ਹੋਈ ਸੀ। ਅਜੋੜ ਮਹਿਸੂਸ ਕਰਦਿਆਂ ਉਹਨੇ ਨਜ਼ਰ ਸ਼ੀਸ਼ੇ ਤੋਂ ਚੁੱਕ ਲਈ।

ਸੜਕ 'ਤੇ ਭੀੜ ਕਾਫ਼ੀ ਸੀ। ਮੁਹਾਲੀਉਂ ਬਾਹਰ ਆ ਕੇ ਵੀ ਕੋਈ ਫ਼ਰਕ ਨਾ ਪਿਆ। ਮੁੱਖ ਮੰਤਰੀ ਦਾ ਕਾਫ਼ਲਾ ਆਪਣੀ ਧੌਂਸ 'ਚ ਸੀ। ਨਾ ਸੱਜਾ ਵੇਖ ਰਿਹਾ ਸੀ ਨਾ ਖੱਬਾ। ਨਾ ਹੀ ਕਿਸੇ ਲਾਲ ਬੱਤੀ ਦੀ ਪਰਵਾਹ ਕਰ ਰਿਹਾ ਸੀ। ਧੁੱਸ ਦੇ ਨਿਕਲਦਾ ਜਾ ਰਿਹਾ ਸੀ।

ਪਾਰਸ ਜੱਥੇਦਾਰ ਨਾਲ ਹੀ ਜੁਟਿਆ ਰਿਹਾ। ਜਥੇਦਾਰ ਬੜਾ ਕੁਝ ਚਾਹੁੰਦਾ



ਸੀ। ਓਨਾ ਪਾਰਸ ਤੋਂ ਦੇਣ ਨਹੀਂ ਸੀ ਹੋ ਰਿਹਾ। ਉਹਦਾ ਥੁੰਨ ਵੱਟਿਆ ਰਿਹਾ। ਗੁਰਦਿਆਲ ਨੂੰ ਆਪਣੀ ਵਿਥਿਆ ਸੁਣਾਣ ਦਾ ਮੌਕਾ ਓਦੋਂ ਹੀ ਮਿਲਿਆ, ਜਦੋਂ ਜਥੇਦਾਰ ਜ਼ਰਾ ਢਿੱਲਾ ਪਿਆ ਤੇ ਕੁਝ ਸੋਚਦਾ ਗੱਡੀਉਂ ਬਾਹਰ ਝਾਕਣ ਲੱਗ ਪਿਆ। ਗੁਰਦਿਆਲ ਨੇ ਗੱਲ ਸੰਖੇਪ ਰੱਖੀ ਤੇ ਕਹੀ ਵੀ ਕਾਹਲੀ-ਕਾਹਲੀ। ਪਾਰਸ ਨੂੰ ਸਮਝ ਵੀ ਛੇਤੀ ਹੀ ਲੱਗ ਗਈ। ਉਹ ਵਿੱਚੋਂ ਹੀ ਬੋਲ ਪਿਆ,

'ਗੁਰਦਿਆਲ ਸਿੰਘ, ਅਜੇ ਤਾਂ ਕੁਝ ਨਹੀਂ ਹੋ ਸਕਦਾ। ਚੋਣਾਂ ਦਾ ਘਮਸਾਣ ਮੱਚਿਆ ਹੋਇਐ। ਸਾਡਾ ਧਿਆਨ ਓਧਰ ਏ। ਟੱਕਰ ਕਾਂਟੇ ਦੀ ਏ। ਆਰ ਜਾਂ ਪਾਰ। ਜੇ ਪਾਰ ਹੋ ਗਏ ਤਾਂ ਕੋਈ ਮੁਸ਼ਕਿਲ ਨਹੀਂ। ਕੋਈ ਨਾ ਕੋਈ ਰਾਹ ਲੱਭ ਲਾਂਗੇ। ਹਾਲ ਦੀ ਘੜੀ ਜਿੱਥੇ ਬੈਠੈਂ, ਬੈਠਾ ਰਹੁ। ਭੇਜਦੇ ਰਹਿਣ ਨੋਟਿਸ...'

ਗੁਰਦਿਆਲ ਨੂੰ ਨਿਰਾਸਤਾ ਤਾਂ ਹੋਈ, ਪਰ ਉਹਨੇ ਮੂੰਹ 'ਤੇ ਨਾ ਆਉਣ ਦਿੱਤੀ। ਸਗੋਂ ਪਾਰਸ ਦੇ ਮਤਲਬ ਦੀ ਗੱਲ ਛੋਹ ਲਈ,

'ਪਾਰਸ ਸਾਹਿਬ, ਮੈਨੂੰ ਵੀ ਕੋਈ ਸੇਵਾ ਬਖ਼ਸ਼ੋ ਇਹਨਾਂ ਚੋਣਾਂ 'ਚ।'

'ਗੁਰਦਿਆਲ ਸਿੰਘ, ਇਹ ਸੇਵਾ ਦਿੱਲੀਉਂ ਨਹੀਂ ਹੋ ਸਕਦੀ।' ਪਾਰਸ ਦੇ ਲਹਿਜੇ 'ਚ ਖੁਸ਼ਕੀ ਆ ਗਈ।

'ਨਹੀਂ, ਪਾਰਸ ਸਾਹਿਬ। ਜੇ ਹੁਕਮ ਕਰੋ ਤਾਂ ਮੈਂ ਏਥੇ ਪੰਜਾਬ ਵੀ ਆ ਜਾਗਾਂ, ਦੋ-ਚਾਰ ਹਫ਼ਤਿਆਂ ਲਈ।'

'ਠੀਕ ਏ। ਸੁਜਾਨਗੜ੍ਹ ਜਾ ਰਹੇ ਹਾਂ। ਓਥੇ ਹੀ ਲਾ ਦੇਣੇ ਹਾਂ ਤੇਰੀ ਡਿਊਟੀ। ਓਥੇ ਲੋੜ ਵੀ ਹੈ ਤੇਰੇ ਵਰਗੇ ਬੰਦੇ ਦੀ।'

ਪਾਰਸ ਦੇ ਲਹਿਜੇ ਦੀ ਖੁਸ਼ਕੀ ਨਾ ਰਹੀ।

'ਪਾਰਸ ਸਾਹਿਬ, ਮੈਨੂੰ ਤਾਂ ਬੜਾ ਸੂਤ ਬਹਿੰਦੈ। ਚੰਡੀਗੜ੍ਹ ਮੇਰਾ ਟਿਕਾਣਾ ਹੈ। ਸਵੇਰੇ ਜਾ ਕੇ ਸ਼ਾਮੀ ਵਾਪਸ ਆ ਜਾਇਆ ਕਰਾਂਗਾ,' ਉਹਨੇ ਚਾਈਂ-ਚਾਈਂ ਆਖਿਆ।

'ਚੱਲ ਤੈਨੂੰ ਓਥੋਂ ਦੇ ਉਮੀਦਵਾਰ ਨਾਲ ਮਿਲਾ ਵੀ ਦੇਣੇ ਹਾਂ। ਓਥੇ ਹੋਵੇਗਾ ਉਹ ਵੀ।'

'ਕੌਣ ਏ ਉਮੀਦਵਾਰ?'

'ਹਜ਼ੂਰ ਸਿੰਘ। ਸਰਬੱਤ ਪਾਰਟੀ ਵਾਲਾ।'

'ਪਾਰਸ ਸਾਹਿਬ, ਉਹ ਤਾਂ ਸਾਡਾ ਮੁਖ਼ਾਲਿਫ਼ ਏ।'

'ਗੁਰਦਿਆਲ, ਹੁੰਦਾ ਸੀ। ਹੁਣ ਨਹੀਂ। ਸਿਆਸਤ 'ਚ ਨਾ ਕੋਈ ਹਮੇਸ਼ਾ ਮੁਖ਼ਾਲਿਫ਼ ਹੁੰਦੈ, ਨਾ ਹਮੇਸ਼ਾ ਹਿਮਾਇਤੀ। ਸਾਡੇ ਕੋਲ ਆਇਆ ਸੀ। ਕਹਿੰਦਾ ਸੀ, ਟਿਕਟ ਦਿਉ। ਕੋਈ ਸ਼ਰਤ ਨਹੀਂ ਸੀ ਰਖਦਾ। ਸਾਨੂੰ ਵੀ ਪੜ੍ਹੇ-ਲਿਖੇ ਬੰਦੇ ਚਾਹੀਦੇ ਸਨ। ਅਸੀਂ ਕਿਹਾ, ਆ ਜਾ। ਖੜ ਜਾ ਸੁਜਾਨਗੜ੍ਹ ਤੋਂ। ਉਸ

ਕਿਹਾ, ਮੈਨੂੰ ਜਾਲੰਧਰ ਜ਼ਿਲ੍ਹੇ ਦੀ ਸੀਟ ਦਿਓ। ਮੇਰਾ ਅਸਰ-ਰਸੂਖ਼ ਓਧਰ ਏ। ਅਸੀਂ ਕਿਹਾ, ਓਥੋਂ ਦੀਆਂ ਤਾਂ ਸਾਰੀਆਂ ਸੀਟਾਂ ਨਿੱਬੜ ਗਈਆਂ ਨੇ। ਹੁਣ ਕਿਸੇ ਨੂੰ ਹਿਲਾ ਨਹੀਂ ਸਕਦੇ।'

'ਫੇਰ?'

'ਫੇਰ ਕੀ! ਮੰਨ ਗਿਆ। ਹੋ ਰਿਹੈ ਖੜਾ। ਸੁਜਾਨਗੜ੍ਹ ਤੋਂ ਸਾਡਾ ਉਮੀਦਵਾਰ ਏ ਹੁਣ।'

'ਪਾਰਸ ਸਾਹਿਬ, ਉਹ ਆਪਣੀ ਪਾਰਟੀ ਦਾ ਕੀ ਕਰੇਗਾ?'

'ਸਾਨੂੰ ਕੀ! ਸਾਡੇ ਵਲੋਂ ਸੁੱਟੇ ਉਹਨੂੰ ਆਪਣੇ ਪਿੰਡ ਦੇ ਟੋਭੇ 'ਚ। ਏਥੇ ਤਾਂ ਉਹ ਕੇਸਰੀ ਦਲ ਦਾ ਉਮੀਦਵਾਰ ਹੋਏਗਾ। ਸਾਡੀਆਂ ਪਾਲਸੀਆਂ 'ਤੇ ਚੱਲੇਗਾ।'

'ਪਾਰਸ ਸਾਹਿਬ, ਮੈਂ ਹਜ਼ੂਰ ਸਿੰਘ ਨੂੰ ਬੜੀ ਚੰਗਾ ਤਰ੍ਹਾਂ ਜਾਣਨਾਂ। ਅਸੀਂ ਇੰਟਰ ਇਕੋ ਕਾਲਿਜ ਤੋਂ ਕੀਤੀ ਸੀ। ਸਾਡਾ ਸੈਕਸ਼ਨ ਵੀ ਇਕੋ ਸੀ। ਹੋਸਟਲ 'ਚ ਅਸੀਂ ਰਹਿੰਦੇ ਵੀ ਇਕੋ ਬਲਾਕ 'ਚ ਸਾਂ।'

'ਇਹ ਤਾਂ ਹੋਰ ਵੀ ਚੰਗੈਂ,' ਪਾਰਸ ਖੁਸ਼ ਹੋ ਗਿਆ। 'ਆੜੀ ਹੋ ਤੁਸੀਂ। ਦਿਲ ਲਾ ਕੇ ਕੰਮ ਕਰਨਾ। ਇਹ ਸੀਟ ਸਾਡੀ ਕਮਜ਼ੋਰ ਏ। ਏਥੋਂ ਅਸੀਂ ਦੋ ਵਾਰੀ ਪਹਿਲੋਂ ਵੀ ਹਾਰ ਚੁੱਕੇ ਹਾਂ। ਜਿਤਾ ਦਿਓ ਐਤਕੀਂ।'

'ਪਾਰਸ ਸਾਹਿਬ, ਹਜ਼ੂਰ ਸਿੰਘ ਬੰਦਾ ਪੱਕਾ ਨਹੀਂ ਜੇ। ਉਹ ਕਾਮਰੇਡਾਂ ਨਾਲ ਵੀ ਹੁੰਦਾ ਸੀ। ਚੁਫੇਰਗੜ੍ਹੀਐ।'

'ਭਾਈ ਸਾਨੂੰ ਕੀ! ਜੇ ਉਹ ਸਾਡੇ ਝੰਡੇ ਹੇਠ ਲੜੇਗਾ, ਤਾਂ ਪੰਜ ਸਾਲ ਉਹ ਸਾਡੇ ਜ਼ਾਬਤੇ 'ਚ ਰਹੇਗਾ। ਏਧਰ-ਓਧਰ ਹੋਇਆ ਤਾਂ ਆਪਣੀ ਸੀਟ ਗੁਆ ਬੈਠੇਗਾ। ਉਹ ਕਹਿੰਦਾ ਸੀ, ਪਾਰਸ ਸਾਹਿਬ, ਮੈਂ ਪਹਿਲੋਂ ਕੀ ਸਾਂ, ਇਹ ਨਾ ਗੌਲੋ। ਮੈਂ ਤੈਨੂੰ ਕਿਸੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਦਿਆਂਗਾ। ਹੁਣ ਗੁਰਦਿਆਲ, ਉਹਦੇ ਮੋਢੇ ਨਾਲ ਮੋਢਾ ਜੋੜ ਤੇ ਸੀਟ ਜਿਤਾ ਦੇ ਇਹ।'

'ਜ਼ਰੂਰ ਜੀ। ਪੂਰਾ ਜ਼ੋਰ ਲਾਵਾਂਗੇ।'

ਜੱਥੇਦਾਰ ਅੰਦਰਵਾਰ ਹੋਇਆ। ਉਹਨੂੰ ਕੋਈ ਹੋਰ ਚੀਜ਼ ਰੜਕ ਪਈ ਲੱਗਦੀ ਸੀ। ਉਹ ਫੇਰ ਪਾਰਸ ਨਾਲ ਜੁੱਟ ਪਿਆ। ਉਹਨਾਂ ਪੰਦਰਾਂ ਕੁ ਮਿੰਟ ਪਾਰਸ ਨੂੰ ਰੁਝਾਈ ਰਖਿਆ। ਪਾਰਸ ਉਹਨੂੰ ਇਕੋ ਕੰਨੋਂ ਸੁਣ ਰਿਹਾ ਸੀ। ਉਹ ਵਿਚੋਂ ਹੀ ਗੁਰਦਿਆਲ ਨੂੰ ਸੰਬੋਧਨ ਹੋ ਪਿਆ,

'ਗੁਰਦਿਆਲ ਸਿੰਘ, ਜੇ ਤੂੰ ਦਸ ਦਿਨ ਪਹਿਲੋਂ ਆਇਆ ਹੁੰਦਾ, ਮੈਂ ਤੈਨੂੰ ਇਕ ਵਾਰ ਫੇਰ ਵਾਈਸ-ਚਾਂਸਲਰ ਲਾ ਦੇਣਾ ਸੀ। ਫ਼ਾਈਲ ਮੇਰੇ ਕੋਲ ਆਈ ਹੋਈ ਸੀ। ਕਿਸੇ ਨਾ ਕਿਸੇ ਨੂੰ ਲਾਣਾ ਹੀ ਪੈਣਾ ਸੀ। *ਕੋਡ ਆਫ ਕੰਡਕਟ* ਸ਼ੁਰੂ ਹੋਣ ਵਾਲਾ ਸੀ। ਫਾਹ ਵੱਢਣਾ ਸੀ। ਬਹੁਤਾ ਸੋਚ ਨਹੀਂ ਸੀ ਸਕਦਾ। ਲਾ ਦਿੱਤਾ ਕਿਸੇ ਹੋਰ ਨੂੰ ਫੇਰ।'



'ਚੰਗਾ ਕੀਤਾ ਜੇ। ਇਹਦੇ ਨਾਲ ਮੇਰਾ ਮਸਲਾ ਹਲ ਨਹੀਂ ਸੀ ਹੁੰਦਾ। ਬੱਚੇ ਦਿੱਲੀ ਨੇ। ਪਾਰਸ ਸਾਹਿਬ, ਮੇਰਾ ਮਸਲਾ ਤਾਂ ਕੋਠੀ ਦੈ। ਮੈਨੂੰ ਉਹ ਥਾਂ ਚਾਹੀਦੀ ਏ, ਜਿਹਦੇ ਨਾਲ ਮੇਰੀ ਕੋਠੀ ਬਚੀ ਰਹੇ।'

'ਮੈਨੂੰ ਇਕ ਖ਼ਿਆਲ ਆਇਐ', ਪਾਰਸ ਨੂੰ ਕੁਝ ਹੋਰ ਅਹੁੜਿਆ। 'ਦਿੱਲੀ ਸਾਡੀ ਪਾਰਟੀ ਦਾ ਆਪਣਾ ਭਵਨ ਤਿਆਰ ਹੋ ਰਿਹੈ। ਚੋਣਾਂ ਤੋਂ ਬਾਅਦ ਉਹਦਾ ਉਦਘਾਟਨ ਕਰਾਂਗੇ। ਤੈਨੂੰ ਉਹਦਾ ਡਾਇਰੈਕਟਰ ਲਾ ਦਿਆਂਗੇ।'

'ਨਹੀਂ, ਪਾਰਸ ਸਾਹਿਬ, ਤੁਸੀਂ ਮੈਨੂੰ ਏਡੇ ਵੱਡੇ-ਵੱਡੇ ਆਹੁਦਿਆਂ 'ਤੇ ਬਿਠਾਇਐ। ਉਹਦੇ ਬਾਅਦ ਇਹ ਡਾਇਰੈਕਟਰੀ ਨਹੀਂ ਜੇ ਸੋਭਦੀ।'

ਜੱਥੇਦਾਰ ਨੂੰ ਚੰਗਾ ਨਹੀਂ ਸੀ ਲਗ ਰਿਹਾ। ਪਾਰਸ ਨੇ ਨਾਲ-ਦੀ ਸੀਟ 'ਤੇ ਤਾਂ ਉਹਨੂੰ ਬਿਠਾਇਆ ਹੋਇਆ ਸੀ, ਪਰ ਗੱਲਾਂ ਉਹ ਅਗਲੀ ਸਵਾਰੀ ਨਾਲ ਕਰੀ ਜਾ ਰਿਹਾ ਸੀ। ਉਹਨੇ ਪਾਰਸ ਵੱਲ ਮੂੰਹ ਕੀਤਾ ਤੇ ਕੁਝ ਪੁੱਛ ਮਾਰਿਆ।

ਪਾਰਸ ਨੇ ਜਵਾਬ ਬੜੇ ਧੀਰਜ ਨਾਲ ਦਿਤਾ। ਉਹਦੀ ਆਵਾਜ਼ ਉੱਚੀ ਸੀ। ਸਭ ਕੁਝ ਅੱਗੇ ਵੀ ਸੁਣੀਂਦਾ ਸੀ। ਜਥੇਦਾਰ ਦਾ ਹਾਵ-ਭਾਵ ਬਦਲਣ ਲੱਗਾ। ਉਹਨੂੰ ਤਸੱਲੀ ਹੋ ਰਹੀ ਲਗਦੀ ਸੀ। ਅਖ਼ੀਰ ਪਾਰਸ ਨੇ ਪੁੱਛਿਆ,

'ਖੁਸ਼ ਹੋ ਜੱਥੇਦਾਰ ਜੀ ਹੁਣ?'

ਜੱਥੇਦਾਰ ਮੁਸਕਰਾਇਆ। ਫੇਰ ਉਹਨੇ ਸਿਰ ਹਿਲਾ ਦਿੱਤਾ।

'ਹੁਣ ਇਹ ਸੀਟ ਜਿਤਾ ਦਿਉ। ਐਤਕੀਂ ਇਕ-ਇਕ ਸੀਟ ਨਾਲ ਫ਼ਰਕ ਪੈਣਾ ਜੇ।'

'ਜਿਤਾ ਦਿਆਂਗਾ, ਪਾਰਸ ਸਾਹਿਬ', ਜਥੇਦਾਰ ਨੇ ਯਕੀਨ ਦਵਾ ਦਿੱਤਾ। 'ਖ਼ਾਤਿਰ ਜਮ੍ਹਾਂ ਰੱਖੋ ਤੁਸੀਂ।'

'ਰੋਪੜੋਂ ਤੁਹਾਨੂੰ ਪਿੰਡ ਭਿਜਵਾ ਦਿਆਂਗੇ।'

ਸਭ ਕੁਝ ਨਿੱਬੜ ਗਿਆ ਸੀ। ਜੱਥੇਦਾਰ ਬੇ-ਫ਼ਿਕਰ ਸੀ। ਉਹ ਫੇਰ ਬਾਹਰ ਵੇਖਣ ਲੱਗਾ। ਪਾਰਸ ਨੇ ਧਿਆਨ ਅਗਾਂਹ ਕਰ ਲਿਆ।

#

'ਗੁਰਦਿਆਲ, ਓਥੇ ਹਜ਼ੂਰ ਸਿੰਘ ਹੋਏਗਾ। ਉਹਦੇ ਨਾਲ ਸਾਰੀ ਗੱਲ ਕਰ ਲਈਂ,' ਪਾਰਸ ਨੇ ਹਿਦਾਇਤ ਕੀਤੀ।

'ਠੀਕ ਏ ਜੀ।'

ਗੁਰਦਿਆਲ ਨੇ ਸਿਰ ਚੰਗੀ ਤਰ੍ਹਾਂ ਪਿਛਾਂਹ ਕਰ ਲਿਆ।

'ਇਕ ਗੱਲ ਦੱਸ,' ਪਾਰਸ ਨੇ ਕੁਝ ਸੋਚਦਿਆਂ ਪੁੱਛਿਆ, 'ਆਹ ਜਿਹੜਾ

ਗੁਰਦਿੱਤ ਸਿੰਘ ਤੇ ਉਹਦੇ ਬੰਦੇ ਥਾਂ-ਥਾਂ ਖੜੇ ਹੋ ਗਏ ਨੇ, ਇਹਦਾ ਸਾਡੇ ਵੋਟਾਂ 'ਤੇ ਕੀ ਅਸਰ ਪਵੇਗਾ?'

ਪਾਰਸ ਦਾ ਲਹਿਜਾ ਤੌਖ਼ਲੇ ਵਾਲਾ ਸੀ।

ਗੁਰਦਿਤ ਸਿੰਘ ਕੁਝ ਚਿਰ ਪਹਿਲੋਂ ਤਕ ਕੇਸਰੀ ਦਲ ਦਾ ਚੌਧਰੀ ਹੁੰਦਾ ਸੀ। ਕਿਸੇ ਗੱਲੋਂ ਰੁੱਸ ਗਿਆ ਸੀ ਤੇ ਆਪਣੀ ਵੱਖਰੀ ਪਾਰਟੀ ਬਣਾਈ ਬੈਠਾ ਸੀ। ਹੋਣ ਵਾਲੀਆਂ ਚੋਣਾਂ ਉਹ ਆਪਣੇ ਝੰਡੇ ਹੇਠ ਲੜ ਰਿਹਾ ਸੀ। ਏਸ ਕੰਮ ਲਈ ਉਹਨੇ ਹਰ ਤਰ੍ਹਾਂ ਦੇ ਅਨਸਰ ਨਾਲ ਰਲਾ ਲਏ ਸਨ। ਬੜੇ ਦਮਗਜੇ ਮਾਰ ਰਿਹਾ ਸੀ।

'ਪਾਰਸ ਸਾਹਿਬ, ਮੈਂ ਤਾਂ ਉਹੀਉ ਕੁਝ ਕਹਿ ਸਕਨਾਂ, ਜੋ ਮੈਨੂੰ ਦਿੱਲੀਉਂ ਦਿਸਦੈ। ਉਹਦੇ ਮੁਤਾਬਿਕ, ਗੁਰਦਿੱਤ ਸਿੰਘ ਰਾਸ਼ਟਰ ਦਲ ਦੇ ਵੋਟ ਖ਼ਰਾਬ ਕਰੇਗਾ। ਉਹਨੂੰ ਵੋਟ ਉਹ ਹੀ ਪੈਣਗੇ, ਜਿਹੜੇ ਕੇਸਰੀ ਦਲ ਨੂੰ ਵੈਸੇ ਵੀ ਨਹੀਂ ਸਨ ਪੈਣੇ। ਸਾਡਾ ਸਗੋਂ ਫ਼ਾਇਦਾ ਹੋਏਗਾ।'

ਪਾਰਸ ਮੁਸਕਰਾ ਪਿਆ। ਉਸ ਅੱਗੋਂ ਪੁੱਛਿਆ,

'ਜੇ ਉਹਨੇ ਵੀ ਜੱਥੇਦਾਰ ਖੜੇ ਕਰ ਦਿੱਤੇ ਤਾਂ?'

'ਪਾਰਸ ਸਾਹਿਬ, ਏਨੇ ਜੱਥੇਦਾਰ ਕਿੱਥੋਂ ਲਵੇਗਾ ਉਹ? ਜਿਹੋ ਜਿਹਾ ਉਹਨੇ ਆਪਣਾ ਪ੍ਰੋਗਰਾਮ ਬਣਾਇਐ, ਜੱਥੇਦਾਰ ਉਹਦੇ ਕੋਈ ਨੇੜੇ ਨਹੀਂ ਲੱਗਣਾ। ਸਾਨੂੰ ਚਾਹੀਦੈ ਕਿ ਅਸੀਂ ਵੋਟਰਾਂ ਨੂੰ *ਪੋਲਰਾਇਜ਼* ਕਰ ਦਈਏ। ਸਾਡੇ ਵਲ ਦੇ ਸਾਡੇ ਵਲ ਰਹਿਣ, ਦੂਜੇ ਪਾਸੇ ਜਾ ਹੀ ਨਾ ਸਕਣ। ਇਹ ਸਥਿੱਤੀ ਬਣਾਣ ਲਈ ਸਾਨੂੰ ਯੋਗ ਮੁੱਦੇ ਖੜੇ ਕਰਨੇ ਚਾਹੀਦੇ ਨੇ। ਪੰਥ ਨੂੰ ਖ਼ਤਰੇ ਦਾ ਸਵਾਲ ਵੀ ਉਠਾ ਸਕਦੇ ਹਾਂ...'

'ਨਾ ਭਾਈ, ਅਸੀਂ ਤਾਂ ਹੁਣ ਵਿਕਾਸ ਦਾ ਸਵਾਲ ਚੁਕ ਰਹੇ ਹਾਂ।'

'ਪਾਰਸ ਸਵਾਲ, ਵਿਕਾਸ ਦਾ ਸਵਾਲ ਵੀ ਚੁਕਦੇ ਜਾਵਾਂਗੇ, ਨਾਲੋ-ਨਾਲ। ਮੌਕੇ ਮੁਤਾਬਿਕ। ਜਿੱਥੇ ਦਾਅ ਲਗੇ, ਉੱਥੇ ਪੰਥ ਦਾ ਸਵਾਲ ਵੀ ਚੁੱਕ ਦਿਓ। ਯੂ-ਪੀ 'ਚ ਭਗਵਾ ਦਲ ਵੀ ਤਾਂ ਇਹੋ ਕੁਝ ਕਰ ਰਿਹੈ।। ਉੱਥੇ ਉਹ ਵਿਕਾਸ ਤੇ ਮੰਦਰ ਨੂੰ ਜੋੜ ਕੇ ਚੱਲ ਰਹੇ ਨੇ।'

ਪਾਰਸ ਨੂੰ ਗੱਲ ਬਹੁਤੀ ਠੀਕ ਨਾ ਲਗੀ। ਕਹਿਣ ਲੱਗਾ,

'ਚਲੋ ਸੋਚਦੇ ਹਾਂ। ਜੇ ਅਸੀਂ ਪੰਥ ਦਾ ਰੌਲਾ ਪਾਇਆ ਤਾਂ ਸ਼ਹਿਰ ਦਾ ਹਿੰਦੂ ਰਾਸ਼ਟਰ ਦਲ ਦੀ ਬੁੱਕਲ 'ਚ ਜਾ ਵੜੇਗਾ। ਸ਼ਹਿਰੀ ਸੀਟਾਂ ਅਸੀਂ ਬਹੁਤੀਆਂ ਭਗਵਾ ਪਾਰਟੀ ਨੂੰ ਦਿੱਤੀਆਂ ਹੋਈਆਂ ਨੇ। ਉਹ ਮਾਰੀ ਜਾਏਗੀ। ਪਰ ਜੋ ਤੂੰ ਕਹਿ ਰਿਹੈਂ, ਉਹਦੇ 'ਚ ਵਜ਼ਨ ਹੈ ਕੁਝ। ਚਲੋ ਸੋਚਦੇ ਹਾਂ...'

ਗੁਰਦਿਆਲ ਨੂੰ ਕੁਝ ਹੋਰ ਸੁੱਝਿਆ। ਬੋਲਿਆ,

'ਪਾਰਸ ਸਾਹਿਬ, ਇਹ ਸ਼ਹਿਰ ਵਾਲੀਆਂ ਸੀਟਾਂ ਬੜੀਆਂ ਅਹਿਮ ਜੇ। ਸਾਡੀ ਹਾਰ ਜਿੱਤ ਦਾ ਫ਼ੈਸਲਾ ਏਥੇ ਹੀ ਹੋਣਾ ਜੇ। ਪਿੰਡਾਂ 'ਚ ਅਸੀਂ ਸਾਵੇਂ



ਰਹਾਂਗੇ। ਜੇ ਅਸੀਂ ਸ਼ਹਿਰਾਂ 'ਚ ਪੰਦਰਾਂ ਕੁ ਸੀਟਾਂ ਜਿੱਤ ਲਈਏ ਤਾਂ ਮੈਦਾਨ ਮਾਰ ਜਾਵਾਂਗੇ।'

ਗੁਰਦਿਆਲ ਨੇ ਏਸ ਤਰ੍ਹਾਂ ਕਿਹਾ, ਜਿਵੇਂ ਉਹ ਹੁਣ-ਹੁਣੇ ਚੋਣਾਂ ਦਾ ਸਰਵੇਖਣ ਕਰਾ ਕੇ ਆਇਆ ਹੋਵੇ।

'ਗੁਰਦਿਆਲ, ਪਿਛਲੀ ਵੇਰ ਵੀ ਇੰਜ ਹੀ ਹੋਇਆ ਸੀ। ਪਰ ਭਗਵਾ ਪਾਰਟੀ ਦੀ ਬਹੁਤੀ ਜਿੱਤ ਵੀ ਚੰਗੀ ਨਹੀਂ। ਪਿੱਛੋਂ ਤੰਗ ਕਰਦੀ ਏ।'

'ਪਾਰਸ ਸਾਹਿਬ, ਪਿੱਛੋਂ ਦੀ ਪਿੱਛੋਂ ਵੇਖ ਲੈਣਾ। ਕੋਈ ਮਾੜਾ-ਮੋਟਾ ਮਹਿਕਮਾ ਹੋਰ ਦੇ ਦੇਣਾ ਨੇ। ਪਸਮ ਜਾਣਗੇ।'

ਪਾਰਸ ਮਾੜਾ ਜਿਹਾ ਹੱਸਿਆ। ਗੱਲ ਉਹਨੂੰ ਜਚੀ।

'ਗੁਰਦਿਆਲ, ਬੰਦਾ ਤੂੰ ਸਿਆਣਾ ਏਂ, ਏਥੇ ਚੰਡੀਗੜ੍ਹ ਹੀ ਆ ਜਾ ਸਾਡੇ ਕੋਲ।'

'ਜਦੋਂ ਹੁਕਮ ਕਰੋਗੇ, ਆ ਜਾਇਆ ਕਰਾਂਗਾ। ਘਰੋਂ ਮੇਰੀ ਬੜੀ ਡਾਢੀ ਏ। ਬੱਚੇ ਦਿੱਲੀ ਸੂ। ਓਥੋਂ ਪੱਕਾ ਨਹੀਂ ਨਿਕਲਣ ਦੇਣ ਲੱਗੀ।'

'ਚਲੋ, ਇਹਦਾ ਵੀ ਸੋਚਾਂਗੇ। ਪਹਿਲੋਂ ਚੋਣਾਂ ਤੋਂ ਵਿਹਲੇ ਹੋ ਲਈਏ।'

ਗੁਰਦਿਆਲ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲ ਗਿਆ।

'ਪਾਰਸ ਸਾਹਿਬ, ਮੈਂ ਕਲ੍ਹ ਚੌਧਰੀ ਸਾਹਿਬ ਨੂੰ ਮਿਲ ਰਿਹਾਂ। ਦੁਪਹਿਰੋਂ ਬਾਅਦ।'

'ਉਹ ਤਾਂ ਪਿੰਡ ਗਏ ਹੋਣਗੇ।' ਪਾਰਸ ਨੂੰ ਪੂਰੀ ਖ਼ਬਰ ਸੀ।

'ਓਦੋਂ ਤਕ ਮੁੜ ਆਏ ਹੋਣਗੇ। ਮੇਰੀ ਉਹਨਾਂ ਦੇ ਪੀ-ਏ ਜਗਨ ਨਾਥ ਨਾਲ ਗੱਲ ਹੋਈ ਸੀ। ਜੇ ਮੁਨਾਸਿਬ ਸਮਝੋ ਤਾਂ ਇਕ ਵਾਰੀ ਉਹਨਾਂ ਦੇ ਕੰਨੋਂ ਕੱਢ ਦਿਓ।'

ਪਾਰਸ ਇਕਦਮ ਸਮਝ ਗਿਆ।

'ਗੁਰਦਿਆਲ', ਉਹ ਬੋਲਿਆ, 'ਏਸ ਮਾਮਲੇ 'ਤੇ ਮੇਰੀ ਉਹਨਾਂ ਨਾਲ ਗੱਲ ਹੋ ਚੁੱਕੀ ਏ ਪਹਿਲੋਂ। ਅਸਲ 'ਚ ਸੀਟ ਉਹਨਾਂ ਕੋਲ ਇੱਕੋ ਏ। ਤੇ ਉਹ ਉਹਨਾਂ ਆਪਣੀ ਨੂੰਹ ਰਾਣੀ ਦੇ ਕਹਿਣ 'ਤੇ ਆਪਣੇ ਕੁੜਮ ਨੂੰ ਦੇਣੀ ਕੀਤੀ ਹੋਈ ਏ। ਨੂੰਹ, ਤੈਨੂੰ ਪਤੈ, ਸਾਡੇ ਪਰਵਾਰ 'ਚ ਬੜੀ ਜ਼ਬਰਦਸਤ ਚੀਜ਼ ਹੁੰਦੀ ਏ। ਉਹਦੀ ਗੱਲ ਮੰਨਣੀ ਪੈਂਦੀ ਏ। ਮੈਂ ਵੀ ਆਪਣੀ ਨੂੰਹ ਰਾਣੀ ਦਾ ਕਿਹਾ ਕਦੀ ਨਹੀਂ ਮੋੜਿਆ।'

ਗੁਰਦਿਆਲ ਕੀ ਕਹਿੰਦਾ। ਉਹਦੇ ਆਪਣੇ ਘਰ ਵੀ ਨੂੰਹ ਪ੍ਰਧਾਨ ਮੰਨੀ ਜਾਂਦੀ ਸੀ।

'ਮੈਂ ਤਾਂ, ਗੁਰਦਿਆਲ, ਚੌਧਰੀ ਸਾਹਿਬ ਨੂੰ ਇਹ ਸਲਾਹ ਵੀ ਦਿੱਤੀ ਸੀ ਕਿ ਜੇ ਕੁੜਮ ਨੂੰ ਦਿੱਲੀ ਘੱਲਣਾ ਜੇ ਤਾਂ ਕੋਈ ਸੌਖਾ ਜਿਹਾ ਹਲਕਾ ਲੱਭ ਕੇ ਓਥੋਂ ਖੜਾ ਕਰ ਦਿਓ। ਲੋਕ ਸਭਾ 'ਚ ਘੱਲੋ। ਚੁਣਵਾ ਕੇ। ਰਾਜ ਸਭਾ 'ਚ ਨਾ

ਘੱਲੋ। ਐਵੇਂ ਗੱਲਾਂ ਬਣਨਗੀਆਂ ਜੇ।'

'ਫੇਰ ਕੀ ਕਹਿੰਦੇ ਸਨ ਉਹ?'

'ਗੱਲ ਉਹਨਾਂ ਦੇ ਮਨ ਲੱਗੀ ਸੀ, ਪਰ ਮਜਬੂਰੀ ਸਾਨੇਂ। ਸੋਚਣ ਲੱਗ ਪਏ ਸਨ। ਜੇ, ਗੁਰਦਿਆਲ, ਸਾਡੇ ਆਪਣੇ ਕੋਲ ਸੀਟ ਹੁੰਦੀ ਤਾਂ ਅਸੀਂ ਤੈਨੂੰ ਦੇ ਦੇਣੀ ਸੀ। ਪਰ ਸਾਡੇ ਤਾਂ ਰਾਜ ਸਭਾ ਦੀ ਚੋਣ ਹੀ ਨਹੀਂ ਹੋ ਰਹੀ। ਚਲ, ਮੈਂ ਇਕ ਵਾਰੀ ਫੇਰ ਚੌਧਰੀ ਸਾਹਿਬ ਨੂੰ ਕਹਿ ਵੇਖਨਾਂ। ਕਲ੍ਹ ਤੇਰੇ ਮਿਲਣ ਤੋਂ ਪਹਿਲਾਂ ਗੋਸ਼ਗਵਾਰ ਕਰ ਦਿਆਂਗਾ ਨੇ।'

ਗੁਰਦਿਆਲ ਚੁੱਪ ਕਰ ਗਿਆ।

#

ਪਾਰਸ, ਬਾਹੋਂ ਫੜ, ਹਜ਼ੂਰ ਸਿੰਘ ਨੂੰ ਇਕ ਕਮਰੇ 'ਚ ਲੈ ਵੜਿਆ। ਗੁਰਦਿਆਲ ਨੂੰ ਬਾਹਰ ਮੂੜ੍ਹੇ 'ਤੇ ਬਿਠਾ ਗਿਆ। ਇਲਾਕੇ ਦੇ ਜੱਥੇਦਾਰ ਵੀ ਅੰਦਰ ਸਨ। ਬਹਿਸ ਸ਼ੁਰੂ ਹੋ ਗਈ। ਉੱਚੀਆਂ-ਉੱਚੀਆਂ ਆਵਾਜ਼ਾਂ ਆਉਣ ਲੱਗੀਆਂ। ਕੁਝ ਝਗੜਾਲੂ। ਕੁਝ ਠੰਢ ਵਰਤਾਉਂਦੀਆਂ। ਇਕ ਆਵਾਜ਼ ਸਭ ਤੋਂ ਉੱਚੀ ਸੀ। ਬੜਾ ਰੋਸ ਤੇ ਗੁੱਸਾ ਸੀ ਉਹਦੇ 'ਚ। ਗੁਰਦਿਆਲ ਨੇ ਕੁਝ ਚਿਰ ਕੰਨ ਲਾਈ ਰੱਖੇ। ਫੇਰ ਅੱਕ ਪਿਆ। ਬੇ-ਧਿਆਨ ਹੋ ਗਿਆ। ਉਹਨੂੰ ਪਤਾ ਸੀ, ਮਾਮਲਾ ਗੰਭੀਰ ਸੀ। ਇੰਦਰ ਸਿੰਘ ਨਾਂ ਦੇ ਜਿਸ ਬੰਦੇ ਨੂੰ ਬਿਠਾ ਕੇ ਹਜ਼ੂਰ ਸਿੰਘ ਨੂੰ ਖੜਾ ਕੀਤਾ ਜਾ ਰਿਹਾ ਸੀ, ਅੜਿਆ ਹੋਇਆ ਸੀ। ਬਹਿਣ ਨੂੰ ਤਿਆਰ ਨਹੀਂ ਸੀ। ਉਹਦਾ ਇਲਾਕੇ 'ਚ ਥੋੜ੍ਹਾ ਬਹੁਤ ਅਸਰ ਸੀ। ਜੇ ਖੜਾ ਰਹਿੰਦਾ ਤਾਂ ਹਜ਼ੂਰ ਸਿੰਘ ਦੇ ਵੋਟ ਪਾੜਦਾ। ਉਹ ਪਾਰਸ ਦੇ ਪੂਰਾ ਜ਼ੋਰ ਲਾਉਣ 'ਤੇ ਵੀ ਮੰਨ ਨਹੀਂ ਸੀ ਰਿਹਾ। ਕਹਿੰਦਾ ਸੀ, ਜੇ ਕੁਝ ਛੁਡਾਉਣਾ ਜੇ ਤਾਂ ਕੁਝ ਪੱਲੇ ਵੀ ਪਾਓ। ਮੇਰੀ ਥਾਂ ਬਾਹਰਲੇ ਬੰਦੇ ਨੂੰ ਦਿੱਤੀ ਜਾ ਰਹੀ ਏ। ਬੰਦਾ ਵੀ ਇਹੋ ਜਿਹੈ, ਜਿਹਦਾ ਕੋਈ ਕਿੱਲਾ ਨਹੀਂ।

ਅਖੀਰ ਅੰਦਰ ਸ਼ਾਂਤੀ ਹੋ ਗਈ। ਮਤਲਬ, ਕੋਈ ਫ਼ੈਸਲਾ ਹੋ ਗਿਆ ਸੀ। ਇੰਦਰ ਸਿੰਘ ਦੀ ਝੋਲੀ 'ਚ ਕੁਝ ਪਾ ਦਿੱਤਾ ਗਿਆ ਸੀ। ਅਜੇ ਤਾਂ ਲਾਰਾ ਲਾ ਕੇ। ਉਹਨੂੰ ਬਚਨ ਦਿੱਤਾ ਗਿਆ ਸੀ ਕਿ ਨਵੀਂ ਸਰਕਾਰ ਬਣਨ ਤੇ ਉਹਨੂੰ ਕਿਸੇ ਕਾਰਪੋਰੇਸ਼ਨ ਦਾ ਚੇਅਰਮੈਨ ਬਣਾ ਦਿੱਤਾ ਜਾਏਗਾ। ਲਾਲ ਬੱਤੀ ਵਾਲੀ ਗੱਡੀ ਵੀ ਦਿੱਤੀ ਜਾਏਗੀ।

ਪਾਰਸ ਤੇ ਹਜ਼ੂਰ ਸਿੰਘ ਬਾਹਰ ਨਿਕਲੇ ਤੇ ਗੁਰਦਿਆਲ ਕੋਲ ਆ ਖਲੋਤੇ। ਬਾਕੀ ਹੋਰ ਵੀ ਬਾਹਰ ਆ ਗਏ ਤੇ ਆਪੋ ਆਪਣੇ ਰਾਹੇ ਪੈ ਗਏ। ਇੰਦਰ ਸਿੰਘ ਵੀ, ਮੁੜ-ਮੁੜ ਪਿੱਛੇ ਝਾਕਦਾ, ਅਲੋਪ ਹੋ ਗਿਆ।

'ਧੰਨ ਭਾਗ!' ਹਜ਼ੂਰ ਸਿੰਘ ਉਚਰਿਆ ਤੇ ਉਹਨੇ ਗੁਰਦਿਆਲ ਨੂੰ ਬਾਹਵਾਂ



'ਚ ਵਲ ਲਿਆ। ਆਪਣੇ ਨਾਲ ਜ਼ੋਰ ਦੀ ਘੁੱਟਿਆ। 'ਮੈਂ ਤੁਹਾਡਾ ਬਹੁਤ ਸ਼ੁਕਰਗੁਜ਼ਾਰ ਹਾਂ, ਪਾਰਸ ਸਾਹਿਬ, ਤੁਸੀਂ ਮੈਨੂੰ ਮੇਰਾ ਵਿਛੜਿਆ ਯਾਰ ਮਿਲਾ ਦਿਤੈ...'

ਹਜ਼ੂਰ ਸਿੰਘ ਦੀਆਂ ਵਾਛਾਂ ਖਿੜੀਆਂ ਹੋਈਆਂ ਸਨ। ਗੁਰਦਿਆਲ ਦਾ ਹੱਥ ਅਜੇ ਵੀ ਉਹਦੇ ਹੱਥ 'ਚ ਸੀ। ਉਹ ਪਾਰਸ ਨੂੰ ਫੇਰ ਸੰਬੋਧਨ ਹੋਇਆ,

'ਸਾਡੀ ਜੋੜੀ ਬੜੀ ਵਡ-ਭਾਗੀ ਜੇ। ਕਾਲਿਜ 'ਚ ਅਸੀਂ ਰਲ ਕੇ ਵਿਦਿਆਰਥੀ ਯੂਨੀਅਨ ਦੀ ਚੋਣ ਲੜੀ ਸੀ। ਜਿੱਤੇ ਸਾਂ। ਏਥੇ ਵੀ ਅਸੀਂ ਹੀ ਜਿੱਤਾਂਗੇ।'

'ਲਾ ਦਿਓ ਜ਼ੋਰ ਫੇਰ ਪੂਰਾ', ਪਾਰਸ ਨੇ ਹਲਾਸ਼ੇਰੀ ਦਿੱਤੀ। ਤੇ ਫੇਰ ਸੂਚਨਾ ਵੀ, 'ਹਜ਼ੂਰ ਸਿੰਘ, ਤੇਰਾ ਇਹ ਯਾਰ ਸਾਡੇ ਵਲੋਂ ਇਸ ਹਲਕੇ ਦਾ ਚੋਣ-ਇੰਚਾਰਜ ਹੋਏਗਾ। ਸਿਰ ਨਾਲ ਸਿਰ ਜੋੜੋ ਤੇ ਜੁੱਟ ਜਾਓ। ਵਿਰੋਧੀਆਂ ਦੀ ਇੱਟ ਨਾਲ ਇੱਟ ਖੜਕਾ ਦਿਓ। ਖੋਹ ਲੌ ਇਹ ਸੀਟ ਉਹਨਾਂ ਤੋਂ। ਜੋ ਵੀ ਮਦਦ ਚਾਹੀਦੀ ਹੋਏਗੀ, ਮਿਲੇਗੀ ਤੁਹਾਨੂੰ। ਇਹ ਸੀਟ ਸਾਡੇ ਲਈ ਬੜੀ ਅਹਿਮ ਜੇ। ਦੋ ਵਾਰੀ ਅਸੀਂ ਏਥੋਂ ਹਾਰ ਚੁੱਕੇ ਹਾਂ। ਐਤਕੀਂ ਅਸੀਂ ਇਹ ਜਿੱਤਣੀ ਏਂ।'

'ਜਿੱਤਾਂਗੇ ਜੀ, ਸੌ ਫ਼ੀ ਸਦੀ', ਹਜ਼ੂਰ ਸਿੰਘ ਦੇ ਮੂੰਹੋਂ ਨਿਕਲਿਆ।

ਪਾਰਸ ਨੇ ਏਧਰ-ਓਧਰ ਝਾਕਿਆ ਤੇ ਨਿਕਲਣ ਲੱਗਾ,

'ਮੈਂ ਹੁਣ ਚਲਨਾਂ। ਗੁਰਦਿਆਲ ਸਿੰਘ, ਤੂੰ ਹਜ਼ੂਰ ਸਿੰਘ ਨਾਲ ਆ ਜਾਈਂ ਵਾਪਸ। ਨਾਲੇ ਰਾਹ 'ਚ ਸਾਰੀਆਂ ਗੱਲਾਂ ਕਰ ਲੈਣਾ।'

ਪਾਰਸ ਆਪਣੀ ਗੱਡੀ ਵੱਲ ਹੋ ਪਿਆ। ਕੁਝ ਕਦਮ ਅੱਗੇ ਜਾ ਪਿੱਛੇ ਮੁੜ ਆਇਆ।

'ਗੱਲ ਸੁਣੋ! ਏਸ ਇੰਦਰ ਸਿੰਘ ਨੇ ਬੰਦਾ ਨਹੀਂ ਜੇ ਬਣਨਾ', ਉਹਨੇ ਸਾਵਧਾਨ ਕੀਤਾ। 'ਖਲੋ ਕੇ ਬਹਿਣਾ ਬੜਾ ਮੁਸ਼ਕਿਲ ਹੁੰਦੈ। ਉਹਨੂੰ ਵਰਗਲਾ ਕੇ ਰਖਣਾ।'

'ਫ਼ਿਕਰ ਨਾ ਕਰੋ, ਪਾਰਸ ਸਾਹਿਬ। ਸੰਭਾਲ ਲਾਂਗੇ ਇੰਦਰ ਸਿੰਘ ਨੂੰ', ਹਜ਼ੂਰ ਸਿੰਘ ਨੇ ਯਕੀਨ ਦਵਾਇਆ। 'ਕਵ੍ਹਾਂਗੇ ਸੂ ਕਿ ਭਾਈ ਜੇ ਕਾਰਪੋਰੇਸ਼ਨ ਦੀ ਚੇਅਰਮੈਨੀ ਲੈਣੀ ਆਂ ਤਾਂ ਪਹਿਲੋਂ ਸਾਨੂੰ ਜਿਤਾ ਤੇ ਸਰਕਾਰ ਬਣਾ ਆਪਣੀ। ਕੁਰਸੀ ਤਾਂ ਓਦੋਂ ਹੀ ਮਿਲੇਗੀ ਤੈਨੂੰ। ਨਾਲੇ ਗੁਰਦਿਆਲ ਮੇਰੇ ਨਾਲ ਏ। ਬੰਦਾ ਗੰਢਣਾ ਇਹਨੂੰ ਵੀ ਆਉਂਦੈ। ਇੰਦਰ ਸਿੰਘ ਨੂੰ ਜੋੜ ਕੇ ਰੱਖਾਂਗੇ ਆਪਣੇ ਨਾਲ ਅਸੀਂ।'

ਪਾਰਸ ਦੀ ਤਸੱਲੀ ਹੋ ਗਈ। ਉਹ ਫੇਰ ਗੱਡੀ ਵਲ ਟੁਰ ਪਿਆ। ਉਹ ਦੋਵੇਂ ਉਹਦੇ ਵਲ ਵੇਖਦੇ ਰਹੇ। ਉਹ ਗੱਡੀ 'ਚ ਬਹਿ ਗਿਆ। ਅਗਲੀ ਜੀਪ ਚੱਲ ਪਈ। ਫੇਰ ਉਹਦੀ ਗੱਡੀ ਤੇ ਪਿਛਲੀ ਜੀਪ ਵੀ।

ਜਿਵੇਂ ਹੀ ਇਹ ਕਾਫ਼ਲਾ ਅਲੋਪ ਹੋਇਆ, ਗੁਰਦਿਆਲ ਨੇ ਪੁੱਛਿਆ,
'ਹਜ਼ੂਰੇ, ਕਿੰਨੀ ਕੁ ਉਮਰ ਹੋਏਗੀ ਪਾਰਸ ਦੀ?'
ਗੁਰਦਿਆਲ ਨੇ ਹਜ਼ੂਰ ਸਿੰਘ ਨੂੰ ਉਵੇਂ ਹੀ ਸੱਦਿਆ, ਜਿਵੇਂ ਉਹ ਉਹਨੂੰ ਕਾਲਿਜ ਵੇਲੇ ਸੱਦਦਾ ਹੁੰਦਾ ਸੀ।
'ਦਿਆਲ', ਹਜ਼ੂਰ ਸਿੰਘ ਨੇ ਵੀ ਉਹਨੂੰ ਪੁਰਾਣੇ ਵਕਤਾਂ ਵਾਂਗ ਸੱਦਿਆ, 'ਅੱਸੀਆਂ ਤੋਂ ਉਪਰ। ਚੁਰਾਸੀ ਦੇ ਨੇੜੇ-ਤੇੜੇ। ਸ਼ਾਇਦ, ਸਾਲ ਕੁ ਹੋਰ ਜ਼ਿਆਦਾ।'
'ਦਮ ਬੜਾ ਸੂ। ਲਾਟੂ ਵਾਂਗ ਘੂਕ ਰਿਹੈ।'
'ਉਹ ਦਮ ਆ ਜਾਂਦੈ, ਯਾਰ...'
'ਕਿੱਥੋਂ?'
'ਸੱਤਾ ਤੋਂ। ਇਹ ਬੜੀ ਚੀਜ਼ ਹੁੰਦੀ ਏ। ਇਹਨੂੰ ਸੰਜੀਵਨੀ ਬੂਟੀ ਸਮਝ। ਜਿੰਨਾ ਚਿਰ ਏਸ ਰੁਤਬੇ 'ਤੇ ਰਹੇਗਾ, ਘੂਕਦਾ ਰਹੇਗਾ।'
'ਨਹੀਂ ਯਾਰ, ਖ਼ਾਲੀ ਰੁਤਬੇ ਦੀ ਗੱਲ ਨਹੀਂ ਹੁੰਦੀ। ਉਮਰ ਆਪਣੀ ਥਾਂ ਏ। ਮਸ਼ੀਨ ਤਾਂ ਘੱਸ ਗਈ ਏ ਉਹਦੀ ਵੀ...'
'ਯਾਰ, ਉਹ ਅੰਦਰ ਦੀ ਤਾਕਤ ਨਾਲ ਚਲਦੀ ਏ। ਜੇ ਬੰਦਾ ਕੋਈ ਟੀਚਾ ਰੱਖ ਲਏ ਤੇ ਧਾਰ ਲਵੇ ਕਿ ਮੈਂ ਉਹਨੂੰ ਪੂਰਾ ਕਰਨਾ ਹੀ ਕਰਨਾ ਏ ਤਾਂ ਸੱਤੇ ਖ਼ੈਰਾਂ ਰਹਿੰਦੀਆਂ ਨੇ।'
ਗੁਰਦਿਆਲ ਨੇ ਹੱਸ ਛੱਡਿਆ।
'ਮੇਰੇ ਵਲ ਵੇਖ', ਹਜ਼ੂਰ ਸਿੰਘ ਨੇ ਗੱਲ ਅੱਗੇ ਕੀਤੀ, 'ਜਦੋਂ ਤਕ ਇਹ ਸੀਟ ਮੇਰੇ ਨਾਂ ਨਹੀਂ ਸੀ ਲੱਗੀ, ਮੇਰੀ ਸਿਰ ਪੀੜ ਹੁੰਦੀ ਰਹਿੰਦੀ ਸੀ। ਹੁਣ ਹਰਨ ਹੋ ਗਈ ਏ। ਉਹਦੇ ਲਈ ਵਿਹਲ ਹੀ ਨਹੀਂ ਰਹੀ ।'
ਅਚਾਣਕ ਹੀ ਗੁਰਦਿਆਲ ਨੂੰ ਪਾਰਸ ਦੀ ਕੋਠੀ ਦੇ ਬਾਹਰ ਨਿਆਸਰੀ ਖੜੀ ਆਪਣੀ ਗੱਡੀ ਦਾ ਚੇਤਾ ਆ ਗਿਆ। ਉਹ ਤ੍ਰੱਭਕ ਪਿਆ।
'ਹਜ਼ੂਰੇ, ਤੇਰੀ ਗੱਲ ਹੋਰ ਏ। ਅਜੇ ਤੂੰ ਛੋਟਾ ਏਂ...ਚਲ ਇਹ ਗੱਲਾਂ ਰਾਹ 'ਚ ਕਰਦੇ ਜਾਵਾਂਗੇ। ਹੁਣ ਨਿਕਲੀਏ ਏਥੋਂ। ਪਾਰਸ ਦੀ ਗੰਗਾ ਜਿਸ ਸਰੋਵਰ ਜਾਂ ਝੀਲ 'ਚੋਂ ਨਿਕਲਦੀ ਏ, ਉਹਨੂੰ ਲੱਭਾਂਗੇ ਆਰਾਮ ਨਾਲ। ਕਿਸੇ ਹੋਰ ਵੇਲੇ। ਅਜੇ ਤਾਂ ਮੈਨੂੰ ਆਪਣੀ ਕਾਰ ਦਾ ਫ਼ਿਕਰ ਲੱਗਾ ਹੋਇਐ।'
'ਬਸ ਚਲਦੇ ਹਾਂ। ਮੇਰਾ ਵਕਤ ਹੋ ਗਿਐ। ਇਕ ਘੁੱਟ ਲਾ ਲਵਾਂ ਪਹਿਲਾਂ। ਨਹੀਂ ਤਾਂ ਐਵੇਂ ਸਿਰ ਪੀੜ ਹੋਣ ਲੱਗ ਪਵੇਗੀ',
'ਲਾ ਫੇਰ ਛੇਤੀ।'

# ਸਿਧਾਂਤ

ਗੱਡੀ ਹਜ਼ੂਰ ਸਿੰਘ ਚਲਾ ਰਿਹਾ ਸੀ। ਗੁਰਦਿਆਲ ਅੱਗੇ ਨਾਲ ਬੈਠਾ ਸੀ। ਹਜ਼ੂਰ ਸਿੰਘ ਸਰੂਰਿਆ ਹੋਇਆ ਸੀ। ਚੱਲਣ ਤੋਂ ਪਹਿਲਾਂ ਉਹਨੇ ਇਕ ਨਹੀਂ, ਦੋ ਘੁੱਟ ਲਾਏ ਸਨ। ਤਗੜੇ। ਦੋ ਵੱਡੇ ਪੈਗ। ਗੁਰਦਿਆਲ ਨੇ ਸਾਥ ਨਹੀਂ ਸੀ ਦਿੱਤਾ। ਕਿਹਾ ਸੀ, 'ਮੈਂ ਤਾਂ ਭਾਈ ਸੂਫ਼ੀ ਹਾਂ। ਸ਼ਰਾਬ ਮੈਨੂੰ ਸੁਖਾਉਂਦੀ ਨਹੀਂ।' ਹਜ਼ੂਰ ਸਿੰਘ ਨੂੰ ਕੋਈ ਫ਼ਰਕ ਨਹੀਂ ਸੀ ਪਿਆ। ਉਸ ਆਖਿਆ ਸੀ, 'ਮੈਨੂੰ ਤਾਂ, ਯਾਰ, ਬੜੀ ਸੁਖਾਉਂਦੀ ਆ। ਦੋ ਪੈੱਗ ਮੈਂ ਲਾਣੇ ਹੀ ਹੁੰਦੇ ਨੇ। ਸਾਥ ਹੋਵੇ ਨਾ ਹੋਵੇ। ਬਸ ਦੋ। ਨਾ ਵਧ ਨਾ ਘਟ। ਇਹਦੇ ਬਿਨਾਂ ਮੇਰੀ ਮਸ਼ੀਨ ਨਹੀਂ ਚਲਦੀ। ਦੋ ਅੰਦਰ ਕੀਤੇ ਤੇ ਗਲਾਸ ਮੂਧਾ ਪਾ ਦਿੱਤਾ। ਬੋਤਲ ਬੰਦ ਕਰ ਦਿੱਤੀ...'
ਇਹਨਾਂ ਦੋ ਪੈੱਗਾਂ ਦਾ ਅਸਰ ਚੰਗਾ ਸੀ। ਗੱਡੀ ਉਹ ਠੀਕ ਚਲਾ ਰਿਹਾ ਸੀ। ਉਹਦੀ ਕਲਪਨਾ ਨੂੰ ਵੀ ਖੰਭ ਲੱਗੇ ਪਏ ਸਨ। ਉਹ ਅੱਗੇ-ਪਿੱਛੇ ਉੱਡ ਰਿਹਾ ਸੀ।
'ਉਹ ਯਾਰ', ਹਜ਼ੂਰ ਸਿੰਘ ਨੇ ਛਣਕਵਾਂ ਹਾਸਾ ਛੱਡਿਆ ਤੇ ਉਡਾਰੀ ਮਾਰ ਬੜੇ ਸਾਲ ਪਹਿਲਾਂ ਜਾ ਪਹੁੰਚਿਆ, 'ਉਹ ਗੋਲ ਯਾਦ ਈ, ਜਿਹੜਾ ਮੈਂ ਕੇ-ਐਮ ਕਾਲਿਜ ਦੀ ਟੀਮ ਨੂੰ ਐਨ ਸੀਟੀ ਵੱਜਣ ਵੇਲੇ ਕੀਤਾ ਸੀ?'
ਹਜ਼ੂਰ ਸਿੰਘ ਕਾਲਿਜ ਦੀ ਫੁਟਬਾਲ ਟੀਮ 'ਚ ਹੁੰਦਾ ਸੀ। *ਲੈਫ਼ਟ-ਇਨ* ਦੀ ਪੁਜ਼ੀਸ਼ਨ 'ਤੇ ਖੇਡਦਾ ਸੀ। ਉਹਦਾ ਖੱਬਾ ਪੈਰ ਚੰਗਾ ਚਲਦਾ ਸੀ। ਉਹਨੂੰ ਉਹ ਮੈਚ ਯਾਦ ਆ ਗਿਆ ਸੀ, ਜਿਸ ਵਿਚ ਉਹਨੇ ਐਨ ਅਖ਼ੀਰਲੇ ਮਿੰਟ ਗੋਲ ਕਰ ਕੇ ਆਪਣੀ ਟੀਮ ਨੂੰ ਜਿਤਾ ਦਿੱਤਾ ਸੀ। ਉਹਦੀ ਬੜੀ ਵਾਹ-ਵਾਹ ਹੋਈ ਸੀ।
ਗੁਰਦਿਆਲ ਨੂੰ ਪੈੱਗ ਲਾਇਆਂ ਬਿਨਾਂ ਵੀ ਯਾਦ ਸੀ।
'ਯਾਦ ਕਿਉਂ ਨਹੀਂ। ਓਦੋਂ ਬੜਾ ਡਰਾਮਾ ਹੋਇਆ ਸੀ।' ਫੇਰ ਉਹਨੇ ਮਸਖ਼ਰੀ ਕੀਤੀ, 'ਹਜ਼ੂਰੇ, ਮੈਨੂੰ ਤਾਂ ਇਹ ਵੀ ਯਾਦ ਏ ਕਿ ਅਗਲੇ ਮੈਚ 'ਚ ਫੁਟਬਾਲ ਤੇਰੀ ਐਨਕ ਨੂੰ ਵੱਜਾ ਸੀ ਤੇ ਸ਼ੀਸ਼ਾ ਤੇਰੀ ਖੱਬੀ ਅੱਖ 'ਚ ਚੁੱਭ ਚਲਿਆ ਸੀ...'
'ਉਹ ਤਾਂ ਯਾਰ ਬਚਾਅ ਹੋ ਗਿਆ ਸੀ। ਜੇ ਸ਼ੀਸ਼ਾ ਅੱਖ 'ਚ ਖੁਭ ਜਾਂਦਾ ਤਾਂ ਮੈਂ ਸੂਰਦਾਸ ਹੋ ਜਾਂਦਾ ਤੇ ਉਹ ਗੌਣ ਗੌਂਦਾ ਫਿਰਦਾ...ਕੀ ਹੁੰਦਾ ਸੀ ਯਾਰ ਉਹ ਗਾਣਾ? *ਨੈਣਹੀਣ ਕੋ ਰਾਹ ਦਿਖਲਾਵੋ ਪ੍ਰਭੂ*...ਏਸਰਾਂ ਦਾ ਹੁੰਦਾ ਸੀ ਕੋਈ।

ਉਸ ਮੈਚ ਤੋਂ ਬਾਅਦ ਮੈਂ ਕੰਨਾਂ ਨੂੰ ਹੱਥ ਲਾ ਲਏ। ਫੇਰ ਫੁਟਬਾਲ ਨਹੀਂ ਖੇਡਿਆ।'

ਹਜ਼ੂਰ ਸਿੰਘ ਨੇ ਫੇਰ ਹਾਸਾ ਛਣਕਾਇਆ।

'ਪੂਰਾ ਗਾਣਾ ਤਾਂ ਮੈਨੂੰ ਵੀ ਯਾਦ ਨਹੀਂ। ਕਿਸੇ ਫ਼ਿਲਮ 'ਚ ਸੀ।'

'ਓਦੋਂ ਗਾਣੇ ਫ਼ਿਲਮਾਂ 'ਚ ਹੀ ਹੁੰਦੇ ਸਨ।'

ਹਜ਼ੂਰ ਸਿੰਘ ਦੇ ਮੂੰਹ 'ਤੇ ਚਮਕ ਆ ਗਈ ਤੇ ਇਕ ਵਿਸ਼ਾਲ ਮੁਸਕੜੀ ਨਾਲ ਉਹਦਾ ਵਾਤ ਪੂਰਾ ਖੁਲ੍ਹ ਗਿਆ। ਉਸ ਖਿੜਖਿੜਾ ਕੇ ਪੁੱਛਿਆ,

'ਯਾਰ, ਉਹ ਬਾਹਮਣੀ ਵੀ ਯਾਦ ਈ? ਕੀ ਨਾਂ ਸੀ ਓਹਦਾ ਭਲਾ? ਸਾਡੀ ਜਮਾਤਨ ਹੁੰਦੀ ਸੀ। ਹਾਂ ਯਾਦ ਆ ਗਿਐ, ਸੁਸ਼ਮਾ...', ਉਹਨੇ ਨਾਂ ਚਸਕੇ ਨਾਲ ਲਿਆ।

'ਹਜ਼ੂਰੇ, ਉਹ ਹੰਦੇ ਲੈਣ ਵਾਲੀ ਬਾਹਮਣੀ ਨਹੀਂ ਸੀ। ਕਿਸੇ ਵੱਡੇ ਅਫ਼ਸਰ ਦੀ ਧੀ ਸੀ। ਬੱਘੀ 'ਚ ਆਉਂਦੀ ਸੀ ਕਾਲਿਜ।'

'ਤੇਰੇ ਨਾਲ, ਯਾਰ, ਸੁਰ ਮਿਲਦੀ ਸੀ ਉਹਦੀ। ਮੇਰੇ ਕੋਲੋਂ ਤਾਂ ਮੂੰਹ ਵੱਟ ਕੇ ਲੰਘ ਜਾਂਦੀ ਸੀ।'

'ਹਜ਼ੂਰੇ, ਸੁਰ-ਸਰ ਦੀ ਗੱਲ ਨਹੀ ਸੀ। ਉਹਨੂੰ *ਨੋਟ-ਸ* ਚਾਹੀਦੇ ਹੁੰਦੇ ਸਨ। ਮੰਗ ਲੈਂਦੀ ਸੀ।'

'ਯਾਰ, ਉਹ ਮੇਰੇ ਤੋਂ ਕਿਉਂ ਨਹੀਂ ਸੀ ਮੰਗਦੀ?'

'ਤੇਰੇ ਕੋਲ ਹੁੰਦੇ ਹੀ ਨਹੀਂ ਸਨ। ਤੂੰ ਖਿਡਾਰੀ ਬੰਦਾ ਸੈਂ। ਤੇਰਾ ਪੜ੍ਹਾਈ ਵਲ ਧਿਆਨ ਕਿੱਥੇ ਸੀ।'

'ਗੱਲ ਤਾਂ ਤੇਰੀ ਠੀਕ ਏ...ਇਹ ਦੱਸ, ਉਹਦਾ ਬਣਿਆ ਕੀ ਹੋਏਗਾ?'

'ਕੀਹਦਾ?'

'ਆਪਣੀ ਸੁਸ਼ਮਾ ਦਾ।' ਹਜ਼ੂਰ ਸਿੰਘ ਦੀ ਨੀਝ ਉਹਦੇ ਤੋਂ ਨਹੀਂ ਸੀ ਹਟ ਰਹੀ।

'ਬਣਨਾ ਕੀ ਸੀ! ਵਿਆਹੀ ਗਈ ਹੋਵੇਗੀ। ਕਿਸੇ ਪੰਡਤ ਨਾਲ...।'

'ਸੁਹਣੀ ਬੜੀ ਸੀ ਉਹ, ਯਾਰ...'

ਹਜ਼ੂਰ ਸਿੰਘ ਮੌਜ 'ਚ ਸੀ। ਉਹਨਾਂ ਸਮਿਆਂ 'ਚ ਉੱਡ ਰਿਹਾ ਸੀ, ਜਦੋਂ ਗੁਰਦਿਆਲ ਤੇ ਉਹ ਇਕੱਠੇ ਹੁੰਦੇ ਸਨ। ਕੁਝ ਮਛਰਿਆ ਹੋਇਆ ਸੀ। ਇਹ ਨਹੀਂ ਸੀ ਲਗਦਾ, ਅਜੇ ਹੁਣੇ ਹੀ ਉਹ ਇੰਦਰ ਸਿੰਘ ਦੀ ਕੁੜਿੱਕੀ 'ਚੋਂ ਨਿਕਲ ਕੇ ਆਇਆ ਸੀ ਤੇ ਕਲ੍ਹ ਸਵੇਰ ਤੋਂ ਉਹਨੇ, ਲੰਗੋਟਾ ਬੰਨ੍ਹ, ਚੋਣਾਂ ਦੇ ਅਖਾੜੇ 'ਚ ਨਿਤਰ ਪੈਣਾ ਸੀ। ਏਸ ਮਛਰੇਵੇਂ ਨੇ ਸਮੇਂ ਦਾ ਉਹ ਖੱਪਾ ਪੂਰ ਦਿਤਾ ਸੀ, ਜਿਹੜਾ ਜ਼ਿੰਦਗੀ ਦੇ ਹੋਰਨਾਂ ਰਾਹਾਂ 'ਤੇ ਪੈ ਜਾਣ ਨਾਲ ਦੋਵਾਂ ਦੋਸਤਾਂ 'ਚ ਪੈ ਗਿਆ ਹੋਇਆ ਸੀ।

ਹਜ਼ੂਰ ਸਿੰਘ ਅਗਾਂਹ ਵੇਖ ਰਿਹਾ ਸੀ। ਸੜਕ ਤੇ ਭੀੜ ਕਾਫ਼ੀ ਸੀ। ਉਸ



ਗੱਡੀ ਇਕ ਪਾਸੇ ਰੱਖੀ ਹੋਈ ਸੀ। ਚਲਾ ਬੜੀ ਮੁਹਾਰਤ ਨਾਲ ਰਿਹਾ ਸੀ। ਉਹਨੂੰ ਦੋ ਪੈੱਗ ਲਾ ਗੱਡੀ ਚਲਾਉਣ ਦਾ ਅਭਿਆਸ ਲਗਦਾ ਸੀ। ਕਾਫ਼ੀ ਚਿਰ ਉਹ ਚੁੱਪ ਰਹੇ। ਹਜ਼ੂਰ ਸਿੰਘ ਨੂੰ ਸ਼ੁਸ਼ਮਾ ਵਿਸਰ ਚੁੱਕੀ ਸੀ ਤੇ ਗੁਰਦਿਆਲ ਦਾ ਚੇਤਾ ਵੀ ਕਿਤੇ ਹੋਰ ਪਹੁੰਚਿਆ ਹੋਇਆ ਸੀ। ਏਨੇ 'ਚ ਗੱਡੀ ਇਕ ਪੁਰਾਣੇ ਪੁਲ ਤੋਂ ਲੰਘੀ। ਸੜਕ 'ਚ ਖੱਡੇ ਹੋਣ ਕਰਕੇ ਬੜੇ ਧਜਕੇ ਲੱਗੇ।

ਹਜ਼ੂਰ ਸਿੰਘ ਜਿਵੇਂ ਅੱਭੜਵਾਹੇ ਜਾਗ ਪਿਆ। ਗੁਰਦਿਆਲ ਨੂੰ ਗਿਲਾ ਕਰਨ ਲੱਗਾ,

'ਦਿਆਲ, ਤੇਰਾ ਇਹ ਚੰਡੀਗੜ੍ਹ ਰਹਿਣਾ ਠੀਕ ਨਹੀਂ। ਸੁਜਾਨਗੜ੍ਹ ਦੀ ਚੋਣ ਚੰਡੀਗੜ੍ਹੋਂ ਨਹੀਂ ਲੜੀ ਜਾ ਸਕਦੀ।'

'ਨਹੀਂ ਯਾਰ, ਨੇੜੇ ਹੀ ਏ। ਪਹੁੰਚ ਜਾਇਆ ਕਰਾਂਗਾ। ਐਵੇਂ ਨਾ ਫ਼ਿਕਰ ਕਰ।'

'ਨਹੀਂ ਦਿਆਲ, ਇਹ ਚੋਣਾਂ ਬੜੀ ਕੁੱਤੀ ਚੀਜ਼ ਹੁੰਦੀਆਂ ਨੇ। ਮੱਤ ਮਾਰ ਦੇਂਦੀਆਂ ਨੇ ਬੰਦੇ ਦੀ। ਇਹ ਸੋਚ ਕਿ ਜੇ ਜਲਸਾ ਅੱਧੀ ਰਾਤੀਂ ਮੁੱਕੇ, ਵਾਪਸ ਜਾਣ ਜੋਗਾ ਰਹਿ ਜਾਏਂਗਾ?'

'ਸੌਖਾ ਨਹੀਂ...'

'ਫੇਰ ਲੋਕਾਂ ਨੂੰ ਸਵੇਰੇ ਸਵੇਰੇ ਜਾ ਕੇ ਫੜਨਾ ਪੈਂਦੈ। ਏਸ ਤੋਂ ਪਹਿਲੋਂ ਕਿ ਉਹ ਕੰਮਾਂ ਨੂੰ ਨਿਕਲ ਜਾਣ। ਕਿਵੇਂ ਪਹੁੰਚੇਗਾ ਏਨੀ ਸਵੇਰੇ?'

'ਨਹੀਂ ਪਹੁੰਚਿਆ ਜਾ ਸਕਦਾ।'

'ਫੇਰ ਗੱਲ ਸੁਣ ਮੇਰੀ। ਮੈਂ ਸੁਜਾਨਗੜ੍ਹ 'ਚ ਬੜੀ ਵੱਡੀ ਹਵੇਲੀ ਕਿਰਾਏ 'ਤੇ ਕੀਤੀ ਏ। ਇਕ ਤਰ੍ਹਾਂ ਦਾ ਫ਼ਾਰਮ ਹਾਊਸ। ਜਿੰਨੀ ਵੀ ਥਾਂ ਚਾਹੀਦੀ ਆ, ਮੱਲ ਲੈ ਓਥੇ। ਬੜੀ ਥਾਂ ਏ। ਮੇਰੇ ਅੰਗ-ਸੰਗ ਦੇ ਸਾਰੇ ਓਥੇ ਰਹਿਣਗੇ। ਮੇਰੇ ਭਰਾ, ਭੈਣਾਂ, ਦੋਸਤ। ਮੇਰਾ ਛੋਟਾ ਭਰਾ ਨਾਰਵੇ ਤੋਂ ਪਹੁੰਚ ਰਿਹੈ ਮੇਰੀ ਮਦਦ ਲਈ।'

ਇਹ ਹਜ਼ੂਰ ਸਿੰਘ ਹੋਰ ਸੀ। ਮੈਚ 'ਚ ਐਨਕ ਤੁੜਾਣ ਵਾਲਾ ਨਹੀਂ, ਚੋਣਾਂ ਦਾ ਘੋਲ ਘੁਲਣ ਵਾਲਾ। ਉਹ ਹੁਣ ਕਲਪਨਾ ਦੇ ਅਰਸ਼ਾਂ ਤੋਂ ਹੇਠ ਉਤਰਿਆ ਹੋਇਆ ਸੀ।

'ਓਥੇ ਕਦੋਂ ਗਿਆ ਸੀ?'

'ਓਥੇ ਹੀ ਰਹਿੰਦੈ, ਯਾਰ। ਕੰਮ ਕਰਦੈ ਓਥੇ। ਸ਼ਹਿਰੀ ਏ ਓਥੋਂ ਦਾ। ਚੋਣਾਂ 'ਚ ਮੇਰੀ ਮਦਦ ਨੂੰ ਆ ਰਿਹੈ। ਉਹ ਵੀ ਉਥੇ ਹੀ ਰਹੇਗਾ।'

ਗੁਰਦਿਆਲ ਸਮਝ ਗਿਆ। ਉਹਨੂੰ ਵੀ ਉਥੇ ਹੀ ਰਹਿਣਾ ਚਾਹੀਦੈ। ਉਹ ਮੰਨ ਗਿਆ।

'ਚਲ ਦੋ-ਚਾਰ ਹਫ਼ਤੇ ਮੈਂ ਵੀ ਤੁਹਾਡੇ ਨਾਲ ਹੀ ਰਹਿ ਪਾਂਗਾ। ਬੱਸ ਇਕ ਵਾਰੀ ਦਿੱਲੀਉਂ ਹੋ ਆਵਾਂ।'

'ਇਕ ਗੱਲ ਫੇਰ ਹੋਰ ਕਰ। ਆਪਣਾ ਇਹ ਸੂਟ-ਬੂਟ ਵੀ ਲਾਹ ਦੇ। ਦਿੱਲੀ ਹੀ ਛੱਡ ਆਈਂ ਇਹਨੂੰ। ਏਥੇ ਕੁੜਤਾ-ਪਾਜਾਮਾ ਪਾਈਂ। ਵਾਸਕਟ ਪਾਈਂ ਜਾਂ ਉਹ ਨਵੀਂ ਕਿਸਮ ਦੀ ਫਤੂਈ, ਜਿਹਦੇ 'ਚੋਂ ਹਵਾ ਨਹੀਂ ਲੰਘਦੀ। ਅਸਾਂ ਲੋਕਾਂ ਨਾਲ ਜੁੜਨੈਂ ਭਾਈ। ਉਹਨਾਂ ਵਰਗਾ ਹੋਣਾ ਪਵੇਗਾ।'

'ਮੇਰੇ ਕੋਲ ਇਹ ਸਭ ਕੁਝ ਨਹੀਉਂ ਹੈਗਾ। ਕੁੜਤਾ ਪਾਜਾਮਾ ਪਾਇਆਂ ਮੈਨੂੰ ਤਾਂ ਮੁੱਦਤਾਂ ਹੋ ਗਈਆਂ ਨੇ...'

'ਕੋਈ ਗੱਲ ਨਹੀਂ। ਚੰਡੀਗੜ੍ਹ ਮੇਰੇ ਦਰਜ਼ੀ ਕੋਲ ਚਲ। ਮਾਪ ਦੇ-ਦੇ ਉਹਨੂੰ। ਉਹ ਸੀਂਦੇਗਾ ਸੱਤ ਅਠ ਜੋੜੇ। ਕਪੜਾ ਮੈਂ ਉਹਨੂੰ ਪਹੁੰਚਾ ਦਿਆਂਗਾ। ਤੇਰੇ ਦਿੱਲੀਉ ਆਉਣ ਤੱਕ ਤਿਆਰ ਹੋਏਗਾ। ਸਭ ਕੁਝ ਆ ਕੇ ਚੁੱਕ ਲਈਂ ਓਥੋਂ...'

'ਯਾਰ, ਉਹਨਾਂ ਰੰਗਾਂ ਦੀਆਂ ਪੱਗਾਂ ਵੀ ਲੈ ਲਈਂ। ਸਵਾ ਪੰਜ-ਪੰਜ ਮੀਟਰ ਦੀਆਂ। ਮੈਂ ਉਹਨਾਂ ਨਾਲ ਜੋੜ ਕੇ ਬੰਨ੍ਹਾਂਗਾ।'

'ਲੈ ਲਾਂਗਾ। ਪਰ ਤੈਨੂੰ ਆਪਣੀ ਇਹ ਦਾੜ੍ਹੀ ਵੀ ਖੋਲ੍ਹਣੀ ਪਏਗੀ।'

ਹਜ਼ੂਰ ਸਿੰਘ ਗੁਰਦਿਆਲ ਨੂੰ ਆਪਣਾ ਪੂਰਾ ਸਿਪਾਹੀ ਬਣਾਉਣ ਦੀ ਸੋਚ ਰਿਹਾ ਸੀ। ਹੁਲੀਆ ਪੂਰਾ ਬਦਲ ਰਿਹਾ ਸੀ ਉਹਦਾ।

ਗੁਰਦਿਆਲ ਨੇ ਉਹਦੇ ਵਲ ਵੇਖਿਆ। ਉਹਦੀ ਆਪਣੀ ਦਾੜ੍ਹੀ ਖੁੱਲ੍ਹੀ ਹੋਈ ਸੀ। ਬਾਹਰੋਂ ਆਉਂਦੀ ਹਵਾ ਨਾਲ ਉਹਦੇ ਵਲ ਹੋਈ ਪਈ ਸੀ।

'ਆਜ਼ਾਦ ਕਰ ਦੇ ਆਪਣੀ ਏਸ ਦਾੜ੍ਹੀ ਨੂੰ। ਤੂੰ ਤਾਂ ਡਬਲ ਕੈਦ ਕੀਤੀ ਹੋਈ ਏ। ਉਤੇ ਜਾਲੀ ਵੀ ਬੰਨ੍ਹਣੈਂ। ਲੱਗਣ ਦੇ ਉਹਨੂੰ ਥੋੜੀ ਜਿਹੀ ਪੰਜਾਬ ਦੀ ਹਵਾ।'

ਗੁਰਦਿਆਲ ਆਪਣੀ ਨਵੀਂ ਸ਼ਕਲ ਚਿਤਵਦਾ ਮੁਸਕਰਾ ਪਿਆ।

'ਚਲ ਮੈਂ ਵੀ ਹੋ ਜਾਂਗਾ ਤੇਰੇ ਵਰਗਾ। ਇਕ ਵਾਰੀ ਦਿੱਲੀਉਂ ਹੋ ਆਉਣ ਦੇ।' ਉਹਨੇ ਮੰਨਜ਼ੂਰੀ ਦੇ ਦਿੱਤੀ।

ਅੱਗੇ ਭੀੜ ਵਧਦੀ ਜਾ ਰਹੀ ਸੀ। ਹਜ਼ੂਰ ਸਿੰਘ ਨੂੰ ਰਫ਼ਤਾਰ ਘਟਾਉਣੀ ਨਾ ਪਈ। ਉਹ ਪਹਿਲੋਂ ਹੀ ਤੇਜ਼ ਨਹੀਂ ਸੀ ਚਲ ਰਿਹਾ। ਵੈਸੇ ਵੀ ਪਾਸੇ ਲੱਗਾ ਹੋਇਆ ਸੀ।

'ਮੈਂ ਤਾਂ ਸਦਾ ਏਸ ਰਫ਼ਤਾਰ 'ਤੇ ਚਲਨਾਂ,' ਉਹ ਬਿਨਾਂ ਪੁੱਛੇ ਦੇ ਕਹਿਣ ਲੱਗਾ, 'ਪਿੱਛੋਂ ਫ਼ਰਕ ਤਾਂ ਪੰਜ ਦਸ ਮਿੰਟ ਦਾ ਹੀ ਪੈਂਦੈ...'

ਗੁਰਦਿਆਲ ਨੇ ਕੁਝ ਨਾ ਕਿਹਾ। ਉਹਨੂੰ ਭੀੜ 'ਚ ਮੱਠੇ ਚੱਲਣ 'ਤੇ ਏਤਰਾਜ਼ ਨਹੀਂ ਸੀ।

'ਗੁਰਦਿਆਲ', ਹਜ਼ੂਰ ਸਿੰਘ ਅੱਗੇ ਚਲਿਆ, 'ਅੱਜ ਮੈਂ ਬੜਾ ਖੁਸ਼ ਹਾਂ। ਤੂੰ ਮਿਲ ਪਿਐਂ। ਇੰਦਰ ਸਿੰਘ ਬਹਿ ਗਿਐ। ਉਹਦੇ ਬੈਠੇ ਬਿਨਾਂ ਅਸੀਂ ਜਿੱਤ ਨਹੀਂ ਸਕਦੇ। ਤੇ ਸੁਸ਼ਮਾ ਨੂੰ ਵੀ ਯਾਦ ਕਰ ਲਿਐ।'



ਸੁਸ਼ਮਾ ਫੇਰ ਟਪਕ ਪਈ ਸੀ। ਪੈਗਾਂ ਦਾ ਨਸ਼ਾ ਅਜੇ ਪੂਰਾ ਨਹੀਂ ਸੀ ਲੱਥਾ।

'ਛੱਡ ਯਾਰ ਹੁਣ ਸੁਸ਼ਮਾ ਨੂੰ! ਨਾਨੀ ਦਾਦੀ ਬਣੀ ਹੋਣੀ ਏਂ ਏਸ ਵੇਲੇ। ਤੂੰ ਮੈਨੂੰ ਇਹ ਦੱਸ। ਤੈਨੂੰ ਏਨਾ ਤਜਰਬਾ ਏ। ਏਨੀ ਤੇਰੇ 'ਚ ਜਾਨ ਏ। ਏਡਾ ਤੇਰਾ ਦਿਮਾਗ਼ ਚਲਦੈ। ਤੂੰ ਕੋਈ ਵੱਡਾ ਹੱਥ ਕਿਉਂ ਨਹੀਂ ਮਾਰਿਆ? ਤੇਰੇ ਲਈ ਅਸੰਬਲੀ ਦੀ ਸੀਟ ਕੀ ਚੀਜ਼ ਏ! ਜੇ ਜਿੱਤ ਵੀ ਗਿਆ, ਤੈਨੂੰ ਕਿਸੇ ਪੁੱਛਣਾ ਨਹੀਂ।'

'ਦਿਆਲ, ਹੁਣ ਇਹੋ ਜਿਹਾ ਸਵਾਲ ਕਰਨ ਦਾ ਮੌਕਾ ਨਹੀਂ। ਐਮ-ਐਲ-ਏ ਹੁਣ ਬਣਨਾ ਹੀ ਪਏਗਾ। ਵਿਚ ਤੇਰਾ ਜ਼ੋਰ ਵੀ ਲੱਗੇਗਾ। ਤੇਰੀ ਸ਼ਕਲ-ਸੂਰਤ ਵੀ ਤਾਂ ਏਸੇ ਲਈ ਬਦਲ ਰਹੇ ਹਾਂ। ਵੈਸੇ, ਇਹ ਦੱਸ, ਫ਼ਰਕ ਕੀ ਪੈਂਦੈ। ਅਸੀਂ ਤਾਂ ਲੋਕਾਂ ਦੀ ਸੇਵਾ ਹੀ ਕਰਨੀ ਏ। ਐਮ-ਐਲ-ਏ ਬਣ ਕੇ ਵੀ ਕਰੀ ਜਾਵਾਂਗੇ। ਕੁਝ ਜ਼ਿਆਦਾ ਹੀ ਕਰ ਲਾਂਗੇ ਏਸਰ੍ਹਾਂ। ਸਮਰੱਥਾ ਵਧ ਜਾਏਗੀ।'

'ਯਾਰ, ਮੇਰਾ ਮਤਲਬ ਸੀ, ਕੋਈ ਵੱਡੀ ਛਾਲ ਮਾਰ। ਲੋਕ ਸਭਾ ਦੀ ਚੋਣ ਲੜ। ਦਿੱਲੀ ਆ ਪਾਰਲੀਮੈਂਟ 'ਚ। ਮਨਿੱਸਟਰ ਬਣ। ਸੇਵਾ ਕਰਨੀ ਆਂ ਤਾਂ ਕੌਮੀ ਪੱਧਰ 'ਤੇ ਕਰ। ਸਾਰਾ ਦੇਸ ਤੇਰਾ ਨਾਮ ਜਪੇ...'

'ਗੱਲ ਤਾਂ ਤੇਰੀ ਠੀਕ ਏ। ਇਹਦਾ ਸਮਾਂ ਵੀ ਆਵੇਗਾ। ਪਹਿਲੋਂ ਇਹ ਪੌੜੀ ਚੜ੍ਹ ਲਈਏ। ਵੈਸੇ ਤੈਨੂੰ ਇਕ ਅੰਦਰ ਦੀ ਗੱਲ ਦੱਸ ਹੀ ਦੇਨਾਂ। ਪਾਰਸ ਨੇ ਮੈਨੂੰ ਬਚਨ ਦਿੱਤਾ ਹੋਇਐ ਕਿ ਜੇ ਉਹਦੀ ਮਨਿੱਸਟਰੀ ਬਣ ਗਈ, ਉਹ ਮੈਨੂੰ ਵਿਦਿਆ ਮੰਤਰੀ ਬਣਾਏਗਾ ਜਾਂ ਪੇਂਡੂ ਵਿਕਾਸ ਮੰਤਰੀ। ਜੇ ਉਹਨੇ ਇੰਜ ਕਰ ਦਿੱਤਾ, ਤਾਂ ਮੈਂ ਪੰਜਾਬ ਦੇ ਪਿੰਡਾਂ ਦਾ ਨਕਸ਼ਾ ਬਦਲ ਦਿਆਂਗਾ। ਲੋਕੀ ਯਾਦ ਕਰਿਆ ਕਰਨਗੇ ਕਿ ਕਦੀ ਹਜ਼ੂਰ ਸਿੰਘ ਨਾਂ ਦਾ ਕੋਈ ਮੰਤਰੀ ਵੀ ਹੁੰਦਾ ਸੀ। ਅਸਲ ਚੀਜ਼ ਇਹ ਵੇ, ਪਾਰਲੀਮੈਂਟ ਜਾਂ ਅਸੰਬਲੀ ਨਹੀਂ।'

ਹਜ਼ੂਰ ਸਿੰਘ ਸੁਫ਼ਨੇ ਲੈ ਰਿਹਾ ਸੀ। ਉਹਨੂੰ ਇਹ ਖ਼ਦਸ਼ਾ ਉੱਕਾ ਨਹੀਂ ਸੀ ਕਿ ਉਹ ਹਾਰ ਵੀ ਸਕਦੈ। ਇਹ ਭੁੱਲਿਆ ਬੈਠਾ ਸੀ ਕਿ ਸੀਟ ਔਖੀ ਏ। ਪਹਿਲੋਂ ਦੋ ਵਾਰੀ ਹਾਰੀ ਹੋਈ ਏ। ਹਾਰੀ ਵੀ ਬੜੇ ਫ਼ਰਕ ਨਾਲ ਹੋਈ ਏ। ਅਸਲ 'ਚ ਉਹਨੂੰ ਦਿੱਤੀ ਵੀ ਏਸੇ ਲਈ ਗਈ ਏ ਕਿ ਕੋਈ ਜੱਥੇਦਾਰ ਇਹਨੂੰ ਜਿੱਤ ਨਹੀਂ ਸਕਦਾ। ਗੁਰਦਿਆਲ ਨੂੰ ਹਜ਼ੂਰ ਸਿੰਘ ਦਾ ਇਹ ਭੁਲੇਖਾ ਚੰਗਾ ਲੱਗਾ। ਇਹ ਭੁਲੇਖਾ ਨਹੀਂ, ਸਵੈ-ਵਿਸ਼ਵਾਸ ਸੀ। ਜਿੱਤਣ ਲਈ ਇਹਦਾ ਹੋਣਾ ਜ਼ਰੂਰੀ ਸੀ। 'ਮੈਂ ਵੀ ਆਪਣਾ ਪੂਰਾ ਜ਼ੋਰ ਲਾਵਾਂਗਾ,' ਉਹ ਅੰਦਰ ਹੀ ਅੰਦਰ ਧਾਰਨ ਲਗਾ, 'ਜੇ ਹਾਰੀ ਸਮਝੀ ਗਈ ਸੀਟ ਅਸੀਂ ਜਿੱਤ ਲਈ ਤਾਂ ਮੇਰਾ ਨਾਂ ਵੀ ਹੋ ਜਾਏਗਾ। ਮੇਰਾ ਮੁੱਲ ਵੀ ਵਧ ਵਧੇਗਾ।'

#

ਖੱਬੇ ਪਾਸਿਉਂ ਇਕ ਹੋਰ ਸੜਕ ਆ ਰਲੀ। ਓਧਰੋਂ ਚੰਡੀਗੜ੍ਹ ਜਾਣ ਵਾਲੇ ਵੀ ਪਹਿਲੇ ਭੀੜ-ਭੜੱਕੇ 'ਚ ਆ ਵੜੇ। ਪੂਰੀਆਂ ਜਗੀਆਂ ਹੋਈਆਂ ਅਗਲੀਆਂ ਬੱਤੀਆਂ ਦੀ ਚਕਾਚੌਂਧ ਹੋਰ ਵਧ ਗਈ। ਮਾੜਾ ਜਿਹਾ ਜੈਮ ਪੈ ਗਿਆ। ਹਜ਼ੂਰ ਸਿੰਘ, ਕੁਝ ਹੋਰ ਮੱਠਾ ਪੈ, ਜੈਮ 'ਚੋਂ ਨਿਕਲਿਆ। ਗੱਡੀ ਨੂੰ ਫੇਰ ਖੱਬੇ ਹੱਥ ਲਿਆ ਪਹਿਲਾਂ ਵਾਲੀ ਰਫ਼ਤਾਰ 'ਤੇ ਕਰ ਦਿਤਾ। ਜੋ ਅੱਗੇ ਨਿਕਲਣਾ ਚਾਹੁੰਦਾ ਸੀ, ਨਿਕਲ ਜਾਣ ਦਿੱਤਾ।

'ਹਜ਼ੂਰੇ, ਤੂੰ ਗੱਡੀ ਬੜੀ ਸੰਭਲ ਕੇ ਚਲਾਨੈਂ।'

'ਜ਼ਿੰਦਗੀ ਤਾਂ, ਯਾਰ, ਮੈਂ ਸੰਭਲ ਕੇ ਨਹੀਂ ਚਲਾਈ। ਬਿਨਾਂ ਸੋਚਿਆਂ ਸਮਝਿਆਂ ਝੋਂਕ ਦੇਨਾਂ ਆਪਣੇ ਆਪ ਨੂੰ। ਹੁਣ ਵੀ ਝੋਂਕ ਦਿੱਤੈ। ਨਾਲ ਤੈਨੂੰ ਵੀ ਧੂਹ ਲਿਐ...' ਉਹ ਮਾੜਾ ਜਿਹਾ ਹੱਸਿਆ। 'ਕੋਈ ਗੱਲ ਨਹੀਂ, ਰੱਬ ਭਲੀ ਕਰੇਗਾ।'

ਗੁਰਦਿਆਲ ਵੀ ਹੱਸ ਪਿਆ। ਅਚੇਤੇ ਹੀ ਖੁਲ੍ਹ ਪਿਆ। ਦੱਸਣ ਲੱਗਾ, ਉਹ ਚੰਡੀਗੜ੍ਹ ਕਿਸ ਕੰਮ ਆਇਆ ਸੀ। ਰਾਜ ਸਭਾ ਦੀ ਸੀਟ ਚਾਹੀਦੀ ਸੀ। ਪਾਰਸ ਕੋਲ ਨਹੀਂ ਸੀ, ਚੌਧਰੀ ਕੋਲ ਸੀ। ਕਲ੍ਹ ਉਹਨੂੰ ਮਿਲਣ ਜਾਏਗਾ। ਇਕ ਵਾਰੀ ਦਿੱਲੀ ਮਿਲ ਚੁੱਕੈ।

'ਚੌਧਰੀ ਕੁਝ ਦਵਾਲ ਏ ਕਿ ਨਹੀਂ?' ਹਜ਼ੂਰ ਸਿੰਘ ਨੇ ਕੁਝ ਸੋਚਦਿਆਂ ਪੁੱਛਿਆ।

'ਅੱਧੀ ਸੀਟ ਦੇਂਦੈ। ਇਕ ਸੀਟ ਤੋਂ ਬਚੇ ਹੋਏ ਵੋਟ। ਕਹਿੰਦੈ, ਬਾਕੀ ਦੇ ਆਪੇ 'ਕੱਠੇ ਕਰ ਲੈ।'

'ਦਿਆਲ, ਮਾਰਿਆ ਜਾਏਂਗਾ। ਏਸ ਪਾਸੇ ਨਾ ਪਈਂ,' ਉਹਨੇ ਖ਼ਬਰਦਾਰ ਕੀਤਾ। 'ਇਹ ਕਰੋੜਾਂ ਦਾ ਸੌਦੈ। ਕਿੱਥੋਂ ਕੱਢੇਗਾ ਏਡੀਆਂ ਰੋਕੜਾਂ। ਤੇਰੇ ਕਿਹੜੇ ਕਾਰਖਾਨੇ ਚਲ ਰਹੇ ਨੇ...'

'ਨਹੀਂ ਹਜ਼ੂਰੇ, ਮੇਰੇ 'ਚ ਦਮ ਨਹੀਂ। ਮੈਂ ਵੋਟ ਖ਼ਰੀਦ ਨਹੀਂ ਸਕਦਾ। ਮੈਂ ਤਾਂ ਆਪਣੇ ਲਈ ਨਵੀਂ ਕਾਰ ਖ਼ਰੀਦਣ ਜੋਗਾ ਵੀ ਨਹੀਂ। ਕਈ ਸਾਲਾਂ ਤੋਂ ਪੁਰਾਣੀ ਹੀ ਵਾਹੀ ਜਾ ਰਿਹਾਂ।'

ਗੁਰਦਿਆਲ ਨੂੰ ਆਪਣੀ ਗੱਡੀ ਯਾਦ ਆ ਗਈ। ਉਹਨੇ ਹਜ਼ੂਰ ਸਿੰਘ ਨੂੰ ਦਸਿਆ, ਉਹ ਕਿੱਥੇ ਖੜੀ ਰਹਿ ਗਈ ਸੀ। ਹਜ਼ੂਰ ਸਿੰਘ ਨੇ ਉਹਦਾ ਫ਼ਿਕਰ ਲਾਹੁਣਾ ਚਾਹਿਆ,

'ਚਿੰਤਾ ਨਾ ਕਰ। ਪਹਿਲੋਂ ਸਿੱਧੇ ਓਥੇ ਹੀ ਜਾਵਾਂਗੇ। ਓਥੋਂ ਤੂੰ ਗੱਡੀ ਚੁੱਕੀਂ ਤੇ ਘਰ ਚਲਾ ਜਾਈਂ...ਰਾਹ ਤੈਨੂੰ ਆਉਂਦਾ ਹੀ ਹੋਏਗਾ,' ਉਹਨੇ ਮਸਖ਼ਰੀ ਕੀਤੀ। 'ਇਹ ਦੱਸ, ਚੌਧਰੀ ਤੈਨੂੰ ਸੀਟ ਕਿਉਂ ਨਹੀਂ ਦੇਂਦਾ?'



'ਉਹਨੇ ਸੀਟ ਆਪਣੇ ਕੁੜਮ ਨੂੰ ਦੇਣੀ ਏਂ। ਕਹਿੰਦੈ, ਨੂੰਹ ਦਾ ਹੁਕਮ ਏ।'

'ਦੁਰ ਫਿੱਟੇ ਮੂੰਹ!' ਹਜ਼ੂਰ ਸਿੰਘ ਨੇ ਹੱਥ ਸਟੀਅਰਿੰਗ ਤੋਂ ਚੁੱਕ ਮੱਥੇ ਨੂੰ ਲਾਇਆ। 'ਇਹੋ ਲੋਕ ਰਾਸ਼ਟਰ ਦਲ ਦੇ ਵੰਸ਼ਵਾਦ ਦਾ ਰੌਲਾ ਪਾਂਦੇ ਨੇ। ਆਪਣੀ ਵਾਰੀ ਟੱਬਰੋਂ ਬਾਹਰ ਨਹੀਂ ਜਾਂਦੇ। ਮੈਂ ਜਾਣਨਾਂ ਉਹਦੇ ਕੁੜਮ ਨੂੰ। ਘੁੱਗੂ ਏ ਨਿਰਾ। ਕੀ ਕਰੇਗਾ ਰਾਜ ਸਭਾ 'ਚ ਬਹਿ ਕੇ ਉਹ। ਨਾ ਉਹਨੂੰ ਕੋਈ ਸਮਝ ਆਉਣੀ ਏ। ਨਾ ਹੀ ਓਥੇ ਉਹਦੇ ਤੋਂ ਕੁਝ ਕਿਹਾ ਜਾਣੈਂ। ਚੌਧਰੀ ਨੂੰ ਕਹਿਵਾਇਆ ਨਹੀਂ ਤੂੰ ਕਿਸੇ ਤੋਂ?'

'ਪਾਰਸ ਤੋਂ ਕਹਿਵਾਇਆ ਸੀ। ਉਹਨੇ ਸਮਝਾਇਆ ਵੀ ਸੀ ਉਹਨੂੰ, ਭਾਈ ਕੁੜਮ ਨੂੰ ਦੂਰ ਰਖ। ਪਤਾ ਨਹੀਂ ਕਿੰਨੀ ਕੁ ਸਮਝ ਪਈ ਸੂ।'

'ਕਿਸੇ ਹੋਰ ਤੋਂ ਵੀ ਕਹਿਵਾ ਦਈਏ?' ਹਜ਼ੂਰ ਸਿੰਘ ਨੂੰ ਕੋਈ ਬੰਦਾ ਸੁੱਝਿਆ ਹੋਇਆ ਸੀ।

'ਹੈ ਕੋਈ ਚੌਧਰੀ ਦਾ ਨਜ਼ਦੀਕੀ?'

'ਹੈ ਵੇ ਇਕ ਉਹਦਾ ਅਤਬਾਰੀ ਬੰਦਾ।'

'ਚੌਧਰੀ ਚਿੜ ਤਾਂ ਨਹੀਂ ਜਾਏਗਾ?'

'ਓਏ ਨਹੀਂ ਯਾਰ, ਏਸ ਮਾਮਲੇ 'ਚ ਕੋਈ ਨਹੀਂ ਚਿੜਦਾ ਚੁੜਦਾ। ਇਹਨਾਂ ਕੰਮਾਂ 'ਚ ਜ਼ੋਰ ਪਵਾਣਾ ਹੀ ਪੈਂਦੈ।'

'ਕੌਣ ਏ?'

'ਹੈ ਇਕ ਬੰਦਾ। ਪ੍ਰੋਫ਼ੈਸਰ ਲੂਥਰਾ। ਸੁਣਿਆ ਹੋਇਆ ਈ ਨਾਂ ਉਹਦਾ? ਦੇਵ ਦਤ ਲੂਥਰਾ।'

'ਏਸ ਨਾਂ ਦਾ ਇਕ ਕਿਸਾਨ ਕਰਾਂਤੀ ਦਲ ਦਾ ਐਮ. ਪੀ. ਵੀ ਏ। ਬੜਾ ਬੋਲਦੈ ਸਦਨ 'ਚ।' ਗੁਰਦਿਆਲ ਨੂੰ ਅਹੁੜ ਪਿਆ।

'ਉਹੀਉ ਹੀ ਏ। ਪੁਰਾਣਾ ਕਮਿਊਨਿਸਟ ਏ। ਰੁਹਤਕ ਜਾਟ ਕਾਲਿਜ 'ਚ ਪੋਲੀਟੀਕਲ ਸਾਇੰਸ ਦਾ ਪ੍ਰੋਫ਼ੈਸਰ ਹੁੰਦਾ ਸੀ। ਚੰਗਾ ਪੜ੍ਹਾਂਦਾ ਸੀ। ਟੀਚਰਜ਼ ਯੂਨੀਅਨ ਦਾ ਪ੍ਰਧਾਨ ਵੀ ਰਿਹੈ। ਬੜੀਆਂ ਹੜਤਾਲਾਂ ਕਰਾਈਆਂ ਉਹਨੇ। ਜਦੋਂ ਚੌਧਰੀ ਨੇ ਆਪਣਾ ਕਿਸਾਨ ਕਰਾਂਤੀ ਦਲ ਬਣਾਇਆ, ਉਹਨੇ ਲੂਥਰੇ ਨੂੰ ਆਪਣਾ ਸਿਆਸੀ ਸਲਾਹਕਾਰ ਲਾ ਲਿਆ। ਹੁਣ ਕੋਈ ਅਜਿਹੀ ਬੀਮਾਰੀ ਲੱਗੀ ਹੋਈ ਸੀ, ਜਿਹਦਾ ਪਤਾ ਐਮ-ਆਰ-ਆਈ ਕਰਾਣ ਤੋਂ ਹੀ ਲੱਗਦੈ। ਮਤਲਬ, ਕੋਈ ਲਾ-ਇਲਾਜ ਬੀਮਾਰੀ ਏ। ਦਵਾਈਆਂ ਖਾ-ਖਾ ਗੱਡੀ ਚਲਾਈ ਜਾਂਦੈ।'

'ਉਹਨੂੰ ਮਿਲੀਏ ਫੇਰ?'

'ਕਲ੍ਹ ਮਿਲਦੇ ਹਾਂ। ਮੈਂ ਸਵੇਰੇ ਆ ਜਾਂਗਾ ਤੇਰੀ ਸਾਲੀ ਦੇ ਘਰ। ਓਥੋਂ ਪਹਿਲਾਂ ਦਰਜ਼ੀ ਵਲ ਜਾਵਾਂਗੇ। ਮਾਪ ਦੇ ਦਈਂ ਆਪਣਾ। ਫੇਰ ਸਿੱਧਾ ਲੂਥਰੇ ਕੋਲ ਜਾ ਵੱਜਾਂਗੇ। ਉਹਨੂੰ ਸਵੇਰੇ ਮੈਂ ਫ਼ੋਨ ਕਰ ਦਿਆਂਗਾ।'

'ਠੀਕ ਏ। ਕਲ੍ਹ ਪਹਿਲੋਂ ਲੂਥਰੇ ਨੂੰ ਮਿਲ ਲਈਏ। ਫੇਰ ਮੈਂ ਚੌਧਰੀ ਕੋਲ ਜਾਵਾਂਗਾ। ਸਿਰ ਖਾਵਾਂਗਾ ਉਹਦਾ। ਉਥੋਂ ਫੇਰ ਸਿੱਧਾ ਦਿੱਲੀ ਨਿਕਲ ਜਾਵਾਂਗਾ। ਦੋ-ਤਿੰਨ ਦਿਨ ਮੈਨੂੰ ਦਿੱਲੀ ਲੱਗ ਜਾਣਗੇ। ਫੇਰ ਵਾਪਸ ਆ ਤੇਰੇ ਕੋਲ ਪਹੁੰਚ ਜਾਵਾਂਗਾ।'

'ਯਾਰ, ਹਫ਼ਤੇ ਦੇ ਵਿੱਚ-ਵਿੱਚ ਆ ਜਾਈਂ। ਮੈਨੂੰ ਦੋ ਜੀਪਾਂ ਮਿਲੀਆਂ ਨੇ। ਇਕ ਤੇਰੇ ਥੱਲੇ ਹੋਏਗੀ ਤੇ ਇਕ ਮੇਰੇ। ਡੀਜ਼ਲ ਵੀ ਸਰਕਾਰੀ ਹੋਏਗਾ। ਤੂੰ ਆਪਣੀ ਕਾਰ ਸਾਲੀ ਦੇ ਘਰ ਖੜੀ ਰਹਿਣ ਦਵੀਂ। ਜੀਪ ਮੈਂ ਓਥੇ ਘੱਲ ਦਿਆਂਗਾ। ਆ ਕੇ ਤੈਨੂੰ ਲੈ ਜਾਏਗੀ। ਡਰਾਈਵਰ ਵੀ ਹੋਏਗਾ। ਸਾਰਾ ਵਕਤ ਤੇਰੇ ਨਾਲ ਰਹੇਗਾ। ਸੁਜਾਨਗੜ੍ਹ ਤੈਨੂੰ ਵੋਟਾਂ ਪੈਣ ਵਾਲੇ ਦਿਨ ਤਕ ਰਹਿਣਾ ਪਵੇਗਾ। ਫੇਰ ਮਹੀਨਾ ਭਰ ਛੁੱਟੀ। ਮੇਰੀ। ਤੇਰੀ ਤਾਂ ਛੁੱਟੀ ਹੀ ਛੁੱਟੀ ਏ। ਨਤੀਜਾ ਮਹੀਨੇ ਬਾਅਦ ਨਿਕਲੇਗਾ।'

'ਇਹ ਬੜਾ ਜ਼ੁਲਮ ਏ ਯਾਰ ਏਥੇ!' ਨਤੀਜਾ ਏਨਾ ਪੱਛੜ ਕੇ ਨਿਕਲਣ ਵਾਲੀ ਗੱਲ ਗੁਰਦਿਆਲ ਨੂੰ ਅਖ਼ਰੀ। 'ਸੁੱਕਣੇ ਪਾ ਦੇਂਦੇ ਨੇ ਬੰਦੇ ਨੂੰ। ਭਾਈ, ਜੇ ਵੋਟ ਪੈ ਗਏ ਨੇ ਤਾਂ ਕੱਢੋ ਨਤੀਜਾ। ਦੱਸੋ, ਕੌਣ ਜਿੱਤਿਐ ਤੇ ਕੌਣ ਹਾਰਿਆ। ਐਵੇਂ ਕਿਉਂ ਟੰਙ ਛੱਡਦੇ ਹੋ।'

'ਉਹ ਕੋਈ ਗੱਲ ਨਹੀਂ ਯਾਰ। ਵੋਟਾਂ ਚੰਗੀਆਂ ਪੈਣੀਆਂ ਚਾਹੀਦੀਆਂ, ਨਤੀਜਾ ਭਾਵੇਂ ਕਦੋਂ ਕੱਢਣ।'

ਚੋਣਾਂ ਪੰਜ ਰਾਜਾਂ 'ਚ ਹੋਣੀਆਂ ਸਨ। ਥੋੜੀਆਂ-ਥੋੜੀਆਂ ਕਰਕੇ। ਸਭ ਦੇ ਨਤੀਜੇ ਇਕੋ ਦਿਨ ਨਿਕਲਣੇ ਸਨ। ਉਡੀਕਣਾ ਪੈਣਾ ਸੀ। ਚੋਣ-ਕਮਿਸ਼ਨ ਦਾ ਦਸਤੂਰ ਹੀ ਇਹ ਸੀ।

'ਹਜ਼ੂਰੇ, ਇਹ ਤਾਂ ਦੱਸ ਸਾਡਾ ਮੁਕਾਬਲਾ ਕਿਦ੍ਹੇ ਨਾਲ ਏ? ਸੁਜਾਨਗੜ੍ਹ ਰਾਸ਼ਟਰ ਦਲ ਵਲੋਂ ਕੌਣ ਖੜੈ?'

'ਹਰਦਿਆਲ ਸਿੰਘ ਤੁੜ।'

'ਉਹ ਤਾਂ ਸਾਡਾ ਬੰਦਾ ਹੁੰਦਾ ਸੀ!' ਗੁਰਦਿਆਲ ਤ੍ਰਭਕਿਆ।

'ਸਾਡਿਆਂ ਉਹਨੂੰ ਟਿਕਟ ਨਹੀਂ ਦਿੱਤੀ। ਉਹ ਓਧਰ ਚਲਾ ਗਿਐ। ਰਾਸ਼ਟਰ ਦਲੀਆ ਬਣੀ ਬੈਠੈ।'

'ਤੀਜੀ ਧਿਰ ਦਾ ਬੰਦਾ ਵੀ ਹੈ ਕੋਈ ਓਥੇ?'

'ਹੈ ਕਿਉਂ ਨਹੀਂ? ਤੀਜੀ ਧਿਰ ਹਰ ਥਾਂ ਖੜੀ ਏ। ਸਾਡੇ ਹਰਪਾਲ ਸਿੰਘ ਬਿੰਦਰਾ ਖੜੈ। ਉਹ ਵੀ ਪਹਿਲੋਂ ਸਾਡੇ ਦਲ 'ਚ ਹੁੰਦਾ ਸੀ।'

'ਮਤਲਬ ਹੋਇਆ, ਲੜਾਈ ਸਾਡੇ ਦਲ ਦੇ ਲੋਕਾਂ 'ਚ ਈ। ਨਾਂ ਨੂੰ ਸਿਆਸੀ ਲੜਾਈ ਏ। ਸਾਰੇ ਕੇਸਰੀ ਦਲ ਦੇ ਭਗੌੜੇ ਨੇ...'

'ਯਾਰ, ਮੈਂ ਵੀ ਤਾਂ ਭਗੌੜਾ ਹਾਂ ਕਿਸੇ ਹੋਰ ਦਲ ਦਾ। ਆਪਣੇ ਹੀ ਦਲ ਦਾ। ਆਪਣੀ ਸਰਬੱਤ ਪਾਰਟੀ ਦਾ। ਪਾਰਸ ਨੇ ਮੈਨੂੰ ਡਾਹ ਦਿੱਤੈ ਏਥੇ। ਜੇ



ਜਿੱਤ ਗਿਆ ਤਾਂ ਉਹਦੀ ਬੱਲੇ-ਬੱਲੇ ਹੋ ਜਾਏਗੀ। ਜੇ ਹਾਰ ਗਿਆ ਤਾਂ ਕਹਿ ਦੇਗਾ, ਸਾਡੀ ਇਹ ਸੀਟ ਹੀ ਹਾਰਨ ਵਾਲੀ ਸੀ।'

'ਨਹੀਂ, ਹਜ਼ੂਰੇ, ਅਸੀਂ ਜਿੱਤਾਂਗੇ। ਮੈਂ ਅਜੇ ਹਲਕਾ ਵੇਖਿਆ ਨਹੀਂ, ਪਰ ਮੈਨੂੰ ਅੰਦਰੋਂ ਮਹਿਸੂਸ ਹੋ ਰਿਹੈ, ਜਿੱਤ ਸਾਡੀ ਹੀ ਹੋਵੇਗੀ। ਆਹ ਜਿਹੜੇ ਅਸੀਂ ਏਨੇ ਸਾਲਾਂ ਬਾਅਦ ਮਿਲ ਪਏ ਹਾਂ, ਇਹ ਉਹਦਾ ਹੀ ਸਗਣ ਈ। ਨਾਲੇ, ਸਾਡੇ ਹਲਕੇ 'ਚ ਸਾਰੇ ਹੀ ਬਾਹਰਲੇ ਨੇ।'

'ਬਾਹਰਲਾ ਤਾਂ ਮੈਂ ਵੀ ਹਾਂ, ਯਾਰ।'

ਗੁਰਦਿਆਲ ਲਾ-ਜਵਾਬ ਹੋ ਗਿਆ। ਇਕੋ ਦਲ ਦੇ ਲੋਕ ਪਾਰਟੀ ਦਾ ਲੇਬਲ ਬਦਲ ਆਪੋ 'ਚ ਲੜ ਰਹੇ ਸਨ। ਉਹ ਵੀ ਓਸ ਹਲਕੇ ਤੋਂ, ਜਿੱਥੋਂ ਦੇ ਉਹ ਹੈ ਨਹੀਂ ਸਨ। ਗੁਰਦਿਆਲ ਨੂੰ ਬੜਾ ਅਜੀਬ ਲੱਗਾ। ਉਹ ਕਹਿ ਉਠਿਆ,

'ਹਜ਼ੂਰੇ, ਜੋ ਵੀ ਕਹੀਏ, ਅਸੀਂ ਹਾਂ ਬੜੇ ਮੌਕਾ-ਪ੍ਰੱਸਤ। ਜੇ ਪਾਰਟੀ ਨੇ ਟਿਕਟ ਨਾ ਦਿੱਤੀ ਤਾਂ ਹੋਰ ਪਾਰਟੀ 'ਚ ਜਾ ਵੜੇ। ਯੂ-ਪੀ 'ਚ ਤਾਂ ਕਈ ਸੌ ਤੋਂ ਵਧ ਸੀਟਾਂ 'ਤੇ ਇਹੋ ਜਿਹੇ ਉਮੀਦਵਾਰ ਖੜੇ ਨੇ। ਸੌ ਤੋਂ ਵੱਧ ਉਮੀਦਵਾਰ ਓਥੇ ਬੰਗਾਲ ਵਾਲੀ ਬੀਬੀ ਨੇ ਵੀ ਲੱਭੇ ਹੋਏ ਨੇ। ਉਹਦੀ ਗੱਲ ਭਾਵੇਂ ਸਮਝ ਨਾ ਸਕਣ। ਉਹੀਉ ਨੇ, ਜਿਨ੍ਹਾਂ ਨੂੰ ਆਪਣੀ ਪਾਰਟੀ ਨੇ ਠੁੱਠ ਵਿਖਾ ਦਿੱਤੈ। ਹੋਰ ਤਾਂ ਹੋਰ, ਇਹ ਬੀਬੀ ਗੋਆ ਵੀ ਪਹੁੰਚੀ ਹੋਈ ਏ। ਓਥੇ ਵੀ ਲਭ ਲਏ ਨੇ ਬੰਦੇ ਇਹਨੇ ਕੁਝ। ਆਪਣੀਆਂ ਪਾਰਟੀਆਂ ਦੇ ਛਿਣਕੇ ਹੋਏ।'

ਗੁਰਦਿਆਲ ਨੇ ਹਾਸਾ ਮਸਾਂ ਰੋਕਿਆ। ਹਜ਼ੂਰ ਸਿੰਘ ਗਹਿਰ ਗੰਭੀਰ ਹੀ ਰਿਹਾ। ਧਿਆਨ ਸਿੱਧਾ ਸੜਕ 'ਤੇ ਰੱਖਦਿਆਂ ਬੋਲਿਆ,

'ਸੁਣ ਦਿਆਲ, ਮੇਰਾ ਤੇ ਇਕ ਸਿਧਾਂਤ ਈ, ਉਹਦਾ, ਜਿਹਨੂੰ ਅਸੀਂ ਮੌਕਾ-ਪ੍ਰੱਸਤੀ ਆਖਦੇ ਹਾਂ। ਇਕ ਵੇਲੇ ਅਸੀਂ ਸੋਸ਼ਲਿਜ਼ਮ ਦੇ ਸੁਹਲੇ ਗੌਂਦੇ ਹੁੰਦੇ ਸਾਂ ਨਾ। ਕਹਿੰਦੇ ਸਾਂ, ਨਾ ਭਾਈ, ਸਮਾਜ 'ਚ ਨਾ-ਬਰਾਬਰੀ ਏ। ਊਚ-ਨੀਚ ਏ। ਇਹਨੂੰ ਦੂਰ ਕਰੀਏ। ਸਾਡੀ ਸਿਆਸਤ ਦਾ ਵੀ ਤਾਂ ਇਹੋ ਹਾਲ ਏ। ਉਹਦੇ 'ਚ ਵੀ ਤਾਂ ਮੌਕੇ ਬਰਾਬਰ ਨਹੀਂ। ਹਰ ਥਾਂ ਹਾਈ ਕਮਾਨ ਬੈਠੀ ਏ। ਮੌਕਿਆਂ ਦੀ ਇਜਾਰੇਦਾਰੀ ਏ ਉਹਦੇ ਕੋਲ। ਉਹ ਕਾਣੀ ਵੰਡ ਕਰਦੀ ਏ। ਜਿਹਨੂੰ ਮੌਕਾ ਨਹੀਂ ਦੇਂਦੀ, ਉਹ ਹੇਠ ਰਹਿ ਜਾਂਦੈ। ਜਿਹਨੂੰ ਦੇਂਦੀ ਏ, ਉਹ ਉਪਰ ਚੜ੍ਹ ਜਾਂਦੈ। ਇਕ ਦੀ ਨਾ-ਬਰਾਬਰੀ ਘਟ ਜਾਂਦੀ ਏ ਤੇ ਦੂਜੇ ਦੀ ਵਧ ਜਾਂਦੀ ਏ। ਬਰਾਬਰੀ ਲਿਆਣ ਲਈ ਮੌਕੇ ਨੂੰ ਫੜਨਾ ਚਾਹੀਦੈ। ਏਸ ਫੜਨ ਨੂੰ ਅਸੀਂ ਮੌਕਾ-ਪ੍ਰੱਸਤੀ ਕਹਿੰਦੇ ਹਾਂ। ਇਹ ਮਾੜੀ ਚੀਜ਼ ਨਹੀਂ। ਇਹ ਵੀ ਸੋਸ਼ਲਿਜ਼ਮ ਏ। ਆਪਣੀ ਤਰ੍ਹਾਂ ਦਾ।'

ਐਤਕੀਂ ਗੁਰਦਿਆਲ ਹਾਸਾ ਨਾ ਰੋਕ ਸਕਿਆ। ਓਸ ਠਹਾਕਾ ਮਾਰਿਆ। ਹਜ਼ੂਰ ਸਿੰਘ 'ਤੇ ਕੋਈ ਅਸਰ ਨਾ ਹੋਇਆ। ਸਮਝਾਉਣ ਲੱਗਾ,

'ਦਿਆਲ, ਗੱਲ ਹੱਸਣ ਵਾਲੀ ਨਹੀਂ, ਸੋਚਣ ਵਾਲੀ ਏ। ਪਹਿਲੋਂ ਸੋਚ। ਫੇਰ ਪਤਾ ਲਗੇਗਾ ਤੈਨੂੰ, ਜੋ ਮੈਂ ਕਿਹੈ, ਉਹਦੇ 'ਚ ਕਿੰਨਾ ਵਜ਼ਨ ਏਂ। ਸਾਡੇ ਸਮਾਜ ਵਾਂਗ ਸਾਡੀ ਸਿਆਸਤ 'ਚ ਵੀ ਮੌਕਿਆਂ ਦੀ ਬਰਾਬਰੀ ਹੋਣੀ ਚਾਹੀਦੀ ਏ।

ਗੁਰਦਿਆਲ ਕਾਇਲ ਨਾ ਹੋਇਆ। ਕਹਿਣ ਲੱਗਾ,

'ਇਹਦਾ ਮਤਲਬ ਹੋਇਆ ਕਿ ਅਸੀਂ ਮੌਕਾਪ੍ਰੱਸਤ ਸਮਾਜਵਾਦੀ ਹਾਂ।'

'ਕਿਉਂ ਨਹੀਂ, ਮੈਂ ਤਾਂ ਏਸ ਮਾਮਲੇ 'ਚ ਆਪਣੇ ਆਪ ਨੂੰ ਸਮਾਜਵਾਦੀ ਹੀ ਸਮਝਦਾ ਹਾਂ। ਚਲ, ਮੇਰੇ ਏਸ ਸਿਧਾਂਤ ਨੂੰ ਇਕ ਹੋਰ ਤਰ੍ਹਾਂ ਵੇਖੀਏ', ਹਜ਼ੂਰ ਸਿੰਘ ਆਪਣੇ ਕਹੇ ਦਾ ਕੋਈ ਹੋਰ ਪੱਖ ਫੜਨ ਲੱਗਾ, 'ਅਸੀਂ ਦੋਵੇਂ ਸਮਾਜ-ਸੇਵੀ ਹਾਂ। ਤੂੰ ਵੀ ਤੇ ਮੈਂ ਵੀ...'

'ਨਾ ਭਾਈ, ਮੈਂ ਨਹੀਂ। ਮੈਂ ਸਮਾਜ ਦੀ ਸੇਵਾ ਨਹੀਂ ਕਰਦਾ। ਸੇਵਾ ਮੈਂ ਆਪਣੀ ਕਰਦਾ ਹਾਂ, ਜਾਂ ਆਪਣੇ ਪਰਵਾਰ ਦੀ। ਜਾਂ ਉਹਦੀ, ਜਿਹਦਾ ਮੈਂ ਕੁਝ ਦੇਣਾ ਹੋਵੇ।'

'ਚੱਲ ਤੂੰ ਨਾ ਹੋ ਭਾਈ। ਮੈਂ ਤਾਂ ਸਮਾਜ-ਸੇਵੀ ਹਾਂ', ਹਜ਼ੂਰ ਸਿੰਘ ਨੂੰ ਕੋਈ ਫ਼ਰਕ ਨਾ ਪਿਆ। 'ਮੈਂ ਤਾਂ ਜਿਊਂਦਾ ਹੀ ਸਮਾਜ-ਸੇਵਾ ਲਈ ਹਾਂ। ਜਿਹੜੀ ਮੈਂ ਪਾਰਟੀ ਬਣਾਈ ਸੀ, ਸਰਬੱਤ ਪਾਰਟੀ, ਉਹ ਲੋਕਾਂ ਦੀ ਸੇਵਾ ਲਈ ਹੀ ਬਣਾਈ ਸੀ। ਉਹਦਾ ਆਸ਼ਾ ਪੰਜਾਬ 'ਚੋਂ ਨਸ਼ੇ ਛੁਡਾਣਾ ਸੀ। ਨਸ਼ਿਆਂ ਨੇ ਪੰਜਾਬ ਦੀ ਜੜ੍ਹ ਪੁੱਟੀ ਹੋਈ ਏ। ਸੱਤਰ ਫ਼ੀ ਸਦੀ ਵੱਸੋਂ ਨਸ਼ਿਆਂ ਦੀ ਸ਼ਿਕਾਰ ਏ। ਜਿਹੜੇ ਇਲਾਕੇ ਪਾਕਿਸਤਾਨ ਦੇ ਬਾਰਡਰ ਨਾਲ ਲਗਦੇ ਨੇ, ਓਥੋਂ ਦਾ ਤਾਂ ਪੁੱਛ ਹੀ ਨਾ। ਮੈਂ ਏਸ ਕੰਮ 'ਚ ਕਈ ਸਾਲਾ ਤੋਂ ਲੱਗਾ ਹੋਇਆਂ। ਬਹੁਤਾ ਕੁਝ ਨਹੀਂ ਕਰ ਸਕਿਆ। ਕੁਝ ਕਰ ਸਕਣ ਲਈ ਬੰਦੇ ਦੇ ਕੁਝ ਹੱਥ-ਪੱਲੇ ਹੋਣਾ ਚਾਹੀਦੈ। ਉਹਦੀ ਪੁਜ਼ੀਸ਼ਨ ਹੋਣੀ ਚਾਹੀਦੀ ਏ ਕੋਈ। ਜੇ ਮੈਂ ਐਮ-ਐਲ-ਏ ਜਾਂ ਮਨਿੱਸਟਰ ਹੋਵਾਂ, ਲੋਕ ਮੇਰੀ ਗੱਲ ਜ਼ਿਆਦਾ ਧਿਆਨ ਨਾਲ ਸੁਣਨਗੇ। ਲੋਕਾਂ ਦਾ ਭਲਾ ਹੋਵੇਗਾ। ਇਹ ਵੇ ਮੇਰੀ ਮੌਕਾ-ਪ੍ਰੱਸਤੀ ਦੀ ਮਜਬੂਰੀ ਤੇ ਉਹਦਾ ਟੀਚਾ। ਇਹੋ ਵਜ੍ਹਾ ਏ ਕਿ ਮੈਂ ਮੌਕਾ-ਪ੍ਰੱਸਤ ਹਾਂ।'

ਗੁਰਦਿਆਲ ਨੇ ਬੁੱਲ੍ਹਾਂ 'ਤੇ ਜੀਭ ਫੇਰੀ। ਹਜ਼ੂਰ ਸਿੰਘ ਦਾ ਕਿਹਾ ਕਾਟ ਨਹੀਂ ਸੀ ਕਰ ਰਿਹਾ। ਮੌਕਾ-ਪ੍ਰੱਸਤੀ 'ਤੇ ਸੁਹਣਾ ਜਿਹਾ ਵਛਾੜ ਚੜ੍ਹਾ ਤਾਂ ਰਿਹਾ ਸੀ, ਪਰ ਉਹ ਚੜ੍ਹ ਨਹੀਂ ਸੀ ਰਿਹਾ।

'ਸੁਣ ਦਿਆਲ, ਇਹਨੂੰ ਮੈਂ ਇਕ ਸਿਧਾਂਤ ਦੀ ਸ਼ਕਲ ਦਿੱਤੀ ਏ। ਸਿਧਾਂਤ ਸਮਝ ਲੈ ਜਾਂ ਧਾਰਨਾ', ਹਜ਼ੂਰ ਸਿੰਘ ਅੱਗੇ ਚੱਲਿਆ, 'ਲੋਕ-ਸੇਵਾ ਲਈ ਮੌਕਾ-ਪ੍ਰੱਸਤੀ ਜ਼ਰੂਰੀ ਹੁੰਦੀ ਏ। ਮੌਕਾ-ਪ੍ਰੱਸਤੀ ਲੋਕ ਸੇਵਾ ਦੀ ਸਮਰੱਥਾ ਵਧਾਂਦੀ ਏ। ਸੰਭਾਵਨਾ ਉਪਜਾਂਦੀ ਏ...'



'ਜੇ ਸੇਵਾ ਦੀ ਲਾਲਸਾ ਰਹਿ ਜਾਏ ਤਾਂ,' ਗੁਰਦਿਆਲ ਨੇ ਟਕੋਰ ਲਾਈ।

'ਕਿਉਂ ਨਹੀਂ ਰਹੇਗੀ,' ਹਜ਼ੂਰ ਸਿੰਘ ਨੇ ਰੋਸ ਮਨਾਇਆ। 'ਮੈਂ ਤਾਂ ਕਰਦਾ ਹੀ ਸੇਵਾ ਹਾਂ, ਹੋਰ ਕੁਝ ਕਰਦਾ ਹੀ ਨਹੀਂ। ਜੇ ਕੁਝ ਹੋਰ ਕਰਨਾ ਹੁੰਦਾ, ਮੈਂ ਵੀ ਛੋਟੇ ਭਰਾ ਵਾਂਗ ਨਾਰਵੇ ਚਲਾ ਜਾਂਦਾ। ਮੇਮ ਵਿਆਹ ਲੈਂਦਾ।'

ਗੁਰਦਿਆਲ ਨੇ ਗੱਲ ਨਾ ਗੌਲੀ। ਉਹਨੂੰ ਹਜ਼ੂਰ ਸਿੰਘ ਦਾ ਪੂਰਾ ਇਤਿਹਾਸ ਪਤਾ ਨਹੀਂ ਸੀ। ਮਿਲੇ ਹੀ ਦਹਾਕਿਆਂ ਬਾਅਦ ਸਨ। ਇਹ ਵੀ ਪਤਾ ਨਹੀਂ ਸੀ ਕਿ ਮਾਇਆ ਦੇ ਪੱਖੋਂ ਉਹ ਕਿੰਨੇ ਕੁ ਪਾਣੀ 'ਚ ਸੀ। ਲੱਗਦਾ ਤਾਂ ਰੱਜਾ-ਪੁੱਜਾ ਸੀ। ਗੱਡੀ ਨਵੀਂ ਸੀ ਤੇ ਵਧੀਆ। ਜ਼ਮੀਨ-ਜਾਇਦਾਦ ਵੀ ਹੋਵੇਗੀ ਸੂ। ਸ਼ਾਇਦ ਚੰਡੀਗੜ੍ਹ 'ਚ ਵੀ ਕੋਠੀ ਜਾਂ ਘਰ ਹੋਵੇ। ਅਲੈਕਸ਼ਨ ਲੜ ਰਿਹੈ ਤਾਂ ਪੈਸਾ ਹੋਵੇਗਾ ਹੀ। ਮਾੜਾ ਬੰਦਾ ਚੋਣ ਨਹੀਂ ਲੜ ਸਕਦਾ। ਉਹਦਾ ਜੀਅ ਨਾ ਕੀਤਾ, ਉਹਨੂੰ ਕੋਈ ਸਵਾਲ ਪੁੱਛੇ। ਕਹੀ ਜਾਵੇ ਆਪਣੀ ਧਾਰਨਾ ਨੂੰ ਸਿਧਾਂਤ। ਉਹ ਗੱਲ ਨੂੰ ਹੋਰ ਪਾਸੇ ਲੈ ਟੁਰਿਆ।

'ਹਜ਼ੂਰੇ, ਪਤਾ ਈ, ਲੋਕ ਸਾਡੇ ਵਰਗਿਆਂ ਨੂੰ ਕੀ ਕਹਿੰਦੇ ਨੇ? ਸਿਰਫ਼ ਮੌਕਾ-ਪ੍ਰੱਸਤ ਹੀ ਨਹੀਂ, ਹੋਰ ਵੀ ਬੜੇ ਨਾਂ ਨੇ ਸਾਡੇ।'

'ਉਹ ਪਤਾ ਕਿਉਂ ਨਹੀਂ! ਸਭ ਪਤੈ। ਸੁਣ-ਸੁਣ ਕੰਨ ਪੱਕ ਗਏ ਨੇ। ਚੁਫੇਰਗੜ੍ਹੀਆ ਵੀ ਕਹਿੰਦੇ ਨੇ। ਬੇ-ਦੀਨਾ ਵੀ। ਮੌਕਾ-ਤਾੜੂ ਵੀ। ਬੇ-ਅਸੂਲਾ ਵੀ। ਲੋਟਾ ਵੀ...'

'ਇਹ ਲੋਟਾ ਕੀ ਹੋਇਐ, ਯਾਰ?'

'ਲੋਟਾ ਪਾਕਿਸਤਾਨੋਂ ਆਇਐ। ਉਧਰ ਦਲ-ਬਦਲੂਆਂ ਨੂੰ ਲੋਟਾ ਕਹਿੰਦੇ ਨੇ। ਕਈ ਨਿਰਾ ਲੋਟਾ ਹੀ ਨਹੀਂ, ਬੇ-ਪੈਂਦਾ ਲੋਟਾ ਵੀ ਕਹਿੰਦੇ ਨੇ।'

'ਇਹ ਲੋਟਾ ਹੁੰਦੈ ਕਿਸਰਾਂ ਦੈ?'

'ਜਿਵੇਂ ਸਾਡਾ ਗੜਵਾ ਹੁੰਦੈ। ਉਹਦੇ ਨਾਲੋਂ ਫ਼ਰਕ ਏ। ਇਕ ਤਾਂ ਉਹ ਹਲਕਾ ਹੁੰਦਾ। ਥੱਲਾ ਵੱਡਾ ਹੁੰਦੈ ਉਹਦਾ। ਇਕੋ ਗੋਲਾਈ 'ਚ ਹੁੰਦੈ ਤੇ ਰਿੜਦਾ ਸੌਖੈ। ਇਹਨੂੰ ਉਧਰ ਜੰਗਲ-ਪਾਣੀ ਲਈ ਵੀ ਵਰਤਦੇ ਨੇ। ਪਹਿਲੋਂ ਐਲੋਮੀਨੀਅਮ ਦਾ ਹੁੰਦਾ ਸੀ। ਅੱਜਕਲ ਸਟੀਲ ਦਾ ਹੁੰਦਾ ਹੋਏਗਾ।'

'ਮਤਲਬ ਏ, ਰਿੜ੍ਹਨ ਵਾਲਾ। ਜਿਹੜਾ ਇਕ ਪਾਸਿਉਂ ਦੂਜੇ ਪਾਸੇ ਆਰਾਮ ਨਾਲ ਰਿੜ ਜਾਏ', ਗੁਰਦਿਆਲ ਨੇ ਤੱਤ ਕਢਿਆ। 'ਜਿਵੇਂ ਸਾਡੇ ਜਿਹੇ ਬੇ-ਅਸੂਲੇ ਬੰਦੇ ਰਿੜਦੇ ਨੇ।'

'ਦਿਆਲ, ਰਿੜਨ ਦਾ ਛੱਡ। ਕੌਣ ਨਹੀਂ ਰਿੜਦਾ। ਹਰ ਵੇਲੇ ਕੋਈ ਵੀ ਇਕ ਥਾਂ ਖੜਾ ਨਹੀਂ ਰਹਿ ਸਕਦਾ। ਜੇ ਚਾਹੇ ਵੀ ਤਾਂ ਦੂਜੇ ਨਹੀਂ ਖੜਾ ਰਹਿਣ ਦੇਂਦੇ। ਕੋਲੋਂ ਲੰਘਦਿਆਂ ਠਿੱਬੀ ਮਾਰ ਜਾਂਦੇ ਨੇ...'

ਹਜ਼ੂਰ ਸਿੰਘ ਅਖ਼ੀਰ ਹੱਸ ਹੀ ਪਿਆ। ਉਹਦੀ ਗਹਿਰ ਗੰਭੀਰਤਾ ਜਾਂਦੀ ਰਹੀ। ਉਹ ਇਕ ਥਾਂ ਖਲੋਣ ਨੂੰ ਅਸੂਲਾਂ ਨਾਲ ਨਹੀਂ, ਸਰੀਰਕ ਕਿਰਿਆ

ਨਾਲ ਜੋੜ ਰਿਹਾ ਸੀ।

'ਏਸ ਲੋਟਾਗੀਰੀ 'ਚ,' ਹਜ਼ੂਰ ਸਿੰਘ ਨੇ ਵਿਆਖਿਆ ਜਾਰੀ ਰਖੀ, 'ਤੇਰੇ ਚੌਧਰੀ ਦੇ ਹਰਿਆਣੇ ਨੇ ਮੂਲ ਹਿੱਸਾ ਪਾਇਐ। ਉਹ ਜਿਹੜਾ ਮੁੱਖ ਮੰਤਰੀ ਸੀ...'

ਹਜ਼ੂਰ ਸਿੰਘ ਨੇ ਓਸ ਮੁੱਖ-ਮੰਤਰੀ ਦਾ ਨਾਂ ਲਿਆ, ਜਿਹੜਾ ਕਈ ਵਾਰੀ ਗੱਦੀ 'ਤੇ ਬਹਿ ਚੁੱਕਾ ਸੀ। ਜਿਹਨੂੰ ਇਕ ਵਾਰ ਜਦੋਂ ਨਾ ਬਹਿਣ ਦਿੱਤਾ ਗਿਆ, ਵਿੱਟਰ ਗਿਆ। ਉਹ ਗੱਦੀ ਉਤੇ ਉਸ ਤਰ੍ਹਾਂ ਦਾ ਹੱਕ ਸਮਝਦਾ ਸੀ, ਜਿਸ ਤਰ੍ਹਾਂ ਦਾ ਰਾਜੇ ਦਾ ਬੇਟਾ ਰਾਜ-ਪਾਟ ਉੱਤੇ ਸਮਝਦੈ। ਉਹਨੇ ਪਾਰਟੀ ਛੱਡ ਦਿਤੀ ਤੇ ਆਪਣੀ ਪਾਰਟੀ ਖੜੀ ਕਰ ਲਈ। ਫੇਰ ਵਾਪਸ ਆ ਗਿਆ ਤੇ ਫੇਰ ਚਲਾ ਗਿਆ। ਉਹਦਾ ਬੇਟਾ ਵੀ ਅੱਗੋਂ ਉਹਦੀ ਹੀ ਪਿਰਤ ਪਾਲ ਰਿਹਾ ਸੀ।

'...ਉਹਨੂੰ ਪਾਰਟੀ ਛੱਡਣ ਵੇਲੇ ਗਿਆ ਰਾਮ ਕਿਹਾ ਗਿਆ ਤੇ ਪਾਰਟੀ 'ਚ ਪਰਤ ਆਉਣ ਵੇਲੇ ਆਇਆ ਰਾਮ। ਹਰਿਆਣੇ ਦੇ ਲੋਟੇ ਨੂੰ ਆਇਆ ਰਾਮ ਵੀ ਕਹਿੰਦੇ ਨੇ ਤੇ ਗਿਆ ਰਾਮ ਵੀ' ਹਜ਼ੂਰ ਸਿੰਘ ਨੇ ਗੱਲ ਪੂਰੀ ਕੀਤੀ।

ਗੁਰਦਿਆਲ ਨੂੰ ਗੱਲ ਹਾਸੇ ਵਾਲੀ ਨਾ ਲੱਗੀ। ਉਹਨੇ ਕਿਹਾ,

'ਫੇਰ ਵੀ ਹਜ਼ੂਰੇ, ਅਸੂਲ ਨਾਂ ਦੀ ਚੀਜ਼ ਤਾਂ ਕੋਈ ਹੁੰਦੀ ਏ ਨਾ, ਭਾਵੇਂ ਅਸੀਂ ਪਏ ਹੋਈਏ ਬੇ-ਅਸੂਲੇ?'

'ਹੁੰਦੀ ਕਿਉਂ ਨਹੀਂ। ਪਰ ਅਸੂਲ ਅਸੂਲ ਦੀ ਗੱਲ ਏ। ਜਦੋਂ ਮੈਂ ਦਸਵੀਂ ਜਮਾਤ 'ਚ ਪੜ੍ਹਦਾ ਸਾਂ, ਮੈਂ ਕਿਸੇ ਪੱਛਮੀ ਵਿਦਵਾਨ ਦਾ ਇਹ ਕਥਨ ਪੜ੍ਹਿਆ ਸੀ : "ਮੈਂ ਗਲ 'ਚ ਅਸੂਲਾਂ ਦੇ ਪੱਥਰ ਬੰਨ੍ਹ ਡੁੱਬਣਾ ਨਹੀਂ ਚਾਹੁੰਦਾ। ਮੈਂ ਤਰਦਾ ਰਹਿਣਾ ਚਾਹੁੰਦਾ ਹਾਂ, ਭਾਵੇਂ ਮੈਨੂੰ ਕੋਈ ਬੇ-ਅਸੂਲਾ ਆਖੇ।" ਮੈਨੂੰ ਉਸੇ ਉਮਰੇ ਇਹਦੀ ਪੂਰੀ ਸਮਝ ਨਹੀਂ ਸੀ ਲੱਗੀ, ਪਰ ਇਹ ਮਹਿਸੂਸ ਜ਼ਰੂਰ ਹੋਇਆ ਸੀ ਕਿ ਬੰਦੇ ਨੇ ਗੱਲ ਸਿਆਣੀ ਕੀਤੀ ਏ। ਮੇਰੇ ਅੰਦਰ ਉਹ ਰਚ ਗਈ। ਹੌਲੀ-ਹੌਲੀ ਮੇਰਾ ਸੁਭਾ ਹੀ ਬਣ ਗਈ। ਏਸ ਲਈ ਮੈਨੂੰ ਕੋਈ ਡੁੱਬਣ ਨੂੰ ਕਹੇ ਤਾਂ ਮੈਂ ਨਹੀਂ ਡੁੱਬਾਂਗਾ। ਮੈਂ ਤਰਦਾ ਰਹਿਣਾ ਚਾਹੁਨਾਂ।'

'ਯਾਰ, ਡੁੱਬਣਾ ਤਾਂ ਕੋਈ ਵੀ ਨਹੀਂ ਚਾਹੁੰਦਾ,' ਗੁਰਦਿਆਲ ਨੂੰ ਪੱਛਮੀ ਵਿਦਵਾਨ ਨਹੀਂ ਸੀ ਪੁਹਿਆ।

'ਦਿਆਲ', ਹਜ਼ੂਰ ਸਿੰਘ ਲੱਗਾ ਰਿਹਾ, 'ਇਤਿਹਾਸ ਵੇਖ, ਕਿੰਨੇ ਹੀ ਲੋਕ ਡੁੱਬ ਮਰੇ ਨੇ, ਜਿਨ੍ਹਾਂ ਗਲੋਂ ਅਸੂਲਾਂ ਦੇ ਪੱਥਰ ਨਹੀਂ ਲਾਹੇ...'

ਗੱਡੀ ਮੋਹਾਲੀ 'ਚ ਵੜ ਰਹੀ ਸੀ। ਖੱਬੇ ਹੱਥ ਚੈਕ-ਪੋਸਟ ਸੀ। ਅੱਗੋਂ ਦੋ-ਤਿੰਨ ਰਾਹ ਨਿਕਲ ਰਹੇ ਸਨ। ਉੱਪਰ, ਸੜਕ ਦੇ ਆਰ-ਪਾਰ, ਬੋਰਡ ਲੱਗੇ ਹੋਏ ਸਨ, ਜਿਨ੍ਹਾਂ 'ਤੇ ਮੋਹਾਲੀ ਦੇ ਸੈਕਟਰਾਂ ਦੇ ਸੰਕੇਤ ਸਨ। ਅਸੀਂ ਸ਼ਹਿਰ 'ਚ



ਵੜ ਰਹੇ ਸੀ। ਇਤਿਹਾਸ ਵੇਖਣ ਦਾ ਸਮਾਂ ਨਹੀਂ ਸੀ ਰਿਹਾ। ਗੁਰਦਿਆਲ ਨੇ ਕਹਿ ਹੀ ਦਿੱਤਾ,

'ਅਸੀਂ, ਹਜ਼ੂਰੇ, ਹੁਣ ਬੜੇ ਦਿਨ 'ਕੱਠੇ ਰਹਿਣੈਂ। ਇਤਿਹਾਸ, ਭੂਗੋਲ, ਸਭ ਕੁਝ ਵੇਖ ਲਾਂਗੇ ਓਦੋਂ।'

'ਦਿਆਲ, ਏਸ ਵੇਲੇ ਤਾਂ ਮੈਂ ਵੀ ਕੁਝ ਨਹੀਂ ਵੇਖ ਸਕਦਾ। ਇਹ ਉਹ ਥਾਂ ਏ, ਜਿੱਥੋਂ ਮੈਂ ਹਰ ਵਾਰੀ ਭੁੱਲੀ ਪੈਨਾਂ। ਇਹਨਾਂ ਤਿੰਨਾਂ ਸੜਕਾਂ 'ਚੋਂ ਠੀਕ ਸੜਕ ਫੜਨੀ ਬੜੀ ਮੁਸ਼ਕਿਲ ਏ।'

'ਉਸ ਸਿਪਾਹੀ ਤੋਂ ਪੁੱਛ ਲੈ।'

'ਉਹਨੂੰ ਵੀ ਨਹੀਂ ਪਤਾ। ਗ਼ਲਤ ਸੜਕ 'ਤੇ ਚਾੜ੍ਹੇਗਾ।'

ਹਜ਼ੂਰ ਸਿੰਘ ਲਾਂਭੇ ਹੋਇਆ। ਉਹਨੇ ਤਿੰਨਾਂ ਦੀਆਂ ਤਿੰਨਾਂ ਸੜਕਾਂ 'ਤੇ ਝਾਤ ਮਾਰੀ ਤੇ ਫੇਰ ਵਿਚਲੀ ਸੜਕ 'ਤੇ ਪੈ ਗਿਆ। ਕੁਝ ਅੱਗੇ ਜਾ ਉਹਨੂੰ ਕੋਈ ਢਾਰਾ ਜਿਹਾ ਦਿਸਿਆ। ਉਹ ਬੋਲ ਪਿਆ,

'ਦਿਆਲ, ਆਪਾਂ ਠੀਕ ਰਾਹ 'ਤੇ ਪਏ ਹਾਂ। ਪਾਰਸ ਦੀ ਕੋਠੀ ਤੋਂ ਸਾਲੀ ਦਾ ਘਰ ਲੱਭ ਲਵੇਂਗਾ?'

'ਕਿਉਂ ਨਹੀਂ! ਸਵੇਰੇ ਓਥੋਂ ਹੀ ਤਾਂ ਗਿਆ ਸਾਂ।'

ਕੋਈ ਪੰਦਰ੍ਹਾਂ ਵੀਹ ਮਿੰਟਾਂ ਬਾਅਦ ਹਜ਼ੂਰ ਸਿੰਘ ਨੇ ਗੱਡੀ ਓਥੇ ਲਿਆ ਖਲ੍ਹਾਰੀ, ਜਿੱਥੇ ਗੁਰਦਿਆਲ ਦੀ ਕਾਰ ਖੜੀ ਸੀ। ਹਜ਼ੂਰ ਸਿੰਘ ਨੇ ਇਕ ਨਜ਼ਰ ਕਾਰ 'ਤੇ ਸੁੱਟੀ ਤੇ ਆਖਿਆ,

'ਦਿਆਲ, ਗੱਡੀ ਤੇਰੀ, ਯਾਰ, ਕਿਸੇ ਹੋਰ ਜ਼ਮਾਨੇ ਦੀ ਲੱਗਦੀ ਏ। ਇਹ ਮਾਡਲ ਅੱਜਕਲ੍ਹ ਨਹੀਂ ਬਣਦਾ...'

'ਬਿਲਕੁਲ ਠੀਕ ਚਲਦੀ ਏ। ਐਵੇਂ ਨਜ਼ਰ ਨਾ ਲਾ।'

ਗੁਰਦਿਆਲ ਆਪਣੀ ਗੱਡੀ 'ਚ ਬਹਿ ਗਿਆ। ਉਹ ਆਰਾਮ ਨਾਲ *ਸਟਾਰਟ* ਹੋ ਪਈ। ਗੀਅਰ 'ਚ ਪਈ ਤੇ ਚਲ ਪਈ।

'ਤੇਰੀ ਸਾਲੀ ਦਾ ਘਰ ਤਰਤਾਲੀ ਸੈਕਟਰ 'ਚ ਏ ਨਾ?' ਹਜ਼ੂਰ ਸਿੰਘ ਨੇ ਹਾਕ ਮਾਰੀ।

'ਤਰਤਾਲੀ 'ਚ ਹੀ। ਡੀ-344।'

'ਸਵੇਰੇ ਪਹੁੰਚ ਜਾਊਂ ਦਸ ਵਜੇ।'

ਹਜ਼ੂਰ ਸਿੰਘ ਨੇ ਵੀ ਗੱਡੀ ਟੋਰ ਲਈ।

# ਸਿਫ਼ਾਰਸ਼

ਗੁਰਦਿਆਲ ਦੇ ਦਿਨ ਦੇ ਪਹਿਲੇ ਅੱਧ ਵਾਲੇ ਕੰਮ ਆਰਾਮ ਨਾਲ ਮੁੱਕ ਗਏ। ਹਜ਼ੂਰ ਸਿੰਘ ਨੇ ਦਸ ਵੱਜਣ ਦੀ ਉਡੀਕ ਨਾ ਕੀਤੀ ਤੇ ਛੇਤੀ ਪਹੁੰਚ ਗਿਆ। ਪਹਿਲੋਂ ਉਹ ਦਰਜ਼ੀ ਵਲ ਗਏ। ਉਹਨੂੰ ਮਾਪ ਦਿੱਤਾ ਤੇ ਫੇਰ ਓਥੋਂ ਸਿੱਧਾ ਪੰਚਕੂਲੇ ਦਾ ਰਾਹ ਫੜ ਲਿਆ। ਪ੍ਰੋਫ਼ੈਸਰ ਦੇਵ ਦਤ ਲੂਥਰਾ ਓਥੇ ਰਹਿੰਦਾ ਸੀ।

ਪ੍ਰੋਫ਼ੈਸਰ ਬਾਹਰ ਆਪਣੇ ਲਾਅਨ 'ਚ ਬੈਠਾ ਸੀ। ਨੇੜਿਉਂ ਅਖ਼ਬਾਰਾਂ ਨਾਲ ਘਿਰਿਆ ਹੋਇਆ ਤੇ ਦੂਰੋਂ ਫੁੱਲਾਂ ਨਾਲ। ਓਥੇ ਫੁੱਲਾਂ ਦੀ ਭਰਮਾਰ ਸੀ। ਮੇਲਾ ਲੱਗਾ ਹੋਇਆ ਸੀ ਉਹਨਾਂ ਦਾ। ਗੁਰਦਿਆਲ ਮੋਹਿਆ ਗਿਆ। ਉਹਨੂੰ ਅਚੇਤੇ ਹੀ ਅਹਿਸਾਸ ਹੋਇਆ ਕਿ ਜਿੰਨੇ ਫੁੱਲ ਪ੍ਰੋਫ਼ੈਸਰ ਦੀ ਇਸ ਛੋਟੀ ਜਿਹੀ ਕੋਠੀ 'ਚ ਸਨ, ਓਨੇ ਦਿੱਲੀ ਉਹਦੀ ਵੱਡੀ ਸਾਰੀ ਕੋਠੀ 'ਚ ਵੀ ਨਹੀਂ ਸਨ। ਉਹਨੂੰ ਰਸ਼ਕ ਹੋਇਆ।

'ਹਜ਼ੂਰੇ, ਪ੍ਰੋਫ਼ੈਸਰ ਨੇ ਮਾਲੀ ਚੰਗਾ ਰਖਿਆ ਹੋਇਐ', ਗੁਰਦਿਆਲ ਨੇ ਟਿੱਪਣੀ ਕੀਤੀ।

'ਖ਼ਾਲੀ ਮਾਲੀ ਦੇ ਚੰਗੇ ਹੋਣ ਨਾਲ ਕੰਮ ਨਹੀਂ ਬਣਦਾ। ਪਨੀਰੀ ਵੀ ਚੰਗੀ ਹੋਣੀ ਚਾਹੀਦੀ ਏ। ਗੁਡਾਈ ਵੀ ਚੰਗੀ ਤੇ ਖਾਦ ਵੀ', ਹਜ਼ੂਰ ਸਿੰਘ ਨੇ ਚੰਗੀ ਖੇਤੀ ਦੇ ਸਾਰੇ ਗੁਣ ਗਿਣਵਾ ਦਿੱਤੇ। 'ਪ੍ਰੋਫ਼ੈਸਰ ਬੰਦਾ ਮੌਕਾ-ਸ਼ਨਾਸ ਏ। ਉਹਨੇ ਜ਼ਰੂਰ ਫੁੱਲ ਲਵਾਏ ਵੀ ਅਗੇਤੇ ਹੋਣਗੇ। ਏਸ ਵੇਲੇ ਕਿਸੇ ਹੋਰ ਕੋਠੀ 'ਚ ਏਨੇ ਫੁੱਲ ਨਹੀਂ ਨਿਕਲੇ ਹੋਣੇ।'

ਪ੍ਰੋਫ਼ੈਸਰ ਕਿਸੇ ਅਖ਼ਬਾਰ 'ਚ ਡੁੱਬਾ ਹੋਇਆ ਸੀ। ਉਹਨੇ ਐਨਕ ਨੱਕ 'ਤੇ ਕੀਤੀ ਹੋਈ ਸੀ ਤੇ ਸਿੱਧਾ, ਬੇ-ਮਦਦ, ਪੜ੍ਹ ਰਿਹਾ ਸੀ। ਉਹਦਾ ਧਿਆਨ ਓਨਾ ਚਿਰ ਦੋਵਾਂ ਦੋਸਤਾਂ ਵਲ ਨਾ ਗਿਆ, ਜਿੰਨਾ ਚਿਰ ਉਹ, ਅਛੋਪਲੇ ਹੀ ਆ, ਸਾਹਮਣੀਆਂ ਕੁਰਸੀਆਂ 'ਤੇ ਨਾ ਬਹਿ ਗਏ।

'ਪਹੁੰਚ ਪਏ ਹੋ?' ਉਹਨੇ, ਐਨਕ ਅੱਖਾਂ 'ਤੇ ਕਰਦਿਆਂ, ਸੁਆਗਤ ਕੀਤਾ। ਉਹ ਉਹਨਾਂ ਨੂੰ ਉਡੀਕ ਰਿਹਾ ਲੱਗਦਾ ਸੀ। ਉਹਨੂੰ ਮਾੜੀ ਜਿਹੀ ਖੰਘ ਆ ਗਈ ਤੇ ਉਹਨੇ ਗਲਾ ਸਾਫ਼ ਕੀਤਾ।

ਪ੍ਰੋਫ਼ੈਸਰ ਲਿੱਸਾ ਜਿਹਾ ਸੀ। ਮੂੰਹ 'ਤੇ ਬੇ-ਰੌਣਕੀ ਸੀ। ਸਿਰ ਵਿਚਾਲਿਉਂ ਘਸਿਆ ਹੋਇਆ ਸੀ। ਦਾੜ੍ਹੀ ਮੁੱਛਾਂ ਵਧੀਆਂ ਹੋਈਆਂ ਸਨ। ਕਿਸੇ ਉਸਤਰੇ



ਜਾਂ ਬਲੇਡ ਦੀ ਘਸਰ ਨੂੰ ਸਹਿਕ ਰਹੀਆਂ ਸਨ। ਆਵਾਜ਼ ਉਹਦੀ ਪੱਕੀ ਸੀ। ਉੱਚੀ ਤੇ ਠਹਿਰੀ ਹੋਈ। ਲੱਗਦਾ ਕੁਝ ਢਿੱਲਾ ਮੱਠਾ ਸੀ।

'ਪ੍ਰੋਫ਼ੈਸਰ ਸਾਹਿਬ, ਕੋਈ ਖ਼ਾਸ ਖ਼ਬਰ ਏ?' ਹਜ਼ੂਰ ਸਿੰਘ ਨੇ ਗੱਲ ਟੋਰੀ।

'ਖ਼ਾਸ ਤੇ ਨਹੀਂ, ਪਰ ਹੈ ਪੜ੍ਹਨ ਵਾਲੀ...ਦਿੱਲੀ ਦੀ ਕਿਸੇ ਏਜੰਸੀ ਨੇ ਪੰਜਾਬ ਦਾ *ਸਰਵੇ* ਕਰਾਇਐ। ਉਹਦੇ ਮੁਤਾਬਿਕ, ਹਜ਼ੂਰ ਸਿੰਘ, ਪੰਜਾਬ 'ਚ ਤੇਰੀ ਪਾਰਟੀ ਨੂੰ ਇਹਨਾਂ ਚੋਣਾਂ 'ਚ ਤਰਤਾਲੀ ਸੀਟਾਂ ਮਿਲਣਗੀਆਂ...'

ਹਜ਼ੂਰ ਸਿੰਘ ਨੇ ਠਹਾਕਾ ਛਡਿਆ।

'ਹੱਦ ਕਰ ਦਿੱਤੀ ਨੇ! ਪ੍ਰੋਫ਼ੈਸਰ ਸਾਹਿਬ, ਏਸ ਏਜੰਸੀ ਨੇ ਇਹ ਗਿਣਤੀ ਕਿਵੇਂ ਕਰ ਲਈ। ਅਜੇ ਤਾਂ ਨਾਮਜ਼ਦਗੀ ਦੇ ਕਾਗ਼ਜ਼ ਵੀ ਨਹੀਂ ਭਰੇ ਗਏ। ਇਕ ਵੀ ਵੋਟ ਨਹੀਂ ਪਿਆ ਅਜੇ ਤਕ।'

ਗੁਰਦਿਆਲ ਵੀ ਬੋਲ ਪਿਆ,

'ਪ੍ਰੋਫ਼ੈਸਰ ਸਾਹਿਬ, ਇਹ *ਸਰਵੇ* ਜ਼ਰੂਰ ਰਾਸ਼ਟਰ ਦਲ ਵਾਲਿਆਂ ਨੇ ਕਰਾਇਆ ਹੋਵੇਗਾ। ਵੋਟਰਾਂ 'ਤੇ ਅਸਰ ਪਾਣ ਲਈ। ਪਾਰਟੀਆਂ ਕੋਲ, ਜਿਹੜੀਆਂ ਵੱਡੀਆਂ ਨੇ, ਮੁੱਖ ਧਾਰਾ ਵਾਲੀਆਂ, ਬੜਾ ਪੈਸੈ। ਖ਼ਰਚ ਵੀ ਬੇ-ਤਹਾਸ਼ਾ ਕਰਦੀਆਂ ਨੇ। ਏਸ *ਸਰਵੇ* 'ਤੇ ਵੀ ਚੰਗਾ ਪੈਸਾ ਰੁੜ੍ਹਿਆ ਹੋਣੈਂ ਉਹਨਾਂ।'

'ਉਹ ਯਾਰ, ਪੈਸਾ ਤਾਂ ਛੋਟੀਆਂ ਪਾਰਟੀਆਂ ਕੋਲ ਵੀ ਬੜੈ', ਹਜ਼ੂਰ ਸਿੰਘ ਬੋਲ ਲਿਆ, 'ਪਰ ਉਹ ਖ਼ਰਚ ਨਹੀਂ ਕਰਦੀਆਂ, ਡਰਦੀਆਂ ਨੇ, ਫੇਰ ਨਹੀਂ 'ਕੱਠਾ ਹੋਣਾ।'

ਪ੍ਰੋਫ਼ੈਂਸਰ ਨੇ ਸਿਰ ਹਿਲਾਇਆ ਤੇ ਪੁੱਛਿਆ,

'ਅਸਰ ਪੈਂਦੈ ਇਹਨਾਂ *ਸਰਵੇਆਂ* ਦਾ?'

'ਖਾਸ ਨਹੀਂ ਪੈਂਦਾ', ਜਵਾਬ ਗੁਰਦਿਆਲ ਨੇ ਦਿੱਤਾ, 'ਪਿੰਡਾਂ 'ਚ ਇਹ ਪਹੁੰਚਦੇ ਹੀ ਨਹੀਂ। ਬਹੁਤੇ ਵੋਟ ਓਥੇ ਪੈਂਦੇ ਨੇ। ਸ਼ਹਿਰਾਂ 'ਚ ਥੋੜਾ-ਬਹੁਤ ਅਸਰ ਪੈਂਦੈ, ਪਰ ਜਿਨ੍ਹਾਂ 'ਤੇ ਪੈਂਦੈ, ਉਹ ਵੋਟ ਹੀ ਨਹੀਂ ਪਾਂਦੇ...'

'ਉਹ ਨਹੀਂ, ਦਿਆਲ, ਅੱਜਕਲ ਅਸਰ ਹਰ ਥਾਂ ਪੈਂਦੈ'। ਹਜ਼ੂਰ ਸਿੰਘ ਨੇ ਬਹਿਸ ਅੱਗੇ ਨਾ ਖੜੀ। ਵਕਤ ਥੋੜਾ ਸੀ। ਮਤਲਬ ਵਲ ਆਉਣਾ ਚਾਹੀਦਾ ਸੀ। ਉਹਨੇ ਗੁਰਦਿਆਲ ਦੀ ਜਾਣ-ਪਛਾਣ ਕਰਾਈ,

'ਪ੍ਰੋਫ਼ੈਸਰ ਸਾਹਿਬ, ਤੁਹਾਨੂੰ ਫ਼ੋਨ ਕੀਤਾ ਸੀ ਨਾ? ਇਹ ਜੇ ਮੇਰਾ ਪੁਰਾਣਾ ਦੋਸਤ ਗੁਰਦਿਆਲ ਸਿੰਘ। ਪਾਰਸ ਸਾਹਿਬ ਨੇ ਮੇਰੀ ਬੇੜੀ ਦੇ ਚੱਪੂ ਇਹਨੂੰ ਫੜਾ ਦਿੱਤੇ ਨੇ। ਮੇਰੇ ਹਲਕੇ ਦਾ ਇਹਨੂੰ ਇੰਚਾਰਜ ਥਾਪ ਦਿੱਤੈ। ਪਰ ਇਹਦੀ ਆਪਣੀ ਨੱਈਆ ਵੀ ਭੰਵਰ 'ਚ ਜੇ। ਉਹਨੂੰ ਕੰਢੇ ਲਾਣ ਲਈ ਤੁਹਾਡੀ ਮਦਦ ਚਾਹੀਦੀ ਏ।'

ਹਜ਼ੂਰ ਸਿੰਘ ਦੀ ਪ੍ਰੋਫ਼ੈਸਰ ਨਾਲ ਪੂਰੀ ਬੇ-ਤਕੱਲਫ਼ੀ ਸੀ।

'ਦੱਸੋ, ਮੈਂ ਕੀ ਕਰ ਸਕਨਾਂ?'

ਹਜ਼ੂਰ ਸਿੰਘ ਨੇ ਦਸ ਦਿੱਤਾ, ਕਿਵੇਂ ਗੁਰਦਿਆਲ ਨੇ ਚੌਧਰੀ ਤੋਂ ਰਾਜ ਸਭਾ ਦੀ ਸੀਟ ਮੰਗੀ ਏ ਤੇ ਰੁਕਾਵਟ ਕੀ ਏ। ਇਹ ਵੀ ਦਸ ਦਿੱਤਾ ਕਿ ਪਾਰਸ ਨੇ ਵੀ ਚੌਧਰੀ ਨਾਲ ਗੱਲ ਕੀਤੀ ਏ।

'ਮੈਨੂੰ ਕਲ੍ਹ ਸੱਦਿਆ ਸੀ ਚੌਧਰੀ ਸਾਹਿਬ ਨੇ', ਪ੍ਰੋਫ਼ੈਸਰ ਨੇ ਕਿਹਾ ਤੇ ਅਟਕ ਗਿਆ। ਕੁਝ ਪਲ ਸਾਹ ਲੈ ਫੇਰ ਸ਼ੁਰੂ ਹੋਇਆ, 'ਇਸ ਸੀਟ ਦੀ ਗੱਲ ਮੇਰੇ ਨਾਲ ਉਹਨਾਂ ਕੀਤੀ ਸੀ। ਮੈਂ ਤਾਂ ਇਹ ਸਲਾਹ ਦਿੱਤੀ ਕਿ ਕੁੜਮਾਂ ਨੂੰ ਦਿੱਲੀ ਬੇਸ਼ੱਕ ਘੱਲੋ, ਪਰ ਏਸ ਰਸਤਿਉਂ ਨਹੀਂ। ਉਹਨਾਂ ਨੂੰ ਚੁਣਵਾ ਕੇ ਘੱਲੋ। ਲੋਕ ਸਭਾ ਲਈ। ਏਸ ਤਰ੍ਹਾਂ ਕੋਈ ਉਂਗਲ ਨਹੀਂ ਚੁੱਕ ਸਕੇਗਾ...'

ਪ੍ਰੋਫ਼ੈਸਰ ਨੇ ਫੇਰ ਸਾਹ ਲਿਆ। ਕੁਝ ਚਿਰ ਦੋਵਾਂ ਜਣਿਆਂ ਵਲ ਵੇਖਦਾ ਰਿਹਾ। ਤੇ ਫੇਰ ਉਸੇ ਗੱਲ ਨੂੰ ਅੱਗੇ ਕਰਨ ਲੱਗਾ,

'ਜਦੋਂ ਮੈਂ ਉਥੇ ਬੈਠਾ ਸੀ, ਛੋਟਾ ਚੌਧਰੀ ਸਾਡੇ ਕੋਲੋਂ ਲੰਘਿਆ ਸੀ। ਚੌਧਰੀ ਨੇ ਉਹਨੂੰ ਵੀ ਕਹਿ ਦਿੱਤਾ ਸੀ ਕਿ ਤਾਰਿਆ ਸੁਣ, ਪ੍ਰੋਫ਼ੈਸਰ ਸਾਹਿਬ ਕੀ ਕਹਿ ਰਹੇ ਨੇ। ਉਹ ਸਾਡੇ ਕੋਲ ਆ ਗਿਆ। ਆ ਕੇ ਉਹਨੇ ਮੇਰੇ ਗੋਡਿਆਂ ਨੂੰ ਹੱਥ ਲਾਇਆ—ਮੇਰਾ ਵਿਦਿਆਰਥੀ ਹੁੰਦਾ ਸੀ ਉਹ ਵੀ। ਉਹਨੇ ਗੱਲ ਸੁਣੀ ਤੇ ਕਿਹਾ ਕਿ ਜੇ ਪ੍ਰੋਫ਼ੈਸਰ ਸਾਹਿਬ ਵੀ ਇਹੋ ਕਹਿੰਦੇ ਨੇ ਤਾਂ ਏਸ ਮਾਮਲੇ ਨੂੰ ਸੋਚਣਾ ਚਾਹੀਦੈ। ਮੈਂ ਸਰਲਾ ਨੂੰ ਕਹਿ ਵੇਖਨਾਂ—ਸਰਲਾ ਚੌਧਰੀ ਸਾਹਿਬ ਦੀ ਨੂੰਹ ਏ। ਮੈਂ ਤਾਂ ਚੌਧਰੀ ਸਾਹਿਬ ਨੂੰ ਏਥੋਂ ਤਕ ਕਹਿ ਦਿੱਤਾ ਸੀ ਕਿ ਜੇ ਚੌਧਰੀ ਮਹਿੰਦਰ ਸਿੰਘ - ਚੌਧਰੀ ਸਾਹਿਬ ਦੇ ਕੁੜਮ - ਲੋਕ ਸਭਾ ਦੀ ਚੋਣ ਲੜਨ ਨੂੰ ਤਿਆਰ ਹੋਣ ਤਾਂ ਉਹਨਾਂ ਨੂੰ 2014 ਦੀ ਉਡੀਕ ਕਰਨ ਦੀ ਲੋੜ ਨਹੀਂ। ਮੈਂ ਉਹਨਾਂ ਲਈ ਆਪਣੀ ਸੀਟ ਖ਼ਾਲੀ ਕਰਨ ਨੂੰ ਤਿਆਰ ਹਾਂ।'

'ਫੇਰ ਗੱਲ ਕਿੱਥੇ ਨਿਬੜੀ?' ਗੁਰਦਿਆਲ ਨੇ ਪੁੱਛਿਆ।

'ਨਿਬੜੀ ਤਾਂ ਕਿਤੇ ਵੀ ਨਾ। ਪਰ ਇਹ ਫ਼ੈਸਲਾ ਤਾਂ ਹੋ ਗਿਆ ਕਿ ਗੱਲ ਨੂੰ ਫੇਰ ਵਿਚਾਰੀਏ। ਜੇ ਸਰਲਾ ਵੀ ਸਮਝ ਗਈ ਤਾਂ ਸੀਟ ਖ਼ਾਲੀ ਹੋ ਜਾਵੇਗੀ। ਮੈਨੂੰ ਬਹੁਤੀ ਸੰਭਾਵਨਾ ਇਹਦੀ ਲਗਦੀ ਏ। ਚੌਧਰੀ ਸਾਹਿਬ ਨੇ ਮੈਨੂੰ ਇਹ ਵੀ ਦੱਸਿਆ ਸੀ ਕਿ ਉਹਨਾਂ ਨੂੰ ਪਾਰਸ ਸਾਹਿਬ ਦਾ ਫ਼ੋਨ ਵੀ ਆਇਆ ਸੀ।'

ਐਤਕੀਂ ਪ੍ਰੋਫ਼ੈਸਰ ਵਿਚ ਕਿਤੇ ਨਾ ਅਟਕਿਆ। ਉਹ ਵਿਚ-ਵਿਚ ਸਾਹ ਏਸ ਕਰਕੇ ਨਹੀਂ ਸੀ ਲੈਂਦਾ ਕਿ ਉਹਨੂੰ ਕੋਈ ਸਾਹ ਦੀ ਬੀਮਾਰੀ ਸੀ। ਇਹ ਉਹਦੀ ਸ਼ੈਲੀ ਸੀ। ਆਪਣੀ ਗੱਲ ਸਮਝਾ ਕੇ ਕਹਿਣ ਦਾ ਢੰਗ ਸੀ।

'ਪ੍ਰੋਫ਼ੈਸਰ ਸਾਹਿਬ, ਮੈਂ ਅੱਜ ਚਾਰ ਵਜੇ ਮਿਲ ਰਿਹਾਂ ਚੌਧਰੀ ਸਾਹਿਬ ਨੂੰ', ਗੁਰਦਿਆਲ ਨੇ ਦੱਸਿਆ।

'ਛੇਤੀ ਤੋਂ ਛੇਤੀ ਮਿਲ। ਮਾਮਲਾ ਨਾਜ਼ੁਕ ਏ। ਤੇਰੇ ਤੋਂ ਪਹਿਲੋਂ ਹੋਰ ਕੋਈ ਨਹੀਂ ਪਹੁੰਚਣਾ ਚਾਹੀਦਾ। ਜੇ ਕੋਈ ਪਹਿਲੋਂ ਪਹੁੰਚ ਗਿਆ ਤੇ ਗੜਬੜ ਹੋ



ਸਕਦੀ ਏ। ਮੰਗਤੇ ਪਾਰਟੀ 'ਚ ਬਹੁਤ ਨੇ। ਤਾੜ ਲਾਈ ਬੈਠੇ ਹੁੰਦੇ ਨੇ...'

ਹਜ਼ੂਰ ਸਿੰਘ ਨੇ ਰੰਗ ਚਾੜ੍ਹਿਆ,

'ਪ੍ਰੋਫ਼ੈਸਰ ਸਾਹਿਬ, ਜਿੱਡਾ ਦੀਵਾਨਾ ਸਾਡਾ ਗੁਰਦਿਆਲ ਏਸ ਲੈਲਾ ਦਾ ਏ, ਹੋਰ ਕੋਈ ਨਹੀਂ ਜੇ। ਇਹਦੇ ਸ਼ੌਕ ਦਾ ਕੋਈ ਅੰਤ ਨਹੀਂ।'

'ਹਜ਼ੂਰ ਸਿੰਘ, ਗੱਲ ਦੀਵਾਨਗੀ ਜਾਂ ਸ਼ੌਕ ਦੀ ਨਹੀਂ,' ਪ੍ਰੋਫ਼ੈਸਰ ਗੰਭੀਰ ਰਿਹਾ, 'ਏਸ ਲੈਲਾ ਦਾ ਨਿਕਾਹ ਉਸ ਮਜਨੂੰ ਨਾਲ ਹੀ ਹੋਏਗਾ, ਜਿਹਦਾ ਜ਼ੋਰ ਪਿਆ।'

'ਤੁਸੀਂ ਕਰ ਦਿਉ ਸਾਡੇ ਦੋਸਤ ਦੀ ਸਿਫ਼ਾਰਸ਼।'

'ਹਜ਼ੂਰ ਸਿੰਘ, ਮੈਂ ਆਪ ਜਾ ਕੇ ਨਹੀਂ ਕਹਾਂਗਾ ਚੌਧਰੀ ਸਾਹਿਬ ਨੂੰ।' ਪ੍ਰੋਫ਼ੈਸਰ ਨੇ ਸਾਹ ਲਿਆ। 'ਹਾਂ, ਜੇ ਉਹਨਾਂ ਮੇਰੇ ਨਾਲ ਆਪ ਗੱਲ ਕੀਤੀ ਤਾਂ ਮੈਂ ਕਹਿ ਦਿਆਂਗਾ। ਇਹ ਵੀ ਕਹਿ ਦਿਆਂਗਾ ਕਿ ਮੈਨੂੰ ਮਿਲ ਕੇ ਗਿਐ। ਬੰਦਾ ਸਿਆਣਾ ਲਗਦੈ। ਤੁਹਾਡਾ ਅਹਿਸਾਨ ਮੰਨਦੈ।'

'ਏਨਾ ਹੀ ਕਹਿ ਦਿਓ ਤਾਂ ਬੜੈ,' ਹਜ਼ੂਰ ਸਿੰਘ ਦੀ ਤਸੱਲੀ ਹੋ ਗਈ।' ਪ੍ਰੋਫ਼ੈਸਰ ਸਾਹਿਬ, ਦਿਆਲ ਦਾ ਵੀ ਪਿੱਛਾ ਸਾਡੇ ਵਰਗੈ। ਖੱਬੇ ਪੱਖ ਦਾ ਰਿਹੈ। ਭਾਵੇਂ ਓਨਾ ਨਹੀਂ, ਜਿੰਨੇ ਅਸੀਂ ਹੁੰਦੇ ਸਾਂ। ਤੁਸੀਂ ਆਪ ਹੀ ਤਾਂ ਕਹਿੰਦੇ ਹੋ ਕਿ ਖੱਬੇ ਪੱਖ ਵਾਲਿਆਂ ਨੂੰ ਦੂਜੀਆਂ ਪਾਰਟੀਆਂ 'ਚ ਘੁਸ ਜਾਣਾ ਚਾਹੀਦੈ। ਓਥੇ ਉਹ ਜ਼ਿਆਦਾ ਅਸਰ ਪਾ ਸਕਣਗੇ।'

'ਬਿਲਕੁਲ!' ਪ੍ਰੋਫ਼ੈਸਰ ਉਤਸ਼ਾਹਿਆ ਗਿਆ, 'ਖੱਬੇ ਪੱਖ ਵਾਲੇ ਆਪਣਾ ਸਾਰਾ ਟਿੱਲ ਲਾ ਚੁੱਕੇ ਨੇ। ਮਨਿਸਟਰੀਆਂ ਵੀ ਬਣੀਆਂ ਰਹੀਆਂ ਨੇ ਉਹਨਾਂ ਦੀਆਂ। ਪਰ ਕਰ-ਕਰਾ ਕੁਝ ਨਹੀਂ ਸਕੇ ਉਹ। ਇਹ ਲੋਕ ਰੌਸ਼ਨ ਦਿਮਾਗ਼ ਨੇ। ਚੰਗੇ ਨੇ। ਕਾਫ਼ੀ ਹੱਦ ਤਕ ਬੇ-ਗਰਜ਼ ਨੇ। ਇਹਨਾਂ ਨੂੰ ਆਪਣੀ ਰੌਸ਼ਨ-ਦਿਮਾਗ਼ੀ, ਚੰਗਿਆਈ ਤੇ ਬੇ-ਗਰਜ਼ੀ ਦੂਜੀਆਂ ਪਾਰਟੀਆਂ ਨੂੰ ਸੌਂਪ ਦੇਣੀ ਚਾਹੀਦੀ ਏ। ਉਹਨਾਂ ਰਾਹੀਂ ਹੀ ਦੇਸ ਤੇ ਸਮਾਜ 'ਚ ਚੰਗੀਆਂ ਤਬਦੀਲੀਆਂ ਲਿਆਣੀਆਂ ਚਾਹੀਦੀਆਂ ਨੇ। ਸਾਡੇ ਲੋਕ ਗੱਲ ਇਹਨਾਂ ਪਾਰਟੀਆਂ ਦੀ ਸੁਣਦੇ ਨੇ। ਏਸ ਲਈ ਜੋ ਕਹਿਣੈਂ, ਉਹਨਾਂ ਰਾਹੀਂ ਕਹਿਣਾ ਚਾਹੀਦੈ।'

ਪ੍ਰੋਫ਼ੈਸਰ ਆਪਣੀ ਧਾਰਨਾ ਦੇ ਵਹਿਣ 'ਚ ਵਹਿ ਗਿਆ। ਉਹਨੂੰ ਲੱਗਾ, ਗੱਲ ਨੂੰ ਅਜੇ ਹੋਰ ਸਪੱਸ਼ਟ ਕਰਨ ਦੀ ਲੋੜ ਏ। ਉਹ ਸਾਹ ਲੈ ਕੇ ਅੱਗੇ ਟੁਰਿਆ,

'ਇਹ ਵੇਖੋ ਤੁਸੀਂ ਚੌਧਰੀ ਸਾਹਿਬ ਦਾ ਕਿਸਾਨ ਕਰਾਂਤੀ ਦਲ। ਕੇਂਦਰ 'ਚ ਇਹ ਭਗਵਾ ਪਾਰਟੀ ਦੇ ਫ਼ਰੰਟ 'ਚ ਸ਼ਾਮਲ ਏ। ਪੂਰਾ, ਪੱਕਾ, ਹਿੱਸਾ ਏ ਉਹਦਾ। ਪਰ ਇਹਨੇ ਕਦੀ ਵੀ ਸੰਪਰਦਾਇਕਤਾ ਨਹੀਂ ਵਿਖਾਈ। ਕਦੀ ਮੋਦੀ ਦੇ ਸੋਹਲੇ ਨਹੀਂ ਗਾਏ। ਕਦੀ ਮੰਦਰ ਦਾ ਮੁੱਦਾ ਨਹੀਂ ਚੁੱਕਿਆ। ਨਾ ਹੀ ਰਾਸ਼ਟਰ ਸੇਵਕ ਸਿੰਘ ਦੀਆਂ ਸੰਸਥਾਵਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਹੂਲਤ

ਦਿੱਤੀ ਏ। ਇੰਜ ਬਹੁਤਾ ਏਸ ਕਰਕੇ ਏ ਕਿ ਸਾਡੇ ਵਰਗੇ ਬੰਦੇ ਏਸ 'ਚ ਸ਼ਾਮਿਲ ਨੇ। ਉਹਨਾਂ ਦੀ ਸਲਾਹ ਮੰਨੀ ਜਾਂਦੀ ਏ। ਪਾਰਲੀਮੈਂਟ 'ਚ ਮੈਂ ਆਪਣੇ ਦਲ ਵਲੋਂ ਬੜੀ ਵਾਰ ਬੋਲਿਆਂ। ਮੈਂ ਕਦੀ ਵੀ ਭਗਵਾਂ ਪਾਰਟੀ ਦੀ ਕਿਸੇ ਵੀ ਪਾਲਸੀ ਦੀ ਹਿਮਾਇਤ ਨਹੀਂ ਕੀਤੀ...'

'ਪ੍ਰੋਫ਼ੈਸਰ ਸਾਹਿਬ', ਹਜ਼ੂਰ ਸਿੰਘ ਯਕੀਨ ਦੁਆਉਣ ਲੱਗਾ, 'ਸਾਡਾ ਗੁਰਦਿਆਲ ਪੂਰਾ ਸੈਕੂਲਰ ਏ। ਭਗਵਾਂ ਪਾਰਟੀ ਦੇ ਫ਼ਰੰਟ 'ਚ ਏ। ਪਰ ਉਹਨੇ ਭਗਵਾਂ ਪਾਰਟੀ ਦਾ ਪੱਖ ਕਦੀ ਨਹੀਂ ਪੂਰਿਆ। ਨਾ ਹੀ ਇਹ ਕਦੀ ਉਹਦੀ ਕਿਸੇ ਚੋਣ-ਮੁਹਿੰਮ 'ਚ ਸ਼ਾਮਿਲ ਹੋਇਐ।'

ਹਜ਼ੂਰ ਸਿੰਘ ਨੂੰ ਪਤਾ ਕੁਝ ਨਹੀਂ ਸੀ। ਉਹ ਕਈ ਦਹਾਕਿਆਂ ਬਾਅਦ ਅਜੇ ਕਲ੍ਹ ਹੀ ਗੁਰਦਿਆਲ ਨੂੰ ਮਿਲਿਆ ਸੀ। ਫੇਰ ਵੀ ਉਹਨੇ ਉਹਦੀ ਪੂਰੀ ਕਹਾਣੀ ਪਾ ਦਿੱਤੀ।

ਉਹਦੀ ਸੁਰ ਅੱਗੋਂ ਆਪ ਗੁਰਦਿਆਲ ਨੇ ਫੜ ਲਈ,

'ਮੈਂ ਤਾਂ ਜੀ ਚੌਧਰੀ ਸਾਹਿਬ ਦੀ ਹਮੇਸ਼ਾ ਹੀ ਬੜੀ ਇੱਜ਼ਤ ਕੀਤੀ ਏ। ਦਿੱਲੀ 'ਚ ਮਿਲਿਆ ਸਾਂ ਉਹਨਾਂ ਨੂੰ। ਮੇਰੇ ਜ਼ਿੰਮੇ ਕੋਈ ਕੰਮ ਲਾਇਆ ਸਾਨੇਂ। ਮੈਂ ਸਭ ਕੁਝ ਛੱਡ ਪਹਿਲੋਂ ਉਹ ਕੀਤਾ। ਏਥੇ ਸੱਦਿਆ ਸਾਨੇਂ। ਏਥੇ ਵੀ ਪਹੁੰਚ ਗਿਆਂ।'

'ਬੜਾ ਚੰਗਾ ਕੀਤਾ ਈ,' ਪ੍ਰੋਫ਼ੈਸਰ ਨੇ ਸ਼ਾਬਾਸ਼ੀ ਦਿੱਤੀ, 'ਚੌਧਰੀ ਸਾਹਿਬ ਨੇਕ ਬੰਦੇ ਨੇ। ਜੋ ਕਹਿੰਦੇ ਨੇ, ਉਹ ਕਰਨਾ ਚਾਹੀਦੈ...'

ਪ੍ਰੋਫ਼ੈਸਰ ਦੇ ਗਲੇ 'ਚ ਖ਼ਰਾਸ਼ ਹੋਈ। ਥੋੜੀ ਜਿਹੀ ਖੰਘ ਆ ਗਈ। ਉਹਨੇ ਸਾਹਮਣੇ ਪਈ ਸ਼ੀਸ਼ੀ 'ਚੋਂ ਇਕ ਗੋਲੀ ਕੱਢੀ ਤੇ ਮੂੰਹ ਵਿਚ ਰਖ ਲਈ।

'ਮਿਲ ਲੌ ਨੇ ਜਾ ਕੇ ਫੇਰ', ਚੌਧਰੀ ਦੋਵਾਂ ਦੋਸਤਾਂ ਨੂੰ ਟੋਰਨ ਲਗਾ, 'ਜੋ ਗੱਲ ਹੋਵੇ, ਮੈਨੂੰ ਦਸ ਦੇਣਾ। ਫ਼ੋਨ ਕਰ ਦੇਣਾ।' ਪ੍ਰੋਫ਼ੈਸਰ ਨੇ ਹਜ਼ੂਰ ਸਿੰਘ ਵਲ ਵੇਖਿਆ।

ਉਹ ਆਪਣੀ ਗੋਲੀ ਚੂਸਣ ਲੱਗਾ। ਦੋਵਾਂ ਦੋਸਤਾਂ ਨੇ ਛੁੱਟੀ ਲਈ ਤੇ ਨਿਕਲ ਟੁਰੇ। ਮੁੜ-ਮੁੜ ਪਿੱਛੇ ਵੇਖਦੇ। ਹਜ਼ੂਰ ਸਿੰਘ ਫੇਰ ਅਖ਼ਬਾਰ 'ਚ ਡੁੱਬ ਗਏ ਪ੍ਰੋਫ਼ੈਸਰ ਨੂੰ ਵੇਖ ਰਿਹਾ ਸੀ ਤੇ ਗੁਰਦਿਆਲ ਉਹਦੇ ਦੁਆਲੇ ਮਚੇ ਹੋਏ ਫੁੱਲਾਂ ਦੇ ਭੜਮੱਚ ਨੂੰ। ਉਹਨੂੰ ਫੇਰ ਰਸ਼ਕ ਆ ਰਿਹਾ ਸੀ।

#

ਗੱਡੀ 'ਚ ਬਹਿੰਦਿਆਂ ਗੁਰਦਿਆਲ ਬੋਲਿਆ,

'ਪ੍ਰੋਫ਼ੈਸਰ ਦੀ ਤਬੀਅਤ ਠੀਕ ਨਹੀਂ ਲੱਗਦੀ।'

'ਤੈਨੂੰ ਦਸਿਆ ਹੀ ਸੀ ਨਾ। ਕੋਈ ਫੇਫੜਿਆਂ ਦਾ ਰੋਗ ਸੂ। ਆਕਸੀਜਨ



ਅੰਦਰ ਨਹੀਂ ਜਾਂਦੀ, ਜਿੰਨੀ ਚਾਹੀਦੀ ਏ। ਇਲਾਜ ਇਹਦਾ ਕੋਈ ਹੈ ਨਹੀਂ ਖ਼ਾਸ। ਦਿਆਲ, ਸਾਡਾ ਇਹ ਪ੍ਰੋਫ਼ੈਸਰ ਕਿਸੇ ਵੇਲੇ ਵੀ, ਬਿਨਾਂ ਕੋਈ ਨੋਟਿਸ ਦਿੱਤਿਆਂ, ਏਸ ਜਹਾਨੇ ਫ਼ਾਨੀ ਤੋਂ ਕੂਚ ਕਰ ਸਕਦੈ...' ਹਜ਼ੂਰ ਸਿੰਘ ਨੇ ਮੂੰਹ-ਚੜ੍ਹੀ ਗੂਹੜ ਉਰਦੂ ਬੋਲੀ ਤੇ ਗੱਡੀ *ਸਟਾਰਟ* ਕਰ ਦਿੱਤੀ।

'ਉਹ ਯਾਰ, ਪਹਿਲੋਂ ਮੇਰਾ ਕੰਮ ਕਰ ਜਾਏ।'

'ਤੇਰਾ ਤਾਂ ਕਰ ਹੀ ਦੇਵੇਗਾ, ਜੇ ਚੌਧਰੀ ਨੇ ਉਹਨੂੰ ਪੁੱਛਿਆ ਤਾਂ। ਉਹ ਆਪ ਨਹੀਂ ਕਹਿਣ ਚਲਿਆ ਉਹਨੂੰ।'

ਹਜ਼ੂਰੇ ਨੇ ਗੱਡੀ ਤਰਤਾਲੀ ਸੈਕਟਰ ਵਲ ਟੋਰ ਦਿੱਤੀ।

ਗੁਰਦਿਆਲ ਦਾ ਧਿਆਨ ਅਜੇ ਪ੍ਰੋਫ਼ੈਸਰ ਤੋਂ ਨਹੀਂ ਸੀ ਹਟਿਆ। ਉਹਦੀ ਸ਼ਕਲ-ਸੂਰਤ, ਉਹਦਾ ਕਿਹਾ-ਸੁਣਿਆ ਅਜੇ ਵੀ ਉਹਦੇ ਚੇਤੇ 'ਚ ਸਰਕ ਰਿਹਾ ਸੀ। ਖ਼ਾਸ ਕਰਕੇ ਉਹਦੀ ਖੱਬੇ ਪੱਖ ਨੂੰ ਦਿੱਤੀ ਇਹ ਮੱਤ ਕਿ ਆਪਣੀ ਗੱਲ ਦੂਜੀਆਂ ਪਾਰਟੀਆਂ ਦੇ ਮੂੰਹੋਂ ਕਹਿਵਾਣੀ ਚਾਹੀਦੀ ਏ। ਇਹ ਉਹਨੂੰ ਰੜਕ ਰਹੀ ਸੀ। ਉਹਨੇ ਹਜ਼ੂਰ ਸਿੰਘ ਨੂੰ ਕਹਿ ਹੀ ਦਿਤਾ,

'ਹਜ਼ੂਰੇ, ਮੈਨੂੰ ਪ੍ਰੋਫ਼ੈਸਰ ਦਾ ਦੂਜੀਆਂ ਪਾਰਟੀਆਂ 'ਚ ਜਾ ਵੜਨ ਵਾਲਾ ਸਿਧਾਂਤ ਹਾਸੋ-ਹੀਣਾ ਲਗਿਐ। ਭਾਈ, ਜੇ ਕੁਝ ਲਭਦਾ ਜੇ ਤੇ ਚਲੇ ਜਾਓ, ਜਿਸ ਪਾਰਟੀ 'ਚ ਵੀ ਜਾਣਾ ਚਾਹਵੋ, ਪਰ ਉਹਨੂੰ ਏਡੀ ਉਚੀ ਸ਼ਕਲ ਨਾ ਦਿਓ। ਇਹ ਨਾ ਕਹੋ ਕਿ ਅਸੀਂ ਆਪਣਾ ਕੋਈ ਮਿਸ਼ਨ ਪੂਰਾ ਕਰ ਰਹੇ ਹਾਂ। ਤੂੰ ਮੰਨਨੈ ਉਹਦਾ ਇਹ ਸਿਧਾਂਤ?'

'ਬਿਲਕੁਲ ਸੌ ਫ਼ੀ ਸਦੀ ਮੰਨਣਾਂ। ਇਹ ਠੀਕ ਵੀ ਏ।'

'ਉਹ ਨਹੀਂ ਯਾਰ, ਇਹ ਤਾਂ ਉਹਨੇ ਆਪਣੇ ਲੋਟਪੁਣੇ ਨੂੰ ਕੱਜਣ ਲਈ ਘੜਿਐ...।'

'ਕੀ ਕਿਹਾ ਈ, *ਲੋਟਪੁਣਾ?*' ਹਜ਼ੂਰ ਸਿੰਘ ਨੇ ਹੱਸ ਕੇ ਪੁੱਛਿਆ। 'ਇਹ ਕੀ ਹੁੰਦੈ?'

'ਤੇਰੇ ਲੋਟੇ 'ਚੋਂ ਹੀ ਕਢਿਐ, ਯਾਰ। ਲੋਟੇ ਦਾ ਲੱਛਣ। ਉਹਦਾ ਕਿਰਦਾਰ। ਉਹਦੀ ਰੁਚੀ। ਤੂੰ ਦੱਸ ਹੋਰ ਕੋਈ ਲਫ਼ਜ਼ ਹੈ?'

'ਕਲ੍ਹ ਤੂੰ ਸ਼ਾਇਦ *ਲੋਟਾਗਿਰੀ* ਕਿਹਾ ਸੀ।'

'ਹੱਛਾ!? ਉਹ ਵੀ ਇਹੋ ਏ। ਦੱਸ ਹੋਰ ਕੀ ਲਫ਼ਜ਼ ਵਰਤੀਏ।'

'ਅਜੇ ਕੁਝ ਸੁੱਝ ਨਹੀਂ ਰਿਹਾ। ਖੋਤੇ ਤੋਂ ਖੋਤਪੁਣਾ ਤਾਂ ਅਸੀਂ ਵਰਤਦੇ ਹੀ ਹਾਂ। ਲੋਟੇ ਤੋਂ ਲੋਟਪੁਣਾ ਵੀ ਵਰਤ ਸਕਦੇ ਹਾਂ। ਚੱਲ ਛਡ', ਹਜ਼ੂਰ ਸਿੰਘ ਗੰਭੀਰ ਹੋ ਗਿਆ, 'ਪ੍ਰੋਫ਼ੈਸਰ ਆਪਣੇ ਆਪ ਨੂੰ ਲੋਟਾ ਨਹੀਂ ਸਮਝਦਾ। ਸਾਨੂੰ ਜੋ ਉਹ ਕਹਿ ਰਿਹਾ ਸੀ, ਦਿਲੋਂ, ਢਿੱਡੋਂ, ਕਹਿ ਰਿਹਾ ਸੀ। ਇਹ ਗੱਲ ਉਹ ਆਪਣੇ ਸਾਰੇ ਪੁਰਾਣੇ ਸਾਥੀਆਂ ਨੂੰ ਕਹਿੰਦਾ ਰਹਿੰਦੈ। ਭਾਈ ਸੁਣੋ! ਲੋਕ ਸਾਡੀ ਜ਼ੁਬਾਨ ਨਹੀਂ ਜੇ ਸਮਝਦੇ। ਚਲੋ ਏਸੇ ਤਰ੍ਹਾਂ ਹੀ ਸੰਵਾਰੀਏ ਕੁਝ ਉਹਨਾਂ ਦਾ।

ਜਿੰਨਾ ਵੀ ਹੋ ਸਕੇ। ਇਹ ਨਾ ਵੇਖੀਏ, ਸਾਡੇ ਸਿਰ ਝੁੱਲਣ ਵਾਲੇ ਝੰਡੇ ਦਾ ਰੰਗ ਕੀ ਏ। ਅਸੀਂ ਤਾਂ ਲੋਕਾਂ ਦਾ ਭਲਾ ਹੀ ਕਰਨਾ ਏ ਨਾ? ਸਿੱਧਾ ਆਪ ਕਰੀਏ ਜਾਂ ਕਿਸੇ ਹੋਰ ਪਾਰਟੀ ਰਾਹੀ, ਜਿਹਦੀ ਮਾਨਤਾ ਹੋਵੇ। ਦਿਆਲ, ਮੇਰਾ ਆਪਣਾ ਸਿਧਾਂਤ ਵੀ ਤੇ ਏਸੇ ਤਰ੍ਹਾਂ ਦਾ ਹੀ ਨਾ।'

'ਤੇਰਾ ਸਿਧਾਂਤ ਵੀ, ਹਜ਼ੂਰੇ, ਕਲ੍ਹ ਸੁਣਿਆ ਸੀ ਮੈਂ। ਉਹ ਹੋਰ ਵੀ ਕਮਾਲ ਦੀ ਚੀਜ਼ ਹੈ। ਤੂੰ ਤਾਂ ਸਿਧਾਂਤ 'ਚੋਂ ਵੀ ਸਿਧਾਂਤ ਕੱਢਿਆ ਹੋਇਐ। ਦੇਖ, ਜਿੱਥੋਂ ਤਕ ਮੇਰਾ ਸਵਾਲ ਏ, ਮੈਂ ਇਕਦਮ ਸਪੱਸ਼ਟ ਹਾਂ। ਮੈਂ ਤਾਂ ਸਿਰਫ਼ ਆਪਣਾ ਭਲਾ ਭਾਲਨਾਂ। ਜੇ ਇਹ ਭਾਲਦਿਆਂ ਕਿਸੇ ਹੋਰ ਦਾ ਵੀ ਭਲਾ ਹੋ ਜਾਏ ਤਾਂ ਮੈਨੂੰ ਕੋਈ ਏਤਰਾਜ਼ ਨਹੀਂ।'

ਹਜ਼ੂਰ ਸਿੰਘ ਨੇ ਇਹਨੂੰ ਆਪਣੀ ਨੁਕਤਾਚੀਨੀ ਨਾ ਸਮਝਿਆ। ਗੱਲ ਆਈ-ਗਈ ਕੀਤੀ ਤੇ ਪੁੱਛਿਆ,

'ਦੱਸ, ਯਾਰ, ਮੇਰਾ ਭਲਾ ਤਾਂ ਕਰੇਂਗਾ ਨਾ?'

'ਜ਼ਰੂਰ ਕਰਾਂਗਾ।'

'ਫੇਰ ਦਿੱਲੀ ਬਹੁਤਾ ਨਾ ਅਟਕੀਂ। ਛੇਤੀ ਵਾਪਸ ਆ ਜਾਈਂ। ਪਾਰਸ ਨੇ ਸਾਡੇ ਨਾਲ ਵੀ ਹੱਥ ਖੇਡਿਐ। ਸਾਨੂੰ ਬੜੀ ਔਖੀ ਸੀਟ ਦਿੱਤੀ ਏ। ਰਾਸ਼ਟਰ ਦਲ ਦਾ ਗੜ੍ਹ ਏ। ਉਹਨੂੰ ਢਾਹੁਣ ਲਈ ਬੜਾ ਟਿੱਲ ਲਾਣਾ ਪਏਗਾ। ਛੇਤੀ ਆ ਜਾਏਂ ਤਾਂ ਸਾਰਾ ਕੁਝ ਸੋਚ-ਵਿਚਾਰ ਲਈਏ।'

'ਹਜ਼ੂਰੇ, ਮੈਂ ਛੇਤੀ ਹੀ ਆ ਰਿਹਾਂ। ਬਸ ਤਿੰਨ ਚਾਰ ਦਿਨਾਂ 'ਚ ਹੀ...ਮੈਨੂੰ ਵੈਸੇ ਇਕ ਖ਼ਿਆਲ ਆਇਐ। ਜਿਹੜੀ ਜੀਪ ਤੂੰ ਮੇਰੇ ਲਈ ਰੱਖੀ ਏ, ਉਹ ਕਿਉਂ ਨਾ ਇੰਦਰ ਸਿੰਘ ਨੂੰ ਦੇ ਦਈਏ? ਵਰਚਿਆ ਰਹੇਗਾ।'

ਗੁਰਦਿਆਲ ਨੇ ਸੁਜਾਨਗੜ੍ਹ ਦੀਆਂ ਸੋਚਾਂ ਸੋਚਣੀਆਂ ਸ਼ੁਰੂ ਕੀਤੀਆਂ ਹੋਈਆਂ ਸਨ।

'ਨਹੀਂ ਦਿਆਲ।' ਹਜ਼ੂਰ ਸਿੰਘ ਦਾ ਖ਼ਿਆਲ ਹੋਰ ਸੀ। 'ਪਹਿਲੋਂ ਮੈਂ ਵੀ ਇੰਜ ਹੀ ਸੋਚਿਆ ਸੀ। ਅਸਲ 'ਚ, ਇੰਦਰ ਸਿੰਘ ਦੇ ਅੰਦਰੋਂ ਰੰਜਸ਼ ਨਹੀਂ ਗਈ। ਏਨੀ ਛੇਤੀ ਜਾ ਵੀ ਨਹੀਂ ਸਕਦੀ। ਉਹ ਸਮਝਦੈ, ਮੇਰਾ ਹੱਕ ਮਾਰਿਆ ਗਿਐ। ਜੇ ਅਸੀਂ ਉਹਦੇ ਹੇਠ ਜੀਪ ਕਰ ਦਿੱਤੀ, ਐਵੇਂ ਏਧਰ-ਓਧਰ ਭੱਜਦਾ ਫਿਰੇਗਾ ਤੇ ਸਾਡਾ ਨੁਕਸਾਨ ਕਰੇਗਾ। ਉਹਨੂੰ ਪਿੰਝ ਨਹੀਂ ਲਾਣੇ ਚਾਹੀਦੇ। ਆਪਣੇ ਅੱਡੇ ਨੂੜਿਆ ਰਹੇ ਤਾ ਚੰਗੈ।'

'ਨਹੀਂ ਯਾਰ, ਜੇ ਉਹ ਸਾਡੇ ਨਾਲ ਟੁਰੇ ਤਾਂ ਕੰਮ ਸੌਖਾ ਜਾਏਗਾ।'

'ਨਹੀਂ, ਦਿਆਲ, ਨਹੀਂ। ਸਾਨੂੰ ਉਹਦੀ ਫੁਰਤੀ ਦੀ ਲੋੜ ਨਹੀਂ। ਸਾਡੇ ਪੱਖ ਦੇ ਵੋਟਰ ਵੋਟ ਪੰਥ ਨੂੰ ਪਾਂਦੇ ਨੇ, ਕਿਸੇ ਵਿਅਕਤੀ ਨੂੰ ਨਹੀਂ। ਸਾਨੂੰ ਧਿਆਨ ਵਿਚ ਰਖਣਾ ਚਾਹੀਦੈ ਕਿ ਉਹ ਉਹਨਾਂ ਵੋਟਾਂ 'ਚ ਐਵੇਂ ਟੰਙ ਨਾ ਅੜਾ ਸਕੇ।'



ਹਜ਼ੂਰ ਸਿੰਘ ਦੇ ਕਹਿਣ 'ਚ ਤਰਕ ਸੀ। ਨਾਲੇ, ਇਲਾਕੇ ਤੇ ਇਲਾਕੇ ਦੇ ਲੋਕਾਂ ਦੀ ਸਮਝ ਹਜ਼ੂਰ ਸਿੰਘ ਨੂੰ ਬਹੁਤੀ ਸੀ। ਉਹ ਏਥੋਂ ਦਾ ਸੀ। ਆਪ ਦਿਆਲ ਤਾਂ ਦਿੱਲੀ ਦਾ ਵਾਸੀ ਸੀ। ਉਹ ਬਹਿਸ 'ਚ ਨਾ ਪਿਆ। ਉਹਨੇ ਸਿਰਫ਼ ਏਨਾ ਹੀ ਕਿਹਾ,

'ਫੇਰ ਵੀ ਹਜ਼ੂਰੇ, ਸਾਨੂੰ ਕੋਸ਼ਿਸ਼ ਤਾਂ ਕਰਨੀ ਹੀ ਚਾਹੀਦੀ ਏ ਉਹਨੂੰ ਨਾਲ ਲੈਣ ਦੀ।'

'ਉਹ ਤਾਂ, ਦਿਆਲ, ਕਰਾਂਗੇ ਹੀ। ਉਹਨੂੰ ਕੀ, ਹੋਰ ਸਭਨਾਂ ਨੂੰ ਵੀ ਨਾਲ ਲਵਾਂਗੇ।'

ਹਜ਼ੂਰ ਸਿੰਘ ਭਾਵੇਂ ਗੱਡੀ ਹੌਲੀ ਚਲਾ ਰਿਹਾ ਸੀ, ਫੇਰ ਵੀ ਉਹ ਤਰਤਾਲੀ ਸੈਕਟਰ ਛੇਤੀ ਹੀ ਪਹੁੰਚ ਪਏ ਸਨ। ਚੰਡੀਗੜ੍ਹ ਦੀ ਇਹੋ ਤਾਂ ਮੌਜ ਸੀ। ਫ਼ਾਸਲੇ ਬਹੁਤੇ ਨਹੀਂ ਸਨ। ਆਣਾ-ਜਾਣਾ ਛੇਤੀ ਹੋ ਜਾਂਦਾ ਸੀ। ਉਹਨੇ ਗੱਡੀ ਗੁਰਦਿਆਲ ਦੀ ਸਾਲੀ ਦੇ ਘਰ ਅੱਗੇ ਲਿਆ ਖਲ੍ਹਾਰੀ। ਗੁਰਦਿਆਲ ਉਤਰਨ ਲੱਗਾ।

'ਚੌਧਰੀ ਨੂੰ ਮਿਲਣ ਤੋਂ ਬਾਅਦ ਮੈਨੂੰ ਖ਼ਬਰ ਕਰ ਦਈਂ। ਮੈਂ ਪ੍ਰੋਫ਼ੈਸਰ ਨੂੰ ਵੀ ਦੱਸ ਦਿਆਂਗਾ। ਨਾਲੇ, ਜਦੋਂ ਦਿੱਲੀਉਂ ਚੱਲੇਂ, ਮੇਰੀ ਤਾਰ ਖੜਕਾ ਦਈਂ,' ਹਜ਼ੂਰ ਸਿੰਘ ਨੇ ਆਖਿਆ।

'ਖੜਕਾ ਦਿਆਂਗਾ। ਦਿੱਲੀ ਚੱਲਣ ਵੇਲੇ ਵੀ ਤੇ ਚੰਡੀਗੜ੍ਹ ਪਹੁੰਚ ਕੇ ਵੀ।'

ਗੁਰਦਿਆਲ ਘਰ ਵਾਲੇ ਪਾਸੇ ਖਲੋ ਗਿਆ ਤੇ ਹਜ਼ੂਰ ਸਿੰਘ ਨੂੰ ਰੁਖ਼ਸਤ ਕਰਨ ਲੱਗਾ। ਉਹਨੇ ਦੇਰ ਨਾ ਲਾਈ। ਗੱਡੀ ਪਿਛਾਂਹ ਮੋੜਨ ਦੀ ਥਾਂ ਉਹ ਸਿੱਧਾ ਹੀ ਅਗਾਂਹ ਨਿਕਲ ਗਿਆ।

## ਘਾਹ

ਪ੍ਰੋਫ਼ੈਸਰ ਦਾ ਸਿਧਾਂਤ ਅਜੇ ਉਹਦਾ ਖਹਿੜਾ ਨਹੀਂ ਸੀ ਛੱਡ ਰਿਹਾ। ਗੁਰਦਿਆਲ ਜਦੋਂ ਚੌਧਰੀ ਨੂੰ ਮਿਲਣ ਨਿਕਲਿਆ, ਉਹਦੇ ਅੰਦਰ ਅਜੇ ਉਹਦਾ ਹੀ ਰਿੜਕਣਾ ਪਿਆ ਹੋਇਆ ਸੀ। ਉਹਨੂੰ ਅਜੀਬ ਲੱਗ ਰਿਹਾ ਸੀ। ਉਹ ਸੋਚਦਾ, ਭਾਈ, ਜੇ ਪਾਰਟੀ ਬਦਲਣੀ ਜੇ ਤਾਂ ਬਦਲੋ। ਕਹਿ ਦਿਓ, ਮੈਨੂੰ ਉਥੇ ਕੁਝ ਦਿਸਿਆ ਸੀ। ਕੁਝ ਲਭ ਰਿਹਾ ਸੀ। ਮੈਨੂੰ ਲਾਲਚ ਆ ਗਿਆ। ਜਿੱਥੇ ਸਾਂ, ਓਥੇ ਵਿਚਾਰ ਹੀ ਵਿਚਾਰ ਸਨ। ਹੈ ਭਾਵੇਂ ਬੜੇ ਉੱਚੇ ਤੇ ਸੁੱਚੇ ਸਨ। ਪਰ ਹੱਥ ਕੁਝ ਨਹੀਂ ਸੀ ਆਉਂਦਾ। ਸੁੱਕੇ ਖੜੇ ਸਾਂ। ਸਾਲਾਂ ਤੋਂ। ਅੱਕ ਗਏ। ਥੱਕ ਗਏ। ਪਰ ਇਹ ਕਿਉਂ ਆਖਿਆ ਜਾਏ ਕਿ ਮੈਨੂੰ ਆਪਣਾ ਆਦਰਸ਼ ਪੂਰਾ ਕਰਨ ਲਈ ਇਕ ਹੋਰ ਰਾਹ ਲੱਭ ਪਿਐ। ਪਹਿਲਾਂ ਨਾਲੋਂ ਸਿੱਧਾ। ਕੋਈ ਹੋਰ ਦੁਮੇਲ ਦਿੱਸ ਪਿਐ। ਪਹਿਲੋਂ ਨਾਲੋਂ ਰੌਸ਼ਨ। ਪਹਿਲਾਂ ਨਾਲੋਂ ਨੇੜੇ ਵੀ।

ਗੁਰਦਿਆਲ ਨੂੰ ਪ੍ਰੋਫ਼ੈਸਰ ਤੇ ਹਜ਼ੂਰ ਸਿੰਘ ਦੇ ਸਿਧਾਂਤਾਂ ਨਾਲੋਂ ਆਪਣਾ ਇਹ ਫਾਰਮੂਲਾ ਜ਼ਿਆਦਾ ਚੰਗਾ ਲੱਗਾ ਕਿ ਭਾਈ, ਭੇਡ ਬੱਕਰੀਆਂ ਵਾਂਗ ਬੰਦਾ ਵੀ ਘਾਹ ਲੱਭਦਾ ਫਿਰਦੈ। ਉਹਨੂੰ ਵੀ ਭੁੱਖ ਲੱਗਦੀ ਏ। ਉਹਨੇ ਵੀ ਚਰਨਾ ਹੁੰਦੈ। ਉਹਨੇ ਵੀ ਓਧਰ ਜਾਣੈਂ, ਜਿੱਧਰ ਘਾਹ ਹੁੰਦੀ ਏ। ਹਰੀ ਤੇ ਰਸ ਵਾਲੀ। ਗੁਰਦਿਆਲ ਏਸ ਵੇਲੇ ਵੀ ਆਪਣੇ ਫਾਰਮੂਲੇ ’ਤੇ ਅਮਲ ਕਰ ਰਿਹਾ ਸੀ। ਓਧਰ ਹੀ ਜਾ ਰਿਹਾ ਸੀ, ਜਿੱਧਰ ਘਾਹ ਸੀ। ਹਰੀ ਤੇ ਰਸੀਲੀ। ਚੌਧਰੀ ਦੀ ਚਰਾਂਦ ਵਲ।

ਗੁਰਦਿਆਲ ਨੂੰ ਜਾਪਿਆ, ਉਹ ਬੇ-ਧਿਆਨੀ ’ਚ ਪਹਿਲਾ ਮੋੜ ਗ਼ਲਤ ਮੁੜ ਗਿਆ ਸੀ। ਅੱਗੇ, ਦੋਵਾਂ ਪਾਸੇ ਜੋ ਉਹਨੂੰ ਦਿੱਸ ਰਿਹਾ ਸੀ, ਉਹ ਪਛਾਤਾ ਨਹੀਂ ਸੀ ਜਾ ਰਿਹਾ। ਕੁਝ ਅੱਗੇ ਜਾ ਇਕ ਗੋਲ ਚੱਕਰ ਆਇਆ। ਉਹਦੇ ਨਾਲ ਕਰਕੇ ਉਹਨੂੰ ਇਕ ਛੋਟੀ ਜਿਹੀ ਮਾਰਕਿਟ ਦਿੱਸੀ। ਕਾਰਾਂ, ਸਕੂਟਰ, ਰਿਕਸ਼ੇ ਖੜ੍ਹੇ ਸਨ। ਬੇ-ਤਰਤੀਬੇ। ਇਕ ਦੂਜੇ ’ਚ ਘੁੱਸੜੇ ਹੋਏ। ਸ਼ਾਇਦ ਇਹ ਉਹੀਓ ਮਾਰਕਿਟ ਸੀ, ਜਿੱਥੋਂ ਉਹਨੇ ਖੱਬੇ ਹੱਥ ਹੋਣਾ ਸੀ। ਉਹਨੂੰ ਪੱਕ ਨਹੀਂ ਸੀ, ਪਰ ਮੁੜ ਉਹ ਫੇਰ ਵੀ ਗਿਆ।

ਸੇਧ ਠੀਕ ਹੀ ਲੱਗ ਰਹੀ ਸੀ। ਗੁਰਦਿਆਲ ਬੇ-ਫ਼ਿਕਰ ਹੋ ਗਿਆ। ਧਿਆਨ ਉਹਦਾ ਫੇਰ ਅੰਦਰ ਚਲਾ ਗਿਆ, ਜਿੱਥੇ ਅਜੇ ਵੀ ਖ਼ਿਆਲਾਂ ਦਾ ਘਮਸਾਨ ਮਚਿਆ ਹੋਇਆ ਸੀ। ਇਕ ਸਵਾਲ ਉਹਨੂੰ ਮੁੜ-ਘਿੜ ਅੜੰਗੇ ਦੇ ਰਿਹਾ ਸੀ। ਉਹਦੇ ਵਾਂਗ ਹੋਰ ਕੌਣ ਸਨ, ਜਿਨ੍ਹਾਂ ਇਹ ਘਾਹ ਲੱਭਣ ਦਾ ਹੀਲਾ



ਕੀਤਾ? ਜ਼ਰਾ ਹੋਰ ਸੋਚਿਆ ਤੇ ਮਹਿਸੂਸ ਹੋਇਆ, ਇਹੋ ਜਿਹੇ ਦੋ-ਚਾਰ ਨਹੀਂ, ਬੇਸ਼ੁਮਾਰ ਸਨ। ਪੂਰਾ ਝਮਗੱਟਾ ਸੀ। ਕਾਫ਼ਲਾ ਸੀ। ਏਡਾ ਕਿ ਜੇ ਕਿਤੇ ਵਿਚਾਲੇ ਖਲੋਤੇ ਹੋਈਏ ਤਾਂ ਨਾ ਉਹਦਾ ਅਗਲਾ ਸਿਰਾ ਦਿੱਸੇ, ਨਾ ਪਿਛਲਾ। ਓਸ ਜਲੂਸ ਤੋਂ ਵੀ ਵੱਡਾ, ਜਿਹੜਾ ਐਮਰਜੈਂਸੀ ਵੇਲੇ ਵਿਰੋਧੀ ਪਾਰਟੀਆਂ ਨੇ ਦਿੱਲੀ ਕਢਿਆ ਸੀ। ਜਿਹੜਾ ਉਹਨੇ ਕਨਾਟ ਪਲੇਸ ਦੇ ਬਾਹਰਲੇ ਚੱਕਰ ਦੇ ਬਰਾਂਡੇ ’ਚ ਖਲੋ ਕੇ ਵੇਖਿਆ ਸੀ। ਉਸ ਥਾਂ ਤੋਂ, ਜਿਹਦੇ ਉਪਰ ਦਿੱਲੀ ਦੇ ਸਭ ਤੋਂ ਵੱਡੇ ਅਖ਼ਬਾਰ ਦਾ ਪੁਰਾਣਾ ਦਫ਼ਤਰ ਹੁੰਦਾ ਸੀ। ਘੰਟਾ ਕੁ ਤਾਂ ਉਹ ਜ਼ਰੂਰ ਖੜਾ ਰਿਹਾ ਸੀ। ਗੁਰਦਿਆਲ ਦੀ ਨਜ਼ਰ, ਅਚੇਤੇ ਹੀ, ਆਪਣੇ ਏਸ ਕਾਫ਼ਲੇ ’ਤੇ ਸਰਕਣ ਲੱਗੀ। ਕਿਸੇ ਕੈਮਰੇ ਵਾਂਗ। ਸ਼ੁਰੂ ਤੋਂ ਅਖ਼ੀਰ ਤਕ। ਉਹਨੂੰ ਸ਼ਕਲਾਂ ਦਿੱਸਣ ਲੱਗੀਆਂ। ਸਾਰੀਆਂ ਪਛਾਤੀਆਂ ਨਹੀਂ ਸਨ। ਪਰ ਜਿਹੜੀਆਂ ਪਛਾਤੀਆਂ ਸਨ, ਉਹ ਵੀ ਘੱਟ ਨਹੀਂ ਸਨ।

ਪਛਾਤਿਆਂ ਵਿਚ ਵੀ ਹਰ ਤਰ੍ਹਾਂ ਦੇ ਲੋਕ ਸਨ। ਵੱਖ-ਵੱਖ ਪਾਰਟੀਆਂ ਵਾਲੇ। ਵੱਖ-ਵੱਖ ਵਿਚਾਰਾਂ ਵਾਲੇ। ਅਜਿਹੇ ਵੀ, ਜਿਨ੍ਹਾਂ ਦੀ ਕੋਈ ਸਿਆਸਤ ਨਹੀਂ ਸੀ। ਖਿਡਾਰੀ ਵੀ ਸਨ। ਟੀਵੀ-ਸਟਾਰ ਵੀ। ਹੋਰ ਕੰਮਾਂ-ਕਾਰਾਂ ਤੇ ਸ਼ੌਕ-ਸ਼ੁਗਲਾਂ ਵਾਲੇ ਵੀ।

ਗੁਰਦਿਆਲ ਨੇ ਆਪਣੇ ਆਪ ਨੂੰ ਵਰਜਿਆ, ਛੱਡ ਯਾਰ, ਮੈਂ ਕਿਹੜੇ ਕੰਮੇਂ ਪੈ ਗਿਆਂ? ਜੇ ਕੋਈ ਘਾਹ ਨੂੰ ਘਾਹ ਨਹੀਂ ਕੁਝ ਹੋਰ ਕਹਿਣਾ ਚਾਹੇ ਤਾਂ ਮੈਨੂੰ ਕੀ? ਜੇ ਕੋਈ ਭੁਲੇਖਿਆਂ ’ਚ ਪਿਆ ਰਹਿਣਾ ਚਾਹਵੇ ਤਾਂ ਉਹਦੀ ਮਰਜ਼ੀ। ਵੱਡੀ ਗੱਲ ਇਹ ਹੈ ਕਿ ਮੈਨੂੰ ਆਪ ਕੋਈ ਭੁਲੇਖਾ ਨਹੀਂ। ਮੈਂ ਘਾਹ ਨੂੰ ਘਾਹ ਸਮਝਦਾ ਹਾਂ।

ਕਾਫ਼ਲੇ ’ਚ ਉਹਦੀ ਟੱਕ ਇਕ ਸ਼ਕਲ ’ਤੇ ਲੱਗ ਗਈ। ਕਿਸੇ ਢਿੱਲੇ-ਮੱਠੇ ਕਾਮਰੇਡ ਦੀ ਸੀ। ਉਹਦਾ ਆਪਣੇ ਲੀਡਰਾਂ ਨਾਲ ਝਗੜਾ ਰਹਿੰਦਾ ਸੀ। ਉਹਨੂੰ ਉਹ ਜਥੇਬੰਦੀ ’ਚ ਉਹਦੇ ਯੋਗ ਥਾਂ ਨਹੀਂ ਸਨ ਦੇਂਦੇ। ਉਹਨੂੰ ਗੁੱਠੇ ਲਾ ਕੇ ਰੱਖਦੇ ਸਨ। ਉਹਨੇ ਪਾਰਟੀ ਛੱਡ ਦਿੱਤੀ ਤੇ ਕਾਂਗਰਸ ਪਾਰਟੀ ’ਚ ਚਲਾ ਗਿਆ। ਕਿਸੇ ਉਹਨੂੰ ਪੁੱਛਿਆ, ਤੂੰ ਭਾਈ ਆਪਣੀ ਪਾਰਟੀ ਕਿਉਂ ਛੱਡੀ? ਉਹਨੇ ਸਹਿਜ ਸੁਭਾ ਜਵਾਬ ਦਿੱਤਾ,

‘ਜੇ ਕੋਈ ਸਵੇਰ ਦਾ ਭੁੱਲਾ ਸ਼ਾਮ ਨੂੰ ਘਰ ਪਰਤ ਆਏ ਤਾਂ ਕੀ ਮਾੜੈ?’

ਉਹਦਾ ਇਸ਼ਾਰਾ ਕਈ ਦਹਾਕੇ ਪਹਿਲਾਂ ਲੰਘੇ ਓਸ ਸਮੇਂ ਵਲ ਸੀ, ਜਦੋਂ ਸਾਰੇ ਸਿਆਸੀ ਬੰਦੇ, ਸਮੂਹ, ਸੰਸਥਾਵਾਂ ਤੇ ਦਲ ਕਾਂਗਰਸ ਪਾਰਟੀ ’ਚ ਹੁੰਦੇ ਸਨ। ਇਹ ਪਾਰਟੀ ਇਕ ਬਹੁਤ ਵੱਡਾ ਛਤਰ ਹੁੰਦੀ ਸੀ, ਜਿਹਦੇ ਹੇਠ ਹਰ ਕੋਈ ਸਮਾ ਜਾਂਦਾ ਸੀ। ਜਦੋਂ ਅੰਗ੍ਰੇਜ਼ ਗਏ ਤੇ ਆਜ਼ਾਦੀ ਆਈ, ਲੋਕ ਉਸ ਛਤਰ ਹੇਠੋਂ ਉੱਠਣ ਲੱਗੇ। ਆਪੋ ਆਪਣੀਆਂ ਪਾਰਟੀਆਂ ਬਣਾਣ ਲੱਗ ਪਏ।

ਪਾਰਟੀਆਂ ਬਦਲਣ ਦੀ ਪਿਰਤ ਓਦੋਂ ਪਈ। ਉਸ ਤੋਂ ਪਹਿਲਾਂ ਬਦਲਣ ਨੂੰ ਹੁੰਦਾ ਹੀ ਕੁਝ ਨਹੀਂ ਸੀ।

ਨਿਰਾਸ ਹੋਏ, ਰੁੱਸੇ-ਵਿਟਰੇ, ਮੌਕਾ ਲਭਦੇ ਕਾਮਰੇਡਾਂ ਦੀ ਸਭ ਤੋਂ ਵੱਡੀ ਠਾਹਰ ਇਹੋ ਪਾਰਟੀ ਰਹੀ ਏ।

ਗੁਰਦਿਆਲ ਕੁਝ ਅਗਾਂਹ ਚਲਿਆ। ਉਹਦੀ ਨਜ਼ਰ ਇਕ ਬਹੁਤ ਹੀ ਮਿਲਾਪੜੇ, ਮਦਦਗਾਰ, ਸਿਆਣੇ, ਸਾਹਿਤ ਤੇ ਕਲਾ ਦਾ ਰੱਸ ਰੱਖਣ ਵਾਲੇ ਇਕ ਬੰਦੇ 'ਤੇ ਅਟਕ ਗਈ। ਇਹ ਬੰਦਾ ਕੁਝ ਚਿਰ ਪਹਿਲਾਂ ਹੈ ਸੀ, ਪਰ ਉਹਦੇ ਹੱਥ-ਪੱਲੇ ਕੁਝ ਨਹੀਂ ਸੀ ਰਿਹਾ। ਨਹੀਂ ਤਾਂ ਗੁਰਦਿਆਲ ਦਾ ਬੇੜਾ ਉਹੀਉ ਹੀ ਪਾਰ ਕਰ ਦੇਂਦਾ। ਉਹ ਕਾਂਗਰਸੀ ਪਰਵਾਰ 'ਚੋਂ ਸੀ। ਉਹਦੇ ਮਾਪੇ ਆਜ਼ਾਦੀ ਦੇ ਸੰਗਰਾਮ 'ਚ ਰਹੇ ਸਨ। ਉਹਨਾਂ ਜੇਲ੍ਹਾਂ ਕੱਟੀਆਂ ਸਨ। ਆਪ ਉਹਨੇ ਜਵਾਨੀ ਵੇਲੇ ਕਾਮਰੇਡੀ ਕੀਤੀ ਸੀ। ਆਜ਼ਾਦੀ ਤੋਂ ਪਹਿਲਾਂ। ਆਜ਼ਾਦੀ ਤੋਂ ਬਾਅਦ ਉਹ ਕਾਂਗਰਸ 'ਚ ਆ ਗਿਆ। ਮਨਿੱਸਟਰ ਰਿਹਾ। ਐਮਰਜੈਂਸੀ ਭੋਗੀ। ਮਨਿੱਸਟਰੀ ਛੱਡੀ। ਪਿੱਛੋਂ ਜਦੋਂ ਕੇਂਦਰ 'ਚ ਸਾਂਝਾ ਮੋਰਚਾ ਸਰਕਾਰ ਬਣੀ, ਉਹ ਪ੍ਰਧਾਨ ਮੰਤਰੀ ਵੀ ਬਣਿਆ। ਫੇਰ ਜਦੋਂ ਕੇਂਦਰ 'ਚ ਭਗਵਾ ਸਰਕਾਰ ਬਣੀ, ਉਹਨੇ ਉਹਦੇ ਨਾਲ ਵੀ ਸੁਰ ਮੇਲੀ ਰਖੀ। ਨੇੜਤਾ ਵੀ ਰੱਖੀ ਤੇ ਦੂਰੀ ਵੀ। ਬਾਅਦ 'ਚ ਪੁੱਤਰ ਨੂੰ ਕੇਸਰੀ ਦਲ 'ਚ ਘੱਲ ਦਿੱਤਾ। ਉਹ ਦਲ ਦਾ ਸੰਸਦੀਆ ਬਣਿਆ ਤੇ ਉਹਦਾ ਹਿੰਦੂ ਚਿਹਰਾ। ਗੁਰਦਿਆਲ ਨੂੰ ਫੁਰਿਆ, ਉਹਦਾ ਘਾਹ ਵਾਲਾ ਫਾਰਮੂਲਾ ਏਸ ਬੰਦੇ ਉਤੇ ਲਾਗੂ ਨਹੀਂ ਸੀ ਹੁੰਦਾ। ਏਸ ਬੰਦੇ ਦੀ ਜ਼ਿੰਦਗੀ 'ਚ ਕਦੀ ਵੀ ਅਜਿਹਾ ਕੋਈ ਸਮਾਂ ਨਹੀਂ ਸੀ ਆਇਆ, ਜਦੋਂ ਉਹਦੇ ਕੋਲ ਖੁਦ ਆਪਣੀ ਚੰਗੀ ਹਰੀ ਤੇ ਰਸੀਲੀ ਘਾਹ ਨਹੀਂ ਸੀ ਹੁੰਦੀ। ਫੇਰ ਵੀ ਉਹਨੇ ਹੋਰਨਾਂ ਚਰਾਂਦਾਂ ਦਾ ਰੁਖ਼ ਕੀਤਾ।

ਆਪਣਾ ਫ਼ਾਰਮੂਲਾ ਉਹਨੂੰ ਹੋਰ ਵੀ ਕੱਚਾ ਲੱਗਾ, ਜਦੋਂ ਉਹਨੂੰ ਉਹ ਕਾਮਰੇਡ ਦਿਸਿਆ, ਜਿਹੜਾ ਪਾਰਟੀ ਛੱਡ ਸੰਤ ਭਿੰਡਰਾਂਵਾਲਾ ਦੀ ਸ਼ਰਣੀਂ ਜਾ ਲੱਗਾ ਸੀ। ਸੰਤ ਕੋਲ ਤਾਂ ਚਰਾਂਦ ਕੋਈ ਨਹੀਂ ਸੀ। ਫੇਰ ਉਹ ਕੀ ਚਰਨ ਗਿਆ ਸੀ?

ਗੁਰਦਿਆਲ ਨੂੰ ਲੱਗਾ, ਬੰਦੇ ਨੂੰ ਖਿੱਚ ਕਿਸੇ ਹੋਰ ਚੀਜ਼ ਦੀ ਵੀ ਹੋ ਸਕਦੀ ਏ। ਉਹ ਕੀ ਏ? ਉਹ ਸੋਚਣ ਲੱਗਾ। ਇਹ ਕੋਈ ਹੋਰ ਤਰ੍ਹਾਂ ਦੀ ਘਾਹ ਹੋਏਗੀ। ਆਤਮਕ ਕਿਸਮ ਦੀ। ਬੌਧਕ ਕਿਸਮ ਦੀ। ਬੰਦੇ ਦੇ ਅੰਦਰ ਉੱਗਣ ਵਾਲੀ।

ਗੁਰਦਿਆਲ ਨੂੰ ਉਹ ਕਾਮਰੇਡ ਵੀ ਦਿੱਸੇ, ਜਿਨ੍ਹਾਂ ਆਪਣੀ ਪਾਰਟੀ ਛੱਡੀ, ਪਰ ਕੋਈ ਹੋਰ ਪਾਰਟੀ ਨਾ ਫੜੀ। ਆਪਣਾ ਇਕ *ਡਾਕਿਊਮੈਂਟ* ਤਿਆਰ ਕੀਤਾ ਤੇ ਉਹਦੇ ਜ਼ੋਰ 'ਤੇ ਖੁਦ ਆਪਣੀ ਪਾਰਟੀ ਬਣਾ ਲਈ। ਭਾਵੇਂ ਛੋਟੀ ਜਿਹੀ। ਏਸ ਤਰ੍ਹਾਂ ਕਈ ਕੇਸਰੀ ਦਲ ਵਾਲਿਆਂ ਨੇ ਵੀ ਕੀਤਾ। ਆਪਣਾ ਵੱਖਰਾ ਦਲ ਬਣਾ ਲਿਆ ਤੇ ਫ਼ਰਕ ਪਾਉਣ ਲਈ ਦਲ ਦੇ ਨਾਂ ਪਿੱਛੇ ਆਪਣੇ



ਪਿੰਡ ਦਾ ਜਾਂ ਕਿਸੇ ਹੋਰ ਚੀਜ਼ ਦਾ ਨਾਂ ਟੁੰਗ ਲਿਆ। ਏਸੇ ਤਰ੍ਹਾਂ ਆਪ ਕਾਂਗਰਸ ਪਾਰਟੀ 'ਚ ਵੀ ਹੋਇਆ। ਇਹਨਾਂ ਮੁਸਾਫ਼ਰਾਂ ਨੂੰ ਕਿਹੜੀ ਘਾਹ ਲੱਭੀ? ਗੁਰਦਿਆਲ ਸੋਚਣ ਲਗਾ। ਜ਼ਰੂਰ ਹੀ ਕੋਈ ਮਨੋਵਿਗਿਆਨਕ ਕਿਸਮ ਦੀ ਘਾਹ ਹੋਵੇਗੀ। ਕਿਸੇ ਪੈਂਤੜੇ ਜਾਂ ਸਿਆਸੀ ਦਾਅ-ਪੇਚ ਵਾਲੀ ਘਾਹ ਜਾਂ ਕੋਈ ਏਸ ਤਰ੍ਹਾਂ ਦੀ ਘਾਹ ਜਿਸ ਵਿਚ ਖਲੋਤੇ ਉਹ ਲੋਕਾਂ ਨੂੰ ਦਿਸਦੇ ਰਹਿਣ। ਮੀਡੀਆ ਦੀਆਂ ਨਜ਼ਰਾਂ 'ਚ ਰਹਿਣ। ਉਹਨਾਂ ਨੂੰ ਤਿੰਨਾਂ-ਤੇਰ੍ਹਾਂ 'ਚ ਸਮਝਿਆ ਜਾਵੇ।

ਘਾਹ ਦੀਆਂ ਕਿਸਮਾਂ ਲੱਭਣ ਦੀ ਇਹ ਕਿਰਿਆ ਗੁਰਦਿਆਲ ਨੂੰ ਰੋਚਕ ਲੱਗੀ। ਹੋਰ ਕਿਸਮਾਂ ਦੀ ਘਾਹ ਵੀ ਤਾਂ ਹੋਵੇਗੀ? ਜ਼ਰੂਰ ਹੋਵੇਗੀ। ਸੋਚਣ ਨਾਲ ਹੀ ਲੱਭੇਗੀ।

ਉਹਨੇ ਕੁਝ ਹੋਰ ਸੋਚਿਆ ਤੇ ਉਹਨੂੰ ਉਹ ਖਿਡਾਰੀ ਦਿਸਿਆ, ਜਿਹਦੇ ਬਾਪੂ ਦੀ ਸਾਰੀ ਉਮਰ ਕਾਂਗਰਸ 'ਚ ਲੰਘੀ ਸੀ। ਖਿਡਾਰੀ ਅੰਦਰ ਕੋਈ ਰੋਸ ਪਲਦਾ ਰਿਹਾ ਹੋਏਗਾ। ਦੇਸ 'ਚ ਚੋਣਾਂ ਹੋ ਰਹੀਆਂ ਸਨ। ਉਹ ਮੈਚ ਖੇਡਣ ਬਾਹਰ ਗਿਆ ਹੋਇਆ ਸੀ। ਉਹਨੂੰ ਭਗਵਾਂ ਪਾਰਟੀ ਨੇ ਪੰਜਾਬ ਦੇ ਇਕ ਵੱਡੇ ਸ਼ਹਿਰ ਦੇ ਹਲਕੇ ਦੀ ਟਿਕਟ ਦੇਣੀ ਕੀਤੀ। ਉਹਨੇ ਲੈ ਲਈ। ਬਾਹਰੋਂ ਸਿੱਧਾ ਹਲਕੇ 'ਚ ਪਹੁੰਚਿਆ। ਮੈਚ ਉਹ ਹਾਰ ਕੇ ਆਇਆ ਸੀ, ਪਰ ਸੀਟ ਉਹਨੇ ਜਿੱਤ ਲਈ। ਉਹ ਦਿਨ ਤੇ ਇਹ ਦਿਨ, ਅੱਜ ਤਕ ਉਹ ਭਗਵਾਂ ਪਾਰਟੀ ਦਾ ਸ਼ਿੰਗਾਰ ਬਣਿਆ ਹੋਇਆ ਏ। ਉਹਨੂੰ ਭਲਾ ਕਿਹੜੀ ਘਾਹ ਦਿੱਸੀ ਸੀ? ਜ਼ਮੀਨ 'ਚ ਲੱਗਣ ਵਾਲੀ ਘਾਹ ਤਾਂ ਨਹੀਂ ਲੱਗਦੀ। ਸ਼ਾਇਦ ਉਹ ਸੰਸਕਾਰਾਂ ਤੋਂ ਬਗ਼ਾਵਤ ਦੀ ਘਾਹ ਸੀ। ਆਪਣੇ ਪਿਤਾ-ਪਿਤਾਮਿਆਂ ਦੇ ਰਾਹ ਤੋਂ ਵੱਖਰੇ ਕਿਸੇ ਰਾਹ ਦੀ ਭਾਲ ਵਾਲੀ ਘਾਹ ਸੀ।

ਜੇ ਦੂਰੋਂ ਚੌਧਰੀ ਦੀ ਕੋਠੀ ਨਾ ਦਿੱਸ ਪੈਂਦੀ ਤਾ ਗੁਰਦਿਆਲ ਨੇ ਅਜੇ ਚਰਾਂਦਾਂ ਹੀ ਗਾਹ ਰਿਹਾ ਹੋਣਾ ਸੀ। ਪਰ ਏਨੀ ਸਮਝ ਉਹਨੂੰ ਪੈ ਚੁੱਕੀ ਸੀ ਕਿ ਘਾਹ ਹਰ ਬੰਦੇ ਨੂੰ ਚਾਹੀਦੀ ਹੁੰਦੀ ਏ। ਆਪੋ ਆਪਣੀ ਕਿਸਮ ਦੀ। ਜਿੱਥੋਂ ਤਕ ਉਹਦਾ ਸਵਾਲ ਸੀ, ਉਹਨੂੰ ਤਾਂ ਉਹ ਹਰੀ ਘਾਹ ਹੀ ਚਾਹੀਦੀ ਸੀ, ਜਿਹੜੀ ਸੱਤਾ ਦੀਆਂ ਚਰਾਂਦਾਂ 'ਚ ਉਗਦੀ ਸੀ ਜਾਂ ਉਹ ਫੇਰ ਉਹ ਘਾਹ ਜਿਹੜੀ ਉਹਦੀ ਖੁੱਸਣ-ਨੂੰ-ਫਿਰਦੀ ਕੋਠੀ ਦੇ ਲਾਅਨ 'ਚ ਉੱਗੀ ਹੋਈ ਏ।

#

ਚੌਧਰੀ ਆਪਣੇ ਅਸਲ ਦਫ਼ਤਰ ਘਟ ਹੀ ਜਾਂਦਾ ਸੀ। ਉਹਨੂੰ ਘਰ ਹੀ ਲਾਈ ਰਖਦਾ ਸੀ। ਸਿਰਫ਼ ਜਗਨ ਨਾਥ ਦੀ ਲੋੜ ਹੁੰਦੀ ਸੀ। ਉਹ ਬਾਹਰ

ਬੈਠਾ ਹੋਵੇ। ਵਾਰੋ ਵਾਰੀ ਲੋਕਾਂ ਨੂੰ ਅੰਦਰ ਕਰਦਾ ਜਾਵੇ। ਜੋ ਹੁਕਮ ਮਿਲੇ, ਉਹ ਅਗਾਂਹ ਪਹੁੰਚਾਂਦਾ ਜਾਵੇ। ਬਸ ਏਨਾ ਹੀ ਚਾਹੀਦਾ ਹੁੰਦਾ ਸੀ। ਜੇ ਚੌਧਰੀ ਕਿਤੇ ਨਿਕਲੇ ਤਾਂ ਉਹਨੂੰ ਵੀ ਨਾਲ ਹੀ ਹੋਣਾ ਪੈਂਦਾ ਸੀ। ਜਗਨ ਨਾਥ ਉਹਦਾ ਪਰਛਾਵਾਂ ਸੀ। ਅਜਿਹਾ, ਜਿਹੜਾ ਰੋਸ਼ਨੀ 'ਚ ਹੀ ਨਹੀਂ, ਹਨੇਰੇ 'ਚ ਵੀ ਪੈਂਦਾ ਸੀ। ਕਦੀ ਵੀ ਸਾਥ ਨਹੀਂ ਸੀ ਛਡਦਾ।

ਅੱਜ ਵੀ ਉਹ ਰਾਹ ਰੋਕੀ ਬੈਠਾ ਸੀ। ਗੁਰਦਿਆਲ ਆਪਣੇ ਵਕਤ 'ਤੇ ਪਹੁੰਚਿਆ ਸੀ, ਪਰ ਉਹਨੂੰ ਉਹਨੇ ਅੰਦਰ ਨਹੀਂ ਸੀ ਕੀਤਾ। ਕੋਲ ਬਿਠਾ ਲਿਆ ਤੇ ਕਿਹਾ, ਅਜੇ ਅੰਦਰ ਕੋਈ ਹੋਰ ਲੋਕ ਨੇ। ਉਹਨਾਂ ਦੀਆਂ ਆਵਾਜ਼ਾਂ ਵੀ ਆ ਰਹੀਆਂ ਸਨ।

'ਕੌਣ ਨੇ ਅੰਦਰ?' ਗੁਰਦਿਆਲ ਨੇ ਪੁੱਛਿਆ।

'ਪਾਰਟੀ ਵਾਲੇ। ਇਲਾਕਿਆਂ ਦੇ ਚੌਧਰੀ। ਨਿੱਠ ਕੇ ਬੈਠੇ ਨੇ। ਡੇਢ ਘੰਟਾ ਹੋ ਚਲਿਆ ਨੇ। ਸਰਦਾਰ ਸਾਹਿਬ, ਮੈਂ ਮਨਚੰਦਾ ਸਾਹਿਬ ਵਾਲੀ ਖ਼ਬਰ ਚੌਧਰੀ ਸਾਹਿਬ ਨੂੰ ਦੇ ਦਿੱਤੀ ਸੀ। ਬੜੇ ਖੁਸ਼ ਹੋਏ ਸਨ।'

ਅਖ਼ੀਰ ਗੁਰਦਿਆਲ ਨੂੰ ਅੰਦਰ ਜਾਣਾ ਮਿਲ ਗਿਆ। ਚੌਧਰੀ ਨੇ ਉਹਨੂੰ ਸਾਹਮਣੇ ਨਹੀਂ, ਆਪਣੇ ਨਾਲ ਬਿਠਾਇਆ। ਆਪਣੇ ਵਾਲੇ ਸੋਫ਼ੇ 'ਤੇ।

ਉਹਨੇ ਮੁਸਕਰਾਉਣ ਲੱਗਿਆਂ ਮੂੰਹ ਰਤਾ ਜ਼ਿਆਦਾ ਖੁੱਲ੍ਹ ਜਾਣ ਦਿੱਤਾ ਤੇ ਆਖਿਆ,

'ਆ ਭਾਈ ਗੁਰਦਿਆਲ, ਓਧਰ ਨਹੀਂ, ਏਧਰ ਮੇਰੇ ਕੋਲ ਬੈਠ। ਏਥੇ ਮੇਰੇ ਨਾਲ।'

ਗੁਰਦਿਆਲ ਬਹਿ ਗਿਆ।

'ਤੂੰ ਭਾਈ, ਦੋ ਗੱਲਾਂ ਬੜੀਆਂ ਚੰਗੀਆਂ ਕੀਤੀਆਂ ਨੇ,' ਚੌਧਰੀ ਸ਼ੁਰੂ ਹੋਇਆ। 'ਪਹਿਲੀ ਇਹ ਕਿ ਮਨਚੰਦੇ ਦੇ ਪੋਤਰੇ ਨੂੰ ਦਾਖ਼ਲ ਕਰਾ ਦਿੱਤੈ...'

'ਉਹ ਤਾਂ, ਚੌਧਰੀ ਸਾਹਿਬ, ਸੌਖਾ ਹੀ ਹੋ ਗਿਆ', ਗੁਰਦਿਆਲ ਵਿੱਚੋਂ ਬੋਲ ਪਿਆ, 'ਸਕੂਲ ਦੀ ਪ੍ਰਿੰਸੀਪਲ ਮੇਰੇ ਇਕ ਦੋਸਤ ਦੀ ਭਰਜਾਈ ਨਿਕਲ ਆਈ।'

'ਇਹ ਤਾਂ ਬੜਾ ਚੰਗਾ ਹੋਇਆ। ਜੇ ਹਰ ਥਾਂ ਹੀ ਸਾਡੀ ਕੋਈ ਭਰਜਾਈ ਬੈਠੀ ਹੋਵੇ ਤਾਂ ਸਾਡਾ ਕੋਈ ਕੰਮ ਨਾ ਰੁਕੇ।' ਚੌਧਰੀ ਪੂਰਾ ਮੂੰਹ ਖੋਲ੍ਹ ਕੇ ਮੁਸਕਰਾਇਆ। 'ਦੂਜੀ ਗੱਲ ਤੂੰ ਇਹ ਚੰਗੀ ਕੀਤੀ ਕਿ ਪਾਰਸ ਸਾਹਬ ਤੋਂ ਆਪਣੀ ਡਿਊਟੀ ਲਵਾ ਲਈ।'

'ਚੌਧਰੀ ਸਾਹਿਬ, ਹਲਕੇ ਦਾ ਉਮੀਦਵਾਰ ਮੇਰਾ ਜਮਾਤੀ ਨਿਕਲ ਆਇਐ। ਅਸੀਂ ਇੰਟਰ 'ਕਠਿਆਂ ਕੀਤੀ ਸੀ।'

ਗੁਰਦਿਆਲ ਨੂੰ ਅਹੁੜ ਪਿਆ ਕਿ ਜੇ ਚੌਧਰੀ ਨੂੰ ਇਹਦੀ ਖ਼ਬਰ ਸੀ ਤਾਂ ਪਾਰਸ ਨੇ ਜ਼ਰੂਰ ਉਹਦੇ ਨਾਲ ਮੇਰੀ ਗੱਲ ਵੀ ਕੀਤੀ ਹੋਏਗੀ। ਉਹਨੇ ਪੁੱਛ



ਹੀ ਲਿਆ,

'ਚੌਧਰੀ ਸਾਹਿਬ, ਪਾਰਸ ਸਾਹਿਬ ਹੁਰਾਂ ਤੁਹਾਨੂੰ ਕਿਹੈ ਕੁਝ ਮੇਰੇ ਬਾਰੇ?'

'ਕਿਹਾ ਕਿਉਂ ਨਹੀਂ ਭਾਈ! ਉਹਨਾਂ ਨੂੰ ਤੇਰਾ ਬੜਾ ਫ਼ਿਕਰ ਏ। ਕਹਿੰਦੇ ਸਨ, ਗੁਰਦਿਆਲ ਸਿੰਘ ਦੀ ਚਿੰਤਾ ਨਾ ਕਰੋ। ਜਦੋਂ ਵੀ ਪੰਜਾਬ ਦੀ ਕੋਈ ਸੀਟ ਖ਼ਾਲੀ ਹੋਈ, ਮੈਂ ਉਹ ਉਹਨੂੰ ਦੇ ਦਿਆਂਗਾ।'

ਗੁਰਦਿਆਲ ਦਾ ਰੰਗ ਉੱਡ ਗਿਆ। ਉਹਨੂੰ ਸਮਝ ਲੱਗ ਗਈ ਚੌਧਰੀ ਬਲਾ ਆਪਣੇ ਗਲੋਂ ਲਾਹ ਰਿਹੈ। ਸੀਟ ਆਪਣੇ ਖਾਤਿਉਂ ਨਹੀਂ ਦੇਣਾ ਚਾਹੁੰਦਾ। ਆਪਣੀ ਘਾਹ ਕਿਸੇ ਹੋਰ ਨੂੰ ਚਾਰਨ ਲੱਗਾ ਸੀ।

'ਚੌਧਰੀ ਸਾਹਿਬ, ਮੈਂ ਤਾਂ ਕਿਸਾਨ ਕਰਾਂਤੀ ਦਲ ਵਲੋਂ ਹੀ ਜਾਣਾ ਜੇ ਰਾਜ ਸਭਾ 'ਚ। ਪੰਜਾਬ ਨੂੰ ਛੱਡੋ। ਓਥੋਂ ਦੀ ਤਾਂ ਅਜੇ ਕੋਈ ਸੀਟ ਨਹੀਂ,' ਗੁਰਦਿਆਲ ਨੇ ਚੌਧਰੀ ਨੂੰ ਖਹਿੜਾ ਨਾ ਛੁਡਾਉਣ ਦਿੱਤਾ। ਉਸੇ ਪਲ ਉਹਨੂੰ ਕੋਈ ਨਵਾਂ ਪੱਖ ਸੁਝ ਪਿਆ। ਉਹ ਕਹਿਣ ਲਗਾ,

'ਹਰਿਆਣੇ ਤੋਂ ਤੁਹਾਨੂੰ ਕੋਈ ਸਿੱਖ ਘੱਲਣਾ ਚਾਹੀਦੇ। ਹਰਿਆਣੇ 'ਚ ਬੜੇ ਸਿੱਖ ਨੇ। ਉਹਨਾਂ ਦੀ ਨੁਮਾਇੰਦਗੀ ਵੀ ਤਾਂ ਹੋਣੀ ਚਾਹੀਦੀ ਏ।'

ਗੁਰਦਿਆਲ ਨੇ ਆਪਣਾ ਕੇਸ ਪੱਕਾ ਕੀਤਾ।

ਚੌਧਰੀ ਨੂੰ ਕੋਈ ਫ਼ਰਕ ਨਾ ਪਿਆ। ਉਹਦਾ ਜਵਾਬ ਸੀ,

'ਅਸੀਂ ਸਿੱਖ ਹੀ ਘੱਲਾਂਗੇ ਭਾਈ। ਗੱਲ ਤੇਰੀ ਠੀਕ ਏ। ਅਸੀਂ ਸਿੱਖਾਂ ਨੂੰ ਨਰਾਜ਼ ਨਹੀਂ ਕਰ ਸਕਦੇ।'

ਸਪੱਸ਼ਟ ਸੀ ਕਿ ਚੌਧਰੀ ਨੇ ਆਪਣੀ ਸੀਟ ਲਈ ਕਿਸੇ ਸਿੱਖ ਨੂੰ ਚੁਣ ਰਖਿਆ ਸੀ।

ਗੁਰਦਿਆਲ ਸੋਫ਼ੇ ਦੀ ਬਾਹੀ ਤਕ ਸਿਰਕ ਗਿਆ ਹੋਇਆ ਸੀ। ਚੌਧਰੀ ਨੇ ਉਹਨੂੰ ਆਪਣੀ ਖੱਬੀ ਬਾਂਹ ਨਾਲ ਵਲਿਆ ਤੇ ਥੋੜਾ ਜਿਹਾ ਆਪਣੇ ਵਲ ਖਿੱਚ ਲਿਆ। ਅੱਖਾਂ ਮੇਲ ਉਹਨੂੰ ਪੁੱਛਣ ਲੱਗਾ,

'ਜਿਹੜੇ ਬੰਦੇ ਤੇਰੇ ਤੋਂ ਪਹਿਲਾਂ ਬੈਠੇ ਸਨ, ਕੌਣ ਸਨ ਉਹ ਭਲਾ?

'ਪਾਰਟੀ ਦੇ ਹੋਣਗੇ।'

'ਨਹੀਂ, ਉਹ ਸਾਡੇ ਉਸ ਡੇਰੇ ਦੇ ਬੰਦੇ ਸਨ।'

ਚੌਧਰੀ ਨੇ ਉਸ ਡੇਰੇ ਦਾ ਨਾਂ ਲਿਆ, ਜਿਹਦੀ ਹਰਿਆਣੇ ਤੇ ਪੰਜਾਬ 'ਚ ਬੜੀ ਮਾਨਤਾ ਸੀ। ਉਹਦੇ ਸ਼ਰਧਾਲੂ ਉਹਦੇ ਇਸ਼ਾਰੇ 'ਤੇ ਵੋਟ ਪਾਉਂਦੇ ਸਨ। ਬੜੀਆਂ ਸੀਟਾਂ ਦਾ ਫ਼ੈਸਲਾ ਉਹਨਾਂ ਦੀਆਂ ਵੋਟਾਂ ਨਾਲ ਹੁੰਦਾ ਸੀ।

'ਜੇ ਉਹ ਪਾਰਟੀ ਦੇ ਬੰਦੇ ਹੁੰਦੇ, ਮੈਂ ਉਹਨਾਂ ਨੂੰ ਚੁੱਪ ਕਰਾ ਦੇਂਦਾ', ਚੌਧਰੀ ਅੱਗੇ ਟੁਰਿਆ। 'ਉਹ ਡੇਰੇ ਦੇ ਬੰਦੇ ਸਨ। ਕਹਿੰਦੇ ਸਨ, ਰਾਜ ਸਭਾ ਦੀ ਸੀਟ ਐਤਕੀਂ ਸਾਡੇ ਬੰਦੇ ਨੂੰ ਦਿਓ। ਮੈਂ ਕਿਹਾ, ਮੈਂ ਸੀਟ ਕਿਸੇ ਹੋਰ ਨੂੰ ਦੇਣੀ ਕੀਤੀ ਹੋਈ ਏ। ਮੈਂ ਜਾਟ ਹਾਂ, ਵਾਇਦਾ ਨਹੀਂ ਤੋੜ ਸਕਦਾ। ਪਰ ਉਹ ਜ਼ਿੱਦੇ ਪਏ

ਰਹੇ। ਕਹਿਣ, ਇਹ ਸੀਟ ਤਾਂ ਸਾਨੂੰ ਹੀ ਮਿਲਣੀ ਚਾਹੀਦੀ ਏ। ਉੱਚੀ-ਉੱਚੀ ਬੋਲ ਰਹੇ ਸਨ। ਤੂੰ ਬਾਹਰੋਂ ਸੁਣਿਆ ਹੋਣੈਂ। ਅਖ਼ੀਰ ਕਹਿ ਗਏ, ਅੱਗੋਂ ਜਦੋਂ ਚੋਣਾਂ ਹੋਈਆਂ, ਸਾਨੂੰ ਨਾ ਕਹਿਣਾ, ਵੋਟ ਸਾਡੇ ਉਮੀਦਵਾਰਾਂ ਨੂੰ ਪੁਆਓ। ਗੁਰਦਿਆਲ, ਸਿੱਧੇ ਲਫ਼ਜ਼ਾਂ 'ਚ, ਮੈਨੂੰ ਉਹ ਧਮਕੀ ਦੇ ਗਏ...'

ਗੁਰਦਿਆਲ ਠਠੰਬਰ ਗਿਆ। ਚੌਧਰੀ ਨੇ ਉਹਨੂੰ ਬੋਲਣ ਜੋਗਾ ਨਹੀਂ ਸੀ ਛਡਿਆ। ਕੀ ਕਹਿੰਦਾ? ਉਹਨੇ ਨੀਵੀਂ ਪਾ ਲਈ।

'ਪਰ ਭਾਈ ਗੁਰਦਿਆਲ, ਮੈਂ ਵੀ ਜਾਟ ਦਾ ਪੁੱਤ ਹਾਂ। ਕਿਸੇ ਦੀ ਧੌਂਸ ਨਹੀਂ ਸਹਿ ਸਕਦਾ। ਜੇ ਮੈਨੂੰ ਕੋਈ ਧਮਕੀ ਦੇਵੇ ਤੇ ਇਹ ਸੋਚੇ ਕਿ ਮੈਂ ਨਿਊਂ ਜਾਵਾਂਗਾ, ਤਾਂ ਇਹ ਉਹਦਾ ਖ਼ਾਮ ਖ਼ਿਆਲ ਏ...ਪਰ ਭਾਈ, ਮੈਂ ਕਰਾਂ ਵੀ ਕੀ? ਸਿਆਸਤ 'ਚ ਹਾਂ। ਪਾਰਟੀ ਚਲਾਨਾਂ। ਮਾਮਲਾ ਮੇਰੀ ਜ਼ਾਤ ਦਾ ਨਹੀਂ। ਮੇਰੀ ਪਾਰਟੀ ਦਾ ਏ। ਮੇਂ ਆਪਣੇ ਕਰਕੇ ਪਾਰਟੀ ਦਾ ਨੁਕਸਾਨ ਨਹੀਂ ਕਰ ਸਕਦਾ। ਆਪਣੇ ਹਜ਼ਾਰਾਂ ਕਾਰਕੁਨਾਂ ਤੇ ਲੱਖਾਂ ਹਿਮਾਇਤੀਆਂ ਦੇ ਹਿਤਾਂ ਦੀ ਬਲੀ ਨਹੀਂ ਚੜ੍ਹਾ ਸਕਦਾ। ਮੈਂ ਅਜੇ ਡੇਰੇ ਵਾਲਿਆਂ ਨੂੰ ਹਾਂ ਨਹੀਂ ਕੀਤੀ। ਪਰ ਜੇ ਨਹੀਂ ਕੀਤੀ ਤਾਂ ਕਰਨੀ ਪਏਗੀ ਹੀ। ਇਹਨਾਂ ਲੋਕਾਂ ਕੋਲ ਵੋਟ ਨੇ। ਉਹ ਮੇਰੇ ਵਿਰੋਧੀਆਂ ਨਾਲ ਰਲ ਸਕਦੇ ਨੇ।'

ਗੁਰਦਿਆਲ ਨੂੰ ਸਮਝ ਪੈ ਗਈ। ਚੌਧਰੀ ਸੀਟ ਕਿਸੇ ਹੋਰ ਨੂੰ ਦੇਣ ਦਾ ਫ਼ੈਸਲਾ ਕਰੀ ਬੈਠਾ ਸੀ। ਹੁਣ ਐਵੇਂ ਗੋਂਗਲੂਆਂ ਤੋਂ ਮਿੱਟੀ ਝਾੜ ਰਿਹਾ ਸੀ। ਹੁਣ ਏਥੋਂ ਨਿਕਲਣਾ ਚਾਹੀਦਾ ਸੀ। ਉਹ ਉੱਠਣ ਲੱਗਾ। ਚੌਧਰੀ ਨੇ ਮੋਢਿਉਂ ਫੜ ਬਿਠਾ ਲਿਆ।

'ਠਹਿਰ ਮੇਰੀ ਗੱਲ ਸੁਣ', ਚੌਧਰੀ ਸਮਝਾਉਣ ਲੱਗਾ, 'ਤੂੰ ਸਾਡਾ ਆਪਣਾ ਬੰਦੈ। ਅਸੀਂ ਤੇਰੇ ਹਿਤ ਵੀ ਵੇਖਣੇ ਨੇ। ਹੁਣ ਜੋ ਪੋਜ਼ੀਸ਼ਨ ਬਣੀ ਏਂ, ਉਹਦੇ 'ਚ ਦੋ ਹੀ ਗੱਲਾਂ ਹੋ ਸਕਦੀਆਂ ਨੇ। ਪਹਿਲੀ ਇਹ ਕਿ ਤੂੰ ਅਜੇ ਪੰਜਾਬ ਦੀਆਂ ਚੋਣਾਂ ਭੁਗਤਾ। ਪਾਰਸ ਸਾਹਿਬ ਨੇ ਕਿਹਾ ਸੀ ਕਿ ਉਹਨਾਂ ਤੋਂ ਬਾਅਦ ਉਹ ਤੇਰੀ ਸਮੱਸਿਆ ਦਾ ਕੋਈ ਹੱਲ ਲੱਭਣਗੇ। ਮੈਨੂੰ ਉਹਨਾਂ ਇਹ ਵੀ ਕਿਹਾ ਸੀ ਕਿ ਇਹ ਉਹ ਸੌ ਫ਼ੀ ਸਦੀ ਕਰਨਗੇ। ਤੈਨੂੰ ਉਹ ਬੜਾ ਮੰਨਦੇ ਨੇ। ਦੂਜੀ ਗੱਲ ਇਹ ਹੋ ਸਕਦੀ ਏ ਕਿ ਅਸੀਂ ਉਹ ਵੋਟ ਤੈਨੂੰ ਦੇ ਦਈਏ, ਜਿਹੜੇ ਸਾਡੀ ਇਕ ਸੀਟ ਤੋਂ ਬਚ ਜਾਣ ਤੇ ਬਾਕੀ ਦੇ ਵੋਟਾਂ ਦਾ ਬੰਦੋਬਸਤ ਤੂੰ ਆਪ ਕਰ ਲਵੇਂ...'

'ਚੌਧਰੀ ਸਾਹਿਬ, ਮੇਰੇ ਕਿਹੜੇ ਕਾਰਖਾਨੇ ਚਲ ਰਹੇ ਨੇ', ਗੁਰਦਿਆਲ ਨੇ ਚੌਧਰੀ ਨੂੰ ਗੱਲ ਪੂਰੀ ਨਾ ਕਰਨ ਦਿੱਤੀ, 'ਕਿਵੇਂ ਖ਼ਰੀਦਾਂਗਾ ਮੈਂ ਵੋਟ ਉਹ?'

'ਗੁਰਦਿਆਲ, ਇਹਦਾ ਮੈਨੂੰ ਪਤੈ,' ਚੌਧਰੀ ਦਾ ਠਰ੍ਹੰਮਾ ਕਾਇਮ ਰਿਹਾ। 'ਇਹਦਾ ਇਲਾਜ ਜਗਨ ਨਾਥ ਨੇ ਲੱਭਿਆ ਹੋਇਐ। ਜਾਂਦਿਆਂ ਉਹਦੇ ਨਾਲ



ਗੱਲ ਕਰਦਾ ਜਾਈਂ।'

ਗੁਰਦਿਆਲ ਨੂੰ ਬਿਲਕੁਲ ਸਪੱਸ਼ਟ ਹੋ ਗਿਆ ਕਿ ਚੌਧਰੀ ਐਵੇਂ ਡਰਾਮਾ ਕਰ ਰਿਹਾ ਸੀ। ਉਹਨੇ ਉਹਨੂੰ ਸੀਟ ਨਾ ਦੇਣ ਦਾ ਫ਼ੈਸਲਾ ਪਹਿਲੋਂ ਹੀ ਕੀਤਾ ਹੋਇਆ ਸੀ। ਇਕ ਛੋਟਾ ਜਿਹਾ ਪਾਰਟ ਆਪਣੇ ਪੀ-ਏ ਨੂੰ ਵੀ ਦਿੱਤਾ ਹੋਇਆ ਸੀ, ਜਿਹੜਾ ਉਹਨੇ ਹੁਣ ਅਦਾ ਕਰਨਾ ਸੀ। ਉਹਨੂੰ ਬੜੀ ਨਿਰਾਸਤਾ ਹੋਈ। ਏਨੀ ਕਿ ਮੂੰਹ ਤੋਂ ਵੀ ਦਿੱਸਣ ਲਗੀ। ਉਹ ਉੱਠ ਖਲੋਤਾ।

ਐਤਕੀਂ ਉਹਨੂੰ ਚੌਧਰੀ ਨੇ ਨਾ ਬਿਠਾਇਆ। ਬੱਸ ਏਨਾ ਹੀ ਕਿਹਾ,

'ਭਾਈ, ਆਉਂਦਾ ਜਾਉਂਦਾ ਮਿਲਦਾ ਰਹੀਂ।'

ਜਗਨ ਨਾਥ ਉਹਨੂੰ ਉਡੀਕ ਰਿਹਾ ਸੀ। ਆਉਂਦਿਆਂ ਵੇਖ ਉਹਨੇ ਕੁਰਸੀ ਧਰੀਕੀ ਤੇ ਕਿਹਾ,

'ਆਓ ਸੱਰ! ਬੈਠੋ।'

ਹੋਰ ਕੋਈ ਭੂਮਿਕਾ ਨਾ ਬੰਨ੍ਹੀ। ਸ਼ੁਰੂ ਹੋ ਪਿਆ,

'ਚੌਧਰੀ ਸਾਹਿਬ ਨੇ ਮੈਨੂੰ ਆਪਣੀ ਮੁਸ਼ਕਿਲ ਦੱਸੀ ਸੀ ਤੇ ਏਸ ਗੱਲ ਦਾ ਸੁਝਾਅ ਵੀ ਮੈਂ ਹੀ ਦਿੱਤਾ ਸੀ। ਏਸ ਮਤਲਬ ਲਈ ਜਿਹੜਾ ਪੈਸਾ ਚਾਹੀਦਾ ਹੋਏਗਾ, ਉਹਦਾ ਬੰਦੋਬਸਤ ਮਨਚੰਦਾ ਸਾਹਿਬ ਕਰ ਸਕਦੇ ਨੇ। ਉਹਨਾਂ ਨੂੰ ਕਹੋ। ਤੁਸੀਂ ਉਹਨਾਂ ਦਾ ਬੜਾ ਵੱਡਾ ਕੰਮ ਕੀਤੈ।'

ਗੁਰਦਿਆਲ ਨੂੰ ਤਾਅ ਚੜ੍ਹ ਗਿਆ। ਉਹਨੇ ਡਾਂਟ ਪਿਲਾਈ,

'ਓਏ, ਇਹ ਕੰਮ ਮੈਂ ਚੌਧਰੀ ਸਾਹਿਬ ਦੇ ਹੁਕਮ 'ਤੇ ਕੀਤਾ ਸੀ, ਮਨਚੰਦੇ ਦੇ ਕਹਿਣ 'ਤੇ ਨਹੀਂ। ਨਾਲੇ ਇਹ ਕੋਈ ਏਡਾ ਖ਼ਾਸ ਕੰਮ ਨਹੀਂ ਸੀ।'

'ਨਹੀਂ ਸੱਰ, ਕੰਮ ਤਾਂ ਖ਼ਾਸ-ਉਲ-ਖਾਸ ਸੀ। ਦਾਖ਼ਲਿਆਂ 'ਤੇ ਬੜਾ ਖ਼ਰਚ ਹੁੰਦੈ ਅੱਜਕਲ।'

'ਨਹੀਂ ਜਗਨ ਨਾਥ, ਮਨਚੰਦੇ ਨੂੰ ਮੈਂ ਨਹੀਂ ਕਹਿ ਸਕਦਾ।'

'ਕੋਈ ਮੁਸ਼ਕਿਲ ਨਹੀਂ, ਸੱਰ। ਮੈਂ ਕਹਿ ਦੇਨਾਂ। ਤੁਹਾਡੇ ਵਲੋਂ।'

'ਨਹੀਂ ਜਗਨ ਨਾਥ! ਤੂੰ ਵੀ ਨਹੀਂ ਕਹੇਂਗਾ।'

ਗੁਰਦਿਆਲ ਨੇ ਠੱਪ ਦਿੱਤਾ। ਉੱਠਿਆ ਤੇ ਬਾਹਰ ਨਿਕਲ ਗਿਆ।

#

ਗੁਰਦਿਆਲ ਕਾਰ 'ਚ ਆ ਬੈਠਾ। ਏਡੀ ਥਕਾਵਟ ਲੱਗ ਰਹੀ ਸੀ, ਜਿਵੇਂ ਕੋਈ ਲੰਮਾ ਪੈਂਡਾ ਮਾਰ ਕੇ ਆਇਆ ਹੋਵੇ। ਉਕੱਾ ਸਾਹ-ਸੱਤ ਨਹੀਂ ਸੀ ਰਿਹਾ। ਉਹਨੇ ਗੱਡੀ *ਸਟਾਰਟ* ਨਾ ਕੀਤੀ। ਸੋਚੀਂ ਪੈ ਗਿਆ।

ਸੋਚਾਂ ਦਾ ਕੇਂਦਰ ਚੌਧਰੀ ਸੀ। ਉਹਨੇ ਦਾਅ ਖੇਡਿਆ ਸੀ। ਪਹਿਲੋਂ ਉਮੀਦ ਦਵਾਈ ਤੇ ਫੇਰ ਠੁੱਠ ਵਿਖਾ ਦਿੱਤਾ। ਉਲਟਾ ਮਹੀਨੇ ਭਰ ਲਈ

ਸੁਜਾਨਗੜ੍ਹ ਫਸਾ ਦਿੱਤਾ। ਇਹ ਸਮਾਂ ਉਹਨੇ ਹੋਰ ਕੁਝ ਨਹੀਂ ਸੀ ਕਰ ਸਕਣਾ। ਉਹਨੇ ਧਾਰਿਆ, ਅੱਗੋਂ ਤੋਂ ਚੌਧਰੀ ਦੇ ਮੱਥੇ ਨਹੀਂ ਲੱਗਣਾ। ਉਹ ਦਵਾਲ ਹੀ ਕੁਝ ਨਹੀਂ ਸੀ। ਅੱਗੋਂ ਉਹਨੇ ਏਸ ਜੋਗ ਰਹਿਣਾ ਹੀ ਨਹੀਂ ਸੀ। ਅਗਲੀਆਂ ਚੋਣਾਂ ਉਹਨੇ ਹਾਰ ਜਾਣੀਆਂ ਸਨ। ਫੇਰ ਉਹਨੂੰ ਕਿਸੇ ਪੁੱਛਣਾ ਨਹੀਂ ਸੀ।

ਚੌਧਰੀ ਦਾ ਬਸਤਾ ਉਹਨੇ ਬੰਦ ਕੀਤਾ ਤੇ ਸੋਚਣ ਲੱਗਾ, ਹੁਣ ਕੀ ਕਰੇ। ਰਾਹ ਤਾਂ ਰਾਜ ਸਭਾ ਵਾਲਾ ਹੀ ਫੜਨਾ ਪੈਣਾ ਸੀ। ਪੰਜਾਹ ਤੋਂ ਉਪਰ ਸੀਟਾਂ ਸਨ। ਦੱਖਣ ਵਾਲੀਆਂ ਸੀਟਾਂ ਤਾਂ ਪਹਿਲੋਂ ਹੀ ਬਾਹਰ ਸਨ। ਪੂਰਬ ’ਚ ਗੁੰਜਾਇਸ਼ ਸਿਰਫ਼ ਬੰਗਾਲ ’ਚ ਸੀ। ਓਥੋਂ ਦੀ ਬੀਬੀ ਨੇ ਨਹੀਂ ਸੀ ਪਸਮਣਾ। ਉਹ ਕਿਉਂ ਦੇਵੇਗੀ ਸੀਟ ਕਿਸੇ ਗ਼ੈਰ-ਬੰਗਾਲੀ ਨੂੰ? ਪੱਛਮ ’ਚ ਮੁੱਖ ਧਾਰਾ ਪਾਰਟੀਆਂ ਪ੍ਰਧਾਨ ਸਨ। ਉਹਨਾਂ ਦੀ ਆਪਣੀ ਹੀ ਪੂਰੀ ਨਹੀਂ ਸੀ ਪੈਂਦੀ। ਇਕ ਯੂ-ਪੀ ਹੀ ਰਹਿ ਜਾਂਦੀ ਸੀ। ਓਥੋਂ ਕੋਸ਼ਿਸ਼ ਕੀਤੀ ਜਾ ਸਕਦੀ ਸੀ। ਇਹਦੀ ਗੱਲ ਸੁੰਦਰ ਦਾਸ ਨਾਲ ਹੋ ਚੁੱਕੀ ਸੀ। ਜੇ ਗੁੰਜਾਇਸ਼ ਹੁੰਦੀ ਤਾਂ ਉਹ ਹੀ ਕਹਿ ਦੇਂਦਾ। ਪਰ ਗੱਲ ਤਾਂ ਫੇਰ ਵੀ ਕੀਤੀ ਜਾ ਸਕਦੀ ਏ। ਦਿੱਲੀ ਜਾ ਕੇ ਕਰਾਂਗੇ।

ਉਹਨੂੰ ਪੱਗ ਢਿੱਲੀ ਲੱਗੀ। ਉਹਨੇ ਹੇਠ ਦੱਬ ਦਿੱਤੀ। ਉਸੇ ਦਮ ਉਹਨੂੰ ਖ਼ਿਆਲ ਆਇਆ। ਅੱਜ ਫੇਰ ਉਹਨੂੰ ਚੇਤਾ ਨਹੀਂ ਸੀ ਰਿਹਾ। ਉਹ ਪੱਗ ਕਿਸਾਨ ਕਰਾਂਤੀ ਦਲ ਦੇ ਰੰਗ ਵਾਲੀ ਨਹੀਂ ਸੀ ਬੰਨ੍ਹ ਕੇ ਗਿਆ। ਤਾਂ ਕੀ! ਕੀ ਫ਼ਰਕ ਪੈਣਾ ਸੀ? ਉਹਨੇ ਆਪਣੇ ਆਪ ਨੂੰ ਝਿੜਕਿਆ। ਅੱਜ ਤੇ ਮੈਂ ਜੇ ਉਸ ਰੰਗ ਦਾ ਸੂਟ ਪਾ ਕੇ ਵੀ ਆਉਂਦਾ ਤਾਂ ਵੀ ਕੋਈ ਫ਼ਰਕ ਨਹੀਂ ਸੀ ਪੈਣਾ। ਜੇ ਓਸ ਰੰਗ ਦੇ ਪਾਣੀ ਨਾਲ ਨਹਾ ਕੇ ਵੀ ਆਉਂਦਾ, ਤਾਂ ਵੀ। ਚੌਧਰੀ ਦਾ ਆਪਣਾ ਰੰਗ ਹੀ ਬਦਲਿਆ ਹੋਇਆ ਸੀ।

ਉਹਨੇ ਕਾਰ *ਸਟਾਰਟ* ਕੀਤੀ ਪਰ ਗੀਅਰ ’ਚ ਨਾ ਪਾਈ। ਫੇਰ ਸੋਚਣ ਲੱਗਾ। ਕਿਸੇ ਹੋਰ ਨਾਲ ਗੱਲ ਕਰੀਏ? ਉਹਨੇ ਆਪਣੇ ਆਪ ਨੂੰ ਪੁੱਛਿਆ। ਆਪਣੇ ਬੱਤਰੇ ਨੂੰ ਪੁੱਛ ਵੇਖੀਏ? ਰਤਨ ਲਾਲ ਨੂੰ। ਪਹਿਲਵਾਨੀ ਫੈਡਰੇਸ਼ਨ ਦਾ ਸੀਨੀਅਰ ਵਾਇਸ ਚੇਅਰਮੈਨ ਏ। ਭਗਵਾਂ ਪਾਰਟੀ ਦਾ ਸਰਕਰਦਾ ਲੀਡਰ। ਆਪਣੀ ਪਾਰਟੀ ਤੋਂ ਤਾਂ ਉਹ ਕੁਝ ਨਹੀਂ ਸੀ ਦਵਾ ਸਕਦਾ, ਪਰ ਕਿਸੇ ਰਾਹੇ ਜ਼ਰੂਰ ਪਾ ਸਕਦਾ ਸੀ। ਉਹਨੂੰ ਬੜਾ ਤਜਰਬਾ ਸੀ। ਚਲੋ, ਦਿੱਲੀ ਜਾ ਕੇ ਉਹਦੇ ਨਾਲ ਵੀ ਗੱਲ ਕਰਾਂਗੇ। ਉਹਨੇ ਗੱਡੀ ਟੋਰ ਦਿੱਤੀ।

ਜਦੋਂ ਤਕ ਉਹ ਓਸ ਚੱਕਰ ਤਕ ਪਹੁੰਚਿਆ, ਜਿੱਥੋਂ ਉਹਨੇ ਸਾਲੀ ਦੇ ਘਰ ਵੱਲ ਮੁੜਨਾ ਸੀ, ਉਹਨੂੰ ਆਪਣਾ ਆਪ ਬਦਲਿਆ ਜਾਪਦਾ ਸੀ। ਓਨੀ ਥਕਾਵਟ ਨਹੀਂ ਸੀ ਲੱਗ ਰਹੀ। ਚੌਧਰੀ ਨਾਲ ਰੰਜਸ਼ ਵੀ ਘਟੀ ਹੋਈ ਸੀ। ਸੁਜਾਨਗੜ੍ਹ ’ਚ ਮਹੀਨਾ ਭਰ ਰਹਿਣਾ ਵੀ ਏਡਾ ਔਖਾ ਨਹੀਂ ਸੀ ਲੱਗ ਰਿਹਾ।



ਅੰਦਰ ਹੀ ਅੰਦਰ ਉਹਨੂੰ ਸਮਝ ਲਗੀ ਹੋਈ ਸੀ ਕਿ ਉਹਦੀਆਂ ਧਿਰਾਂ ਚੌਧਰੀ ਤੇ ਪਾਰਸ ਹੀ ਸਨ। ਜੋ ਵੀ ਮਿਲ ਸਕਦਾ ਸੀ, ਉਹਨਾਂ ਤੋਂ ਹੀ ਮਿਲ ਸਕਦਾ ਸੀ। ਉਹਨਾਂ ਨਾਲ ਬਣਾ ਕੇ ਰਖਣੀ ਚਾਹੀਦੀ ਏ। ਸੁਜਾਨਗੜ੍ਹ ਛੇਤੀ ਪਹੁੰਚਣਾ ਚਾਹੀਦਾ ਏ ਤੇ ਦਿਲ ਲਾ ਕੇ ਕੰਮ ਕਰਨਾ ਚਾਹੀਦਾ ਏ। ਜੇ ਸੀਟ ਜਿੱਤ ਲਈ ਤੇ ਉਹਦੀ ਧਾਕ ਬਹਿ ਜਾਏਗੀ। ਪਾਰਸ ਦਾ ਅਹਿਸਾਨ ਵੀ ਲਹਿ ਜਾਏਗਾ। ਪਹਿਲਾ ਲਹਿ ਜਾਏ ਤਾਂ ਅੱਗੋਂ ਕੋਈ ਹੋਰ ਲੈਣ ਜੋਗੇ ਹੋਈਏ।

ਚੌਕ ਤੋਂ ਮੁੜਦਿਆਂ ਉਹਨੇ ਮਤਾ ਪਕਾਇਆ ਕਿ ਕਲ੍ਹ ਸਵੇਰੇ ਛੇਤੀ ਨਿਕਲੇਗਾ। ਮੂੰਹ-ਹਨੇਰੇ। ਦਿੱਲੀ ਦੋ ਦਿਨ ਲਾ, ਸੁੰਦਰ ਦਾਸ ਤੇ ਬਤਰੇ ਨੂੰ ਮਿਲ, ਵਾਪਸ ਚੰਡੀਗੜ੍ਹ ਪਹੁੰਚੇਗਾ ਤੇ ਰਾਤ ਰਹਿ ਸਵੇਰੇ ਸੁਜਾਨਗੜ੍ਹ ਜਾ ਵੱਜੇਗਾ।

# ਰੋਸਾ

ਮੂੰਹ-ਹਨੇਰੇ ਨਿਕਲਣ ਦਾ ਪ੍ਰੋਗਰਾਮ ਤਾਂ ਠੱਪ ਹੋ ਗਿਆ। ਰਾਤੀਂ ਖਾਣੇ ਵੇਲੇ ਲਾਡੀ ਨੇ ਅੜੰਗਾ ਪਾ ਦਿੱਤਾ। ਗੁਰਦਿਆਲ ਅੱਗੇ ਪਲੇਟ ਪ੍ਰੋਸਦੀ ਨੇ ਆਖਿਆ,

'ਭਰਾ ਜੀ, ਮੈਂ ਤੁਹਾਨੂੰ ਲੋਅ ਹੋਣ ਤੋਂ ਪਹਿਲਾਂ ਨਹੀਂ ਜੇ ਜਾਣ ਦੇਣਾ। ਟਰੈਫ਼ਿਕ ਬੜੀ ਖ਼ਰਾਬ ਹੁੰਦੀ ਏ। ਟਰੱਕਾਂ ਵਾਲੇ ਭੂਤਰੇ ਫਿਰਦੇ ਨੇ ਉਸ ਵੇਲੇ।'

ਫੇਰ ਉਹਨੇ ਲਾਲਚ ਵੀ ਦੇ ਦਿੱਤਾ,

'ਨਾਸ਼ਤਾ ਕਰਕੇ ਜਾਣਾ। ਮੈਂ ਤੁਹਾਨੂੰ ਮੂਲੀ ਵਾਲੇ ਪਰੌਂਠੇ ਖੁਆਵਾਂਗੀ!'

ਇਹ ਪਰੌਂਠੇ ਗੁਰਦਿਆਲ ਦੀ ਕਮਜ਼ੋਰੀ ਸਨ। ਲਾਡੀ ਬਣਾਉਂਦੀ ਵੀ ਕਰਾਰੇ ਸੀ। ਮੂੰਹੋਂ ਨਹੀਂ ਸਨ ਲਹਿੰਦੇ। ਗੁਰਦਿਆਲ ਮੰਨ ਗਿਆ। ਪਰ ਉਹਨੇ ਅਟਕਣ ਦੀ ਫ਼ੀਸ ਵਧਾ ਦਿੱਤੀ,

'ਦੋ ਪਰੌਂਠੇ ਦੀਪਾਂ ਲਈ ਵੀ ਬਣਾ ਦਈਂ। ਮੈਂ ਨਾਲ ਲੈ ਜਾਵਾਂਗਾ।'

'ਦੋ ਨਹੀਂ ਛੇ। ਚਾਰ ਬੱਚਿਆਂ ਲਈ।'

ਫੇਰ ਸਵੇਰੇ ਨੌਂ ਵਜੇ ਨਿਕਲਣ ਦਾ ਫ਼ੈਸਲਾ ਹੋ ਗਿਆ।

ਨਾਸ਼ਤਾ ਕਰ ਉਹ ਤਿਆਰ ਹੋਣ ਲੱਗਾ। ਜਿਹੜੀ ਪੱਗ ਨਿਕਲੀ, ਉਹ ਬੜੀ ਗੂਹੜੀ ਸੀ। ਕਲ੍ਹ ਹੋਈ ਨਾਂਹ ਪਿੱਛੋਂ ਅਜੇ ਸ਼ੋਖੀ ਸਹਿ ਨਹੀਂ ਸੀ ਹੋ ਰਹੀ। ਉਹਨੇ ਫ਼ਿੱਕੀ ਪੱਗ ਕੱਢੀ ਪਰ ਉਹਦੇ ਨਾਲ ਦੀ ਟਾਈ ਨਾ ਲੱਭੀ। ਟਾਈਆਂ ਨਾਲ ਸਿਰਫ਼ ਗੂਹੜੀਆਂ ਹੀ ਆਈਆਂ ਸਨ। ਉਹ ਫਿੱਕੀ ਪੱਗ ਨਾਲ ਗੂਹੜੀ ਟਾਈ ਨਹੀਂ ਸੀ ਬੰਨ੍ਹ ਸਕਦਾ। ਅਖ਼ੀਰ, ਉਹ ਗੂਹੜੀ ਪੱਗ ਹੀ ਬੰਨ੍ਹਣ ਲੱਗਾ।

ਅਜੇ ਤੀਜੇ ਲੜ 'ਤੇ ਸੀ ਕਿ ਬਾਹਰੋਂ ਡਰਾਇੰਗ-ਰੂਮ 'ਚੋਂ ਉੱਚੀਆਂ-ਉੱਚੀਆਂ ਆਵਾਜ਼ਾਂ ਆਉਣ ਲਗੀਆਂ। ਕੋਈ ਵਿਲਕ ਰਹੀ ਸੀ ਤੇ ਲਾਡੀ ਪੁਚਕਾਰ ਰਹੀ ਸੀ। ਵਿਲਕ ਕੌਣ ਰਹੀ ਸੀ, ਉਹਦੀ ਪਛਾਣ ਨਹੀਂ ਸੀ ਹੋ ਰਹੀ। ਕੁਝ-ਕੁਝ ਹੋ ਵੀ ਰਹੀ ਸੀ, ਪਰ ਵਿਸ਼ਵਾਸ ਨਹੀਂ ਸੀ ਹੋ ਰਿਹਾ। ਉਹਦੇ ਅਖ਼ੀਰੀ ਲੜ ਤਕ ਪਹੁੰਚਦਿਆਂ ਸੁਰਾਂ ਕਾਫ਼ੀ ਉੱਚੀਆਂ ਹੋ ਗਈਆਂ। ਗੁਰਦਿਆਲ ਨੂੰ ਕਾਹਲ ਪੈਣ ਲਗੀ। ਉਹਨੇ ਲੜ ਨੂੰ ਛੇਤੀ ਨਾਲ ਟੁੰਗਿਆ ਤੇ ਬਾਹਰ ਆ ਗਿਆ।

ਉਹਨੇ ਵੇਖਿਆ, ਉਹਦੀ ਪਰਮ ਪਿਆਰੀ ਸਾਲੀ ਦੀ ਇਕਲੌਤੀ ਔਲਾਦ,



ਪਾਲੀ ਰੋ ਰਹੀ ਸੀ ਤੇ ਲਾਡੀ ਚੁੰਨੀ ਦੇ ਪੱਲੇ ਨਾਲ ਉਹਦੇ ਅੱਥਰੂ ਪੂੰਝ ਰਹੀ ਸੀ।

ਜਿਵੇਂ ਹੀ ਪਾਲੀ ਦੀ ਨਜ਼ਰ ਆਪਣੇ ਪਿਆਰੇ ਮਾਸੜ ਜੀ 'ਤੇ ਪਈ, ਉਹ ਕੁਰਲਾ ਉਠੀ ਤੇ ਧਾ ਕੇ ਉਹਦੇ ਸੀਨੇ ਨਾਲ ਆ ਲੱਗੀ। ਉੱਚੀ-ਉੱਚੀ ਡੁਸਕਣ ਲੱਗੀ।

ਗੁਰਦਿਆਲ ਪੰਘਰ ਗਿਆ। ਉਹ ਪੁਚਕਾਰਨ ਲੱਗਾ,

'ਨਾ ਰੋ, ਰਾਣੋ, ਨਾ। ਕੀ ਹੋਇਐ। ਕਿਸੇ ਕੁਝ ਕਿਹੈ?'

ਇੰਜੀਨੀਅਰ ਜਗਜੀਤ ਨਾਲ ਉਹਦੇ ਵਿਆਹ ਨੂੰ ਤਿੰਨ ਵਰ੍ਹੇ ਹੋ ਗਏ ਸਨ। ਮੁੰਡਾ ਚੰਗਾ ਸੀ। ਘਰ ਚੰਗਾ ਸੀ। ਦਸ ਸੈਕਟਰ 'ਚ ਵਡੀ ਸਾਰੀ ਕੋਠੀ ਸੀ। ਸਾਰੇ ਇਕੱਠੇ ਰਹਿੰਦੇ ਸਨ। ਕੁਲ ਚਾਰ ਜੀਅ ਸਨ। ਪਾਲੀ ਦਾ ਪੇਕਾ ਘਰ ਉਸ ਤੋਂ ਬਹੁਤ ਛੋਟਾ ਸੀ।

ਉਹ ਡੁਸਕੀ ਜਾ ਰਹੀ ਸੀ।

'ਰਾਣੋ, ਦੱਸ ਹੋਇਆ ਕੀ ਏ?' ਗੁਰਦਿਆਲ ਨੇ ਜ਼ਿਆਦਾ ਜ਼ੋਰ ਨਾਲ ਪੁੱਛਿਆ।

'ਮੈਂ ਦੱਸਣੀ ਹਾਂ ਤੁਹਾਨੂੰ', ਲਾਡੀ ਬੋਲ ਪਈ,

'ਸਵੇਰੇ-ਸਵੇਰੇ ਨਾਸ਼ਤੇ ਦੇ ਟੇਬਲ 'ਤੇ ਸੱਸ ਨਾਲ ਬੋਲ-ਬੁਲਾਰਾ ਹੋ ਗਿਆ ਸੂ। ਉੱਠ ਕੇ ਏਥੇ ਆ ਗਈ ਏ। ਪੇਕੇ ਸ਼ਹਿਰ 'ਚ ਹੋਣ ਤਾਂ ਕੁੜੀਆਂ ਬਹੁਤਾ ਸੋਚਦੀਆਂ ਨਹੀਂ...'

'ਮੰਮੀ, ਮੈਂ ਵੀ ਕੀ ਕਰਦੀ...' ਪਾਲੀ ਖਿੱਝ ਕੇ ਪਈ, 'ਅੱਜ ਸਾਫ਼ ਮੁੱਕਰ ਗਏ। ਖੁਲ੍ਹ ਕੇ ਕਹਿ ਦਿੱਤਾ, ਅਸੀਂ ਵੱਖ ਨਹੀਂ ਕਰਨਾ। ਕੋਈ ਬਹਾਨਾ ਵੀ ਨਹੀਂ ਨੇ ਪਾਇਆ।'

ਇਹ ਵੱਖ ਕਰਨ ਦਾ ਕਿੱਸਾ ਓਨਾ ਹੀ ਪੁਰਾਣਾ ਸੀ, ਜਿੰਨਾ ਪਾਲੀ ਦਾ ਵਿਆਹ। ਪਾਲੀ ਵਿਆਹ ਲਈ ਸਿਰਫ਼ ਇਕੋ ਸ਼ਰਤ ਰਖਦੀ ਸੀ : ਉਸ ਘਰ ਜਾਵਾਂਗੀ, ਜਿਹੜਾ ਸਾਨੂੰ ਨਾਲ ਨਹੀਂ, ਵੱਖ ਰੱਖੇ। ਇਹ ਸ਼ਰਤ ਬ੍ਰਿਗੇਡੀਅਰ ਸਾਹਿਬ ਤੇ ਉਹਨਾਂ ਦੀ ਪਤਨੀ ਅੱਗੇ ਵੀ ਰੱਖੀ ਗਈ, ਭਾਵੇਂ ਉਹ ਆਪਣੇ ਇਕੋ-ਇਕ ਮੁੰਡੇ ਤੋਂ ਵੱਖ ਰਹਿਣ ਲਈ ਤਿਆਰ ਉੱਕਾ ਨਹੀਂ ਸਨ। ਵਿਆਹ ਹੋ ਗਿਆ, ਪਰ ਉਹ ਮੁੰਡੇ ਕੁੜੀ ਨੂੰ ਵੱਖ ਨਾ ਕਰ ਸਕੇ। ਕਿਸੇ ਜ਼ਮਾਨੇ 'ਚ ਬ੍ਰਿਗੇਡੀਅਰ ਸਾਹਿਬ ਦੀ ਆਪਣੇ ਬ੍ਰਿਗੇਡ 'ਚ ਚਲਦੀ ਹੋਵੇਗੀ, ਪਰ ਏਥੇ ਆਪਣੇ ਘਰ 'ਚ ਨਹੀਂ ਸੀ ਚਲਦੀ। ਏਥੇ ਵਹੁਟੀ ਦਾ ਰਾਜ ਸੀ। ਫ਼ੌਜ ਵਾਲਾ ਡਸਿਪਲਿਨ ਉਹ ਹੀ ਲਾਉਂਦੀ ਸੀ। ਉਹ ਬਰੀਕ, ਸਿੱਧੀਆਂ ਲੀਕਾਂ ਪਾਉਂਦੀ ਸੀ ਤੇ ਹਰ ਕਿਸੇ ਨੂੰ ਉਹਨਾਂ ਉਤੇ ਸਿੱਧਾ ਟੁਰਾਉਂਦੀ ਸੀ। ਬ੍ਰਿਗੇਡੀਅਰ ਨੂੰ ਫ਼ਰਕ ਨਹੀਂ ਸੀ ਪੈਂਦਾ। ਹੱਸ ਛੱਡਦਾ ਸੀ। ਜੇ ਉਹਨੂੰ ਕੋਈ ਪੁੱਛਦਾ ਕਿ ਬ੍ਰਿਗੇਡੀਅਰ ਸਾਹਿਬ, ਇਹ ਸਭ ਕੁਝ ਮੰਨੀ ਕਿਉਂ ਜਾਂਦੇ ਹੋ? ਉਹ ਕਹਿੰਦਾ,

'ਭਾਈ ਕੀ ਕਰਾਂ, ਸ਼ੇਰ ਦੇ ਪਿੰਜਰੇ 'ਚ ਰਹਿਨਾਂ।' ਜਗਜੀਤ, ਜੱਗੀ, ਆਦਰ ਵਜੋਂ, ਚੁਪ ਰਹਿੰਦਾ, ਪਰ ਘਰੋਂ ਬਾਹਰ ਉਹੋ ਕੁਝ ਕਰਦਾ, ਜੋ ਉਹ ਠੀਕ ਸਮਝਦਾ। ਉਹ ਪੂਰਾ ਪਾਲੀ ਨਾਲ ਸੀ, ਪਰ ਮਾਂ ਸਾਹਮਣੇ ਉਹਦਾ ਪੱਖ ਨਹੀਂ ਸੀ ਪੂਰ ਸਕਦਾ।

ਉਹਦੇ ਮਾਪੇ ਵੱਖ ਕਰ ਸਕਦੇ ਸਨ। ਮੁਹਾਲੀ ਉਹਨਾਂ ਕੋਲ ਹਜ਼ਾਰ ਗਜ਼ ਦਾ ਪਲਾਟ ਸੀ। ਨਕਸ਼ਾ ਪਾਸ ਸੀ। ਬਣਾਉਣ ਨੂੰ ਪੈਸੇ ਵੀ ਹੈ ਸਨ। ਪਰ ਜਦੋਂ ਗੱਲ ਚਲਦੀ, ਕੋਈ ਨਾ ਕੋਈ ਬਹਾਨਾ ਪਾ ਦੇਂਦੇ। ਅੱਜ ਤਾ ਬਹਾਨਾ ਪਾਉਣ ਦੀ ਲੋੜ ਵੀ ਨਹੀਂ ਸੀ ਸਮਝੀ।

ਆਵਾਜ਼ਾਂ ਸੁਣ ਗੁਰਦਿਆਲ ਦਾ ਸਾਂਢੂ ਕ੍ਰਿਪਾਲ ਵੀ ਬਾਹਰ ਨਿਕਲ ਆਇਆ। ਉਹ ਦਫ਼ਤਰ ਜਾਣ ਲਈ ਤਿਆਰ ਹੋ ਰਿਹਾ ਸੀ। ਆ ਕੇ ਉਹ ਧੀ ਨੂੰ ਸਮਝਾਉਣ ਲੱਗਾ,

'ਪਾਲੀ, ਤੂੰ ਵੀ ਸਬਰ ਕਰ। ਜ਼ਮੀਨ ਉਹਨਾਂ ਕੋਲ ਹੈ ਵੇ। ਨਕਸ਼ਾ ਪਾਸ ਏ। ਮਕਾਨ ਬਣ ਜਾਏਗਾ। ਹੋ ਜਾਈਂ ਫੇਰ ਵੱਖ...'

'ਤੁਸੀਂ ਚੁੱਪ ਕਰੋ ਜੀ', ਲਾਡੀ ਨੇ ਪਤੀ ਨੂੰ ਡਾਂਟ ਦਿੱਤਾ। 'ਤਿਆਰ ਹੋਵੋ ਤੇ ਜਾਓ ਦਫ਼ਤਰ। ਭਰਾ ਜੀ ਹੈ ਨੇ ਏਥੇ। ਆਪੇ ਸਾਂਭ ਲੈਣਗੇ।'

ਅਸਲ 'ਚ, ਕ੍ਰਿਪਾਲ ਆਪਣੀ ਧੀ ਨੂੰ ਠੀਕ ਨਹੀਂ ਸੀ ਸਮਝਦਾ। ਉਹਨੂੰ ਕਿਹਾ ਕਰਦਾ ਸੀ, 'ਆਰਾਮ ਨਾਲ ਬੈਠੀ ਰਹੁ। ਸਿਆਣੀ ਉਮਰ ਨੇ। ਕਿੰਨਾ ਚਿਰ ਕੱਢਣਗੇ? ਏਸੇ ਘਰ 'ਚ ਰਹਿੰਦੀ-ਰਹਿੰਦੀ ਤੂੰ ਵੱਖ ਹੋ ਜਾਏਂਗੀ। ਹੋਰ ਘਰ ਨਹੀਂ ਬਣਾਣਾ ਪਏਗਾ।' ਪਰ ਪਾਲੀ ਤੋਂ ਸਬਰ ਨਹੀਂ ਸੀ ਹੁੰਦਾ।

'ਕ੍ਰਿਪਾਲ, ਤੂੰ ਚਲ ਦਫ਼ਤਰ', ਗੁਰਦਿਆਲ ਨੇ ਸਾਲੀ ਦੀ ਪ੍ਰੋੜ੍ਹਤਾ ਕੀਤੀ। 'ਮੈਂ ਬਹਿਨਾਂ ਪਾਲੀ ਕੋਲ।'

'ਪਰ, ਭਰਾ ਜੀ, ਤੁਸੀਂ ਤਾਂ ਦਿੱਲੀ ਨੂੰ ਨਿਕਲਣੈਂ?'

'ਮੇਰੀ ਛੱਡ ਯਾਰ। ਚਲ ਮੈਂ ਨਹੀਂ ਜਾਂਦਾ ਦਿੱਲੀ ਅਜੇ। ਮੈਂ ਪਾਲੀ ਨੂੰ ਇੰਜ ਰੋਂਦਿਆਂ ਛੱਡ ਕੇ ਨਹੀਂ ਜਾ ਸਕਦਾ। ਮੈਂ ਕਲ੍ਹ ਚਲਾ ਜਾਵਾਂਗਾ। ਲਿਆ ਦੀਪਾਂ ਨੂੰ ਦੱਸ ਵੀ ਦੇਨਾਂ।'

ਗੁਰਦਿਆਲ ਨੇ ਫ਼ੋਨ ਕੱਢਿਆ ਤੇ ਪਤਨੀ ਨਾਲ ਗੱਲ ਕੀਤੀ। ਉਹਨੂੰ ਸਾਰਾ ਕੁਝ ਦੱਸ ਦਿੱਤਾ। ਫ਼ੋਨ ਬੰਦ ਕਰ ਉਹ ਪਾਲੀ ਨੂੰ ਸੰਬੋਧਨ ਹੋਇਆ,

'ਸੁਣ ਕੁੜੀਏ, ਤੇਰੀ ਮਾਸੀ ਕਹਿੰਦੀ ਏ, ਪਾਲੀ ਨੂੰ ਨਾਲ ਲੈ ਆਓ ਕੁਝ ਦਿਨਾਂ ਲਈ। ਮੈਂ ਦੋ-ਚਾਰ ਦਿਨਾਂ ਨੂੰ ਫੇਰ ਚੰਡੀਗੜ੍ਹ ਆਉਣੈਂ। ਮੇਰੇ ਨਾਲ ਵਾਪਸ ਆ ਜਾਈਂ। ਦੋ-ਚਾਰ ਦਿਨ ਵਾਪਸ ਨਹੀਂ ਜਾਏਂਗੀ ਤਾਂ ਆਪੇ ਸਿੱਧੇ ਹੋ ਜਾਣਗੇ। ਚਲ ਹੋ ਜਾ ਤਿਆਰ।'

'ਨਹੀਂ ਮਾਸੜ ਜੀ, ਮੈਂ ਜੱਗੀ ਨੂੰ ਏਥੇ ਛੱਡ ਕੇ ਨਹੀਂ ਜਾ ਸਕਦੀ। ਉਹਨੂੰ ਵੀ ਨਾਲ ਲੈ ਜਾਓ।'



'ਹਾਂ, ਉਹ ਵੀ ਚੱਲੇ। ਪੁੱਛ ਲੈ ਉਹਨੂੰ। ਕਰ ਲੈ ਸੂ ਦਫ਼ਤਰ ਫ਼ੋਨ। ਚਲ ਅੱਜ ਨਹੀਂ ਜਾਂਦੇ। ਕਲ੍ਹ ਸਵੇਰੇ ਚਲੇ ਜਾਵਾਂਗੇ। ਤੀਜੇ ਚੌਥੇ ਦਿਨ ਵਾਪਸ ਆ ਜਾਂਗੇ।'

'ਤੁਸੀਂ ਤਾਂ ਜਾਓ ਨਾ', ਲਾਡੀ ਆਪਣੇ ਪਤੀ ਨੂੰ ਪਈ, 'ਕਿਉਂ ਲੇਟ ਹੁੰਦੇ ਹੋ? ਜੋ ਹੋਇਆ, ਤੁਹਾਨੂੰ ਫ਼ੋਨ 'ਤੇ ਦੱਸ ਦਿਆਂਗੀ। ਦਫ਼ਤਰ।'

ਕ੍ਰਿਪਾਲ ਆਪਣੀ ਤਿਆਰੀ ਪੂਰੀ ਕਰਨ ਅੰਦਰ ਚਲਾ ਗਿਆ। ਪਾਲੀ ਨੇ ਗੁਰਦਿਆਲ ਦੇ ਮੋਢੇ 'ਤੇ ਸਿਰ ਰਖਿਆ ਤੇ ਅੱਖਾਂ ਮੀਟ ਲਈਆਂ। ਅਜੇ ਪਤੀ ਨੂੰ ਫ਼ੋਨ ਨਾ ਕੀਤਾ। ਲਾਡੀ ਨੇ ਮੇਜ਼ ਤੋਂ ਦਿੱਲੀ ਜਾਣ ਵਾਲੇ ਪਰੌਂਠੇ ਚੁੱਕੇ ਤੇ ਫਰਿੱਜ 'ਚ ਰਖ ਦਿਤੇ।

#

ਤਿੰਨੇ ਓਥੇ ਹੀ ਬੈਠੇ ਰਹੇ। ਸਲਾਹਵਾਂ ਹੁੰਦੀਆਂ ਰਹੀਆਂ। ਪਾਲੀ ਨੇ ਮਾਸੜ ਨੂੰ ਵਿਸਥਾਰ ਨਾਲ ਦੱਸਿਆ, ਸਵੇਰੇ ਕੀ ਹੋਇਆ ਸੀ। ਕਿਵੇਂ ਸੱਸ ਦਾ ਕਿਹਾ ਸੁਣ ਉਹ ਉਬਲ ਪਈ ਸੀ ਤੇ ਉੱਠ ਕੇ ਮੰਮੀ ਕੋਲ ਆ ਗਈ ਸੀ। ਉਹਨੇ ਆਪਣਾ ਆਮਲੇਟ ਵੀ ਪੂਰਾ ਨਹੀਂ ਸੀ ਖਾਧਾ। ਵਿਥਿਆ ਸੁਣਾਉਂਦਿਆਂ ਉਹਦੇ ਅੱਥਰੂ ਫੇਰ ਵਹਿ ਤੁਰੇ। ਹੁਣ ਉਹਨੂੰ ਪੁਚਕਾਰਨ ਵਾਲੇ ਦੋ ਜਣੇ ਸਨ। ਬੜੀ ਪੁਚ-ਪੁਚ ਹੋਈ। ਅਖ਼ੀਰ ਵਰਚ ਪਈ ਨੇ ਮਾਸੜ ਨੂੰ ਪ੍ਰੇਰਨ ਲੱਗੀ,

'ਤੁਸੀਂ ਮਿਲੋ ਜਾ ਕੇ ਮੇਰੇ ਸੁਹਰੇ ਨੂੰ। ਤੁਹਾਡੇ ਤੋਂ ਘਬਰਾਉਂਦੇ ਨੇ। ਪੁੱਛੋ ਨੇ, ਵਿਆਹ ਨੂੰ ਤਿੰਨ ਸਾਲ ਹੋ ਗਏ ਨੇ, ਆਪਣਾ ਵਾਇਦਾ ਪੂਰਾ ਕਿਉਂ ਨਹੀਂ ਜੇ ਕੀਤਾ? ਕੁੜੀ ਹੋਰ ਕਿੰਨਾ ਚਿਰ ਉਡੀਕੇ?'

ਗੁਰਦਿਆਲ ਨੇ ਮੁਸਕਰਾ ਛੱਡਿਆ। ਉਹਨੂੰ ਏਸੇ ਵੇਲੇ, ਤੱਤੇ ਤਾਅ, ਕੁੜੀ ਦੇ ਘਰ ਜਾ ਪਹੁੰਚਣ ਵਿਚ ਕੋਈ ਤੁਕ ਨਹੀਂ ਸੀ ਲਗਦੀ। ਸਹੁਰਾ ਤਾਂ ਸਾਊ ਸੀ। ਅਸਲ ਚੀਜ਼ ਤਾਂ ਸੱਸ ਸੀ। ਫ਼ੌਲਾਦ ਦੀ ਬਣੀ ਹੋਈ। ਉਹਨੇ ਐਵੇਂ ਨਹੀਂ ਸੀ ਲਿਫਣਾ। ਉਹਦੇ ਲਈ ਤਾਂ ਕੋਈ ਜੁਗਤ ਵਰਤਣੀ ਪੈਣੀ ਸੀ। ਕੁਝ ਸੋਚ ਲਈਏ। ਉਹ ਪਾਲੀ ਨੂੰ ਸਮਝਾਉਣ ਲੱਗਾ,

'ਵੇਖ ਕੁੜੀਏ, ਕਲ੍ਹ ਸਵੇਰੇ ਤਾਂ ਮੈਂ ਦਿੱਲੀ ਚਲਾ ਜਾਵਾਂਗਾ। ਦੋ-ਚਾਰ ਦਿਨਾਂ 'ਚ ਵਾਪਸ ਆ ਜਾਵਾਂਗਾ ਤੇ ਫੇਰ ਮਹੀਨਾ ਭਰ ਰੋਪੜੋਂ ਨੇੜੇ ਸੁਜਾਨਗੜ੍ਹ ਰਹਾਂਗਾ। ਚੰਡੀਗੜ੍ਹ ਆਂਦਾ-ਜਾਂਦਾ ਰਹਾਂਗਾ। ਉਸ ਸਮੇਂ ਤੇਰੀ ਸਮੱਸਿਆ ਦਾ ਵੀ ਕੋਈ ਹੱਲ ਲੱਭਾਂਗਾ। ਤੂੰ ਅਜੇ ਕਾਹਲੀ ਨਾ ਪੌ। ਏਥੇ ਰਹੁ ਅਜੇ। ਮੰਮੀ ਕੋਲ। ਸ਼ਾਮੀਂ ਜੱਗੀ ਨੂੰ ਸੱਦ ਲਈਂ। ਉਹਦੇ ਨਾਲ ਵਾਪਸ ਘਰ ਚਲੀ ਜਾਈਂ।'

'ਨਹੀਂ, ਮਾਸੜ ਜੀ, ਮੇਂ ਓਨਾ ਚਿਰ ਵਾਪਸ ਨਹੀਂ ਜਾਵਾਂਗੀ, ਜਿੰਨਾ ਚਿਰ ਸਾਨੂੰ ਵੱਖ ਕਰਨ ਦਾ ਕੋਈ ਫ਼ੈਸਲਾ ਨਹੀਂ ਹੋ ਜਾਂਦਾ। ਅਜੇ ਮੈਂ ਮੰਮੀ ਕੋਲ ਹੀ ਰਹਾਂਗੀ...'

'ਤੇ ਜੱਗੀ?' ਗੁਰਦਿਆਲ ਨੇ ਪੁੱਛਿਆ।

'ਉਹਨਾਂ ਨੂੰ ਕਹਾਂਗੀ, ਏਥੇ ਆ ਜਾਣ। ਮੰਮੀ, ਤੁਸੀਂ ਸਾਨੂੰ ਉਪਰ ਠੀਕ ਕਿਉਂ ਨਹੀਂ ਕਰਾ ਦੇਂਦੇ? ਅਸੀਂ ਓਥੇ ਰਹਿ ਲਾਂਗੇ।'

'ਕਰਾ ਦੇਣੀ ਹਾਂ', ਲਾਡੀ ਨੇ ਧੀ ਦੀ ਹਾਂ 'ਚ ਹਾਂ ਮਿਲਾਈ। 'ਉਪਰ ਇਹ ਤੁਹਾਡਾ ਹੀ ਏ। ਮੇਰੇ ਵਲੋਂ ਹੁਣੇ ਹੀ ਲੈ ਲਵੋ', ਲਾਡੀ ਨੇ ਹੋਰ ਲਾਡ ਲਡਾਇਆ।

ਘਰ ਦੀ ਪੂਰੀ ਬਣੀ ਹੋਈ ਉਪਰਲੀ ਮੰਜ਼ਲ ਅਜੇ ਪਿੱਛੇ ਜਿਹੇ ਹੀ ਖ਼ਾਲੀ ਹੋਈ ਸੀ। ਅੱਜ ਦੁਬਾਰਾ ਕਿਰਾਏ 'ਤੇ ਨਹੀਂ ਸੀ ਚੜ੍ਹੀ।

'ਮੇਰੀ ਮੰਨੋ ਤਾਂ', ਲਾਡੀ ਨੇ ਚੁੱਕ ਦਿੱਤੀ, 'ਜਿੰਨਾ ਚਿਰ ਤੁਹਾਡਾ ਆਪਣਾ ਘਰ ਤਿਆਰ ਨਹੀਂ ਹੁੰਦਾ, ਏਥੇ ਰਹੀ ਜਾਓ।'

'ਮੰਮੀ, ਪਹਿਲੋਂ ਇਹ ਤਾਂ ਮੰਨਣ।'

'ਇਹਨੂੰ ਸ਼ਾਮੀਂ ਬੁਲਾ ਲੈ ਏਥੇ', ਗੁਰਦਿਆਲ ਨੇ ਸਲਾਹ ਦਿੱਤੀ, 'ਮੈਂ ਵੀ ਗੱਲ ਕਰਾਂਗਾ ਉਹਦੇ ਨਾਲ।'

'ਮਾਸੜ ਜੀ, ਮੇਰੇ ਬੁਲਾਇਆਂ ਨਹੀਂ ਆਉਣਗੇ। ਮੈਂ ਸਵੇਰੇ ਉਹਨਾਂ ਨੂੰ ਪੁੱਛਿਆਂ ਬਿਨਾਂ ਆ ਗਈ ਸਾਂ। ਨਾਸ਼ਤਾ ਵਿੱਚੇ ਛਡ ਕੇ ਉੱਠ ਪਈ ਸਾਂ। ਅਜੇ ਉਹ ਮੇਰੇ ਨਾਲ ਨਰਾਜ਼ ਹੋਣਗੇ। ਜੇ ਮੈਂ ਫ਼ੋਨ ਕੀਤਾ, ਉਹ ਨਹੀਂ ਚੁੱਕਣਗੇ।'

'ਉਹਨੂੰ ਕਹਿ, ਮੈਂ ਆਇਆ ਹੋਇਆਂ', ਗੁਰਦਿਆਲ ਨੇ ਤਰਕੀਬ ਦੱਸੀ, 'ਤੈਨੂੰ ਮਿਲਣਾ ਚਾਹੁਨਾਂ।'

'ਨਹੀਂ, ਮਾਸੜ ਜੀ, ਉਹ ਮੇਰੇ ਨਾਲ ਗੱਲ ਨਹੀਂ ਕਰਨਗੇ। ਤੁਸੀਂ ਆਪ ਕਰੋ ਫੋਨ। ਤੁਹਾਡੇ ਸੱਦਿਆਂ ਆ ਜਾਣਗੇ।'

ਗੁਰਦਿਆਲ ਦਾ ਦਿਲ ਨਹੀਂ ਸੀ ਮੰਨ ਰਿਹਾ, ਪਰ ਪਾਲੀ ਲਈ ਉਹ ਕੁਝ ਵੀ ਕਰ ਸਕਦਾ ਸੀ। ਜੇ ਇਹ ਕਹੀਏ ਕਿ ਪਾਲੀ 'ਚ ਉਹਦੀ ਜਾਨ ਸੀ, ਤਾਂ ਇਹ ਠੀਕ ਨਹੀਂ ਸੀ। ਪਰ ਉਹਦੀ ਕੁਝ ਕੁ ਜਾਨ ਤਾਂ ਉਹਦੇ 'ਚ ਹੈ ਸੀ। ਉਹਨੂੰ ਉਹ ਆਪਣੀ ਧੀ ਸਮਝਦਾ ਸੀ। ਉਹ ਆਪ ਫ਼ੋਨ ਕਰਨ ਨੂੰ ਤਿਆਰ ਹੋ ਗਿਆ। ਉਹ ਦੋਵਾਂ ਦੀ ਆਪਸੀ ਰੰਜਸ਼ ਵੀ ਮਿਟਾਉਣਾ ਚਾਹੁੰਦਾ ਸੀ। ਉਹਨੇ ਪਾਲੀ ਤੋਂ ਨੰਬਰ ਲਿਆ ਤੇ ਮਿਲਾਇਆ।

'ਜੱਗੀ', ਉਹਨੇ ਆਵਾਜ਼ 'ਚ ਅਪਣੱਤ ਭਰਦਿਆਂ ਆਖਿਆ, 'ਵੇਖ ਬੱਚੇ, ਮੈਂ ਏਥੇ ਆਇਆ ਹੋਇਆਂ। ਸਵੇਰੇ ਵਾਪਸ ਦਿੱਲੀ ਚਲਾ ਜਾਣੈਂ। ਜਾਣ ਤੋਂ ਪਹਿਲਾਂ ਤੈਨੂੰ ਮਿਲਣਾ ਜ਼ਰੂਰ ਏ। ਤੂੰ ਇੰਜ ਕਰ, ਸ਼ਾਮੀਂ ਦਫ਼ਤਰੋਂ ਘਰ ਜਾਂਦਾ ਮੈਨੂੰ ਮਿਲਦਾ ਜਾਈਂ।'

ਜੱਗੀ ਨਾਂਹ ਨਾ ਕਰ ਸਕਿਆ। ਆਵਾਜ਼ ਤੋਂ ਭਾਵੇਂ ਲੱਗਦਾ ਸੀ ਕਿ ਆਉਣਾ ਉਹਨੂੰ ਏਡਾ ਸੌਖਾ ਨਹੀਂ ਸੀ ਲੱਗ ਰਿਹਾ।



#

ਜਗਜੀਤ ਸ਼ਾਮੀਂ ਆ ਗਿਆ। ਪਾਲੀ ਉਹਦੇ ਸਾਹਮਣੇ ਨਾ ਹੋਈ। ਉਹਦੀਆਂ ਨਜ਼ਰਾਂ ਉਹਨੂੰ ਟੋਲਦੀਆਂ ਰਹੀਆਂ। ਉਹਦੇ ਕੋਲ ਗੁਰਦਿਆਲ ਤੇ ਲਾਡੀ ਸਨ। ਲਾਡੀ ਤਾਂ ਉਹਦੀਆਂ ਖ਼ਾਤਰਾਂ 'ਚ ਲੱਗੀ ਰਹੀ। ਗੁਰਦਿਆਲ ਗੱਲੀਂ ਲੱਗਾ ਰਿਹਾ। ਉਹਨੇ ਉਹਨੂੰ ਦੱਸਿਆ, ਕਿਵੇਂ ਉਹ ਪਾਰਸ ਨੂੰ ਮਿਲਣ ਆਇਆ ਸੀ ਤੇ ਕਿਵੇਂ ਚੋਣਾਂ 'ਚ ਉਹਦੀ ਡਿਊਟੀ ਸੁਜਾਨਗੜ੍ਹ ਲੱਗ ਗਈ ਸੀ ਤੇ ਕਿਵੇਂ ਉਹਨੇ ਮਹੀਨਾ ਭਰ ਉਥੇ ਠਹਿਰਨਾ ਸੀ ਤੇ ਉਥੋਂ ਚੰਡੀਗੜ੍ਹ ਆਉਂਦੇ-ਜਾਉਂਦੇ ਰਹਿਣਾ ਸੀ। ਉਹਨੇ ਜਗਜੀਤ ਤੋਂ ਉਹ ਸਵਾਲ ਵੀ ਪੁੱਛਿਆ, ਜਿਹੜਾ ਅੱਜਕਲ ਬਾਹਰੋਂ ਆਇਆ ਹਰ ਕੋਈ ਪੁੱਛਦਾ ਸੀ। ਇਹ ਕਿ ਪੰਜਾਬ ਦੀ ਹਵਾ ਕਿੱਧਰ ਵਗ ਰਹੀ ਏ। ਜਗਜੀਤ ਦਾ ਜਵਾਬ ਸੀ ਕਿ ਹਵਾ ਤਾਂ ਕੇਸਰੀ ਦਲ ਦੇ ਖ਼ਿਲਾਫ਼ ਵਗ ਰਹੀ ਲਗਦੀ ਏ।

'ਵੈਸੇ, ਮਾਸੜ ਜੀ, ਹਵਾ ਦਾ ਕੁਝ ਪਤਾ ਨਹੀਂ ਜੇ ਲਗਦਾ। ਅਖ਼ੀਰ ਨਿਰਭਰ ਏਸ ਗਲ 'ਤੇ ਕਰਦੈ ਕਿ ਕਿਸ ਹਲਕੇ 'ਚ ਕੌਣ ਖੜੈ ਤੇ ਉਹਦੇ ਮੁਕਾਬਲੇ 'ਚ ਹੋਰ ਕੌਣ ਖੜੇ ਨੇ।'

ਜਗਜੀਤ ਦੀ ਟਿੱਪਣੀ ਕਿਸੇ ਹੰਢੇ-ਵਰਤੇ ਟਿੱਪਣੀਕਾਰ ਵਰਗੀ ਸੀ। ਨਾ ਏਧਰ ਸੀ, ਨਾ ਉਧਰ। ਉਸ ਕਿਹਾ ਵੀ ਬੇ-ਦਿਲੀ ਨਾਲ ਸੀ। ਅਖ਼ੀਰ ਉਹ ਪੁੱਛਣੋਂ ਨਾ ਰਹਿ ਸਕਿਆ, ਜੋ ਉਹ ਅੰਦਰ ਵੜਨ ਸਮੇਂ ਹੀ ਪੁੱਛਣਾ ਚਾਹੁੰਦਾ ਸੀ।

'ਪਾਲੀ ਨਹੀਂ ਏਥੇ?'

'ਏਥੇ ਹੀ ਏ', ਜਵਾਬ ਲਾਡੀ ਨੇ ਦਿੱਤਾ। 'ਸਿਰ ਪੀੜ ਹੋ ਰਹੀ ਸੂ। ਲੇਟੀ ਹੋਈ ਏ ਅੰਦਰ।'

'ਮੰਮੀ, ਉਹਨੂੰ ਸਮਝਾਉਂਦੇ ਕਿਉਂ ਨਹੀਂ ਤੁਸੀਂ?' ਜਗਜੀਤ ਨੇ ਜਿਵੇਂ ਉਲਾਂਭਾ ਦਿੱਤਾ।

'ਕਾਕਾ, ਮੈਂ ਤਾਂ ਉਹਨੂੰ ਬੜਾ ਸਮਝਾਣੀ ਹਾਂ। ਪਰ ਨਿਰਾ ਸਮਝਾਣ ਨਾਲ ਤਾਂ ਗੱਲ ਨਹੀਂ ਬਣਦੀ। ਤੂੰ ਵੀ ਤਾਂ ਭੈਣ ਜੀ ਨੂੰ ਕਹਿ ਕਿ ਐਵੇਂ ਬੱਚੀ ਦਾ ਦਿਲ ਨਾ ਤੋੜਿਆ ਕਰਨ। ਕਦੀ ਉਹਦਾ ਕਿਹਾ ਰੱਖ ਵੀ ਲੈਣ। ਅਖ਼ੀਰ ਉਹ ਉਹਨਾਂ ਦੀ ਇਕੋ ਇਕ ਨੂੰਹ ਏ।'

ਜਗਜੀਤ ਲਾ-ਜਵਾਬ ਹੋ ਗਿਆ। ਕਹਿਣ ਲੱਗਾ,

'ਮੰਮੀ, ਤੁਹਾਨੂੰ ਪਤੈ, ਉਹਨਾਂ ਦਾ ਸੁਭਾ ਹੀ ਇਹੋ ਜਿਹੈ। ਅੰਦਰੋਂ ਉਹ ਪਾਲੀ ਨੂੰ ਬੜਾ ਪਿਆਰ ਕਰਦੇ ਨੇ...'

'ਸਵਾਹ ਕਰਦੇ ਨੇ!' ਅੰਦਰੋਂ ਕਿਤੋਂ ਪਾਲੀ ਦੀ ਆਵਾਜ਼ ਉੱਚੀ ਹੋਈ। ਉਹ ਬੂਹੇ ਪਿੱਛੇ ਖੜੀ ਸਭ ਕੁਝ ਸੁਣ ਰਹੀ ਸੀ। ਫੇਰ ਉਹ ਭੁੜਕ ਕੇ ਬਾਹਰ

ਆ ਗਈ। ਉਹਨੇ ਪਤੀ ਨੂੰ ਲਾ ਕੇ ਪੁੱਛਿਆ, 'ਜੋ ਸਵੇਰੇ ਕੀਤਾ ਨੇ, ਉਹਨੂੰ ਵੀ ਪਿਆਰ ਹੀ ਸਮਝਾਂ ਨਾ?'

ਜਗਜੀਤ ਨੇ ਅੱਗੋਂ ਗੁੱਸਾ ਨਾ ਖਾਧਾ। ਸਗੋਂ ਸਮਝਾਉਣ ਲੱਗਾ, 'ਪਾਲੀ, ਤੈਨੂੰ ਪਤੈ, ਮੰਮੀ ਛਿੱਥੇ ਪੈ ਜਾਂਦੇ ਨੇ। ਡਾਇਬਟੀਜ਼ ਨੇ। ਪਿਛਲੇ ਤੀਹ ਸਾਲਾਂ ਤੋਂ। ਬੜਾ ਮੂਜ਼ੀ ਮਰਜ਼ ਏ। ਬੰਦੇ ਦਾ ਦਿਮਾਗ਼ ਟਿਕਾਣੇ ਨਹੀਂ ਰਹਿਣ ਦੇਂਦਾ। ਫੇਰ ਨਾਲ ਬਲੱਡ ਪ੍ਰੈਸ਼ਰ ਵੀ ਨੇ। ਏਨਾ ਹੀ ਸ਼ੁਕਰ ਏ ਕਿ ਟੁਰਦੇ-ਫਿਰਦੇ ਨੇ। ਤੈਨੂੰ ਉਹਨਾਂ ਦਾ ਕਿਹਾ ਦਿਲ ਨੂੰ ਨਹੀਂ ਲਾਣਾ ਚਾਹੀਦਾ। ਇਕ ਕੰਨੋਂ ਸੁਣ, ਦੂਜੇ ਕੰਨੋਂ ਕੱਢ ਦਿਆ ਕਰ। ਤੇਰੇ ਸਾਹਮਣੇ ਰੋਜ਼ ਮੈਂ ਵੀ ਤਾਂ ਇਹੋ ਕਰਨਾ।'

ਗੁਰਦਿਆਲ ਚੁੱਪ-ਚਾਪ ਸੁਣ ਰਿਹਾ ਸੀ। ਉਹਨੇ ਵੇਖਿਆ, ਜਗਜੀਤ ਮਾਂ ਦੀ ਵਕਾਲਤ ਤਾਂ ਕਰ ਰਿਹਾ ਸੀ, ਪਰ ਉਹਨੂੰ ਠੀਕ ਨਹੀਂ ਠਹਿਰਾ ਰਿਹਾ। ਮਾੜਾ ਜਿਹਾ ਉਹਨੇ ਵੀ ਪੁੱਛ ਲਿਆ,

'ਬ੍ਰਿਗੇਡੀਅਰ ਸਾਹਿਬ ਨਹੀਂ ਕੁਝ ਕਹਿੰਦੇ?'

'ਮਾਸੜ ਜੀ, ਕਹਿਣ ਨਾ ਕਹਿਣ, ਉਹਨਾਂ ਦੀ ਹਮਦਰਦੀ ਪਾਲੀ ਨਾਲ ਏ। ਉਹ ਮੰਮੀ ਨੂੰ ਠੀਕ ਨਹੀਂ ਸਮਝਦੇ। ਪਾਲੀ ਨੂੰ ਬੜਾ ਪਿਆਰ ਕਰਦੇ ਨੇ। ਇਹਨੂੰ ਧੀ ਸਮਝਦੇ ਨੇ ਆਪਣੀ। ਪਰ ਮਜਬੂਰ ਨੇ। ਮੰਮੀ ਬੀਮਾਰ ਰਹਿੰਦੇ ਨੇ। ਸ਼ੂਗਰ ਕੰਟਰੋਲ ਨਹੀਂ ਨੇ ਹੁੰਦੀ। ਉਹ ਉਹਨਾਂ 'ਤੇ ਦਬਾਅ ਵਧਾਣਾ ਨਹੀਂ ਚਾਹੁੰਦੇ। ਮਾਸੜ ਜੀ', ਜਗਜੀਤ ਆਪਣੇ ਕਹੇ 'ਤੇ ਜ਼ੋਰ ਪਾਉਂਦਿਆਂ ਬੋਲਿਆ, 'ਪਾਲੀ ਨੂੰ ਉਥੇ ਕੋਈ ਤਕਲੀਫ਼ ਨਹੀਂ। ਘਰ ਬਹੁਤ ਵੱਡੈ। ਚਾਹੇ ਤਾਂ ਆਪਣੇ ਪਾਸੇ ਹੀ ਰਹੇ। ਆਪਣੇ ਆਪ ਨੂੰ ਵੱਖ ਸਮਝ ਲਵੇ। ਉਹਨੂੰ ਕਿਸੇ ਦੇ ਸਾਹਮਣੇ ਹੋਣ ਦੀ ਲੋੜ ਨਹੀਂ। ਮੈਨੂੰ ਤਾਂ ਵੱਖ ਹੋਣ 'ਚ ਕੋਈ ਤੁਕ ਨਹੀਂ ਲੱਗਦੀ...'

'ਨਹੀਂ, ਜੱਗੀ, ਓਥੇ ਵੱਖ ਨਹੀਂ ਹੋਇਆ ਜਾ ਸਕਦਾ', ਪਾਲੀ ਨੇ ਪਤੀ ਨੂੰ ਝੁਠਲਾ ਦਿੱਤਾ, 'ਮੰਮੀ ਹਰ ਚੀਜ਼ 'ਚ ਦਖ਼ਲ ਦੇਂਦੇ ਨੇ।'

'ਤੂੰ ਦਖ਼ਲ ਨਾ ਸਮਝ। ਪਾਸੇ ਹੋ ਜਾਇਆ ਕਰ। ਬੜੀ ਥਾਂ ਏ ਪਾਸੇ ਹੋਣ ਨੂੰ...'

'ਪਾਸੇ ਹੋਣ ਦੇਣ ਤਾਂ...'

'ਉਹ ਤੇਰਾ ਕੋਈ ਰਾਹ ਰੋਕਦੇ ਨੇ! ਪਾਲੀ, ਐਵੇਂ ਗੱਲ ਨੂੰ ਵੱਡੀ ਨਾ ਬਣਾ। ਸੁਣ ਕੇ ਅਣ-ਸੁਣੀ ਕਰ ਦਿਆ ਕਰ।'

'ਛੱਡੋ ਤੁਸੀਂ...' ਪਾਲੀ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਹੋਰ ਪਾਸੇ ਟੁਰ ਪਈ,

'ਮੈਨੂੰ ਵੀ ਕੋਈ ਨੌਕਰੀ ਕਿਉਂ ਨਹੀਂ ਲੱਭ ਦੇਂਦੇ? ਸਵੇਰੇ ਤੁਹਾਡੇ ਨਾਲ ਜਾਵਾਂ ਤੇ ਸ਼ਾਮੀਂ ਤੁਹਾਡੇ ਨਾਲ ਵਾਪਸ ਆਵਾਂ...'



'ਜੇ ਏਡਾ ਸ਼ੌਕ ਈ ਤਾ ਲੱਭ ਦਿਆਂਗਾ।'

'ਪਰ ਮੰਮੀ ਕਰਨ ਦੇਣਗੇ ਨੌਕਰੀ?' ਪਾਲੀ ਨੇ ਮੂਲ ਸਵਾਲ ਪੁੱਛ ਲਿਆ। ਜਗਜੀਤ ਕੋਈ ਜਵਾਬ ਨਾ ਦੇ ਸਕਿਆ। ਚੁੱਪ ਰਿਹਾ। ਗੁਰਦਿਆਲ ਨੇ ਉਹਨੂੰ ਇਕ ਹੋਰ ਪਾਸਿਉਂ ਟੋਹਿਆ,

'ਜੱਗੀ, ਜੇ ਨਵੇਂ ਘਰ ਲਈ ਲੋਨ ਦੀ ਲੋੜ ਹੋਵੇ, ਤਾਂ ਮੈਂ ਦਵਾ ਸਕਨਾਂ। *ਪੰਜਾਬ ਐਂਡ ਸਿੰਧ ਬੈਂਕ* ਦੇ ਡਾਇਰੈਕਟਰ ਮੇਰੇ ਦੋਸਤ ਨੇ...'

'ਨਹੀਂ, ਮਾਸੜ ਜੀ, ਏਸ ਮਾਮਲੇ 'ਚ ਪਾਪਾ ਪੁਰਾਣੇ ਖ਼ਿਆਲਾਂ ਦੇ ਨੇ। ਕਰਜ਼ ਨਹੀਂ ਲੈਣਗੇ। ਕਰਜ਼ ਨੂੰ ਉਹ ਹੱਤਕ ਸਮਝਦੇ ਨੇ। ਸਾਡਾ ਪੈਸਾ ਕਿਤੇ ਫਸਿਆ ਹੋਇਐ। ਜਦੋਂ ਹੀ ਉਹ ਨਿਕਲ ਆਇਆ, ਅਸੀਂ ਘਰ ਸ਼ੁਰੂ ਕਰ ਲਾਂਗੇ। ਪਲਾਟ ਹੈ। ਨਕਸ਼ਾ ਪਾਸ ਏ। ਸਭ ਕੁਝ ਤਿਆਰ ਏ। ਪਾਪਾ ਕਹਿੰਦੇ ਨੇ, ਨਵੀਂ ਕੋਠੀ ਏਸ ਤਰ੍ਹਾਂ ਬਣਾਵਾਂਗੇ ਕਿ ਇਕੋ ਘਰ 'ਚ ਦੋ ਘਰ ਹੋਣਗੇ। ਇਕ ਪਰਵਾਰ 'ਚ ਦੋ ਪਰਵਾਰਾਂ ਵਾਂਗ ਰਹਿ ਸਕਾਂਗੇ। ਇੰਜ ਹੇਠਲੀ ਮੰਜ਼ਿਲ 'ਤੇ ਹੋਏਗਾ। ਉਪਰਲੀ ਮੰਜ਼ਿਲ ਵੀ ਬਣੇਗੀ। ਉਹ ਕਿਸੇ ਵੱਡੀ ਕੰਪਨੀ ਨੂੰ ਕਿਰਾਏ 'ਤੇ ਦੇ ਦਿਆਂਗੇ। ਹੁਣ ਵਾਲੀ ਕੋਠੀ ਵੇਚ ਦਿਆਂਗੇ। ਮਾਸੜ ਜੀ, ਸਾਡਾ ਨਕਸ਼ਾ ਇਕ ਨੌਜਵਾਨ ਆਰਕੀਟੈਕਟ ਨੇ ਬਣਾਇਐ। ਉਹ ਫ਼ਰਾਂਸ ਦਾ ਪੜ੍ਹਿਆ ਹੋਇਐ। ਬਹੁਤ ਵਧੀਆ ਨਕਸ਼ੈ। ਇਕ ਘਰ 'ਚ ਦੋ ਘਰ ਦੀਆਂ ਲੋੜਾਂ ਕਮਾਲ ਤਰੀਕੇ ਨਾਲ ਪੂਰੀਆਂ ਕਰਦੈ। ਮੰਮੀ ਆਪਣੀ ਥਾਂ ਖੁਸ਼ ਰਹਿਣਗੇ ਤੇ ਪਾਲੀ ਆਪਣੀ ਥਾਂ।'

'ਨਕਸ਼ਾ ਵੇਖਾਂਗਾ ਮੈਂ ਵੀ, ਜਦੋਂ ਅਗਲੀ ਵਾਰ ਭਾਈ ਸਾਹਿਬ ਨੂੰ ਮਿਲਣ ਆਇਆ', ਗੁਰਦਿਆਲ 'ਤੇ ਪ੍ਰਭਾਵ ਪੈ ਗਿਆ।

'ਨਕਸ਼ਾ ਤਾਂ, ਮਾਸੜ ਜੀ, ਵਧੀਐ', ਪਾਲੀ ਨੇ ਵੀ ਮੰਨ ਲਿਆ, 'ਪਰ ਕੁਝ ਬਣਨਾ ਤਾਂ ਸ਼ੁਰੂ ਹੋਵੇ...'

'ਉਨਾ ਚਿਰ ਏਥੇ ਉਪਰ ਕਿਉਂ ਨਹੀਂ ਰਹਿ ਲੈਂਦੇ,' ਲਾਡੀ ਬੋਲ ਪਈ, 'ਮੈਂ ਸਭ ਕੁਝ ਠੀਕ ਕਰਾ ਦੇਣੀ ਹਾਂ।'

'ਨਹੀਂ ਮੰਮੀ, ਇੰਜ ਨਹੀਂ ਕੀਤਾ ਜਾ ਸਕਦਾ।' ਜਗਜੀਤ ਨੂੰ ਕੋਈ ਚਾਅ ਨਾ ਚੜ੍ਹਿਆ, 'ਮੰਮੀ ਡੈਡੀ ਨੂੰ ਚੰਗਾ ਨਹੀਂ ਲੱਗੇਗਾ। ਸੱਚ ਪੁੱਛੋ ਤਾਂ ਮੈਂ ਆਪਣੇ ਮਾੜੇ ਜਿਹੇ ਸੁਖ ਲਈ ਉਹਨਾਂ ਨੂੰ ਦੁੱਖ ਨਹੀਂ ਦੇ ਸਕਦਾ। ਮੈਨੂੰ ਇੰਜ ਸੋਚਣਾ ਵੀ ਪਾਪ ਲਗਦੈ। ਬ੍ਰਿਧ ਅਵੱਸਥਾ ਨੇ। ਇਕੋ ਇਕ ਪੁੱਤਰ ਹਾਂ ਮੈਂ ਉਹਨਾਂ ਦਾ। ਏਸ ਵੇਲੇ ਮੈਂ ਉਹਨਾਂ ਨੂੰ ਨਿਆਸਰਾ ਕਿਵੇਂ ਕਰ ਸਕਨਾਂ।'

ਏਸ ਵਿਆਖਿਆ ਦਾ ਪਾਲੀ ਉਤੇ ਕੋਈ ਅਸਰ ਨਾ ਪਿਆ। ਉਹ ਇਹ ਪਹਿਲੋਂ ਕਈ ਵਾਰੀ ਸੁਣ ਚੁੱਕੀ ਸੀ। ਉਹ ਬੋਲ ਪਈ,

'ਮਾਸੜ ਜੀ, ਅਸਲ ਵਜ੍ਹਾ ਹੀ ਇਹੋ ਜੇ। ਇਹ ਜ਼ੋਰ ਹੀ ਨਹੀਂ ਪਾਂਦੇ...'

ਪਾਲੀ ਫਿੱਸ ਪਈ। ਲਾਡੀ ਦੀਆਂ ਅੱਖਾਂ ਵੀ ਭਰ ਆਈਆਂ।

ਜਗਜੀਤ ਰੋਣਹਾਕਾ ਸੀ। ਨਾ ਪਾਲੀ ਮੰਨਦੀ ਸੀ ਤੇ ਨਾ ਹੀ ਉਹ ਮਾਪਿਆਂ ਨੂੰ ਮਨਾ ਸਕਦਾ ਸੀ। ਲਾਚਾਰ ਸੀ ਵਿਚਾਰਾ! ਗੁਰਦਿਆਲ ਨੂੰ ਬੜਾ ਤਰਸ ਆਇਆ। ਉਹ ਉਹਨੂੰ ਚੰਗਾ ਲੱਗਾ। ਪੁੱਤਰ ਉਹ ਚੰਗਾ ਸੀ। ਮਾਪਿਆਂ ਦਾ ਲਿਹਾਜ਼ ਸੀ ਉਹਨੂੰ। ਉਹਨਾਂ ਨੂੰ ਸਹੀ ਨਹੀਂ ਸੀ ਸਮਝਦਾ, ਪਰ ਫੇਰ ਵੀ ਉਹਨਾਂ ਨੂੰ ਠੇਸ ਨਹੀਂ ਸੀ ਪਹੁੰਚਾਉਣਾ ਚਾਹੁੰਦਾ। ਚਾਣਚੱਕ ਹੀ ਉਹਨੂੰ ਕੋਈ ਫੁਰਨਾ ਫੁਰਿਆ। ਉਹ ਮੁਸਕਰਾਇਆ ਤਾਂ ਨਾ, ਪਰ ਉਹਦੇ ਮੂੰਹ ਦਾ ਕਸਾਅ ਜਾਂਦਾ ਰਿਹਾ। ਉਹਦੀ ਇਕ ਅੱਖ ਮਾੜੀ ਜਿਹੀ ਮੀਚੀ ਗਈ ਤੇ ਦੂਜੀ ਮਾੜੀ ਜਿਹੀ ਟਿਮਕ ਪਈ। ਉਹ ਪਾਲੀ ਤੇ ਲਾਡੀ ਨੂੰ ਸੰਬੋਧਨ ਹੋਇਆ,

'ਤੁਸੀਂ ਇੰਜ ਕਰੋ, ਥੋੜਾ ਚਿਰ ਦੂਜੇ ਕਮਰੇ 'ਚ ਚਲੀਆਂ ਜਾਓ। ਮੈਂ ਆਪ ਸਮਝਾਨਾਂ ਜੱਗੀ ਨੂੰ।'

ਉਹ ਓਥੋਂ ਹਿਲਣਾ ਨਹੀਂ ਸਨ ਚਾਹੁੰਦੀਆਂ। ਪਰ ਗੁਰਦਿਆਲ ਦੀ ਟੱਕ ਉਹਨਾਂ ਉਤੇ ਲੱਗੀ ਰਹੀ। ਉਹਨਾਂ ਨੂੰ ਤੁਣਕੇ ਮਾਰਦੀ ਰਹੀ। ਅਖੀਰ ਉਹ ਉੱਠ ਪਈਆਂ। ਜਾਂਦੀਆਂ ਨੂੰ ਗੁਰਦਿਆਲ ਨੇ ਪਿੱਛੋਂ ਆਵਾਜ਼ ਦਿੱਤੀ,

'ਦੂਰ ਵਾਲੇ ਕਮਰੇ 'ਚ ਜਾਣਾ। ਆਣਾ ਉਦੋਂ ਹੀ ਜਦੋਂ ਮੈਂ ਸੱਦਾਂ।'

ਜਿਵੇਂ ਹੀ ਉਹ ਬਾਹਰ ਹੋਈਆਂ, ਉਹਨੇ ਜਾ ਕੇ ਬੂਹਾ ਭੀੜ੍ਹ ਦਿੱਤਾ।

#

ਗੁਰਦਿਆਲ ਨੇ ਜਗਜੀਤ ਨੂੰ ਅਸਲੋਂ ਕੋਲ ਕਰ ਲਿਆ ਤੇ ਆਵਾਜ਼ ਨੀਵੀਂ ਪਾ ਕਹਿਣ ਲੱਗਾ,

'ਜੱਗੀ, ਤੂੰ ਬੜਾ ਚੰਗਾ ਮੁੰਡੈ। ਪਾਲੀ ਸਾਡੀ ਖੁਸ਼-ਕਿਸਮਤ ਏ ਕਿ ਉਹਦਾ ਤੇਰੇ ਨਾਲ ਵਿਆਹ ਹੋਇਐ। ਮੈਂ ਤੈਨੂੰ ਠੀਕ ਸਮਝਨਾਂ, ਪਾਲੀ ਨੂੰ ਨਹੀਂ। ਪਰ ਮੈਂ ਉਹਨੂੰ ਇਹ ਮੂੰਹ 'ਤੇ ਨਹੀਂ ਕਹਿ ਸਕਦਾ। ਬੱਚੀ ਏ। ਨਾਲੇ ਲਾਡਾਂ ਨਾਲ ਪਲੀ ਹੋਈ ਏ। ਰੋਣ ਲੱਗਦੀ ਏ। ਮੈਂ ਸੋਚਿਐ, ਇਹਨੂੰ ਨਾਲ ਦਿੱਲੀ ਲੈ ਜਾਵਾਂ। ਉੱਥੇ ਆਰਾਮ ਨਾਲ ਸਮਝਾਵਾਂ। ਉਹਦੀ ਮਾਸੀ ਵੀ ਸਮਝਾਵੇ। ਭਰਾ ਭਰਜਾਈ ਵੀ ਕਹਿਣ। ਇਹਨੂੰ ਤਰੀਕੇ ਨਾਲ ਸਮਝਾਣਾ ਪੈਂਦੈ। ਸਮਝ ਜਾਏਗੀ। ਉਹਦੀ ਮਾਂ ਉਹਨੂੰ ਨਹੀਂ ਸਮਝਾ ਸਕਦੀ। ਉਹ ਲਾਡ ਹੀ ਲਡਾ ਸਕਦੀ ਏ। ਕ੍ਰਿਪਾਲ ਤੋਂ ਉਹ ਸਮਝਦੀ ਨਹੀਂ। ਉਹ ਵੀ ਤੈਨੂੰ ਹੀ ਠੀਕ ਸਮਝਦੈ...'

'ਮਾਸੜ ਜੀ, ਚਲੀ ਭਾਵੇਂ ਜਾਵੇ, ਪਰ ਸਿੱਧੀ ਏਥੋਂ ਨਹੀਂ। ਮੰਮੀ ਡੈਡੀ *ਮਾਇੰਡ* ਕਰਨਗੇ। ਪਹਿਲੋਂ ਉਹਨੂੰ ਘਰ ਜਾਣਾ ਚਾਹੀਦੈ। ਜਦੋਂ ਠੰਢ-ਠੰਢੋਰਾ ਹੋ ਜਾਏ, ਫੇਰ ਜਾਵੇ। ਉਦੋਂ ਮੈਂ ਵੀ ਨਾਲ ਚੱਲਣ ਨੂੰ ਤਿਆਰ ਹਾਂ।'

ਗੁਰਦਿਆਲ ਨੂੰ ਉਹਦਾ ਕਿਹਾ ਜਚਿਆ। ਉਹਨੇ ਆਖਿਆ,

'ਜੱਗੀ, ਗੱਲ ਤਾਂ ਤੇਰੀ ਠੀਕ ਏ। ਪਰ ਪਾਲੀ ਨੇ ਅਜੇ ਏਸ ਤਰ੍ਹਾਂ ਘਰ ਜਾਣ ਨੂੰ ਤਿਆਰ ਨਹੀਂ ਹੋਣਾ। ਉਹਦੇ ਹੱਥ ਕੁਝ ਫੜਾਣਾ ਪਏਗਾ। ਕੋਈ



ਖਿਡੌਣਾ। ਛਣਕਣਾ ਕੋਈ। ਬੱਚੀ ਜੁ ਏ। ਉਹਨੂੰ ਵਰਲਾਣਾ ਪੈਣੈਂ।'

ਗੁਰਦਿਆਲ ਨੂੰ ਕੁਝ ਹੋਰ ਫੁਰਿਆ। ਉਹ ਮੁਸਕਰਾ ਪਿਆ। ਇਕ ਅੱਖ ਕੁਝ ਜ਼ਿਆਦਾ ਮੀਚੀ ਗਈ ਤੇ ਦੂਜੀ ਕੁਝ ਜ਼ਿਆਦਾ ਟਿਮਕ ਪਈ।

'ਮਾਸੜ ਜੀ, ਕਿਹੜਾ ਛਣਕਣਾ ਫੜਾਈਏ ਉਹਦੇ ਹੱਥ?' ਜਗਜੀਤ ਨੇ ਕੁਝ ਹੈਰਾਨ ਹੋ ਪੁੱਛਿਆ,

ਗੁਰਦਿਆਲ ਨੂੰ ਸਭ ਕੁਝ ਸੁੱਝਿਆ ਹੋਇਆ ਸੀ। ਉਹਨੇ ਸਹਿਜੇ ਹੀ ਜਵਾਬ ਦਿੱਤਾ,

'ਕੋਈ ਲਾਰਾ ਲਾਈਏ ਉਹਨੂੰ। ਉਹਨੂੰ ਲੱਗੇ, ਉਹਦੀ ਮੰਗ ਮੰਨੀ ਗਈ ਏ।'

'ਕੌਣ ਲਾਏ ਇਹ ਲਾਰਾ?' ਜਗਜੀਤ ਨੂੰ ਸਮਝ ਨਹੀਂ ਸੀ ਪੈ ਰਹੀ।

'ਲਾਰਾ, ਜੱਗੀ, ਤੂੰ ਨਹੀਂ, ਤੇਰੇ ਮਾਪੇ ਲਾਣ। ਐਵੇਂ ਝੂਠਾ-ਸੱਚਾ ਕਹਿ ਦੇਣ ਕੁਝ। ਤੈਨੂੰ ਹੀ ਕਹਿਵਾਣਾ ਪਵੇਗਾ, ਉਹਨਾਂ ਤੋਂ। ਕੁਝ ਵੀ ਕਹਿ ਦੇਣ, ਜਿਦ੍ਹੇ ਨਾਲ ਪਾਲੀ ਭਰਮ ਜਾਵੇ।'

'ਮਾਸੜ ਜੀ, ਏਨਾ ਸੌਖਾ ਨਹੀਂ ਲੱਗਦਾ...'

'ਜੱਗੀ, ਮੁਸ਼ਕਿਲ ਕੁਝ ਨਹੀਂ। ਤੁਸੀਂ ਸਾਰੇ ਠੀਕ ਹੋ। ਜਿਹੜੀ ਠੀਕ ਨਹੀਂ, ਉਹਨੂੰ ਠੀਕ ਕਰਨ ਦੀ ਲੋੜ ਏ। ਏਸ ਤਰਕੀਬ ਨਾਲ। ਪਾਲੀ ਬੱਚੀ ਏ। ਉਹਨੂੰ ਜਾਚ ਨਹੀਂ ਆਉਂਦੀ ਤੇਰੇ ਮਾਪਿਆਂ ਨਾਲ ਪੇਸ਼ ਆਉਣ ਦੀ। ਦੂਜੇ ਪਾਸੇ, ਇਹ ਜਾਚ ਤੇਰੇ ਮਾਪਿਆਂ ਨੂੰ ਵੀ ਨਹੀਂ। ਪਾਲੀ ਨੂੰ ਭਰਮਾਣਾ ਕੋਈ ਮੁਸ਼ਕਿਲ ਨਹੀਂ। ਭੋਲੀ-ਭਾਲੀ ਏ। ਜਜ਼ਬਾਤੀ ਏ। ਲਾਡੋ ਜਿਹੀ ਏ। ਉਹਨੂੰ ਸਿੱਧੀ ਨਾਂਹ ਨਹੀਂ ਕਰਨੀ ਚਾਹੀਦੀ। ਰਤਾ ਪਲੋਸ ਕੇ ਰੱਖਣਾ ਚਾਹੀਦੈ। ਫੇਰ ਨਹੀਂ ਕਰੇਗੀ ਕੋਈ ਵੀ ਜ਼ਿੱਦ ਉਹ।'

'ਮਾਸੜ ਜੀ, ਉਹਨੂੰ ਇਕ ਵਾਰੀ ਘਰ ਜ਼ਰੂਰ ਜਾਣਾ ਚਾਹੀਦੈ। ਮੰਮੀ ਡੈਡੀ ਬੜੀ ਹੱਤਕ ਮਹਿਸੂਸ ਕਰ ਰਹੇ ਨੇ।'

'ਉਹਨੂੰ ਜ਼ਰੂਰ ਘੱਲਾਂਗੇ ਵਾਪਸ। ਮੈਂ ਕਹਾਂਗਾ ਉਹਨੂੰ ਕਿ ਜਾਵੇ। ਮੇਰਾ ਕਿਹਾ ਨਹੀਂ ਮੋੜ ਸਕਦੀ। ਪਰ ਫੇਰ ਵੀ ਤਰਕੀਬ ਤਾਂ ਵਰਤਣੀ ਹੀ ਪਵੇਗੀ। ਸੁੱਝੀ ਹੋਈ ਏ ਮੈਨੂੰ ਇਕ ਤਰਕੀਬ ਵੀ...'

'ਕਿਸ ਤਰ੍ਹਾਂ ਦੀ?'

'ਜੱਗੀ, ਜਦੋਂ ਹੁਣ ਅਸੀਂ ਪਾਲੀ ਤੇ ਲਾਡੀ ਨੂੰ ਅੰਦਰ ਸੱਦੀਏ, ਤੈਨੂੰ ਪਾਲੀ ਨੂੰ ਕਹਿਣਾ ਪਵੇਗਾ ਕਿ ਮਾਸੜ ਜੀ ਨੇ ਮੈਨੂੰ ਬੜੀ ਚੰਗੀ ਤਰ੍ਹਾਂ ਸਮਝਾਇਐ। ਮੈਨੂੰ ਸਮਝ ਲੱਗ ਗਈ ਏ। ਸਾਨੂੰ ਵੱਖ ਹੋਣਾ ਹੀ ਚਾਹੀਦੈ। ਉਹ ਵੀ ਛੇਤੀ ਤੋਂ ਛੇਤੀ। ਮੈਂ ਅੱਜ ਘਰ ਜਾ ਕੇ ਮੰਮੀ ਡੈਡੀ ਨੂੰ ਕਹਾਂਗਾ ਕਿ ਜੇ ਤੁਸੀਂ ਸਾਨੂੰ ਵੱਖ ਕਰਨਾ ਨਾ ਮੰਨੇ ਤਾਂ ਮੈਂ ਵੀ ਪਾਲੀ ਕੋਲ ਹੀ ਜਾ ਰਿਹਾਂ ਤੇ ਅੱਗੋਂ ਉਹਦੇ ਨਾਲ ਹੀ ਰਹਾਂਗਾ, ਜਦੋਂ ਤਕ ਸਾਡਾ ਨਵਾਂ ਘਰ ਤਿਆਰ ਨਹੀਂ ਹੋ ਜਾਂਦਾ। ਵਿੱਚ-ਵਿੱਚ ਆ ਕੇ ਤੁਹਾਨੂੰ ਮਿਲ ਜਾਇਆ ਕਰਾਂਗਾ ਤੇ ਫੋਨ-ਫਾਨ ਵੀ ਕਰਦਾ ਰਹਾਂਗਾ...'

'ਨਹੀਂ, ਮਾਸੜ ਜੀ, ਮੈਂ ਇਹ ਨਹੀਂ ਕਹਿ ਸਕਦਾ', ਜਗਜੀਤ ਵਿਚੋਂ ਹੀ ਬੋਲ ਪਿਆ।'

'ਜੱਗੀ, ਇਹ ਤੂੰ ਮੰਮੀ ਡੈਡੀ ਨੂੰ ਨਹੀਂ ਕਹਿਣਾ, ਸਿਰਫ਼ ਪਾਲੀ ਤੇ ਲਾਡੀ ਨੂੰ ਕਹਿਣੈਂ। ਯਾਰ, ਤੂੰ ਪੂਰੀ ਗੱਲ ਤਾਂ ਸੁਣ।'

ਗੁਰਦਿਆਲ ਨੇ ਉਹਨੂੰ ਆਪਣੀ ਪੂਰੀ ਤਰਕੀਬ ਦੱਸੀ। ਉਹਨੂੰ ਸਮਝ ਪੈ ਗਈ। ਉਹ ਉਹਨੂੰ ਅਮਲ 'ਚ ਲਿਆਉਣਾ ਵੀ ਮੰਨ ਗਿਆ। ਪਰ ਉਹਨੂੰ ਵਿਸ਼ਵਾਸ ਨਹੀਂ ਸੀ ਕਿ ਇਹ ਸਫਲ ਹੋਵੇਗੀ। ਉਹ ਕਹਿਣ ਲਗਾ, ਮੈਨੂੰ ਤਾਂ ਮੁਸ਼ਕਿਲ ਲਗਦੈ। ਮੰਮੀ ਡੈਡੀ ਤੋਂ ਏਡਾ ਡਰਾਮਾ ਹੋ ਨਹੀਂ ਸਕਣਾ...ਸ਼ਾਇਦ ਹੋ ਵੀ ਜਾਵੇ। ਚਲੋ ਕਰ ਵੇਖਣੇ ਹਾਂ ਕੋਸ਼ਿਸ਼...?'

'ਜੱਗੀ, ਕੋਸ਼ਿਸ਼ 'ਚ ਕੀ ਹਰਜ ਏ। ਹਾਲਤ ਹੁਣ ਨਾਲੋਂ ਖ਼ਰਾਬ ਤਾਂ ਨਹੀਂ ਹੋਏਗੀ। ਵੇਖ ਬੇਟੇ, ਪਾਲੀ ਬੱਚੀ ਏ। ਉਹਨੂੰ ਬੱਚੀ ਸਮਝ ਕੇ ਚੱਲੋ। ਠੀਕ ਏ ਫਿਰ?'

ਜਗਜੀਤ ਨੇ ਸਿਰ ਹਿਲਾ ਦਿੱਤਾ।

'ਸੱਦ ਲਈਏ ਫੇਰ ਮਾਂ ਧੀ ਨੂੰ?'

'ਸੱਦ ਲਵੋ।'

ਗੁਰਦਿਆਲ ਨੇ ਆਵਾਜ਼ ਦਿੱਤੀ। ਉੱਚੀ ਸਾਰੀ।

'ਕਿੱਥੇ ਹੋ ਭਾਈ? ਆ ਜਾਓ ਹੁਣ। ਮੁੰਡਾ ਸਮਝ ਗਿਐ।'

ਉਹ ਦੋਵੇਂ ਅੰਦਰ ਆ ਗਈਆਂ। ਬਹੁਤੀਆਂ ਦੂਰ ਗਈਆਂ ਨਹੀਂ ਸਨ ਲੱਗਦੀਆਂ। ਗੁਰਦਿਆਲ ਨੇ ਜਗਜੀਤ ਨੂੰ ਇਸ਼ਾਰਾ ਕੀਤਾ। ਉਹ ਮਾੜਾ ਜਿਹਾ ਮੂੰਹ ਬਣਾ ਕੇ ਸ਼ੁਰੂ ਹੋ ਪਿਆ,

'ਪਾਲੀ, ਮਾਸੜ ਜੀ ਨੇ ਮੈਨੂੰ ਚੰਗੀ ਤਰ੍ਹਾਂ ਸਮਝਾਇਐ ਤੇ ਮੈਨੂੰ ਸਮਝ ਵੀ ਲੱਗ ਗਈ ਏ। ਸਾਡਾ ਵੱਖ ਹੋਏ ਬਿਨਾਂ ਗੁਜ਼ਾਰਾ ਨਹੀਂ। ਮੈਂ ਹੁਣ ਏਥੋਂ ਜਾ ਕੇ ਮੰਮੀ ਡੈਡੀ ਨੂੰ ਕਹਾਂਗਾ ਕਿ ਪਾਲੀ ਵਾਪਸ ਆ ਜਾਏਗੀ, ਜੇ ਤੁਸੀਂ ਸਾਨੂੰ ਮਹੀਨੇ ਦੇ ਅੰਦਰ-ਅੰਦਰ ਵੱਖ ਕਰ ਦੇਵੋ ਤਾਂ। ਨਹੀਂ ਕਰੋਗੇ ਤਾਂ ਮੈਂ ਵੀ ਪਾਲੀ ਕੋਲ ਚਲਾ ਜਾਵਾਂਗਾ। ਤਰਤਾਲੀ ਸੈਕਟਰ। ਤੂੰ ਇੰਜ ਕਰ। ਸਵੇਰੇ ਆ ਜਾਈਂ ਮਾਸੜ ਜੀ ਨਾਲ। ਉਹ ਦਿੱਲੀ ਜਾਂਦੇ ਰਾਹ 'ਚ ਤੈਨੂੰ ਲਾਹੁੰਦੇ ਜਾਣਗੇ। ਉਦੋਂ ਤਕ ਮੈਂ ਮੰਮੀ ਡੈਡੀ ਨੂੰ ਮਨਾ ਲਿਆ ਹੋਵੇਗਾ।'

ਪਾਲੀ ਨੂੰ ਅਤਬਾਰ ਨਾ ਆਇਆ। ਉਹਨੇ ਚਿੱਥ ਕੇ ਪੁੱਛਿਆ,

'ਜੱਗੀ, ਤੁਸੀਂ ਇਹ ਮੰਮੀ ਡੈਡੀ ਨੂੰ ਕਹਿ ਲਵੋਗੇ?'

'ਪਾਲੀ, ਕਹਿਣਾ ਸੌਖਾ ਨਹੀਂ, ਪਰ ਕਹਾਂਗਾ। ਚਾਰਾ ਕੀ ਏ? ਕਹਾਂਗਾ। ਕੌੜਾ ਘੁੱਟ ਕਰਕੇ।'

'ਹੋ ਜਾਏਗੀ ਜੇ ਹਿੰਮਤ?' ਪਾਲੀ ਨੇ ਫੇਰ ਪੁੱਛਿਆ।

'ਕਰਨੀ ਪਵੇਗੀ। ਜਿਸ ਤਰ੍ਹਾਂ ਮਾਸੜ ਜੀ ਨੇ ਸਮਝਾਇਐ, ਹੋ ਜਾਏਗੀ।



ਬੜਾ ਡਰਾਇਐ ਮੈਨੂੰ ਮਾਸੜ ਜੀ ਨੇ। ਕਹਿੰਦੇ ਨੇ, ਜੇ ਤੂੰ ਹੁਣ ਵੀ ਕੁਝ ਨਾ ਕੀਤਾ ਤਾਂ ਮੈਂ ਪਾਲੀ ਨੂੰ ਨਾਲ ਦਿੱਲੀ ਲੈ ਜਾਵਾਂਗਾ। ਫੇਰ ਤਰਸ ਜਾਏਂਗਾ ਉਹਦੀ ਸ਼ਕਲ ਨੂੰ। ਤੂੰ ਪਹਿਲਾਂ ਹੁਣ ਬਸ ਸਭ ਕੁਝ ਭੁੱਲ ਜਾ। ਸਵੇਰੇ ਮਾਸੜ ਜੀ ਨਾਲ ਆ ਜਾਈਂ।'

ਲਾਡੀ ਨੂੰ ਵੀ ਅਤਬਾਰ ਨਹੀਂ ਸੀ ਆ ਰਿਹਾ। ਮੁੰਡਾ ਕੁਝ ਹੀ ਮਿੰਟਾਂ 'ਚ ਏਨਾ ਬਦਲ ਕਿਵੇਂ ਗਿਆ ਸੀ। ਉਹਨੇ ਗੁਰਦਿਆਲ ਤੋਂ ਪੁੱਛਿਆ,

'ਭਰਾ ਜੀ, ਜੱਗੀ ਨੂੰ ਕਿਹੜੀ ਗੋਲੀ ਖੁਆਈ ਜੇ ?'

'ਪਾਲੀ, ਜੇ ਮੈਂ ਗੋਲੀ ਖੁਆਣ ਜੋਗਾ ਹੁੰਦਾ ਤਾਂ ਪਹਿਲੋਂ ਤੈਨੂੰ ਖੁਆਂਦਾ ਜਾਂ ਪਾਲੀ ਨੂੰ। ਗੱਲ ਸਮਝਣ-ਸਮਝਾਣ ਦੀ ਏ। ਮੁੰਡਾ ਸਿਆਣਾ ਏ। ਸਮਝਾਣ ਨਾਲ ਸਮਝ ਗਿਐ। ਉਹਦੇ ਆਪਣੇ ਹਿਤ 'ਚ ਏ। ਤੁਸੀਂ ਕਿਉਂ ਏਨੀਆਂ ਬੇ-ਵਸਾਹੀਆਂ ਹੋਈਆਂ ਪਈਆਂ ਹੋ ? ਮੰਨ ਜਾਓ, ਜੋ ਕਹਿੰਦੈ। ਕਲ੍ਹ ਸਵੇਰੇ ਸਿੱਧ ਹੋ ਜਾਏਗਾ, ਠੀਕ ਏ ਕਿ ਨਹੀਂ। ਜਿਵੇਂ ਕਹਿੰਦੈ, ਕਰੋ। ਪੁਆੜਾ ਮੁੱਕਣ ਦਿਓ ਰੋਜ਼-ਰੋਜ਼ ਦਾ।'

ਗੁਰਦਿਆਲ ਪੂਰੇ ਜ਼ੋਰ ਨਾਲ ਪ੍ਰੇਰ ਰਿਹਾ ਸੀ। ਉਹਦਾ ਏਨਾ ਅਸਰ ਤਾਂ ਹੋਇਆ ਕਿ ਮਾਂ ਧੀ ਦੇ ਬੁੱਲ੍ਹਾਂ 'ਤੇ ਮਾੜੀ ਜਿਹੀ ਮੁਸਕਾਨ ਆ ਗਈ, ਭਾਵੇਂ ਸ਼ੱਕ-ਸ਼ੁਭ੍ਹਾ ਕਾਇਮ ਰਿਹਾ। ਹੈਰਾਨੀ ਵੀ ਨਾ ਗਈ। ਅਖ਼ੀਰ ਜਗਜੀਤ ਰੁਖ਼ਸਤ ਹੋਣ ਲੱਗਾ। ਉਹਨੇ ਫੇਰ ਪੱਕੀ ਕੀਤੀ।

'ਪਾਲੀ, ਸਵੇਰੇ ਮਾਸੜ ਜੀ ਨਾਲ ਆ ਜਾਈਂ। ਮੈਂ ਜਾ ਕੇ ਕਰਨਾਂ ਗੱਲ ਮੰਮੀ ਪਾਪਾ ਨਾਲ।'

ਸਾਰੇ ਬਾਹਰ ਤੱਕ ਉਹਦੇ ਨਾਲ ਗਏ। ਮਾਂ ਧੀ ਦੀ ਬੇ-ਵਸਾਹੀ ਅਜੇ ਉਵੇਂ ਦੀ ਉਵੇਂ ਸੀ।

# ਡਰਾਮਾ

ਗੁਰਦਿਆਲ ਅੰਬਾਲਾ ਟੱਪ ਚੁੱਕਾ ਸੀ। ਹੋਰ ਤਿੰਨ ਘੰਟਿਆਂ ਨੂੰ ਉਹਨੇ ਦਿੱਲੀ ਪਹੁੰਚ ਜਾਣਾ ਸੀ। ਉਹਦੀਆਂ ਨਜ਼ਰਾਂ ਅੱਗੇ ਸੜਕ ’ਤੇ ਸਨ, ਪਰ ਧਿਆਨ ਪਿੱਛੇ ਚੰਡੀਗੜ੍ਹ ਸੀ। ਉਹਦੇ ਅੰਦਰ ਉਹ ਡਰਾਮਾ ਮੁੜ-ਘਿੜ ਖੇਡਿਆ ਜਾ ਰਿਹਾ ਸੀ, ਜਿਹਦਾ ਸੂਤਰਧਾਰ ਉਹ ਆਪ ਸੀ। ਉਹ ਉੱਥੋਂ ਉਹਨੂੰ ਸ਼ੁਰੂ ਕਰਾ ਕੇ ਚਲਿਆ ਸੀ। ਪਹਿਲਾ ਐਕਟ ਖੇਡਿਆ ਜਾ ਚੁੱਕਾ ਸੀ। ਪਰ ਕਾਹਲ ਹੋਣ ਕਰਕੇ ਉਹ ਉਹਦੇ ਆਖ਼ਰੀ ਐਕਟ ’ਤੇ ਪਰਦਾ ਡਿੱਗਣ ਤਕ ਠਹਿਰ ਨਹੀਂ ਸੀ ਸਕਿਆ। ਉਦੋਂ ਤਕ ਉਹਨੂੰ ਵਿਸ਼ਵਾਸ ਹੋ ਚੁੱਕਾ ਸੀ ਕਿ ਨਾਟਕ ਨਿਰਵਿਘਨ ਸਮਾਪਤ ਹੋਵੇਗਾ। ਸਾਰੇ ਐਕਟਰਾਂ ਨੂੰ ਆਪਣੇ ਪਾਰਟ ਚੰਗੀ ਤਰ੍ਹਾਂ ਯਾਦ ਸਨ ਤੇ ਬਾਹੀਆਂ ਤੋਂ ਪੜ੍ਹ-ਬੋਲ ਸੁਝਾਉਂਦੇ ਰਹਿਣ ਦੀ ਲੋੜ ਨਹੀਂ ਸੀ ਰਹਿ ਗਈ।

ਸਾਰਾ ਰਾਹ ਉਹਨੂੰ ਉਹਦੇ ਦ੍ਰਿਸ਼ ਘੜੀ-ਮੁੜੀ ਦਿਸਦੇ ਰਹੇ ਸਨ। ਉਹਦੀ ਕਲਪਨਾ ਦਾ ਰੱਜ ਫੇਰ ਵੀ ਨਹੀਂ ਸੀ ਹੋਇਆ। ਉਹਨਾਂ ਨੂੰ ਉਹ ਅਜੇ ਵੀ ਚਿਤਵੀ ਜਾ ਰਿਹਾ ਸੀ। ਕਦੀ ਵਿਚੋਂ, ਕਦੀ ਸ਼ੁਰੂ ਤੋਂ। ਲੜੀ ਨਹੀਂ ਸੀ ਟੁੱਟਦੀ।

ਪਾਲੀ ਨੂੰ ਨਾਲ ਲੈ ਉਹ ਬ੍ਰਿਗੇਡੀਅਰ ਸਾਹਿਬ ਦੀ ਕੋਠੀ ਸਵੇਰੇ ਦਸ ਵਜੇ ਤੋਂ ਪਹਿਲਾਂ ਹੀ ਪਹੁੰਚ ਗਿਆ ਸੀ। ਜਿਵੇਂ ਹੀ ਉਹ ਅੰਦਰ ਵੜੇ, ਉਹਨਾਂ ਵੇਖਿਆ, ਅੰਦਰ ਉਦਾਸੀਆਂ ਛਾਈਆਂ ਹੋਈਆਂ ਸਨ। ਸਭ ਖੁੱਥੜੇ ਬੈਠੇ ਸਨ। ਸੱਸ ਹੁਣੇ ਸੁੱਤੀ ਉੱਠੀ ਲੱਗਦੀ ਸੀ। ਉਹਨੂੰ ਤਾਂ ਅੰਮ੍ਰਿਤ ਵੇਲੇ ਉੱਠ ਪੈਣ ਦੀ ਆਦਤ ਸੀ। ਸਵੇਰੇ-ਸਵੇਰੇ ਨਹਾ-ਧੋ ਤਿਆਰ ਹੋ ਜਾਂਦੀ ਸੀ ਤੇ ਫੇਰ ਸੋਟੀ ਫੜ ਸਭ ਦੇ ਪਿੱਛੇ ਪੈ ਜਾਂਦੀ ਸੀ ਕਿ ਭਾਈ ਉੱਠੋ ਤੇ ਤਿਆਰ ਹੋਵੋ ਤੇ ਆਪੋ ਆਪਣੇ ਕੰਮੀਂ ਲੱਗੋ। ਸਹੁਰਾ ਆਪਣੇ ਵਕਤ ਨਾਲ ਉੱਠਦਾ ਸੀ। ਨਹਾ-ਧੋ, ਸਿਰ ’ਤੇ ਪਟਕਾ ਬੰਨ੍ਹ ਲੈਂਦਾ ਸੀ ਤੇ ਅਖ਼ਬਾਰਾਂ ਖੋਲ੍ਹ ਬਹਿੰਦਾ ਸੀ। ਅੱਜ ਉਹ ਅਜੇ ਤਕ ਸਿਰੋਂ ਨੰਗਾ ਬੈਠਾ ਸੀ। ਅਖ਼ਬਾਰ ਅਣ-ਉਥੱਲੇ ਪਏ ਸਨ। ਜਗਜੀਤ ਸਾਢੇ ਨੌਂ ਵਜੇ ਘਰੋਂ ਨਿਕਲ ਜਾਂਦਾ ਸੀ। ਦਸ ਵੱਜਣ ਵਾਲੇ ਸਨ, ਪਰ ਅਜੇ ਉਹ ਉਵੇਂ ਦਾ ਉਵੇਂ ਫਿਰਦਾ ਸੀ। ਪੱਗ ਵੀ ਨਹੀਂ ਸੀ ਬੰਨ੍ਹੀ ਹੋਈ। ਉਹਦੀ ਦਫ਼ਤਰੋਂ ਛੁੱਟੀ ਲੱਗਦੀ ਸੀ।

ਹੈ ਤਾਂ ਉਹ ਨਾਸ਼ਤੇ ਦੇ ਮੇਜ਼ ਕੋਲ ਸਨ, ਪਰ ਉਹਨਾਂ ਕੁਝ ਖਾਧਾ-ਪੀਤਾ ਨਹੀਂ ਸੀ ਲੱਗਦਾ। ਮੇਜ਼ ਸਾਫ਼ ਪਿਆ ਸੀ। ਕੋਈ ਪਲੇਟ ਨਹੀਂ ਸੀ ਲੱਗੀ



ਹੋਈ। ਹੋਰ ਵੀ ਕੁਝ ਨਹੀਂ ਸੀ ਪਿਆ ਹੋਇਆ। ਕੁਝ ਵਰਤਾਇਆ ਗਿਆ ਵੀ ਨਹੀਂ ਸੀ ਜਾਪਦਾ। ਚੁੱਪ-ਚਾਂ ਸੀ। ਅੰਦਰੋਂ, ਕਿਸੇ ਪਾਸਿਉਂ ਵੀ, ਕੋਈ ਖੜਾਕ ਨਹੀਂ ਸੀ ਹੋ ਰਿਹਾ। ਹਰ ਪਾਸੇ ਸੋਤੜਾ ਪਿਆ ਲੱਗਦਾ ਸੀ।

ਜਿਵੇਂ ਹੀ ਪਾਲੀ ਅੰਦਰ ਵੜੀ, ਉਹਦੀ ਸੱਸ ਉਹਦੇ ਨਾਲ ਆ ਚੰਬੜੀ। ਉਹਦਾ ਮੂੰਹ ਸਿਰ ਚੁੰਮਣ ਲੱਗੀ। ‘ਸ਼ੁਕਰ ਏ, ਤੂੰ ਆ ਗਈ ਏਂ!’ ਉਹਨੇ ਜਿਵੇਂ ਵਿਰਲਾਪ ਕੀਤਾ। ਉਹਦੀ ਆਵਾਜ਼ ਇੰਜ ਕਰੁਣਾ-ਭਰੀ ਸੀ, ਜਿਵੇਂ ਕਿਤੋਂ ਕੀਰਨੇ ਪਾਉਂਦੀ ਆਈ ਹੋਵੇ। ‘ਕਿੱਥੇ ਚਲੀ ਗਈ ਸੈਂ ਧੀਏ ?’ ਸੱਸ ਡੁਸਕੀ। ‘ਸਾਰਾ ਦਿਨ ਤੈਨੂੰ ਉਡੀਕਦੇ ਰਹੇ। ਸਾਰੀ ਰਾਤ ਅਸੀਂ ਸੌਂ ਨਹੀਂ ਸਕੇ। ਅਜੇ ਵੀ ਚੱਕਰ ਆ ਰਹੇ ਨੇ। ਕੁਝ ਖਾਣ ਨੂੰ ਜੀਅ ਨਹੀਂ ਕਰ ਰਿਹਾ। ਸਾਡਾ ਕੁਝ ਤਾਂ ਧਿਆਨ ਕਰਨਾ ਸਾਈਂ। ਸਾਡੀ ਉਮਰ ਵੇਖ। ਅਸੀਂ ਨਹੀਂ ਸਹਿ ਸਕਦੇ ਏਨਾ ਕੁਝ। ਅਚਨਚੇਤ...’

ਸੱਸ ਦੀ ਅੱਖ ’ਚੋਂ ਇਕ ਅੱਥਰੂ ਡਿਗਿਆ ਤੇ ਪਾਲੀ ਦੀ ਉਸ ਵੀਣੀ ’ਤੇ ਪਿਆ, ਜਿਸ ’ਤੇ ਘੜੀ ਨਹੀਂ ਸੀ ਬੱਝੀ ਹੋਈ। ਡਿੱਗਦਾ ਗੁਰਦਿਆਲ ਨੂੰ ਵੀ ਦਿਸਿਆ। ਸੱਚੀ ਮੁੱਚੀ ਦਾ ਸੀ। ਪਾਲੀ ਬੜਾ ਚਿਰ ਸੱਸ ਦੇ ਕਲਾਵੇ ’ਚੋਂ ਨਾ ਨਿਕਲ ਸਕੀ। ਅੱਖਾਂ ਉਹਦੀਆਂ ਵੀ ਭਿੱਜ ਗਈਆਂ।

ਸੱਸ ਫੇਰ ਚੁੱਪ ਕਰ ਗਈ। ਉਹਨੂੰ ਛੋਟਾ ਪਾਰਟ ਦਿਤਾ ਗਿਆ ਸੀ। ਓਡਾ ਕੁ, ਜਿੱਡਾ ਉਹ ਸੁਖੱਲਿਆਂ ਨਿਭਾ ਸਕਦੀ ਏਥੋਂ ਹੁਣ ਜਗਜੀਤ ਨੇ ਲੱਗਣਾ ਸੀ। ਉਹ ਸ਼ੁਰੂ ਹੋਇਆ,

‘ਪਾਲੀ, ਮੈਂ ਕਲ੍ਹ ਆ ਕੇ ਮੰਮੀ ਡੈਡੀ ਨਾਲ ਗੱਲ ਕੀਤੀ। ਸਾਫ਼-ਸਾਫ਼ ਕਹਿ ਦਿੱਤਾ। ਹੌਸਲਾ ਕਰਕੇ। ਜਾਂ ਤਾਂ ਸਾਨੂੰ ਵੱਖ ਕਰੋ ਤੇ ਜਾਂ ਮੈਨੂੰ ਜਾਣ ਦਿਓ ਤਰਤਾਲੀ ਸੈਕਟਰ ਤੇ ਬਣਨ ਦਿਓ ਘਰ-ਜੁਆਈ। ਮੰਮੀ ਪਾਪਾ ਕਹਿਣ, ਸਾਡੀ ਨਮੋਸ਼ੀ ਹੋਏਗੀ। ਮੈਂ ਕਿਹਾ, ਇਹ ਤੁਸੀਂ ਜਾਣੋ। ਅਖ਼ੀਰ ਮੰਨ ਗਏ। ਸਾਨੂੰ ਵੱਖ ਕਰਨ ਨੂੰ ਤਿਆਰ ਹੋ ਗਏ ਨੇ।’

‘ਤੁਸੀਂ ਅੱਜ ਦਫ਼ਤਰ ਨਹੀਂ ਸੀ ਜਾਣਾ?’ ਪਾਲੀ ਨੇ ਪੁੱਛਿਆ।

‘ਦਫ਼ਤਰ ਜਾਣਾ ਕਿਹਨੂੰ ਸੁਝ ਰਿਹੈ? ਵੇਖ ਹੀ ਰਹੀ ਏਂ ਏਥੋਂ ਦਾ ਹਾਲ। ਨਾਲੇ ਤੂੰ ਵੀ ਤਾਂ ਆਣਾ ਸੀ।’

ਜਗਜੀਤ ਨੇ ਡੈਡੀ ਵਲ ਵੇਖਿਆ। ਏਥੋਂ ਉਹਨਾਂ ਦਾ ਪਾਰਟ ਸ਼ੁਰੂ ਹੁੰਦਾ ਸੀ। ਸਭ ਤੋਂ ਵਡਾ ਤੇ ਔਖਾ।

‘ਗੁਰਪਾਲ!’ ਉਹ ਸ਼ੁਰੂ ਹੋਏ। ਉਹ ਨੂੰਹ ਨੂੰ ਇੰਜ ਹੀ ਸੱਦਦੇ ਸਨ। ‘ਬੇਟਾ, ਮੈਂ ਤੇਰਾ ਗੁਨਾਹਗਾਰ ਹਾਂ। ਵਿਆਹ ਵੇਲੇ ਮੈਂ ਵਾਇਦਾ ਕੀਤਾ ਸੀ ਕਿ ਤੁਹਾਨੂੰ ਵੱਖ ਕਰਾਂਗਾ। ਨਹੀਂ ਕਰ ਸਕਿਆ। ਉਸਾਰੀ ਸ਼ੁਰੂ ਨਾ ਹੋ ਸਕੀ। ਮੇਰਾ ਪੈਸਾ ਫਸਿਆ ਹੋਇਆ ਸੀ। ਇਹ ਪੈਸਾ ਕਦੋਂ ਨਿਕਲੇਗਾ, ਕੋਈ ਕੁਝ

ਨਹੀਂ ਕਹਿ ਸਕਦਾ। ਤੂੰ ਕਿੰਨਾ ਚਿਰ ਹੋਰ ਉਡੀਕੇਂਗੀ? ਹੁਣ ਅਸੀਂ ਤੁਹਾਨੂੰ ਮਹੀਨੇ ਡੇਢ ਅੰਦਰ ਵੱਖ ਕਰ ਦੇਣੈਂ। ਸੌਖਾ ਨਹੀਂ, ਪਰ ਕਰਾਂਗੇ...'

ਪਾਲੀ ਹੈਰਾਨ ਸੀ। ਸੋਚ ਰਹੀ ਸੀ, ਨਵਾਂ ਘਰ ਬਣੇਗਾ ਹੀ ਨਹੀਂ ਤਾਂ ਵੱਖ ਕਿਵੇਂ ਕਰਨਗੇ। ਪਰ ਇਹਦਾ ਭੇਤ ਸੁਹਰੇ ਨੇ ਅਗਲੇ ਪਲ ਹੀ ਖੋਲ੍ਹ ਦਿੱਤਾ,

'ਕਲ੍ਹ ਮੈਂ ਮੁਹਾਲੀ ਗਿਆ ਸਾਂ। ਇੱਕ ਏਜੰਟ ਨੂੰ ਮਿਲਿਆ। ਮੈਂ ਉਹਨੂੰ ਕਿਹਾ, ਭਾਈ ਸਾਨੂੰ ਕਿਤੇ ਦੋ ਕਮਰੇ ਕਿਰਾਏ 'ਤੇ ਲੈ ਦੇ। ਹੋਣ ਹੇਠਾਂ। ਅਸੀਂ ਪੌੜੀਆਂ ਨਹੀਂ ਚੜ੍ਹ ਸਕਦੇ। ਕਮਰੇ ਛੋਟੇ ਹੋਣ ਬੇਸ਼ੱਕ। ਬਸ ਇਕ ਪਲੰਘ ਲੱਗ ਜਾਏ ਤੇ ਦੋ ਕੁਰਸੀਆਂ ਡਹਿ ਜਾਣ। ਬਾਥ-ਰੂਮ ਬੇਸ਼ੱਕ ਇਕੋ ਹੀ ਹੋਵੇ। ਉਹ ਕਹਿਣ ਲੱਗਾ, ਦੋ ਕਮਰੇ ਮਿਲ ਰਹੇ ਨੇ। ਕੁਝ ਮੁਰੰਮਤ ਮੰਗਦੇ ਨੇ। ਮਕਾਨ ਮਾਲਿਕ ਕਹਿੰਦੈ, ਮੁਰੰਮਤ ਮੈਂ ਨਹੀਂ ਕਰਾਵਾਂਗਾ, ਆਪੇ ਕਿਰਾਏਦਾਰ ਕਰਾਵੇ। ਮੈਂ ਕਹਿ ਦਿੱਤਾ, ਕਰਾ ਲਾਂਗੇ ਅਸੀਂ ਆਪੇ ਹੀ। ਤੂੰ ਲੈ ਦੇ ਸਾਨੂੰ ਪਹਿਲੀ ਫ਼ਰਵਰੀ ਤੋਂ। ਕਮਰੇ ਮੈਨੂੰ ਉਹਨੇ ਵਿਖਾ ਵੀ ਦਿੱਤੇ। ਘਰ ਦੇ ਪਿਛਵਾੜੇ ਨੇ। ਆਪਣਾ ਵੱਖਰਾ ਰਸਤਾ ਏ, ਪਿਛਲੀ ਗਲੀ 'ਚੋਂ। ਇਕ ਬਾਰੀ ਦੇ ਸ਼ੀਸ਼ੇ ਟੁੱਟੇ ਹੋਏ ਸਨ। ਨਲਕਾ ਇਕ ਚੋਂਦਾ ਸੀ। ਕਈ ਥਾਂ ਬਲਬ ਨਹੀਂ ਸਨ। ਪਰ ਕੋਈ ਗੱਲ ਨਹੀਂ, ਗੁਜ਼ਾਰਾ ਹੋ ਸਕਦਾ ਸੀ। ਮੈਂ ਏਜੰਟ ਨੂੰ ਕਹਿ ਦਿੱਤਾ, ਸਾਨੂੰ ਪਸੰਦ ਨੇ। ਮਾਲਕ ਨਾਲ ਗੱਲ ਕਰਾ ਦੇ। ਅਸੀਂ ਠੀਕ ਕਰਾ ਲਾਂਗੇ। ਸਾਨੂੰ ਛੇਤੀ ਚਾਹੀਦੇ ਨੇ।'

'ਡੈਡੀ, ਤੁਸੀਂ ਕੀ ਕਰਨੇ ਨੇ ਟੁੱਟੇ-ਫੁੱਟੇ ਦੋ ਕਮਰੇ ?' ਪਾਲੀ ਨੇ ਕੁਝ ਚਿਲਕ ਕੇ ਪੁੱਛਿਆ। ਉਹਦਾ ਤਰਾਹ ਨਿਕਲਿਆ ਹੋਇਆ ਸੀ।

'ਰਹਾਂਗੇ ਉੱਥੇ। ਮੈਂ ਤੇ ਤੁਹਾਡੀ ਮੰਮੀ।'

'ਪਰ ਕਿਉਂ?' ਪਾਲੀ ਨੇ ਇੰਜ ਪੁੱਛਿਆ, ਜਿਵੇਂ ਕਿਸੇ ਜ਼ਿੱਦੇ-ਪਏ ਬਾਲ ਨੂੰ ਵਰਜ ਰਹੀ ਹੋਵੇ।

'ਵੇਖ ਬੇਟਾ', ਡੈਡੀ ਸਮਝਾਉਣ ਲਗੇ, 'ਅਜੇ ਅਸੀਂ ਆਪਣਾ ਘਰ ਤਾਂ ਬਣਾ ਨਹੀਂ ਸਕਦੇ। ਵੱਖ ਏਸ ਤਰ੍ਹਾਂ ਹੀ ਹੋ ਸਕਦੇ ਹਾਂ। ਕਿਸੇ ਹੋਰ ਥਾਂ ਜਾ ਰਹੀਏ। ਸਾਡੀ ਲੋੜ ਜ਼ਿਆਦਾ ਨਹੀਂ। ਸਾਡਾ ਸਰ ਜਾਏਗਾ। ਉਹਨਾਂ ਦੋ ਕਮਰਿਆਂ 'ਚ। ਕਦੀ-ਕਦੀ ਆ ਕੇ ਮਿਲ ਜਾਇਆ ਕਰਨਾ। ਵੀਹ ਕੁ ਮਿੰਟ ਲਗਦੇ ਨੇ ਏਥੋਂ ਕਾਰ 'ਚ। ਮੈਂ ਫ਼ਾਸਲਾ ਨੋਟ ਕੀਤਾ ਸੀ।'

ਪਾਲੀ ਦਾ ਸਹਿਮ ਵਧਦਾ ਗਿਆ। ਹੈਰਾਨੀ ਵੀ। ਉਸ ਪੁੱਛਿਆ,

'ਡੈਡੀ, ਤੁਸੀਂ ਸਾਰੀ ਉਮਰ ਬੰਗਲਿਆਂ 'ਚ ਰਹੇ। ਹੁਣ ਆਖ਼ਰੀ ਉਮਰੇ ਦੋ ਟੁੱਟੇ-ਫੁੱਟੇ ਦੋ ਕਮਰਿਆਂ 'ਚ ਰਹੋਗੇ, ਕਿਸੇ ਘਰ ਦੇ ਪਿਛਵਾੜੇ ?'

'ਕੋਈ ਗੱਲ ਨਹੀਂ, ਗੁਰਪਾਲ', ਡੈਡੀ ਅੜੇ ਰਹੇ। 'ਬੜਾ ਰਹਿ ਲਿਐ ਬੰਗਲਿਆਂ 'ਚ। ਹੁਣ ਵੱਡੀ ਥਾਂ ਸੁਖਾਂਦੀ ਵੀ ਨਹੀਂ। ਐਵੇਂ ਥੱਕ ਜਾਈਦੈ ਇਕ ਕਮਰੇ 'ਚੋਂ ਦੂਜੇ ਕਮਰੇ 'ਚ ਜਾਂਦਿਆਂ।'



ਪਾਲੀ ਨੇ ਪਤੀ ਵਲ ਵੇਖਿਆ। ਜਿਵੇਂ ਪੁੱਛ ਰਹੀ ਹੋਵੇ, ਤੁਹਾਨੂੰ ਠੀਕ ਲੱਗ ਰਿਹੈ ਇਹ ਸਭ ਕੁਝ। ਜਗਜੀਤ ਬੋਲਿਆ,

'ਪਾਲੀ, ਇਹ ਫ਼ੈਸਲਾ ਮੰਮੀ ਡੈਡੀ ਦੈ। ਮੈਂ ਤਾਂ ਆਪਣੀ ਇਹ ਮੰਗ ਹੀ ਰੱਖੀ ਸੀ ਕਿ ਸਾਨੂੰ ਵੱਖ ਕਰੋ। ਡੈਡੀ ਏਜੰਟ ਕੋਲ ਮੈਨੂੰ ਦੱਸ ਕੇ ਨਹੀਂ ਸਨ ਗਏ।'

'ਪਰ ਏਨੀ ਛੇਤੀ ਕਿਉਂ ?' ਪਾਲੀ ਨੂੰ ਕਾਹਲ ਪਈ, 'ਕੁਝ ਚਿਰ ਉਡੀਕ ਲੈਂਦੈ...'

'ਨਹੀਂ ਬੀਬਾ', ਡੈਡੀ ਨਰਮ ਨਾ ਪਏ, 'ਪਹਿਲੋਂ ਹੀ ਤਿੰਨ ਸਾਲ ਹੋ ਗਏ ਨੇ। ਮੈਨੂੰ ਬੜੀ ਸ਼ਰਮ ਆਉਂਦੀ ਏ। ਤੇਰੇ ਨਾਲ ਨਜ਼ਰ ਨਹੀਂ ਮਿਲਾ ਸਕਦਾ। ਆਪਣਾ ਵਾਇਦਾ ਨਹੀਂ ਪੂਰਾ ਕੀਤਾ ਮੈਂ...'

ਪਾਲੀ ਦੀਆਂ ਅੱਖਾਂ ਭਰ ਆਈਆਂ।

ਗੁਰਦਿਆਲ ਏਨਾ ਚਿਰ ਚੁੱਪ ਰਿਹਾ ਸੀ। ਉਹਦਾ ਪਾਰਟ ਚੁੱਪ ਰਹਿਣਾ ਹੀ ਸੀ। ਉਹਨੂੰ ਲੱਗਾ, *ਕਲਾਈਮੈਕਸ* ਆਉਣ ਵਾਲਾ ਸੀ। ਉਸ ਵੇਲੇ ਉਹਦੇ ਹੋਣ ਦੀ ਲੋੜ ਨਹੀਂ ਸੀ। ਐਕਟਰ ਉਹ ਵੀ ਨਿਭਾ ਲੈਣਗੇ। ਪਾਰਟ ਉਹਨਾਂ ਚੰਗੇ ਘੋਟ ਰੱਖੇ ਸਨ। ਉਹ ਚਾਹੇ ਤਾ ਨਿਕਲ ਸਕਦਾ ਸੀ। ਉਹ ਆਪਣੀ ਕੁੜਮਣੀ ਨੂੰ ਕਹਿਣ ਲੱਗਾ,

'ਭੈਣ ਜੀ, ਮੇਰਾ ਸਫ਼ਰ ਲੰਮਾ ਏ। ਮੈਨੂੰ ਜਾਣ ਦੀ ਆਗਿਆ ਦਿਓ। ਜੇ ਟੁਰਨ ਤੋਂ ਪਹਿਲਾਂ ਪਿਆਲਾ ਚਾਹ ਦਾ ਮਿਲ ਜਾਏ ਤਾਂ...'

ਕੁੜਮਣੀ ਬੌਂਦਲ ਗਈ। ਡਰਾਮੇ ਦੀ *ਸਕਰਿਪਟ* 'ਚ ਇਹ ਦ੍ਰਿੱਸ਼ ਨਹੀਂ ਸੀ। ਗੁਰਦਿਆਲ ਭਾਂਪ ਗਿਆ ਤੇ ਉਹਨੇ ਪਾਲੀ ਨੂੰ ਆਵਾਜ਼ ਦਿੱਤੀ,

'ਚਲ ਕੁੜੀਏ, ਤੂੰ ਬਣਾ ਦੇ ਚਾਹ ਦਾ ਪਿਆਲਾ। ਪੀਵਾਂ ਤੇ ਨਿਕਲਾਂ। ਸਗੋਂ ਸਭ ਨੂੰ ਬਣਾ ਦੇ। ਮੈਨੂੰ ਨਹੀਂ ਲੱਗਦਾ, ਉਹਨਾਂ ਵੀ ਅਜੇ ਕੁਝ ਪੀਤਾ ਏ।'

ਪਾਲੀ ਅੱਖਾਂ ਪੂੰਝਦੀ ਰਸੋਈ ਵਲ ਹੋ ਪਈ। ਐਕਟਰ ਸਾਰੇ ਚੰਗੇ ਸਨ। ਪੂਰਾ ਸਮਾਂ ਉਹਨਾਂ ਮੂੰਹ ਤੋਂ ਉਦਾਸੀ ਦਾ ਲੇਪ ਲਹਿਣ ਨਹੀਂ ਸੀ ਦਿੱਤਾ। ਆਵਾਜ਼ਾਂ ਵੀ ਅਨੁਕੂਲ ਰਖੀਆਂ ਸਨ। ਹੱਥ-ਪੈਰ ਵੀ ਉਵੇਂ ਹੀ ਹਿਲਾਏ ਸਨ, ਜਿਵੇਂ ਉਹਨਾਂ ਨੂੰ ਪੜ੍ਹਾਇਆ ਗਿਆ ਸੀ। ਗੁੜ੍ਹੇ ਉਹ ਉਸ ਤੋਂ ਵੀ ਜ਼ਿਆਦਾ ਸਨ। ਆਪਣੇ ਕੋਲੋਂ ਵੀ ਜੋੜੀ ਜਾ ਰਹੇ ਸਨ।

ਕਰਨਾਲ ਤਕ ਉਹ ਉਹਨਾਂ ਨੂੰ ਸੋਚ-ਸੋਚ ਮਜ਼ਾ ਲੈਂਦਾ ਰਿਹਾ। *ਬਾਈਪਾਸ* ਦੀ ਇਕ ਲਾਲ ਬੱਤੀ 'ਤੇ ਅਟਕੇ ਹੋਣ ਵੇਲੇ ਗੁਰਦਿਆਲ ਨੂੰ ਚਾਣਚੱਕ ਹੀ ਅਹੁੜਿਆ, ਉਹਦਾ ਆਪਣਾ ਡਰਾਮਾ ਵੀ ਤਾਂ ਹੈ ਸੀ। ਉਹ ਤਾਂ ਠੀਕ ਨਹੀਂ ਸੀ ਖੇਡਿਆ ਜਾ ਰਿਹਾ। ਬਹੁਤੇ ਐਕਟਰ ਆਪਣੇ ਪਾਰਟ ਭੁੱਲੀ ਬੈਠੇ ਸਨ।

ਜਿਸ ਵੇਲੇ ਜਿਨ੍ਹੇ ਪ੍ਰਵੇਸ਼ ਕਰਨਾ ਸੀ, ਉਹਨੇ ਨਹੀਂ ਸੀ ਕੀਤਾ। ਉਹ ਮੰਚ 'ਤੇ ਇਕੱਲਾ ਖੜਾ ਸੀ। ਪਿੱਛੋਂ ਜਿਹੜੀਆਂ ਸੁਰਾਂ ਛਿੜਨੀਆਂ ਸਨ, ਉਹ ਵੀ ਨਹੀਂ ਸਨ ਛਿੜੀਆਂ। ਬਿਲਕੁਲ ਚੁੱਪ-ਚਾਂ ਸੀ। ਉਹਦਾ ਮਜ਼ਾ ਜਾਂਦਾ ਰਿਹਾ। ਉਹ ਉਦਾਸ ਹੋ ਗਿਆ। ਉਹਨੂੰ ਦਸ ਸੈਕਟਰ ਵਾਲੇ ਡਰਾਮੇ ਦੀ ਥਾਂ ਚੌਧਰੀ ਦੀ ਕੋਠੀ 'ਚ ਹੋਏ ਡਰਾਮੇ ਦੀਆਂ ਝਲਕਾਂ ਪੈਣ ਲੱਗੀਆਂ। ਫੇਰ ਦਿੱਲੀ ਦੇ ਸਾਰੇ ਰਾਹ ਪੈਂਦੀਆਂ ਰਹੀਆਂ। ਉਦਾਸੀ ਵਧਦੀ ਗਈ। ਦਿੱਲੀ ਵੜਨ ਵੇਲੇ ਲੱਗਦਾ ਸੀ, ਉਹ ਕਿਸੇ ਦੇ ਨੜੋਏ ਤੋਂ ਮੁੜਿਆ ਸੀ।

#

ਜਦੋਂ ਗੁਰਦਿਆਲ ਘਰ ਪਹੁੰਚਿਆ, ਸਾਰਾ ਪਰਿਵਾਰ ਉਹਦੀ ਉਡੀਕ 'ਚ ਬਾਹਰ ਬੈਠਾ ਸੀ। ਉਹਨੇ ਸਭ ਨੂੰ ਉਸ ਡਰਾਮੇ ਦਾ ਹਾਲ ਸੁਣਾਇਆ, ਜਿਹੜਾ ਉਹ ਪਾਲੀ ਦੇ ਸੁਹਰੇ ਘਰ ਕਰਾ ਕੇ ਆਇਆ ਸੀ। ਆਪ ਉਹ ਸਭ ਤੋਂ ਵਧ ਪ੍ਰਭਾਵਿਤ ਪਾਲੀ ਦੀ ਸੱਸ ਦੀ ਅਦਾਕਾਰੀ ਤੋਂ ਸੀ। ਉਹਦਾ ਪਾਰਟ ਛੋਟਾ ਸੀ, ਪਰ ਉਹਨੇ ਕਮਾਲ ਕਰ ਦਿੱਤਾ ਸੀ। ਡਰਾਮੇ ਦਾ ਰੰਗ ਬੰਨ੍ਹ ਦਿਤਾ ਸੀ। ਗੁਰਦਿਆਲ ਨੇ ਇਹ ਖ਼ਬਰ ਵੀ ਦੇ ਦਿੱਤੀ ਕਿ ਉਹਦੀ ਮਹੀਨਾ ਭਰ ਡਿਊਟੀ ਸੁਜਾਨਗੜ੍ਹ ਲੱਗ ਗਈ ਸੀ ਤੇ ਏਨਾ ਚਿਰ ਉਹਨੇ ਦਿੱਲੀਉਂ ਬਾਹਰ ਰਹਿਣਾ ਸੀ। ਜਿਹੜਾ ਡਰਾਮਾ ਉਹਦੇ ਆਪਣੇ ਨਾਲ ਹੋਇਆ ਸੀ, ਉਹਦੀ ਗੱਲ ਉਹਨੇ ਸਿਰਫ਼ ਪਤਨੀ ਨਾਲ ਹੀ ਕੀਤੀ। ਕੁਝ ਚਿਰ ਬਾਅਦ। ਇਕੱਲਿਆਂ। ਰਾਤੀ ਸੌਣ ਵੇਲੇ। ਸਭ ਕੁਝ ਦੱਸਿਆ। ਇੰਨ-ਬਿੰਨ ਜਿਵੇਂ ਹੋਇਆ ਸੀ।

'ਚੌਧਰੀ ਮੁੱਕਰ ਗਿਐ,' ਉਸ ਤੱਤ ਕੱਢਿਆ। 'ਕਿਸੇ ਹੋਰ ਦਾ ਜ਼ੋਰ ਪੈ ਗਿਐ ਉਹਦੇ 'ਤੇ। ਥੋੜੇ ਜਿਹੇ, ਬਚੇ-ਖੁਚੇ ਵੋਟ ਦੇਂਦੈ, ਕਹਿੰਦੈ, ਬਾਕੀ ਦੇ ਖ਼ਰੀਦ ਲੈ। ਮੈਂ ਕਿਵੇਂ ਖ਼ਰੀਦ ਲਵਾਂ? ਕਿੱਥੋਂ ਲਿਆਵਾਂ ਰੋਕੜਾਂ?'

ਪਤਨੀ ਰੋਣਹਾਕੀ ਹੋ ਗਈ। ਰੋਕੜਾਂ ਸਚੀ-ਮੁੱਚੀ ਹੀ ਨਹੀਂ ਸਨ। ਪਤੀ ਨੇ ਜੋੜੀਆ ਹੀ ਨਹੀਂ ਸਨ। ਅਣਗਹਿਲ ਰਹੇ ਸਨ। ਉਹਨੇ ਆਪਣਾ ਤੱਤ ਕਢਿਆ,

'ਬੰਦੇ ਕੋਲ ਪੈਸਾ ਜ਼ਰੂਰ ਹੋਣਾ ਚਾਹੀਦੈ। ਅੱਗੋਂ ਜੋ ਕੁਝ ਵੀ ਕਰੋ, ਪੈਸਾ ਤੁਸੀਂ ਵੀ ਬਣਾਣਾ ਜ਼ਰੂਰ।'

'ਦੀਪਾਂ', ਗੁਰਦਿਆਲ ਘੋਟ ਕੇ ਬੋਲਿਆ, 'ਮੈਥੋਂ ਕੋਈ ਘੌਲ ਨਹੀਂ ਹੋਈ। ਪੈਸਾ ਮੈਂ ਵੀ ਬਣਾ ਲੈਂਦਾ, ਜੇ ਮੌਕਾ ਮਿਲਦਾ। ਐਸੀ ਮੇਰੀ ਕੋਈ ਪੁਜ਼ੀਸ਼ਨ ਹੀ ਨਹੀਂ ਰਹੀ, ਜਿੱਥੇ ਮੋਟਾ ਮਾਲ ਬਣ ਸਕਦਾ। ਮਨਚੰਦਾ ਤਾਂ ਕਹਿ ਗਿਆ ਸੀ...'

ਉਹਨੇ ਪਤਨੀ ਨੂੰ ਦੱਸਿਆ, ਜਾਂਦਾ-ਜਾਂਦਾ ਮਨਚੰਦਾ ਜੋ ਉਸ ਦਿਨ ਸੁਝਾ ਗਿਆ ਸੀ।



'ਇਹਦੇ ਲਈ ਜ਼ਰੂਰੀ ਏ ਕਿ ਪੰਜਾਬ 'ਚ ਪਾਰਸ ਦੀ ਜਿੱਤ ਹੋਵੇ। ਉਹਦੀ ਸਰਕਾਰ ਬਣੇ ਤੇ ਉਹਦੀ ਨਜ਼ਰ ਸੁਵੱਲੀ ਰਹੇ।'

'ਜਿੱਤ ਜਾਏਗਾ ਉਹ ?' ਪਤਨੀ ਨੇ ਪੁੱਛਿਆ।

'ਲੱਗਦਾ ਨਹੀਂ। ਹਵਾ ਠੀਕ ਨਹੀਂ।'

'ਹਵਾ ਦਾ ਕੀ ਏ। ਠੀਕ ਵੀ ਹੋ ਸਕਦੀ ਏ', ਪਤਨੀ ਨੇ ਉਮੀਦ ਦਵਾਈ।

'ਕੀ ਪਤਾ।'

ਦੋਵੇਂ ਹੋਰ ਉਦਾਸ ਹੋ ਗਏ।

'ਦੀਪਾਂ, ਹੁਣ ਕੋਈ ਰਾਹ ਨਹੀਂ ਰਹਿ ਗਿਆ', ਗੁਰਦਿਆਲ ਨੇ ਲਾਚਾਰੀ ਦੱਸੀ, 'ਜੇ ਮੰਨੇਂ ਤਾਂ ਲਾ ਦਈਏ ਹੁਣ ਜੀ. ਕੇ-1 ਵਾਲਾ ਮਕਾਨ ਵਿਕਣੇ ?'

'ਨਹੀਂ, ਅਜੇ ਨਹੀਂ। ਮਨ ਨਹੀਂ ਮੰਨ ਰਿਹਾ। ਕੁਝ ਹੋਰ ਸੋਚੋ। ਸੁੰਦਰ ਦਾਸ ਨਾਲ ਫੇਰ ਗੱਲ ਕਰੋ।'

'ਸੋਚਿਆ ਤਾਂ ਮੈਂ ਸੀ। ਸੁੰਦਰ ਦਾਸ ਵੀ ਦਵਾਲ ਨਹੀਂ ਕੁਝ। ਪੇਸ਼ਾਵਰ ਸਿਆਸਤਦਾਨ ਏ। ਉਹਦੇ ਜਿਹੇ ਲੋਕ ਮਦਦ ਨਹੀਂ ਕਰਦੇ, ਲੈਣ-ਦੇਣ ਕਰਦੇ ਨੇ। ਕੁਝ ਦਿਓ ਤੇ ਵੱਟੇ 'ਚ ਕੁਝ ਲਵੋ! ਮੈਂ ਉਹਨੂੰ ਕੀ ਦੇ ਸਕਨਾਂ ?'

'ਉਧਾਰ ਨਹੀਂ ਕਰਦਾ ? ਕਹੋ ਸੂ, ਵਿਆਜ ਸਮੇਤ ਮੋੜ ਦਿਆਂਗੇ, ਜਦੋਂ ਵੀ ਦੇਣ ਜੋਗੇ ਹੋਏ...'

'ਨਹੀਂ, ਦੀਪਾਂ ਸਿਆਸਤਦਾਨ ਨਕਦ ਦਾ ਸੌਦਾ ਕਰਦੇ ਨੇ। ਇਕ ਹੱਥ ਦਿਓ ਤੇ ਇੱਕ ਹੱਥ ਲੋ। ਨਾਲੇ, ਇਹ ਸੁੰਦਰ ਦਾਸ ਪਰਾਂ 'ਤੇ ਪਾਣੀ ਨਹੀਂ ਪੈਣ ਦੇਂਦਾ। ਪ੍ਰਭਾਵ ਇਹ ਪਾਂਦੈ, ਉਹਦੇ ਹੱਥ ਕੁਝ ਨਹੀਂ। ਆਪਣੇ ਲੀਡਰ ਨੂੰ ਬੜੇ *ਭਾਈ-ਸਾਹਿਬ* ਕਹਿੰਦੈ। ਉਹਦੇ ਪੁੱਤਰ ਨੂੰ *ਭੱਈਆ-ਜੀ*। ਪਰ ਉਹ ਆਪ ਸਭ ਦਾ ਚਾਚਾ ਏ। ਪਾਰਟੀ 'ਚ ਜੋ ਕੁਝ ਵੀ ਚਾਹੇ, ਕਰ ਸਕਦੈ। ਬਸ ਉਹਦੇ ਇਕ ਫੋਨ ਕਰਨ ਦੀ ਲੋੜ ਏ ਲਖਨਊ। ਐਵੇਂ ਲੱਲੋ-ਪੱਤੀਆਂ ਮਾਰਦਾ ਰਹਿੰਦੈ ਮੇਰੇ ਨਾਲ।'

ਗੁਰਦਿਆਲ ਨੇ ਢੇਰੀ ਢਾਹ ਦਿੱਤੀ। ਪਤਨੀ ਨੇ ਵਰਜਿਆ,

'ਏਸ ਤਰ੍ਹਾਂ ਨਾ ਸੋਚੋ। ਗੱਲ ਕਰੋ ਇਕ ਵਾਰੀ ਫੇਰ ਜ਼ਰੂਰ। ਕੀ ਪਤਾ, ਸ਼ਾਇਦ ਕੰਮ ਕਰ ਦੇਵੇ ਸਾਡਾ।'

'ਬੜਾ ਫਿਰੰਤੂ ਏ। ਏਥੇ ਹੈ ਵੀ ਕਿ ਨਹੀਂ। ਇਹ ਵੀ ਨਹੀਂ ਪਤਾ।'

'ਸਵੇਰੇ ਤਾਂ ਏਥੇ ਸੀ। ਮੈਂ ਵੇਖਿਆ ਸੀ, ਲਾਅਨ 'ਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ।'

'ਚਲ ਸਵੇਰੇ ਵੇਖ ਲਾਂਗੇ। ਅਜੇ ਹੋਰ ਕੁਝ ਨਹੀਂ ਸੁੱਝ ਰਿਹਾ। ਬਤਰੇ ਨੂੰ ਵੀ ਮਿਲ ਵੇਖਨਾਂ। ਜੇ ਮੈਂ ਉਹਦੀ ਪਾਰਟੀ ਦਾ ਹੁੰਦਾ ਤਾਂ ਉਹ ਜ਼ਰੂਰ ਕੁਝ ਕਰਦਾ। ਹੁਣ ਤਾ ਸਿਰਫ਼ ਰਾਹੇ ਹੀ ਪਾ ਸਕਦੈ। ਬੰਦਾ ਹੁਸ਼ਿਆਰ ਏ।'

'ਫੇਰ ਉਹਨੂੰ ਵੀ ਫੜੋ।'

'ਸੋਚਦੇ ਹਾਂ।'

ਪਤੀ ਪਤਨੀ ਬੜਾ ਚਿਰ ਗੱਲਾਂ ਕਰਦੇ ਰਹੇ। ਪਤਾ ਨਹੀਂ, ਕਿਹੜੇ ਵੇਲੇ ਸੁੱਤੇ।

#

ਗੁਰਦਿਆਲ ਨੂੰ ਸੁੰਦਰ ਦਾਸ ਨਾਲ ਮੀਟਿੰਗ ਰੱਖਣ ਦੀ ਲੋੜ ਨਾ ਪਈ। ਮੀਟਿੰਗ ਸੁੰਦਰ ਦਾਸ ਨੇ ਆਪ ਹੀ ਰੱਖ ਲਈ। ਗੁਰਦਿਆਲ ਕੁਝ ਚਿਰਾਕਾ ਜਾਗਿਆ ਸੀ ਤੇ ਰਾਤ ਵਾਂਗ ਹੀ ਉਦਾਸ ਲਾਅਨ 'ਚ ਖੜਾ ਤਾਜ਼ਾ ਹਵਾ ਭਖ਼ ਰਿਹਾ ਸੀ। ਉਹ ਫਾਟਕ ਵਾਲੀ ਕਿਆਰੀ ਕੋਲ ਸੀ। ਕੁਝ ਹੋਰ *ਪੈਂਜ਼ੀ* ਖਿੜੇ ਹੋਏ ਸਨ। ਪਰ ਏਸ ਖੇੜੇ ਨੇ ਉਹਦੀ ਰੌਂ ਨਹੀਂ ਸੀ ਬਦਲੀ। ਜਿਵੇਂ ਹੀ ਉਹਨੇ ਸਿਰ ਚੁੱਕਿਆ, ਕੰਧੋਂ ਪਾਰ ਉਹਨੂੰ ਸੁੰਦਰ ਦਾਸ ਦਿੱਸ ਪਿਆ। ਉਹ ਉਹਨੂੰ ਸੈਨਤਾਂ ਕਰ ਰਿਹਾ ਸੀ। ਜਿਵੇਂ ਹੀ ਉਹ ਉਹਦੇ ਸਾਹਮਣੇ ਹੋਇਆ, ਉਹਨੇ ਸ਼ੁਰਲੀ ਛੱਡੀ,

'ਸਿੰਘ ਸਾਹਿਬ, ਇਕ ਫੁਰਨਾ ਫੁਰਿਐ। ਏਧਰ ਆ ਜਾਓ ਫਟਾਫਟ। ਬਹਿ ਕੇ ਸੋਚੀਏ ਜ਼ਰਾ।'

'ਥੋੜੀ ਦੇਰ ਨੂੰ ਆਨਾਂ। ਪੱਗ ਬੰਨ੍ਹ ਲਵਾਂ।' ਗੁਰਦਿਆਲ ਨੇ ਕੁਝ ਮੁਹਲਤ ਮੰਗੀ।

'ਉਹ ਨਹੀਂ ਜੀ। ਕੋਈ ਲੋੜ ਨਹੀਂ। ਘਰ 'ਚ ਸਿਰਫ਼ ਅਲਕਾ ਜੀ ਨੇ। ਉਹਨਾਂ ਤੁਹਾਡਾ ਇਹ ਰੂਪ ਬੜੀ ਵਾਰੀ ਵੇਖਿਆ ਹੋਇਐ। ਏਸ ਪਾਸਿਉਂ। ਆ ਜਾਓ, ਬੱਸ।'

ਲੱਗਦਾ ਸੀ, ਸੁੰਦਰ ਦਾਸ ਨੇ ਚਾਣਚੱਕ ਫੁਰ ਪਏ ਫੁਰਨੇ ਨੂੰ ਫੜ ਕੇ ਰੱਖਿਆ ਹੋਇਆ ਸੀ ਤੇ ਉਹਨੂੰ ਉਹਦੇ ਹੱਥੋਂ ਛੁੱਟ ਜਾਣ ਦਾ ਖ਼ਦਸ਼ਾ ਸੀ।

'ਆਇਆ ਬਸ ਮੈਂ...'

ਗੁਰਦਿਆਲ ਪਿਛਾਂਹ ਹੋਇਆ, ਅੰਦਰ ਗਿਆ ਤੇ ਮਾੜਾ ਜਿਹਾ ਤਿਆਰ ਹੋ ਕੇ ਸੁੰਦਰ ਦਾਸ ਦੇ ਪਹੁੰਚ ਗਿਆ।

ਉਹ ਲਾਅਨ 'ਚ ਬੈਠਾ ਸੀ। ਗੁਰਦਿਆਲ ਵੀ ਜਾ ਕੇ ਬਹਿ ਗਿਆ। ਸੁੰਦਰ ਦਾਸ ਨੇ ਪੁੱਛਿਆ,

'ਪੰਜਾਬ ਦੀ ਹਵਾ ਕਿੱਧਰ ਚਲਾ ਕੇ ਆਏ ਹੋ ?'

'ਭਾਈ ਸਾਹਿਬ, ਮੇਰੀ ਲੋੜ ਨਹੀਂ ਉਹਨੂੰ। ਆਪੇ ਹੀ ਚਲ ਰਹੀ ਏ। ਏਸ ਵੇਲੇ ਤਾਂ ਰਾਸ਼ਟਰ ਦਲ ਦੇ ਹੱਕ 'ਚ ਏ। ਚਲ ਮੱਠੀ ਰਹੀ ਏ। ਤੁਸੀਂ ਆਪਣੀ ਯੂ-ਪੀ ਦੀ ਹਵਾ ਦਾ ਦੱਸੋ।'



'ਹਵਾ ਤਾਂ ਓਥੇ ਵੀ ਚਲ ਰਹੀ ਏ, ਪਰ ਅਜੇ ਉਹਦੀ ਸੇਧ ਦਾ ਪਤਾ ਨਹੀਂ ਲੱਗਦਾ।'

ਗੱਲ ਨੂੰ ਗੋਲ ਕਰਦਿਆਂ ਉਹ ਮੀਸਣਾ ਜਿਹਾ ਮੁਸਕਰਾਇਆ।

'ਭਾਈ ਸਾਹਿਬ, ਜਾਉ ਉੱਥੇ ਤੇ ਦਿਉ ਉਹਨੂੰ ਸੇਧ ਕੋਈ', ਗੁਰਦਿਆਲ ਨੇ ਵੀ ਓਨਾ ਹੀ ਮੁਸਕਰਾ ਕੇ ਆਖਿਆ। 'ਮੈਂ ਤੁਹਾਡੀ ਇਹ ਹਵਾ ਵੇਖੀ ਤਾਂ ਨਹੀਂ, ਪਰ ਜੋ ਪੜ੍ਹਿਐ-ਸੁਣਿਐ, ਉਹਦੇ ਮੁਤਾਬਿਕ ਐਤਕੀਂ ਤੁਹਾਡੀ ਪਾਰਟੀ ਬਾਜ਼ੀ ਮਾਰ ਜਾਏਗੀ। ਲੋਕ ਛਾਯਾ ਦੇਵੀ ਤੋਂ ਓਸੇ ਤਰ੍ਹਾਂ ਹੀ ਤੰਗ ਨੇ, ਜਿਵੇਂ ਉਹ ਪਿਛਲੀ ਵਾਰੀ ਤੁਹਾਡੀ ਪਾਰਟੀ ਤੋਂ ਤੰਗ ਸਨ। ਉਹ ਉਹਨੂੰ ਲਾਹੁਣਾ ਚਾਹੁੰਦੇ ਨੇ।'

'ਤੁਹਾਡੇ ਮੂੰਹ 'ਚ ਘਿਓ ਸ਼ੱਕਰ!'

ਸੁੰਦਰ ਦਾਸ ਖੁਸ਼ ਹੋ ਗਿਆ। ਉਹਦੀ ਪ੍ਰੋੜ੍ਹਤਾ ਹੋ ਰਹੀ ਸੀ। ਉਹਦੀ ਪਾਰਟੀ ਨੇ ਜਿਹੜੇ ਪ੍ਰਾਈਵੇਟ ਸਰਵੇਖਣ ਕਰਾਏ ਸਨ, ਉਹ ਵੀ ਇਹੋ ਕਹਿੰਦੇ ਸਨ।

ਚਾਹ ਫੁਰਤੀ ਨਾਲ ਆ ਗਈ। ਪਹਿਲਾਂ ਵਾਂਗ ਹੀ ਆਪਣੇ ਰੁਪਹਿਲੀ ਸਾਜ਼-ਸਾਮਾਨ ਨਾਲ।

ਪਹਿਲਾ ਘੁੱਟ ਭਰਦਿਆਂ ਹੀ ਗੁਰਦਿਆਲ ਨੂੰ ਅਹੁੜ ਪਿਆ, ਉਹਨੂੰ ਕਿਸੇ ਫੁਰਨੇ ਦੇ ਫ਼ੁਰਨ 'ਤੇ ਸੱਦਿਆ ਗਿਆ ਸੀ। ਉਹਨੇ ਯਾਦ ਕਰਾਇਆ,

'ਭਾਈ ਸਾਹਿਬ, ਤੁਸੀਂ ਤਾਂ ਮੈਨੂੰ ਕੋਈ ਖ਼ਾਸ ਗੱਲ ਕਰਨ ਲਈ ਸੱਦਿਆ ਸੀ।'

'ਯਾਦ ਏ ਮੈਨੂੰ। ਉਹ ਵੀ ਕਰਦੇ ਹਾਂ...ਇਹ ਦੱਸੋ, ਜੇ ਅਸੀਂ ਪੰਜਾਬ 'ਚ ਆਪਣੀ ਪਾਰਟੀ ਬਣਾਈਏ ਤਾਂ...?'

ਇਹ ਵੀ ਕੋਈ ਫੁਰਨਾ ਸੀ! ਗੁਰਦਿਆਲ ਨੂੰ ਹੈਰਾਨੀ ਹੋਈ। ਜਵਾਬ ਉਹਦੇ ਕੋਲ ਘੜਿਆ-ਘੜਾਇਆ ਸੀ। ਉਹਨੇ ਠੰਢੇ ਪਾਣੀ ਦਾ ਛਿੱਟਾ ਮਾਰਿਆ,

'ਚੱਲੇਗੀ ਨਹੀਂ ਜੇ। ਬਣਾ ਭਾਵੇਂ ਲਵੋ।'

'ਕਿਉਂ ?'

'ਭਾਈ ਸਾਹਿਬ, ਤੁਹਾਡੀ ਪਾਰਟੀ ਉੱਥੇ ਚਲਦੀ ਏ, ਜਿੱਥੇ ਮੁਸਲਮਾਨ ਹੋਣ ਤੇ ਯਾਦਵ ਹੋਣ। ਪੰਜਾਬ 'ਚ ਇਹ ਦੋਵੇਂ ਨਹੀਂ ਨੇ। ਮੁਸਲਮਾਨ ਸਿਰਫ਼ ਮਲੇਰ ਕੋਟਲੇ ਨੇ। ਅਸੰਬਲੀ ਦਾ ਸਿਰਫ਼ ਇਕੋ ਹਲਕਾ ਬਣਦੈ ਉਹਨਾਂ ਨਾਲ।'

'ਸਿੰਘ ਸਾਹਿਬ, ਸਾਡਾ ਇਕ ਹਲਕੇ ਨਾਲ ਗੁਜ਼ਾਰਾ ਨਹੀਂ।'

'ਤੁਸੀਂ ਹਰਿਆਣੇ 'ਚ ਬਣਾ ਲੌ। ਉੱਥੇ ਮੁਸਲਮਾਨ ਬੜੇ ਨੇ। ਮੇਵਾਤ ਭਰਿਆ ਹੋਇਐ ਉਹਨਾਂ ਨਾਲ। ਕੁਝ ਯਾਦਵ ਵੀ ਜ਼ਰੂਰ ਹੋਣਗੇ...'

'ਨਹੀਂ...ਮੈਂ ਸੋਚਿਆ ਸੀ ਕਿ ਜੇ ਤੁਸੀਂ ਚੰਗੀ ਰਿਪੋਰਟ ਦੇਵੋ ਤਾਂ ਉੱਥੇ

ਤੁਹਾਨੂੰ ਆਪਣੀ ਪਾਰਟੀ ਦਾ ਪ੍ਰੈਜ਼ੀਡੈਂਟ ਬਣਾ ਦਈਏ।'

'ਛੱਡੋ ਜੀ। ਮੈਨੂੰ ਕੁਝ ਬਣਾਣਾ ਜੇ ਤਾਂ ਦਿੱਲੀ 'ਚ ਬਣਾਓ।'

'ਇਹ ਵੀ ਸੋਚ ਲੈਣੇ ਹਾਂ।' ਸੁੰਦਰ ਦਾਸ ਨੇ ਮਾੜਾ ਜਿਹਾ ਸਿਰ ਹਿਲਾਇਆ।

ਗੁਰਦਿਆਲ ਨੂੰ ਲੱਗਾ, ਹੁਣ ਅਸਲ ਗੱਲ ਕਰਨ ਦਾ ਮੌਕਾ ਏ। ਉਹਨੇ ਗੱਲ ਸਿੱਧੀ ਨਾ, ਘੁਮਾ ਕੇ ਸ਼ੁਰੂ ਕੀਤੀ,

'ਐਤਕੀਂ, ਭਾਈ ਸਾਹਿਬ, ਤੁਹਾਡੇ ਅੰਬ ਸਾਡੇ ਹੱਥ ਨਹੀਂ ਆਉਣੇ।'

'ਕਿਉਂ ਸਿੰਘ ਸਾਹਿਬ ?' ਉਹਨੂੰ ਝੂਠੀ ਹੈਰਾਨੀ ਨਾਲ ਪੁੱਛਿਆ, 'ਜੋ ਤੁਆਡੇ ਪਾਸੇ ਨੇ, ਉਹ ਤੁਹਾਡੇ ਨੇ। ਹੋਰ ਕੋਈ ਹੱਥ ਨਹੀਂ ਲਾ ਸਕਦਾ।'

'ਪਰ ਜੇ ਅਸੀਂ ਉਹਨਾਂ ਦੇ ਪੱਕਣ ਤੱਕ ਏਥੇ ਹੋਏ ਹੀ ਨਾ ਤਾਂ ?'

'ਹੋਵੋਗੇ ਕਿਉਂ ਨਹੀਂ। ਜਦੋਂ ਅਗਲਾ ਨੋਟਿਸ ਆਵੇ, ਮੈਨੂੰ ਫੜਾ ਦੇਣਾ। ਮੈਂ ਆਪੇ ਨਿੱਬੜ ਲਾਂਗਾ ਉਹਦੇ ਨਾਲ। ਸਿੰਘ ਸਾਹਿਬ, ਦੋ ਸਾਲ ਏਸੇ ਤਰ੍ਹਾਂ ਹੀ ਕੱਢੋ। 2014 'ਚ ਫੇਰ ਚੋਣਾਂ ਹੋਣਗੀਆਂ। ਉਦੋਂ ਜਿਹੜੀ ਹਕੂਮਤ ਬਣੇਗੀ, ਉਹ ਤੁਹਾਡੀ ਸਮੱਸਿਆ ਹੱਲ ਕਰੇਗੀ। ਪੱਕਾ।'

ਸੁੰਦਰ ਦਾਸ ਆਪਣਾ ਬੂਹਾ ਨਹੀਂ ਸੀ ਖੋਲ੍ਹ ਰਿਹਾ। ਗੁਰਦਿਆਲ ਨੇ ਫੇਰ ਉਹਦੇ 'ਤੇ ਹੀ ਖੱਟ-ਖੱਟ ਕੀਤੀ,

'ਸਿੰਘ ਸਾਹਿਬ, ਤੁਹਾਡੀ ਪਾਰਟੀ ਕੁਝ ਨਹੀਂ ਕਰ ਸਕਦੀ ? ਹੁਣ ਤਾਂ ਇਹਨਾਂ ਚੋਣਾਂ ਤੋਂ ਬਾਅਦ ਤੁਹਾਡੀਆਂ ਸੀਟਾਂ ਵਧ ਜਾਣ ਦੀ ਉਮੀਦ ਏ। ਗੁੰਜਾਇਸ਼ ਵੀ ਵਧ ਜਾਏਗੀ...'

'ਵਧ ਸਕਦੀ ਏ', ਸੁੰਦਰ ਦਾਸ ਨੇ ਮੰਨ ਲਿਆ। ਫੇਰ ਸਮਝਾਉਣ ਲੱਗਾ। 'ਸਿੰਘ ਸਾਹਿਬ, ਹਰ ਪਾਰਟੀ ਦਾ ਆਪੋ-ਆਪਣਾ ਦਸਤੂਰ ਹੁੰਦੈ। ਅਸੀਂ ਅੱਧੀ ਗੁੰਜਾਇਸ਼ ਪਾਰਟੀ ਲੀਡਰਾਂ ਤੇ ਵਰਕਰਾਂ ਲਈ ਰਖਦੇ ਹਾਂ ਤੇ ਅੱਧੀ ਪਾਰਟੀ ਫੰਡ ਜਮ੍ਹਾਂ ਕਰਨ ਲਈ। ਫ਼ੰਡ ਪਾਰਟੀ ਲਈ ਚਾਹੀਦੇ ਹੁੰਦੇ ਨੇ। ਸਾਡੀ ਸਿਆਸਤ ਬੜੀ ਮਹਿੰਗੀ ਚੀਜ਼ ਏ। ਨਾਲੇ, ਏਸ ਵੇਲੇ ਸਾਡੀ ਪਾਰਟੀ ਰਾਜ ਵੀ ਨਹੀਂ ਕਰ ਰਹੀ।'

ਗੁਰਦਿਆਲ ਸਮਝ ਗਿਆ। ਨਾ ਉਹ ਪਾਰਟੀ ਦਾ ਲੀਡਰ ਸੀ ਨਾ ਵਰਕਰ ਤੇ ਨਾ ਹੀ ਪਾਰਟੀ ਨੂੰ ਕੋਈ ਗੱਫ਼ਾ ਦੇ ਸਕਦਾ ਸੀ। ਉਹਦੇ ਹਿੱਸੇ ਕੁਝ ਨਹੀਂ ਸੀ ਆਉਂਦਾ। ਫੇਰ ਵੀ ਉਹ ਪ੍ਰੇਰਨੋਂ ਨਾ ਹਟਿਆ,

'ਭਾਈ ਸਾਹਿਬ, ਕੋਈ ਕਲਾ ਮਰੋੜੋ ਨਾ।'

'ਕਲਾ ਤਾਂ ਬੜੇ ਭਾਈ ਸਾਹਿਬ ਹੀ ਮਰੋੜ ਸਕਦੇ ਨੇ।'

ਗੁਰਦਿਆਲ ਲੱਗਾ ਰਿਹਾ। ਉਹਨੇ ਆਖਿਆ,

'ਲੋਕ ਤਾਂ ਇਹ ਕਹਿੰਦੇ ਨੇ ਕਿ ਬੜੇ ਭਾਈ ਸਾਹਿਬ ਉਹੋ ਕੁਝ ਹੀ ਕਰਦੇ ਨੇ, ਜੋ ਛੋਟੇ ਭਾਈ ਸਾਹਿਬ ਕਹਿੰਦੇ ਨੇ।'



ਸੁੰਦਰ ਦਾਸ ਨੂੰ ਸਿਆਸੀ ਹਲਕਿਆਂ 'ਚ *ਛੋਟਾ ਭਾਈ ਸਾਹਿਬ* ਕਿਹਾ ਜਾਂਦਾ ਸੀ।

'ਨਹੀਂ, ਨਹੀਂ, ਸਿੰਘ ਸਾਹਿਬ, ਛੋਟਾ ਭਰਾ ਤਾਂ ਵੱਡੇ ਭਰਾ ਸਾਹਮਣੇ ਕੁਸਕ ਵੀ ਨਹੀਂ ਸਕਦਾ,' ਸੁੰਦਰ ਦਾਸ ਨੇ ਡਾਹੀ ਨਾ ਦਿੱਤੀ।

ਏਨੇ 'ਚ ਅਲਕਾ ਆ ਪਹੁੰਚੀ। ਉਹਦੇ ਹੱਥ 'ਚ ਵੀ ਉਸੇ ਤਰ੍ਹਾਂ ਦਾ ਮੱਗ ਸੀ, ਜਿਹੋ-ਜਿਹੇ ਉਹਨਾਂ ਅੱਗੇ ਪਏ ਸਨ। ਉਹਨੇ ਆਪਣੀ ਖ਼ਾਸ ਅਦਾ ਨਾਲ ਪੁੱਛਿਆ,

'ਕੀ ਮਸ਼ਵਰੇ ਹੋ ਰਹੇ ਨੇ ?'

'ਅਲਕਾ ਜੀ, ਤੁਹਾਡੀ ਸਿਫ਼ਾਰਸ਼ ਚਾਹੀਦੀ ਏ', ਗੁਰਦਿਆਲ ਨੇ ਉਹਨੂੰ ਵੀ ਵਲ੍ਹੇਟ ਲਿਆ, 'ਸੁੰਦਰ ਦਾਸ ਹੁਰੀਂ ਮੇਰੇ ਲਈ ਬੜੇ ਭਾਈ ਸਾਹਿਬ ਦੇ ਕੰਨ 'ਚ ਫੂਕ ਮਾਰਨ ਨੂੰ ਤਿਆਰ ਨਹੀਂ। ਕਹੋ ਨਾ ਇਹਨਾਂ ਨੂੰ ਕਿ ਮਾਰ ਦੇਣ ਫੂਕ ਮਾੜੀ ਜਿਹੀ।'

ਅਲਕਾ ਨੂੰ ਸਮਝ ਨਾ ਲੱਗੀ। ਪਰ ਉਹਨੇ ਅੱਖਾਂ ਮਟਕਾਈਆਂ ਤੇ ਆਪ-ਮੁਹਾਰੇ ਕਹਿ ਦਿੱਤਾ,

'ਮਾਰ ਦਿਉ ਨਾ! ਤੁਹਾਡੇ ਪੜੋਸੀ ਨੇ।'

ਸੁੰਦਰ ਦਾਸ ਨੇ ਸਾਰੀ ਗੱਲ ਅਲਕਾ ਨੂੰ ਸਮਝਾਈ ਤੇ ਫੇਰ ਗੁਰਦਿਆਲ ਨੂੰ ਆਖਿਆ,

'ਤੁਸੀਂ ਇੰਜ ਕਰੋ, ਆਪੇ ਪਹੁੰਚ ਜਾਉ ਬੜੇ ਭਾਈ ਸਾਹਿਬ ਕੋਲ।'

'ਮੈਂ ਚਲੇ ਜਾਨਾਂ, ਪਰ ਪਹਿਲੋਂ ਤੁਸੀਂ ਉਹਨਾਂ ਨਾਲ ਗੱਲ ਤਾਂ ਕਰੋ।'

'ਗੱਲ ਦੀ ਲੋੜ ਨਹੀਂ। ਚਲੇ ਜਾਓ। ਕਹਿ ਦੇਣਾ, ਮੈਨੂੰ ਸੁੰਦਰ ਦਾਸ ਨੇ ਘੱਲਿਐ।'

ਸੁੰਦਰ ਦਾਸ ਫੜਾਈ ਨਹੀਂ ਸੀ ਦੇ ਰਿਹਾ।

ਸਪੱਸ਼ਟ ਸੀ, ਉਹ ਕੁਝ ਨਹੀਂ ਸੀ ਕਰਨਾ ਚਾਹੁੰਦਾ। ਐਵੇਂ ਅਲਕਾ ਦਾ ਮੂੰਹ ਰੱਖਣ ਲਈ ਉਹਨੂੰ ਲਖਨਊ ਜਾਣ ਲਈ ਕਹਿ ਰਿਹਾ ਸੀ।

'ਨਹੀਂ, ਭਾਈ ਸਾਹਿਬ, ਏਸ ਤਰ੍ਹਾਂ ਜਾਣ ਦਾ ਕੋਈ ਫ਼ਾਇਦਾ ਨਹੀਂ।' ਗੁਰਦਿਆਲ ਉਹਦੇ ਕਹਿਣੇ 'ਚ ਨਾ ਆਇਆ।

'ਨਹੀਂ, ਸਿੰਘ ਸਾਹਿਬ, ਜਾਣਾ ਚਾਹੀਦੈ', ਅਲਕਾ ਨੇ ਸੁੰਦਰ ਦਾਸ ਦੀ ਪ੍ਰੋੜ੍ਹਤਾ ਕੀਤੀ। 'ਸਾਹਮਣੇ ਹੋਣ ਨਾਲ ਫ਼ਰਕ ਪੈਂਦੈ। ਜਦੋਂ ਮੈਨੂੰ ਸੀਟ ਚਾਹੀਦੀ ਸੀ, ਮੈਂ ਵੀ ਆਪ ਗਈ ਸਾਂ। ਮੈਨੂੰ ਵੀ ਤਾਂ ਉਹਨਾਂ ਸਾਹਮਣੇ ਹੋਣ 'ਤੇ ਹੀ ਦਿੱਤੀ ਸੀ।'

ਗੁਰਦਿਆਲ ਹੱਸ ਪਿਆ। ਸੁੰਦਰ ਦਾਸ ਦੀ ਵਿਸ਼ਾਲ ਮੁਸਕੜੀ ਵੀ ਪ੍ਰਗਟ ਹੋ ਪਈ। ਗੁਰਦਿਆਲ ਏਨਾ ਹੀ ਕਹਿ ਸਕਿਆ,

'ਅਲਕਾ ਜੀ, ਤੁਹਾਡੀ ਗੱਲ ਹੋਰ ਏ। ਤੁਹਾਨੂੰ ਕੌਣ ਨਾਂਹ ਕਰ ਸਕਦੈ।'

ਸੁੰਦਰ ਦਾਸ ਵੀ ਤਾਕੀਦ ਕਰਨ ਲੱਗਾ। ਉਹਦੀ ਸੋਚ ਕੁਝ ਬਦਲੀ ਸੀ।

'ਸਿੰਘ ਸਾਹਿਬ, ਜਾ ਕੇ ਮਿਲ ਹੀ ਲਵੋ ਬੜੇ ਭਾਈ ਸਾਹਿਬ ਨੂੰ। ਉਹਨਾਂ ਨੂੰ ਕਹਿਣਾ ਕਿ ਜੇ ਨਤੀਜੇ ਚੰਗੇ ਨਿਕਲਣ ਤੇ ਤੁਹਾਡੀ ਗੁੰਜਾਇਸ਼ ਵਧ ਜਾਵੇ, ਤਾਂ ਇਕ ਸੀਟ ਮੈਨੂੰ ਵੀ ਦੇ ਦੇਣਾ। ਮੈਂ ਵੀ ਕਹਿ ਦਿਆਂਗਾ ਉਹਨਾਂ ਨੂੰ। ਇਹ ਵੀ ਕਹਾਂਗਾ ਨੇ ਕਿ ਅਲਕਾ ਜੀ ਨੇ ਵੀ ਸਿਫ਼ਾਰਸ਼ ਕੀਤੀ ਏ।'

ਸੁੰਦਰ ਦਾਸ ਗੰਭੀਰ ਲੱਗ ਰਿਹਾ ਸੀ, ਪਰ ਪੂਰਾ ਨਹੀਂ। ਗੁਰਦਿਆਲ ਦਾ ਮਨ ਨਹੀਂ ਸੀ ਬਣ ਰਿਹਾ। ਉਹ ਐਵੇਂ ਜਾ ਕੇ ਘੱਟਾ ਫੱਕਣ ਨੂੰ ਤਿਆਰ ਨਹੀਂ ਸੀ।

'ਜੇ ਜਾਣਾ ਜੇ ਤਾਂ ਹੁਣੇ-ਹੁਣੇ ਜਾਓ', ਸੁੰਦਰ ਦਾਸ ਨੇ ਫੇਰ ਤਾਕੀਦ ਕੀਤੀ। 'ਬੜੇ ਭਾਈ ਸਾਹਿਬ ਨੇ ਫੇਰ ਹੱਥ ਨਹੀਂ ਜੇ ਆਣਾ। ਉਹਨਾਂ ਚੋਣ-ਮੁਹਿੰਮ 'ਤੇ ਨਿਕਲ ਪੈਣੈਂ। ਹੈਲੀਕੋਪਟਰ ਉਡਾਂਦੇ ਫਿਰਨੈਂ।'

'ਸਿੰਘ ਸਾਹਿਬ, ਛੇਤੀ ਚਲੇ ਜਾਓ', ਅਲਕਾ ਨੇ ਅੱਖਾਂ ਮਟਕਾਈਆਂ ਤੇ ਪ੍ਰੇਰਿਆ, 'ਜੇ ਮੈਂ ਸੁੰਦਰ ਜੀ ਨਾਲ ਮੁੰਮਬਈ ਨਾ ਜਾ ਰਹੀ ਹੁੰਦੀ ਤਾਂ ਤੁਹਾਡੇ ਨਾਲ ਚੱਲਦੀ।'

ਗੁਰਦਿਆਲ ਮੁਸਕਰਾਇਆ। ਸੁੰਦਰ ਦਾਸ ਦੀ ਸੰਗਤ 'ਚ ਅਲਕਾ ਵੀ ਹੁਸ਼ਿਆਰ ਹੋ ਗਈ ਸੀ। ਉਹ ਵੀ ਉਹਨੂੰ ਸੂਲੀ ਚਾੜ੍ਹਨ ਨੂੰ ਤਿਆਰ ਸੀ। ਗੁਰਦਿਆਲ ਦਾ ਮਨ ਬਣਨ ਲੱਗਾ। ਉਸ ਜਵਾਬ ਦਿੱਤਾ,

'ਚਲੋ ਘਰ ਜਾ ਕੇ ਸਲਾਹ ਬਣਾਨਾਂ। ਤੁਸੀਂ ਬੜੇ ਭਾਈ ਸਾਹਿਬ ਨੂੰ ਕਹਿ ਦਿਉ, ਦਾਸ ਉਹਨਾਂ ਦੀ ਚਰਨ-ਧੂੜ ਲੈਣ ਆ ਰਿਹੈ। ਕੋਈ ਵਕਤ ਮੁਕਰੱਰ ਕਰ ਲਈਏ ਉਹਨਾਂ ਨਾਲ ?' ਉਹਨੇ ਸੁੰਦਰ ਦਾਸ ਨੂੰ ਪੁੱਛਿਆ।

'ਸਿੰਘ ਸਾਹਿਬ, ਕੋਈ ਲੋੜ ਨਹੀਂ। ਉੱਥੇ ਬੂਹੇ ਚਵ੍ਹੀ ਘੰਟੇ ਖੁਲ੍ਹੇ ਰਹਿੰਦੇ ਨੇ। ਭਾਵੇਂ ਅੱਧੀ ਰਾਤੀਂ ਜਾ ਵੱਜੋ। ਬਸ, ਚੱਲਣ ਤੋਂ ਪਹਿਲਾਂ ਮੈਨੂੰ ਦੱਸ ਦੇਣਾ। ਮੈਂ ਉਹਨਾਂ ਨੂੰ ਖ਼ਬਰ ਕਰ ਦਿਆਂਗਾ।'

# ਸਮਾਜ-ਸੇਵੀ

ਗੁਰਦਿਆਲ ਸਾਰਾ ਦਿਨ ਦਲੀਲੀਂ ਪਿਆ ਰਿਹਾ। ਲਖਨਊ ਜਾ ਵੱਜਣ 'ਚ ਉਹਨੂੰ ਕੋਈ ਤੁਕ ਨਹੀਂ ਸੀ ਲਗ ਰਹੀ। ਕੁਝ ਮਿਲਣ ਦੀ ਸੰਭਾਵਨਾ ਬੜੀ ਘੱਟ ਸੀ। *ਸਮਾਜ-ਸੇਵਾ ਪਾਰਟੀ* ਨਾਲ ਉਹਦੀ ਕਦੀ ਕੋਈ ਛੋਹ ਨਹੀਂ ਸੀ ਰਹੀ। ਬੜੇ ਭਾਈ ਸਾਹਿਬ ਦੇ ਪਹਿਲੋਂ ਕਦੀ ਉਹ ਮੱਥੇ ਨਹੀਂ ਸੀ ਲੱਗਾ। ਉਹਦੇ ਕੋਲ ਸਿਰਫ਼ ਛੋਟੇ ਭਾਈ ਸਾਹਿਬ ਦਾ ਗਵਾਂਢ ਸੀ। ਏਨੇ ਨਾਲ ਬੰਦ ਬੂਹੇ ਨਹੀਂ ਸਨ ਖੁੱਲ੍ਹਦੇ। ਉਹਨੂੰ ਅਹਿਸਾਸ ਸੀ, ਰਾਜ ਸਭਾ ਦੀਆਂ ਸੀਟਾਂ ਰਿਓੜੀਆਂ ਨਹੀਂ ਸਨ, ਜਿਹੜੀਆਂ ਕੋਈ ਐਵੇਂ ਹੀ ਵੰਡਦਾ ਫਿਰੇ। ਨਾ ਹੀ ਉਹ ਮਖਾਣੇ ਸਨ, ਜਿਨ੍ਹਾਂ ਦੀ ਸੋਟ ਕੀਤੀ ਜਾ ਸਕਦੀ ਸੀ। ਉਹ ਤਾਂ ਹੀਰੇ ਜਵਾਹਰ ਸਨ। ਆਪਣਿਆਂ ਨੂੰ ਹੀ ਦਿੱਤੇ ਜਾ ਸਕਦੇ ਸਨ। ਉਹ ਵੀ ਸੌ ਸੋਚਾਂ ਸੋਚ ਕੇ ਤੇ ਸੰਕੋਚ ਨਾਲ।

ਆਪਣੇ ਆਪ 'ਚ ਡੁੱਬੇ ਪਏ ਨੂੰ ਵੇਖ ਅਖੀਰ ਗੁਰਦੀਪ ਨੇ ਪੁੱਛ ਹੀ ਲਿਆ,

'ਕਿਹੜੀਆਂ ਸੋਚਾਂ 'ਚ ਗੁਆਚੇ ਹੋਏ ਹੋ?'

'ਸੋਚ ਰਿਹਾਂ, ਲਖਨਉ ਜਾਵਾਂ ਕਿ ਨਾ। ਕੋਈ ਤੁਕ ਨਹੀਂ ਲੱਗਦੀ।'

ਪਤਨੀ ਆਪ ਏਨਾ ਲੰਮਾ ਸੋਚਣ ਵਾਲੀ ਨਹੀਂ ਸੀ। ਕਦੀ-ਕਦੀ ਤਾਂ ਉਹ ਉੱਕਾ ਹੀ ਨਹੀਂ ਸੀ ਸੋਚਦੀ। ਗੱਲ ਨੂੰ ਹੰਨੇ-ਬੰਨੇ ਕਰਦੀ ਜਾਂਦੀ ਸੀ। ਅੱਜ ਵੀ ਉਹ ਏਸ ਰੌਂ 'ਚ ਸੀ। ਉਹਨੇ ਪੁੱਛਿਆ,

'ਤੁਸੀਂ ਚੰਡੀਗੜ੍ਹ ਕਦੋਂ ਜਾਣਾ ਏਂ?'

'ਚੌਥੇ।'

ਗੁਰਦੀਪ ਨੇ ਉਂਗਲਾਂ 'ਤੇ ਦਿਨ ਗਿਣੇ।

'ਫੇਰ ਤਾਂ ਗੁੰਜਾਇਸ਼ ਹੈ। ਸਵੇਰੇ ਜਾਓ ਤੇ ਸ਼ਾਮ ਨੂੰ ਮੁੜ ਆਓ। ਪਰ ਇਹ ਦੱਸੋ ਕਿ ਲਖਨਊ ਵਾਲੀ ਪਾਰਟੀ ਜਿੱਤ ਜਾਏਗੀ?'

'ਸ਼ਾਇਦ ਨਹੀਂ। ਪਰ ਸਭ ਤੋਂ ਵੱਡੀ ਪਾਰਟੀ ਹੋ ਸਕਦੀ ਏ। ਕਿਸੇ ਹੋਰ ਪਾਰਟੀ ਦੀ ਮਦਦ ਨਾਲ ਹਕੂਮਤ ਬਣਾ ਸਕੇਗੀ।'

ਗੁਰਦਿਆਲ ਨੇ ਆਮ ਬਣੀ ਹੋਈ ਧਾਰਨਾ ਦੁਹਰਾ ਦਿੱਤੀ। ਗੁਰਦੀਪ ਨੂੰ ਧਰਵਾਸ ਹੋਇਆ। ਉਹਦਾ ਅਗਲਾ ਸਵਾਲ ਸੀ,

'ਉਥੇ ਚੋਣਾਂ ਕਦੋਂ ਹੋ ਰਹੀਆਂ ਨੇ?'

'ਸਾਰਾ ਫ਼ਰਵਰੀ ਹੁੰਦੀਆਂ ਰਹਿਣਗੀਆਂ। ਵਿਚੋਂ-ਵਿਚੋਂ ਛੱਡ ਕੇ।'

'ਤੇ ਬਾਕੀ ਥਾਈਂ ਕਦੋਂ?'

'ਪੰਜਾਬ 'ਚ ਤੀਹ ਜਨਵਰੀ ਨੂੰ। ਤਿੰਨ ਮਾਰਚ ਤਕ ਸਭ ਥਾਂ ਹੋ ਜਾਣਗੀਆਂ। ਛੇ ਮਾਰਚ ਤਕ ਨਤੀਜੇ ਵੀ ਨਿਕਲ ਆਣਗੇ।'

ਗੁਰਦੀਪ ਨੇ ਮਨ ਹੀ ਮਨ 'ਚ ਹਿਸਾਬ ਲਾਇਆ ਤੇ ਪੁੱਛਿਆ,

'ਤੇ ਤੁਹਾਡੀ ਰਾਜ ਸਭਾ ਦੀਆਂ ਚੋਣਾਂ ਕਦੋਂ ਨੇ?'

'ਉਹ ਅਜੇ ਬਹੁਤ ਬਾਅਦ 'ਚ ਨੇ।'

'ਫੇਰ ਤਾਂ ਤੁਸੀਂ ਜਾ ਸਕਦੇ ਹੋ।' ਪਤਨੀ ਨੇ ਨਿਤਾਰਾ ਕਰ ਦਿੱਤਾ। 'ਤੁਹਾਡੇ ਕੋਲ *ਟਾਈਮ* ਹੈ।'

ਗੁਰਦੀਪ ਨੂੰ ਸਮੱਸਿਆ ਸਾਰੀ *ਟਾਈਮ* ਦੀ ਲੱਗ ਰਹੀ ਸੀ।

'ਦੀਪਾਂ, ਗੱਲ *ਟਾਈਮ* ਦੀ ਨਹੀਂ। ਹੋਰ ਬੜਾ ਕੁਝ ਵੇਖਣੈਂ...'

'ਐਵੇਂ ਨਾ ਵੇਖਦੇ ਰਿਹਾ ਕਰੋ। ਚਲੇ ਜਾਓ। ਮੇਰਾ ਦਿਲ ਕਹਿੰਦੈ, ਤੁਹਾਨੂੰ ਜਾਣਾ ਚਾਹੀਦੈ। ਕੋਈ ਕਰਾਮਾਤ ਵੀ ਹੋ ਸਕਦੀ ਏ।'

ਗੁਰਦੀਪ ਨੇ ਵਿੱਚ ਆਪਣਾ ਦਿਲ ਵੀ ਪਾ ਦਿੱਤਾ ਤੇ ਕਿਸੇ ਕਰਾਮਾਤ ਦਾ ਵਿਸ਼ਵਾਸ ਵੀ।

'ਦੀਪਾਂ, ਕੋਈ ਕਰਾਮਾਤ ਹੀ ਹੋ ਸਕਦੀ ਏ, ਹੋਰ ਕੁਝ ਨਹੀਂ ਹੋ ਸਕਦਾ।'

'ਇਹ ਹੀ ਸਮਝ ਲੌ। ਲਖਨਊ ਤਕ ਦਾ ਭਾੜਾ ਹੀ ਨਾ। ਕਰ ਲੌ ਕੌੜਾ ਘੁੱਟ। ਕਲ੍ਹ ਸਵੇਰੇ ਚਲੇ ਜਾਓ। ਮੈਂ ਤੁਹਾਡੇ ਕਪੜੇ ਕੱਢ ਦੇਣੀ ਹਾਂ।'

ਪਤਨੀ ਨੇ ਗੱਲ ਮੁਕਾ ਦਿੱਤੀ।

#

ਅਗਲੀ ਸਵੇਰੇ ਗੁਰਦਿਆਲ ਨੇ ਪਹਿਲੀ *ਫ਼ਲਾਈਟ* ਫੜੀ। ਜਦੋਂ ਉਹ ਲਖਨਊ ਪਹੁੰਚਿਆ, ਸ਼ਹਿਰ ਅਜੇ ਅੱਖਾਂ ਉਘੇੜ ਰਿਹਾ ਸੀ। ਉਸ ਉਤੇ ਨਿੱਤ ਦੀ ਹਿਲਜੁਲ ਦਾ ਰੰਗ ਚੜ੍ਹਨ ਲੱਗ ਪਿਆ ਸੀ। ਪਰ ਚੋਣਾਂ ਦਾ ਰੰਗ ਉਸ ਉਤੇ ਉਸ ਵੇਲੇ ਵੀ ਪੂਰਾ ਚੜ੍ਹਿਆ ਹੋਇਆ ਸੀ। ਕੰਧਾਂ 'ਤੇ ਤਰ੍ਹਾਂ-ਤਰ੍ਹਾਂ ਦੇ ਪੋਸਟਰ ਸਨ। ਹਰ ਉੱਚੀ ਨੀਵੀਂ ਥਾਂ 'ਤੇ ਝੰਡੇ ਝੁੱਲ ਰਹੇ ਸਨ। ਸੜਕਾਂ ਦੇ ਆਰ-ਪਾਰ ਝੰਡੀਆਂ ਫੜਫੜਾ ਰਹੀਆਂ ਸਨ। ਵੱਡੇ-ਵੱਡੇ ਬੋਰਡ ਲੱਗੇ ਹੋਏ ਸਨ। ਉਹਨਾਂ ਤੋਂ ਛਾਯਾ ਦੇਵੀ, ਬੜੇ ਭਾਈ ਸਾਹਿਬ ਤੇ ਛੋਟੇ ਭਾਈ ਸਾਹਿਬ, ਰਾਸ਼ਟਰ ਦਲ ਦੇ ਨੌਜਵਾਨ ਆਗੂ ਤੇ ਭਗਵਾ ਪਾਰਟੀ ਦੀ ਚੌਕੜੀ ਦੀਆਂ ਸੂਰਤਾਂ ਆਏ-ਗਏ ਨੂੰ ਤਾੜ ਰਹੀਆਂ ਸਨ। ਬੜੇ ਗੂਹੜੇ, ਭੜਕੀਲੇ ਰੰਗਾਂ 'ਚ ਸਨ। ਪਾਊਡਰ ਸੁਰਖੀ ਲੱਗੀ ਹੋਈ ਜਾਪਦੀ ਸੀ। ਹਰ ਕਿਸੇ ਦੀ ਬਜ਼ੁਰਗੀ ਗਾਇਬ ਸੀ।

ਗੁਰਦਿਆਲ ਨੇ ਘੜੀ ਵੇਖੀ। ਸੱਤ ਵਜੇ ਸਨ। ਇਕ ਵਾਰੀ ਤਾਂ ਉਹਦਾ



ਜੀਅ ਕੀਤਾ, ਸਿੱਧਾ ਬੜੇ ਭਾਈ ਸਾਹਿਬ ਦੀ ਕੋਠੀ ਚਲਾ ਜਾਏ, ਉਹਨਾਂ ਨਾਲ ਗੱਲ ਮੁਕਾਏ ਤੇ ਵਾਪਸ ਦਿੱਲੀ ਦਾ ਰਾਹ ਫੜੇ। ਪਰ ਝੱਕ ਗਿਆ। ਉਹਨਾਂ ਨਾਲ ਉਹਦੀ ਏਨੀ ਬੇ-ਤਕੱਲਫ਼ੀ ਨਹੀਂ ਸੀ। ਸੱਤੀ ਸਵੇਰੇ ਜਾ ਵੱਜਣਾ ਠੀਕ ਨਹੀਂ ਸੀ ਲਗਦਾ। ਸ਼ਾਇਦ ਅਜੇ ਸੁੱਤੇ ਪਏ ਹੋਣ। ਜਾਂ ਨਹਾ-ਧੋ ਰਹੇ ਹੋਣ। ਜਾਂ ਨਾਸ਼ਤਾ ਕਰ ਰਹੇ ਹੋਣ। ਉਹਨੇ ਸੋਚਿਆ ਘੰਟਾ ਡੇਢ ਬਾਅਦ ਜਾਇਆ ਜਾਵੇ।

ਉਹਨੇ ਸਾਈਕਲ ਭਜਾਈ ਜਾਂਦੇ ਇਕ *ਹਾਅਕਰ* ਤੋਂ ਅਖ਼ਬਾਰ ਖ਼ਰੀਦੇ ਤੇ ਚਾਹ ਦੀ ਇਕ ਦੁਕਾਨ 'ਤੇ ਬਹਿ ਉਹਨਾਂ ਨੂੰ ਪੜ੍ਹਨ ਲੱਗ ਪਿਆ। ਇਹਦੇ ਵਿਚ ਨੌਂ ਵੱਜਾ ਦਿੱਤੇ। ਫੇਰ ਇਕ ਰਿਕਸ਼ਾ ਫੜਿਆ ਤੇ ਬੜੇ ਭਾਈ ਸਾਹਿਬ ਦੀ ਕੋਠੀ ਜਾ ਪਹੁੰਚਿਆ।

ਉਹਦੇ ਬਾਹਰ ਇਕ ਬਹੁਤ ਵੱਡਾ ਬੋਰਡ ਲੱਗਾ ਹੋਇਆ ਸੀ। ਉਹਦੇ ਉੱਤੇ ਬੜੇ ਭਾਈ ਸਾਹਿਬ ਦੀ ਵੱਡੀ ਤੇ ਛੋਟੇ ਭਾਈ ਸਾਹਿਬ ਦੀ ਛੋਟੀ ਤਸਵੀਰ ਸੀ। ਬੜੇ ਭਾਈ ਸਾਹਿਬ ਬੜੇ ਸਿਹਤਵਰ ਲੱਗਦੇ ਸਨ। ਬੜੇ ਹੀ ਦ੍ਰਿੜ੍ਹ ਤੇ ਮਜ਼ਬੂਤ। ਉਤਾਂਹ ਵੇਖ ਰਹੇ ਸਨ। ਛੋਟੇ ਭਾਈ ਸਾਹਿਬ ਲਿੱਸੇ ਸਨ। ਬੁੱਲ੍ਹਾਂ 'ਤੇ ਉਹੀਉ ਮੁਸਕੜੀ ਸੀ, ਜਿਹੜੀ ਗੁਰਦਿਆਲ ਨੇ ਸਵੇਰੇ ਵੇਖੀ ਸੀ। ਉਹਨਾਂ ਦੀ ਨਜ਼ਰ ਹਿਠਾਂਹ ਸੀ। ਦੋਵਾਂ ਤਸਵੀਰਾਂ ਦੇ ਨਾਲ ਕਰਕੇ ਇਕ ਬਹੁਤ ਵੱਡਾ ਗੁਰਜ ਬਣਿਆ ਹੋਇਆ ਸੀ। ਇਹ ਸਮਾਜ-ਸੇਵਾ ਪਾਰਟੀ ਦਾ ਚੋਣ-ਨਿਸ਼ਾਨ ਸੀ। ਉਸੇ ਤਰ੍ਹਾਂ ਦਾ, ਜਿਹੋ ਜਿਹਾ ਹਨੂਮਾਨ ਦੇ ਹੱਥ ਹੁੰਦਾ ਏ।

ਗੁਰਜ ਪਹਿਲਵਾਨ ਵੀ ਫੜਦੇ ਹੁੰਦੇ ਸਨ। ਜਦੋਂ ਉਹ ਦੰਗਲ ਸਮੇਂ ਅਖਾੜੇ 'ਚ ਨਿਤਰਦੇ ਸਨ, ਇਹ ਉਹਨਾਂ ਦੇ ਹੱਥ ਹੁੰਦਾ ਸੀ। ਦੂਜੇ ਪਾਸੇ ਗੁਰਦਿਆਲ ਪਹਿਲਵਾਨੀ ਫ਼ੈਡਰੇਸ਼ਨ ਦਾ ਜੂਨੀਅਰ ਵਾਈਸ-ਪ੍ਰੈਜ਼ੀਡੈਂਟ ਸੀ। ਰਿਸ਼ਤਾ ਦੂਰ ਦਾ ਸੀ। ਫੇਰ ਵੀ ਗੁਰਦਿਆਲ ਨੂੰ ਸਮਾਜ-ਸੇਵੀਆਂ ਨਾਲ ਨੇੜਤਾ ਮਹਿਸੂਸ ਹੋਈ।

ਉਹਨੂੰ ਅੰਦਰ ਜਾਣ ਦੀ ਲੋੜ ਨਾ ਪਈ। ਗੇਟ ਤੋਂ ਹੀ ਪਤਾ ਲੱਗ ਗਿਆ, ਬੜੇ ਭਾਈ ਸਾਹਿਬ ਸਵੇਰੇ ਸੱਤ ਵਜੇ ਹੀ ਆਪਣੇ ਪਿੰਡ ਨੂੰ ਨਿਕਲ ਗਏ ਸਨ। ਗੁਰਦਿਆਲ ਨੇ ਅੰਦਰ ਹੀ ਅੰਦਰ ਆਪਣੇ ਆਪ ਨੂੰ ਝਿੜਕਿਆ। ਜੇ ਉਹ ਉੱਥੇ ਅਖ਼ਬਾਰ ਪੜ੍ਹਨ ਨਾ ਬਹਿ ਜਾਂਦਾ ਤੇ ਸਿੱਧਾ ਕੋਠੀ ਨੂੰ ਆ ਜਾਂਦਾ, ਬੜੇ ਭਾਈ ਸਾਹਿਬ ਨਾਲ ਉਹਦੀ ਮੁਲਾਕਾਤ ਹੋ ਜਾਣੀ ਸੀ। ਗੱਡੀ ਨੇ ਅਜੇ ਪਲੇਟ ਫਾਰਮ 'ਤੇ ਹੀ ਖਲੋਤੇ ਹੋਣਾ ਸੀ। ਕਿਸੇ ਹੋਰ ਸਟੇਸ਼ਨ ਨਹੀਂ ਸੀ ਪਹੁੰਚਿਆ ਹੋਣਾ।

ਖ਼ੈਰ ਗੱਡੀ ਨੂੰ ਤਾਂ ਫੜਨਾ ਹੀ ਸੀ। ਭਾਵੇਂ ਕਿਸੇ ਅਗਲੇ ਸਟੇਸ਼ਨ 'ਤੇ ਹੀ। ਫਾਟਕ ਦੇ ਨਾਲ ਕਰਕੇ ਦਫ਼ਤਰ ਸੀ। ਕੋਈ ਜ਼ਿੰਮੇਵਾਰ ਬੰਦਾ ਬੈਠਾ ਸੀ ਉੱਥੇ। ਉਹਨੇ ਗੁਰਦਿਆਲ ਦੀ ਵਿਥਿਆ ਸੁਣੀ ਤੇ ਸਲਾਹ ਦਿੱਤੀ,

'ਟੈਕਸੀ ਫੜੋ। ਦੋ ਘੰਟਿਆਂ 'ਚ ਪਹੁੰਚ ਜਾਉਂਗੇ ਪਿੰਡ।'

'ਮੰਗਵਾ ਦਿਉਂ ਫੇਰ।'

'ਮੰਗਵਾ ਦੇਨਾਂ। ਹੁਣੇ।'

ਉਹਨੇ ਕਿਸੇ ਨੂੰ ਆਵਾਜ਼ ਦਿੱਤੀ। ਗੁਰਦਿਆਲ ਨੇ ਪੁੱਛਿਆ,

'ਉਹਨਾਂ ਦੇ ਪੀ-ਏ ਨਾਲ ਗੱਲ ਹੋ ਸਕਦੀ ਏ?'

'ਕੋਸ਼ਿਸ਼ ਕਰ ਵੇਖਣੇ ਹਾਂ।'

ਕੋਸ਼ਿਸ਼ ਸਫਲ ਰਹੀ। ਗੁਰਦਿਆਲ ਨੇ ਆਪ ਉਹਦੇ ਨਾਲ ਗੱਲ ਕੀਤੀ। ਪੀ-ਏ ਨੂੰ ਉਹਦੇ ਆਉਣ ਦਾ ਪਤਾ ਸੀ। ਉਹਨੇ ਕਿਹਾ,

'ਆ ਜਾਓ। ਅਸੀਂ ਪਿੰਡ ਪਹੁੰਚਣ ਵਾਲੇ ਹਾਂ। ਸ਼ਾਮ ਤਕ ਉੱਥੇ ਹੀ ਰਹਾਂਗੇ।'

ਮਤਲਬ ਸੀ, ਸੁੰਦਰ ਦਾਸ ਨੇ ਬੜੇ ਭਾਈ ਸਾਹਿਬ ਦੇ ਕੰਨ 'ਚ ਫੂਕ ਮਾਰ ਦਿੱਤੀ ਸੀ, ਭਾਵੇਂ ਇਹ ਅਜੇ ਪਤਾ ਨਹੀਂ ਸੀ ਲੱਗ ਸਕਦਾ, ਫੂਕ 'ਚ ਜ਼ੋਰ ਕਿੰਨਾ ਸੀ। ਹੁਣੇ ਉਹਨਾਂ ਨੂੰ ਫੜਨਾ ਉਹਦਾ ਕੰਮ ਸੀ। ਜੇ ਪੱਛੜ ਗਿਆ ਤਾਂ ਉਹਨਾਂ ਕਿਤੇ ਅੱਗੇ ਨਿਕਲ ਜਾਣਾ ਸੀ।

ਉਹਨੇ ਸੋਚਿਆ, ਉਹ ਲੀਡਰ ਕੀ, ਜੋ ਸੌਖਾ ਫੜਾਈ ਦੇ ਜਾਏ। ਲੀਡਰ ਦੇ ਕੱਦ ਦਾ ਫ਼ੈਸਲਾ ਉਹਦੇ ਘੁਮੱਕੜੀ ਹੋਣ ਦੀ ਹੱਦ ਤੋਂ ਲੱਗਦਾ ਏ। ਉਹਦਾ ਨਿਚੱਲਾ ਹੋਣਾ ਜ਼ਰੂਰੀ ਏ। ਅੱਜਕਲ ਤਾਂ ਚੋਣਾਂ ਨੇ। ਲੀਡਰ ਨੂੰ ਤਾਂ ਭੰਬੀਰੀ ਬਣਿਆ ਹੋਣਾ ਚਾਹੀਦੈ।

ਗੁਰਦਿਆਲ ਟੈਕਸੀ 'ਚ ਬੈਠਿਆਂ। ਡਰਾਈਵਰ ਜ਼ਰੂਰ ਮੁਸਲਮਾਨ ਸੀ। ਇਹਦਾ ਕਿਆਫ਼ਾ ਉਹਨੂੰ ਟੈਕਸੀ ਦੇ *ਵਿੰਡ-ਸਕਰੀਨ* 'ਤੇ ਸਤ-ਸੌ-ਛਿਆਸੀ ਲਿਖੇ ਹੋਣ ਤੋਂ ਲੱਗਾ। ਜਿਵੇਂ ਆਪਣੇ ਸ਼ੀਸ਼ੇ 'ਤੇ ਹਿੰਦੂ *ਓਮ* ਤੇ ਸਿੱਖ ੴ ਦਾ ਚਿੰਨ ਚੇਪ ਲੈਂਦੇ ਨੇ, ਮੁਸਲਮਾਨ ਇਹ ਹਿੰਦਸਾ ਲਿਖਵਾ ਲੈਂਦੇ ਨੇ। ਸਤ-ਸੌ-ਛਿਆਸੀ ਮੁਸਲਮਾਨਾਂ ਨੂੰ ਕੁਰਾਨ ਸ਼ਰੀਫ਼ ਦਾ ਚੇਤਾ ਕਰਾਉਂਦਾ ਰਹਿੰਦਾ ਏ। ਉਹਦੇ 'ਚ ਸਤ-ਸੌ-ਛਿਆਸੀ ਆਇਤਾਂ ਨੇ। ਉਹਦਾ ਕਿਆਫ਼ਾ ਸਹੀ ਨਿਕਲਿਆ। ਡਰਾਈਵਰ ਦਾ ਨਾਂ ਅਸਲਮ ਖਾਨ ਸੀ।

ਅਸਲਮ ਨੂੰ ਬੜੇ ਭਾਈ ਸਾਹਿਬ ਦੇ ਪਿੰਡ ਦਾ ਪੂਰਾ ਪਤਾ ਸੀ।

'ਐਵੇਂ ਨਾਂ ਨੂੰ ਹੀ ਪਿੰਡ ਏ ਜੀ,' ਉਹਨੇ ਦੱਸਿਆ। 'ਉੱਥੇ ਸਭ ਕੁਝ ਸ਼ਹਿਰਾਂ ਵਰਗੈ। ਹੋਰ ਤਾ ਹੋਰ, ਉੱਥੇ ਏਅਰਪੋਰਟ ਵੀ ਹੈ। ਜਦੋਂ ਵੀ ਏਥੇ ਬੜੇ ਭਾਈ ਸਾਹਿਬ ਦਾ ਰਾਜ ਹੋਇਆ, ਉਹਨਾਂ ਆਪਣੇ ਏਸ ਪਿੰਡ 'ਤੇ ਬੜਾ ਪੈਸਾ ਖਰਚਿਆ। ਇਹਦਾ ਸਭ ਨੂੰ ਪਤੈ ਤੇ ਉਸ ਪਿੰਡ ਦਾ ਵੀ, ਜਿੱਥੋਂ ਦੇ ਮਾਤਾ ਜੀ ਨੇ।'

'ਅਸਲਮ, ਇਹ ਮਾਤਾ ਜੀ ਕੌਣ ਨੇ?'



'ਮੁੱਖ ਮੰਤਰੀ ਛਾਯਾ ਦੇਵੀ।'

'ਯਾਰ, ਉਹ ਤਾਂ ਜਵਾਨ-ਜਹਾਨ ਨੇ। ਉਹਨਾਂ ਨੂੰ *ਮਾਤਾ ਜੀ* ਕਿਉਂ ਸੱਦਦੇ ਹੋ?'

ਗੁਰਦਿਆਲ ਨੂੰ ਅਜਿਹੀ ਕੋਈ ਗੱਲ ਨਹੀਂ ਸੀ ਲੱਗਦੀ। ਛਾਯਾ ਦੇਵੀ ਹਮੇਸ਼ਾ ਟੱਸ਼ ਕੱਢ ਕੇ ਰਖਦੀ ਸੀ। ਡੀਜ਼ਾਇਨਰ ਸੂਟ ਪਾਉਂਦੀ ਸੀ। ਹੱਥ 'ਚ ਪਰਸ ਫੜਦੀ ਸੀ। ਵਾਲ ਕਾਲੇ ਸਨ। ਫ਼ੈਸ਼ਨੀ ਵਿਤਰ ਵਾਲੇ। ਵਧ ਤੋਂ ਵਧ ਉਹਨੂੰ ਭੈਣ ਜੀ ਕਿਹਾ ਜਾ ਸਕਦਾ ਸੀ।

'ਏਥੇ ਅਸੀਂ ਉਹਨਾਂ ਨੂੰ ਮਾਤਾ ਜੀ ਹੀ ਕਹਿੰਦੇ ਹਾਂ। ਉਹਨਾਂ ਦਾ ਇਸ਼ਟਾਈਲ ਹੀ ਇਹੋ ਜਿਹੈ।'

'ਉਹਨਾਂ ਦਾ ਪਿੰਡ ਕਿਹੋ ਜਿਹੈ?' ਗੁਰਦਿਆਲ ਨੇ ਐਵੇਂ ਸ਼ੁਗ਼ਲਣ ਪੁੱਛਿਆ।

'ਜਾਣਾ ਜੇ ਉੱਥੇ ਵੀ? ਦਿੱਲੀਉਂ ਨੇੜੇ ਪਏਗਾ। ਉਹ ਵੀ ਸ਼ਹਿਰਾਂ ਵਰਗੈ। ਵਧੀਆ ਮਕਾਨ ਨੇ। ਵਧੀਆ ਗਲੀਆਂ। ਪੱਕੀਆਂ ਸੜਕਾਂ। ਪਾਰਕ ਨੇ। ਹੈਲੀਕੋਪਟਰਾਂ ਦਾ ਅੱਡਾ ਵੀ ਬਣਿਆ ਹੋਇਐ। ਫਾਇਰ-ਬ੍ਰਿਗੇਡ ਵੀ ਏ...'

'ਕਿਉਂ? ਉੱਥੇ ਅੱਗਾਂ ਲੱਗਣ ਦਾ ਖ਼ਤਰਾ ਰਹਿੰਦੈ?' ਗੁਰਦਿਆਲ ਨੇ ਚੌਂਕ ਕੇ ਪੁੱਛਿਆ।

'ਪਤਾ ਨਹੀਂ ਜੀ,' ਅਸਲਮ ਨੇ ਹੱਸ ਛੱਡਿਆ।

ਸਫ਼ਰ ਛੇਤੀ ਮੁੱਕਣ ਵਾਲਾ ਨਹੀਂ ਸੀ। ਟਰੈਫ਼ਿਕ ਖ਼ਰਾਬ ਸੀ। ਟੈਕਸੀ ਰਫ਼ਤਾਰ ਨਹੀਂ ਸੀ ਫੜ ਰਹੀ। ਗੁਰਦਿਆਲ ਨਿਸਚਿੰਤ ਸੀ। ਵਕਤ ਬੜਾ ਸੀ। ਨਾਲੇ ਬੜੇ ਭਾਈ ਸਾਹਿਬ ਨੂੰ ਪਤਾ ਸੀ, ਉਹ ਚੱਲਿਆ ਹੋਇਐ। ਮੁਲਾਕਾਤ ਤਾਂ ਹੋ ਹੀ ਜਾਣੀ ਸੀ।

ਅਸਲਮ ਉਹਨੂੰ ਚੰਗਾ ਜਾਣਕਾਰ ਲੱਗਾ। ਉਸ ਸੋਚਿਆ, ਵਿਹਲੇ ਬੈਠੇ ਉਹਦੇ ਤੋਂ ਚੋਣਾਂ ਦੀ ਖ਼ਬਰ ਹੀ ਲੈ ਲਈਏ। ਵੈਸੇ ਵੀ ਟੈਕਸੀ ਡਰਾਈਵਰਾਂ ਦੇ ਨੱਕ ਬੜੇ ਤੇਜ਼ ਹੁੰਦੇ ਨੇ। ਉਹ ਹਵਾ ਨੂੰ ਸੁੰਘਦੇ ਹੀ ਨਹੀਂ, ਭਖ਼ਦੇ ਵੀ ਨੇ। ਉਹਨੇ ਅਸਲਮ ਨੂੰ ਪੋਲੇ ਜਿਹੇ ਪੁੱਛਿਆ,

'ਅਸਲਮ, ਏਥੇ ਚੋਣਾਂ 'ਚ ਐਤਕੀਂ ਕਿਹਦਾ ਦਾਅ ਲੱਗੇਗਾ?'

'ਕੁਝ ਕਹਿਣਾ ਮੁਸ਼ਕਿਲ ਏ ਜੀ। ਭੀੜ ਤਾਂ ਸਭ ਤੋਂ ਜ਼ਿਆਦਾ *ਮਾਤਾ ਜੀ* ਦੇ ਜਲਸਿਆਂ 'ਚ ਹੁੰਦੀ ਏ। ਲੋਕ ਕਈ-ਕਈ ਘੰਟੇ ਉਡੀਕਦੇ ਰਹਿੰਦੇ ਨੇ ਉਹਨਾਂ ਨੂੰ। ਭਾਵੇਂ ਅੱਧੀ ਰਾਤ ਪਈ ਹੋਵੇ। ਮੰਚ 'ਤੇ ਇਕੋ ਕੁਰਸੀ ਹੁੰਦੀ ਏ। ਸਿਰਫ਼ *ਮਾਤਾ ਜੀ* ਬਹਿੰਦੇ ਨੇ। ਬਾਕੀ ਖੜੇ ਰਹਿੰਦੇ ਨੇ। ਤਕਰੀਰ ਉਹ ਆਪਣੀ ਲਿਖਵਾ ਕੇ ਲਿਆਂਦੇ ਨੇ। ਪੜ੍ਹਨ ਦੀ ਮਸ਼ਕ ਨਹੀਂ ਕੀਤੀ ਹੁੰਦੀ। ਏਸ ਲਈ ਅਟਕ-ਅਟਕ ਕੇ ਪੜ੍ਹਦੇ ਨੇ। ਪਰ ਸੁਣਨ ਵਾਲਿਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਮਾਤਾ ਜੀ ਦੇ ਬੋਲ ਜਿਵੇਂ ਹਵਾ 'ਚੋਂ ਹੀ ਬੋਚ ਲੈਂਦੇ ਨੇ ਤੇ

ਤਾੜੀਆਂ ਮਾਰਨ ਲੱਗਦੇ ਨੇ।'

ਅਸਲਮ ਨੇ ਛਾਯਾ ਦੇਵੀ ਦੇ ਜਲਸਿਆਂ ਦੀ ਤਸਵੀਰ ਖਿੱਚ ਦਿੱਤੀ। ਗੁਰਦਿਆਲ ਪ੍ਰਭਾਵਿਤ ਨਾ ਹੋਇਆ ਤੇ ਕਹਿ ਉੱਠਿਆ,

'ਉਹ ਯਾਰ, ਜਲਸਿਆਂ ਤੋਂ ਕੀ ਪਤਾ ਲੱਗਦੈ?'

'ਨਹੀਂ, ਸਰਦਾਰ ਸਾਹਿਬ, ਜਲਸੇ ਬੜਾ ਕੁਝ ਦੱਸਦੇ ਨੇ। ਮਾਤਾ ਜੀ ਦੇ ਜਲਸੇ 'ਚ ਆਏ ਹੋਏ ਲੋਕ ਸਾਰੇ ਉਹਨਾਂ ਨੂੰ ਵੋਟ ਪਾਣ ਵਾਲੇ ਹੁੰਦੇ ਨੇ। ਬਾਕੀ ਦੇ ਜਲਸਿਆਂ ਬਾਰੇ ਅਸੀਂ ਇੰਜ ਨਹੀਂ ਕਹਿ ਸਕਦੇ।'

'ਰਾਸ਼ਟਰ ਦਲ ਦੇ ਨੌਜਵਾਨ ਲੀਡਰ ਦੇ ਜਲਸੇ ਕਿਹੋ ਜਿਹੇ ਨੇ?'

'ਉਹਨਾਂ ਵਿਚ ਵੀ ਬੜੇ ਲੋਕ ਹੁੰਦੇ ਨੇ, ਪਰ ਮਾਤਾ ਜੀ ਨਾਲੋਂ ਘੱਟ। ਲੋਕ ਸਿਰਫ਼ ਉਹਨੂੰ ਸੁਣਨ ਆਉਂਦੇ ਨੇ। ਨੌਜਵਾਨ ਲੀਡਰ ਫ਼ਿਲਬਦੀ ਬੋਲਦੈ, ਮਤਲਬ, ਮੂੰਹ-ਜ਼ਬਾਨੀਂ। ਢਿੱਡੋਂ ਬੋਲਦੈ। ਸੱਚਾ ਬੋਲਦੈ। ਪਰ, ਸਰਦਾਰ ਸਾਹਿਬ, ਬੋਲਦਾ ਹੀ ਨਾ। ਬੋਲੇਗਾ ਤੇ ਚਲਾ ਜਾਏਗਾ ਦਿੱਲੀ। ਉਹਨੇ ਏਥੇ ਤਾਂ ਰਹਿਣਾ ਨਹੀਂ। ਡੁੱਬਣਾ ਤਰਨਾ ਨਹੀਂ ਉਹਨੇ ਏਥੇ। ਉਹ ਇਹ ਨਹੀਂ ਕਹਿੰਦਾ, ਮੈਨੂੰ ਮੁੱਖ ਮੰਤਰੀ ਬਣਾਓ, ਮੈਂ ਤੁਹਾਡੇ ਸਾਰੇ ਮਸਲੇ ਹੱਲ ਕਰ ਦਿਆਂਗਾ। ਜੇ ਉਹ ਇਹ ਕਹੇ ਤਾਂ ਸਭ ਨੂੰ ਪਛਾੜ ਜਾਵੇ। ਜਿਥੇ ਅਸੀਂ ਹੁਣ ਜਾ ਰਹੇ ਹਾਂ, ਉਹਨਾਂ ਨੇ ਤੇ ਉਹਨਾਂ ਦੇ ਸਾਹਿਬਜ਼ਾਦੇ ਨੇ ਤਾਂ ਏਥੇ ਹੀ ਰਹਿਣੈਂ। ਬੋਲ ਕੇ ਕਿਤੇ ਚਲੇ ਨਹੀਂ ਜਾਣਾ। ਸਰਦਾਰ ਸਾਹਿਬ, ਮੈਨੂੰ ਤਾਂ ਇਹ ਲੱਗਦੈ, ਏਥੇ ਚੋਣਾਂ ਦਾ ਫ਼ੈਸਲਾ ਏਸ ਗੱਲ ਨਾਲ ਹੋਣਾ ਜੇ।'

ਅਸਲਮ ਦਾ ਨੁਕਤਾ ਨਵਾਂ ਸੀ। ਨਿਵੇਕਲਾ ਵੀ। ਇੰਜ ਅਖ਼ਬਾਰਾਂ 'ਚ ਨਹੀਂ ਸੀ ਲਿਖਿਆ ਹੁੰਦਾ।

'ਮਤਲਬ ਫੇਰ ਦਾਅ ਗੁਰਜ ਵਾਲੇ ਦਾ ਹੀ ਲੱਗੇਗਾ? ਇਹ ਹੀ ਏ ਨਾ ਤੇਰਾ ਮਤਲਬ?' ਗੁਰਦਿਆਲ ਨੇ ਸਾਰ ਕੱਢਿਆ।

'ਮੈਨੂੰ ਤਾਂ ਇੰਜ ਹੀ ਲੱਗਦੈ ਜੀ।'

'ਮਤਲਬ, ਫੇਰ ਬੜੇ ਭਾਈ ਸਾਹਿਬ ਦੀ ਸਰਕਾਰ ਬਣੇਗੀ?'

'ਬਣਨੀ ਤਾਂ ਚਾਹੀਦੀ ਏ। ਪਰ ਕੁਝ ਕਿਹਾ ਨਹੀਂ ਜਾ ਸਕਦਾ। ਇਹ ਵੋਟਾਂ ਵਾਲੀ ਮਸ਼ੀਨ ਬੜੀ ਖਚਰੀ ਚੀਜ਼ ਜੇ। ਕੁਝ ਦਾ ਕੁਝ ਕਰ ਦੇਂਦੀ ਏ। ਫੇਰ ਵੀ ਲੱਗਦੈ, ਗੁਰਜ ਸਭ ਤੋਂ ਚੰਗਾ ਰਹੇਗਾ।'

ਗੱਲ ਤਸੱਲੀ ਵਾਲੀ ਸੀ। ਜੇ ਚੰਗਾ ਰਹੇਗਾ ਤਾਂ ਚੰਗਾ ਕਰ ਵੀ ਸਕੇਗਾ। ਗੁਰਦਿਆਲ ਨੇ ਪੁੱਛਿਆ,

'ਅਸਲਮ, ਤੂੰ ਕਿਹਨੂੰ ਵੋਟ ਪਾਏਂਗਾ?'

'ਮੇਰਾ ਕੀ ਏ ਜੀ। ਮੈਂ ਸ਼ਾਇਦ ਵੋਟ ਪਾ ਹੀ ਨਾ ਸਕਾਂ। ਮੇਰਾ ਵੋਟ ਪਿੰਡ ਏ। ਉੱਥੇ ਜਾਵਾਂ ਤਾਂ ਭੁਗਤਾਂ।'



'ਯਾਰ, ਫੇਰ ਵੀ ਦੱਸ ਛੱਡ, ਜੇ ਪਾਏਂ ਤਾਂ ਕਿਹਨੂੰ ਪਾਏਂਗਾ?'

'ਸਰਦਾਰ ਸਾਹਿਬ, ਦਿਲ ਤਾਂ ਕਰਦੈ, ਰਾਸ਼ਟਰ ਪਾਰਟੀ ਦੇ ਨੌਜਵਾਨ ਆਗੂ ਨੂੰ ਪਾਵਾਂ। ਪਰ ਪਾਵਾਂਗਾ ਗੁਰਜ ਨੂੰ। ਮਾਤਾ ਜੀ ਤੋਂ ਖਹਿੜਾ ਛੁਡਾਣੈਂ।'

ਅਸਲਮ ਮੀਸਣਾ ਜਿਹਾ ਹਾਸਾ ਹੱਸਿਆ ਤੇ ਅਗਾਂਹ ਵੇਖਣ ਲੱਗਾ।

#

ਪੀ-ਏ ਗੁਰਦਿਆਲ ਨੂੰ ਦੀਵਾਨ-ਖਾਨੇ 'ਚ ਲੈ ਗਿਆ। ਬਿਠਾ ਦਿੱਤਾ ਤੇ ਦੱਸਿਆ,

'ਅਜੇ ਖਾਣਾ ਚਲ ਰਿਹੈ। ਖਾਉਗੇ ਤੁਸੀਂ ਵੀ ਕੁਝ?'

'ਨਹੀਂ। ਮੈਂ ਖਾ ਕੇ ਚੱਲਿਆ ਸਾਂ।'

ਹੋਰ ਕੀ ਕਹਿੰਦਾ! ਖਾਧੀ ਤਾ ਉਹਨੇ ਰਾਹ ਦੀ ਹਵਾ ਹੀ ਸੀ। ਭੁੱਖ ਲਾਉਣ ਵਾਲੀ ਨਹੀਂ, ਭੁੱਖ ਮਾਰਨ ਵਾਲੀ।

ਕਮਰਾ ਬਹੁਤ ਵੱਡਾ ਸੀ। ਮਸਨਦ ਲੱਗੀ ਹੋਈ ਸੀ। ਹਰ ਪਾਸੇ ਗਦੇਲੇ ਪਏ ਸਨ। ਇਕ ਪਾਸੇ ਹਰੇ ਰੰਗ ਦੀਆਂ ਟੋਪੀਆਂ ਦਾ ਢੇਰ ਸੀ। ਸਭਨਾਂ ਪਾਰਟੀਆਂ ਦੀਆਂ ਆਪੋ ਆਪਣੀਆਂ ਟੋਪੀਆਂ ਸਨ। ਸਮਾਜ-ਸੇਵਾ ਪਾਰਟੀ ਦੀ ਟੋਪੀ ਹਰੀ ਸੀ। ਛਾਯਾ ਦੇਵੀ ਦੇ ਹਿਮਾਇਤੀ ਗੇਰੀ ਰੰਗ ਦੀਆਂ ਟੋਪੀਆਂ ਪਾਉਂਦੇ ਸਨ। ਭਗਵਾਂ ਪਾਰਟੀ ਦੇ ਭਗਵੀਆਂ ਟੋਪੀਆਂ ਤੇ ਰਾਸ਼ਟਰ ਦਲ ਦੇ ਚਿੱਟੀਆਂ ਟੋਪੀਆਂ। ਟੋਪੀ ਤੋਂ ਪਾਰਟੀ ਦਾ ਪਤਾ ਲੱਗ ਜਾਂਦਾ ਸੀ। ਕਈ ਥਾਈਂ ਛੋਟੇ-ਵੱਡੇ ਗੁਰਜ ਲੁੜਕੇ ਪਏ ਸਨ। ਗੁਰਦਿਆਲ ਨੇ ਇਕ ਚੁੱਕ ਕੇ ਵੇਖਿਆ। ਬੜਾ ਹੌਲਾ ਸੀ। ਗੁੱਦੇ ਦਾ ਬਣਿਆ ਹੋਏਗਾ। ਉਹਨੇ ਮਸਨਦ ਉਪਰਲੀ ਕੰਧ ਵਲ ਵੇਖਿਆ। ਉਹਦੇ ਉਤੇ ਛੋਟੀਆਂ-ਵੱਡੀਆਂ ਕਈ ਤਸਵੀਰਾਂ ਲੱਗੀਆਂ ਹੋਈਆਂ ਸਨ। ਗੁਰਦਿਆਲ ਕੋਲ ਹੋ ਉਹਨਾਂ ਨੂੰ ਵੇਖਣ ਲੱਗਾ।

ਤਸਵੀਰਾਂ ਸੀਨ-ਸੀਨਰੀਆਂ ਦੀਆਂ ਨਹੀਂ ਸਨ, ਬੰਦਿਆਂ ਦੀਆਂ ਸਨ। ਇਕ ਤਸਵੀਰ ਬੜੀ ਵੱਡੀ ਸੀ। ਉਹ ਉਹਦੇ ਤੋਂ ਪਛਾਣੀ ਨਾ ਗਈ। ਉਹ ਸਿਰਫ਼ ਦੋ ਤਸਵੀਰਾਂ ਹੀ ਪਛਾਣ ਸਕਿਆ। ਇਕ ਜੈ ਪ੍ਰਕਾਸ਼ ਨਾਰਾਇਣ ਦੀ ਸੀ ਤੇ ਦੂਜੀ ਚੰਦਰ ਸ਼ੇਖਰ ਦੀ, ਉਹ ਜਿਹੜਾ ਬੱਲੀਆ ਤੋਂ ਸੀ ਤੇ ਸਾਲ ਭਰ ਦੇਸ਼ ਦਾ ਪ੍ਰਧਾਨ ਮੰਤਰੀ ਵੀ ਰਿਹਾ ਸੀ। ਅਖ਼ਬਾਰਾਂ 'ਚ ਉਹਦੇ ਭੋਂਡਸੀ ਪਿੰਡ 'ਚ ਬਣੇ ਹੋਏ ਫਾਰਮ ਦੇ ਚਰਚੇ ਹੁੰਦੇ ਰਹਿੰਦੇ ਸਨ। ਉਹ ਆਪਣੇ ਏਸ ਫ਼ਾਰਮ ਨੂੰ ਫ਼ਾਰਮ ਨਹੀਂ, ਆਸ਼ਰਮ ਕਹਿੰਦਾ ਸੀ। ਕੁਝ ਨੇੜੇ ਹੋਇਆ ਤਾਂ ਇਕ ਤਸਵੀਰ ਹੋਰ ਪਛਾਣੀ ਗਈ। ਇਹ ਚੌਧਰੀ ਚਰਨ ਸਿੰਘ ਦੀ ਸੀ। ਉਹ ਵੀ ਥੋੜ੍ਹਾ ਚਿਰ ਦੇਸ ਦਾ ਪ੍ਰਧਾਨ ਮੰਤਰੀ ਰਹਿ ਚੁੱਕਾ ਸੀ ਤੇ ਉਹਨੇ ਦਿੱਲੀ ਦੇ ਲਾਲ ਕਿਲ੍ਹੇ ਤੋਂ ਲੋਕਾਂ ਨੂੰ ਖ਼ਤਾਬ ਵੀ ਕੀਤਾ ਸੀ। ਉਹਨਾਂ ਦੇ ਸਪੁੱਤਰ ਨੂੰ ਕੈਬੀਨਿਟ 'ਚ ਲਏ ਜਾਣ ਦੀ ਧੁੰਮ ਪਈ ਹੋਈ ਸੀ। ਚੌਧਰੀ ਸਾਹਿਬ ਦੀ ਪੱਛਮੀ ਯੂ-ਪੀ

'ਚ ਓਨੀ ਹੀ ਮਾਨਤਾ ਸੀ, ਜਿੰਨੀ ਸਰ ਛੋਟੂ ਰਾਮ ਦੀ ਹਰਿਆਣੇ 'ਚ ਹੁੰਦੀ ਸੀ।

ਗੁਰਦਿਆਲ ਦੀ ਨੀਝ ਅਗਲੀ ਤਸਵੀਰ 'ਤੇ ਟਿਕੀ ਹੋਈ ਸੀ ਕਿ ਬੜੇ ਭਾਈ ਸਾਹਿਬ ਆ ਪੁੱਜੇ। ਉਹਨਾਂ ਪਿੱਛੋਂ ਹੀ ਆਵਾਜ਼ ਦਿੱਤੀ,

'ਨਹੀਂ ਪਛਾਣ ਸਕੇ ਨਾ?'

'ਨਹੀਂ ਜੀ।'

'ਕਮਾਲ ਏ! ਇਹਨਾਂ ਨੂੰ ਤੁਸੀਂ ਬੜੀ ਵਾਰੀ ਵੇਖਿਆ ਹੋਇਐ। ਸ਼ਾਇਦ ਕਦੀ ਮਿਲੇ ਵੀ ਹੋਵੋ।' ਬੜੇ ਭਾਈ ਸਾਹਿਬ ਨੇ ਸੰਕੇਤ ਦਿੱਤਾ, 'ਅੱਜਕਲ੍ਹ ਵੀ ਦਿੱਲੀ ਨੇ।'

'ਤਸਵੀਰ ਫਿੱਕੀ ਜਿਹੀ ਏ। ਛੋਟੀ ਵੀ ਬੜੀ ਏ।' ਗੁਰਦਿਆਲ ਫੇਰ ਵੀ ਨਾ ਪਛਾਣ ਸਕਿਆ।

ਤਸਵੀਰ ਕਿਸੇ ਐਨਕ-ਲੱਗੇ, ਮੁਸਕਰਾਉਂਦੇ ਬੰਦੇ ਦੀ ਸੀ। ਤੱਕਣੀ ਸਿੱਧੀ ਨਹੀਂ, ਉਤਾਂਹ ਵੱਲ ਸੀ।

'ਇਹ ਕਿਸੇ ਵੇਲੇ ਸਾਡੇ ਰੱਖਿਆ-ਮੰਤਰੀ ਵੀ ਰਹੇ ਨੇ', ਬੜੇ ਭਾਈ ਸਾਹਿਬ ਨੇ ਭੇਤ ਖੋਲ੍ਹ ਦਿੱਤਾ।

ਗੁਰਦਿਆਲ ਨੇ ਪਛਾਣ ਲਿਆ। ਤਸਵੀਰ ਜਾਰਜ ਫ਼ਰਨਾਨਡੇਸ ਦੀ ਸੀ। ਉਹ ਇਕ ਪਹਿਲੀ ਸਰਕਾਰ 'ਚ ਰੱਖਿਆ-ਮੰਤਰੀ ਹੁੰਦੇ ਸਨ। ਉਹਨੇ ਕਿਹਾ,

'ਏਥੇ ਤਾਂ ਹੋਰ ਤਰ੍ਹਾਂ ਦੇ ਲੱਗਦੇ ਨੇ।'

'ਨਹੀਂ, ਉਹ ਹਮੇਸ਼ਾ ਇੰਜ ਹੀ ਲੱਗਦੇ ਰਹੇ ਨੇ,' ਬੜੇ ਭਾਈ ਸਾਹਿਬ ਸਹਿਮਤ ਨਾ ਹੋਏ। 'ਸਮਾਜਵਾਦੀ ਨੇ। ਜੁਰਅੱਤ ਵਾਲੇ ਬੰਦੇ ਨੇ। ਧੜੱਲੇਦਾਰ। ਕਿਸੇ ਦੀ ਵੀ ਪਰਵਾਹ ਨਹੀਂ ਕਰਦੇ। ਤੁਹਾਨੂੰ ਪਤੈ, ਜਦੋਂ ਉਹ ਰੱਖਿਆ-ਮੰਤਰੀ ਹੁੰਦੇ ਸਨ, ਉਦੋਂ ਵੀ ਉਹ ਆਪਣੇ ਕਪੜੇ ਆਪ ਧੋਂਦੇ ਸਨ। ਇਕ ਵਾਰੀ ਮੈਂ ਦਿੱਲੀ ਉਹਨਾਂ ਦੀ ਕੋਠੀ ਮਿਲਣ ਗਿਆ ਉਹਨਾਂ ਨੂੰ। ਮੈਨੂੰ ਕਿਹਾ ਗਿਆ, ਉਹ ਵਿਅਸਥ ਨੇ। ਅੰਦਰ ਹੀ ਆ ਜਾਉ ਉਹਨਾਂ ਕੋਲ। ਮੈਂ ਗਿਆ ਤੇ ਵੇਖਿਆ, ਆਪਣਾ ਕੁੜਤਾ ਧੋ ਰਹੇ ਸਨ। ਉਹ ਹਮੇਸ਼ਾ ਗੇਰੂਏ ਰੰਗ ਦਾ ਕੁੜਤਾ ਪਾਂਦੇ ਸਨ। ਮੈਲਖੋਰਾ। ਉਸ ਕੁੜਤੇ 'ਚੋਂ ਸਾਬਣ ਕੱਢ ਚੁੱਕੇ ਸਨ ਤੇ ਹੁਣ ਨਿਚੋੜਨ ਲੱਗੇ ਸਨ। ਮੈਂ ਇਕ ਪਾਸਿਉਂ ਫੜਨਾ ਚਾਹਿਆ, ਪਰ ਉਹਨਾਂ ਹੱਥ ਨਾ ਲਾਣ ਦਿੱਤਾ। ਮੈਂ ਉਹਨਾਂ ਨੂੰ ਪੁੱਛਿਆ, ''ਜਾਰਜ ਸਾਹਿਬ, ਤੁਹਾਡੇ ਏਨੇ ਨੌਕਰ-ਚਾਕਰ ਨੇ। ਕਪੜੇ ਆਪ ਕਿਉਂ ਧੋਂਦੇ ਹੋ?'' ਕਹਿਣ ਲੱਗੇ, ''ਸਾਰੀ ਉਮਰ ਧੋਂਦਾ ਰਿਹਾਂ। ਹੁਣ ਵੀ ਧੋਈ ਜਾ ਰਿਹਾਂ।'' ਆਪਣੇ ਕਪੜੇ ਧੋ ਕੇ ਉਹਨਾਂ ਨੂੰ ਸੁਆਦ ਆਉਂਦਾ ਸੀ। ਤ੍ਰਿਪਤੀ ਹੁੰਦੀ ਸੀ।'

'ਉਹਨਾਂ ਦੀ ਆਪਣੀ ਵਹੁਟੀ ਨਾਲ ਨਹੀਂ ਸੀ ਬਣਦੀ', ਗੁਰਦਿਆਲ ਨੇ ਕਿਤੇ-ਪੜ੍ਹਿਆ ਕਹਿ ਦਿੱਤਾ।



'ਇਹ ਹੋਰ ਗੱਲ ਏ। ਕਿਸੇ ਦੀ ਬਣਦੀ ਏ ਤੇ ਕਿਸੇ ਦੀ ਨਹੀਂ ਬਣਦੀ। ਇਹਦਾ ਉਹਨਾਂ ਦੇ ਵਿਸ਼ਵਾਸਾਂ ਨਾਲ ਕੋਈ ਸੰਬੰਧ ਨਹੀਂ। ਉਹ ਸਮਾਜਵਾਦੀ ਨੇ। ਜਿਹੜੇ ਮੇਰੇ ਇਸ਼ਟ ਨੇ, ਰਾਮ ਮਨੋਹਰ ਲੋਹੀਆ, ਉਹਨਾਂ ਦੀ ਪਤਨੀ ਨਾਲ ਬਣਨ ਜਾਂ ਨਾ ਬਣਨ ਦਾ ਸਵਾਲ ਹੀ ਨਹੀਂ ਸੀ ਉੱਠਦਾ। ਉਹਨਾਂ ਵਿਆਹ ਹੀ ਨਹੀਂ ਸੀ ਕੀਤਾ...'

ਬੜੇ ਭਾਈ ਸਾਹਿਬ, ਗੁਰਦਿਆਲ ਨੂੰ ਬਾਹੋਂ ਫੜ, ਸਭ ਤੋਂ ਵੱਡੀ ਤਸਵੀਰ ਕੋਲ ਲੈ ਗਏ।

'...ਇਹ ਨੇ ਡਾਕਟਰ ਲੋਹੀਆ। ਪਾਰਲੀਮੈਂਟ ਦੇ ਮੈਂਬਰ ਹੁੰਦੇ ਸਨ। ਬੜੇ ਜ਼ਬਰਦਸਤ ਬੁਲਾਰੇ ਸਨ। ਇੰਦਰਾ ਗਾਂਧੀ ਨੂੰ *ਗੁੰਗੀ ਗੁੱਡੀ* ਕਿਹਾ ਕਰਦੇ ਸਨ। ਮੈਨੂੰ ਸਮਾਜਵਾਦ ਦੀ ਜਾਗ ਉਹਨਾਂ ਹੀ ਲਾਈ। ਮਾੜਵਾੜੀ ਸਨ, ਪਰ ਕੋਈ ਵਣਜ-ਵਿਹਾਰ ਨਹੀਂ ਸਨ ਕਰਦੇ। ਲੋਕਾਂ ਨੂੰ ਰੌਸ਼ਨੀ ਦੇਂਦੇ ਸਨ...'

ਬੜੇ ਭਾਈ ਸਾਹਿਬ ਗੁਰਦਿਆਲ ਨੂੰ ਅਗਲੀ ਤਸਵੀਰ ਕੋਲ ਲੈ ਗਏ।

'ਇਹਨਾਂ ਸਭ ਤਸਵੀਰਾਂ ਦਾ ਮੇਰੇ ਵਿਸ਼ਵਾਸਾਂ ਨਾਲ ਗੂਹੜਾ ਸੰਬੰਧ ਏ... ਇਹ ਐੱਨ-ਐੱਮ ਜੋਸ਼ੀ ਨੇ। ਸੋਸ਼ਲਿਸਟ ਪਾਰਟੀ ਦੇ ਮੋਢੀਆਂ 'ਚੋਂ ਸਨ। ਮਰਾਠੇ ਸਨ। ਮਜ਼ਦੂਰ ਸਭਾਈ। ਉਹਨਾਂ ਮਜ਼ਦੂਰਾਂ ਨੂੰ ਜਥੇਬੰਦ ਕੀਤਾ। ਇਹ ਵੀ ਮੇਰੇ ਇਸ਼ਟ ਨੇ।'

'ਚੌਧਰੀ ਚਰਨ ਸਿੰਘ ਤਾਂ ਸੋਸ਼ਲਿਸਟ ਨਹੀਂ ਸਨ?' ਗੁਰਦਿਆਲ ਨੇ ਐਵੇਂ ਹੀ ਪੁੱਛ ਲਿਆ।

'ਨਹੀਂ, ਉਹ ਕਿਸਾਨ ਲੀਡਰ ਸਨ। ਮੈਂ ਉਹਨਾਂ ਦਾ ਬਹੁਤ ਆਦਰ ਕਰਦਾ ਹਾਂ। ਜੇ ਉਹ ਸੋਸ਼ਲਿਸਟ ਵੀ ਹੁੰਦੇ ਤਾਂ ਸੋਨੇ 'ਤੇ ਸੁਹਾਗਾ ਹੁੰਦਾ।'

ਬੇ-ਤਕੱਲਫ਼ੀ ਹੋ ਗਈ ਸੀ ਤੇ ਝਾਕਾ ਲਹਿ ਗਿਆ ਸੀ। ਗੁਰਦਿਆਲ ਨੇ ਆਪਣੀ ਗੱਲ ਛੋਹਣ ਦੀ ਸੋਚੀ।

'ਮੈਂ ਤੁਹਾਨੂੰ ਆਪਣਾ ਵੀ ਦੱਸ ਦਿਆਂ ਕੁਝ?' ਉਸ ਪੋਲੇ ਜਿਹੇ ਪੁੱਛਿਆ।

'ਕੀ ਦੱਸੋਗੇ?' ਬੜੇ ਭਾਈ ਸਾਹਿਬ ਨੇ ਬੁੱਲ੍ਹਾਂ 'ਤੇ ਬਰੀਕ ਜਿਹੀ, ਇਕ-ਵਾਸੀ ਮੁਸਕੜੀ ਲਿਆਉਂਦਿਆਂ ਸਵਾਲ ਕੀਤਾ। 'ਮੈਨੂੰ ਸਭ ਪਤੈ। ਤੁਸੀਂ ਚੌਧਰੀ ਚੰਦਰ ਮੱਲ ਦੇ ਖ਼ਾਸ ਬੰਦੇ ਹੋ। ਪਾਰਸ ਸਾਹਿਬ ਦੇ ਨਜ਼ਦੀਕੀ ਹੋ। ਦਲਿਤ ਵਿਦਿਅਕ ਕਮਿਸ਼ਨ ਦੇ ਮੈਂਬਰ ਰਹਿ ਚੁੱਕੇ ਹੋ। ਪਹਿਲਵਾਨੀ ਫ਼ੈਡਰੇਸ਼ਨ ਦੇ ਵਾਈਸ-ਪ੍ਰੈਜ਼ੀਡੈਂਟ ਹੋ...'

ਗੁਰਦਿਆਲ ਨੇ ਵੇਖਿਆ, ਜਿੰਨੇ ਬੜੇ ਭਾਈ ਸਾਹਿਬ ਦੇ ਬੁੱਲ੍ਹ ਖੁੱਲ੍ਹੇ, ਅੱਖਾਂ ਓਨੀਆਂ ਹੀ ਮੀਟੀਆਂ ਗਈਆਂ। ਅੱਖਾਂ ਵੈਸੇ ਵੀ ਛੋਟੀਆਂ ਸਨ। ਨੱਕ ਵੀ ਛੋਟਾ ਸੀ। ਕੱਦੋਂ ਵੀ ਛੋਟੇ ਸਨ। ਗਿਆਨ ਵੱਡਾ ਸੀ। ਸਭ ਕੁਝ ਜਾਣਦੇ ਸਨ। ਸੁੰਦਰ ਦਾਸ ਨੇ ਸਾਰੀ ਖ਼ਬਰ ਦਿੱਤੀ ਹੋਈ ਸੀ।

ਬੜੇ ਭਾਈ ਸਾਹਿਬ ਨੇ ਪੁੱਛਿਆ,

'ਤੁਹਾਨੂੰ ਪਤੈ, ਕਿਸੇ ਵੇਲੇ ਮੈਂ ਵੀ ਪਹਿਲਵਾਨੀ ਕਰਦਾ ਸਾਂ?'

'ਨਹੀਂ ਜੀ।'

'ਓਦੋਂ ਦੀ ਪਹਿਲਵਾਨੀ ਦਾ ਮਜ਼ਾ ਹੀ ਹੋਰ ਹੁੰਦਾ ਸੀ। ਅੱਜਕਲ੍ਹ ਵਾਂਗ ਉਹਨਾਂ ਦੀਆਂ ਏਨੀਆਂ ਸ਼ਰੇਣੀਆਂ ਨਹੀਂ ਸਨ ਹੁੰਦੀਆਂ। ਨਾ ਹੀ ਕੋਈ ਪਿੱਠ ਲੁਆਏ ਬਿਨਾਂ ਜਿੱਤਦਾ ਸੀ। ਅੱਜਕਲ੍ਹ ਤਾਂ ਅੰਕਾਂ ਨਾਲ ਜਿਤਾ ਦੇਂਦੇ ਨੇ।'

'ਇਹਦੇ ਵੀ ਕਾਰਨ ਨੇ ਕਈ।'

'ਜ਼ਰੂਰ ਹੋਣਗੇ। ਪਰ ਏਸ ਤਰ੍ਹਾਂ ਮਜ਼ਾ ਨਹੀਂ ਆਉਂਦਾ। ਹੱਛਾ, ਇਹ ਦੱਸੋ, ਸੁੰਦਰ ਦਾਸ ਜੀ ਠੀਕ ਸਨ?'

'ਪਰਸੋਂ ਮਿਲੇ ਸਨ। ਅਲਕਾ ਜੀ ਵੀ ਨਾਲ ਸਨ। ਠੀਕ ਲੱਗਦੇ ਸਨ। ਠੀਕ ਤਾਂ ਉਹ ਹਮੇਸ਼ਾ ਹੀ ਲੱਗਦੇ ਨੇ। ਹੱਸਦੇ-ਹਸਾਂਦੇ ਰਹਿੰਦੇ ਨੇ ਹਰ ਵੇਲੇ।'

'ਇਹ ਉਹਨਾਂ ਦੀ ਵਿਸ਼ੇਸ਼ਤਾ ਏ। ਖੁਸ਼ ਰਹਿੰਦੇ ਨੇ ਤੇ ਖੁਸ਼ ਰਖਦੇ ਨੇ।'

ਹੁਣ ਅਸਲ ਗਲ ਦੀ ਭੂਮਿਕਾ ਬਣ ਗਈ ਸੀ। ਬੜੇ ਭਾਈ ਸਾਹਿਬ ਨੇ ਗੱਲ ਆਪ ਹੀ ਸ਼ੁਰੂ ਕਰ ਦਿੱਤੀ,

'ਗੁਰਦਿਆਲ ਸਿੰਘ ਜੀ, ਇਹ ਦੱਸੋ, ਦਿੱਲੀ 'ਚ ਤੁਸੀਂ ਸਾਡੇ ਲਈ ਕੀ ਕਰ ਸਕਦੇ ਹੋ?'

ਸਵਾਲ ਸਿੱਧਾ ਸੀ। ਜਵਾਬ ਗੁਰਦਿਆਲ ਨੇ ਸੋਚਿਆ ਨਹੀਂ ਸੀ ਹੋਇਆ। ਉਹ ਇਹ ਹੀ ਆਖ ਸਕਿਆ,

'ਅਜੇ ਤਾਂ ਖ਼ਾਸ ਕੁਝ ਨਹੀਂ ਕਰ ਸਕਦਾ। ਤੁਹਾਡੇ ਹਿਤਾਂ ਦੀ ਪਹਿਰੇਦਾਰੀ ਕਰ ਸਕਨਾਂ। ਪਰ ਉਹ ਤਾਂ ਸੁੰਦਰ ਦਾਸ ਹੁਰੀਂ ਬਹੁਤ ਵਧੀਆ ਕਰ ਰਹੇ ਨੇ।'

'ਫੇਰ ਵੀ?'

'ਐਲ-ਐਲ-ਬੀ ਕੀਤੀ ਹੋਈ ਏ। ਪਰ ਵਕਾਲਤ ਨਹੀਂ ਕਰਦਾ। ਨਹੀਂ ਤਾਂ ਤੁਹਾਡੇ ਕੇਸਾਂ ਦੀ ਪੈਰਵੀ ਕਰ ਛੱਡਦਾ...'

'ਇਹਨੂੰ ਛੱਡੋ। ਹੋਰ ਸੋਚੋ', ਬੜੇ ਭਾਈ ਸਾਹਿਬ ਪੁੱਛੀ ਗਏ। ਗੁਰਦਿਆਲ ਨੇ ਹੱਥ ਖੜੇ ਕਰ ਦਿੱਤੇ। ਸਾਫ਼ ਕਹਿ ਦਿੱਤਾ,

'ਏਸ ਵੇਲੇ ਤਾਂ ਮੈਂ ਜੀ ਤੁਹਾਡੇ ਲਈ ਠੋਸ, ਨਿੱਗਰ, ਕੁਝ ਨਹੀਂ ਕਰ ਸਕਦਾ।'

'ਹੱਛਾ, ਫੇਰ ਸੁਣੋ', ਬੜੇ ਭਾਈ ਸਾਹਿਬ ਦਾ ਲਹਿਜਾ ਦੋ-ਟੁਕ ਸੀ। 'ਏਸ ਵੇਲੇ ਸਾਡੇ ਕੋਲ ਰਾਜ ਸਭਾ ਦੀਆਂ ਚਾਰ ਸੀਟਾਂ ਨੇ। ਦੋ ਅਸੀਂ ਪਾਰਟੀ ਵਰਕਰਾਂ ਨੂੰ ਦਿਆਂਗੇ ਤੇ ਦੋ ਪਾਰਟੀ ਫ਼ੰਡ ਲਈ ਰੱਖਾਂਗੇ।'

'ਪਾਰਟੀ ਫ਼ੰਡ ਤਾਂ ਤੁਹਾਨੂੰ ਕਰੋੜਾਂ 'ਚ ਚਾਹੀਦਾ ਹੋਏਗਾ।'

'ਇਹਦਾ ਸੰਬੰਧ ਤਾਂ ਸਮੇਂ ਦੀਆਂ ਕੀਮਤਾਂ ਨਾਲ ਹੁੰਦੈ। ਇਕ ਵੇਲੇ ਤਾਂ ਸੈਂਕੜਿਆਂ ਨਾਲ ਹੀ ਕੰਮ ਚਲ ਜਾਂਦਾ ਸੀ,' ਉਹਨਾਂ ਗੋਲ ਜਿਹਾ ਜਵਾਬ ਦਿੱਤਾ।

'ਮੈਂ ਤਾਂ ਪੱਛੜ ਗਿਆਂ। ਸੈਂਕੜਿਆਂ ਵੇਲੇ ਤੁਹਾਡੇ ਕੋਲ ਨਹੀਂ ਆਇਆ।'



ਬੜੇ ਭਾਈ ਸਾਹਿਬ ਮੁਸਕਰਾ ਪਏ। ਬੁੱਲ੍ਹ ਖੁੱਲ੍ਹੇ ਤੇ ਅੱਖਾਂ ਮੀਟੀਆਂ ਗਈਆਂ। ਕਹਿਣ ਲੱਗੇ,

'ਤੁਸੀਂ ਇੰਜ ਕਰੋ, ਵੱਡੀਆਂ, ਰਾਸ਼ਟਰ ਪਾਰਟੀਆਂ ਨਾਲ ਸੰਪਰਕ ਕਰੋ। ਉਹਨੇ ਦੇ ਘਰ ਭਰੇ ਹੁੰਦੇ ਨੇ। ਉਹਨਾਂ ਨੂੰ ਫ਼ੰਡ ਨਹੀਂ, ਹਿਤਾਂ ਦੇ ਪਹਿਰੇਦਾਰ ਚਾਹੀਦੇ ਹੁੰਦੇ ਨੇ। ...ਇਹ ਦੱਸੋ ਕਿ ਤੁਹਾਡੇ ਇਕ ਪਾਸੇ ਤਾਂ ਸੁੰਦਰ ਦਾਸ ਜੀ ਰਹਿੰਦੇ ਨੇ, ਦੂਜੇ ਪਾਸੇ ਕੌਣ ਰਹਿੰਦੈ?' ਬੜੇ ਭਾਈ ਸਾਹਿਬ ਨੇ ਅਜੀਬ ਜਿਹਾ ਸਵਾਲ ਪੁੱਛਿਆ।

'ਉੱਧਰ ਦੀ ਕੰਧ ਉੱਚੀ ਏ। ਬੰਦਾ ਕੋਈ ਦਿਸਦਾ ਨਹੀਂ। ਬਾਹਰ ਫੱਟੀ ਕਿਸੇ ਨਾਇਰ ਦੀ ਲੱਗੀ ਹੋਈ ਏ। ਨਾਂ ਤਿੰਨ-ਚਾਰ ਮੋਟੇ ਅੱਖਰਾਂ 'ਚ ਏ। ਸਿਆਸਤਦਾਨ ਨਹੀਂ। ਕੋਈ ਬਿਊਰੋਕ੍ਰੈਟ ਲੱਗਦੈ। ਸੈਕਟਰੀ ਪੱਧਰ ਦਾ।'

'ਉਹ ਠੀਕ ਨਹੀਂ,' ਬੜੇ ਭਾਈ ਸਾਹਿਬ ਨੇ ਨੱਕ ਸੁਕੇੜਿਆ। 'ਇਹ ਦੱਖਣ-ਭਾਰਤੀ ਅਫ਼ਸਰ ਬੜੀ ਮੀਨ ਮੇਖ ਕੱਢਦੇ ਨੇ। ਅੱਧੀ-ਅੱਧੀ ਰਾਤ ਤਕ ਦਫ਼ਤਰ ਬੈਠੇ ਰਹਿੰਦੇ ਨੇ। ਮੈਂ ਸੋਚਿਆ ਸੀ, ਕੋਈ ਰਾਸ਼ਟਰ ਪਾਰਟੀ ਦਾ ਲੀਡਰ ਹੋਵੇਗਾ।'

ਗੁਰਦਿਆਲ ਸਮਝ ਗਿਆ, ਬੜੇ ਭਾਈ ਸਾਹਿਬ ਉਹਨੂੰ ਕਿਸੇ ਹੋਰ ਬੂਹੇ ਘੱਲਣ ਦੀ ਸੋਚ ਰਹੇ ਨੇ। ਉਹਨੇ ਪੈਂਤੜਾ ਬਦਲਿਆ ਤੇ ਕਿਹਾ,

'ਸਰ, ਮੈਨੂੰ ਇਹਨਾਂ ਚਾਰ ਸੀਟਾਂ 'ਚੋਂ ਕੋਈ ਸੀਟ ਨਹੀਂ ਚਾਹੀਦੀ। ਇਹ ਦੱਸੋ ਕਿ ਜੇ ਤੁਹਾਡੀਆਂ ਅਸੰਬਲੀ 'ਚ ਸੀਟਾਂ ਸੌ ਤੋਂ ਵਧ ਜਾਣ ਤਾਂ ਮੇਰੀ ਮਦਦ ਕਰ ਸਕੋਗੇ?'

'ਨਹੀਂ। ਸੌ ਸੀਟਾਂ ਨਾਲ ਸਾਡਾ ਢਿੱਡ ਨਹੀਂ ਭਰਦਾ। ਘੱਟੋ-ਘਟ ਦੋ ਸੌ ਚਾਹੀਦੀਆਂ ਹੋਣਗੀਆਂ। ਦੋ ਸੌ ਟਪਾ ਦਿਓ ਤੇ ਤੁਹਾਡੀ ਇਕ ਸੀਟ ਖਰੀ। ਮੇਰਾ ਵਾਇਦਾ ਰਿਹਾ। ਸੁੰਦਰ ਦਾਸ ਨੂੰ ਵੀ ਦੱਸ ਦਿਆਂਗਾ।'

'ਪੱਕੀ ਗੱਲ?'

'ਪੱਕੀ! ਸੋਲ੍ਹਾਂ ਆਨੇ।'

ਗੁਰਦਿਆਲ ਨੂੰ ਕੋਈ ਚਾਅ ਨਾ ਚੜ੍ਹਿਆ। ਇਹ ਤਾਂ ਉਹੀਓ ਕਰਾਮਾਤ ਵਾਲੀ ਗੱਲ ਸੀ। ਇਕਦਮ ਨਹੀਂ, ਮਹੀਨੇ ਖੰਡ ਬਾਅਦ ਹੋਣੀ ਸੀ। ਉਹਦਾ ਜੀਅ ਕੀਤਾ, ਬੜੇ ਭਾਈ ਸਾਹਿਬ ਨੂੰ ਥੋੜ੍ਹੀ ਜਿਹੀ ਫੂਕ ਦੇਵੇ। ਉਹਨੇ ਇੰਜ ਕਿਹਾ, ਜਿਵੇਂ ਕੋਈ ਬੇਨਤੀ ਕਰ ਰਿਹਾ ਹੋਵੇ,

'ਸੱਰ, ਮੇਰਾ ਇਕ ਸੁਝਾਅ ਮੰਨੋਗੇ...?'

'ਦੱਸੋ।'

'ਜੇ ਤੁਹਾਡੀਆਂ ਏਥੇ ਸੀਟਾਂ ਦੋ ਸੌ ਤੋਂ ਵਧ ਜਾਣ ਤਾਂ ਤੁਸੀਂ ਯੂ-ਪੀ ਕੰਵਰ ਸਾਹਿਬ ਨੂੰ ਸੌਂਪ ਦਿਓ। ਆਪ ਦਿੱਲੀ ਆ ਜਾਓ। ਵੱਡੀ ਖੇਡ ਖੇਡੋ। ਪ੍ਰਧਾਨ

ਮੰਤਰੀ ਬਣੋ। ਸੰਨ ਚੌਦ੍ਹਾਂ ਦੀਆਂ ਚੋਣਾਂ ਤੋਂ ਬਾਅਦ।'

ਬੜੇ ਭਾਈ ਸਾਹਿਬ ਜ਼ੋਰ ਦੀ ਹੱਸੇ। ਅੱਖਾਂ ਪੂਰੀਆਂ ਮੀਟੀਆਂ ਗਈਆਂ।

'ਨਹੀਂ ਭਾਈ, ਇਹ ਕੰਮ ਸਾਡੇ ਵੱਸ ਦਾ ਨਹੀਂ। ਪ੍ਰਧਾਨ ਮੰਤਰੀ ਨੂੰ ਅੰਗ੍ਰੇਜ਼ੀ ਆਉਣੀ ਜ਼ਰੂਰੀ ਏ। ਅਸੀਂ ਤਾਂ ਅੰਗ੍ਰੇਜ਼ੀ ਸਕੂਲਾਂ ਦੇ ਪੜ੍ਹੇ ਹੋਏ ਨਹੀਂ...'

'ਸੱਰ, ਛੱਡੋ ਏਸ ਗੱਲ ਨੂੰ,' ਗੁਰਦਿਆਲ ਨੇ ਝੂਠਾ ਜਿਹਾ ਰੋਸ ਪ੍ਰਗਟ ਕੀਤਾ, 'ਅੰਗ੍ਰੇਜ਼ੀ ਕਿਹਨੂੰ ਚਾਹੀਦੀ ਏ! ਇਹ ਦੱਸੋ, ਕੀ ਖਰੂਸ਼ਚੋਵ ਨੂੰ ਅੰਗ੍ਰੇਜ਼ੀ ਆਉਂਦੀ ਸੀ ਜਾਂ ਗੋਰਬਾਚੋਵ ਨੂੰ? ਕਾਸਟਰੋ ਨੂੰ ਵੀ ਨਹੀਂ ਜੇ ਆਉਂਦੀ।'

ਬੜੇ ਭਾਈ ਸਾਹਿਬ ਬੜਾ ਜ਼ੋਰ ਦੇ ਹੱਸੇ ਤੇ ਬੋਲੇ,

'ਗੁਰਦਿਆਲ ਸਿੰਘ, ਬੰਦੇ ਤੁਸੀਂ ਸਿਆਣੇ ਹੋ।'

ਗੁਰਦਿਆਲ ਦਾ ਤੀਰ ਨਿਸ਼ਾਨੇ 'ਤੇ ਲੱਗਾ ਸੀ।

ਹੁਣ ਅਟਕੇ ਰਹਿਣ ਦਾ ਕੋਈ ਫ਼ਾਇਦਾ ਨਹੀਂ ਸੀ। ਉਹਨੇ ਛੁੱਟੀ ਮੰਗੀ।

'ਦੁੱਧ ਪੀਂਦੇ ਜਾਉ ਥੋੜ੍ਹਾ ਜਿਹਾ। ਗਾਵਾਂ ਵਾਲਿਆਂ ਦੇ ਘਰ ਆਏ ਹੋ। ਸੁੱਕੇ ਮੂੰਹ ਨਾ ਜਾਉ,' ਬੜੇ ਭਾਈ ਸਾਹਿਬ ਨੇ ਸੁਲਾਹ ਮਾਰੀ।

'ਨਹੀਂ ਜੀ। ਅਭਿਲਾਸ਼ਾ ਨਹੀਂ।' ਗੁਰਦਿਆਲ ਨੇ ਹੱਥ ਜੋੜ ਦਿੱਤੇ।

'ਜੁਗਲ ਕਿਸ਼ੋਰ, ਪੂਜਨੀਏ ਅਤਿੱਥੀ ਨੂੰ ਗੱਡੀ 'ਚ ਬਿਠਾ ਕੇ ਆਉ,' ਬੜੇ ਭਾਈ ਸਾਹਿਬ ਨੇ ਪੀ-ਏ ਨੂੰ ਆਵਾਜ਼ ਦਿੱਤੀ।

#

ਅਸਲਮ ਦੀ ਟੈਕਸੀ ਨੇ ਲਖਨਊ ਦਾ ਰੁਖ਼ ਕੀਤਾ। ਹੁਣ ਉਹ ਤੇਜ਼ ਚਲ ਰਹੀ ਸੀ, ਭਾਵੇਂ ਟਰੈਫ਼ਿਕ ਸਵੇਰ ਨਾਲੋਂ ਖ਼ਰਾਬ ਸੀ। ਉਹ ਅਸਲਮ ਨਾਲ ਗੱਲੀਂ ਨਾ ਲੱਗਾ। ਆਪਣੇ ਧਿਆਨ ਬੈਠਾ ਰਿਹਾ। ਪਤਨੀ ਯਾਦ ਆਈ। ਉਹਦੀ ਕਰਾਮਾਤ ਨਹੀਂ ਸੀ ਹੋਈ, ਉਹਦੇ ਹੋਣ ਦਾ ਲਾਰਾ ਹੀ ਲੱਗਾ ਸੀ। ਕਰਾਮਾਤ ਪਹਿਲੋਂ ਦੱਸ ਕੇ ਨਹੀਂ ਹੁੰਦੀ। ਚਾਣਚੱਕ ਹੁੰਦੀ ਏ। ਏਸ ਲਾਰੇ ਵਾਲੀ ਕਰਾਮਾਤ ਦੇ ਹੋਣ ਦੀ ਸੰਭਾਵਨਾ ਵੀ ਕੋਈ ਨਹੀਂ ਸੀ। ਦੋ ਸੌ ਸੀਟਾਂ ਮੁਸ਼ਕਿਲ ਸਨ।

ਜਦੋਂ ਲਖਨਊ ਪਹੁੰਚ ਟੈਕਸੀਉਂ ਉਤਰਨ ਲੱਗਾ, ਉਹਨੇ ਅਸਲਮ ਨੂੰ ਕਿਹਾ,

'ਭਾਈ, ਤੂੰ ਵੋਟ ਜ਼ਰੂਰ ਪਾਈਂ। ਵੋਟ ਸਭ ਨੂੰ ਪਾਣਾ ਚਾਹੀਦੈ। ਇਹ ਸਾਡਾ ਵਿਧਾਨਕ ਹੱਕ ਏ।'

ਗੁਰਦਿਆਲ ਅੱਧੀ ਰਾਤੀਂ ਘਰ ਪਹੁੰਚਿਆ। ਬੱਚੇ ਸੌਂ ਗਏ ਹੋਏ ਸਨ। ਗੁਰਦੀਪ ਭੁੱਖਮ-ਭਾਣੀ ਬੈਠੀ ਸੀ। ਦੋਵਾਂ ਰੋਟੀ ਖਾਧੀ। ਗੁਰਦਿਆਲ ਨੇ, ਜੋ ਹੋਇਆ-ਬੀਤਿਆ ਸੀ, ਸਭ ਕੁਝ ਦੱਸ ਦਿੱਤਾ। ਦੀਪਾਂ ਕਹਿਣ ਲੱਗੀ,



'ਕਰਾਮਾਤ ਸਾਡੇ ਨਸੀਬਾਂ 'ਚ ਨਹੀਂ। ਹੁਣ ਕੁਝ ਹੋਰ ਸੋਚੋ। ਬਤਰੇ ਨੂੰ ਮਿਲ ਵੇਖੋ।'

'ਨਹੀਂ ਦੀਪਾਂ, ਅਜੇ ਨਹੀਂ। ਹੁਣ ਤੇ ਮੈਂ ਪੰਜਾਬ ਜਾਵਾਂਗਾ। ਉੱਥੋਂ ਦਾ ਯੱਬ ਮੁਕਾਵਾਂਗਾ। ਛੇ ਮਾਰਚ ਨੂੰ ਨਤੀਜੇ ਨਿਕਲ ਆਉਣਗੇ। ਅੱਗੋਂ ਦਾ ਉਦੋਂ ਹੀ ਸੋਚਾਂਗੇ, ਨਤੀਜੇ ਵੇਖ ਕੇ।'

ਚਾਣਚੱਕ ਹੀ ਉਹਨੂੰ ਚੰਡੀਗੜ੍ਹ ਦਾ ਚੇਤਾ ਆ ਗਿਆ। ਉਸ ਪੁੱਛਿਆ,

'ਪਾਲੀ ਦਾ ਜਾਂ ਲਾਡੀ ਦਾ ਕੋਈ ਫ਼ੋਨ ਤਾਂ ਨਹੀਂ ਆਇਆ? ਪਤਾ ਨਹੀਂ, ਕੀ ਬਣਿਐ ਉਥੋਂ ਦੇ ਡਰਾਮੇ ਦਾ।'

'ਫ਼ੋਨ ਕੋਈ ਨਹੀਂ ਆਇਆ। ਮੈਂ ਆਪ ਵੀ ਨਹੀਂ ਕੀਤਾ। ਮੇਰਾ ਧਿਆਨ ਤਾਂ ਤੁਹਾਡੇ ਵਲ ਸੀ।'

'ਸੁੱਖ ਹੋਵੇ ਸਹੀ ਉੱਥੇ...ਚਲੋ ਵੇਖ ਲਾਂਗੇ ਉੱਥੇ ਜਾ ਕੇ। ਮੈਂ ਪਰਸੋਂ ਦੁਪਹਿਰੇ ਨਿਕਲਾਂਗਾ।'

# ਫ਼ਾਰਮ-ਹਾਊਸ

ਗੁਰਦਿਆਲ ਨੇ ਸਾਲੀ ਦੇ ਘਰ ਸਾਹਮਣੇ ਗੱਡੀ ਖੜੀ ਕੀਤੀ ਹੀ ਸੀ ਕਿ ਹਜ਼ੂਰ ਸਿੰਘ ਦਾ ਫ਼ੋਨ ਆ ਗਿਆ।

'ਦਿਆਲ, ਕਿੱਥੇਂ ਏਂ?' ਉਸ ਪੁੱਛਿਆ, 'ਅਜੇ ਚਲਿਆਂ ਏਂ ਕਿ ਨਹੀਂ?'

'ਚੰਡੀਗੜ੍ਹ ਪਹੁੰਚ ਗਿਐਂ। ਗੱਡੀ ਅਜੇ ਆ ਕੇ ਖਲ੍ਹਾਰੀ ਈ ਏ ਘਰ ਅੱਗੇ?'

'ਉਹ ਬੱਲੇ-ਬੱਲੇ!' ਹਜ਼ੂਰ ਸਿੰਘ ਉਤਸ਼ਾਹਿਆ ਗਿਆ। 'ਅੱਜ ਆਰਾਮ ਕਰ। ਸੱਜਣਾਂ-ਮਿੱਤਰਾਂ ਨੂੰ ਮਿਲ। ਸਵੇਰੇ ਜੀਪ ਪਹੁੰਚ ਜਾਏਗੀ। ਡਰਾਈਵਰ ਦਾ ਨਾਂ ਏ ਜੀਤ ਸਿੰਘ। ਜੀਤਾ। ਅਸੀਂ ਉਹਨੂੰ ਜੀਤਾ ਹੀ ਸੱਦਦੇ ਹਾਂ। ਸਾਡੇ ਪਿੰਡ ਦੈ? ਅਤਬਾਰੀ ਬੰਦੈ...'

ਹਜ਼ੂਰ ਸਿੰਘ ਕਾਹਲਾ ਬੋਲ ਰਿਹਾ ਸੀ, ਜਿਵੇਂ ਗੱਲ ਮੁਕਾ ਕੇ ਕਿੱਤੇ ਨਿਕਲਣਾ ਹੋਵੇ।

'...ਤੇਰੇ ਕੱਪੜੇ ਆ ਗਏ ਨੇ। ਤੇਰਾ ਕਮਰਾ ਵੀ ਤਿਆਰ ਏ। ਹਵੇਲੀ ਵੱਸ ਗਈ ਏ ਪੂਰੀ। ਮੇਰੇ ਸਾਕ-ਸੰਬੰਧੀ ਪਹੁੰਚੇ ਹੋਏ ਨੇ। ਦੋਸਤ-ਮਿੱਤਰ ਵੀ ਆ ਗਏ ਨੇ। ਪ੍ਰਚਾਰ-ਸਾਮਿਗਰੀ ਵੀ ਤਿਆਰ ਏ...'

'ਯਾਰ, ਕੋਈ ਹਵਾ ਵੀ ਬੰਨ੍ਹੀ ਆ ਏਨੇ ਚਿਰ ਵਿੱਚ?' ਗੁਰਦਿਆਲ ਨੇ ਉਹਦੇ ਵਰਗੀ ਸੁਰ ਕੱਢਦਿਆਂ ਪੁੱਛਿਆ।

'ਅਜੇ ਤਾਂ ਐਵੇਂ ਥੋੜ੍ਹੀ-ਬਹੁਤ ਹੀ ਬੱਝੀ ਏ। ਤੈਨੂੰ ਪਤੈ, ਹਲਕਾ ਵਿਰੋਧੀਆਂ ਦੈ। ਏਥੇ ਹਵਾ ਨਹੀਂ, ਹਨੇਰੀ ਝੁਲਾਣੀ ਪਵੇਗੀ। ਆ ਜਾ ਤੂੰ ਵੀ ਮਾਰੀ ਫੂਕਾਂ।'

ਹਜ਼ੂਰ ਸਿੰਘ ਚੜ੍ਹਦੀ ਕਲਾ 'ਚ ਸੀ।

'ਫੇਰ ਮਿਲਦੇ ਹਾਂ ਕਲ੍ਹ।' ਇਹ ਕਹਿ ਉਹਨੇ ਫ਼ੋਨ ਬੰਦ ਕਰ ਦਿੱਤਾ।

#

ਗੁਰਦਿਆਲ ਗੱਡੀ 'ਚੋਂ ਨਿਕਲਿਆ ਤੇ ਕਲ੍ਹ ਦੀ ਸੋਚਦਾ ਘਰ ਅੰਦਰ ਵੜਿਆ।

'ਸਾਡੀ ਕੁੜੀ ਦਾ ਕੀ ਹਾਲ ਏ?' ਸੋਫੇ 'ਤੇ ਨਿੱਸਲ ਹੁੰਦਿਆਂ ਗੁਰਦਿਆਲ ਨੇ ਲਾਡੀ ਨੂੰ ਪੁੱਛਿਆ।

'ਠੀਕ-ਠਾਕ ਏ। ਪਤਾ ਨਹੀਂ ਕੀ ਖੁਆ ਗਏ ਹੋ ਸਾਰਿਆਂ ਨੂੰ ਏਥੇ



ਤੁਸੀਂ। ਸਾਰੇ ਬਦਲੇ ਹੋਏ ਨੇ।' ਉਹ ਅਜੇ ਤਕ ਗੁਰਦਿਆਲ ਦਾ ਭੇਤ ਨਹੀਂ ਸੀ ਪਾ ਸਕੀ। 'ਆਪ ਕਿਉਂ ਨਹੀਂ ਫ਼ੋਨ ਕਰ ਲੈਂਦੇ ਪਾਲੀ ਨੂੰ। ਖੁਸ਼ ਹੋ ਜਾਏਗੀ।'

ਉਹਨੇ ਫ਼ੋਨ ਕੱਢਿਆ ਤੇ ਮਿਲਾਇਆ। ਪਾਲੀ ਉਹਦੀ ਆਵਾਜ਼ ਸੁਣ ਕੇ ਚਹਿਕ ਪਈ। ਗੁਰਦਿਆਲ ਉਹਨੂੰ ਦਿੱਲੀ ਦਾ ਦੱਸਣ ਲੱਗਾ,

'ਤੇਰੀ ਮਾਸੀ ਤੈਨੂੰ ਬੜਾ ਯਾਦ ਕਰਦੀ ਸੀ। ਤੇਰਾ ਭਰਾ ਵੀ ਤੇ ਭਰਜਾਈ ਵੀ...'

'ਮੈਨੂੰ ਕਦੋਂ ਮਿਲਣ ਆ ਰਹੇ ਹੋ?' ਉਹਨੇ ਚਾਅ ਨਾਲ ਪੁੱਛਿਆ।

'ਸ਼ਾਮੀਂ ਆਵਾਂਗਾ। ਵੈਸੇ ਮੈਂ ਹੁਣ ਮਹੀਨਾ-ਭਰ ਏਥੋਂ ਨੇੜੇ ਹੀ ਰਹਿਣੈਂ। ਵਿੱਚ-ਵਿੱਚ ਆਉਂਦਾ ਰਹਾਂਗਾ।'

'ਨਹੀਂ, ਪਹਿਲੋਂ ਤਾਂ ਅੱਜ ਆਉ। ਮੈਂ ਜੱਗੀ ਨੂੰ ਕਹਿਣੀ ਹਾਂ। ਸ਼ਾਮੀਂ ਤੁਹਾਨੂੰ ਨਾਲ ਲੈਂਦੇ ਆਣ।'

'ਨਹੀਂ, ਲੋੜ ਨਹੀਂ। ਮੈਂ ਆਪੇ ਆ ਜਾਂਗਾ, ਤੇਰੀ ਮਾਂ ਨੂੰ ਨਾਲ ਲੈ ਕੇ,' ਗੁਰਦਿਆਲ ਨੇ ਵਰਜ ਦਿੱਤਾ।

ਸ਼ਾਮੀਂ ਛੇ ਕੁ ਵਜੇ ਨਾਲ ਜੱਗੀ ਫੇਰ ਵੀ ਪਹੁੰਚ ਗਿਆ। ਪਾਲੀ ਨੇ ਉਹਨੂੰ ਫ਼ੋਨ ਕਰ ਦਿੱਤਾ ਸੀ। ਹੱਸ਼ਾਸ਼-ਬੱਸ਼ਾਸ਼। ਕਹਿਣ ਲੱਗਾ,

'ਮੈਂ ਸੋਚਿਆ, ਜਾਂਦਿਆਂ ਤੁਹਾਨੂੰ ਰਿਪੋਰਟ ਕਰਦਾ ਜਾਵਾਂ।'

ਲਾਡੀ ਅੰਦਰ ਚਾਹ ਬਣਾਣ ਚੱਲੀ ਗਈ ਹੋਈ ਸੀ।

'ਸਾਡੇ, ਮਾਸੜ ਜੀ, ਅਮਨ-ਅਮਾਨ ਏ। ਉਸ ਦਿਨ ਤੋਂ ਬਾਅਦ ਕਿਸੇ ਉੱਚੀ ਆਵਾਜ਼ ਨਹੀਂ ਕੱਢੀ। ਤੁਸੀਂ ਮੈਨੂੰ ਇਹ ਨੁਸਖ਼ਾ ਪਹਿਲੋਂ ਕਿਉਂ ਨਹੀਂ ਸੀ ਲਿਖ ਦਿੱਤਾ?'

'ਜੱਗੀ, ਸੁਝਿਆ ਹੀ ਉਸ ਦਿਨ ਸੀ। ਮੈਂ ਵੇਖਿਆ, ਬੰਦੇ ਸਾਰੇ ਠੀਕ ਨੇ। ਬਸ ਸਮਝਦੇ ਹੀ ਨਹੀਂ ਇਕ ਦੂਜੇ ਨੂੰ। ਦੁਆਈ ਸੁਝ ਪਈ ਤੇ ਮੈਂ ਉਸੇ ਵੇਲੇ ਲਿਖ ਦਿੱਤੀ। ਤੁਸੀਂ ਖਾਧੀ ਤੇ ਅਸਰ ਹੋ ਗਿਆ।'

ਗੁਰਦਿਆਲ ਮਾੜਾ ਜਿਹਾ ਹੱਸਿਆ। ਮਾੜਾ ਜਿਹਾ ਹਾਸਾ ਜੱਗੀ ਨੂੰ ਵੀ ਆ ਗਿਆ।

'ਮਾਸੜ ਜੀ, ਸਭ ਨੂੰ ਫ਼ਰਕ ਪਿਆ ਹੋਇਐ। ਮੰਮੀ ਤਾਂ ਬਿਲਕੁਲ ਬਦਲ ਗਏ ਨੇ। ਤਿੰਨ-ਚਾਰ ਦਿਨਾਂ 'ਚ ਸਭ ਤਾਂ ਨਹੀਂ ਬਦਲ ਜਾਂਦਾ, ਪਰ ਉਹਨਾਂ ਦਾ ਆਪਣੇ ਬੋਲਣ 'ਤੇ ਕੰਟਰੋਲ ਹੋ ਗਿਐ। ਡੈਡੀ ਤਾਂ ਪਹਿਲੋਂ ਵੀ ਠੀਕ ਸਨ।'

'ਜੱਗੀ, ਤੁਸੀਂ ਸਾਰੇ ਹੀ ਕਲਾਕਾਰ ਹੋ। ਤੁਹਾਨੂੰ *ਸੰਗੀਤ ਨਾਟਕ ਅਕਾਡਮੀ* ਦਾ ਪੁਰਸਕਾਰ ਮਿਲਣਾ ਚਾਹੀਦੈ।'

'ਅਸੀਂ ਤਾਂ ਮਾਸੜ ਜੀ, ਐਕਟਿੰਗ ਕੀਤੀ ਏ। ਪੁਰਸਕਾਰ ਤਾਂ ਡਾਇਰੈਕਟਰ

ਨੂੰ ਮਿਲਣਾ ਚਾਹੀਦੈ, ਜਿਨ੍ਹੇ ਸਭ ਨੂੰ ਏਸ ਯੋਗ ਬਣਾਇਆ।' ਜਗਜੀਤ ਨੇ ਪ੍ਰਸੰਸਾ ਦੀ ਭਾਜੀ ਲਾਹ ਦਿੱਤੀ।

ਜੱਗੀ ਨੂੰ ਕੁਝ ਚੇਤੇ ਆਇਆ ਤੇ ਉਹ ਹੱਸ ਪਿਆ।

'ਮਾਸੜ ਜੀ, ਤੁਹਾਨੂੰ ਕਲ੍ਹ ਦੀ ਗੱਲ ਸੁਣਾਵਾਂ,' ਉਹ ਬੋਲਿਆ। 'ਕਲ੍ਹ ਮੈਂ ਤੇ ਪਾਲੀ ਕਿਸੇ ਨੂੰ ਮਿਲਣ ਮੁਹਾਲੀ ਗਏ। ਅਸੀਂ ਇਕ ਟੁੱਟੇ-ਫੁੱਟੇ ਘਰ ਅੱਗੋਂ ਲੰਘ ਰਹੇ ਸਾਂ। ਕੁਝ ਬਾਰੀਆਂ ਦੇ ਭਿੱਤ ਗ਼ਾਇਬ ਸਨ। ਕੰਧਾਂ 'ਚ ਤ੍ਰੇੜਾਂ ਸਨ। ਬੁਰਾ ਹਾਲ ਸੀ। ਮੈਂ ਗੱਡੀ ਖੜੀ ਕਰ ਦਿੱਤੀ ਤੇ ਪਾਲੀ ਨੂੰ ਕਿਹਾ, ਇਹ ਸੀ ਉਹ ਘਰ ਜਿਹੜਾ ਮੰਮੀ ਡੈਡੀ ਲੈਣ ਲੱਗੇ ਸਨ। ਵੇਖ ਕੇ ਉਹਦੇ ਅੱਥਰੂ ਨਿਕਲ ਆਏ। ਕਹਿਣ ਲੱਗੀ, ਮੇਰੇ ਤੋਂ ਪਾਪ ਹੋਣ ਲੱਗਾ ਸੀ...ਸ਼ੁਕਰ ਏ...'

'ਨਹੀਂ, ਜੱਗੀ, ਹੁਣ ਇਹ ਬੰਦ ਕਰ ਦਿਉ!' ਗੁਰਦਿਆਲ ਨੂੰ ਗੱਲ ਹਾਸੇ ਵਾਲੀ ਨਾ ਲੱਗੀ। 'ਹੁਣ ਉਹਦੇ ਨਾਲ ਐਕਟਿੰਗ ਨਾ ਕਰੋ। ਇਹ ਜ਼ਿਆਦਤੀ ਏ।'

'ਨਹੀਂ ਕਰਾਂਗੇ, ਮਾਸੜ ਜੀ। ਮੈਨੂੰ ਵੀ ਧਿਆਨ ਆਇਆ ਸੀ, ਬਾਅਦ 'ਚ। ਪਾਲੀ ਬੜੀ ਭੋਲੀ ਏ।'

ਲਾਡੀ ਚਾਹ ਬਣਾ ਲਿਆਈ। ਟਰੇਅ ਮੇਜ਼ 'ਤੇ ਰਖਦਿਆਂ ਕਹਿਣ ਲੱਗੀ,

'ਮੈਂ ਤਾਂ ਹੁਣ ਆਪਣਾ ਉਪਰਲਾ ਹਿੱਸਾ ਠੀਕ ਕਰਾਣ ਲੱਗੀ ਹਾਂ।'

'ਕਰਾ ਲੌ ਮੰਮੀ। ਕਿਰਾਏ 'ਤੇ ਚਾੜ੍ਹ ਦਿਉ। ਸਾਨੂੰ ਨਹੀਂ ਲੋੜ ਪੈਣ ਲੱਗੀ ਹੁਣ।'

ਉਸਨੇ ਭੋਗ ਪਾ ਦਿੱਤਾ ਤੇ ਹੋਰ ਗੱਲ ਛੋਹ ਲਈ,

'ਮਾਸੜ ਜੀ, ਪਰਸੋਂ ਅਸੀਂ ਇਕ ਫ਼ਿਲਮ ਵੇਖੀ, *ਡਾਨ-2*। ਸਾਰਿਆਂ ਨੇ। ਮੰਮੀ ਵੀ ਗਏ। ਪਾਲੀ ਉਹਨਾਂ ਨੂੰ ਜ਼ਿੱਦ ਕਰਕੇ ਲੈ ਗਈ...'

'ਇਹੋ ਜਿਹੀ ਫ਼ਿਲਮ ਵੱਡਿਆਂ ਨਾਲ ਬਹਿ ਕੇ ਨਹੀਂ ਵੇਖੀ ਜਾ ਸਕਦੀ,' ਲਾਡੀ ਨੇ ਏਤਰਾਜ਼ ਕੀਤਾ।

'ਮੰਮੀ ਜੀ, ਪਹਿਲੋਂ ਪਾਲੀ ਵੀ ਇਹੋ ਕਹਿੰਦੀ ਸੀ। ਸਾਨੂੰ ਤਾਂ ਕੋਈ ਐਸੀ ਗੱਲ ਨਾ ਲੱਗੀ। ਅਗਲੀ ਵਾਰੀ ਤੁਹਾਨੂੰ ਵੀ ਲੈ ਜਾਵਾਂਗੇ।'

'ਮੈਂ ਵੇਖ ਲਈ ਫ਼ਿਲਮ। ਮੈਨੂੰ ਕਿੱਥੇ ਵਿਹਲ', ਲਾਡੀ ਕੁੜਮ-ਕੁੜਮਣੀ ਤੇ ਧੀ-ਜੁਆਈ ਨਾਲ ਫ਼ਿਲਮ ਵੇਖਣੀ ਚਿਤਾਰ ਵੀ ਨਹੀਂ ਸੀ ਸਕਦੀ।

ਚਾਹ ਪੀਣ ਪਿੱਛੋਂ ਜਗਜੀਤ ਰੁਖ਼ਸਤ ਹੋਣ ਲੱਗਾ। ਲਾਡੀ ਨੂੰ ਵੀ ਸੱਦਾ ਦੇਣ ਲੱਗਾ,

'ਮੰਮੀ ਜੀ, ਮਾਸੜ ਜੀ ਨਾਲ ਤੁਸੀਂ ਵੀ ਆਉਣਾ।'

'ਨਹੀਂ ਕਾਕਾ, ਮੇਰਾ ਕਿੱਥੋਂ ਨਿਕਲ ਹੋਣੈਂ। ਇਹਨਾਂ ਦਾ ਪਤਾ ਨਹੀਂ, ਕਿਹੜੇ ਵੇਲੇ ਆਉਣ। ਇਹਨਾਂ ਨੂੰ ਬੜੀ ਭੈੜੀ ਆਦਤ ਏ। ਦਫ਼ਤਰੋਂ ਛੇਤੀ ਨਿਕਲਦੇ ਹੀ ਨਹੀਂ।'



ਗੁਰਦਿਆਲ ਜੱਗੀ ਨਾਲ ਬਾਹਰ ਆਇਆ। ਗੱਡੀ 'ਚ ਬੈਠਦੇ ਨੂੰ ਉਹਨੇ ਸਲਾਹ ਦਿੱਤੀ,

'ਜੱਗੀ, ਹੁਣ ਸਚੀ-ਮੁੱਚੀ ਦੇ ਹੋ ਜਾਓ। ਡਰਾਮਾ ਬੰਦ!'

'ਡਰਾਮਾ ਬੰਦ ਏ, ਮਾਸੜ ਜੀ। ਆਪ ਆ ਕੇ ਵੇਖ ਲੈਣਾ। ਅਸੀਂ ਹੁਣ ਪੂਰੇ ਸਚੀ-ਮੁੱਚੀ ਦੇ ਹਾਂ।'

#

ਜੀਤਾ ਮੁੰਡਾ-ਖੁੰਡਾ ਸੀ। ਬੜਾ ਕਾਹਲਾ। ਬੇ-ਸਬਰ। ਸ਼ਹਿਰੋਂ ਨਿਕਲਦਿਆਂ ਬੱਤੀ ਜਿੱਥੇ ਵੀ ਲਾਲ ਹੋ ਜਾਂਦੀ, ਉਹਨੂੰ ਵਖ਼ਤ ਪੈ ਜਾਂਦਾ। ਉਹ ਕ੍ਰਿੱਝਦਾ ਤੇ ਅਗਾਂਹ ਰੀਂਘਦਾ ਰਹਿੰਦਾ। ਬੱਤੀ ਦੇ ਹਰੇ ਹੁੰਦਿਆਂ ਹੀ ਤੀਰ ਹੋ ਜਾਂਦਾ। ਮੁਹਾਲੀਉਂ ਨਿਕਲੇ ਤਾਂ ਕੁਝ ਵਾਟ ਅੱਗੇ ਜਾ ਕੇ ਜੈਮ ਪੈ ਗਿਆ। ਜੀਤਾ ਗੱਡੀਆਂ 'ਚ ਘਿਰ ਗਿਆ। ਰੀਂਘਣ ਤੋਂ ਵੀ ਗਿਆ। ਸੱਤ ਕੇ ਕਹਿਣ ਲੱਗਾ,

'ਸਰਦਾਰ ਜੀ, ਗੱਡੀ ਉਤੇ ਹੈਲੀਕੋਪਟਰ ਵੀ ਲੱਗਾ ਹੋਣਾ ਚਾਹੀਦੈ। ਜਦੋਂ ਜੈਮ ਪਵੇ, ਉਤੋਂ ਦੀ ਉੱਡ ਕੇ ਲੰਘ ਜਾਵੇ।'

ਗੁਰਦਿਆਲ ਨੂੰ ਹਾਸਾ ਆ ਗਿਆ।

'ਜੀਤ ਸਿਆਂ, ਇੰਜ ਹੀ ਰਹਿਣ ਦੇ, ਯਾਰ। ਜੇ ਗੱਡੀਆਂ 'ਤੇ ਹੈਲੀਕੋਪਟਰ ਲੱਗੇ ਹੋਏ ਤੇ ਜੈਮ ਉਪਰ ਵੀ ਪੈ ਜਾਏਗਾ। ਹੇਠਾਂ ਉਤਾਂਹ ਦੋਹਰਾ ਜੈਮ ਹੋਏਗਾ। ਫੇਰ ਕੀ ਕਰਾਂਗੇ?'

'ਆਹ ਗੱਲ ਤਾਂ, ਸਰਦਾਰ ਜੀ, ਠੀਕ ਏ ਤੁਹਾਡੀ', ਜੀਤੇ ਨੇ ਇਹੋ ਜਿਹੇ ਜੈਮ ਦੀ ਸਥਿੱਤੀ ਛੇਤੀ ਹੀ ਚਿਤਵ ਲਈ। ਠੀਕ ਏ, ਜਿਸਰਾਂ ਹੈ।'

ਉਹ ਏਧਰ-ਉਧਰ ਘੁਸੜਨ ਲਈ ਵਿਰਲਾਂ ਲੱਭਣ ਲੱਗਾ।

'ਵਾਟ ਕਿੰਨੀ ਕੁ ਰਹਿ ਗਈ ਏ?' ਗੁਰਦਿਆਲ ਨੇ ਪੁੱਛਿਆ,

'ਬਹੁਤੀ ਨਹੀਂ। ਏਥੋਂ ਨਿਕਲੇ ਤਾਂ ਹੱਦ ਵੀਹ ਮਿੰਟ ਹੋਰ ਲੱਗਣਗੇ।'

'ਫੇਰ ਯਾਰ, ਆਰਾਮ ਨਾਲ ਚਲ। ਉਸ ਟੈਮਪੋ ਦੇ ਪਿੱਛੇ ਲੱਗਾ ਰਹੁ। ਏਥੋਂ ਅੱਗੋਂ ਵੀ ਕੋਈ ਥਾਂ ਏ ਭੀੜ ਵਾਲੀ?'

'ਨਹੀਂ, ਸਾਡਾ ਆਪਣਾ ਸ਼ਹਿਰ ਆਣੈਂ। ਪਰ ਅਸੀਂ ਅੰਦਰ ਨਹੀਂ ਵੜਨਾ। ਫਾਰਮ-ਹਾਊਸ ਸਾਡਾ ਬਾਹਰ ਹੀ ਏ। ਸਾਰੇ ਉੱਥੇ ਹੀ ਉਤਰੇ ਹੋਏ ਨੇ।'

'ਹਜ਼ੂਰ ਸਿੰਘ ਤਾਂ ਕਿਸੇ ਹਵੇਲੀ 'ਚ ਰਹਿੰਦਾ ਸੀ।'

'ਹਵੇਲੀ ਹੀ ਸਮਝ ਲੌ ਜੀ। ਬਾਹਰ ਖੇਤਾਂ 'ਚ। ਕਿਸੇ ਵੇਲੇ ਸਕੂਲ ਹੁੰਦਾ ਸੀ। ਬੜੀ ਥਾਂ ਏ ਉੱਥੇ। ਨੀਵੀਂ ਜਿਹੀ ਚਾਰ-ਦੀਵਾਰੀ ਏ। ਸਭ ਪਾਸੇ ਫ਼ਸਲਾਂ ਖੜੀਆਂ ਨੇ।'

'ਸ਼ਹਿਰ ਕਿੱਡਾ ਕੁ ਏ, ਜਿੱਥੇ ਵੋਟਾਂ ਪੈਣੀਆਂ ਨੇ?'

'ਸ਼ਹਿਰ ਤਾ ਤਗੜਾ ਏ ਜੀ। ਆਹ ਜਿੱਥੇ ਅਸੀਂ ਫਸੇ ਹੋਏ ਹਾਂ, ਇਹ ਵੀ ਸਾਡੇ ਹਲਕੇ 'ਚ ਹੀ ਏ। ਵੋਟਾਂ ਏਥੇ ਵੀ ਪੈਣਗੀਆਂ।'

ਜੈਮ ਤੋਂ ਛੁੱਟੇ ਤਾਂ ਜੀਪ ਰਵਾਂ ਹੋਈ। ਗੁਰਦਿਆਲ ਨੇ ਦੁਪਾਸੀਂ ਨਜ਼ਰ ਮਾਰੀ। ਪੈਲੀਆਂ ਹੀ ਪੈਲੀਆਂ ਸਨ। ਬਹੁਤ ਕੁਝ ਨਹੀਂ ਸੀ ਦਿੱਸਦਾ। ਸਰ੍ਹੋਂ ਤਾਂ ਹੈ ਸੀ। ਕਮਾਦ ਵੀ ਸੀ ਤੇ ਕਣਕ ਵੀ। ਦਰੱਖ਼ਤ ਬਹੁਤ ਸਨ। ਉਹਨਾਂ ਦਾ ਖ਼ਾਸ ਪਤਾ ਨਹੀਂ ਸੀ ਲੱਗਦਾ। ਸਫ਼ੈਦੇ ਜ਼ਰੂਰ ਪਛਾਣੇ ਜਾਂਦੇ ਸਨ। ਕੋਈ ਛੋਟਾ ਜਿਹਾ ਪਿੰਡ ਆਉਂਦਾ ਦਿੱਸਿਆ। ਉੱਥੇ ਵੀ ਚੋਣਾਂ ਹੋਣ ਵਾਲੀਆਂ ਲੱਗਦੀਆਂ ਸਨ। ਕੁਝ ਦੁਕਾਨਾਂ 'ਤੇ ਕੇਸਰੀ ਦਲ ਦੇ ਝੰਡੇ ਝੁੱਲ ਰਹੇ ਸਨ। ਕੁਝ ਹੋਰ 'ਤੇ ਰਾਸ਼ਟਰ ਦਲ ਦੇ ਝੰਡੇ ਸਨ। ਅਗਾਂਹ ਕਰਕੇ ਹਜ਼ੂਰ ਸਿੰਘ ਦਾ ਬੋਰਡ ਵੀ ਲੱਗਾ ਹੋਇਆ ਸੀ। ਜੀਤੇ ਨੇ ਗੱਡੀ ਕੋਲ ਜਾ ਖਲ੍ਹਾਰੀ।

'ਆਹ ਵੇਖੋ ਜੀ ਸਾਡਾ ਬੋਰਡ!' ਉਸ ਉੱਚੀ ਸਾਰੀ ਆਵਾਜ਼ ਕੱਢੀ।

ਬੋਰਡ ਚੰਗਾ ਵੱਡਾ ਸੀ। ਇਕ ਬੰਨ੍ਹੇ ਪਾਰਸ ਦੀ ਤਸਵੀਰ ਸੀ ਤੇ ਦੂਜੇ ਬੰਨ੍ਹੇ ਉਹਦੇ ਸਾਹਿਬਜ਼ਾਦੇ ਦੀ। ਉਹਨਾਂ ਨੂੰ ਪੰਥ ਦੇ ਜਰਨੈਲ ਕਿਹਾ ਗਿਆ ਸੀ। ਦੋਵਾਂ ਦੇ ਵਿਚਾਲੇ, ਕੁਝ ਹਿਠਾਂਹ, ਛੋਟੀ ਜਿਹੀ, ਆਪ ਹਜ਼ੂਰ ਸਿੰਘ ਦੀ ਤਸਵੀਰ ਸੀ। ਉਹਦੇ ਹੇਠ ਪੰਥ ਦਾ ਸੇਵਾਦਾਰ ਲਿਖਿਆ ਹੋਇਆ ਸੀ। ਉਹਦੀ ਪਗੜੀ ਨੀਲੀ ਸੀ। ਗੁਰਦਿਆਲ ਨੇ ਨਜ਼ਰ ਅਗਾਂਹ ਕੀਤੀ। ਪਗੜੀ ਜੀਤੇ ਦੀ ਵੀ ਨੀਲੀ ਸੀ।

'ਜੀਤ ਸਿਆਂ, ਉੱਥੇ ਪੱਗਾਂ ਸਭ ਨੇ ਨੀਲੀਆਂ ਬੰਨ੍ਹੀਆਂ ਹੋਈਆਂ ਨੇ?'

'ਸਭ ਨੇ ਜੀ। ਕਿਸੇ ਨੀਲੀ। ਕਿਸੇ ਕਾਲੀ। ਸਰਦਾਰ ਹੁਰਾਂ ਉੱਥੇ ਥਾਣ ਰੱਖੇ ਹੋਏ ਨੇ। ਜਿਹਨੂੰ ਜਿੱਡੀ ਚਾਹੀਦੀ ਹੁੰਦੀ ਏ, ਪਾੜ ਲੈਂਦੈ। ਬੰਨ੍ਹ ਕੇ ਸਾਰੇ ਇਕੋ ਜਿਹੇ ਲੱਗਦੇ ਨੇ।'

'ਬੜੇ ਲੋਕ ਪਹੁੰਚੇ ਹੋਏ ਨੇ ਉੱਥੇ?'

'ਬੜੇ ਜੀ। ਬਰਾਤ ਉਤਰੀ ਹੋਈ ਏ ਪੂਰੀ। ਸਰਦਾਰ ਹੋਰਾਂ ਦੇ ਸਾਰੇ ਬੰਦੇ ਆਏ ਹੋਏ ਨੇ। ਬਾਹਰੋਂ ਵੀ ਆਏ ਹੋਏ ਨੇ ਕੁਝ। ਸਭ ਸਮਾ ਗਏ ਨੇ। ਬੜੀ ਥਾਂ ਏ। ਤੁਹਾਡਾ ਕਮਰਾ ਫਾਟਕ ਤੋਂ ਨੇੜੇ ਏ। ਦੂਜਾ। ਮੇਰੀ ਥਾਂ ਉੱਥੋਂ ਕੋਲ ਕਰਕੇ ਏ। ਹਾਕ ਮਾਰੋ ਤਾਂ ਪਹੁੰਚ ਜਾਂਗਾ।'

ਫਾਰਮ-ਹਊਸ ਦੂਰੋਂ ਹੀ ਦਿੱਸ ਪਿਆ। ਝੰਡੇ ਝੁੱਲ ਰਹੇ ਸਨ। ਝੰਡੀਆਂ ਫੜਫੜਾ ਰਹੀਆਂ ਸਨ। ਗੱਡੀਆਂ ਖੜੀਆਂ ਸਨ। ਟੈਮਪੋ ਖੜੇ ਸਨ। ਜੀਤੇ ਨੇ ਜੀਪ ਹੌਲੀ ਕਰ ਲਈ ਤੇ ਉਹਨੂੰ ਸੜਕ ਦੇ ਦੂਜੇ ਪਾਸੇ ਲਿਆ ਚੁਪੱਟ ਖੁੱਲ੍ਹੇ ਪਏ ਫਾਟਕ ਅੱਗੇ ਖਲ੍ਹਾਰ ਦਿੱਤੀ। ਸੜਕ ਵੱਲ ਦੀ ਕੰਧ ਉੱਤੇ ਏਨੇ ਪੋਸਟਰ ਚੇਪੇ ਪਏ ਸਨ ਕਿ ਕੋਈ ਵਿਰਲੀ ਇੱਟ ਹੀ ਦਿੱਸਦੀ ਸੀ। ਖੱਬੇ ਹੱਥ ਹਜ਼ੂਰ ਸਿੰਘ



ਦਾ ਬੋਰਡ ਗੱਡਿਆ ਪਿਆ ਸੀ। ਉਹੋ ਜਿਹਾ, ਜਿਹੋ ਜਿਹਾ ਰਾਹ 'ਚ ਸੀ। ਹੈ ਉਹਦੇ ਨਾਲੋਂ ਵੱਡਾ ਸੀ। ਤਸਵੀਰਾਂ ਵੀ ਵੱਡੀਆਂ ਸਨ। ਵੱਡੀ ਹੋਈ ਤਸਵੀਰ 'ਚ ਹਜ਼ੂਰ ਸਿੰਘ ਬੜਾ ਨਿਮਾਣਾ ਲਗਦਾ ਸੀ। ਏਥੇ ਵੀ ਉਹਨੂੰ ਪੰਥ ਦਾ ਸੇਵਾਦਾਰ ਹੀ ਕਿਹਾ ਗਿਆ ਸੀ।

ਗੁਰਦਿਆਲ ਨੂੰ ਇਹ ਅੱਖਰਿਆ। ਕੁਝ ਹੋਰ ਹੋਣਾ ਚਾਹੀਦਾ ਏ। ਉਹ ਕੇਸਰੀ ਦਲ ਦਾ ਰਵਾਇਤੀ ਉਮੀਦਵਾਰ ਨਹੀਂ। ਏਸ ਤਰ੍ਹਾਂ ਦਾ ਲਕਬ ਜਥੇਦਾਰਾਂ ਨੂੰ ਸੋਭਦਾ ਏ। ਹੋਰ ਕੀ ਹੋਵੇ, ਉਹ ਸੋਚਣ ਲੱਗਾ।

#

ਅਗਲਾ ਦਿਨ ਚੜ੍ਹਿਆ। ਹਜ਼ੂਰ ਸਿੰਘ ਨੇ ਗੁਰਦਿਆਲ ਨੂੰ ਸਵੇਰੇ-ਸਵੇਰੇ ਹੀ ਆ ਜਗਾਇਆ।

'ਦਿਆਲ, ਉੱਠ ਭਾਈ, ਸੋਚੀਏ ਤੇ ਬਣਾਈਏ ਆਪਣੀਆਂ ਤਦਬੀਰਾਂ।'

ਉਹ ਵਰਾਂਡੇ ਵਿਚ ਮੂਹੜਿਆਂ 'ਤੇ ਆ ਬੈਠੇ। ਗੁਰਦਿਆਲ ਨੇ ਚੁਪਾਸੀਂ ਨਜ਼ਰ ਮਾਰੀ। ਚੰਗਾ ਨਜ਼ਾਰਾ ਸੀ। ਧੁੱਪ ਚੜ੍ਹ ਰਹੀ ਸੀ। ਸਭ ਕੁਝ ਹਰਾ ਸੀ। ਪੰਛੀ ਚਹਿਕ ਰਹੇ ਸਨ। ਪੌਣ ਰੁਮਕ ਰਹੀ ਸੀ। ਉਹਨੇ ਭਖ਼ੀ ਤੇ ਡੂੰਘਾ ਸਾਹ ਲੈ ਅੰਦਰ ਲੰਘਾ ਲਈ।

'ਹਜ਼ੂਰੇ, ਇਕ ਨੀਲੀ ਪਗੜੀ ਮੈਨੂੰ ਵੀ ਦੇ-ਦੇ', ਉਹਨੇ ਫਰਮਾਇਸ਼ ਪਾਈ। ਪਤਾ ਨਹੀਂ, ਉਹਨੂੰ ਕਿਉਂ ਸਭ ਤੋਂ ਪਹਿਲਾਂ ਪਗੜੀ ਦਾ ਖ਼ਿਆਲ ਆਇਆ।

'ਪੱਗਾਂ, ਦਿਆਲ, ਬੜੀਆਂ ਨੇ ਏਥੇ ਸਾਡੇ ਕੋਲ। ਨੀਲੀਆਂ ਵੀ ਤੇ ਕਾਲੀਆਂ ਵੀ। ਦਫ਼ਤਰ 'ਚ ਵੈਲ ਦੇ ਥਾਣ ਪਏ ਨੇ।'

'ਕਾਲੀਆਂ ਕਿਉਂ ?'

'ਸਾਡੇ ਦਲ ਦਾ ਸਾਹਿਬਜ਼ਾਦਾ ਕਦੀ ਕਾਲੀ ਪੱਗ ਵੀ ਬੰਨ੍ਹਦੈ। ਇਹ ਦੋਵੇਂ ਰੰਗ ਸਾਡੇ ਨੇ। ਤੂੰ ਪੱਗ ਸਗੋਂ ਹੋਰ ਰੰਗ ਦੀ ਬੰਨ੍ਹ। ਅਸੀਂ ਉਹ ਲੋਕ ਵੀ ਨਾਲ ਜੋੜਨੇ ਨੇ, ਜਿਹੜੇ ਵੈਸੇ ਸਾਡੇ ਨਾਲ ਨਹੀਂ ਹੁੰਦੇ। ਉਹਨਾਂ ਨਾਲ ਨੇੜਤਾ ਹੋਰ ਰੰਗਾਂ ਨਾਲ ਬਣਾਈਏ।' ਹਜ਼ੂਰ ਸਿੰਘ ਨੇ ਨਵਾਂ ਨੁਕਤਾ ਲਭਿਆ।

'ਹਲਕਾ ਸਾਡਾ ਹੈ ਕਿਸ ਤਰ੍ਹਾਂ ਦਾ?' ਗੁਰਦਿਆਲ ਹੁਣ ਨਿੱਗਰ ਸਵਾਲਾਂ ਵਲ ਆਇਆ।

'ਸ਼ਹਿਰੀ ਵੀ ਏ ਤੇ ਦੇਹਾਤੀ ਵੀ। ਬੜਾ ਫੈਲਿਆ ਹੋਇਐ। ਇਹਦੀ ਹੱਦਬੰਦੀ ਹੁਣੇ ਹੋਈ ਏ। ਜਿਸ ਹਲਕੇ ਤੋਂ ਪਿਛਲੀ ਵਾਰੀ ਰਾਸ਼ਟਰ-ਦਲੀਆ ਜਿੱਤਿਆ ਸੀ, ਉਹ ਨਹੀਂ ਰਿਹਾ। ਤਿੰਨ ਹਲਕਿਆਂ ਦੇ ਇਲਾਕੇ ਮਿਲਾ ਕੇ ਬਣਾਇਆ ਗਿਐ ਹੁਣ। ਬਿਲਕੁਲ ਨਵਾਂ ਹਲਕਾ ਏ। ਇਹਦਾ ਰੰਗ-ਢੰਗ ਹੋਰ ਏ', ਹਜ਼ੂਰ ਸਿੰਘ ਨੇ ਮੋਟੀ ਜਿਹੀ ਤਸਵੀਰ ਖਿੱਚੀ।

'ਇਹ ਤਾ ਸਗੋਂ ਚੰਗੈ। ਮੁੱਖ ਵਿਰੋਧੀ ਕੌਣ ਏ ਸਾਡਾ?'
'ਸਾਡੇ ਆਪਣੇ ਦਲ ਦਾ ਭਗੌੜਾ...'
'ਉਹ ਤਾਂ ਬਹਿ ਗਿਆ ਸੀ।'
'ਦੋ ਹੋਰ ਵੀ ਨੇ ਨਾ ਉਹਦੇ ਵਰਗੇ। ਇਹ ਉਹਨਾਂ 'ਚੋਂ ਏ।'
'ਆਹ ਤਾਂ ਕਮਾਲ ਏ ਯਾਰ! ਤੂੰ ਮੂਲ ਕੇਸਰੀ ਦਲ ਦਾ ਨਹੀਂ ਤੇ ਉਹ ਮੂਲ ਰਾਸ਼ਟਰ ਦਲ ਦਾ ਨਹੀਂ। ਤੀਜੀ ਧਿਰ ਦਾ ਉਮੀਦਵਾਰ ਕੌਣ ਏ?'
'ਕੋਈ ਕਾਮਰੇਡ ਏ। ਦੀਦਾਰ ਸਿੰਘ।'
'ਕਾਮਰੇਡਾਂ ਦਾ ਹੈ ਕੋਈ ਅਸਰ ਏਥੇ?'
'ਇਕ ਵੇਲੇ ਹੁੰਦਾ ਸੀ, ਪਰ ਦੀਦਾਰ ਸਿੰਘ ਆਪ ਅਸਰ-ਰਸੂਖ਼ ਵਾਲਾ ਬੰਦੈ।'
'ਇਹ ਸਗੋਂ ਚੰਗੈ। ਉਹਨੇ ਸਾਡੇ ਨਹੀਂ, ਕਾਂਗਰਸ ਦੇ ਵੋਟ ਖਿੱਚਣੇ ਨੇ। ਰਾਸ਼ਟਰ ਦਲ ਦਾ ਭਗੌੜਾ ਵੀ ਖੜੈ ਕੋਈ?'
'ਖੜਾ ਏ। ਬਘੇਲ ਸਿੰਘ ਨਾਂ ਸੂ। ਉਹੀਉ, ਜਿਦ੍ਹੀ ਟਿਕਟ ਕੇਸਰੀ ਦਲ ਦੇ ਭਗੌੜੇ ਨੂੰ ਦਿੱਤੀ ਗਈ ਏ।'
'ਚੰਗੀ ਰੌਣਕ ਏ ਯਾਰ ਏਥੇ', ਗੁਰਦਿਆਲ ਹੱਸਿਆ। 'ਕੋਈ ਵੀ ਆਪਣੀ ਮੂਲ ਪਾਰਟੀ ਵਲੋਂ ਨਹੀਂ ਲੜ ਰਿਹੈ। ਸੁਜਾਨਗੜ੍ਹ ਭਗੌੜਿਆਂ ਦਾ ਪਾਣੀਪਤ ਬਣਿਆ ਹੋਇਐ। ਸਾਨੂੰ ਤਾਂ ਫ਼ਾਇਦੈ। ਸਾਨੂੰ ਕਹਿਣਾ ਚਾਹੀਦੈ, ਭਾਈ ਜੇ ਵੋਟ ਕੇਸਰੀ ਦਲ ਨੂੰ ਪਾਣਾ ਜੇ ਤਾਂ ਸਾਨੂੰ ਪਾਉ। ਸਾਡੇ ਭਗੌੜੇ ਨੂੰ ਨਹੀਂ। ਰਾਸ਼ਟਰ ਦਲ ਵਾਲਿਆਂ ਨੂੰ ਵੀ ਕਹਾਂਗੇ, ਰਾਸ਼ਟਰ ਦਲ ਦੇ ਵੋਟਰ ਬਘੇਲ ਸਿੰਘ ਨੂੰ ਵੋਟ ਪਾਣ। ਅਸਲ ਰਾਸ਼ਟਰ ਦਲ ਉਹ ਏ। ਜੋ ਰਾਸ਼ਟਰ ਦਲ ਦੇ ਨਾਂ 'ਤੇ ਖੜਾ ਏ, ਉਹ ਤਾਂ ਕੇਸਰੀ ਦਲ ਦਾ ਭਗੌੜਾ ਏ। ਸਾਨੂੰ ਬਘੇਲ ਸਿੰਘ ਦੇ ਵੋਟ ਵਧਾਣੇ ਚਾਹੀਦੇ ਨੇ। ਉਹਦੀ ਹਰ ਮਦਦ ਕਰਨੀ ਚਾਹੀਦੀ ਏ। ਜਿੰਨੇ ਜ਼ਿਆਦਾ ਵੋਟ ਉਹ ਖਿੱਚੇਗਾ, ਓਨੀ ਜ਼ਿਆਦਾ ਸਾਡੀ ਜਿੱਤ ਦੀ ਸੰਭਾਵਨਾ ਬਣੇਗੀ।'
'ਤੇਰਾ, ਭਾਈ, ਇਹ ਨੁਕਤਾ ਠੀਕ ਏ। ਇੰਜ ਹੀ ਕਰਾਂਗੇ।'
'ਕੀ ਖ਼ਿਆਲ ਈ, ਬੰਦਾ ਭੇਜੀਏ ਬਘੇਲ ਸਿੰਘ ਵੱਲ ਕੋਈ?'
'ਦਿਆਲ, ਠਹਿਰੀਏ ਅਜੇ। ਉਹ ਆਪੇ ਆਏਗਾ ਸਾਡੇ ਕੋਲ। ਵੇਖ, ਉਹਨੇ ਆਪ ਤਾਂ ਜਿੱਤਣਾ ਨਹੀਂ। ਉਹਦਾ ਲਕਸ਼ ਆਪਣੀ ਟਿਕਟ ਖੋਹਣ ਵਾਲੇ ਨੂੰ ਹਰਾਣਾ ਏ। ਸਾਡਾ ਲਕਸ਼ ਵੀ ਇਹੋ ਹੀ ਏ। ਉਹਨੂੰ ਲੁੱਟਣ ਵਾਲਾ ਸਾਡਾ ਮੁੱਖ ਵਿਰੋਧੀ ਏ। ਉਹ ਸਾਡੇ ਨਾਲ ਏਕਾ ਕਰੇਗਾ।'
ਹਜ਼ੂਰ ਸਿੰਘ ਹੁਣ ਅੱਗੇ ਚੱਲਿਆ।
'ਇਹ ਦੱਸ ਕਿ ਪ੍ਰਚਾਰ 'ਚ ਕਿਸ ਗੱਲ 'ਤੇ ਜ਼ੋਰ ਦਈਏ?'
'ਮੈਂ ਇਹ ਸੋਚਿਆ ਹੋਇਐ। ਪਹਿਲੋਂ ਵਿਕਾਸ ਉਤੇ ਤੇ ਫੇਰ ਪੰਥ ਉਤੇ।'



'ਇਹ ਠੀਕ ਏ', ਹਜ਼ੂਰ ਸਿੰਘ ਸਹਿਮਤ ਹੋਇਆ। ਜ਼ਰੂਰ ਪਹਿਲੋਂ ਹੀ ਇਸ ਨਤੀਜੇ 'ਤੇ ਪਹੁੰਚਿਆ ਹੋਇਆ ਹੋਵੇਗਾ। 'ਪਾਰਸ ਤੇ ਉਹਦਾ ਸਾਹਿਬਜ਼ਾਦਾ ਵੀ ਇਹੋ ਕੁਝ ਕਰ ਰਹੇ ਨੇ।'
'ਇਹ ਰਾਇ ਮੈਂ ਹੀ ਦਿੱਤੀ ਸੂ ਉਹਨਾਂ ਨੂੰ, ਪਿਛਲੀ ਵੇਰ ਜਦੋਂ ਮੈਂ ਪਾਰਸ ਨੂੰ ਮਿਲਿਆ ਸੀ। ਲੋਕ ਬਦਲ ਗਏ ਨੇ। ਹੁਣ ਉਹ ਹੋਰ ਕੁਝ ਚਾਹੁੰਦੇ ਨੇ। ਨਿਰੇ ਪੰਥ ਨਾਲ ਕੰਮ ਨਹੀਂ ਚਲਦਾ।'
'ਪਰ, ਯਾਰ, ਸਾਡੇ ਏਥੇ ਪਿੰਡਾਂ 'ਚ ਧਾਰਮਿਕਤਾ ਬੜੀ ਏ। ਪਿੰਡਾਂ 'ਚ ਪੰਥ 'ਤੇ ਜ਼ੋਰ ਜ਼ਿਆਦਾ ਦੇਣਾ ਚਾਹੀਦੈ।'
'ਪਰ, ਹਜ਼ੂਰੇ, ਪਿੰਡਾਂ 'ਚ ਹੁਣ ਵਿਦਿਆ ਵੀ ਬੜੀ ਏ। ਆਸਾਂ ਉਮੰਗਾਂ ਵੀ ਸ਼ਹਿਰਾਂ ਵਰਗੀਆਂ ਨੇ। ਸੜਕ ਪਾਣੀ ਨੂੰ ਉੱਥੇ ਵੀ ਨਹੀਂ ਛੱਡ ਸਕਦੇ। ਤੂੰ ਕੀ ਕਹੇਂਗਾ ਵੋਟਰਾਂ ਨੂੰ? ਜੇ ਮੈਂ ਜਿੱਤ ਗਿਆ ਤਾਂ ਕੀ ਕਰਾਂਗਾ ਤੁਹਾਡੇ ਲਈ?'
'ਮੈਂ, ਦਿਆਲ, ਕਾਫ਼ੀ ਸੋਚਿਐ ਇਹਦੇ ਬਾਰੇ। ਮੈਂ ਜ਼ੋਰ ਤਾਂ ਵਿਦਿਆ 'ਤੇ ਰੱਖਣਾ ਚਾਹੁਨਾਂ। ਮੈਂ ਕਹਾਂਗਾ, ਮੈਂ ਹਲਕੇ 'ਚ ਅਜਿਹੇ ਸਕੂਲ ਖੋਲ੍ਹਾਂਗਾ, ਜਿਹੋ ਜਿਹੇ ਚੰਡੀਗੜ੍ਹ 'ਚ ਵੀ ਨਹੀਂ। ਨੇੜੇ ਰੋਪੜ 'ਚ ਆਈ-ਟੀ-ਆਈ ਏ। ਮੈਂ ਸੁਜਾਨਗੜ੍ਹ 'ਚ ਕੋਈ ਇੰਸਟੀਚਿਊਟ ਖੋਲ੍ਹਣ ਦਾ ਵਾਇਦਾ ਕਰਾਂਗਾ।'
'ਕਾਹਦਾ ਇੰਸਟੀਚਿਊਟ ਖੋਲ੍ਹੇਂਗਾ?'
'ਇੰਜੀਨੀਅਰੀ ਦਾ ਨਹੀਂ। ਨਸ਼ਿਆਂ ਦੇ ਰੋਗ ਦੀ ਖੋਜ ਤੇ ਇਲਾਜ ਦਾ ਇੰਸਟੀਚਿਊਟ। ਚੰਡੀਗੜ੍ਹ ਦੇ ਪੀ-ਜੀ-ਆਈ ਦੀ ਪੱਧਰ ਦਾ। ਹੁਣ ਵੀ ਤਾਂ ਮੈਂ ਏਸੇ ਖੇਤਰ 'ਚ ਕੰਮ ਕਰ ਰਿਹਾਂ।'
'ਇਹ ਠੀਕ ਏ। ਜੇ ਸਾਡੀ ਸਰਕਾਰ ਬਣ ਗਈ ਤਾਂ ਵਿਦਿਆ ਦਾ ਮਹਿਕਮਾ ਸ਼ਾਇਦ ਤੈਨੂੰ ਹੀ ਮਿਲ ਜਾਏ। ਫੇਰ ਸੌਖਾ ਹੋ ਜਾਏਗਾ। ਤੇਰੀ ਗੱਲ ਹੋਈ ਸੀ ਪਾਰਸ ਨਾਲ ਇਹਦੇ ਬਾਰੇ?'
'ਹੋਈ ਸੀ।'
'ਕੱਲਿਆਂ ਕਿ ਸਾਹਿਬਜ਼ਾਦੇ ਦੇ ਹੁੰਦਿਆਂ?'
'ਉਹਦੇ ਹੁੰਦਿਆਂ। ਸਿਰ ਹਿਲਾ ਰਿਹਾ ਸੀ ਉਹ ਵੀ। ਸਹਿਮਤ ਲੱਗਦਾ ਸੀ।'
'ਚੰਗੈ। ਅੱਗੋਂ ਸਾਹਿਬਜ਼ਾਦੇ ਦੀ ਹੀ ਚਲਣੀ ਏਂ। ਉਹਦੀ ਖੁਸ਼ਨੂਦੀ ਜ਼ਰੂਰੀ ਏਂ। ਵੇਖਿਆ ਈ, ਪਿਉ ਪੁੱਤਰ ਨੇ ਕੰਮ ਵੰਡਿਆ ਹੋਇਐ। ਪਿਉ ਪੰਥ ਦੀ ਗੱਲ ਕਰਦੈ ਤੇ ਪੁੱਤਰ ਵਿਕਾਸ ਦੀ।'
'ਅਸੀਂ ਵੀ ਤਾਂ ਇਹਨਾਂ ਲੀਹਾਂ 'ਤੇ ਚਲਣੈ...'
ਹਜ਼ੂਰ ਸਿੰਘ ਨੂੰ ਜੀਤਾ ਦਿੱਸ ਪਿਆ। ਉਹ ਫਾਟਕ ਵਲ ਮੂੰਹ ਕਰੀ ਤੇਜ਼-ਤੇਜ਼ ਜਾ ਰਿਹਾ ਸੀ।

'ਓਏ ਜੀਤਿਆ', ਉਹਨੇ ਆਵਾਜ਼ ਦਿੱਤੀ, 'ਦਫ਼ਤਰ ਜਾ...ਦਿਆਲ, ਕਿੱਡੀ ਪੱਗ ਬੰਨ੍ਹਨੈਂ?'

'ਸਵਾ ਪੰਜ ਮੀਟਰ।'

'ਜੀਤੇ, ਦਫ਼ਤਰ ਜਾ ਤੇ ਸਵਾ ਪੰਜ ਮੀਟਰ ਦੀਆਂ ਦੋ ਪੱਗਾਂ ਪੜਵਾ ਲਿਆ। ਇਕ ਨੀਲੀ ਤੇ ਇਕ ਕਾਲੀ। ਛੇਤੀ ਕਰ। ਗੁਰਦਿਆਲ ਕਦੀ-ਕਦੀ ਇਹ ਰੰਗ ਵੀ ਬੰਨ੍ਹ ਲਿਆ ਕਰੀਂ। ਹੱਛਾ ਹੁਣ ਸੰਪਰਕ ਦਾ ਤੈਅ ਕਰੀਏ। ਮਤਲਬ ਵੋਟਰਾਂ ਨਾਲ ਛੋਹ ਕਿਵੇਂ ਬਣਾਈ ਜਾਵੇ। ਹਲਕਾ ਬਹੁਤ ਵੱਡੈ। ਵਕਤ ਥੋੜੈ। ਹਰ ਵੋਟਰ ਨੂੰ ਜਾ ਕੇ ਮਿਲਣਾ ਤਾਂ ਸੰਭਵ ਨਹੀਂ।'

'ਠੀਕ ਏ ਯਾਰ, ਪਰ ਕੋਈ *ਸਟਰੈਟੀਜੀ* ਤਾਂ ਹੋਣੀ ਚਾਹੀਦੀ ਏ।'

'ਜ਼ਰੂਰ ਚਾਹੀਦੀ ਏ। ਵੇਖ, ਜਿਹੜੇ ਵੋਟਰ ਸਾਡੇ ਨਾਲ ਨੇ, ਉਹ ਸਾਡੇ ਨਾਲ ਨੇ। ਉਹਨਾਂ ਨੂੰ ਤਾਂ ਮੇਰੇ ਦਰਸ਼ਨ-ਦੀਦਾਰ ਦੀ ਲੋੜ ਨਹੀਂ। ਜਿਹੜੇ ਰਾਸ਼ਟਰ ਦਲ ਨਾਲ ਨੇ, ਉਹ ਰਾਸ਼ਟਰ ਦਲ ਨਾਲ ਨੇ। ਉਹ ਮੇਰੀ ਸ਼ਕਲ ਨਹੀਂ ਵੇਖਣਾ ਚਾਹੁੰਦੇ। ਰਹਿ ਗਏ ਉਹ, ਜੋ ਵਿਚ-ਵਿਚਾਲੇ ਨੇ। ਇਹੋ ਜਿਹੇ ਵੋਟਰ ਕੋਈ ਤੀਹ ਕੁ ਫੀ ਸਦੀ ਨੇ ਸਾਡੇ ਹਲਕੇ 'ਚ। ਮੈਂ ਹਿਸਾਬ ਲਵਾਇਆ ਹੋਇਐ।'

'ਜੇ ਹਜ਼ੂਰੇ ਉਹ ਏਨੇ ਨੇ ਤਾਂ ਤੈਥੋਂ ਆਪ ਨਹੀਂ ਭੁਗਤਣੇ।'

'ਪਤਾ ਏ ਮੈਨੂੰ। ਮੈਂ ਆਪਣੇ ਵੱਲੋਂ ਦੋ ਭਰਾਵਾਂ ਤੇ ਦੋ ਭੈਣਾਂ ਨੂੰ ਘੱਲਾਂਗਾ। ਉਹ ਕਹਿਣਗੇ, ਹਜ਼ੂਰ ਸਿੰਘ ਆਪ ਨਹੀਂ ਆ ਸਕਿਆ। ਉਹਨੇ ਸਾਨੂੰ ਘੱਲਿਐ।'

'ਇਹ ਵੀ ਠੀਕ ਏ। ਪਰ, ਹਜ਼ੂਰੇ, ਅਸਲ ਚੀਜ਼ ਵੋਟਰਾਂ ਨੂੰ ਭੁਗਤਾਣੈਂ। ਅਸੀਂ ਵੇਖਣੈ ਕਿ ਜੋ ਸਾਡਾ ਵੋਟਰ ਏ, ਉਹ ਭੁਗਤੇ। ਘਰ ਹੀ ਨਾ ਬੈਠਾ ਰਹੇ। ਉਹਨੂੰ ਭੁਗਤਾਣੈਂ, ਭਾਵੇਂ ਉਹਨੂੰ ਚੁੱਕ ਕੇ ਲਿਜਾਣਾ ਪਵੇ। ਇਹ ਕੰਮ ਬੜੇ ਬਾਕਾਇਦਾ ਢੰਗ ਨਾਲ ਹੋਣਾ ਚਾਹੀਦੈ। ਪਹਿਲੋਂ ਸਭਨਾਂ ਵੋਟਰਾਂ ਦੀ ਪਛਾਣ ਹੋਵੇ। ਜਿਹੜੇ ਪੱਕੇ ਨੇ, ਉਹਨਾਂ 'ਤੇ ਹੋਰ ਨਿਸ਼ਾਨ ਹੋਵੇ। ਜਿਹੜੇ ਕੱਚੇ-ਪੱਕੇ ਨੇ, ਉਹਨਾਂ 'ਤੇ ਹੋਰ ਨਿਸ਼ਾਨ। ਜਿਹੜੇ ਉੱਕਾ ਸਾਡੇ ਨਹੀਂ, ਉਹਨਾਂ 'ਤੇ ਹੋਰ ਨਿਸ਼ਾਨ। ਪਹਿਲੋਂ ਵੋਟਰ ਸੂਚੀ ਦੀ ਏਸ ਤਰ੍ਹਾਂ ਦੀ ਨਿਸ਼ਾਨਦੇਹੀ ਹੋਣਾ ਚਾਹੀਦੀ ਏ।'

'ਮੈਂ ਵੀ ਇੰਜ ਹੀ ਸੋਚਨਾਂ। ਇਹ ਕੰਮ ਤੂੰ ਆਪਣੇ ਜ਼ਿੰਮੇ ਲੈ, ਦਿਆਲ।'

'ਮੈਂ ਲੈ ਲੈਨਾਂ। ਮੈਨੂੰ ਕੋਈ ਸਥਾਨਕ ਬੰਦਾ ਦੇ, ਜਿਹੜਾ ਲੋਕਾਂ ਨੂੰ ਜਾਣਦਾ ਹੋਵੇ।'

'ਏਸ ਤਰ੍ਹਾਂ ਦਾ ਬੰਦਾ ਹੈ ਸਾਡੇ ਕੋਲ। ਉਹ ਸੂਚੀ ਦੀ ਨਿਸ਼ਾਨਦੇਹੀ ਕਰ ਰਿਹੈ। ਉਹਨੂੰ ਤੇਰੇ ਨਾਲ ਲਾ ਦੇਣੇ ਹਾਂ।'

'ਸਾਡੀ ਇਕ ਹਲਕਾ ਕਮੇਟੀ ਹੋਣੀ ਚਾਹੀਦੀ ਏ', ਗੁਰਦਿਆਲ ਅੱਗੇ



ਚਲਿਆ, 'ਉਹਦੇ ਥੱਲੇ ਵਾਰਡ-ਕਮੇਟੀ ਤੇ ਉਹਦੇ ਥੱਲੇ ਬੂਥ ਕਮੇਟੀ। ਹਰ ਪਏ, ਨਾ-ਪਏ ਵੋਟ ਦਾ ਹਿਸਾਬ ਹੋਣਾ ਚਾਹੀਦੈ। ਸਾਡੀ ਕਮੇਟੀ ਦਾ ਬੰਦਾ ਹਰ ਪੋਲਿੰਗ ਬੂਥ 'ਚ ਬੈਠਾ ਹੋਣਾ ਚਾਹੀਦੈ।'

'ਬੂਥ 'ਚ ਸਾਡਾ ਬੰਦਾ ਤਾਂ ਹੋਵੇਗਾ ਹੀ। ਖ਼ੈਰ, ਜਿਵੇਂ ਚਾਹੀਂ ਕਰ ਲਈਂ। ਤੇਰੇ ਸਪੁਰਦ ਕਾਰਾਂ ਵੀ ਹੋਣਗੀਆਂ। ਪਰਾਈਵੇਟ। ਵੋਟਰ ਢੋਣ ਲਈ।

'ਮੇਰੀ ਇਕ ਹੋਰ ਤਜਵੀਜ਼ ਏ।'

'ਦੱਸ।'

'ਜਿਸ ਸ਼ਾਮ ਨੂੰ ਪ੍ਰਚਾਰ ਖ਼ਤਮ ਹੋਵੇ, ਉਸ ਸ਼ਾਮ ਅਸੀਂ ਇਕ ਏਡਾ ਵੱਡਾ ਜਲਸਾ ਕਰੀਏ ਕਿ ਰੰਗ ਬੱਝ ਜਾਏ। ਲੋਕਾ ਤੇ ਰੁਅਬ ਪੈ ਜਾਏ। ਉਹਦੇ 'ਚ ਪਾਰਸ ਨੂੰ ਵੀ ਸੱਦੀਏ ਤੇ ਸਾਹਿਬਜ਼ਾਦੇ ਨੂੰ ਵੀ। ਉਹਨਾਂ ਨੂੰ ਵੀ ਪਤਾ ਲੱਗ ਜਾਏ, ਅਸੀਂ ਕਿਵੇਂ ਨਕਸ਼ਾ ਬਦਲ ਦਿੱਤੈ। ਬੰਦੇ ਹੀ ਬੰਦੇ ਹੋਣ...'

'ਇੰਜ ਕਰਨਾ ਚਾਹੀਦੈ। ਇਸ ਤਰ੍ਹਾਂ ਵੋਟਾਂ ਪੈਣ ਤੋਂ ਪਹਿਲਾਂ ਹਵਾ ਬੱਝਦੀ ਏ।' ਹਜ਼ੂਰ ਸਿੰਘ ਸਹਿਮਤ ਸੀ।

'ਉਹਨਾਂ ਦੋਵਾਂ ਤੋਂ *ਟਾਈਮ* ਲੈ ਲਵੋ ਹੁਣੇ ਹੀ।'

'ਮੈਂ ਪੀ-ਏ ਨਾਲ ਗੱਲ ਕਰਨਾਂ। ਉਹਨਾਂ ਦੇ ਪ੍ਰੋਗਰਾਮ 'ਚ ਪੁਆ ਦੇਨਾਂ। ਉਸ ਦਿਨ ਉਹ ਨਿਕਲੇ ਤਾਂ ਹੋਣਗੇ ਹੀ। ਉਹਨਾਂ ਦੀ ਰੂਟ 'ਚ ਰੱਖਾ ਦੇਨਾਂ। ਕਿਸੇ ਵੇਲੇ ਵੀ ਪਹੁੰਚ ਜਾਣ।'

'ਆਹ ਜੀ, ਲੁਹਾ ਲੌ ਆਪਣਾ ਸਾਮਾਨ!' ਫਾਟਕ ਵੱਲੋਂ ਕਿਸੇ ਨੇ ਹਾਕ ਮਾਰੀ।

ਹਜ਼ੂਰ ਸਿੰਘ ਉੱਠ ਪਿਆ। ਉਹਨੇ ਵੀ ਹਾਕ ਮਾਰੀ,

'ਕੌਣ ਏਂ ਭਾਈ?'

ਇਸ ਤੋਂ ਪਹਿਲਾਂ ਕਿ ਅੱਗੋਂ ਕੋਈ ਜਵਾਬ ਮਿਲਦਾ, ਉਹ ਬਾਹਰ ਵਲ ਨੂੰ ਹੋ ਪਿਆ।

#

ਫਾਟਕ ਕੋਲ ਇਕ ਟੈਮਪੋ ਖੜਾ ਸੀ। ਉਹਦੇ 'ਚ ਬੋਰਡ ਲੱਦੇ ਹੋਏ ਸਨ। ਹਜ਼ੂਰ ਸਿੰਘ ਨੇ ਲੁਹਾ ਲਏ ਤੇ ਅੰਦਰ ਦਫ਼ਤਰ ਕੋਲ ਰਖਾ ਦਿੱਤੇ। ਫੇਰ ਆ ਕੇ ਆਪਣੇ ਮੂਹੜੇ 'ਤੇ ਬਹਿ ਗਿਆ।

'ਹੋਰ ਬੋਰਡ ਬਣ ਕੇ ਆਏ ਨੇ,' ਉਹਨੇ ਗੁਰਦਿਆਲ ਨੂੰ ਖ਼ਬਰ ਦਿੱਤੀ। 'ਤਸਵੀਰਾਂ ਵਾਲੇ। ਤੂੰ ਕਲ੍ਹ ਰਾਹ 'ਚ ਵੇਖੇ ਹੋਣਗੇ। ਬੜੀ ਥਾਂ ਲੱਗੇ ਹੋਏ ਨੇ। ਇਕ ਬਾਹਰ ਫਾਟਕ ਕੋਲ ਵੀ ਲੱਗਾ ਹੋਇਐ।'

'ਮੈਨੂੰ, ਯਾਰ, ਇਹਨਾਂ 'ਚ ਇਕ ਕਸਰ ਲੱਗੀ ਏ। ਇਹ ਜਿਹੜਾ ਤੂੰ *ਪੰਥ*

*ਦਾ ਸੇਵਾਦਾਰ* ਲਿਖਵਾਇਐ, ਮੈਨੂੰ ਨਹੀਂ ਜਚਿਆ। *ਕੌਮ ਦਾ ਸੇਵਾਦਾਰ* ਹੋਣਾ ਚਾਹੀਦਾ ਸੀ। ਸ਼ਾਇਦ ਇਹ ਵੀ ਠੀਕ ਨਹੀਂ। ਕੁਝ ਏਸ ਤਰ੍ਹਾਂ ਦਾ ਹੋਣਾ ਚਾਹੀਦੈ, ਜੋ ਯਾਦ ਰਹਿ ਜਾਏ। ਜਿਵੇਂ *ਹਜ਼ੂਰਾ, ਬਚਨਾਂ ਦਾ ਪੂਰਾ ਜਾਂ ਹਜ਼ੂਰਾ, ਪੰਥ ਤੇ ਕੌਮ ਦਾ ਸੂਰਾ।* ਕੁਝ ਏਸ ਤਰ੍ਹਾਂ ਦਾ।'

ਹਜ਼ੂਰ ਸਿੰਘ ਨੂੰ ਚੰਗਾ ਲੱਗਾ। ਉਹਨੇ ਕਿਹਾ, 'ਦੋਵੇਂ ਠੀਕ ਨੇ। ਨਵੇਂ ਬੋਰਡਾਂ 'ਤੇ ਇਹ ਲਿਖਵਾ ਦਿਆਂਗੇ। ਅਜੇ ਹੋਰ ਬੜੀਆਂ ਥਾਵਾਂ 'ਤੇ ਲੱਗਣੇ ਨੇ।'

'ਚਲ ਯਾਰ, ਰਹਿਣ ਦੇ। ਇਹ ਨਾਅਰੇ ਅਸੀਂ ਸਟੇਜ ਤੋਂ ਲਵਾ ਦਿਆ ਕਰਾਂਗੇ। ਹੋਰ ਪੈਸੇ ਖ਼ਰਚਣ ਦੀ ਲੋੜ ਨਹੀਂ।'

'ਖ਼ਰਚ ਦੀ ਛੱਡ, ਯਾਰ। ਖ਼ਰਚ ਤਾਂ ਹੋਣਾ ਹੀ ਏ। ਜਿੱਥੇ ਏਨਾ ਹੋਇਐ, ਓਥੇ ਹੋਰ ਸਹੀ।' ਹਜ਼ੂਰ ਸਿੰਘ ਨੂੰ ਪਰਵਾਹ ਨਹੀਂ ਸੀ।

ਗੁਰਦਿਆਲ ਨੂੰ ਵਾਧੂ ਖ਼ਰਚ ਚੁੱਭਦਾ ਸੀ, ਭਾਵੇਂ ਉਹਦਾ ਨਹੀਂ, ਹਜ਼ੂਰ ਸਿੰਘ ਦਾ ਹੋਣਾ ਸੀ। ਉਸ ਕੁਝ ਚਿੰਤਾ ਨਾਲ ਪੁੱਛਿਆ,

'ਯਾਰ, ਤੇਰਾ ਪੈਸਾ ਤਾਂ ਬੜਾ ਰੁੜ੍ਹ ਰਿਹਾ ਹੋਣੈਂ?'

'ਪੁੱਛ ਨਾ। ਇੰਜ ਰੁੜ੍ਹ ਰਿਹੈ, ਜਿਵੇਂ ਹੜ੍ਹਾਂ 'ਚ ਕੱਖ-ਕਾਨ।'

'ਕਿੱਥੋਂ ਕੀਤਾ ਈ ਪ੍ਰਬੰਧ?'

'ਬੈਂਕ ਨਹੀਂ ਲੁੱਟਿਆ। ਕੁਝ ਦਲ ਨੇ ਦਿੱਤੈ। ਬਾਕੀ ਆਪ 'ਕੱਠਾ ਕੀਤੈ। ਪਰ, ਦਿਆਲ, ਅਸੀਂ ਓਨਾ ਖ਼ਰਚ ਨਹੀਂ ਕਰ ਰਹੇ, ਜਿੰਨਾ ਹੋਰ ਉਮੀਦਵਾਰ ਕਰ ਰਹੇ ਨੇ। ਬੜੇ ਬੜੇ ਧਨੀ ਬੈਠੇ ਨੇ ਏਥੇ। ਤੂੰ ਅਖ਼ਬਾਰਾਂ 'ਚ ਪੜ੍ਹਿਆ ਹੋਣੈਂ, ਕਿਸ ਉਮੀਦਵਾਰ ਦੀ ਕਿੰਨੀ ਪਾਇਆਂ ਏ। ਇਹ ਸਾਰਾ ਕੁਝ ਹਲਫ਼-ਨਾਮੇ ਦੀ ਸ਼ਕਲ 'ਚ ਦੱਸਣਾ ਪੈਂਦੈ। ਲਾਜ਼ਮੀ ਹੁੰਦੈ। ਕਿੰਨੀ ਜਾਇਦਾਦ ਏ। ਕਿੰਨਾ ਜ਼ੇਵਰ ਏ। ਬੈਂਕ 'ਚ ਕਿੰਨਾ ਏ। ਕੈਸ਼ ਕਿੰਨਾ ਏਂ। ਗੱਡੀਆਂ ਕਿੰਨੀਆਂ ਨੇ...'

'ਤੂੰ ਕੀ ਲਿਖਿਐ?'

'ਮੈਂ ਕੀ ਲਿਖਣਾ ਸੀ। ਮੇਰੇ ਕੋਲ ਹੈ ਕੀ ਏ! ਥੋੜ੍ਹੀ ਜਿਹੀ ਜ਼ਮੀਨ ਏ, ਭਰਾਵਾਂ ਨਾਲ ਸਾਂਝੀ। ਬੈਂਕ 'ਚ ਤੀਹ-ਚਾਲ੍ਹੀ ਹਜ਼ਾਰ ਰੁਪਏ ਨੇ। ਗੱਡੀ ਏ, ਜਿਸ 'ਤੇ ਤੈਨੂੰ ਚੰਡੀਗੜ੍ਹ ਲੈ ਗਿਆ ਸਾਂ। ਕੋਈ ਜ਼ੇਵਰ ਨਹੀਂ। ਮੈਨੂੰ ਸੋਨੇ ਤੋਂ ਚਿੜ੍ਹ ਏ...'

'ਸੋਨੇ ਦਾ ਕੜਾ ਵੀ ਨਹੀਂ?' ਗੁਰਦਿਆਲ ਨੇ ਹੱਸ ਕੇ ਪੁੱਛਿਆ।

'ਨਹੀਂ। ਵਿਆਹ ਵੇਲੇ ਮਿਲਦਾ ਸੀ। ਮੈਂ ਨਹੀਂ ਸੀ ਲਿਆ।'

'ਇਹ ਦੱਸ ਤੂੰ ਕਿਸੇ ਨਜ਼ੀਰ ਅਹਿਮਦ ਦਾ ਨਾਂ ਸੁਣਿਆ ਹੋਇਐ?' ਗੁਰਦਿਆਲ ਨੂੰ ਯਾਦ ਆਇਆ, ਜੋ ਉਹਨੇ ਦਿੱਲੀ ਅਖ਼ਬਾਰ 'ਚ ਪੜ੍ਹਿਆ ਸੀ। ਏਸੇ ਤਰ੍ਹਾਂ ਦੇ ਹਲਫ਼-ਨਾਮੇ ਦੇ ਸਿਲਸਿਲੇ ਦਾ।'



'ਨਹੀਂ ਸੁਣਿਆ।'

'ਨਜ਼ੀਰ ਅਹਿਮਦ ਬੇ-ਨਜ਼ੀਰ ਚੀਜ਼ ਏ। ਉਹ ਸਾਡੇ ਪੰਜ ਰਾਜਾਂ ਦੀਆਂ ਚੋਣਾਂ 'ਚ ਖਲੋਤਾ ਸਭ ਤੋਂ ਅਮੀਰ ਉਮੀਦਵਾਰ ਏ। ਉਹਦੇ ਹਲਫ਼-ਨਾਮੇ ਤੋਂ ਪਤਾ ਲੱਗਦੈ ਕਿ ਉਹਦੀ ਆਪਣੀ ਜਾਇਦਾਦ ਦੀ ਮਾਲੀਅਤ 141 ਕਰੋੜ ਰੁਪਏ ਏ। ਉਹਦੀ ਸਾਲਾਨਾ ਆਮਦਨ ਬਾਈ ਕਰੋੜ ਸੀ ਪਿਛਲੇ ਸਾਲ। ਉਹਦੀ ਬੇਗਮ ਦੀ ਚਾਰ ਕਰੋੜ ਸੀ। ਆਗਰੇ ਤੋਂ ਖੜੈ।'

'ਕਮਾਲ ਏ!' ਹਜ਼ੂਰ ਸਿੰਘ ਮਾੜਾ ਜਿਹਾ ਹੱਸਿਆ। 'ਉਹਨੇ ਕੀ ਲੈਣੈਂ ਐਮ. ਐਲ. ਏ. ਬਣ ਕੇ?'

'ਯਾਰ, ਆਪੋ ਆਪਣੇ ਸ਼ੌਕ ਹੁੰਦੇ ਨੇ। ਸ਼ਾਇਦ ਲਾਲ ਬੱਤੀ ਵਾਲੀ ਗੱਡੀ ਚਾਹੁੰਦਾ ਹੋਵੇ। ਜਾਂ ਤੇਰੇ ਵਾਂਗ ਹੀ ਲੋਕ-ਸੇਵਾ ਦੀ ਗੁੰਜਾਇਸ਼ ਬਣਾ ਰਿਹਾ ਹੋਵੇ। ਸਾਡੇ ਏਥੇ ਪੰਜਾਬ 'ਚ ਕੌਣ ਏ ਸਭ ਤੋਂ ਮਾਲਦਾਰ ਉਮੀਦਵਾਰ?'

'ਨਜ਼ੀਰ ਅਹਿਮਦ ਦੇ ਨੇੜੇ-ਤੇੜੇ ਤਾਂ ਕੋਈ ਨਹੀਂ ਹੋਏਗਾ। ਸਭ ਤੋਂ ਮਾਲਦਾਰ ਕੋਈ ਬਾਹਰੋਂ ਆਇਆ ਹੀ ਹੋ ਸਕਦੈ। ਪੜ੍ਹਿਆ ਜ਼ਰੂਰ ਸੀ, ਪਰ ਨਾਂ ਯਾਦ ਨਹੀਂ ਆ ਰਿਹਾ। ਸਭ ਤੋਂ ਗਰੀਬੜੇ ਉਮੀਦਵਾਰ ਦਾ ਨਾਂ ਤਾਂ ਮੈਨੂੰ ਪਤੈ...।'

ਹਜ਼ੂਰ ਸਿੰਘ ਮੁਸਕਰਾਇਆ ਤੇ ਅੱਖ ਮਾਰੀ। ਉਹਦਾ ਇਸ਼ਾਰਾ ਆਪਣੇ ਵੱਲ ਸੀ।

ਗੁਰਦਿਆਲ ਨੇ ਗੱਲ ਨਾ ਚੁੱਕੀ। ਉਹਨੂੰ ਉਹਦੀ ਗ਼ਰੀਬੀ 'ਤੇ ਸ਼ੱਕ ਸੀ। ਜਿਵੇਂ ਉਹ ਖੁੱਲ੍ਹਾ ਖ਼ਰਚ ਕਰ ਰਿਹਾ ਸੀ, ਉਹ ਗ਼ਰੀਬ ਨਹੀਂ ਸੀ ਹੋ ਸਕਦਾ। ਸਭ ਤੋਂ ਗ਼ਰੀਬ ਹੋਣ ਦੀ ਸੰਭਾਵਨਾ ਤਾਂ ਉੱਕਾ ਹੀ ਨਹੀਂ ਸੀ। ਉਹਨੇ ਵਿਸ਼ਾ ਬਦਲ ਦਿੱਤਾ ਤੇ ਪੁੱਛਿਆ,

'ਹਜ਼ੂਰੇ, ਤੂੰ ਪਹਿਲੋਂ ਵੀ ਕੋਈ ਚੋਣ ਲੜੀ ਏ?'

'ਲੜੀ ਏ। ਲੋਕ ਸਭਾ ਦੀ। ਆਪਣੀ ਹੀ ਪਾਰਟੀ ਦਾ ਉਮੀਦਵਾਰ ਬਣ ਕੇ। ਸਫ਼ਲ ਨਹੀਂ ਸਾਂ ਹੋਇਆ, ਪਰ ਵੋਟ ਬੜੇ ਪਏ ਸਨ। ਉਹਦੇ ਮੁਕਾਬਲੇ 'ਚ ਇਹ ਸੀਟ ਬੜੀ ਸੌਖੀ ਲਗਦੀ ਏ। ਅਸੰਬਲੀ ਦਾ ਹਲਕਾ ਛੋਟਾ ਹੁੰਦੈ। ਮਸਾਂ ਪੰਜਵਾਂ ਛੇਵਾਂ ਹਿੱਸਾ।'

'ਹਜ਼ੂਰੇ, ਸੌਖਾ ਨਾ ਸਮਝ', ਗੁਰਦਿਆਲ ਨੇ ਤਾੜਿਆ, 'ਮੁਕਾਬਲਾ ਏਥੇ ਸਖ਼ਤ ਹੋਏਗਾ। ਸਾਡਾ ਦਾਅ ਲੱਗ ਸਕਦੈ, ਪਰ ਪੱਕਾ ਨਹੀਂ।'

'ਦਿਆਲ, ਇਹ ਸਭ ਸਮਝਨਾਂ ਮੈਂ। ਇਹੋ ਚਿਤਾਰ ਕੇ ਚੱਲ ਰਿਹਾਂ।'

ਉਹ ਦੁਪਹਿਰ ਤਕ ਬੈਠੇ ਰਹੇ। ਵਿੱਚ-ਵਿੱਚ ਲੋਕ ਆਉਂਦੇ ਰਹੇ। ਕੁਝ ਚਿਰ ਹਜ਼ੂਰ ਸਿੰਘ ਦਾ ਨਾਰਵੇ ਵਾਲਾ ਭਰਾ ਨਿਰਮਲ ਸਿੰਘ ਵੀ ਬੈਠਾ ਰਿਹਾ। ਉਹਨੇ ਵੀ ਸਲਾਹਵਾਂ ਦਿੱਤੀਆਂ, ਭਾਵੇਂ ਉਹਨੂੰ ਏਥੋਂ ਦੀਆਂ ਚੋਣਾਂ ਦਾ ਅਨੁਭਵ ਕੋਈ ਨਹੀਂ ਸੀ। ਜਿਸ ਦੇਸ 'ਚ ਉਹ ਪਿਛਲੇ ਪੰਦਰਾਂ ਵਰ੍ਹਿਆਂ ਤੋਂ

ਰਹਿ ਰਿਹਾ ਸੀ, ਉੱਥੇ ਵੀ ਚੋਣਾਂ ਹੁੰਦੀਆਂ ਤਾਂ ਸਨ, ਪਰ ਹੋਰ ਤਰ੍ਹਾਂ ਦੀਆਂ। ਏਥੋਂ ਵਰਗੀਆਂ ਰੌਣਕਾਂ ਨਹੀਂ ਸਨ ਹੁੰਦੀਆਂ। ਹੁੰਦੀਆਂ ਵੀ ਕਿਵੇਂ? ਸਮੁੱਚੇ ਦੇਸ ਦੀ ਵੱਸੋਂ ਮਸਾਂ ਦਸ ਲੱਖ ਸੀ। ਏਥੇ ਤਾਂ ਏਨੇ ਬੰਦਿਆਂ ਨਾਲ ਲੋਕ ਸਭਾ ਦਾ ਇਕੋ ਹਲਕਾ ਬਣਦਾ ਏ। ਕਦੀ ਉਹ ਵੀ ਨਹੀਂ ਬਣਦਾ।

ਅਖ਼ੀਰ ਸਭ ਕੁਝ ਮਿਥਿਆ ਗਿਆ। ਜ਼ੋਰ ਵਿਕਾਸ ’ਤੇ ਰਹਿਣਾ ਸੀ। ਖ਼ਾਸ ਕਰਕੇ ਵਿਦਿਅਕ ਵਿਕਾਸ ’ਤੇ। ਨਸ਼ਾ-ਛਡਾਊ ਖੋਜ ਤੇ ਇਲਾਜ ਦਾ ਕੇਂਦਰ ਕਾਇਮ ਕਰਨ ਦਾ ਬਚਨ ਵੀ ਦੇਣਾ ਸੀ। ਪ੍ਰਚਾਰ ਖ਼ਤਮ ਹੋਣ ਵਾਲੇ ਦਿਨ ਇਲਾਕੇ ਦਾ ਸਭ ਤੋਂ ਵੱਡਾ ਜਲਸਾ ਕਰਨਾ ਸੀ ਤੇ ਉਸ ਵਿਚ ਪਾਰਸ ਤੇ ਸਾਹਿਬਜ਼ਾਦੇ ਨੂੰ ਵੀ ਸੱਦਣਾ ਸੀ। ਗੁਰਦਿਆਲ ਨੇ, ਨਿਰਮਲ ਸਿੰਘ ਤੇ ਇਕ ਸਿਆਣੇ ਸਥਾਨਕ ਬੰਦੇ ਨਾਲ ਰਲ, ਅਜਿਹਾ ਪ੍ਰਬੰਧ ਕਰਨਾ ਸੀ, ਜਿਸ ਸਦਕਾ ਹਜ਼ੂਰ ਸਿੰਘ ਦੇ ਹੱਕ ਦਾ ਇਕ-ਇਕ ਵੋਟ ਭੁਗਤ ਜਾਣਾ ਸੀ। ਹੋਰ ਵੀ ਸਭ ਕੁਝ ਤੈਅ ਹੋ ਗਿਆ। ਸਿਰਫ਼ ਕਮਰਾਂ ਕੱਸਣੀਆਂ ਰਹਿ ਗਈਆਂ ਸਨ।

## ਰੱਛਾ

ਜਿਹੜਾ ਸਿਆਣਾ ਸਥਾਨਕ ਬੰਦਾ ਗੁਰਦਿਆਲ ਦੇ ਨਾਲ ਲਾਇਆ ਗਿਆ, ਉਹ ਸਚੀ-ਮੁਚੀਂ ਹੀ ਸਿਆਣਾ ਸੀ। ਉੱਦਮੀ ਵੀ ਸੀ, ਫੁਰਤੀਲਾ ਵੀ ਸੀ ਤੇ ਜਾਣਕਾਰ ਵੀ। ਜਾਣਕਾਰੀ ਉਹਨੂੰ ਸਿਰਫ਼ ਆਪਣੇ ਹਲਕੇ ਦੀ ਹੀ ਨਹੀਂ ਸੀ। ਦੁਆਲੇ ਦੇ ਹਲਕਿਆਂ ਦੀ ਵੀ ਸੀ ਤੇ ਦੁਰਾਡੇ ਹਲਕਿਆਂ ਦੀ ਵੀ। ਵੈਸੇ ਵੀ ਉਹਨੂੰ ਚੋਣਾਂ ਦੀ ਚੰਗੀ ਸਮਝ ਸੀ। ਉਹ ਗੁਰਦਿਆਲ ਨਾਲ ਬੈਠਿਆ ਤੇ ਉਹਨੇ ਕੁਝ ਹੀ ਮਿੰਟਾਂ ’ਚ ਪੂਰਾ ਨਕਸ਼ਾ ਖਿੱਚ ਦਿਤਾ। ਪਹਿਲਾ ਫ਼ੈਸਲਾ ਇਹ ਹੋਇਆ ਕਿ ਦੁਪਹਿਰੋਂ ਬਾਅਦ ਸ਼ਹਿਰ ਦੇ ਆਪਣੇ ਵੱਡੇ-ਵੱਡੇ ਹਿਮਾਇਤੀਆਂ ਦਾ ਇਕੱਠ ਕੀਤਾ ਜਾਏ। ਉਸ ਵਿਚ ਸਮੁੱਚੇ ਸ਼ਹਿਰ ਨੂੰ ਵੱਖ-ਵੱਖ ਵੋਟ-ਕੇਂਦਰਾਂ ’ਚ ਵੰਡਿਆ ਜਾਵੇ ਤੇ ਅਜਿਹੇ ਹਰ ਕੇਂਦਰ ਦੀ ਇਕ ਕਮੇਟੀ ਬਣਾ ਦਿੱਤੀ ਜਾਏ। ਜਦੋਂ ਹਜ਼ੂਰ ਸਿੰਘ ਵੋਟਰਾਂ ਨੂੰ ਮਿਲਣ ਜਾਵੇ, ਇਸ ਕਮੇਟੀ ਦੇ ਬੰਦੇ ਉਹਦੇ ਨਾਲ ਹੋਣ। ਚੋਣ-ਸਮਿਗਰੀ ਵੀ ਇਹੋ ਕਮੇਟੀ ਵੰਡੇ। ਚੋਣ-ਪਰਚੀਆਂ ਵੀ ਇਹੋ। ਵੋਟ-ਕੇਂਦਰ ’ਚ ਉਮੀਦਵਾਰ ਦਾ ਏਜੰਟ ਵੀ ਏਸੇ ਕਮੇਟੀ ਦਾ ਹੋਵੇ ਤੇ ਉਹ ਸਮੇ-ਸਮੇਂ ਬਾਅਦ ਖ਼ਬਰ ਦੇਂਦਾ ਰਹੇ ਕਿ ਕਿਹੜਾ ਵੋਟਰ ਭੁਗਤ ਗਿਐ ਤੇ ਕਿਹੜੇ ਨੂੰ ਕੱਢ ਕੇ ਲਿਆਉਣ ਦੀ ਲੋੜ ਏ। ਏਸ ਇਕੱਠ ਪਿੱਛੋਂ ਏਸ ਤਰ੍ਹਾਂ ਦੇ ਇਕੱਠ ਹੋਰ ਥਾਵਾਂ ’ਤੇ ਵੀ ਕੀਤੇ ਜਾਣ।

ਏਸ ਬੰਦੇ ਦਾ ਨਾਂ ਰਛਪਾਲ ਸਿੰਘ ਸੀ। ਤੀਹ-ਪੈਂਤੀ ਵਰ੍ਹਿਆਂ ਦਾ ਹੋਵੇਗਾ। ਦੋ-ਚਾਰ ਜਮਾਤਾਂ ਕਾਲਿਜ ਦੀਆਂ ਵੀ ਕੀਤੀਆਂ ਹੋਣਗੀਆਂ। ਅੰਗ੍ਰੇਜ਼ੀ ਉਹਨੂੰ ਆਉਂਦੀ ਸੀ, ਭਾਵੇਂ ਆਪਣੇ ਕਹਿਣ ’ਚ ਉਹਨੂੰ ਉਹ ਨੇੜੇ ਨਹੀਂ ਸੀ ਲੱਗਣ ਦੇਂਦਾ। ਵੈਸੇ ਪੜ੍ਹਾਈ ਨਾਲੋਂ ਗੁੜ੍ਹਾਈ ਜ਼ਿਆਦਾ ਸੀ। ਤੇਜ਼ ਟੁਰਦਾ ਸੀ। ਤੇਜ਼ ਸੋਚਦਾ ਸੀ। ਤੇਜ਼ ਬੋਲਦਾ ਸੀ। ਮੱਠਾ ਉਹਦਾ ਕੁਝ ਨਹੀਂ ਸੀ। ਸਿਰ ’ਤੇ ਪੱਗ ਵੀ ਬੰਨ੍ਹ ਕੇ ਨਹੀਂ ਸੀ ਆਇਆ। ਕਹਿੰਦਾ ਸੀ, ਕੌਣ ਏਨਾ ਵਖ਼ਤ ਕਰੇ। ਉਹਨੇ ਪਟਕਾ ਵਲ੍ਹੇਟ ਰੱਖਿਆ ਸੀ।

‘ਸ. ਰਛਪਾਲ ਸਿੰਘ, ਹੁਣ ਅੱਗੇ ਚਲੀਏ,’ ਗੁਰਦਿਆਲ ਨੇ ਸੁਝਾਅ ਦਿੱਤਾ।

‘ਵੇਖੋ ਜੀ, ਏਡਾ ਲੰਮਾ ਨਾਂ ਨਾ ਲਵੋ ਮੇਰਾ’, ਉਹਨੇ ਟੋਕ ਦਿੱਤਾ, ‘ਸਿਰਫ਼ ਰੱਛਾ ਕਹੋ। ਪੂਰਾ ਨਾਂ ਲੈਂਦਿਆਂ ਤਾਂ ਗੱਡੀ ਨਿਕਲ ਜਾਂਦੀ ਏ।’

ਗੁਰਦਿਆਲ ਨੂੰ ਇੰਜ ਬੁਲਾਉਣਾ ਔਖਾ ਲੱਗਾ। ਉਸ ਆਖਿਆ,

'ਘਰ ਬੁਲਾਣ ਲਈ ਤਾ ਛੋਟਾ ਨਾਂ ਠੀਕ ਏ। ਪਰ ਬਾਹਰ ਲਈ ਠੀਕ ਨਹੀਂ ਲੱਗਦਾ।'

'ਕਿਉਂ ਜੀ, ਵੱਢਦੈ ਇਹ? ਅੰਦਰ ਬਾਹਰ, ਸਭ ਥਾਂ ਠੀਕ ਹੁੰਦੈ। ਪਛਾਣ ਬਣ ਜਾਂਦੈ ਬੰਦੇ ਦੀ,' ਰੱਛਾ ਫੱਰ-ਫੱਰ ਬੋਲੀ ਗਿਆ। 'ਏਥੋਂ ਨੇੜੇ ਦੇ ਹਲਕੇ 'ਚ ਰਾਸ਼ਟਰ ਦਲ ਵਲੋਂ ਇਕ ਬੀਬੀ ਖੜੀ ਏ, ਉਹਦਾ ਨਾਂ, ਪਤਾ ਜੇ, ਕੀ ਏ? ਬਬਲੀ! ਇਹ ਉਹਦਾ ਘਰ ਦਾ ਨਾਂ ਏ। ਇਹਨੂੰ ਉਹਨੇ ਆਪਣੇ ਨਾਂ ਨਾਲ ਜੋੜਿਆ ਹੋਇਐ। ਸਤਵੰਤ ਕੌਰ ਬਬਲੀ। ਸਾਰੇ ਹਲਕੇ 'ਚ ਬਬਲੀ! ਬਬਲੀ! ਹੋ ਰਹੀ ਏ। ਇਕ ਹੋਰ ਉਮੀਦਵਾਰ ਦਾ ਨਾਂ ਪਿੰਕੀ ਏ। ਦੱਸੋ ਭਲਾ, ਮਰਦ ਏ ਕਿ ਔਰਤ?'

ਗੁਰਦਿਆਲ ਮੁਸਕਰਾਇਆ। ਉਹਨੂੰ ਰੋਚਕ ਲੱਗ ਰਿਹਾ ਸੀ। ਉਸ ਜਵਾਬ ਦਿੱਤਾ :

'ਇਹਦਾ ਪਤਾ ਤਾਂ ਉਹਨੂੰ ਵੇਖ ਕੇ ਹੀ ਲੱਗੇਗਾ।'

'ਮਰਦ ਜੇ! ਸਵਰਨ ਸਿੰਘ ਪਿੰਕੀ', ਰੱਛੇ ਨੇ ਭੇਤ ਖੋਲ੍ਹ ਦਿੱਤਾ।

'ਮੈਨੂੰ ਤਾਂ ਇਹ ਹਾਸੇ ਵਾਲੀ ਗੱਲ ਲੱਗਦੀ ਏ।'

'ਮੈਨੂੰ ਨਹੀਂ ਜੇ ਲੱਗਦੀ', ਰੱਛਾ ਗੰਭੀਰ ਰਿਹਾ, 'ਮੈਂ ਪੰਜਾਬ ਦੇ ਉਮੀਦਵਾਰਾਂ ਦੇ ਨਾਂ ਪੜ੍ਹੇ ਨੇ। ਛੋਟੇ-ਛੋਟੇ ਨਾਵਾਂ ਵਾਲੇ ਬੜੇ ਨੇ। ਇਕ ਦਾ ਨਾਂ ਟੀਨੂ ਏ। ਇਕ ਦਾ ਅਸ਼ੂ। ਇਕ ਦਾ ਬੱਬੀ। ਇਕ ਹੋਰ ਦਾ ਚੰਨੀ। ਇਕ ਮੰਨਾ ਜੇ। ਇਕ ਬੋਣੀ। ਇਕ ਜਿੰਦੂ ਵੀ ਜੇ...'

ਗੁਰਦਿਆਲ ਦਾ ਹਾਸਾ ਨਿਕਲ ਪਿਆ।

'ਕਮਾਲ ਏ ਯਾਰ!' ਗੁਰਦਿਆਲ ਬੋਲਿਆ।' ਇਹਨਾਂ ਨੂੰ ਕੌਣ ਵੋਟ ਪਾਏਗਾ? ਬੱਚੇ ਬੱਚੀਆਂ ਲੱਗਦੇ ਨੇ ਇਹ।'

'ਸ. ਗੁਰਦਿਆਲ ਸਿੰਘ', ਰੱਛਾ ਬੋਲਿਆ। ਉਹਨੂੰ ਹਾਸਾ ਨਹੀਂ ਸੀ ਆਇਆ। 'ਇਹਨਾਂ ਨੂੰ ਸਗੋਂ ਜ਼ਿਆਦਾ ਵੋਟ ਪੈਣਗੇ।। ਵੇਖ ਲੈਣਾ ਤੁਸੀਂ। ਇਹ ਵੋਟਰਾਂ ਨੂੰ ਆਪਣੇ ਲੱਗਣਗੇ। ਆਪਣੇ ਘਰ ਦੇ। ਜਾਂ ਗਵਾਂਢ ਦੇ। ਜਾਂ ਆਪਣੇ ਸਕੂਲ ਦੇ ਪੜ੍ਹੇ ਹੋਏ। ਛੋਟੇ ਨਾਂ ਨਾਲ ਨੇੜਤਾ ਬਣ ਜਾਂਦੀ ਏ। ਏਸ ਤਰ੍ਹਾਂ ਦਾ ਨਾਂ ਮੂੰਹ 'ਤੇ ਚੜ੍ਹ ਜਾਂਦੈ।'

ਗੁਰਦਿਆਲ ਕਾਇਲ ਨਾ ਹੋਇਆ। ਉਹਨੇ ਸ਼ੁਗਲਣ ਪੁੱਛਿਆ,

'ਮੈਂ ਆਪਣਾ ਕੋਈ ਛੋਟਾ ਨਾਂ ਰੱਖਣਾ ਹੋਵੇ ਤਾਂ ਕੀ ਰੱਖਾਂ? ਮੇਰੇ ਘਰ ਵਾਲਿਆਂ ਨੇ ਕੋਈ ਨਹੀਂ ਸੀ ਰਖਿਆ।'

'ਤੁਹਾਡਾ ਛੋਟਾ ਨਾਂ *ਗੁਰੂ* ਹੋ ਸਕਦੈ।' ਰੱਛੇ ਨੂੰ ਉਸੇ ਦਮ ਅਹੁੜ ਪਿਆ। 'ਜੇ ਤੁਸੀਂ ਏਸ ਨਾਂ ਨਾਲ ਚੋਣਾਂ 'ਚ ਖੜੇ ਹੋਵੋ, ਤੁਹਾਡੀ ਬੱਲੇ-ਬੱਲੇ ਹੋ ਜਾਏ। ਲੋਕੀ ਤੁਹਾਨੂੰ ਮੱਥਾ ਟੇਕਣ, ਚੜ੍ਹਾਵੇ ਚੜ੍ਹਾਣ ਵੋਟਾਂ ਦੇ।'



ਮਾੜੀ ਜਿਹੀ ਮੁਸਕਰਾਹਟ ਨਾਲ ਗੁਰਦਿਆਲ ਦੇ ਬੁੱਲ੍ਹ ਅੱਡੇ ਗਏ। ਉਸ ਕਿਹਾ,

'ਠੀਕ ਏ, ਯਾਰ, ਜੇ ਕਦੀ ਖੜ੍ਹਾ ਹੋਇਆ ਤਾਂ ਨਾਂ ਨਾਲ ਗੁਰੂ ਜ਼ਰੂਰ ਜੋੜਾਂਗਾ। ਇਹ ਦੱਸ ਆਪਣੇ ਹਜ਼ੂਰ ਸਿੰਘ ਦਾ ਛੋਟਾ ਨਾਂ ਕੀ ਹੋਵੇ?

'ਉਹ ਤਾਂ ਗੱਡੀ ਲੰਘ ਗਈ ਏ ਜੀ। ਏਸ ਚੋਣ ਲਈ ਤਾਂ ਨਹੀਂ ਰਖਿਆ ਜਾ ਸਕਦਾ...'

'ਫੇਰ ਵੀ, ਕਿਸੇ ਅਗਲੀ ਚੋਣ ਲਈ ਹੀ ਸਹੀ।'

ਰੱਛੇ ਨੇ ਕੁਝ ਸੋਚਿਆ।

'ਸ. ਹਜ਼ੂਰ ਸਿੰਘ ਦਾ ਨਾਂ ਕੋਈ ਗੁੰਜਾਇਸ਼ ਨਹੀਂ ਛੱਡਦਾ। ਉਹਨਾਂ ਦੇ ਨਾਂ ਨਾਲ ਕੋਈ ਤਖ਼ੱਲੁਸ ਜੋੜਨਾ ਪਏਗਾ। ਉਹਨਾਂ ਦੀ ਸਲਾਹ ਨਾਲ ਹੀ ਜੋੜਾਂਗੇ।'

ਗੁਰਦਿਆਲ ਫੇਰ ਮੁੱਖ ਵਿਸ਼ੇ ਵਲ ਮੁੜਿਆ। ਉਹਨੇ ਉਸ ਜਲਸੇ ਦੀ ਗੱਲ ਛੋਹੀ, ਜਿਹੜਾ ਪਰਚਾਰ ਦੇ ਆਖ਼ਰੀ ਦਿਨ ਹੋਣਾ ਸੀ।

'ਇਹ ਜਲਸਾ ਸ਼ਾਮ ਨੂੰ ਹੋਏਗਾ। ਪਾਰਸ ਤੇ ਸਾਹਿਬਜ਼ਾਦਾ ਵੀ ਪਹੁੰਚਣਗੇ। ਜਲਸਾ ਵੇਖ ਕੇ ਲੱਗੇ ਕਿ ਲੋਕਾਂ ਦਾ ਹੜ੍ਹ ਆਇਆ ਹੋਇਐ। ਹਰ ਥਾਂ ਕੇਸਰ ਹੀ ਕੇਸਰ ਡੁਲ੍ਹਿਆ ਲੱਗੇ। ਮੰਨ ਜਾਏ ਹਰ ਕੋਈ ਵੇਖ ਕੇ...'

ਰੱਛੇ ਨੇ ਫਟਾਫਟ ਚਿਤਾਰ ਲਿਆ ਤੇ ਪੂਰੀ ਸਕੀਮ ਬਣਾ ਦਿੱਤੀ। ਕਹਿਣ ਲੱਗਾ,

'ਇਹ ਜਲਸਾ ਵੱਡੀ ਸੜਕ ਕੋਲ ਹੋਵੇ। ਜਿਹੜੇ ਸਾਡੇ ਕੋਲ ਟਰੱਕ ਨੇ ਤੇ ਟੈਮਪੋ, ਉਹ ਸੜਕ 'ਤੇ ਏਸ ਤਰ੍ਹਾਂ ਖੜੇ ਕਰ ਦਿੱਤੇ ਜਾਣ ਕਿ ਸੜਕ ਰੁਕ ਜਾਏ। ਜੈਮ ਪੈ ਜਾਵੇ। ਸ਼ਹਿਰ ਦੀਆਂ ਰੇੜ੍ਹੀਆਂ, ਰਿਕਸ਼ੇ ਵੀ ਉੱਧਰ ਹੀ ਧੱਕੇ ਲਿਆਂਦੇ ਜਾਣ। ਇਕ ਕਿਲੋਮੀਟਰ ਦੇ ਘੇਰੇ 'ਚ ਜਿੰਨੇ ਵੀ ਦਰੱਖਤ ਨੇ, ਉਹਨਾਂ ਉੱਤੇ ਕੇਸਰੀ ਝੰਡੇ ਝੁਲਾ ਦਿੱਤੇ ਜਾਣ। ਬੜੀ ਉੱਚੀ ਸਟੇਜ ਰੱਖੀ ਜਾਏ, ਜਿਸ ਤੋਂ ਦੂਰ-ਦੂਰ ਤਕ ਦਿੱਸੇ। ਲਾਊਡ ਸਪੀਕਰ ਉਚੇ ਰੱਖੇ ਜਾਣ। ਫੇਰ ਵੇਖਣਾ ਨਜ਼ਾਰਾ ਤੁਸੀਂ...'

'ਰੱਛੇ, ਏਸ ਤਰ੍ਹਾਂ ਦੀ ਭੀੜ 'ਚ ਸਾਡੇ ਲੀਡਰ ਸਟੇਜ ਤਕ ਨਹੀਂ ਪਹੁੰਚ ਸਕਣਗੇ।'

'ਕਿਉਂ ਭਲਾ? ਉਹਦਾ ਅਸੀਂ ਪ੍ਰਬੰਧ ਕਰਕੇ ਰੱਖਾਂਗੇ। ਦੋਵਾਂ ਪਾਸੇ ਟਰੱਕ ਖੜੇ ਕਰਕੇ ਵਿਚੋਂ ਏਡਾ ਕੁ ਲਾਂਘਾ ਬਣਾ ਕੇ ਰੱਖਾਂਗੇ, ਜਿਸ ਵਿਚੋਂ ਕਾਰ ਲੰਘ ਸਕਦੀ ਹੋਵੇ। ਲਾਂਘਾ ਤੋੜ ਸਟੇਜ ਤਕ ਜਾਏ।'

ਰੱਛੇ ਕੋਲ ਹਰ ਸਮੱਸਿਆ ਦਾ ਹੱਲ ਸੀ। ਗੁਰਦਿਆਲ 'ਤੇ ਅਖ਼ੀਰ ਰੁਅਬ ਪੈ ਗਿਆ। ਉਹਨੇ ਪੁੱਛਿਆ,

'ਰੱਛੇ, ਤੂੰ ਪਹਿਲੋਂ ਕਦੀ ਕੋਈ ਚੋਣ ਲੜੀ ਏ?'

'ਨਹੀਂ ਜੀ, ਇਹ ਮੇਰੀ ਪਹਿਲੀ ਚੋਣ ਏ। ਚੋਣਾਂ ਬਾਰੇ ਸੋਚਦਾ ਮੈਂ ਜ਼ਰੂਰ ਰਿਹਾ ਹਾਂ। ਅਖ਼ੀਰ ਮੈਂ ਵੀ ਸਿਆਸਤ 'ਚ ਹੀ ਪੈਣਾ ਏਂ।'

'ਕਿਹੜੀ ਪਾਰਟੀ 'ਚ ਜਾਏਂਗਾ?'

'ਜਿਹੜੀ ਮੈਨੂੰ ਠੀਕ ਥਾਂ ਦੇਵੇ,' ਉਸ ਤੁਰੰਤ ਜਵਾਬ ਦਿੱਤਾ।

'ਫ਼ੈਸਲਾ ਥਾਂ ਨਾਲ ਕਰੇਂਗਾ ਕਿ ਪਾਰਟੀ ਦੀ ਸਿਆਸਤ ਨਾਲ?'

'ਅੱਜਕਲ, ਸ. ਗੁਰਦਿਆਲ ਸਿੰਘ, ਇਹਦਾ ਫ਼ੈਸਲਾ ਥਾਂ ਨਾਲ ਹੁੰਦੈ, ਸਿਆਸਤ ਨਾਲ ਨਹੀਂ। ਸਿਆਸਤ ਨਾਲ ਫ਼ੈਸਲਾ ਸਾਡੇ ਵੱਡੇ ਕਰਦੇ ਹੁੰਦੇ ਸਨ।'

ਦਿਆਲ ਨੂੰ ਰੱਛਾ ਬੜਾ ਪਹੁੰਚਿਆ ਹੋਇਆ ਲੱਗਾ। ਉਹਦੀ ਦਿਲਚਸਪੀ ਵਧੀ। ਉਹਨੇ ਪੁੱਛਿਆ,

'ਰੱਛੇ, ਹਜ਼ੂਰ ਸਿੰਘ ਨਾਲ ਤੇਰੀ ਕੋਈ ਰਿਸ਼ਤੇਦਾਰੀ ਏ?'

'ਕਿਉਂ?' ਉਹਨੇ ਹੈਰਾਨੀ ਨਾਲ ਪੁੱਛਿਆ।

'ਤੂੰ ਜੁ ਉਹਦੇ ਲਈ ਏਨਾ ਜ਼ੋਰ ਲਾ ਰਿਹੈਂ।'

'ਰਿਸ਼ਤੇਦਾਰੀ ਹੀ ਸਮਝ ਲਵੋ। ਖ਼ੂਨ ਦੀ ਨਹੀਂ, ਮਤਲਬ ਦੀ। ਇਹ ਸਗੋਂ ਜ਼ਿਆਦਾ ਪੱਕੀ ਹੁੰਦੀ ਜੇ। ਹਜ਼ੂਰ ਸਿੰਘ ਹੁਰਾਂ ਮੈਨੂੰ ਕਿਹੈ, ਜੇ ਮੈਂ ਮਨਿੱਸਟਰ ਬਣ ਗਿਆ, ਤੇਰੀ ਝੋਲੀ ਭਰ ਦਿਆਂਗਾ।'

'ਜੇ ਉਹ ਨਾ ਬਣੇ ਤਾਂ?'

'ਫੇਰ ਵੀ ਉਹ ਕੁਝ ਨਾ ਕੁਝ ਤਾਂ ਬਣਨਗੇ ਹੀ। ਕਦੀ ਨਾ ਕਦੀ। ਸ. ਗੁਰਦਿਆਲ ਸਿੰਘ, ਮੈਨੂੰ ਬੰਦਿਆਂ ਦੀ ਸਮਝ ਏ। ਹਜ਼ੂਰ ਸਿੰਘ ਹੋਰੀਂ ਪੌੜੀਆਂ ਚੜ੍ਹਨ ਵਾਲੇ ਬੰਦੇ ਨੇ। ਉਹ ਜ਼ਰੂਰ ਕਿਸੇ ਨਾ ਕਿਸੇ ਥਾਂ ਪਹੁੰਚਣਗੇ। ਮੇਰਾ ਹੁਧਾਰ ਲਾਹ ਦੇਣਗੇ ਓਦੋਂ।'

ਰੱਛੇ ਨੂੰ ਨਾ ਤੌਖ਼ਲਾ ਸੀ, ਨਾ ਚਿੰਤਾ। ਸੁਭਾ ਦੀ ਬੇਸਬਰੀ ਨਾਲ ਉਹਦਾ ਸਬਰ ਖ਼ਤਮ ਨਹੀਂ ਸੀ ਹੋਇਆ।

'ਹਜ਼ੂਰ ਸਿੰਘ ਨਾਲ ਤੇਰੀ ਕੋਈ ਵਿਸ਼ਵਾਸਾਂ ਦੀ ਸਾਂਝ ਏ?' ਗੁਰਦਿਆਲ ਨੇ ਪੁੱਛਿਆ।

'ਸ. ਗੁਰਦਿਆਲ ਸਿੰਘ, ਅੱਜਕਲ੍ਹ ਕੌਣ ਪੁੱਛਦੈ ਵਿਸ਼ਵਾਸਾਂ ਦੀ ਸਾਂਝ ਨੂੰ। ਮਤਲਬ ਦੀ ਸਾਂਝ ਹੋਣੀ ਚਾਹੀਦੀ ਏ। ਉਹ ਹੈ।'

ਗੁਰਦਿਆਲ ਨੂੰ ਲੱਗਾ, ਰੱਛਾ ਇਹ ਮੰਨ ਕੇ ਚੱਲ ਰਿਹਾ ਸੀ ਕਿ ਸੀਟ ਅਸੀਂ ਜਿੱਤ ਲੈਣੀ ਏ। ਉਹਨੂੰ ਆਪ ਏਡਾ ਪੱਕ ਨਹੀਂ ਸੀ। ਉਹਨੇ ਪੁੱਛਿਆ,

'ਕੀ ਖ਼ਿਆਲ ਈ, ਇਹ ਸੀਟ ਅਸੀਂ ਜਿੱਤ ਲਾਂਗੇ?'

'ਸੌ ਫ਼ੀ ਸਦੀ!'

'ਆਪ ਹਜ਼ੂਰ ਸਿੰਘ ਨੂੰ ਏਡਾ ਯਕੀਨ ਨਹੀਂ। ਉਹ ਕਹਿੰਦੈ ਜੇ ਇਹ ਸੀਟ ਦਲ ਨੇ ਛੇ ਮਹੀਨੇ ਪਹਿਲੋਂ ਮੇਰੇ ਨਾਂ ਲਾਈ ਹੁੰਦੀ ਤਾਂ ਹੁਣ ਤਕ ਮੈਂ ਇਹਨੂੰ ਆਪਣਾ ਬਣਾ ਲਿਆ ਹੁੰਦਾ।'

'ਠੀਕ ਕਹਿੰਦੇ ਨੇ ਉਹ', ਰੱਛਾ ਇਕਦਮ ਸਹਿਮਤ ਹੋ ਗਿਆ। 'ਮੇਰੀ ਖੋਜ ਇਹ ਆਖਦੀ ਜੇ ਕਿ ਦਲ ਨੇ ਸੱਤਰ ਹਲਕਿਆਂ ਦੇ ਉਮੀਦਵਾਰ ਪਹਿਲੋਂ ਹੀ ਮਿੱਥ ਲਏ ਸਨ ਤੇ ਅੰਦਰਖਾਨੇ ਉਹਨਾਂ ਨੂੰ ਕਹਿ ਦਿੱਤਾ ਸੀ ਕਿ ਹੁਣ ਤੋਂ ਹੀ ਲੋਕਾਂ ਦੀ ਸੇਵਾ 'ਚ ਲੱਗ ਜਾਉ। ਉਹਨਾਂ ਦੇ ਕੰਮ ਕਰਾਉ। ਸ਼ਿਕਾਇਤਾਂ ਰਫ਼ਾ ਕਰਵਾਉ ਉਹਨਾਂ ਦੀਆਂ। ਕਿਤੇ ਕੋਈ ਬਣਵਾਣ ਦੀ ਲੋੜ ਹੋਏ, ਬਣਵਾਉ। ਮੁਰੰਮਤਾਂ ਕਰਵਾਉ। ਪੈਸਾ ਜਿੰਨਾ ਚਾਹੀਦਾ ਹੋਏਗਾ, ਮਿਲੇਗਾ। ਜੇ ਇਹੋ ਕੁਝ ਹਜ਼ੂਰ ਸਿੰਘ ਹੋਰਾਂ ਨੂੰ ਵੀ ਕਹਿ ਦਿੱਤਾ ਗਿਆ ਹੁੰਦਾ, ਉਹ ਹਲਕੇ ਦੀ ਇੱਟ ਨਾਲ ਇੱਟ ਵਜਾ ਦੇਂਦੇ। ਪੱਧਰਾ ਕਰ ਦੇਂਦੇ ਸਭ ਕੁਝ। ਤੁਹਾਨੂੰ ਦਿੱਲੀਉਂ ਸੱਦਣ ਦੀ ਲੋੜ ਨਾ ਪੈਂਦੀ। ਨਾ ਹੀ ਮੇਰੇ ਨਾਲ ਹੁਧਾਰ ਕਰਨਾ ਪੈਂਦਾ।'



'ਰੱਛੇ, ਕਾਰਨ ਇਹ ਹੋ ਸਕਦੈ ਕਿ ਦਲ ਨੂੰ ਇਹ ਸੀਟ ਔਖੀ ਲੱਗਦੀ ਸੀ। ਜਿੱਤੀ ਨਾ ਜਾ ਸਕਣ ਵਾਲੀ।'

'ਠੀਕ ਏ ਇਹ ਵੀ। ਏਸ ਲਈ ਤਾਂ ਉਹਨੇ ਇਹ ਸੀਟ ਹਜ਼ੂਰ ਸਿੰਘ ਹੋਰਾਂ ਨੂੰ ਅਖ਼ੀਰ 'ਚ ਥਮਾ ਦਿੱਤੀ ਏ। ਹਜ਼ੂਰ ਸਿੰਘ ਹੁਰੀਂ ਮੁੱਢੋਂ ਦਲ ਦੇ ਬੰਦੇ ਨਹੀਂ। ਉਹਨਾਂ ਦੀ ਆਪਣੀ ਪਾਰਟੀ ਏ। ਜੇ ਹੁਣ ਵੀ ਉਹਨਾਂ ਇਹ ਸੀਟ ਜਿੱਤ ਲਈ ਤਾਂ ਉਹਨਾਂ ਦੀ ਧਾਕ ਬਹਿ ਜਾਏਗੀ। ਫੇਰ ਮਨਿੱਸਟਰੀ ਉਹਨਾਂ ਦੀ ਖਰੀ। ਸ. ਗੁਰਦਿਆਲ ਸਿੰਘ, ਤੁਸੀਂ ਖ਼ਾਤਿਰ ਜਮ੍ਹਾਂ ਰੱਖੋ। ਅਸੀਂ ਏਥੇ ਪਾਸਾ ਪਰਤ ਦਿਆਂਗੇ।'

'ਇਹ ਤਾਂ, ਭਾਈ, ਤਾਂ ਹੀ ਹੋ ਸਕਦੈ, ਜੇ ਲੋਕ ਸਾਡੀਆਂ ਪਾਲਸੀਆਂ ਨੂੰ ਮੰਨਣ।'

ਰੱਛੇ ਨੇ ਨੱਕ ਸਕੋੜਿਆ।

'ਛੱਡੋ ਜੀ ਪਾਲਸੀਆਂ ਨੂੰ!' ਉਹਨੇ ਕਿਹਾ। 'ਅੱਜਕਲ੍ਹ ਕਿਹੜੀਆਂ ਪਾਲਸੀਆਂ ਰਹਿ ਗਈਆਂ ਨੇ। ਬਿਜਲੀ, ਪਾਣੀ, ਸੜਕ ਦੀ ਗੱਲ ਸਾਰੇ ਹੀ ਕਰਦੇ ਨੇ। ਅਸੀਂ ਵੀ ਕਰਾਂਗੇ। ਅਸੀਂ ਸੜਕ ਦੋਹਰੀ, ਚੌਹਰੀ ਕਰ ਦਿਆਂਗੇ। ਬਿਜਲੀ ਸਸਤੀ ਦੇ ਦਿਆਂਗੇ ਜਾਂ ਮੁਫ਼ਤ। ਹੁਣ ਤਾਂ, ਸਰਦਾਰ ਗੁਰਦਿਆਲ ਸਿੰਘ, ਸਾਡੇ ਤੇ ਰਾਸ਼ਟਰਵਾਦੀਆਂ 'ਚ ਇਕੋ ਫ਼ਰਕ ਰਹਿ ਗਿਐ। ਅਸੀਂ ਦਾੜ੍ਹੀਆਂ ਖੋਲ੍ਹ ਕੇ ਰਖਦੇ ਹਾਂ ਤੇ ਉਹ ਬੰਨ੍ਹ ਕੇ। ਦਾੜ੍ਹੀ, ਵੇਖੋ, ਹਜ਼ੂਰ ਸਿੰਘ ਹੋਰਾਂ ਵੀ ਖੋਲ੍ਹ ਲਈ ਏ। ਤੁਸੀਂ ਭਾਵੇਂ ਅਜੇ ਨਹੀਂ ਖੋਲ੍ਹੀ। ਪਰ ਮੈਨੂੰ ਨਹੀਂ ਲੱਗਦਾ, ਇਹ ਫ਼ਰਕ ਵੀ ਰਹਿ ਜਾਏਗਾ। ਸਾਡੇ ਸਾਹਿਬਜ਼ਾਦਾ ਸਾਹਿਬ ਦਾੜ੍ਹੀ ਬੰਨ੍ਹ ਕੇ ਰਖਦੇ ਨੇ। ਦਲ 'ਚ ਕਿਸੇ ਨੇ ਕੋਈ ਕਿੰਤੂ ਨਹੀਂ ਕੀਤਾ।'

ਗੁਰਦਿਆਲ ਮੰਨ ਗਿਆ। ਰੱਛਾ ਬਰੀਕਬੀਣ ਸੀ। ਅੱਜ ਦੀ ਸਿਆਸਤ ਦੇ ਨਕਸ਼ ਪਛਾਣਦਾ ਸੀ। ਠੀਕ ਨਤੀਜੇ ਕੱਢਦਾ ਸੀ। ਗੁਰਦਿਆਲ ਦਾ ਵਿਸ਼ਵਾਸ ਵਧਿਆ। ਉਹਨੂੰ ਲੱਗਾ, ਰੱਛਾ ਹਜ਼ੂਰ ਸਿੰਘ ਦੀ ਬੇੜੀ ਪਾਰ ਕਰਨ 'ਚ ਸਹਾਈ ਹੋਏਗਾ।

ਰੱਛੇ ਨੂੰ ਕਾਹਲ ਪਈ। ਉਹ ਉੱਠ ਖਲੋਤਾ ਤੇ ਪੁੱਛਣ ਲੱਗਾ,

'ਹੋਰ ਕੋਈ ਗੱਲ ਜੀ?'

'ਗੱਲਾਂ ਤੇ ਬੜੀਆਂ ਨੇ...'

'ਹੁੰਦੀਆਂ ਰਹਿਣਗੀਆਂ ਜੀ। ਅਜੇ ਤਾਂ ਜਾ ਕੇ ਦੁਪਹਿਰੋਂ ਬਾਅਦ ਦੇ ਇਕੱਠ ਲਈ ਸੱਦੇ ਦੇਣੇ ਨੇ। ਕਈਆਂ ਨੂੰ ਫੜਨੈਂ ਜਾ ਕੇ। ਆਗਿਆ ਦਿਉ।'

ਰੱਛੇ ਨੇ ਮਾੜੇ ਜਿਹੇ ਹੱਥ ਜੋੜੇ ਤੇ ਬਾਹਰ ਨੂੰ ਹੋ ਪਿਆ।

#

ਗੁਰਦਿਆਲ ਨੇ ਮੇਜ਼ 'ਤੇ ਪਿਆ ਹਜ਼ੂਰ ਸਿੰਘ ਦਾ *ਬਰੋਸ਼ਰ* ਚੁੱਕਿਆ। ਕਾਫ਼ੀ ਵੰਡਿਆ ਜਾ ਚੁੱਕਾ ਸੀ। ਉਤੇ ਹਜ਼ੂਰ ਸਿੰਘ ਦੀ ਤਸਵੀਰ ਸੀ। ਬੜਾ ਵਿਚਾਰਾ ਜਿਹਾ ਲੱਗਦਾ ਸੀ। ਮਸਕੀਨ ਤੇ ਮਾੜਚੂ। ਜਾਪਦਾ ਸੀ, ਕਿਸੇ ਮੁਸੀਬਤ 'ਚ ਫਸਿਆ ਹੋਇਐ। ਵੇਖ ਕੇ ਤਰਸ ਆਉਂਦਾ ਸੀ ਤੇ ਹਮਦਰਦੀ ਜਾਗਦੀ ਸੀ। ਜੀਅ ਕਰਦਾ ਸੀ, ਉਹਦਾ ਕੁਝ ਕੀਤਾ ਜਾਏ।

ਗੁਰਦਿਆਲ *ਬਰੋਸ਼ਰ* ਨੂੰ ਅੰਦਰੋਂ ਪੜ੍ਹਨ ਲੱਗਾ। ਪੂਰੀ ਜੀਵਨੀ ਸੀ ਹਜ਼ੂਰ ਸਿੰਘ ਦੀ। ਐਮ.ਏ. ਪਾਸ ਸੀ। ਕਦੀ ਕੋਈ ਨੌਕਰੀ ਨਹੀਂ ਸੀ ਕੀਤੀ। ਨਾ ਸਰਕਾਰੀ ਤੇ ਨਾ ਪ੍ਰਾਈਵੇਟ। ਕੋਈ ਵਣਜ-ਵਿਹਾਰ ਵੀ ਨਹੀਂ ਸੀ ਕੀਤਾ ਕਦੀ। ਸਿਰਫ਼ ਸੇਵਾ ਕੀਤੀ ਸੀ। ਲੱਗਦਾ ਸੀ, ਉਹ ਜੰਮਿਆ ਹੀ ਸੇਵਾ ਲਈ ਸੀ ਤੇ ਸੇਵਾ ਨਾਲ ਹੀ ਉਹਦੇ ਸਵਾਸ ਚੱਲ ਰਹੇ ਸਨ। ਉਹਨੇ ਜ਼ਿਆਦਾ ਕੰਮ ਸਿਹਤ ਤੇ ਵਿਦਿਆ ਦੇ ਖੇਤਰ 'ਚ ਕੀਤਾ ਸੀ। ਅੱਜਕਲ੍ਹ ਉਹਨੇ ਨਸ਼ਾ ਛੁਡਾਉਣ ਦੀ ਮੁਹਿੰਮ ਆਰੰਭੀ ਹੋਈ ਸੀ।

ਗੁਰਦਿਆਲ ਅਗਲੇ ਸਫ਼ੇ 'ਤੇ ਗਿਆ। ਏਥੇ ਹਜ਼ੂਰ ਸਿੰਘ ਦੀ ਸਿਆਸੀ ਕਾਰਗੁਜ਼ਾਰੀ ਦਾ ਵੇਰਵਾ ਸੀ। ਉਹ ਸਾਰੀਆਂ ਪਾਰਟੀਆਂ 'ਚ ਰਹਿ ਚੁੱਕਾ ਸੀ। ਕਮਿਊਨਿਸਟਾਂ ਦੇ ਨੇੜੇ ਵੀ ਰਿਹਾ ਸੀ। ਆਮ ਕਮਿਊਨਿਸਟਾਂ ਦੇ ਨਹੀਂ, ਉਹਨਾਂ ਦੇ ਆਗੂਆਂ ਦੇ। ਖ਼ਾਸ ਕਰਕੇ ਉਹਨਾਂ ਦੇ ਮੁੱਖ ਸਕੱਤਰ ਦੇ, ਜਿਹਦਾ ਬੜਾ ਅਸਰ ਰਸੂਖ ਸੀ। ਉਹਨੇ ਉਹਨੂੰ ਇਕ ਵਾਰੀ ਪੰਜਾਬ 'ਚ ਵਜ਼ੀਰੀ ਵੀ ਲੈ ਦਿਤੀ ਸੀ। ਕੇਸਰੀ ਦਲ 'ਚ ਆਉਣ ਤੋਂ ਪਹਿਲਾਂ ਉਹਨੇ ਆਪਣੀ ਪਾਰਟੀ ਬਣਾ ਰੱਖੀ ਸੀ।

ਉਹਨੇ ਅਗਲਾ ਸਫ਼ਾ ਉਥੱਲਿਆ ਹੀ ਸੀ ਕਿ ਹਜ਼ੂਰ ਸਿੰਘ ਆ ਪਹੁੰਚਿਆ। ਉਹਦੇ ਹੱਥ *ਬਰੋਸ਼ਰ* ਵੇਖ ਉਹਨੇ ਪੁੱਛਿਆ,

'ਕੈਸਾ ਲੱਗਾ ਈ?'

'ਬੜਾ ਵਧੀਐ। ਜਿਨ੍ਹੇ ਇਹਨੂੰ ਪੜ੍ਹ ਲਿਆ, ਉਹ ਵੋਟ ਤੈਨੂੰ ਹੀ ਪਾਏਗਾ। ਲੋਕ-ਸੇਵਾ ਦਾ ਤੇਰੇ ਜਿਹਾ ਰਿਕਾਰਡ ਕਿਸੇ ਹੋਰ ਦਾ ਨਹੀਂ ਹੋ ਸਕਦਾ। ਵੈਸੇ ਲੰਮਾ ਏ ਕੁਝ।'

'ਲੰਮਾ ਹੋ ਗਿਐ। ਮੈਂ ਜਿਹੜੀ ਪਹਿਲੋਂ ਚੋਣ ਲੜੀ ਸੀ, ਉਹਦੇ *ਬਰੋਸ਼ਰ* 'ਚ ਮੈਂ ਇਕ-ਅੱਧ ਸਫ਼ਾ ਹੋਰ ਪਾ ਦਿਤੈ। ਤੂੰ ਸੇਵਾ ਦੀ ਗੱਲ ਕੀਤੀ ਏ। ਦਿਆਲ, ਵੋਟ ਸੇਵਾ ਨੂੰ ਨਹੀਂ ਪੈਂਦਾ। ਜੇ ਸੇਵਾ ਨੂੰ ਪੈਂਦਾ ਹੁੰਦਾ ਤਾਂ ਹੁਣ ਤਕ ਪੰਜਾਬ 'ਚ ਕਮਿਊਨਿਸਟਾਂ ਦੀਆਂ ਕਈ ਵਜ਼ਾਰਤਾਂ ਬਣ ਚੁੱਕੀਆਂ ਹੁੰਦੀਆਂ।'



'ਫੇਰ ਕਿਉਂ ਬਣਾਇਆ ਹੀ ਇਹ? ਐਵੇਂ ਵਾਧੂ ਖ਼ਰਚ।'

'ਬੱਸ ਬਣ ਗਿਐ। ਬਹੁਤਾ ਸੋਚਿਆ ਨਹੀਂ ਸੀ। ਕੁਝ ਤਾਂ ਵੋਟ ਮਿਲਣਗੇ ਇਹਦੇ ਨਾਲ ਵੀ...ਹੱਛਾ ਇਹ ਦੱਸ, ਰੱਛੇ ਨਾਲ ਗੱਲ ਹੋ ਗਈ ਆ।'

'ਹਾਂ। ਬੜੀ ਸ਼ਾਤਿਰ ਚੀਜ਼ ਏ।'

'ਪੁੱਛ ਨਾ! ਪੇਸ਼ਾਵਰ ਬੰਦੈ। ਆਪਣਾ ਕੰਮ ਜਾਣਦੈ। ਬੜਾ ਤਜਰਬਾ ਏ ਉਹਨੂੰ।'

'ਹੱਛਾ, ਉਹ ਤਾਂ ਕਹਿੰਦਾ ਸੀ, ਇਹ ਉਹਦੀ ਪਹਿਲੀ ਚੋਣ ਏ,' ਗੁਰਦਿਆਲ ਨੂੰ ਹੈਰਾਨੀ ਹੋਈ।

'ਬਕਵਾਸ ਕਰਦੈ। ਬੜੀਆਂ ਚੋਣਾਂ ਲੜਾ ਬੈਠੈ। ਹਰ ਤਰ੍ਹਾਂ ਦੀਆਂ। ਏਥੋਂ ਤਕ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ। ਪੂਰਾ *ਪ੍ਰੋਫ਼ੈਸ਼ਨਲ* ਏ। ਜੋ ਵੀ ਕੰਮ ਫੜਦੈ, ਪੂਰੀ ਲੱਗਨ ਨਾਲ ਕਰਦੈ। ਪਿਛਲੀਆਂ ਚੋਣਾਂ 'ਚ ਉਹਨੇ ਰਾਸ਼ਟਰ ਦਲ ਦੇ ਉਮੀਦਵਾਰ ਨਾਲ ਕੰਮ ਕੀਤਾ ਸੀ। ਜਿਤਾ ਦਿੱਤਾ ਸੀ ਉਹਨੂੰ।'

'ਹੱਛਾ! ਮੁਫ਼ਤ ਕੰਮ ਕਰਦੈ? ਲੋਕ ਸੇਵਕ ਏ ਸਾਡੇ ਤੁਹਾਡੇ ਵਰਗਾ? ਕਹਿੰਦਾ ਸੀ, ਜਦੋਂ ਤੂੰ ਮੰਤਰੀ ਬਣੇਂਗਾ, ਉਹਦੀ ਝੋਲੀ ਭਰ ਦੇਵੇਂਗਾ। ਹੋਰ ਉਹਨੇ ਕੁਝ ਨਹੀਂ ਲੈਣਾ-ਦੇਣਾ।'

'ਬਕਵਾਸ ਕਰਦੈ। ਕੰਮ ਉਹ ਪੈਸੇ ਲੈ ਕੇ ਕਰਦੈ। ਪੈਸੇ ਵੀ ਤਗੜੇ ਲੈਂਦੈ। ਹੌਲਾ ਕਰ ਜਾਂਦੈ ਬੰਦੇ ਨੂੰ।'

'ਤੂੰ ਕਿੰਨੇ ਦੇ ਰਿਹੈਂ?'

'ਪੰਜ ਲੱਖ।'

'ਏਨੇ! ਹੱਦ ਕਰ ਦਿੱਤੀ ਆ। ਕਿੱਥੋਂ ਕੱਢੇਂਗਾ ਏਨੇ?'

'ਜਿਹੜੇ ਪਾਰਟੀ ਨੇ ਦਿੱਤੇ ਨੇ, ਇਹਨੂੰ ਦੇ ਦਿਆਂਗਾ। ਕਹਿੰਦਾ ਸੀ, ਚਾਰ ਸੌ ਬੰਦੇ ਲਾਵਾਂਗਾ। ਉਹਨਾਂ ਦਾ ਟੋਰਾ-ਫੇਰਾ, ਖਾਣਾ-ਪੀਣਾ, ਸੌਣਾ-ਰਹਿਣਾ ਸਭ ਵਿੱਚੇ।'

'ਹਜ਼ੂਰੇ, ਸੌਦਾ ਫੇਰ ਵੀ ਮਹਿੰਗੈ', ਗੁਰਦਿਆਲ ਨੇ ਅੰਦਰ ਹੀ ਅੰਦਰ ਜੋਖ ਲਿਆ।

'ਨਹੀਂ, ਦਿਆਲ, ਮਹਿੰਗਾ ਨਹੀਂ। ਜੇ ਅਸੀਂ ਇਹ ਕੰਮ ਆਪ ਕਰੀਏ ਤਾਂ ਸਾਡਾ ਇਸ ਤੋਂ ਜ਼ਿਆਦਾ ਖ਼ਰਚ ਹੋਵੇ। ਜਦੋਂ ਤੈਅ ਹੋਇਆ ਸੀ, ਮੈਂ ਉਹਨੂੰ ਕਿਹਾ ਸੀ ਕਿ ਭਾਈ ਕੁਝ ਤਰਸ ਕਰ। ਮੈਂ ਗਰੀਬ ਆਦਮੀ ਹਾਂ। ਅੱਗੋਂ ਤੈਸ਼ 'ਚ ਆ ਕੇ ਬੋਲਿਆ ਸੀ ਕਿ ਜੇ ਗਰੀਬ ਹੋ ਤਾਂ ਏਸ ਕੁੱਤੇ ਕੰਮ 'ਚ

ਕਿਉਂ ਪਏ ਹੋ? ਗਰੀਬ ਅਲੈਕਸ਼ਨਾਂ ਨਹੀਂ ਲੜਦੇ। ਕਹਿਣ ਲੱਗਾ, ਸ. ਹਜ਼ੂਰ ਸਿੰਘ, ਅਸੰਬਲੀ ਦੀ ਚੋਣ 'ਤੇ ਘਟੋ-ਘਟ ਡੇਢ ਕਰੋੜ ਲਗਦੈ ਤੇ ਪਾਰਲੀਮੈਂਟ ਦੀ ਚੋਣ 'ਤੇ ਪੰਜ ਕਰੋੜ। ਜਿਨ੍ਹਾਂ ਕੋਲ ਏਡੀ ਰਕਮ ਦਾ ਬੰਦੋਬਸਤ ਨਾ ਹੋਵੇ, ਉਹ ਏਸ ਕੰਮ 'ਚ ਨਹੀਂ ਪੈਂਦੇ। ਫੇਰ ਮੈਨੂੰ ਸਮਝਾਣ ਲੱਗਾ। ਜਦੋਂ ਮਨਿੱਸਟਰ ਬਣੋਗੇ, ਕਸਰ ਕੱਢ ਲੈਣਾ। ਏਸ ਚੋਣ ਦਾ ਖ਼ਰਚ ਵੀ ਵਸੂਲ ਲੈਣਾ ਤੇ ਅਗਲੀ ਦਾ ਪ੍ਰਬੰਧ ਵੀ ਕਰ ਲੈਣਾ। ਅਜੇ ਕੌੜਾ ਘੁੱਟ ਕਰੋ। ਮੈਨੂੰ ਉਸ ਬੋਲਣ ਜੋਗ ਨਹੀਂ ਛਡਿਆ ਸੀ। ਕਸਰਾਂ ਦਾ ਕੀ ਪਤਾ, ਨਿਕਲਣ ਨਾ ਨਿਕਲਣ...' ਹਜ਼ੂਰ ਸਿੰਘ ਹੱਸਿਆ। 'ਦਿਆਲ, ਏਸ ਕੁੱਤੇ ਕੰਮ 'ਚ ਪਿਆ ਹਾਂ ਤਾਂ ਉਹ ਸਭ ਕੁਝ ਕਰਨਾ ਹੀ ਪਏਗਾ ਜੋ ਕਰਨਾ ਪੈਂਦੈ...'

ਇਹ ਕਹਿੰਦਾ ਹਜ਼ੂਰ ਸਿੰਘ ਝੌਂ ਗਿਆ। ਫੇਰ ਕੁਝ ਯਾਦ ਆਇਆ ਤੇ ਹੱਸ ਪਿਆ। ਕਹਿਣ ਲੱਗਾ,

'ਦਿਆਲ, ਗੱਲ ਏਥੇ ਹੀ ਨਹੀਂ ਮੁੱਕ ਜਾਂਦੀ। ਡੇਢ ਲੱਖ ਮੈਂ ਉਹਨੂੰ ਹੋਰ ਦੇਣੇ ਨੇ...'

'ਉਹ ਕਾਹਦੇ?' ਗੁਰਦਿਆਲ ਦਾ ਤਰਾਹ ਨਿੱਕਲ ਗਿਆ।

'ਕਹਿੰਦਾ ਸੀ, ਜੇ ਪੰਜ ਲੱਖ ਖ਼ਰਚ ਕਰਨ ਲਗੇ ਹੋ ਤੇ ਡੇਢ ਲੱਖ ਹੋਰ ਪੂਜ ਦਿਉ। ਮੈਂ ਪੁੱਛਿਆ, ਇਹ ਕਾਹਦੇ ਲਈ? ਕਹਿਣ ਲੱਗਾ, ਇਹਦੀ ਸ਼ਰਾਬ ਖ਼ਰੀਦਾਂਗੇ। ਫੇਰ ਸਮਝਾਣ ਲੱਗਾ, ਸਰਦਾਰ ਜੀ, ਹਰ ਹਲਕੇ 'ਚ ਬੜੇ ਲੋਕ ਇਹੋ ਜਿਹੇ ਹੁੰਦੇ ਨੇ, ਜਿਨ੍ਹਾਂ ਨੂੰ ਸਿਆਸਤ ਦੀ ਸਮਝ ਨਹੀਂ ਹੁੰਦੀ। ਨਾ ਉਹ ਕਿਸੇ ਪਾਰਟੀ ਨਾਲ ਬੱਝੇ ਹੁੰਦੇ ਨੇ। ਉਹ ਬੋਤਲ ਮੰਗਦੇ ਨੇ। ਜੇ ਤੁਹਾਨੂੰ ਡੇਢ ਲਖ ਜ਼ਿਆਦਾ ਲੱਗਦੈ ਤਾਂ ਆਪੇ ਖ਼ਰੀਦ ਲੌ ਤੇ ਆਪੇ ਵੰਡ ਲੌ। ਮੈਂ ਤਾਂ ਇਹ ਕੰਮ ਏਸ ਤੋਂ ਘੱਟ 'ਚ ਨਹੀਂ ਕਰ ਸਕਦਾ। ਮੈਂ ਉਹਨੂੰ ਕਿਹਾ, ਨਾ ਮੈਂ ਸ਼ਰਾਬ ਖ਼ਰੀਦਾਂਗਾ ਤੇ ਨਾ ਵੰਡਾਂਗਾ। ਕਹਿਣ ਲੱਗਾ, ਫੇਰ ਅਲੈਕਸ਼ਨ ਲੜਨ ਦਾ ਖ਼ਿਆਲ ਛੱਡ ਦਿਉ। ਅਲੈਕਸ਼ਨ ਐਸੀ ਚੀਜ਼ ਜੇ ਕਿ ਜੇ ਮਹਾਤਮਾ ਗਾਂਧੀ ਵੀ ਲੜੇ ਤਾਂ ਸ਼ਰਾਬ ਉਹਨੂੰ ਵੀ ਵੰਡਣੀ ਪਏਗੀ। ਜੇ ਕੰਮ ਤੁਹਾਨੂੰ ਔਖਾ ਲੱਗਦੈ, ਤਾਂ ਸਾਨੂੰ ਕਰਨ ਦਿਉ। ਸਾਨੂੰ ਆਉਂਦੈ ਇਹ ਕਰਨਾ। ਬੜੀ ਮੁਹਾਰਤ ਏ। ਮੈਂ ਅਜੇ ਵੀ ਕਾਇਲ ਨਹੀਂ ਸਾਂ। ਮੈਂ ਕਿਹਾ, ਬੋਤਲ ਤਾਂ ਸਾਡੇ ਵਿਰੋਧੀ ਵੀ ਦੇਣਗੇ ਫੇਰ। ਕਹਿਣ ਲੱਗਾ, ਕਿਉਂ ਨਹੀਂ ਦੇਣਗੇ। ਪਰ ਸ. ਹਜ਼ੂਰ ਸਿੰਘ, ਸਾਡੀ ਬੋਤਲ ਵੱਡੀ ਹੋਵੇਗੀ। ਅਸੀਂ ਨਾਲ ਅੱਧਾ ਕੁੱਕੜ ਵੀ ਦਿਆਂਗੇ। ਤੰਦੂਰੀ। ਬੜਾ ਸੁਹਣਾ ਪੈਕ ਕਰਕੇ। ਮੈਂ ਕਿਹਾ ਕਿ ਜੇ ਖਾ-ਪੀ ਕੇ ਉਹਨਾਂ ਵੋਟ ਸਾਨੂੰ ਨਾ ਪਾਏ ਤਾਂ? ਕਹਿਣ ਲੱਗਾ, ਸ. ਹਜ਼ੂਰ ਸਿੰਘ ਸਾਡਾ ਮੁਲਕ ਬੜਾ ਨਿਘਰ ਗਿਐ, ਪਰ ਫੇਰ ਵੀ ਅਜੇ ਏਨਾ ਨਹੀਂ ਨਿਘਰਿਆ ਕਿ ਬੰਦਾ ਖਾ-ਪੀ ਕੇ ਭੁੱਲ ਜਾਵੇ।'



ਹਜ਼ੂਰ ਸਿੰਘ ਜ਼ੋਰ ਦੀ ਹੱਸਿਆ। ਮਾੜਾ ਜਿਹਾ, ਬੇ-ਯਕੀਨਾ ਜਿਹਾ, ਹਾਸਾ ਗੁਰਦਿਆਲ ਨੂੰ ਵੀ ਆ ਗਿਆ।

'ਦਿਆਲ, ਉਹ ਤਾਂ ਕਹਿੰਦਾ ਸੀ, ਕੁਝ ਟਰੱਕ ਵੀ ਦੇਣੇ ਪੈਣਗੇ...'

'ਪਤਾ ਏ ਮੈਨੂੰ। ਟਰੱਕ ਹੀ ਨਹੀਂ, ਟੈਮਪੋ ਵੀ। ਰੇੜ੍ਹੇ ਤੇ ਰੇੜ੍ਹੀਆਂ ਵੀ। ਰਿਕਸ਼ੇ ਵੀ। ਅਖ਼ੀਰਲੇ ਦਿਨ। ਇਹਦੀ ਗੱਲ ਉਹਨੇ ਮੇਰੇ ਨਾਲ ਵੀ ਕੀਤੀ ਸੀ। ਕਰ ਰਿਹਾ ਏਂ ਨਾ ਪ੍ਰਬੰਧ?'

'ਨਹੀਂ ਯਾਰ। ਮੈਂ ਉਹਨੂੰ ਕਹਿ ਦਿੱਤੈ, ਆਪੇ ਕਰ ਲੈ। ਜੋ ਲੱਗੇਗਾ, ਦੇ ਦਿਆਂਗਾ। ਭਾਈ, *ਜਿਸ ਕਾ ਕਾਮ ਉਸੀ ਕੋ ਸਾਜੇ।* ਦਿਆਲ, ਸਾਡਾ ਦੇਸ ਬੜੀ ਤਰੱਕੀ ਕਰ ਗਿਐ। ਹਰ ਕੰਮ ਦੇ ਪੇਸ਼ਾਵਰ ਪੈਦਾ ਹੋ ਗਏ ਨੇ। ਜੇ ਪੈਸਾ ਹੋਵੇ ਤਾਂ ਠੇਕਾ ਦੇ ਦਿਉ। ਆਪ ਘਰ ਬੈਠੋ ਆਰਾਮ ਨਾਲ। ਆਪੇ ਕਰ ਦੇਣਗੇ ਕੰਮ। ਤੁਹਾਡੇ ਨਾਲੋਂ ਚੰਗਾ।'

ਗੁਰਦਿਆਲ ਨੂੰ ਪਤਾ ਸੀ। ਹੋਰ ਕੰਮਾਂ ਦੇ ਮਾਹਿਰ ਤਾਂ ਦਿੱਲੀ 'ਚ ਬੜੇ ਸਨ, ਚੋਣਾਂ ਜਿਤਾਣ ਦੇ ਮਾਹਿਰ ਉਹਨੇ ਪਹਿਲੀ ਵਾਰੀ ਵੇਖੇ ਸਨ। ਉਸ ਕਿਹਾ,

'ਪੇਸ਼ਾਵਰ ਬੰਦੇ ਦਿੱਲੀ 'ਚ ਬੜੇ ਨੇ। ਇਕ ਤੋਂ ਇਕ ਵਧ। ਵਿਆਹਵਾਂ ਵਾਲੇ। ਟੈਂਟਾਂ ਵਾਲੇ। ਫੁੱਲਾਂ ਦੀ ਸਜਾਵਟ ਵਾਲੇ। ਹਾਰ-ਸ਼ਿੰਗਾਰ ਵਾਲੈ...'

'ਦਿਆਲ, ਜ਼ਰੂਰ ਹੋਣਗੇ। ਦਿੱਲੀ 'ਚ ਪੈਸਾ ਬੜੈ। ਪਰ ਉਥੇ ਤੁਹਾਨੂੰ ਰੱਢੇ ਜਿਹਾ ਬੰਦਾ ਨਹੀਂ ਲੱਭੇਗਾ। *ਕੰਮ ਖ਼ਰਚ ਬਾਲਾ ਨਸ਼ੀਨ।*'

ਗੁਰਦਿਆਲ ਨੂੰ ਹੈਰਾਨੀ ਹੋਈ। ਹਜ਼ੂਰੇ ਨੂੰ ਅੱਠ-ਦਸ ਲੱਖ ਰੁਪਏ ਦਾ ਖ਼ਰਚ ਕੁਝ ਨਹੀਂ ਸੀ ਲੱਗ ਰਿਹਾ। ਅਜੇ ਉਹ ਗ਼ਰੀਬ ਸੀ।

## ਵਾਪਸੀ

ਰੱਛੇ ਨੇ ਆਪਣਾ ਕੰਮ ਉਵੇਂ ਹੀ ਕੀਤਾ, ਜਿਵੇਂ ਕਰਨ ਦੀ ਉਹਨੇ ਉਮੀਦ ਦਵਾਈ ਸੀ। ਵੋਟਾਂ ਵਾਲੇ ਦਿਨ ਬੜੇ ਵੋਟ ਪਏ। ਪਿਛਲੀ ਵਾਰੀ ਏਥੇ ਇਹ ਇਕਤਾਲੀ ਫ਼ੀ ਸਦੀ ਹੀ ਪਏ ਸਨ। ਐਤਕੀਂ ਇਕਾਠ ਫ਼ੀ ਸਦੀ ਪਏ। ਪੂਰੇ ਵੀਹ ਫ਼ੀ ਸਦੀ ਵਧ। ਰੱਛੇ ਨੇ ਯਕੀਨ ਦਵਾਇਆ ਕਿ ਸਾਡੇ ਸਾਰੇ ਵੋਟ ਭੁਗਤ ਗਏ ਨੇ, ਛੁੱਟ ਉਹਨਾਂ ਦੇ, ਜਿਨ੍ਹਾਂ ਨੂੰ ਸ਼ੂਕਦਾ ਤਾਪ ਚੜ੍ਹਿਆ ਹੋਇਆ ਸੀ ਜਾਂ ਜਿਨ੍ਹਾਂ ਦੇ ਹੱਥ-ਪੈਰ ਟੁੱਟੇ ਹੋਏ ਸਨ। ਵੋਟ ਪਾਉਣ ਵਾਲੇ ਵੋਟ ਪਾਉਣ ਗਏ ਵੀ ਹੁਮ-ਹੁਮਾ ਕੇ ਸਨ। ਪਰ ਫੇਰ ਵੀ ਵੋਟਾਂ ਦਾ ਸਾਰਾ ਵਾਧਾ ਉਹਨਾਂ ਦੇ ਉਤਸ਼ਾਹ ਸਦਕਾ ਨਹੀਂ ਸੀ। ਰੱਛੇ ਦਾ ਜ਼ੋਰ ਵੀ ਲੱਗਾ ਸੀ।

ਪ੍ਰਚਾਰ ਦੇ ਆਖ਼ਰੀ ਦਿਨ ਜਿਹੜਾ ਜਲਸਾ ਹੋਣਾ ਸੀ, ਉਹ ਵੀ ਹੋਇਆ। ਜ਼ਬਰਦਸਤ ਇਕੱਠ ਸੀ। ਸਭ ਪਾਸੇ ਲੋਕ ਹੀ ਲੋਕ ਸਨ। ਸੁਜਾਨਗੜ੍ਹ ਨੇ ਇਹੋ ਜਿਹੀਆਂ ਭੀੜਾਂ ਪਹਿਲੋਂ ਕਦੀ ਨਹੀਂ ਸਨ ਵੇਖੀਆਂ। ਸਭ ਪਾਸੇ ਝੰਡੇ ਹੀ ਝੰਡੇ ਸਨ। ਅਸਮਾਨ ਕੇਸਰੀ ਹੋਇਆ ਪਿਆ ਸੀ। ਵਡੀ ਸੜਕ ਦੋ ਘੰਟੇ ਬੰਦ ਰਹੀ। ਸ਼ਹਿਰ ਦੇ ਬਾਹਰਵਾਰ ਟੋਰਾ-ਫੇਰਾ ਰੁਕ ਗਿਆ। ਪਰ ਫੇਰ ਵੀ ਪਾਰਸ ਤੇ ਸਾਹਿਬਜ਼ਾਦਾ ਸਟੇਜ ‘ਤੇ ਪਹੁੰਚ ਗਏ। ਉਹ ਬਹੁਤ ਹੀ ਪ੍ਰਭਾਵਤ ਹੋਏ। ਪਾਰਸ ਤਾਂ ਏਥੋਂ ਤਕ ਕਹਿ ਗਿਆ, ‘ਹਜ਼ੂਰ ਸਿੰਘ, ਜਿੰਨੇ ਬੰਦੇ ਸਾਨੂੰ ਦਿੱਸ ਰਹੇ ਨੇ, ਜੇ ਇਹਨਾਂ ’ਚੋਂ ਅੱਧਿਆਂ ਨੇ ਵੀ ਸਾਨੂੰ ਵੋਟ ਪਾਏ ਤਾਂ ਅਸੀਂ ਇਹ ਸੀਟ ਜਿੱਤ ਜਾਂਗੇ।’

ਰੱਛੇ ਦੇ ਸਾਰੇ ਬੰਦੋਬਸਤ ’ਚ ਸਿਰਫ਼ ਇਕੋ ਕਸਰ ਰਹੀ। ਸ਼ਰਾਬ ਦੀਆਂ ਬੋਤਲਾਂ ਜਿੰਨੀਆਂ ਚਾਹੀਦੀਆਂ ਸਨ, ਉਹ ਤਾਂ ਮਿਲ ਗਈਆਂ ਸਨ, ਪਰ ਲੋੜ ਅਨੁਸਾਰ ਕੁੱਕੜ ਨਹੀਂ ਸਨ ਮਿਲੇ। ਰੱਛੇ ਨੇ ਇਹ ਘਾਟਾ ਮੱਛੀ ਤੇ ਸੀਖ਼-ਕਬਾਬਾਂ ਨਾਲ ਪੂਰਾ ਕਰ ਲਿਆ।

ਜਿਵੇਂ ਹੀ ਵੋਟਾਂ ਪੈਣ ਦਾ ਸਮਾਂ ਮੁੱਕਿਆ, ਰੱਛਾ ਫਾਰਮ-ਹਾਊਸ ਪਹੁੰਚ ਗਿਆ। ਫਾਟਕ ਵਲ ਮੂੰਹ ਕਰ ਵਰਾਂਡੇ ’ਚ ਬਹਿ ਗਿਆ। ਹਜ਼ੂਰ ਸਿੰਘ ਤੇ ਗੁਰਦਿਆਲ ਅਜੇ ਪੋਲਿੰਗ ਸਟੇਸ਼ਨਾਂ ਦੇ ਗੇੜੇ ਕੱਢ ਰਹੇ ਸਨ। ਉਹ ਕੋਈ ਸੱਤ ਕੁ ਵਜੇ ਨਾਲ ਪਹੁੰਚੇ। ਰੱਛੇ ਨੂੰ ਉੱਥੇ ਮੂੜ੍ਹਾ ਮੱਲੀ ਬੈਠੇ ਵੇਖ ਹਜ਼ੂਰ ਸਿੰਘ ਨੂੰ ਕੁਝ ਹੈਰਾਨੀ ਵੀ ਹੋਈ ਤੇ ਕੁਝ ਗੁੱਸਾ ਵੀ ਚੜ੍ਹਿਆ। ਉਹਨੇ ਸਾਹਮਣਾ ਮੂੜ੍ਹਾ ਮਲਦਿਆਂ ਰਤਾ ਉੱਚੀ ਆਵਾਜ਼ ’ਚ ਆਖਿਆ,

‘ਉਹ ਯਾਰ, ਸਵੇਰ ਤਕ ਤਾਂ ਉਡੀਕ ਲੈਂਦਾ।’



‘ਸ. ਹਜ਼ੂਰ ਸਿੰਘ, ਸਵੇਰ ਕਿਨ੍ਹੇ ਵੇਖੀ ਏ। ਹਿਸਾਬ ਤੁਰੰਤ ਹੋਣਾ ਚਾਹੀਦੈ। ਤੱਤੇ ਤਾਅ। ਸਭ ਕੁਝ ਯਾਦ ਹੁੰਦੈ ਉਸ ਵੇਲੇ।’

ਰੱਛੇ ਨੇ ਹਿਸਾਬ ਵਾਲਾ ਕਾਗ਼ਜ਼ ਅੱਗੇ ਡਾਹ ਦਿੱਤਾ। ਹਜ਼ੂਰ ਸਿੰਘ ਨੇ ਪੜ੍ਹਿਆ। ਪੜਤਾਲਿਆ। ਸਭ ਠੀਕ ਸੀ। ਰੱਛਾ ਹਿਸਾਬ ਦਾ ਸਾਫ਼ ਸੀ। ਉਹਨੇ ਖ਼ਰਚ ਉਹੀਉ ਵਿਖਾਏ ਸਨ, ਜਿਹੜੇ ਪਹਿਲੋਂ ਮੰਨੇ ਜਾ ਚੁੱਕੇ ਸਨ। ਉਹ ਹੋਏ ਵੀ ਸਭ ਨੂੰ ਦਿੱਸੇ ਸਨ। ਕੋਈ ਘਪਲਾ ਨਹੀਂ ਸੀ ਮਾਰਿਆ ਹੋਇਆ। ਰੱਛਾ ਜੋ ਕੁਝ ਪਹਿਲੋਂ ਲੈ ਚੁੱਕਾ ਸੀ, ਉਹ ਨਫ਼ੀ ਕੀਤਾ ਹੋਇਆ ਸੀ ਤੇ ਬਕਾਇਆ ਕੱਢਿਆ ਹੋਇਆ ਸੀ। ਜੋ ਕੱਢਿਆ ਸੀ, ਬਣਦਾ ਸੀ।

‘ਯਾਰ, ਤੂੰ ਹਿਸਾਬ ਦਾ ਬੜਾ ਸਾਫ਼ ਏਂ,’ ਹਜ਼ੂਰ ਸਿੰਘ ਨੇ ਮੰਨਿਆ।

‘ਇਹ ਆਪਣਾ ਧਰਮ ਏ ਜੀ। ਜੋ ਮੰਗਣਾ ਏ, ਪਹਿਲੋਂ ਮੰਗ ਲੌ ਤੇ ਮੰਨਜ਼ੂਰੀ ਲੈ ਲੌ। ਪਿੱਛੋਂ ਨਹੀਂ ਕਹਿਣਾ ਕਿ ਭਾਈ ਇਹ ਚੀਜ਼ ਯਾਦ ਨਹੀਂ ਸੀ ਰਹੀ। ਸ. ਹਜ਼ੂਰ ਸਿੰਘ ਕਾਰ-ਵਿਹਾਰ ਸਾਫ਼-ਸੁਥਰਾ ਹੋਣਾ ਚਾਹੀਦੈ। ਬੰਦੇ ਨੇ ਫੇਰ ਵੀ ਮੱਥੇ ਲੱਗਣਾ ਹੁੰਦੈ।’

ਹਜ਼ੂਰ ਸਿੰਘ ਅੰਦਰ ਕਮਰੇ ਨੂੰ ਗਿਆ ਤੇ ਨੋਟਾਂ ਦੀਆਂ ਦੱਥੀਆਂ ਚੁੱਕ ਲਿਆਇਆ। ਰੱਛੇ ਨੇ ਗਿਣੀਆਂ ਤੇ ਕਮੀਜ਼ ਹੇਠ ਕਿਸੇ ਚੋਰ-ਜੇਬ ’ਚ ਪਾ ਲਈਆਂ। ਵਿਦਿਆ ਹੋਣ ਲੱਗਾ ਤਾਂ ਗੁਰਦਿਆਲ ਨੇ ਫੇਰ ਬਿਠਾ ਲਿਆ। ਉਹਨੇ ਪੁੱਛਿਆ,

‘ਰੱਛੇ ਯਾਰ, ਇਹ ਤਾਂ ਦੱਸਦਾ ਜਾ, ਸੀਟ ਅਸੀਂ ਜਿੱਤਾਂਗੇ ਕਿ ਨਹੀਂ?’

ਰੱਛੇ ਕੋਲ ਜਵਾਬ ਤਿਆਰ ਸੀ। ਉਹਨੇ ਉਸੇ ਦਮ ਦਿੱਤਾ,

‘ਜਿੱਤ ਵੀ ਸਕਦੇ ਹਾਂ ਤੇ ਨਹੀਂ ਵੀ। ਪਰ ਇਕ ਗੱਲ ਪੱਕੀ ਏ। ਜਿੱਤ ਹਾਰ ਬੜੇ ਥੋੜੇ ਫ਼ਰਕ ਨਾਲ ਹੋਵੇਗੀ। ਨਿਰਭਰ ਏਸ ਗੱਲ ’ਤੇ ਕਰਦੈ ਕਿ ਨਵੇਂ ਵੋਟ ਕਿੰਨੇ, ਕਿਹਨੂੰ ਪਏ ਨੇ। ਆਮ ਤੌਰ ’ਤੇ ਨਵੇਂ ਵੋਟ ਪਹਿਲੋਂ ਬੈਠੇ ਹੋਇਆਂ ਨੂੰ ਨਹੀਂ ਪੈਂਦੇ। ਜੇ ਸਾਡੇ ਹਲਕੇ ’ਚ ਵੀ ਇੰਜ ਹੀ ਹੋਇਐ, ਤਾਂ ਅਸੀਂ ਜਿੱਤ ਜਾਂਗੇ।’ ਰੱਛੇ ਨੇ ਕਿਸੇ ਚੋਣ-ਮਾਹਿਰ ਵਾਂਗ ਸਮਝਾਇਆ। ‘ਸ. ਗੁਰਦਿਆਲ ਸਿੰਘ, ਫ਼ਰਕ ਬੜਾ ਥੋੜਾ ਰਹੇਗਾ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਪਿਛਲੀ ਵਾਰੀ ਅਸੀਂ ਏਸ ਹਲਕੇ ਤੋਂ ਉੱਨੀ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਹਾਰੇ ਸਾਂ।’

‘ਰੱਛੇ ਯਾਰ, ਬੱਸ ਜਿਤਾ ਦੇ, ਭਾਵੇਂ ਇਕ ਵੋਟ ਦੇ ਫ਼ਰਕ ਨਾਲ’, ਹਜ਼ੂਰ ਸਿੰਘ ਨੇ ਹਾਸੇ ਜਿਹੇ ਨਾਲ ਮਿੰਨਤ ਕੀਤੀ।

ਰੱਛੇ ਨੇ ਇਹਨੂੰ ਹਾਸੇ ਦੀ ਗੱਲ ਨਾ ਸਮਝਿਆ।

‘ਇਹ ਤਾਂ ਮੇਰੇ ਵੱਸ ਨਹੀਂ ਜੀ। ਗਿਣਤੀ ਤਾਂ ਮਸ਼ੀਨਾਂ ਨੇ ਕਰਨੀ ਜੇ। ਬੜੀਆਂ ਚਲਾਕ ਨੇ ਉਹ। ਕੀ ਦਾ ਕੀ ਕਰ ਦੇਂਦੀਆਂ ਨੇ। ਫ਼ੈਸਲਾ ਨਵੇਂ ਵੋਟਰਾਂ ਨੇ ਕਰਨੈਂ।’

ਰੱਛਾ ਫੇਰ ਉਠ ਪਿਆ ਤੇ ਨਿਕਲਣ ਲੱਗਾ। ਆਪਣੇ ਮੋਟਰ ਸਾਈਕਲ ਤਕ ਗਿਆ ਤੇ ਫੇਰ ਵਾਪਸ ਆ ਗਿਆ। ਕਹਿਣ ਲੱਗਾ,

'ਸ. ਹਜ਼ੂਰ ਸਿੰਘ, ਜਦੋਂ ਜਿੱਤ ਦਾ ਜਸ਼ਨ ਮਨਾਵੋ, ਮੈਨੂੰ ਭੁੱਲ ਨਾ ਜਾਣਾ।'

ਫੇਰ ਉਹਨੇ ਵੱਖੀ ਵਾਲੀ ਜੇਬ 'ਚੋਂ ਰੁੱਗ ਭਰਿਆ ਤੇ ਆਪਣੇ ਕਿੰਨੇ ਸਾਰੇ ਕਾਰਡ ਮੇਜ਼ 'ਤੇ ਖਿਲੇਰ ਦਿੱਤੇ।

'ਆਹ ਰੱਖ ਲੌ ਆਪਣੇ ਕੋਲ ਤੇ ਲੋੜ ਵੇਲੇ ਹਾਕ ਮਾਰਨਾ।'

ਇਹ ਕਿਹਾ ਤੇ ਆਪਣੇ ਮੋਟਰ ਸਾਈਕਲ ਵੱਲ ਹੋ ਪਿਆ।

#

ਹਜ਼ੂਰ ਸਿੰਘ ਨੇ ਆਪਣਾ ਗਲਾਸ ਭਰ ਲਿਆ। ਇਕ ਘੁੱਟ ਅੰਦਰ ਕੀਤਾ ਤੇ ਸੁਲਾਹ ਮਾਰੀ,

'ਅੱਜ ਲੈ-ਲੈ ਥੋੜੀ ਜਿਹੀ ਤੂੰ ਵੀ।'

'ਨਹੀਂ, ਮੈਂ ਚਾਹ ਪੀਵਾਂਗਾ।' ਗੁਰਦਿਆਲ ਨਾ ਮੰਨਿਆ।

ਹੁਣ ਉਹ ਵਿਹਲੇ ਸਨ। ਸਿਰ ਤੋਂ ਭਾਰ ਲਹਿ ਗਿਆ ਸੀ। ਅੱਧਾ। ਬਾਕੀ ਦਾ ਅੱਧਾ ਨਤੀਜੇ ਨਿਕਲਣ 'ਤੇ ਹੀ ਲਹਿਣਾ ਸੀ। ਉਸ ਨੂੰ ਤਾਂ ਅਜੇ ਮਹੀਨੇ ਤੋਂ ਵੱਧ ਸਮਾਂ ਲੱਗਣਾ ਸੀ। ਓਨਾ ਚਿਰ ਵੋਟ-ਮਸ਼ੀਨਾਂ ਬਰਫ਼ 'ਚ ਲੱਗੀਆਂ ਰਹਿਣੀਆਂ ਸਨ ਤੇ ਉਹਨਾਂ ਉੱਤੇ ਪਹਿਰਾ ਰਹਿਣਾ ਸੀ। ਸਭ ਨੂੰ ਹੱਥ 'ਤੇ ਹੱਥ ਧਰ ਬਹਿਣਾ ਪੈਣਾ ਸੀ। ਕੁਝ ਨਹੀਂ ਸਨ ਕਰ ਸਕਦੇ। ਬਸ ਸੋਚਾਂ ਹੀ ਸੋਚੀਆਂ ਜਾ ਸਕਦੀਆਂ ਸਨ। ਉਹ ਸੋਚੀਆਂ ਜਾ ਰਹੀਆਂ ਸਨ। ਏਸੇ ਕਿਸੇ ਸੋਚ ਤੋਂ ਹਜ਼ੂਰ ਸਿੰਘ ਨੇ ਪੁੱਛਿਆ,

'ਦਿਆਲ, ਹੁਣ ਤੇਰਾ ਕੀ ਪ੍ਰੋਗਰਾਮ ਏ?'

'ਕੋਈ ਖ਼ਾਸ ਨਹੀਂ। ਜੀਤੇ ਨੂੰ ਕਹਿ ਖਾਂ, ਮੈਨੂੰ ਚੰਡੀਗੜ੍ਹ ਛੱਡ ਆਵੇ। ਰਾਤ ਮੈਂ ਉੱਥੇ ਕੱਟਾਂਗਾ ਤੇ ਸਵੇਰੇ ਦਿੱਲੀ ਚਲਾ ਜਾਵਾਂਗਾ।'

'ਉਹ ਨਹੀਂ ਯਾਰ, ਏਡੀ ਭਾਜੜ ਨਾ ਪਾ। ਰਾਤ ਏਥੇ ਹੀ ਰਹਿ। ਇਹ ਜਿਹੜੀ ਏਥੇ ਸੱਜਰੀ ਪੌਣ ਚੱਲ ਰਹੀ ਏ, ਇਹਨੂੰ ਥੋੜ੍ਹਾ ਜਿਹਾ ਹੋਰ ਭਖ਼ ਲੈ। ਇਹ ਦਿੱਲੀ ਨਹੀਉਂ ਮਿਲਣੀ। ਚੰਡੀਗੜ੍ਹ ਸਵੇਰੇ ਚਲਾ ਜਾਵੀਂ। ਅਸੀਂ ਕਲ੍ਹ ਜੀਪਾਂ ਵੀ ਮੋੜਨੀਆਂ ਨੇ। ਤੇਰੇ ਵਾਲੀ ਜੀਪ ਜੀਤਾ ਉੱਥੇ ਹੀ ਛੱਡ ਆਏਗਾ।'

ਗੁਰਦਿਆਲ ਮੰਨ ਗਿਆ। ਉਹਨੇ ਲੰਮਾ ਸਾਹ ਲਿਆ, ਜਿਵੇਂ ਸੱਜਰੀ ਪੌਣ ਨੂੰ ਅੰਦਰ ਲੰਘਾ ਰਿਹਾ ਹੋਵੇ। ਉਹਨੇ ਵੀ ਹਜ਼ੂਰ ਸਿੰਘ ਨੂੰ ਪੁੱਛਿਆ,

'ਤੇਰਾ ਆਪਣਾ ਕੀ ਪ੍ਰੋਗਰਾਮ ਏ ਹੁਣ?'

'ਮੈਂ ਅਜੇ ਏਥੇ ਇਕ ਦਿਨ ਹੋਰ ਰਹਾਂਗਾ। ਸਭ ਕੁਝ ਸਮੇਟਾਂਗਾ ਤੇ ਫੇਰ ਭੈਣ-ਭਰਾਵਾਂ ਨੂੰ ਪਿੰਡ ਲਿਜਾਵਾਂਗਾ।'



'ਉੱਥੇ ਕੀ ਕਰੇਂਗਾ?'

'ਕਰਨਾ ਕੀ ਏ! ਉਡੀਕਾਂਗਾ, ਜਿਵੇਂ ਬਾਕੀ ਹੋਰ ਸਾਰੇ ਉਡੀਕ ਰਹੇ ਨੇ। ਥਕੇਵਾਂ ਲਾਹਵਾਂਗਾ। ਉਮੀਦਾਂ ਲਾਵਾਂਗਾ। ਅੱਗੋਂ ਦੀ ਸੋਚਾਂਗਾ। ਭੈਣ-ਭਰਾਵਾਂ ਨੂੰ ਘੁੰਮਾਵਾਂ ਫਿਰਾਵਾਂਗਾ। ਅਖ਼ੀਰ ਦਿੱਲੀ ਜਾਵਾਂਗਾ ਤੇ ਉਹਨਾਂ ਨੂੰ ਜਹਾਜ਼ੇ ਚੜ੍ਹਾਵਾਂਗਾ।'

'ਹੱਛਾ ਦਿੱਲੀ ਵੀ ਜਾਏਂਗਾ? ਮੈਨੂੰ ਵੀ ਮਿਲੀਂ ਉੱਥੇ ਆ ਕੇ।'

'ਜ਼ਰੂਰ ਮਿਲਾਂਗਾ। ਉਦੋਂ ਤਕ ਤੈਨੂੰ ਕਦੀ-ਕਦੀ ਫ਼ੋਨ ਵੀ ਕਰਦਾ ਰਹਾਂਗਾ।'

ਗੁਰਦਿਆਲ ਨੂੰ ਕੋਈ ਖ਼ਿਆਲ ਆਇਆ। ਉਹਨੇ ਆਖਿਆ,

'ਹਜ਼ੂਰੇ, ਜੇ ਏਨੀ ਥਾਏਂ ਜਾ ਰਿਹੈਂ ਤਾਂ ਚੰਡੀਗੜ੍ਹੋਂ ਵੀ ਹੋ ਆਵੀਂ। ਪਾਰਸ ਨੂੰ ਵੀ ਮਿਲ ਆਵੀਂ।'

'ਉਹ ਨਹੀਂ ਯਾਰ, ਅਜੇ ਨਹੀਂ", ਉਹਨੂੰ ਸੁਝਾਅ ਨਾ ਸੁਖਾਇਆ। 'ਨਤੀਜੇ ਨਿਕਲ ਲੈਣ ਦੇ ਪਹਿਲੋਂ। ਅਜੇ ਕੋਈ ਮਤਲਬ ਨਹੀਂ। ਨਾਲੇ ਉਹਨੇ ਉੱਥੇ ਹੋਣਾ ਵੀ ਨਹੀਂ, ਜਾ ਕੇ ਪਿੰਡ ਬੈਠਾ ਹੋਣੈਂ। ਅੱਜਕਲ੍ਹ ਤਾਂ ਹਕੂਮਤ ਬਿਊਰੋਕ੍ਰੈਟ ਚਲਾ ਰਹੇ ਹੋਣਗੇ।'

'ਯਾਰ, ਉਹਨੂੰ ਨਹੀਂ, ਤਾਂ ਸਾਹਿਬਜ਼ਾਦੇ ਨੂੰ ਹੀ ਮਿਲ ਲਵੀਂ। ਅੱਗੋਂ ਸਭ ਕੁਝ ਉਹਦੇ ਹੱਥ ਹੀ ਹੋਣਾ ਏਂ। ਉਹਨੇ ਹੀ ਬਹਿਣੈਂ ਗੱਦੀ 'ਤੇ।'

ਹਜ਼ੂਰ ਸਿੰਘ ਹੱਸ ਪਿਆ।

'ਯਾਰ, ਤੂੰ ਮੈਂ ਤਾਂ ਨਹੀਂ ਬਹਿਣਾ ਨਹੀਂ! ਪਿਓ ਨੇ ਪੁੱਤਰ ਨੂੰ ਹੀ ਬਿਠਾਣਾ ਹੁੰਦੈ। ਸਾਡੇ ਪਰੰਪਰਾ ਹੀ ਇਹ ਹੈ। ਜੇ ਪੁੱਤਰ ਨਾ ਹੋਵੇ ਤਾਂ ਧੀ ਨੂੰ ਬਿਠਾ ਦੇਵੋ। ਜਾਂ ਭਤੀਜੇ ਨੂੰ। ਇਕ ਨੇ ਤਾਂ ਵਹੁਟੀ ਬਿਠਾ ਦਿੱਤੀ ਸੀ। ਜਿਦ੍ਹੇ ਦੋ ਪੁੱਤਰ ਨੇ, ਉਹ ਮੁਗ਼ਲੀਆ ਖ਼ਾਨਦਾਨ ਦੇ ਸ਼ਹਿਜ਼ਾਦਿਆਂ ਵਾਂਗ ਲੜ ਮਰਨ ਨੂੰ ਤਿਆਰ ਨੇ। ਇਕ ਕਮਿਊਨਿਸਟ ਹੀ ਇੰਜ ਨਹੀਂ ਕਰਦੇ।'

ਹਜ਼ੂਰ ਸਿੰਘ ਕਿਸੇ ਹੋਰ ਵਹਿਣ 'ਚ ਵਹਿ ਗਿਆ।

'ਤੂੰ ਯਾਰ, ਇਹ ਫ਼ੈਲਸੂਫੀਆਂ ਛੱਡ ਤੇ ਸਾਹਿਬਜ਼ਾਦੇ ਨੂੰ ਮਿਲ ਲਵੀਂ। ਵਜ਼ਾਰਤਾਂ ਅੱਗੋਂ ਉਹਨੇ ਹੀ ਵੰਡਣੀਆਂ ਨੇ।'

'ਉਹ ਯਾਰ, ਪਹਿਲੋਂ ਸੀਟ ਤਾਂ ਜਿੱਤ ਲਈਏ। ਨਾਲੇ ਸਾਹਿਬਜ਼ਾਦੇ ਨੇ ਵੀ ਉੱਥੇ ਹੋਣਾ ਨਹੀਂ। ਉਹ ਵੀ ਬੇਗਮ ਨੂੰ ਨਾਲ ਲੈ ਥਕੇਵਾਂ ਲਾਹੁਣ ਕਿਤੇ ਚਲਾ ਗਿਆ ਹੋਵੇਗਾ। ਕਿਤੇ ਬਾਹਰ। ਅਜੇ ਮਿਲਣ ਦੀ ਲੋੜ ਤੈਨੂੰ ਏ। ਤੂੰ ਆਪਣੇ ਚੌਧਰੀ ਨੂੰ ਮਿਲਦਾ ਜਾਈਂ।'

'ਉਹ ਨਹੀਂ, ਜੀਅ ਨਹੀਂ ਕਰਦਾ। ਉਹਨੇ ਠੁੱਠ ਵਿਖਾ ਦਿੱਤਾ ਹੋਇਐ। ਫੇਰ ਜਾਵਾਂ ਵੇਖਣ ਇਕ ਵਾਰੀ ਹੋਰ।'

'ਦਿਆਲ, ਕਈ ਵਾਰੀ ਹਾਲਤ ਬਦਲ ਜਾਂਦੀ ਏ। ਕੀ ਪਤੈ। ਮਿਲਣਾ

ਠੀਕ ਹੀ ਰਹਿੰਦੈ। ਹਾਜ਼ਰੀ ਲਗ ਜਾਂਦੀ ਏ। ਬੰਦਾ ਨਜ਼ਰ 'ਚ ਰਹਿੰਦੈ...' ਹਜ਼ੂਰੇ ਨੇ ਮੱਤ ਦਿੱਤੀ।

'ਚਲ ਯਾਰ, ਕੋਸ਼ਿਸ਼ ਕਰ ਵੇਖਾਂਗਾ।' ਗੁਰਦਿਆਲ ਮੰਨ ਗਿਆ। 'ਵੈਸੇ ਹਾਲਤ ਉਹੀਉ ਹੋਵੇਗੀ। ਜੇ ਬਦਲੀ ਤਾਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹੀ ਬਦਲੇਗੀ।'

'ਗੱਲ ਤਾਂ ਤੇਰੀ ਠੀਕ ਏ।' ਹਜ਼ੂਰ ਸਿੰਘ ਸਹਿਮਤ ਸੀ। 'ਨਤੀਜਿਆਂ ਬਾਅਦ ਫੇਰ ਮਿਲ ਲਈਂ।'

ਉਹ ਬੜਾ ਚਿਰ ਬੈਠੇ ਰਹੇ। ਹਨੇਰੇ 'ਚ ਹੀ। ਬੱਤੀ ਵੀ ਨਾ ਜਗਾਈ। ਦੂਰ ਜੱਗੀਆਂ ਬੱਤੀਆਂ ਦੀ ਲੋਅ ਪੈ ਰਹੀ ਸੀ। ਉਹ ਹੀ ਕਾਫ਼ੀ ਸੀ। ਹਜ਼ੂਰ ਸਿੰਘ ਨੇ ਦੋ ਪੈੱਗ ਮੁਕਾ ਲਏ ਸਨ। ਉਹ ਤੀਜਾ ਭਰਨ ਲੱਗਾ,

'ਹਜ਼ੂਰੇ, ਹੋਰ ਪੀਣ ਲੱਗੈਂ?' ਗੁਰਦਿਆਲ ਨੇ ਉਹਦੇ ਪੈੱਗਾਂ ਦੀ ਗਿਣਤੀ ਕਰ ਲਈ ਸੀ।

'ਕੋਈ ਗੱਲ ਨਹੀਂ। ਅੱਜ ਇਕ ਪੈੱਗ ਹੋਰ ਸਹੀ। ਅੱਜ ਚੋਣ ਦਾ ਯੱਬ ਮੁੱਕਿਐ। ਉਹਦੀ ਖ਼ਾਤਿਰ।'

ਹਜ਼ੂਰ ਸਿੰਘ ਨੇ ਗਲਾਸ ਮੂੰਹ ਨੂੰ ਲਾਇਆ।

#

ਗੁਰਦਿਆਲ ਨੇ ਸੋਚਿਆ ਤਾਂ ਇਹ ਹੋਇਆ ਸੀ ਕਿ ਸੁਜਾਨਗੜ੍ਹ ਹੁੰਦਿਆਂ ਉਹ ਚੰਡੀਗੜ੍ਹ ਦੇ ਚੱਕਰ ਲਾਉਂਦਾ ਰਹੇਗਾ, ਪਰ ਇੰਜ ਉਸ ਤੋਂ ਹੋ ਨਹੀਂ ਸੀ ਸਕਿਆ। ਚੱਕਰ ਉਹਦਾ ਅੱਜ ਹੀ ਲੱਗਾ ਸੀ। ਜੀਤਾ ਸਵੇਰੇ ਉਹਨੂੰ ਸਾਲੀ ਦੇ ਘਰ ਅੱਗੇ ਲਾਹ ਗਿਆ ਸੀ।

ਅੱਜ ਗੁਰਦਿਆਲ ਨੇ ਏਥੇ ਰਹਿਣਾ ਸੀ। ਸਾਲੀ ਦੇ ਗੋਡੇ ਮੁੱਢ ਬਹਿਣਾ ਸੀ। ਪਾਲੀ ਦੀ ਸੁੱਖ-ਸਾਂਦ ਪੁੱਛਣੀ ਸੀ। ਪਾਰਸ ਦੇ ਹਾਜ਼ਰੀ ਲਵਾਉਣੀ ਸੀ ਤੇ ਚੌਧਰੀ ਦਾ ਬੂਹਾ ਖੜਕਾਉਣਾ ਸੀ। ਕਲ੍ਹ ਸਵੇਰੇ, ਜਿੰਨੀ ਛੇਤੀ ਹੋ ਸਕਿਆ, ਦਿੱਲੀ ਨਿਕਲ ਜਾਣਾ ਸੀ।

ਏਥੇ ਘਰ ਦੀਆਂ ਖ਼ਬਰਾਂ ਚੰਗੀਆਂ ਸਨ। ਲਾਡੀ ਨੇ ਉਪਰਲੀ ਮੰਜ਼ਿਲ ਠੀਕ ਕਰਾਉਣ ਦਾ ਕੰਮ ਸ਼ੁਰੂ ਕਰਾ ਲਿਆ ਸੀ ਤੇ ਕੋਈ ਚੰਗਾ ਕਿਰਾਏਦਾਰ ਲੱਭ ਰਹੀ ਸੀ। ਪਾਲੀ ਸਹੁਰੇ ਘਰ ਖੁਸ਼ ਸੀ। ਸੱਸ ਨਾਲ ਉਹਦੀ ਸੁਰ ਰਲੀ ਹੋਈ ਸੀ।

ਉਹਨੇ ਪਾਲੀ ਨੂੰ ਫ਼ੋਨ ਕੀਤਾ। ਉਹਦਾ ਹਾਲ-ਚਾਲ ਪੁੱਛਿਆ ਤੇ ਆਪਣਾ ਪ੍ਰੋਗਰਾਮ ਦੱਸਿਆ। ਉਹਨੂੰ ਚਾਅ ਚੜ੍ਹ ਗਿਆ। ਕਹਿਣ ਲੱਗੀ, ਸ਼ਾਮੀਂ ਮਿਲਣ ਆਵਾਂਗੀ।

ਫੇਰ ਗੁਰਦਿਆਲ ਨੇ ਪਾਰਸ ਦੇ ਦਫ਼ਤਰ ਫ਼ੋਨ ਕੀਤਾ। ਜਿਵੇਂ ਕਿ ਹਜ਼ੂਰ



ਸਿੰਘ ਦਾ ਅਨੁਮਾਨ ਸੀ, ਉਹ ਪਿੰਡ ਬੈਠਾ ਸੀ। ਸਾਹਿਬਜ਼ਾਦਾ, ਬੇਗਮ ਸੰਗ, ਦਿੱਲੀ ਪਹੁੰਚਿਆ ਹੋਇਆ ਸੀ। ਉਹਨੇ ਜਗਨ ਨਾਥ ਨਾਲ ਵੀ ਗੱਲ ਕੀਤੀ। ਉਹਨੇ ਮੀਟਿੰਗ ਦੀ ਉਮੀਦ ਨਾ ਦਵਾਈ। ਕਹਿਣ ਲੱਗਾ,

'ਸਰਦਾਰ ਜੀ, ਮੀਟਿੰਗ ਮੁਸ਼ਕਿਲ ਲਗਦੀ ਏ। ਸ਼ਾਮੀਂ ਉਹ ਪਿੰਡ ਜਾ ਰਹੇ ਨੇ ਤੇ ਕਲ੍ਹ ਸਵੇਰੇ ਉਥੋਂ ਹੀ ਦਿੱਲੀ ਚਲ ਪੈਣਗੇ। ਪਲੈਨਿੰਗ ਕਮਿਸ਼ਨ 'ਚ ਕੁਝ ਮੀਟਿੰਗਾਂ ਨੇ ਉਹਨਾਂ ਦੀਆਂ। ਫੇਰ ਵੀ ਪੁੱਛ ਕੇ ਦੱਸਾਂਗਾ।' ਏਸ ਤਰ੍ਹਾਂ ਸਗੋਂ ਉਹਨੂੰ ਚੰਗਾ ਲੱਗਾ। ਲਾਡੀ ਨੂੰ ਉਹਨਾਂ ਗੱਲਾਂ ਨਾਲ ਰਜਾ ਦਿੱਤਾ।

ਦੁਪਹਿਰੇ ਜਗਨ ਨਾਥ ਦਾ ਫ਼ੋਨ ਆ ਗਿਆ। ਜਿਵੇਂ ਉਹਨੇ ਸਵੇਰੇ ਹੀ ਕਹਿ ਦਿੱਤਾ ਸੀ, ਚੌਧਰੀ ਨਾਲ ਮੀਟਿੰਗ ਨਹੀਂ ਸੀ ਹੋ ਸਕਦੀ। ਗੁਰਦਿਆਲ ਨੂੰ ਕੋਈ ਅਫ਼ਸੋਸ ਨਾ ਹੋਇਆ। ਉਹਨੇ ਤਾਂ ਬੂਹਾ ਖੜਕਾ ਦਿੱਤਾ ਸੀ। ਅੱਗੋਂ ਨਹੀਂ ਖੁੱਲ੍ਹਿਆ ਤਾਂ ਨਾ ਸਹੀ।

ਸ਼ਾਮੀਂ ਪਾਲੀ ਤੇ ਜੱਗੀ ਆਏ। ਉਹਨਾਂ ਨਾਲ ਗੱਲਾਂ ਕਰਦਿਆਂ ਗੁਰਦਿਆਲ ਨੂੰ ਇਕ ਫੁਰਨਾ ਫੁਰਿਆ। ਉਹਨੇ ਉਹਨਾਂ ਨਾਲ ਸਾਂਝਾ ਕੀਤਾ ਤੇ ਪੁੱਛਿਆ,

'ਜੇ ਮੈਂ ਬ੍ਰਿਗੇਡੀਅਰ ਸਾਹਿਬ ਤੇ ਭੈਣ-ਜੀ ਨੂੰ ਕੁਝ ਦਿਨਾਂ ਲਈ ਦਿੱਲੀ ਸੱਦਾਂ ਤਾ ਉਹ ਆ ਜਾਣਗੇ?' ਉਸ ਪੁੱਛਿਆ।

'ਜ਼ਰੂਰ ਆ ਜਾਣਗੇ', ਪਾਲੀ ਜੱਗੀ ਤੋਂ ਪਹਿਲੋਂ ਬੋਲ ਪਈ। 'ਪਰ ਸੱਦਾ, ਮਾਸੜ ਜੀ, ਆਪ ਆ ਕੇ ਦੇਣਾ। ਟੈਲੀਫ਼ੋਨ 'ਤੇ ਨਾ ਸੱਦਣਾ।'

'ਠੀਕ ਏ, ਮੈਂ ਕਲ੍ਹ ਦਿੱਲੀ ਜਾਂਦਾ ਉਹਨਾਂ ਨੂੰ ਸੱਦਾ ਦੇਂਦਾ ਜਾਵਾਂਗਾ।'

'ਮਾਸੜ ਜੀ, ਅਸੀਂ ਵੀ ਆ ਜਾਈਏ ਉਹਨਾਂ ਨਾਲ?'

'ਨਹੀਂ ਪਾਲੀ, ਤੁਸੀਂ ਸਗੋਂ ਏਥੇ 'ਕੱਲੇ ਰਹਿਣਾ। 'ਕੱਲੇ ਰਹਿਣ ਦਾ ਸ਼ੌਕ ਪੂਰਾ ਕਰਨਾ ਆਪਣਾ। ਦਿੱਲੀ ਫੇਰ ਕਦੀ ਆ ਜਾਣਾ।'

ਗੁਰਦਿਆਲ ਦੇ ਲਹਿਜੇ 'ਚ ਟਕੋਰ ਸੀ। ਪਾਲੀ ਹੱਸ ਪਈ।

'ਨਹੀਂ ਮਾਸੜ ਜੀ, ਹੁਣ ਨਹੀਂ ਲੋੜ 'ਕੱਲਿਆਂ ਰਹਿਣ ਦੀ,' ਉਸ ਆਖਿਆ।

ਪਹਿਲਾਂ ਵਾਂਗ ਹੀ ਗੁਰਦਿਆਲ ਨੇ ਜੱਗੀ ਨਾਲ ਪੰਜਾਬ ਦੀ ਹਵਾ ਦੀ ਵੀ ਗੱਲ ਕੀਤੀ।

'ਹੁਣ ਦੱਸ, ਜੱਗੀ, ਹਵਾ ਤੈਨੂੰ ਕਿਸ ਤਰ੍ਹਾਂ ਦੀ ਲੱਗ ਰਹੀ ਏ', ਉਹਨੇ ਕੋਈ ਭੂਮਿਕਾ ਬੰਨ੍ਹੇ ਬਿਨਾਂ ਪੁੱਛਿਆ। ਜੱਗੀ ਸਮਝ ਗਿਆ, ਕਿਹੜੀ ਹਵਾ ਦੀ ਗੱਲ ਹੋ ਰਹੀ ਸੀ। ਉਹਦਾ ਜਵਾਬ ਸੀ:

'ਮਾਸੜ ਜੀ, ਪਹਿਲਾ ਨਾਲੋਂ ਫ਼ਰਕ ਏ। ਹੁਣ ਹਵਾ ਦੋਵਾਂ ਪਾਸੇ ਵਗ ਰਹੀ ਏ। ਮੇਰਾ ਇਕ ਰਾਸ਼ਟਰ-ਦਲੀਆ ਦੋਸਤ ਏ। ਉਹਦਾ ਵਿਸ਼ਵਾਸ ਕੁਝ ਘਟਿਆ ਹੋਇਐ। ਕਹਿੰਦਾ ਸੀ, ਹਾਰ-ਜਿੱਤ ਦਾ ਦਾਰੋਮਦਾਰ ਏਸ ਗੱਲ 'ਤੇ ਏ ਕਿ ਤੀਜੀ ਧਿਰ ਸਾਡੇ ਕਿੰਨੇ ਵੋਟ ਤੋੜਦੀ ਏ।'

ਸਵੇਰੇ ਗੁਰਦਿਆਲ, ਵਲਾ ਪਾ, ਕੁੜਮਾਂ ਨੂੰ ਸੱਦਾ ਦੇਣ ਗਿਆ। ਉੱਥੇ ਨੌਂਗ਼ਾ ਠੰਢਾ ਸੀ। ਕੁੜਮ ਤਾਂ ਤਿਆਰ ਸੀ, ਪਰ ਕੁੜਮਣੀ ਦੇ ਗੋਡੇ ਕੁਝ ਦਿਨਾਂ ਤੋਂ ਜ਼ਿਆਦਾ ਤੰਗ ਕਰ ਰਹੇ ਸਨ। ਲਾਚਾਰੀ ਸੀ। ਗੁਰਦਿਆਲ ਨੂੰ ਇਹਦਾ ਵੀ ਅਫ਼ਸੋਸ ਨਾ ਹੋਇਆ। ਉਹਨੇ ਤਾਂ ਸੱਦਣਾ ਸੀ। ਸੋ ਸੱਦ ਲਿਆ। ਜੇ ਅੱਗੋਂ ਉਹਨਾਂ ਦੀ ਕੋਈ ਮਜਬੂਰੀ ਸੀ ਤਾਂ ਇਹ ਉਹ ਜਾਣਨ। ਉਹਦਾ ਆਪਣਾ ਘਰ ਤਾਂ ਪੂਰਾ ਹੋ ਗਿਆ ਸੀ।

ਦਿੱਲੀ ਦਾ ਰਾਹੇ ਪਿਆ ਗੁਰਦਿਆਲ ਉਦਾਸ ਸੀ। ਸੋਚ ਰਿਹਾ ਸੀ, ਹਰ ਕਿਸੇ ਦਾ ਅੱਧਾ ਜਾਂ ਉਸ ਤੋਂ ਵੱਧ ਬੋਝ ਲਹਿ ਗਿਆ ਸੀ, ਪਰ ਉਹਦਾ ਪੂਰੇ ਦਾ ਪੂਰਾ ਅਜੇ ਵੀ ਉਹਦੇ ਸਿਰ ਸੀ। ਛੇਤੀ ਕੀਤੇ ਉਹਨੇ ਲਹਿਣਾ ਵੀ ਨਹੀਂ ਸੀ।

ਅਜੇ ਮਹੀਨਾ-ਭਰ ਯੂ-ਪੀ 'ਚ ਚੋਣਾਂ ਹੁੰਦੀਆਂ ਰਹਿਣੀਆਂ ਸਨ। ਮਨੀਪੁਰ 'ਚ ਇਕੋ ਦਿਨ ਲੱਗਣਾ ਸੀ ਤੇ ਗੋਆ 'ਚ ਵੀ ਇਕੋ ਦਿਨ। ਫੇਰ ਜਾ ਕੇ ਕਿਤੇ ਮਸ਼ੀਨਾਂ ਖੁਲ੍ਹਣੀਆਂ ਸਨ, ਗਿਣਤੀ ਹੋਣੀ ਸੀ ਤੇ ਨਤੀਜੇ ਨਿਕਲਣੇ ਸਨ। ਉਹਨੂੰ ਲੱਗਾ, ਕੰਮ ਨੂੰ ਏਡਾ ਲਮਕਾ ਕੇ ਚੋਣ-ਕਮਿਸ਼ਨ ਨੂੰ ਮਜ਼ਾ ਆਉਂਦਾ ਸੀ। ਲੋਕਾਂ ਨੂੰ ਤੜਫਦੇ ਵੇਖ ਉਹਨੂੰ ਖੁਸ਼ੀ ਹੁੰਦੀ ਸੀ।

ਜੇ ਨਤੀਜਿਆਂ ਤੋਂ ਬਾਅਦ ਵੀ ਕੋਈ ਰਾਹ ਨਾ ਨਿਕਲਿਆ ਤਾਂ? ਪਾਣੀਪਤ ਲੰਘਦਿਆਂ ਉਹਨੂੰ ਸੋਚ ਆਈ। ਉਹਨੂੰ ਹੋਰ ਵੀ ਉਦਾਸ ਕਰ ਗਈ।

# ਜਿੱਤ-ਹਾਰ

ਗੁਰਦਿਆਲ ਸਵੇਰੇ-ਸਵੇਰੇ ਹੀ ਟੀ-ਵੀ ਅੱਗੇ ਜਾ ਬੈਠਾ। ਅੱਜ ਵੋਟਾਂ ਦੀ ਗਿਣਤੀ ਹੋਣੀ ਸੀ ਤੇ ਨਤੀਜੇ ਨਿਕਲਣੇ ਸਨ। ਟੀ-ਵੀ ਚੈਨਲਾਂ ਵਾਲਿਆਂ ਨੇ ਤਰ੍ਹਾਂ-ਤਰ੍ਹਾਂ ਦੇ ਮਾਹਿਰ ਤੇ ਟਿੱਪਣੀਕਾਰ ਬਿਠਾ ਰਖੇ ਸਨ। ਤਰ੍ਹਾਂ-ਤਰ੍ਹਾਂ ਦੇ ਨਕਸ਼ੇ ਤੇ ਖ਼ਾਕੇ ਬਣਾ ਰੱਖੇ ਸਨ। ਵਕਤ ਲੰਘਾਉਣ ਲਈ ਬੇ-ਮਤਲਬ ਬਹਿਸ ਕਰੀ ਜਾ ਰਹੇ ਸਨ। ਜਿੰਨਾ ਚਿਰ ਗਿਣਤੀ ਸ਼ੁਰੂ ਨਹੀਂ ਸੀ ਹੋ ਜਾਂਦੀ, ਉਹਨਾਂ ਵਿਹਲੀਆਂ ਮਾਰਦੇ ਰਹਿਣਾ ਸੀ। ਗਿਣਤੀ ਵੀ ਇਕੋ ਦਮ ਨਹੀਂ ਸੀ ਹੋਣੀ। ਕਿਸ਼ਤਾਂ ਨਾਲ ਹੋਣੀ ਸੀ। ਉਹਦੇ ਕੁਲ ਬੱਤੀ ਰਾਊਂਡ ਸਨ। ਇਕ ਰਾਊਂਡ ਮੁੱਕਣਾ ਸੀ ਤੇ ਉਹਨਾਂ ਦੱਸਣਾ ਸੀ ਕਿ ਏਸ ਵੇਲੇ ਕਿਹੜੀ ਪਾਰਟੀ ਕਿੰਨੀ ਅੱਗੇ ਏ ਤੇ ਕਿਹੜੀ ਕਿੰਨੀ ਪਿੱਛੇ। ਅਸਲ ਨਤੀਜਿਆਂ ਦਾ ਪਤਾ ਬੱਤੀਵੇਂ ਰਾਊਂਡ ਤੋਂ ਬਾਅਦ ਹੀ ਲੱਗਣਾ ਸੀ। ਏਸ ਤੋਂ ਪਹਿਲਾ ਪਾਰਟੀਆਂ ਨੇ ਹੇਠ ਉਪੱਰ ਹੁੰਦੇ ਰਹਿਣਾ ਸੀ। ਵੇਖਣ ਵਾਲੇ ਦਾ ਵੀ ਰੰਗ ਬਦਲਦਾ ਰਹਿਣਾ ਸੀ।

ਗੁਰਦਿਆਲ ਇਹ ਸਭ ਕੁਝ ਜਾਣਦਾ ਸੀ। ਉਹਨੂੰ ਪਤਾ ਸੀ ਕਿ ਪਾਰਟੀਆਂ ਦੀ ਪੁਜ਼ੀਸ਼ਨ ਕੋਈ ਬਾਰ੍ਹਾਂ ਕੁ ਵਜੇ ਨਾਲ ਸਾਫ਼ ਹੋਣੀ ਸੀ। ਫੇਰ ਵੀ ਉਸ ਤੋਂ ਰਹਿ ਨਹੀ ਸੀ ਹੋਇਆ। ਉਹਨੂੰ ਬੇ-ਸਬਰੀ ਬੜੀ ਸੀ। ਸਵੇਰੇ ਉੱਠਦਿਆਂ ਹੀ ਕਾਹਲ ਪੈਣ ਲੱਗ ਪਈ। ਜਦੋਂ ਦਾ ਸੁਜਾਨਗੜ੍ਹ ਤੋਂ ਮੁੜਿਆ ਸੀ, ਉਹਦੀ ਮਨੋ-ਅਵੱਸਥਾ ਏਸ ਤਰ੍ਹਾਂ ਦੀ ਹੀ ਰਹੀ ਸੀ। ਚੈਨ ਘਟ ਹੀ ਪੈਂਦਾ ਸੀ। ਦਿੱਲੀ ਪਰਤਣ ਪਿੱਛੋਂ ਫ਼ਿਕਰ ਘਟਾਉਣ ਵਾਲੀ ਸਿਰਫ਼ ਇਕੋ ਚੀਜ਼ ਹੋਈ ਸੀ। ਐਸਟੇਟ ਆਫ਼ਿਸ ਨੇ ਇਕ ਚਿੱਠੀ ਰਾਹੀਂ ਉਹਨੂੰ ਕੋਠੀ ਵਿਚ ਤਿੰਨ ਮਹੀਨੇ ਹੋਰ ਰਹਿਣ ਦੀ ਮੁਹਲਤ ਦੇ ਦਿੱਤੀ ਸੀ। ਚਿੱਠੀ ਸੁੰਦਰ ਦਾਸ ਨੇ ਹੀ ਘਲਵਾਈ ਸੀ। ਇਹਨੇ ਗੁਰਦਿਆਲ ਨੂੰ ਤਿੰਨ ਮਹੀਨੇ ਹੋਰ ਨਿਸਚਿੰਤ ਕਰ ਦਿੱਤਾ ਸੀ। ਕਿਰਾਇਆ ਕੁਝ ਵੱਧ ਦੇਣਾ ਪੈਣਾ ਸੀ। ਪਰ ਏਨਾ ਵੱਧ ਵੀ ਨਹੀਂ ਸੀ ਕਿ ਚੁੱਭਦਾ ਰਹੇ। ਏਨਾ ਕਿਰਾਇਆ ਤਾਂ ਉਹ ਸਾਰੀ ਉਮਰ ਦੇ ਸਕਦਾ ਸੀ। ਬਸ ਏਥੋਂ ਉਹਨੂੰ ਹਿਲਾਣ ਨਾ।

ਤਿੰਨ ਮਹੀਨੇ ਕਾਫੀ ਸਮਾਂ ਸੀ। ਏਸ ਏਨੇ ਚਿਰ 'ਚ ਕੋਈ ਅਹੁੜ-ਪੁਹੜ ਹੋ ਸਕਦਾ ਸੀ। ਕੋਠੀ ਫੇਰ ਨਾਂ ਕਰਾਈ ਜਾ ਸਕਦੀ ਸੀ।

ਏਸ ਚਿੱਠੀ ਤੋਂ ਬਾਅਦ ਉਹਦੀ ਸੁੰਦਰ ਦਾਸ ਨਾਲ ਕੰਧ ਦੇ ਆਰ-ਪਾਰ ਮੁਲਾਕਾਤ ਵੀ ਹੋ ਗਈ ਸੀ। ਇਕ ਸਵੇਰੇ ਉਹਨੇ ਵੇਖਿਆ, ਉਹ ਆਪਣੇ

ਪਾਸਿਉਂ ਅੰਬ ਦੇ ਦਰੱਖ਼ਤ ਦਾ ਮੁਆਇਨਾ ਕਰ ਰਿਹਾ ਸੀ। ਅੱਖਾਂ ਉਹਦੀਆਂ ਡਾਹਣਾਂ 'ਤੇ ਟਿਕੀਆਂ ਹੋਈਆਂ ਸਨ। ਆਪਣੇ ਪਾਸਿਉਂ ਗੁਰਦਿਆਲ ਉਹਦੇ ਸਾਹਮਣੇ ਜਾ ਖਲੋਤਾ। ਅਖ਼ੀਰ ਉਹਦੀਆਂ ਨਜ਼ਰਾਂ 'ਚ ਆ ਗਿਆ। ਸੁੰਦਰ ਦਾਸ ਉਹਦੇ ਕੋਲ ਪਹੁੰਚ ਪਿਆ ਤੇ ਉਹਨੂੰ ਇਹ ਸ਼ੁਭ ਖ਼ਬਰ ਦੇਣ ਲੱਗਾ,

'ਪੂਜਨੀਕ ਪੜੋਸੀਓ, ਐਤਕੀਂ ਸਾਡੇ ਅੰਬ ਨੂੰ ਬੂਰ ਬੜਾ ਪਿਐ। ਬੜਾ ਫਲ ਲੱਗੇਗਾ।'

ਗੁਰਦਿਆਲ ਨੇ ਸਧਰਾਈਆਂ ਨਜ਼ਰਾਂ ਨਾਲ ਉਤਾਂਹ ਵੇਖਿਆ। ਸੁੰਦਰ ਦਾਸ ਸੱਚ ਕਹਿ ਰਿਹਾ ਸੀ। ਟਹਿਣੀਆਂ ਬੂਰ ਨਾਲ ਲੱਦੀਆਂ ਪਈਆਂ ਸਨ। ਲੜੀਆਂ ਦੀਆਂ ਲੜੀਆਂ ਲਟਕ ਰਹੀਆਂ ਸਨ। ਸੁੰਦਰ ਦਾਸ ਨੇ ਗੁਰਦਿਆਲ ਦੇ ਸੰਸੇ ਭਾਂਪ ਲਏ ਤੇ ਤਸੱਲੀ ਦਿੱਤੀ,

'ਸਿੰਘ ਸਾਹਿਬ, ਫ਼ਿਕਰ ਨਾ ਕਰੋ। ਏਸ ਬੂਰ ਤੋਂ ਜਿਹੜੇ ਅੰਬ ਬਣਨਗੇ, ਉਹਨਾਂ 'ਤੇ ਤੁਹਾਡੀ ਮੁਹਰ ਹੀ ਰਹੇਗੀ। ਏਥੇ ਹੀ ਹੋਵੋਗੇ ਤੁਸੀਂ।'

'ਭਾਈ ਸਾਹਿਬ, ਮੈਨੂੰ ਤਿੰਨ ਮਹੀਨੇ *ਐਕਸਟੈਨਸ਼ਨ* ਦੀ ਚਿੱਠੀ ਆ ਗਈ ਏ', ਗੁਰਦਿਆਲ ਨੇ ਖ਼ਬਰ ਦਿੱਤੀ।

'ਪਤਾ ਏ ਮੈਨੂੰ। ਫ਼ੋਨ ਆ ਗਿਆ ਸੀ। ਮੈਂ ਹੀ ਕਰਾਈ ਏ। ਮੇਰਾ ਉੱਥੇ ਆਪਣਾ ਬੰਦਾ ਹੈ। ਇਕ ਦਿਨ ਮੈਂ ਉਸ ਦਫ਼ਤਰ ਗਿਆ ਸਾਂ। ਮਿਲਿਆ ਸੀ ਮੈਨੂੰ। ਮੈਂ ਉਹਨੂੰ ਕਿਹਾ, ਯਾਰ, ਤੇਰੇ ਏਥੇ ਹੋਣ ਦਾ ਕੀ ਫ਼ਾਇਦਾ, ਜੇ ਸਾਡੇ ਪੂਜਨੀਕ ਪੜੋਸੀ ਚਿੰਤਾ 'ਚ ਪਏ ਰਹਿਣ। ਕਹਿਣ ਲੱਗਾ, ਉਹਨਾਂ ਤੋਂ *ਐਕਸਟੈਨਸ਼ਨ* ਦੀ ਅਰਜ਼ੀ ਭਿਜਵਾ ਦਿਉ, ਲਿਖ ਦੇਣ, ਮੇਰੇ ਆਪਣੇ ਘਰ 'ਚ ਕੋਈ ਕਿਰਾਏਦਾਰ ਬੈਠੈ। ਅਜੇ ਤਿੰਨ ਮਹੀਨਿਆਂ ਦੀ *ਐਕਸਟੈਨਸ਼ਨ* ਦੇ ਦਿਉ। ਅਸੀਂ *ਐਕਸਟੈਨਸ਼ਨ* ਦੇ ਦਿਆਂਗੇ। ਮੈਂ ਕਿਹਾ, ਯਾਰ, ਤੂੰ *ਐਕਸਟੈਨਸ਼ਨ* ਦੇਣ ਦੀ ਚਿੱਠੀ ਘਲਵਾ ਦੇ। ਅਰਜ਼ੀ ਤੈਨੂੰ ਭਿਜਵਾ ਦਿਆਂਗੇ ਪਿੱਛੋਂ। ਲਾ ਲਈਂ ਫ਼ਾਈਲ 'ਚ। ਉਹਨੇ ਚਿੱਠੀ ਘੱਲ ਦਿੱਤੀ। ਤੁਸੀਂ ਇਕ ਅਰਜ਼ੀ ਬਣਾ ਕੇ— ਪਿਛਲੀ ਤਰੀਕ ਦੀ—ਮੈਨੂੰ ਦੇ ਦੇਣਾ। ਮੈਂ ਉਹਨੂੰ ਦਸਤੀ ਭਿਜਵਾ ਦਿਆਂਗਾ।'

'ਭਾਈ ਸਾਹਿਬ, ਇਹ ਕਿਰਾਏਦਾਰ ਵਾਲੀ ਗੱਲ ਹੈ ਤਾਂ ਠੀਕ ਏ। ਸਾਡੇ ਘਰ ਕਿਰਾਏਦਾਰ ਬੈਠਾ ਹੋਇਐ।'

'ਉਹਨੂੰ ਬੈਠਾ ਰਹਿਣ ਦਿਉ। ਉਠਾਣਾ ਨਾ।' ਸੁੰਦਰ ਦਾਸ ਨੇ ਠਹਾਕਾ ਮਾਰਿਆ।

ਗੁਰਦਿਆਲ ਸ਼ੁਕਰਗੁਜ਼ਾਰੀ ਨਾਲ ਭਰ ਗਿਆ।

'ਭਾਈ ਸਾਹਿਬ, ਇਹ ਤੁਸੀਂ ਬੜਾ ਨੇਕ ਕੰਮ ਕੀਤੈ...'

'ਇਹ ਨੇਕ ਕੰਮ ਮੈਂ ਅੱਗੋਂ ਵੀ ਕਰਦਾ ਰਹਾਂਗਾ। ਛੱਡੋ ਇਹਨੂੰ ਤੁਸੀਂ,' ਸੁੰਦਰ ਦਾਸ ਨੂੰ ਇਹ ਕੋਈ ਏਡੀ ਗੱਲ ਨਾ ਲੱਗੀ। 'ਤੁਸੀਂ ਮੈਨੂੰ ਇਹ ਦੱਸੋ, ਪੰਜਾਬ 'ਚ ਕੀ ਕਰਕੇ ਆਏ ਹੋ। ਜਿਹੜੇ ਉਥੇ ਹਕੂਮਤ ਸਾਂਭਣਾ ਚਾਹੁੰਦੇ ਨੇ, ਉਹ ਤਾਂ ਏਥੇ ਬੈਠੇ ਨੇ।'



ਸੁੰਦਰ ਦਾਸ ਨੇ ਮਾੜੀ ਜਿਹੀ ਅੱਖ ਮਾਰੀ।

ਗੁਰਦਿਆਲ ਸਮਝ ਗਿਆ, ਸੁੰਦਰ ਦਾਸ ਦਾ ਇਸ਼ਾਰਾ ਉਸ ਹਸਤੀ ਵਲ ਸੀ, ਜਿਹੜੀ ਪੰਜਾਬ ਦੀ *ਚੀਫ਼ ਮਨਿੱਸਟਰੀ* ਦੀ ਦਾਅਵੇਦਾਰ ਸੀ। ਉਹਨੇ ਪੁੱਛਿਆ,

'ਏਥੇ ਕੀ ਕਰ ਰਹੇ ਨੇ ? ਆਰਾਮ ? ਉਹ ਤਾਂ ਪੰਜਾਬ ਪਿੱਛੋਂ ਯੂ-ਪੀ ਦੀ ਮੁਹਿੰਮ 'ਤੇ ਨਿਕਲ ਗਏ ਸਨ।'

'ਸਿੰਘ ਸਾਹਿਬ, ਉਹਨਾਂ ਨੂੰ ਆਰਾਮ ਕਿੱਥੇ ? ਏਥੇ ਬੈਠੇ ਮਨਿੱਸਟਰੀ ਬਣਾ ਰਹੇ ਨੇ ਆਪਣੀ। ਨਾਲੇ ਸੋਚ ਰਹੇ ਨੇ, ਕਿਹੜੇ ਬਿਊਰੋਕ੍ਰੈਟ ਨੂੰ ਕਿੱਥੇ ਲਾਈਏ। ਜਸ਼ਨ ਦੀਆਂ ਤਿਆਰੀਆਂ ਵੀ ਕਰ ਰਹੇ ਨੇ।'

'ਕਾਹਦਾ ਜਸ਼ਨ ?'

'ਆਪਣਾ, ਹੋਰ ਕਾਹਦਾ ?' ਸੁੰਦਰ ਦਾਸ ਜ਼ੋਰ ਦੀ ਹੱਸਿਆ। 'ਸੱਤਰ੍ਹਵਾਂ ਚੜ੍ਹਨ ਲੱਗਾ ਨੇ। ਜਨਮ-ਦਿਨ ਮਨਾਣਗੇ। ਮਹਿਮਾਨ ਪਾਕਿਸਤਾਨ ਤੋਂ ਵੀ ਆ ਰਹੇ ਨੇ...'

ਸੁੰਦਰ ਦਾਸ ਨੇ ਫੇਰ ਅੱਖ ਮਾਰੀ। ਐਤਕੀਂ ਜ਼ੋਰ ਦੀ। ਗੁਰਦਿਆਲ ਨੂੰ ਖੁੜਕ ਗਈ। ਉਸ ਕਿਹਾ,

'ਹੱਛਾ!'

'ਸਖੀ ਵੀ ਆ ਰਹੀ ਏ ਉਹਨਾਂ ਦੀ। ਉਹਦਾ ਟੱਬਰ-ਟੀਰ੍ਹ ਵੀ।'

'ਕਮਾਲ ਏ! ਤੁਹਾਨੂੰ ਬੜੀਆਂ ਖ਼ਬਰਾਂ ਨੇ, ਭਾਈ ਸਾਹਿਬ। ਬਾਕੀ ਸਾਡੇ ਲੀਡਰ ਕੀ ਕਰ ਰਹੇ ਨੇ ?'

'ਉਹਨਾਂ ਦੀ ਵੀ ਦੱਸਨਾਂ। ਜਿਹੜੇ ਤੁਹਾਡੇ ਬਜ਼ੁਰਗ ਨੇ, ਉਹ ਤਾਂ ਪਿੰਡ ਬੈਠੇ ਨੇ। ਆਪਣੇ ਮਹਿਲੀਂ। ਮਨੋਹਰ ਕੀਰਤਨ ਸੁਣਦੇ ਨੇ। ਕਦੀ-ਕਦੀ ਕਿਸੇ ਲਾਗਲੇ ਪਿੰਡ ਦਾ ਗੇੜਾ ਕੱਢ ਆਉਂਦੇ ਨੇ। ਤੇ ਜਿਹੜੇ ਤੁਹਾਡੇ ਸਾਹਿਬਜ਼ਾਦੇ ਨੇ, ਉਹ ਪ੍ਰਦੇਸੀਂ, ਸੈਰਾਂ 'ਤੇ ਨਿਕਲੇ ਹੋਏ ਨੇ। ਏਸ ਵੇਲੇ ਦੱਖਣੀ ਅਫ਼ਰੀਕਾ ਨੇ।'

'ਤੇ ਤੁਹਾਡੀ ਯੂ-ਪੀ ਦੇ ਲੀਡਰ ?' ਗੁਰਦਿਆਲ ਨੇ ਚਸਕਾ ਲਾਇਆ।

'ਮਾਤਾ ਜੀ ਤਾਂ ਘਰੋਂ ਹੀ ਨਹੀਂ ਨਿਕਲੇ...'

ਗੁਰਦਿਆਲ ਨੂੰ ਸਮਝ ਲਗ ਗਈ, ਸੁੰਦਰ ਦਾਸ ਛਾਯਾ ਦੇਵੀ ਦੀ ਗੱਲ ਕਰ ਰਿਹਾ ਸੀ।

'...ਦਫ਼ਤਰ ਨੂੰ ਉਹਨਾਂ ਜੰਦਰਾ ਲਾ ਦਿੱਤੈ। ਬੈਠੇ, ਆਰਾਮ ਨਾਲ, ਆਪਣੀ ਹੱਡ-ਬੀਤੀ ਲਿਖ ਰਹੇ ਨੇ। ਉਹਦਾ ਨੌਂਵਾਂ ਭਾਗ। ਅੱਠ ਭਾਗ ਉਹ ਪਹਿਲੋਂ ਲਿਖ ਚੁੱਕੇ ਨੇ। ਰਾਸ਼ਟਰ ਦਲ ਤੇ ਭਗਵਾਂ ਦਲ ਵਲ ਆਪਣੇ ਬੰਦੇ ਘੱਲ ਰਹੇ

ਨੇ। ਏਸ ਔਖੀ ਘੜੀ ਕੋਈ ਇੱਟ-ਸਿੱਟ ਲੜਾਣਾ ਚਾਹੁੰਦੇ ਨੇ। ਤੁਸੀਂ ਇਹ ਦੱਸੋ, ਪੰਜਾਬ 'ਚ ਵੀ ਬੰਦੇ ਘੱਲਣੇ ਪੈਣਗੇ ਕਿ ਨਹੀਂ ?'

'ਕੁਝ ਕਹਿ ਨਹੀਂ ਸਕਦੇ। ਉੱਥੇ ਹਾਲਤ ਹੋਰ ਤਰ੍ਹਾਂ ਦੀ ਏ। ਜਿਹੜਾ ਪਹਿਲੋਂ ਸੋਚਦੇ ਸੀ ਕਿ ਉਥੇ ਰਾਸ਼ਟਰ ਦਲ ਹੂੰਝਾ ਫੇਰ ਜਾਏਗਾ, ਉਂਜ ਨਹੀਂ ਜੇ ਹੋਣਾ। ਟੱਕਰ ਬਰਾਬਰ ਦੀ ਏ। ਕੋਈ ਵੀ ਜਿੱਤ ਸਕਦੈ।'

'ਹੱਛਾ!' ਸੁੰਦਰ ਦਾਸ ਨੂੰ ਹੈਰਾਨੀ ਹੋਈ। ਕੁਝ ਸੋਚਣ ਲੱਗਾ ਤੇ ਬੋਲਿਆ, 'ਤੁਹਾਡੇ ਲਈ ਤਾਂ ਇਹ ਸ਼ੁਭ ਏ। ਜੇ ਇੰਜ ਹੋਇਆ ਤਾਂ ਰਾਸ਼ਟਰ ਦਲ ਨੂੰ ਚੰਗੀ ਸੱਟ ਲੱਗੇਗੀ।'

'ਭਾਈ ਸਾਹਿਬ, ਸਾਨੂੰ ਕੀ। ਲੱਗੇ ਪਈ। ਤੁਹਾਨੂੰ ਵੀ ਤਾਂ ਸੂਤ ਬਹਿੰਦੈ।'

'ਨਹੀਂ। ਸਾਨੂੰ ਸੂਤ ਬਹਿੰਦੈ, ਜੇ ਸੱਟ ਯੂ-ਪੀ 'ਚ ਲੱਗੇ। ਦੂਜੀਆਂ ਥਾਈਂ ਅਸੀਂ ਉਹਦੇ ਸ਼ੁਭ-ਚਿੰਤਕ ਹਾਂ। ਵੈਸੇ, ਸਿੰਘ ਸਾਹਿਬ, ਇਹ ਸੱਟ ਲੱਗਣੀ ਤੁਹਾਡੇ ਆਪਣੇ ਲਈ ਵੀ ਚੰਗੀ ਨਹੀਂ। ਜੇ ਤੁਹਾਡਾ ਦਲ ਜਿੱਤ ਗਿਆ ਤਾਂ ਤੁਹਾਡੇ ਲੀਡਰ ਪਹਾੜੀਂ ਚੜ੍ਹ ਜਾਣਗੇ। ਛੋਟੇ-ਮੋਟੇ ਬੰਦੇ ਦੀ ਗੱਲ ਨਹੀਂ ਸੁਣਨਗੇ।'

ਗੁਰਦਿਆਲ ਨੂੰ ਇਹ ਮਨੋ-ਵਿਗਿਆਨਕ ਨੁਕਤਾ ਜਚਿਆ। ਕੁਝ ਸੋਚਣ ਲੱਗਾ। ਸੁੰਦਰ ਦਾਸ ਨੇ ਮੱਤ ਦਿੱਤੀ,

'ਸਿੰਘ ਸਾਹਿਬ, ਸਾਹਿਬਜ਼ਾਦੇ ਨਾਲ ਬਣਾਉ। ਅੱਗੋਂ ਸਭ ਕੁਝ ਉਹਦੇ ਹੱਥ ਹੋਣਾ ਜੇ।'

ਠੀਕ ਸਲਾਹ ਸੀ। ਪੱਲੇ ਬੰਨ੍ਹਣ ਵਾਲੀ। ਉਹਨੇ ਸੋਚ ਲਿਆ, ਉਹ ਸਾਹਿਬਜ਼ਾਦੇ ਨਾਲ ਬਣਾਉਣ ਦਾ ਜਤਨ ਕਰੇਗਾ। ਪਰ ਹੋਏਗਾ ਤਾਂ ਸਭ ਕੁਝ ਸਹਿਜੇ-ਸਹਿਜੇ ਹੀ। ਰਾਤੋ-ਰਾਤ ਕੁਝ ਨਹੀਂ ਸੀ ਹੋ ਸਕਣਾ। ਸੁੰਦਰ ਦਾਸ ਦਾ ਤਾਂ ਉਹ ਕਾਇਲ ਹੋ ਗਿਆ। ਉਹਦੀ ਨਜ਼ਰ ਹਰ ਚੀਜ਼ 'ਤੇ ਸੀ। ਚਸਕਾ ਸੀ ਉਹਨੂੰ ਸਭ ਕੁਝ ਦੀ ਖ਼ਬਰ ਰੱਖਣ ਦਾ। ਦੱਸਦਾ ਵੀ ਸਭ ਕੁਝ ਸੁਆਦ ਲਾ ਕੇ ਸੀ। ਨਤੀਜੇ ਵੀ ਠੀਕ ਕੱਢਦਾ ਸੀ। ਏਸੇ ਲਈ ਹੀ ਤਾਂ ਹਰ ਕੋਈ ਉਹਦਾ ਲੋਹਾ ਮੰਨਦਾ ਸੀ। ਉਹਨੇ ਪੁੱਛਿਆ,

'ਭਾਈ ਸਾਹਿਬ, ਤੁਸੀਂ ਵੀ ਕੋਈ ਤਾਰ ਜੋੜੀ ਹੋਈ ਏ ਸਾਹਿਬਜ਼ਾਦੇ ਨਾਲ ?'

'ਕਿੱਥੇ ਜੀ ? ਸਾਡੇ ਤਾਂ ਉਹ ਵਿਰੋਧੀ ਨੇ। ਅਸੀਂ ਤਾਂ ਨੇੜੇ ਨਹੀਂ ਲੱਗਦੇ ਉਹਨਾਂ ਦੇ। ਸਿੰਘ ਸਾਹਿਬ, ਤੁਹਾਨੂੰ ਆਪਣੀ ਤਾਰ ਆਪ ਹੀ ਜੋੜਨੀ ਪਵੇਗੀ। ਮੇਰੀ ਤਾਰ 'ਚੋਂ ਤਾਰ ਨਹੀਂ ਨਿਕਲੇਗੀ।'

ਇਹ ਕਹਿ ਸੁੰਦਰ ਦਾਸ ਨੇ ਇਕ ਵਾਰ ਫੇਰ ਉਤਾਂਹ ਅੰਬ ਵਲ ਵੇਖਿਆ ਤੇ ਵਿਦਾ ਹੋ ਗਿਆ।



#

ਟੀ-ਵੀ 'ਤੇ ਬਹਿਸ ਜਾਰੀ ਸੀ। ਅੱਠ ਵਜੇ ਤੋਂ ਬਾਅਦ ਤਿੰਨ ਗਿਣਤੀਆਂ ਆਈਆਂ। ਬੜ੍ਹਤਾਂ ਸਨ ਯੂ-ਪੀ ਦੀਆਂ। ਤਿੰਨੇ ਦੀਆਂ ਤਿੰਨੇ ਮੁੱਖ ਪਾਰਟੀਆਂ 'ਚ ਬਰਾਬਰ ਵੰਡੀਆਂ ਗਈਆਂ। ਕੁਝ ਮਿੰਟਾਂ ਬਾਅਦ ਏਨੀਆਂ ਹੀ ਬੜ੍ਹਤਾਂ ਪੰਜਾਬ ਤੋਂ ਵੀ ਆ ਗਈਆਂ। ਦੋ ਰਾਸ਼ਟਰ ਦਲ ਦੇ ਹੱਕ 'ਚ ਗਈਆਂ ਤੇ ਇਕ ਕੇਸਰੀ ਦਲ ਦੇ ਹੱਕ 'ਚ। ਇਹੋ ਕੁਝ ਉੱਤਰਾਂਚਲ 'ਚ ਵੀ ਹੋਇਆ। ਚੌਥਾ ਰਾਜ ਮਨੀਪੁਰ ਅਜੇ ਆਕੜਾਂ ਭੰਨ ਰਿਹਾ ਸੀ ਤੇ ਪੰਜਵਾਂ ਗੋਆ ਅਜੇ ਘੂਕ ਸੁੱਤਾ ਪਿਆ ਸੀ। ਉਹਨਾਂ ਤੋਂ ਕੁਝ ਨਹੀਂ ਸੀ ਆ ਰਿਹਾ। ਏਸ ਤਰ੍ਹਾਂ ਕੋਈ ਦਸ ਵਜੇ ਤਕ ਹੁੰਦਾ ਰਿਹਾ। ਉਸ ਪਿੱਛੋਂ ਯੂ-ਪੀ 'ਚ ਡਰਾਮਾ ਹੋਣ ਲੱਗ ਪਿਆ। ਉੱਥੇ ਭਗਵਾਂ ਪਾਰਟੀਆਂ ਦੀਆਂ ਬੜ੍ਹਤਾਂ ਬੜੀ ਤੇਜ਼ੀ ਨਾਲ ਵਧਣ ਲੱਗੀਆਂ। ਇੰਜ ਜਾਪਣ ਲੱਗਾ, ਜਿਵੇਂ ਉਹ ਸੌ ਤੋਂ ਵਧ ਸੀਟਾਂ ਲੈ ਜਾਏਗੀ। ਆਮ ਇਹ ਸਮਝਿਆ ਜਾ ਰਿਹਾ ਸੀ ਕਿ ਇਹ ਪਾਰਟੀ ਤੀਜੇ ਨੰਬਰ 'ਤੇ ਰਹੇਗੀ। ਪਰ ਇਸ ਵੇਲੇ ਉਹਦੀ ਪੁਜ਼ੀਸ਼ਨ ਦੂਜੀ ਬਣਦੀ ਜਾ ਰਹੀ ਸੀ। ਛਾਯਾ ਦੇਵੀ ਦੀ ਪਾਰਟੀ ਉਸ ਤੋਂ ਕਾਫ਼ੀ ਪਿੱਛੇ ਟੁਰ ਰਹੀ ਸੀ।

ਏਸੇ ਤਰ੍ਹਾਂ ਦਾ ਡਰਾਮਾ ਪੰਜਾਬ 'ਚ ਵੀ ਹੋਇਆ। ਪਹਿਲੇ *ਰਾਊਂਡਾਂ* 'ਚ ਰਾਸ਼ਟਰ ਦਲ ਅੱਗੇ ਰਿਹਾ। ਇਹ ਅਟਕਲਾਂ ਸਹੀ ਜਾਪਣ ਲੱਗੀਆਂ ਕਿ ਕੇਸਰੀ ਦਲ ਹਾਰ ਜਾਵੇਗਾ। ਫੇਰ ਹੌਲੀ-ਹੌਲੀ ਏਸ ਦਲ ਦੀ ਪੁਜ਼ੀਸ਼ਨ ਸੌਰਨ ਲੱਗੀ। ਸਿਰਫ਼ ਪਿੰਡਾਂ 'ਚ ਹੀ ਨਹੀਂ, ਸ਼ਹਿਰਾਂ 'ਚ ਵੀ। ਜਿਹੜਾ ਇਹ ਸੋਚਿਆ ਜਾ ਰਿਹਾ ਸੀ ਕਿ ਕੇਸਰੀ ਦਲ ਸ਼ਹਿਰਾਂ 'ਚ ਮਾਰ ਖਾਏਗਾ, ਗ਼ਲਤ ਸਿੱਧ ਹੋਣ ਲੱਗਾ।

ਗੁਰਦਿਆਲ ਨੂੰ ਆਪਣੇ ਹਲਕੇ ਦਾ ਖ਼ਿਆਲ ਆਇਆ। ਸੱਤ-ਅਠ *ਰਾਊਂਡਾਂ* ਦੀ ਗਿਣਤੀ ਤਾਂ ਉੱਥੇ ਵੀ ਹੋ ਗਈ ਹੋਵੇਗੀ। ਉਹਨੇ ਪੰਜਾਬ ਵਾਲੀ ਚੈਨਲ ਲਾਈ। ਉੱਥੇ ਵੀ ਰੁਝਾਣ ਹੀ ਵਿਖਾਏ ਜਾ ਰਹੇ ਸਨ, ਵੱਖ-ਵੱਖ ਹਲਕਿਆਂ ਦਾ ਵੇਰਵਾ ਨਹੀਂ ਸੀ ਦਿੱਤਾ ਜਾ ਰਿਹਾ। ਉਹਨੇ ਹਜ਼ੂਰ ਸਿੰਘ ਨੂੰ ਫ਼ੋਨ ਕੀਤਾ,

'ਹਜ਼ੂਰੇ, ਕੀ ਹਾਲ ਏ ਉੱਥੇ ?' ਉਹਨੇ ਪੁੱਛਿਆ।

'ਨਾ ਚੰਗਾ, ਨਾ ਮੰਦਾ!' ਹਜ਼ੂਰ ਸਿੰਘ ਦੀ ਆਵਾਜ਼ ਮਾਂਦੀ ਪਈ ਹੋਈ ਸੀ। 'ਪਹਿਲੇ ਤਿੰਨ *ਰਾਊਂਡਾਂ* 'ਚ ਅਸੀਂ ਅੱਗੇ ਸਾਂ, ਹੁਣ ਉਹ ਅੱਗੇ ਨੇ...'

'ਉਹ ਕੌਣ ?'

'ਰਾਸ਼ਟਰ ਦਲ ਵਾਲੇ।'

'ਤੇ ਤੀਜੀ ਧਿਰ ?'

'ਉਹ ਕਿਤੇ ਵੀ ਨਹੀਂ।'

ਗੁਰਦਿਆਲ ਨੂੰ ਫ਼ਿਕਰ ਹੋਇਆ। ਉਸ ਪੁੱਛਿਆ,

'ਸਾਡਾ ਕਿੰਨਾ ਕੁ ਫ਼ਰਕ ਏ ?'

'ਫ਼ਰਕ ਤਾਂ ਬਹੁਤਾ ਨਹੀਂ। ਡੇਢ ਦੋ ਹਜ਼ਾਰ ਦਾ ਏ। ਨਿਕਲ ਜਾਏਗਾ। ਪਰ ਮਾੜੀ ਗੱਲ ਇਹ ਵੇ ਕਿ ਤੀਜੀ ਧਿਰ ਦਾ ਖ਼ਾਤਾ ਖ਼ਾਲੀ ਏ।'

'ਹਜ਼ੂਰੇ ਯਾਰ, ਧਿਆਨ ਰੱਖ। ਕੁਝ ਚਿਰ ਪਿੱਛੋਂ ਫੇਰ ਫ਼ੋਨ ਕਰਾਂਗਾ।'

ਗੱਲ ਤੌਖ਼ਲੇ ਵਾਲੀ ਤਾਂ ਹੈ ਹੀ ਸੀ। ਰਾਸ਼ਟਰ ਦਲ ਦੇ ਵੋਟ ਪਾੜੇ ਨਹੀਂ ਸਨ ਜਾ ਰਹੇ।

ਬਾਰ੍ਹਾਂ ਵਜੇ ਤੋਂ ਬਾਅਦ ਸਥਿਤੀ ਸਪੱਸ਼ਟ ਹੋਣ ਲੱਗੀ। ਯੂ-ਪੀ 'ਚ ਬੜੇ ਭਾਈ ਸਾਹਿਬ ਦੀ ਪਾਰਟੀ ਕਾਫ਼ੀ ਅੱਗੇ ਨਿਕਲ ਗਈ। ਉਹਦੇ ਤੋਂ ਦੂਰ ਪਿੱਛੇ ਛਾਯਾ ਦੇਵੀ ਦੀ ਪਾਰਟੀ ਸੀ। ਭਗਵਾਂ ਪਾਰਟੀ ਉਸ ਤੋਂ ਵੀ ਕਾਫ਼ੀ ਪਿੱਛੇ, ਤੀਜੇ ਨੰਬਰ 'ਤੇ ਚਲ ਰਹੀ ਸੀ। ਚੌਥੇ ਨੰਬਰ 'ਤੇ ਰਾਸ਼ਟਰ ਦਲ ਸੀ। ਲੱਗ ਰਿਹਾ ਸੀ ਕਿ ਸਮਾਜ-ਸੇਵੀ ਪਾਰਟੀ ਦੀ ਬਹੁ-ਗਿਣਤੀ ਹੋ ਜਾਵੇਗੀ। ਜੇ ਕੁਝ ਕਸਰ ਰਹਿ ਗਈ ਤਾਂ ਉਹ ਰਾਸ਼ਟਰ ਦਲ ਦੀ ਹਿਮਾਇਤ ਨਾਲ ਪੂਰੀ ਹੋ ਜਾਵੇਗੀ। ਉਹਨਾਂ ਦੀ ਏਸ ਤਰ੍ਹਾਂ ਦੀ ਮਰਜ਼ੀ ਪਹਿਲੋਂ ਹੀ ਬਣੀ ਹੋਈ ਸੀ।

ਏਧਰ ਪੰਜਾਬ ਵਿਚ ਕੇਸਰੀ ਦਲ ਤੇ ਰਾਸ਼ਟਰ ਦਲ ਨਾਲੋ-ਨਾਲ ਚੱਲ ਰਹੇ ਸਨ। ਤੀਜੀ ਧਿਰ ਦਾ ਨਾਂ-ਨਿਸ਼ਾਨ ਨਹੀਂ ਸੀ। ਚਾਰ ਪੰਜ ਥਾਈਂ ਆਜ਼ਾਦ ਉਮੀਦਵਾਰ ਵੀ ਅੱਗੇ ਸਨ। ਇਹ ਬਾਗ਼ੀ ਸਨ। ਪਤਾ ਨਹੀਂ ਸੀ ਲੱਗਦਾ, ਉਹਨਾਂ ਕਿਹੜੀਆਂ ਪਾਰਟੀਆਂ ਵਿਰੁੱਧ ਬਗ਼ਾਵਤ ਕੀਤੀ ਸੀ।

ਗੁਰਦਿਆਲ ਨੇ ਟੀ-ਵੀ ਦੀ ਆਵਾਜ਼ ਬੰਦ ਕੀਤੀ ਤੇ ਹਜ਼ੂਰ ਸਿੰਘ ਨੂੰ ਫ਼ੋਨ ਕੀਤਾ।

'ਹਜ਼ੂਰੇ, ਏਸ ਵੇਲੇ ਕੀ ਹਾਲ ਏ ?' ਉਸ ਪੁੱਛਿਆ।

'ਪੁੱਛ ਨਾ! ਬੜੀ *ਟੈਂਸ਼ਨ* ਏ। ਸਿਰਫ਼ ਚਾਰ *ਰਾਊਂਡ* ਬਾਕੀ ਨੇ। ਹਜ਼ਾਰ ਕੁ ਵੋਟਾਂ ਤੋਂ ਪਿੱਛੇ ਹਾਂ ਅਸੀਂ...।'

'ਯਾਰ, ਇਹ ਤਾਂ ਜ਼ਿਆਦਾ ਨਹੀਂ। ਨਿਕਲ ਜਾਏਗਾ। ਇਹ ਦੱਸ, ਸਾਡਾ ਆਪਣਾ ਸ਼ਹਿਰ ਭੁਗਤ ਗਿਐ ?'

'ਘੰਟਾ ਪਹਿਲੋਂ। ਉਹਨੇ ਫ਼ਰਕ ਦੋ ਹਜ਼ਾਰ ਘਟਾ ਦਿੱਤਾ ਸੀ। ਉਸ ਪਿੱਛੋਂ ਫ਼ਰਕ ਨਹੀਂ ਨਿਕਲ ਰਿਹਾ। ਕਦੀ ਸੌ ਘੱਟ ਜਾਂਦੈ, ਕਦੀ ਸੌ ਵਧ ਜਾਂਦੈ।'

ਹਜ਼ੂਰ ਸਿੰਘ ਦੀ ਆਵਾਜ਼ ਲਟਕੀ ਹੋਈ ਸੀ।

'ਯਾਰ, ਬਾਕੀ ਦੀ ਥਾਂ ਤਾਂ ਹਾਲ ਮਾੜਾ ਨਹੀਂ। ਮੈਂ ਵੀ ਟੀ-ਵੀ ਅੱਗੇ ਬੈਠਾ ਹੋਇਆਂ।'

'ਬਾਕੀ ਥਾਂ ਹਾਲ ਚੰਗੈ। ਮਾਮਲਾ ਤੀਜੀ ਧਿਰ ਦੈ। ਜਿੱਥੇ ਉਹਨੇ ਵੋਟ ਪਾੜ ਲਏ ਨੇ, ਅਸੀਂ ਅੱਗੇ ਨਿਕਲ ਗਏ ਹਾਂ। ਸਾਡੇ ਹਲਕੇ 'ਚ ਤੀਜੀ ਧਿਰ ਦਾ



ਉਮੀਦਵਾਰ ਚੰਗਾ ਨਹੀਂ। ਵੈਸੇ ਦਿਆਲ, ਫ਼ਰਕ ਏਨਾ ਜ਼ਿਆਦਾ ਨਹੀਂ। ਨਿਕਲ ਸਕਦੈ।'

ਹਜ਼ੂਰ ਸਿੰਘ ਅਜੇ ਆਸਵੰਦ ਸੀ।

ਘੰਟੇ ਕੁ ਬਾਅਦ ਸਥਿਤੀ ਬਿਲਕੁਲ ਬਦਲ ਗਈ। ਯੂ-ਪੀ 'ਚ ਬੜੇ ਭਾਈ ਸਾਹਿਬ ਦੀ ਪਾਰਟੀ ਹੋਰ ਅੱਗੇ ਨਿਕਲ ਗਈ। 224 ਸੀਟਾਂ ਉਤੇ ਉਹਦੀ ਪਕੜ ਕਾਇਮ ਸੀ। ਮਤਲਬ ਸੀ, ਸਰਕਾਰ ਬਣਾਉਣ ਲਈ ਉਹਨੂੰ ਰਾਸ਼ਟਰ ਦਲ ਦੀ ਮਦਦ ਦੀ ਮੁਥਾਜੀ ਨਹੀਂ ਸੀ ਰਹੀ। ਗੁਰਦਿਆਲ ਨੂੰ ਫੁਰ ਪਿਆ, ਹੁਣ ਬੜੇ ਭਾਈ ਸਾਹਿਬ ਰਾਜ ਸਭਾ ਵਿਚ ਬਹੁਤੇ ਬੰਦੇ ਘੱਲ ਸਕਣਗੇ। ਉਹਨੂੰ ਆਪਣੇ ਨਾਲ ਹੋਇਆ ਵਾਇਦਾ ਵੀ ਯਾਦ ਆ ਗਿਆ।

ਛਾਯਾ ਦੇਵੀ ਦੀ ਪਾਰਟੀ ਅੱਸੀਆਂ ਦੇ ਨੇੜੇ ਤੇੜੇ ਸੀ। ਭਗਵਾਂ ਪਾਰਟੀ ਪੰਜਾਹ ਦੁਆਲੇ ਮੰਡਲਾ ਰਹੀ ਸੀ ਤੇ ਰਾਸ਼ਟਰ ਦਲ ਚਾਲ੍ਹੀ ਦੁਆਲੇ। ਚੋਣਾਂ ਤੋਂ ਪਹਿਲਾਂ ਰਾਸ਼ਟਰ ਦਲ ਨੇ ਜਿਹੜੇ ਦਮਗਜੇ ਮਾਰੇ ਸਨ, ਉਹ ਫੋਕੇ ਸਿੱਧ ਹੋਏ ਸਨ।

ਪੰਜਾਬ ਵਿਚ ਕੇਸਰੀ ਦਲ ਸੱਠ ਦਾ ਹਿੰਦਸਾ ਟੱਪ ਗਿਆ ਸੀ। ਭਾਵ, ਉਹਦੀ ਬਹੁ-ਗਿਣਤੀ ਹੋ ਜਾਣੀ ਸੀ ਤੇ ਸਰਕਾਰ ਵੀ ਉਹਦੀ ਹੀ ਬਣਨੀ ਸੀ।

ਪਾਰਸ ਅਜੇ ਆਪਣੀ ਹਵੇਲੀ ਅੰਦਰ ਹੀ ਬੈਠਾ ਸੀ। ਕਿਤੇ ਬਾਹਰ ਨਹੀਂ ਸੀ ਨਿਕਲ ਰਿਹਾ। ਬਾਹਰ ਬੂਹੇ 'ਤੇ ਟੀ-ਵੀ ਕੈਮਰੇ ਬੀੜੇ ਪਏ ਸਨ ਤੇ ਚੈਨਲਾਂ ਦੀਆਂ ਵੈਨਾਂ ਤੇ ਪੱਤਰ-ਪ੍ਰੇਰਕਾਂ ਨੇ ਭੀੜ ਪਾਈ ਹੋਈ ਸੀ।

ਏਨੇ 'ਚ ਰਾਸ਼ਟਰ ਦਲ ਦਾ ਆਗੂ ਬਾਹਰ ਆ ਗਿਆ। ਉਹਨੇ ਮੰਨ ਲਿਆ ਕਿ ਉਹ ਹਾਰ ਗਏ ਨੇ। ਉਸ ਪਿੱਛੋਂ ਪਾਰਸ ਵੀ ਨਿਕਲ ਪਿਆ। ਉਹਨੇ ਦਾਅਵਾ ਕੀਤਾ, ਨਤੀਜੇ ਉਹ ਨਹੀਂ ਸਨ ਨਿਕਲੇ, ਜਿਨ੍ਹਾਂ ਦੀ ਉਹਨੂੰ ਆਸ ਸੀ। 'ਅਸੀਂ ਸੱਤਰ ਸੀਟਾਂ ਦੀ ਆਸ ਲਾਈ ਬੈਠੇ ਸਾਂ। ਦੋ ਘੱਟ ਗਈਆਂ ਨੇ।' ਉਹਨੇ ਇਹ ਵੀ ਕਹਿ ਦਿੱਤਾ, ਇਹ ਸਾਰਾ ਕੁਝ ਸਾਹਿਬਜ਼ਾਦੇ ਦੀ ਅਣਥੱਕ ਮਿਹਨਤ ਦਾ ਸਦਕਾ ਏ।

ਪਾਰਸ ਆਪਣੇ ਸਪੁੱਤਰ ਨੂੰ ਅੱਗੇ ਕਰ ਰਿਹਾ ਸੀ। ਗੁਰਦਿਆਲ ਨੂੰ ਸੁੰਦਰ ਦਾਸ ਦੀ ਦਿੱਤੀ ਮੱਤ ਯਾਦ ਆਈ। ਉਹਨੇ ਧਾਰ ਲਿਆ, ਫ਼ੋਕਸ ਪਿਓ ਤੋਂ ਪੁੱਤਰ ਵਲ ਕਰਨ ਦੀ ਕੋਸ਼ਿਸ਼ ਕਰੇਗਾ। ਅੱਗੋਂ ਤੋਂ।

ਗੁਰਦਿਆਲ ਟੀ-ਵੀ ਅੱਗੋਂ ਉੱਠਣ ਲੱਗਾ ਸੀ ਕਿ ਸਕਰੀਨ 'ਤੇ ਦ੍ਰਿਸ਼ ਬਦਲ ਗਿਆ। ਹੁਣ ਦਿੱਲੀ ਦਿੱਸਣ ਲਗ ਪਈ ਸੀ। ਰਾਸ਼ਟਰ ਦਲ ਦੀ ਅਧਿਅਕਸ਼ਾ ਆਪਣੀ ਕੋਠੀਉਂ ਬਾਹਰ ਨਿਕਲੀ ਸੀ ਤੇ ਟੀ-ਵੀ ਕੈਮਰਿਆਂ ਸਾਹਮਣੇ ਆ ਇਹ ਮੰਨ ਰਹੀ ਸੀ ਕਿ ਪੰਜਾਬ ਤੇ ਗੋਆ 'ਚ ਉਹਦੀ ਪਾਰਟੀ ਹਾਰ ਗਈ ਸੀ। ਯੂ-ਪੀ 'ਚ ਵੀ ਨਤੀਜੇ ਚੰਗੇ ਨਹੀਂ ਸਨ ਨਿਕਲੇ। ਗੱਲ ਅਫ਼ਸੋਸ ਵਾਲੀ ਸੀ, ਪਰ ਉਹਨੇ ਇਹ ਸਾਰਾ ਕੁਝ ਹੱਸ ਕੇ ਕਿਹਾ। 'ਇੰਜ

ਕਿਉਂ ਹੋਇਆ, ਇਹ ਅਸੀਂ ਬਹਿ ਕੇ ਵਿਚਾਰਾਂਗੇ ਤੇ ਯੋਗ ਨਤੀਜੇ ਕੱਢਾਂਗੇ।' ਇਹ ਕਹਿ ਉਹ ਵਾਪਸ ਆਪਣੀ ਕੋਠੀ 'ਚ ਚੱਲੀ ਗਈ।

ਉਸੇ ਪਲ ਗੁਰਦਿਆਲ ਨੂੰ ਹਜ਼ੂਰ ਸਿੰਘ ਦਾ ਧਿਆਨ ਆ ਗਿਆ। ਉਹਨੇ ਛੇਤੀ ਨਾਲ ਉਹਦਾ ਨੰਬਰ ਦਬਾਇਆ।

'ਹਜ਼ੂਰੇ, ਫੇਰ ਕੀ ਬਣਿਐ ?' ਉਹਨੇ ਪੁੱਛਣ ਦੀ ਕੀਤੀ।

'ਹਾਰ ਗਏ ਹਾਂ। 331 ਵੋਟਾਂ ਨਾਲ।' ਹਜ਼ੂਰ ਸਿੰਘ ਦੀ ਆਵਾਜ਼ ਮਸਾਂ ਨਿਕਲੀ। ਢੇਰੀ ਢਾਹੀ ਬੈਠਾ ਸੀ।

'ਯਾਰ, ਇਹ ਤਾਂ ਜਿੱਤ ਕੇ ਹਾਰਨ ਵਾਲੀ ਗੱਲ ਹੋਈ। ਬੜਾ ਮਾੜਾ ਹੋਇਐ।' ਗੁਰਦਿਆਲ ਦੀ ਜੀਭ ਤਾਲੂ ਨਾਲ ਲੱਗ ਗਈ।

'ਮਾੜਾ ਤਾਂ ਹੈ ਈ ਏ...।'

'ਮਤਲਬ ਏ, ਅਸੀਂ ਮਹੀਨਾ ਭਰ ਹਵਾ 'ਚ ਡਾਂਗਾਂ ਮਾਰਦੇ ਰਹੇ...'

'ਨਹੀਂ ਯਾਰ, ਡਾਂਗਾਂ ਤਾਂ ਠੀਕ ਥਾਂ ਮਾਰੀਆਂ ਸਨ। ਮਾਰੀਆਂ ਘੱਟ ਸਨ... ਕਸਰ ਰਹਿ ਗਈ ਸੀ।' ਹਜ਼ੂਰ ਸਿੰਘ ਕੁਝ ਸੰਭਲ ਪਿਆ ਸੀ।

'ਯਾਰ, ਮੈਨੂੰ ਤਾਂ ਰਾਤੀਂ ਨੀਦਰ ਨਹੀਂ ਆਉਣ ਲੱਗੀ।'

'ਨੀਂਦਰ ਕਿਵੇਂ ਆ ਸਕਦੀ ਏ। ਮੈਂ ਵੀ ਗੋਲੀ ਖਾ ਕੇ ਸੌਂਵਾਂਗਾ।'

'ਮਾੜੀ ਗੱਲ ਏ, ਯਾਰ। ਸਾਡੀ ਪਾਰਟੀ ਜਿੱਤ ਗਈ ਏ ਤੇ ਅਸੀਂ ਹਾਰ ਗਏ ਹਾਂ।'

'ਹੈ ਤਾਂ ਇੰਜ ਹੀ ਏ ਭਾਈ। ਹੁਣ ਕੀ ਹੋ ਸਕਦੈ ? ਮੰਨ ਲੈਣਾ ਚਾਹੀਦੈ ਕਿ ਅਸੀਂ ਹਾਰ ਗਏ ਹਾਂ। ਆਰਾਮ ਨਾਲ ਬਹਿਣਾ ਚਾਹੀਦੈ...।' ਹਜ਼ੂਰ ਸਿੰਘ ਕਾਫ਼ੀ ਸੰਭਲ ਗਿਆ ਸੀ।

'ਬਹਿ ਲੈਂਗਾ ਆਰਾਮ ਨਾਲ ?'

'ਹੋਰ ਕੀ ਚਾਰਾ ਏ, ਭਾਈ।'

'ਕੀ ਕਰੇਂਗਾ ?'

'ਕਰਨ ਨੂੰ ਬੜਾ ਕੁਝ ਏ। ਫੇਰ ਆਪਣੀ ਪਾਰਟੀ ਖੜ੍ਹੀ ਕਰਾਂਗਾ। ਨਸ਼ਿਆਂ ਵਿਰੋਧੀ ਪ੍ਰਚਾਰ ਕਰਾਂਗਾ। ਜੇ ਲੋਕਾਂ ਦੀ ਸੇਵਾ ਕਰਨੀ ਏ ਤਾਂ ਕੁਝ ਨਾ ਕੁਝ ਕਰਨਾ ਹੀ ਪਏਗਾ।'

'ਏਥੇ ਦਿੱਲੀ ਆ ਜਾ ਕੁਝ ਦਿਨ ਮੇਰੇ ਕੋਲ।'

'ਨਹੀਂ ਯਾਰ, ਮੈਨੂੰ ਆਪੇ ਮੱਥਾ ਮਾਰਨ ਦੇ ਆਪਣੇ ਹਾਲਾਤ ਨਾਲ। ਮੈਂ ਠੀਕ ਹੋ ਜਾਂਗਾ। ਪਹਿਲੀ ਵਾਰ ਨਹੀਂ ਹਾਰਿਆ। ਇਕ ਵਾਰੀ ਏਸ ਤੋਂ ਵੱਡੀ ਚੋਣ ਹਾਰ ਚੁਕਾਂ। ਐਤਕੀਂ ਔਖ ਤਾਂ ਹੋ ਰਹੀ ਏ ਕਿ ਜਿੱਤਦਾ-ਜਿੱਤਦਾ ਹਾਰਿਆ ਹਾਂ।'

'ਯਾਰ, ਬੰਦਾ ਹਾਰੇ ਤਾਂ ਬੰਦਿਆਂ ਵਾਂਗ ਹਾਰੇ। ਇਹ ਕੀ ਹਾਰਨਾ ਹੋਇਐ। 331 ਵੋਟਾਂ ਨਾਲ।'



'ਭਾਈ, ਹਾਰ ਤਾਂ ਹਾਰ ਏ। ਛੱਡ ਇਹਨੂੰ ਹੁਣ। ਮੈਂ 'ਕੱਲਾ ਹੀ ਨਹੀਂ ਹਾਰਿਆ। ਹਰ ਸੀਟ 'ਤੇ ਕਈ ਲੋਕ ਹਾਰੇ ਨੇ। ਜਿੱਤਿਆ ਇੱਕੋ ਹੀ ਏ। ਬੜਿਆਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋਈਆਂ ਨੇ। ਉਹ ਤਾਂ ਮੂੰਹ ਦਿਖਾਣ ਜੋਗੇ ਵੀ ਨਹੀਂ। ਮੈਂ ਤਾਂ ਜਿੱਤਿਆਂ ਵਰਗਾ ਹਾਂ।'

ਹਜ਼ੂਰ ਸਿੰਘ ਨੇ ਫ਼ੋਨ ਬੰਦ ਕਰ ਦਿੱਤਾ।

ਗੁਰਦਿਆਲ ਨੂੰ ਸਮਝਾਉਂਦਾ ਹਜ਼ੂਰ ਸਿੰਘ ਆਪ ਸਮਝ ਗਿਆ ਸੀ। ਉਹ ਨਵੇਂ ਹਾਲਾਤ ਨਾਲ ਨਿਬੜਨ ਨੂੰ ਤਿਆਰ ਲੱਗਦਾ ਸੀ। ਪਰ ਗੁਰਦਿਆਲ ਅਜੇ ਢਹਿੰਦੀਆਂ ਕਲਾਂ 'ਚ ਸੀ। ਉਹਨੇ ਟੀ-ਵੀ ਬੰਦ ਕਰ ਦਿੱਤਾ ਤੇ ਆਪਣੇ ਕਮਰੇ 'ਚ ਜਾ ਲੇਟ ਗਿਆ।

ਲੇਟੇ ਪਏ ਨੂੰ ਕੁਝ ਅਹੁੜਿਆ। ਉਹ ਚੇਤੰਨ ਹੋ ਗਿਆ। ਉਹਨੂੰ ਲੱਗਾ, ਸੁੰਦਰ ਦਾਸ ਦੀ ਪਾਰਟੀ ਦੀ ਏਡੀ ਜ਼ਬਰਦਸਤ ਜਿੱਤ ਹੋਈ ਸੀ, ਉਹਨੂੰ ਮੁਬਾਰਕ ਦੇਣੀ ਬਣਦੀ ਸੀ। ਫ਼ੋਨ 'ਤੇ ਨਹੀਂ, ਉਹਦੇ ਵਲ ਜਾ ਕੇ। ਨਾਲੇ, ਮੌਕਾ ਪਾ ਉਹਨੂੰ ਉਹ ਵਾਇਦਾ ਵੀ ਯਾਦ ਕਰਾਉਣਾ ਚਾਹੀਦਾ ਸੀ, ਜੋ ਬੜੇ ਭਾਈ ਸਾਹਿਬ ਨੇ ਕੀਤਾ ਹੋਇਆ ਸੀ।

ਉਹ ਉੱਠਿਆ। ਸ਼ੀਸ਼ੇ ਅੱਗੇ ਖਲੋਤਾ। ਸ਼ਕਲ ਸੰਵਾਰੀ। ਪਤਨੀ ਨੂੰ ਦੱਸਿਆ ਤੇ ਨਾਲ-ਦੀ ਕੋਠੀ ਵਲ ਨਿਕਲ ਪਿਆ।

#

ਗੁਰਦਿਆਲ ਕਮਰੇ ਅੰਦਰ ਵੜਿਆ। ਉਹਨੇ ਵੇਖਿਆ, ਸੁੰਦਰ ਦਾਸ ਕੰਨ ਨੂੰ ਮੋਬਾਈਲ ਚੇਪੀ ਖੜ੍ਹਾ ਸੀ। ਠਹਾਕੇ ਛੱਡ ਰਿਹਾ ਸੀ। ਅਲਕਾ ਕੋਲ ਬੈਠੀ ਸੀ। ਭਾਵੇਂ ਉਹਨੂੰ ਉਹ ਸੁਣੀ ਨਹੀਂ ਸੀ ਰਿਹਾ, ਜੋ ਸੁੰਦਰ ਦਾਸ ਸੁਣ ਰਿਹਾ ਸੀ, ਫੇਰ ਵੀ ਉਹਨੇ ਉਹਦੇ ਨਾਲ ਸੁਰ ਮੇਲ ਰੱਖੀ ਸੀ। ਜਦੋਂ ਉਹ ਮੁਸਕਰਾਉਂਦਾ, ਉਹ ਵੀ ਮੁਸਕਰਾ ਪੈਂਦੀ। ਜਦੋਂ ਉਹ ਖਿੜਖਿੜਾਉਂਦਾ, ਉਹ ਵੀ ਹੱਸਣ ਲੱਗਦੀ ਤੇ ਉਹਦੀਆਂ ਗਲ੍ਹਾਂ 'ਚ ਟਿੱਬ ਪੈ ਜਾਂਦਾ। ਗੁਰਦਿਆਲ ਅਛੋਪਲੇ ਜਿਹੇ ਕੋਲ ਜਾ ਬੈਠਾ। ਉਡੀਕਣ ਲੱਗਾ, ਸੁੰਦਰ ਦਾਸ ਦੀ ਗੱਲ ਮੁੱਕੇ।

'ਚੀਜ਼ ਤਾਂ ਵੇਖਣ ਵਾਲੀ ਹੋਏਗੀ', ਸੁੰਦਰ ਦਾਸ ਨੇ ਕੰਨੀਂ ਕੁਝ ਪਏ 'ਤੇ ਅੱਸ਼-ਅੱਸ਼ ਕੀਤੀ। ਗੁਰਦਿਆਲ ਨੂੰ ਧਿਆਨ ਆਪਣੇ ਵਲ ਦਵਾਉਣ ਦਾ ਮੌਕਾ ਦਿੱਸਿਆ। ਉਹਨੇ ਸੁੰਦਰ ਦਾਸ ਦੇ ਕਹੇ ਨੂੰ ਤਰੋਪਾ ਲਾਇਆ,

'ਕੱਲੇ ਹੀ ਨਾ ਵੇਖਦੇ ਰਹਿਣਾ, ਭਾਈ ਸਾਹਿਬ! ਮੁਬਾਰਕਾਂ ਹੋਣ! ਹੱਦਾਂ ਲਾਹ ਦਿੱਤੀਆਂ ਨੇ ਤੁਸੀਂ ਤਾਂ!'

'ਤੁਹਾਨੂੰ ਵੀ ਮੁਬਾਰਕਾਂ!' ਸੁੰਦਰ ਦਾਸ ਨੇ ਵਧਾਈ ਲੈ ਲਈ। 'ਅਲਕਾ, ਸਿੰਘ ਸਾਹਿਬ ਨੂੰ ਲੱਡੂ ਖੁਆ', ਸੁੰਦਰ ਦਾਸ ਨੇ ਫ਼ੋਨ ਇੱਕ ਕੰਨੋਂ ਲਾਹ ਦੂਜੇ ਕੰਨ ਨੂੰ ਲਾ ਲਿਆ ਤੇ ਕਿਹਾ,

'ਨਹੀਂ ਜੀ, ਮੈਂ 'ਕੱਲਾ ਹੀ ਨਹੀਂ ਵੇਖਾਂਗਾ, ਸਾਰਾ ਦੇਸ ਵੇਖੇਗਾ। ਤੁਸੀਂ ਵੀ ਵੇਖੋਗੇ। *ਲਾਈਵ ਟੈਲੀਕਾਸਟ* ਹੋ ਰਿਹਾ ਹੁੰਦੈ।'

'ਭਾਈ ਸਾਹਿਬ, ਝਾਕੀ ਕਿਹੜੀ ਏ ਵੇਖਣ ਵਾਲੀ ?' ਗੁਰਦਿਆਲ ਫੇਰ ਵਿੱਚੋਂ ਬੋਲ ਪਿਆ।

ਸੁੰਦਰ ਦਾਸ ਨੇ ਫ਼ੋਨ ਬੰਦ ਕੀਤਾ ਤੇ ਹੱਸਦਿਆਂ-ਹੱਸਦਿਆਂ ਦੱਸਣ ਲੱਗਾ,

'ਲਖਨਊ ਤੋਂ ਫ਼ੋਨ ਸੀ। ਬੰਦਾ ਪੁੱਛ ਰਿਹਾ ਸੀ ਕਿ ਹੁਣ ਜਦੋਂ ਮਾਤਾ ਜੀ ਰਾਜ ਸਭਾ 'ਚ ਬਿਰਾਜਮਾਨ ਹੋਣਗੇ, ਕਿੰਨੀਆਂ ਕਤਾਰਾਂ ਦੀਆਂ ਕੁਰਸੀਆਂ ਖ਼ਾਲੀ ਕਰਾਣਗੇ।'

ਗੁਰਦਿਆਲ ਦੇ ਪੱਲੇ ਕੁਝ ਨਾ ਪਿਆ। ਉਹਨੇ ਇੰਜ ਵੇਖਿਆ, ਜਿਵੇਂ ਸਮਝਾਏ ਜਾਣ ਦੀ ਫ਼ਰਮਾਇਸ਼ ਪਾ ਰਿਹਾ ਹੋਵੇ।

'ਮਾਤਾ ਜੀ ਜਿੱਥੇ ਵੀ ਬਹਿੰਦੇ ਨੇ, ਉੱਥੇ ਇੱਕੋ ਕੁਰਸੀ ਹੁੰਦੀ ਏ। ਸਿਰਫ਼ ਉਹਨਾਂ ਲਈ। ਬਾਕੀ ਹਰ ਕੋਈ ਖੜਾ ਰਹਿੰਦੈ। ਹੁਣ ਯੂ-ਪੀ ਉਹਨਾਂ ਤੋਂ ਛੁੱਟ ਗਈ ਏ ਤੇ ਉਹ ਦਿੱਲੀ ਰਾਜ ਸਭਾ 'ਚ ਪਧਾਰ ਰਹੇ ਨੇ। ਉੱਥੇ ਬੈਠਿਆ ਕਰਨਗੇ। ਪੁੱਛਣ ਵਾਲਾ ਪੁੱਛ ਰਿਹਾ ਸੀ ਕਿ ਉੱਥੇ ਬਹਿਣ ਵੇਲੇ ਦੁਆਲੇ ਦੀਆਂ ਕਿੰਨੀਆਂ ਕੁਰਸੀਆਂ ਚੁਕਵਾਣਗੇ, 'ਕੱਲੇ ਬੈਠਾ ਹੋਣਾ ਮਹਿਸੂਸ ਕਰਨ ਲਈ।'

ਇਹ ਕਿਹੜੀ ਹੱਸਣ ਵਾਲੀ ਗੱਲ ਸੀ! ਗੁਰਦਿਆਲ ਨੂੰ ਲੱਗਾ, ਸੁੰਦਰ ਦਾਸ ਤੇ ਉਹਦੀ ਪਾਰਟੀ ਵਾਲੇ ਦਲਿਤ ਲੀਡਰ ਦੀ ਹਾਰ ਦਾ ਲੁਤਫ਼ ਲੈ ਰਹੇ ਸਨ। ਇਹ ਨਹੀਂ ਸਨ ਪਏ ਸਮਝਦੇ ਕਿ ਚੋਣਾਂ 'ਚ ਹਾਰ-ਜਿੱਤ ਤਾਂ ਹੁੰਦੀ ਰਹਿੰਦੀ ਏ। ਪਿਛਲੀ ਵਾਰੀ ਇਹ ਹਾਰੇ ਸਨ ਤੇ ਉਹ ਜਿੱਤੀ ਸੀ। ਗੁਰਦਿਆਲ ਨੂੰ ਛਾਯਾ ਦੇਵੀ ਨੂੰ ਮਾਤਾ ਜੀ ਕਿਹਾ ਜਾਣਾ ਵੀ ਚੰਗਾ ਨਾ ਲੱਗਾ। ਉਹਨੇ ਸੁੰਦਰ ਦਾਸ ਨੂੰ ਪੁੱਛ ਹੀ ਲਿਆ,

'ਭਾਈ ਸਾਹਿਬ, ਛਾਯਾ ਦੇਵੀ ਨੂੰ ਮਾਤਾ ਜੀ ਕਿਉਂ ਸੱਦਦੇ ਹੋ? ਉਹਨਾਂ ਦੀ ਕਿਹੜੀ ਏਡੀ ਉਮਰ ਏ। ਕੁਮਾਰੀ ਨੇ ਅਜੇ।'

ਸੁੰਦਰ ਦਾਸ ਫੇਰ ਹੱਸਿਆ। ਦੱਸਣ ਲੱਗਾ,

'ਮਾਤਾ ਜੀ ਅਸੀਂ ਉਹਨਾਂ ਨੂੰ ਉਮਰ ਕਰਕੇ ਨਹੀਂ ਕਹਿੰਦੇ। ਤੁਸੀਂ ਇਹ ਦੱਸੋ, ਸਾਡੀ ਅਲਕਾ ਨੂੰ ਕੋਈ ਮਾਤਾ ਜੀ ਕਹਿ ਸਕਦੈ? ਗੱਲ ਉਮਰ ਦੀ ਨਹੀਂ ਹੁੰਦੀ। ਸ਼ੈਲੀ ਦੀ ਹੁੰਦੀ ਏ। ਵੈਸੇ, ਛਾਯਾ ਦੇਵੀ ਦੇ ਦੀਵਾਨੇ ਉਹਨਾਂ ਨੂੰ ਭੈਣ ਜੀ ਕਹਿੰਦੇ ਨੇ। ਮੈਂ ਉਹਨਾਂ ਨੂੰ ਭੈਣ ਜੀ ਨਹੀਂ ਕਹਿ ਸਕਦਾ। ਨਾ ਛੋਟੇ, ਨਾ ਵੱਡੇ।'

ਸੁੰਦਰ ਦਾਸ ਨੇ ਫੇਰ ਠਹਾਕਾ ਛਡਿਆ।

ਉਹਦਾ ਫ਼ੋਨ ਫੇਰ ਵੱਜ ਪਿਆ। ਉਹਨੇ ਕੰਨਾਂ ਨੂੰ ਲਾਇਆ ਤੇ ਸੁਣਨ ਲੱਗਾ। ਮੁਸਕਰਾਉਂਦਾ ਤੇ ਹੱਸਦਾ ਰਿਹਾ। ਫੇਰ ਬੋਲਿਆ,

'ਮੈਨੂੰ ਪਤੈ। ਖ਼ਬਰ ਮਿਲ ਗਈ ਸੀ।'



ਇਕ-ਅੱਧ ਮਿੰਟ ਬਾਅਦ ਉਹਨੇ ਫ਼ੋਨ ਰਖਿਆ ਤੇ ਦੱਸਿਆ,

'ਮੈਂ ਤੁਹਾਨੂੰ ਇਹ ਵੀ ਦੱਸ ਦਿਆਂ ਕਿ ਮਾਤਾ ਜੀ ਨੇ ਆਪਣੀ ਹਾਰ ਮੰਨ ਲਈ ਏ। ਅਜੇ ਜਦੋਂ ਨਤੀਜੇ ਨਿਕਲ ਹੀ ਰਹੇ ਸਨ, ਉਹਨਾਂ ਮੁੱਖ ਮੰਤਰੀ ਵਾਲੀ ਆਪਣੀ ਕੋਠੀ ਖ਼ਾਲੀ ਕਰਨੀ ਸ਼ੁਰੂ ਕਰ ਦਿੱਤੀ ਸੀ...'

'ਲਖਨਊ ਆਪਣੀ ਕੋਈ ਕੋਠੀ ਨੇ ?' ਗੁਰਦਿਆਲ ਨੇ ਪੁੱਛਿਆ।

'ਹੈ ਕਿਉਂ ਨਹੀਂ! ਕੋਠੀ ਨਹੀਂ, ਮਹਿਲ। ਆਪ ਬਣਵਾਇਆ ਹੋਇਆ। ਗੁਲਾਬੀ ਸੰਗਮਰਮਰ ਦਾ। ਇਕ ਲੱਖ ਵਰਗ ਫੁਟ ਜ਼ਮੀਨ 'ਚ ਫੈਲਿਆ ਹੋਇਆ। ਯੂ-ਪੀ ਸਰਕਾਰ ਆਪਣੇ ਹਰ ਰਹਿ-ਚੁੱਕੇ ਮੁੱਖ ਮੰਤਰੀ ਨੂੰ ਬਾਕੀ ਦੀ ਉਮਰ ਲਈ ਕੋਠੀ ਦੇਂਦੀ ਏ। ਮਾਤਾ ਜੀ ਨੇ, ਮੁੱਖ ਮੰਤਰੀ ਹੋਣ ਸਮੇਂ ਹੀ, ਇਹ ਕੋਠੀ ਆਪ ਬਣਵਾ ਲਈ ਸੀ। ਚੁਰਾਸੀ ਕਰੋੜ ਰੁਪਏ ਲਗੇ ਨੇ ਉਸ ਉਤੇ ਸਰਕਾਰੀ। ਆਪਣੀ ਮਰਜ਼ੀ ਦੇ ਬੁੱਤ ਵੀ ਲਵਾਏ ਨੇ ਅੰਦਰ।'

'ਇਹ ਤਾਂ ਬੜੀਆਂ ਮੌਜਾਂ ਨੇ ਜੀ!' ਗੁਰਦਿਆਲ ਚਹਿਕ ਪਿਆ। 'ਇਕ ਵਾਰੀ ਮੁੱਖ ਮੰਤਰੀ ਬਣ ਜਾਵੋ ਤੇ ਸਾਰੀ ਉਮਰ ਦਾ ਬੀਮਾ ਕਰਾ ਲਵੋ। ਭਾਈ ਸਾਹਿਬ, ਮੇਰਾ ਵੀ ਕਰਾਉ ਕੋਈ ਏਸ ਤਰ੍ਹਾਂ ਦਾ ਬੀਮਾ। ਮੈਂ ਵੀ ਸੁੱਖ ਦੀ ਨੀਂਦਰ ਸੌਵਾਂ। ਤੁਹਾਡੇ ਅੰਬਾਂ ਦਾ ਰਸ ਮਾਣਦਾ ਰਹਾਂ...'

'ਅੰਬਾਂ ਦੇ ਰਸ ਦੀ ਕੋਈ ਸਮੱਸਿਆ ਨਹੀਂ...।' ਸੁੰਦਰ ਦਾਸ ਦੀ ਹਾਸੇ ਵਾਲੀ ਦਿੱਖ ਘਟਣ ਲੱਗੀ ਤੇ ਉਹ ਗੰਭੀਰ ਲੱਗਣ ਲੱਗਾ। ਚਿੱਥ ਕੇ ਬੋਲਿਆ,

'ਸਿੰਘ ਸਾਹਿਬ, ਸਮਾਂ ਬਹੁਤਾ ਨਹੀਂ ਜੇ ਰਹਿ ਗਿਆ...'

'ਕਾਹਦਾ ?'

'ਬੀਮੇ ਦਾ। ਮਤਲਬ ਏ, ਰਾਜ ਸਭਾ ਦੀ ਨਾਮਜ਼ਦਗੀ ਦੇ ਕਾਗਜ਼ ਭਰਨ ਦਾ। ਆਖ਼ਰੀ ਤਰੀਕ ਅਠਾਰਾਂ ਮਾਰਚ ਜੇ। ਦੋ ਹਫ਼ਤੇ ਵੀ ਨਹੀਂ ਰਹਿ ਗਏ। ਹੱਥ-ਪੈਰ ਮਾਰਨੇ ਸ਼ੁਰੂ ਕਰੋ। ਹੋਰ ਨਾ ਉਡੀਕੋ। ਜੇ ਹੁਣ ਉਕ ਗਏ ਤਾ ਫੇਰ ਦੋ ਸਾਲ ਵਾਰੀ ਨਹੀਂ ਜੇ ਆਣੀ। ਰਾਜ ਸਭਾ ਦੀਆਂ ਅਗਲੀਆਂ ਚੋਣਾਂ ਉਦੋਂ ਹੋਣਗੀਆਂ ਫੇਰ।'

ਗੁਰਦਿਆਲ ਵੀ ਗੰਭੀਰ ਹੋ ਗਿਆ। ਉਸ ਪੁੱਛਿਆ,

'ਲਖਨਊ ਤੋਂ ਸ਼ੁਰੂ ਕਰਾਂ ?'

'ਉੱਥੇ ਜਾਣ ਦੀ ਲੋੜ ਨਹੀਂ। ਮੈਂ ਏਥੋਂ ਹੀ ਪਤਾ ਕਰ ਲਾਂਗਾ। ਉੱਥੇ ਅਜੇ ਕੁਝ ਦਿਨ ਲੱਡੂ ਹੀ ਵੰਡੀਂਦੇ ਰਹਿਣੇ ਨੇ। ਕਿਸੇ ਨੂੰ ਵਿਹਲ ਨਹੀਂ ਹੋਣੀ ਤੁਹਾਡੇ ਨਾਲ ਗੱਲ ਕਰਨ ਦੀ।'

'ਹੁਣ ਤਾਂ ਤੁਸੀਂ ਰਾਜ ਸਭਾ 'ਚ ਬਹੁਤੇ ਬੰਦੇ ਘੱਲ ਸਕੋਗੇ। ਅਸੰਬਲੀ ਦੀਆਂ ਸੀਟਾਂ ਵਧ ਗਈਆਂ ਨੇ।'

'ਉਹ ਅਸੀਂ ਸਾਰਾ ਹਿਸਾਬ ਲਾ ਲਿਐ। ਹੁਣ ਅਸੀਂ ਛੇ ਬੰਦੇ ਘੱਲ ਸਕਦੇ ਹਾਂ। ਪਰ ਸਿੰਘ ਸਾਹਿਬ, ਬਹੁਲਤਾ ਦੀਆਂ ਆਪਣੀਆਂ ਸਮੱਸਿਆਵਾਂ ਹੁੰਦੀਆਂ ਨੇ।'

'ਕਿਉਂ ਭਲਾ ?' ਗੁਰਦਿਆਲ ਨੂੰ ਹੈਰਾਨੀ ਹੋਈ।

'ਮੰਗਤੇ ਵੀ ਵਧ ਜਾਂਦੇ ਨੇ।'

ਸੁੰਦਰ ਦਾਸ ਕਹਿ ਤਾਂ ਗਿਆ, ਪਰ ਉਹਨੂੰ ਇਕ ਦਮ ਮਹਿਸੂਸ ਹੋ ਪਿਆ, ਉਸ ਤੋਂ ਗ਼ਲਤ ਸ਼ਬਦ ਵਰਤਿਆ ਗਿਆ ਸੀ। ਗੁਰਦਿਆਲ ਨੂੰ ਠੇਸ ਲੱਗੀ, ਪਰ ਉਹਨੇ ਜ਼ਾਹਿਰ ਨਾ ਹੋਣ ਦਿੱਤਾ।

'ਸਿੰਘ ਸਾਹਿਬ, ਯੂ-ਪੀ ਤੁਸੀਂ ਮੇਰੇ 'ਤੇ ਛਡ ਦਿਓ। ਮੈਂ ਤੁਹਾਨੂੰ ਕਲ੍ਹ ਦੱਸ ਦਿਆਂਗਾ। ਤੁਸੀਂ ਪਹਿਲੋਂ ਜਾਓ ਆਪਣੇ ਚੌਧਰੀ ਸਾਹਿਬ ਕੋਲ। ਨਹੀਂ, ਪਹਿਲੋਂ ਪਾਰਸ ਸਾਹਿਬ ਕੋਲ ਜਾਓ। ਉਹਨਾਂ ਨੂੰ ਕਹੋ, ਚੌਧਰੀ ਨੂੰ ਠੋਕ ਕੇ ਕਹਿਣ। ਹੁਣ ਉਹ ਫੇਰ ਮੁੱਖ ਮੰਤਰੀ ਬਣ ਰਹੇ ਨੇ। ਉਹਨਾਂ ਦੇ ਕਹਿਣ 'ਚ ਵਜ਼ਨ ਹੋਏਗਾ...'

ਸੁੰਦਰ ਦਾਸ ਦਾ ਫ਼ੋਨ ਫੇਰ ਵੱਜ ਪਿਆ। ਕੰਨਾਂ ਨੂੰ ਲਾ ਉਹਨੇ ਕਿਸੇ ਨੂੰ ਆਖਿਆ,

'ਆਪ ਕੇ ਮੂੰਹ ਮੇਂ ਘੀ ਸ਼ੱਕਰ! ਦੇਖੀਏ, ਮੈਂ ਤੋ ਇਸ ਹੱਕ ਮੈਂ ਹੂੰ ਕਿ ਬੜੇ ਭਾਈ ਸਾਹਿਬ ਅਬ ਦਿੱਲੀ ਆ ਜਾਏਂ ਔਰ ਗੱਦੀ ਹਮਾਰੇ ਭਤੀਜੇ ਕੋ ਸੌਂਪ ਦੇਂ।'

ਗੁਰਦਿਆਲ ਸਮਝ ਗਿਆ ਕਿ ਛੋਟੇ ਸਾਹਿਬ ਨੂੰ ਮੁੱਖ ਮੰਤਰੀ ਬਣਾਣ ਦੀ ਗੱਲ ਹੋ ਰਹੀ ਸੀ।

ਫ਼ੋਨ ਬੰਦ ਹੋਇਆ ਤੇ ਸੁੰਦਰ ਦਾਸ ਦੱਸਣ ਲੱਗਾ,

'ਸਾਡੇ ਇਹ ਮੰਗ ਹੋਣ ਲੱਗ ਪਈ ਏ ਕਿ ਰਾਜ-ਭਾਗ ਅਗਲੀ ਪੀੜ੍ਹੀ ਨੂੰ ਸੌਂਪ ਦਿਤਾ ਜਾਵੇ। ਸ਼ਾਇਦ ਸਾਡੇ ਵੀ ਉਹੀਉ ਕੁਝ ਹੋ ਜਾਵੇ, ਜੋ ਤੁਹਾਡੇ ਪੰਜਾਬ 'ਚ ਹੋਣ ਵਾਲੈ।'

ਗੁਰਦਿਆਲ ਨੂੰ ਫ਼ਰਕ ਨਹੀਂ ਸੀ ਪੈਂਦਾ। ਉਹਨੂੰ ਤਾਂ ਨਾਮਜ਼ਦਗੀ ਚਾਹੀਦੀ ਸੀ, ਪੁਰਾਣੀ ਪੀੜ੍ਹੀ ਦੇਵੇ ਜਾਂ ਨਵੀਂ ਪੀੜ੍ਹੀ। ਉਹਨੇ ਪ੍ਰੋੜ੍ਹਤਾ ਕਰ ਦਿੱਤੀ,

'ਮੰਗ ਤਾਂ ਠੀਕ ਏ। ਸਾਰੀਆਂ ਪਾਰਟੀਆਂ ਜਵਾਨ ਲੀਡਰ ਅੱਗੇ ਲਿਆ ਰਹੀਆਂ ਨੇ। ਤੁਹਾਨੂੰ ਵੀ ਇੰਜ ਹੀ ਕਰਨਾ ਚਾਹੀਦੈ। ਤੁਹਾਡਾ ਮੁੰਡਾ ਤਾਂ ਬਾਹਰ ਦਾ ਪੜ੍ਹਿਆ ਹੋਇਐ। ਹੈ ਵੀ ਨਵੀਂ ਰੌਸ਼ਨੀ ਵਾਲਾ। ਚੋਣਾਂ 'ਚ ਤੁਹਾਡੀ ਪਾਰਟੀ ਦਾ ਚਿਹਰਾ ਵੀ ਉਹੀਉ ਸੀ।'

ਸੁੰਦਰ ਦਾਸ ਨੂੰ ਸੁਣ ਕੇ ਚੰਗਾ ਲੱਗਾ। ਉਹਨੇ ਕਿਹਾ,

'ਸਿੰਘ ਸਾਹਿਬ, ਮੈਂ ਤਾਂ ਬਿਲਕੁਲ ਏਸ ਹੱਕ 'ਚ ਹਾਂ। ਇਕ ਹੋਰ ਗੱਲੋਂ ਵੀ। ਹੁਣ ਜਦੋਂ ਮਾਤਾ ਜੀ ਦਿੱਲੀ ਪਧਾਰ ਰਹੇ ਨੇ, ਬੜੇ ਭਾਈ ਸਾਹਿਬ ਦਾ ਏਥੇ ਹੋਣਾ ਜ਼ਰੂਰੀ ਏ...'

ਸੁੰਦਰ ਦਾਸ ਤੋਂ ਗੱਲ ਪੂਰੀ ਨਾ ਹੋਈ। ਉਹਦਾ ਫ਼ੋਨ ਫੇਰ ਵੱਜ ਪਿਆ। ਸੁੰਦਰ ਦਾਸ ਨੇ ਚੁਕਿਆ। ਕੋਈ ਲੰਮੀ ਗੱਲ ਕਰਨ ਵਾਲਾ ਸੀ। ਬੱਸ ਹੀ ਨਹੀਂ



ਸੀ ਕਰ ਰਿਹਾ। ਸੁੰਦਰ ਦਾਸ ਕਦੀ ਹੱਸਦਾ, ਕਦੀ ਗੰਭੀਰ ਹੋ ਜਾਂਦਾ। ਉਹਦੀ ਵੱਲ ਟੱਕ ਲਾਈ ਬੈਠੀ ਅਲਕਾ ਦਾ ਵੀ ਇਹੋ ਹਾਲ ਹੋਈ ਜਾਂਦਾ। ਗੁਰਦਿਆਲ ਨੂੰ ਕਾਹਲ ਪੈਣ ਲੱਗੀ।

'ਇਹ ਬਹੁਤ ਜ਼ਰੂਰੀ ਏ।' ਇਹ ਕਹਿ ਸੁੰਦਰ ਦਾਸ ਨੇ ਫ਼ੋਨ ਬੰਦ ਕਰ ਦਿੱਤਾ। ਉਹ ਗੁਰਦਿਆਲ ਵਲ ਹੋਇਆ ਤੇ ਬੋਲਿਆ,

'ਸਿੰਘ ਸਾਹਿਬ, ਮੁਆਫ਼ ਕਰਨਾ, ਮੈਨੂੰ ਹੁਣੇ ਨਿਕਲਣਾ ਪੈਣੈਂ। ਕੋਈ ਜ਼ਰੂਰੀ ਕੰਮ ਪੈ ਗਿਆ। ਤੁਹਾਡਾ ਮਸਲਾ ਮੈਂ ਰਾਤ ਨੂੰ ਹੱਲ ਕਰਾਂਗਾ। ਰਾਤੀਂ ਬੜੇ ਭਾਈ ਸਾਹਿਬ ਨਾਲ ਮੇਰੀ ਗੱਲ ਹੋਏਗੀ। ਤੁਸੀਂ ਮੈਥੋਂ ਸਵੇਰੇ ਪੁੱਛ ਲੈਣਾ। ਆਪਣੇ ਪਾਸਿਉਂ। ਮੈਂ ਲਾਅਨ 'ਚ ਹੀ ਘੁੰਮ ਰਿਹਾ ਹੋਵਾਂਗਾ।'

ਗੁਰਦਿਆਲ ਨੇ ਸਿਰ ਹਿਲਾਇਆ ਤੇ ਉੱਠ ਖਲੋਤਾ।

# ਨਾਂਹ

ਗੁਰਦਿਆਲ ਦੀ ਰਾਤ ਪਾਸੇ ਪਰਤਦਿਆਂ ਲੰਘੀ। ਜਦੋਂ ਕਦੀ ਅੱਖ ਲੱਗਦੀ, ਸਫ਼ਨੇ ਆਉਂਦੇ ਤੇ ਅਜੀਬ ਅਜੀਬ ਝਲਕਾਂ ਪੈਂਦੀਆਂ। ਇਕ ਵਾਰੀ ਉਹਨੂੰ ਇੱਟਾਂ ਦਾ ਟਰੱਕ ਦਿਸਿਆ। ਉਹ ਉਹਦੇ ਜੱਦੀ ਘਰ ਅੱਗੇ ਖੜਾ ਸੀ ਤੇ ਉਹਨੇ ਸੜਕ *ਜੈਮ* ਕੀਤੀ ਹੋਈ ਸੀ। ਇਕ ਵਾਰੀ ਉਹਨੂੰ ਸੁੰਦਰ ਦਾਸ ਦਿਸਿਆ। ਉਹ ਹੱਸਦਿਆਂ-ਹੱਸਦਿਆਂ ਉਹਨੂੰ ਲੱਡੂ ਖੁਆਣ ਲਗਾ। ਮੂੰਹ 'ਚ ਪੈਣ ਵੇਲੇ ਲੱਡੂ ਏਡਾ ਵੱਡਾ ਹੋ ਗਿਆ ਕਿ ਉਸ ਤੋਂ ਅੰਦਰ ਨਾ ਪਿਆ। ਜਗਨ ਨਾਥ ਵੀ ਪ੍ਰਗਟ ਹੋਇਆ। ਵੇਖਦਿਆਂ-ਵੇਖਦਿਆਂ ਹੀ ਉਹਦੇ ਧੜ 'ਤੇ ਪਾਰਸ ਦੇ ਪੀ-ਏ ਦਾ ਸਿਰ ਲੱਗ ਗਿਆ। ਸਾਹਿਬਜ਼ਾਦਾ ਵੀ ਟੱਕਰਿਆ। ਹਜ਼ੂਰ ਸਿੰਘ ਉਹਦੇ ਹਜ਼ੂਰ ਖੜਾ ਸੀ ਤੇ ਸਾਹਿਬਜ਼ਾਦਾ ਉਹਨੂੰ ਝਿੜਕ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਜਾ ਚਲਦਾ ਬਣ। ਹਾਰੇ ਹੋਏ ਬੰਦੇ ਨੂੰ ਅਸੀਂ ਮੂੰਹ ਨਹੀਂ ਲਾਉਂਦੇ। ਪਾਲੀ ਦੀ ਸੱਸ ਉਹਨੂੰ ਆਪਣੀ ਰਸੋਈ 'ਚ ਪੀੜ੍ਹੀ 'ਤੇ ਬੈਠੀ ਦਿੱਸੀ। ਉਹਨੇ ਅੰਗੀਠੀ ਉੱਤੇ ਤਵਾ ਰਖਿਆ ਹੋਇਆ ਸੀ ਤੇ ਰੋਟੀਆਂ ਵੇਲ ਰਹੀ ਸੀ। ਗੁਰਦਿਆਲ ਤੋਂ ਇਹ ਨਾ ਜਰ ਹੋਇਆ। ਉਹ ਤ੍ਰੱਬਕ ਪਿਆ ਤੇ ਉਹਦੀਆਂ ਅੱਖਾਂ ਖੁਲ੍ਹ ਗਈਆਂ।

ਹੋਰ ਕੁਝ ਦਿੱਸਣ ਦੇ ਡਰੋਂ ਉਹਨੇ ਅੱਖਾਂ ਫੇਰ ਨਾ ਬੰਦ ਹੋਣ ਦਿੱਤੀਆਂ। ਵੈਸੇ ਵੀ ਲੋਅ ਹੋ ਰਹੀ ਸੀ। ਉਹ ਉੱਠ ਪਿਆ ਤੇ ਬਾਹਰ ਲਾਅਨ 'ਚ ਆ ਬੈਠਾ। ਉਧਰ ਮੂੰਹ ਕਰਕੇ, ਜਿੱਧਰ ਸੁੰਦਰ ਦਾਸ ਨਾਲ ਸਾਂਝੀ ਕੰਧ ਸੀ।

ਕੁਝ ਚਿਰ ਬਾਅਦ ਅਖ਼ਬਾਰ ਆ ਗਏ। ਉਹ ਉੱਥੇ ਹੀ ਚੁੱਕ ਲਿਆਇਆ ਤੇ ਪੜ੍ਹਨ ਲੱਗਾ। ਪੂਰਾ ਧਿਆਨ ਨਹੀਂ ਸੀ ਲੱਗ ਰਿਹਾ। ਮੁੜ-ਘਿੜ ਨਜ਼ਰ ਕੰਧ ਵਲ ਚਲੀ ਜਾਂਦੀ । ਅਖ਼ੀਰ ਕੋਈ ਸੱਤ ਕੁ ਵਜੇ ਉਹਨੂੰ ਉਹਦੇ ਤੋਂ ਸੁੰਦਰ ਦਾਸ ਦੀ ਸੂਰਤ ਉੱਭਰਦੀ ਦਿੱਸੀ। ਉਹਦੀ ਬਾਂਹ ਉੱਚੀ ਹੋਈ। ਉਹਦੇ ਹੱਥ ਚਾਹ ਦਾ ਮੱਗ ਸੀ। ਉਹ ਉਹਨੇ ਕੰਧ ਉਤੇ ਰੱਖ ਦਿੱਤਾ। ਗੁਰਦਿਆਲ ਉੱਠਿਆ ਤੇ ਪੁਲਾਂਘਾਂ ਭਰਦਾ ਉਹਦੇ ਸਾਹਮਣੇ ਜਾ ਖਲੋਤਾ। ਉਹਦੇ ਸਨਮੁੱਖ ਹੁੰਦੇ ਹੀ ਸੁੰਦਰ ਦਾਸ ਨੇ ਖ਼ਬਰ ਸੁਣਾ ਦਿੱਤੀ,

'ਸਿੰਘ ਸਾਹਿਬ, ਹੋਇਐ ਉਹੋ ਕੁਝ ਏ, ਜੋ ਮੈਂ ਕਿਹਾ ਸੀ। ਤਲਬਗਾਰਾਂ ਦੀਆਂ ਲਾਈਨਾਂ ਲੱਗ ਗਈਆਂ ਨੇ...'

ਗੁਰਦਿਆਲ ਨੇ ਭਾਂਪਿਆ, ਸੁੰਦਰ ਦਾਸ ਨੇ ਧਿਆਨ ਰੱਖਿਆ ਸੀ। ਤਲਬਗਾਰ ਕਿਹਾ ਸੀ, ਮੰਗਤੇ ਨਹੀਂ ਸੀ ਕਿਹਾ। ਲਿਹਾਜ਼ ਕੀਤਾ ਸੀ ਉਹਦਾ।



'...ਉਹਨਾਂ ਲਾਈਨਾਂ 'ਚ ਤੁਸੀਂ ਵੀ ਹੋ', ਸੁੰਦਰ ਦਾਸ ਅੱਗੇ ਚੱਲਿਆ। 'ਪਰ ਕਾਫ਼ੀ ਪਿੱਛੇ ਕਰਕੇ। ਜਦੋਂ ਤਕ ਤੁਸੀਂ ਅੱਗੇ ਪਹੁੰਚੋਗੇ, ਸੀਟਾਂ ਨਿੱਬੜ ਗਈਆਂ ਹੋਣਗੀਆਂ।'

ਵਿਸ਼ਾ ਗੰਭੀਰ ਸੀ, ਪਰ ਸੁੰਦਰ ਦਾਸ ਨੇ ਆਪਣਾ ਮਜ਼ਾਕੀਆ ਅੰਦਾਜ਼ ਨਹੀਂ ਸੀ ਛੱਡਿਆ।

'ਲਾਈਨ ਤੋੜੀ ਨਹੀਂ ਜਾ ਸਕਦੀ?' ਗੁਰਦਿਆਲ ਨੇ ਮਸਕੀਨਾਂ ਵਾਂਗ ਪੁੱਛਿਆ।

'ਮੁਸ਼ਕਿਲ ਏ। ਹੁਣ ਮਾਲਕ ਸਾਡਾ ਭਤੀਜਾ ਏ। ਉਸ ਉਤੇ ਚਾਚੇ ਦਾ ਜ਼ੋਰ ਨਹੀਂ ਚਲਦਾ। ਕਹਿੰਦੈ, ਮੈਂ ਉਹੀਓ ਬੰਦੇ ਘੱਲਾਂਗਾ, ਜਿਹੜੇ ਸਾਡੀ ਵਿਚਾਰਧਾਰਾ ਨਾਲ ਬੱਝੇ ਹੋਣ।'

ਗੁਰਦਿਆਲ ਨੂੰ ਇਹ ਕੋਈ ਏਡੀ ਗੱਲ ਨਾ ਲੱਗੀ। ਉਹਨੇ ਕਹਿ ਦਿੱਤਾ,

'ਇਹ ਕਿਹੜੀ ਗੱਲ ਏ ਜੀ! ਮੈਂ ਵੀ ਬੱਝ ਜਾਨਾਂ ਵਿਚਾਰਧਾਰਾ ਨਾਲ। ਦੂਜਿਆਂ ਨਾਲੋਂ ਪੱਕਾ।'

'ਸਿੰਘ ਸਾਹਿਬ, ਹੁਣ ਬੱਝਣ-ਬਝਾਣ ਦਾ *ਟਾਈਮ* ਨਹੀਂ ਰਿਹਾ। ਨਾਮਜ਼ਦਗੀਆਂ ਨੂੰ ਬੜੇ ਥੋੜੇ ਦਿਨ ਰਹਿ ਗਏ ਨੇ।' ਉਹ ਕੁਝ ਅਟਕਿਆ, ਮੁਸਕਰਾਇਆ ਤੇ ਅੱਗੇ ਚਲਿਆ, 'ਮੈਨੂੰ ਇਹੋ ਜਿਹੀ ਕੋਈ ਰੱਸੀ ਨਹੀਂ ਜੇ ਦਿੱਸ ਰਹੀ, ਜਿਹੜੀ ਏਨੇ ਥੋੜੇ ਸਮੇਂ 'ਚ ਤੁਹਾਨੂੰ ਘੁੱਟ ਕੇ ਬੰਨ੍ਹ ਸਕੇ। ਤੁਸੀਂ ਇੰਜ ਕਰੋ ਕਿ ਜਾ ਕੇ ਚੌਧਰੀ ਦੇ ਚਰਨ ਫੜ ਲਵੋ। ਓਨਾ ਚਿਰ ਨਾ ਛੱਡੋ, ਜਿੰਨਾ ਚਿਰ ਉਹਦੇ ਮੂੰਹੋਂ ਹਾਂ ਨਾ ਨਿਕਲੇ। ਉਹਦੇ ਨਾਲ ਤੁਸੀਂ ਬੱਝੇ-ਬਝਾਏ ਹੋ। ਕਿਸੇ ਰੱਸੀ ਦੀ ਲੋੜ ਨਹੀਂ ਪੈਣੀ।'

ਗੁਰਦਿਆਲ ਦੀਆਂ ਨਜ਼ਰਾਂ ਨਿਵ ਗਈਆਂ। ਮੂੰਹ ਕਾਲਾ ਪੈ ਗਿਆ। ਸੁੰਦਰ ਦਾਸ ਨੇ ਵੇਖਿਆ ਤੇ ਹੋਰ ਪੱਖੋਂ ਧਰਵਾਸ ਦੇਣ ਲੱਗਾ,

'ਸਿੰਘ ਸਾਹਿਬ, ਜਿੱਥੋਂ ਤਕ ਤੁਹਾਡੀ ਕੋਠੀ ਦਾ ਸਵਾਲ ਏ, ਤੁਹਾਨੂੰ *ਐਕਸਟੈਨਸ਼ਨ* ਮਿਲਦੀ ਰਹੇਗੀ, ਜਿੰਨਾ ਚਿਰ ਮੇਰਾ ਬੰਦਾ ਉੱਥੇ ਬੈਠਾ ਹੋਇਐ। ਇਹਦੀ ਚਿੰਤਾ ਨਾ ਲਾਣਾ। ਮੈਨੂੰ ਇਕ ਚਿੱਠੀ ਹੋਰ ਬਣਾ ਦਿਉ—ਉਪਰ ਕੋਈ ਤਰੀਕ ਨਾ ਪਾਣਾ, ਤਰੀਕ ਆਪੇ ਪੈ ਜਾਏਗੀ। ਉਹਦੇ 'ਚ ਲਿਖ ਦਿਓ ਕਿ ਮੇਰਾ ਕਿਰਾਏਦਾਰ ਛੇ ਮਹੀਨਿਆਂ ਦੀ ਮੁਹਲਤ ਮੰਗਦੈ। ਏਸ ਚਿੱਠੀ ਦੇ ਆਧਾਰ 'ਤੇ ਤੁਹਾਨੂੰ ਤਿੰਨ ਮਹੀਨਿਆਂ ਦੀ ਮੁਹਲਤ ਹੋਰ ਮਿਲ ਜਾਏਗੀ।'

'ਇਹ ਚਿੱਠੀ ਬਣਾ ਦਿਆਂਗਾ ਮੈਂ।' ਗੁਰਦਿਆਲ ਨੇ ਪਹਿਲੀ ਗੱਲ ਬੰਦ ਸਮਝ ਲਈ ਤੇ ਹੋਰ ਜ਼ੋਰ ਨਾ ਪਾਇਆ।

'ਜਦੋਂ ਚੰਡੀਗੜ੍ਹੋਂ ਵਾਪਸ ਆਏ, ਮੈਨੂੰ ਦੱਸਣਾ, ਉੱਥੇ ਕੀ ਹੋਇਐ। ਮੈਨੂੰ ਚਿੰਤਾ ਲੱਗੀ ਰਹੇਗੀ।' ਸੁੰਦਰ ਦਾਸ ਹੇਜ ਜਤਾਉਣੋਂ ਨਾ ਰਿਹਾ। 'ਹੁਣ ਜਾ ਕੇ ਕਰੋ ਤਿਆਰੀ। ਅੱਜ ਹੀ ਨਿਕਲ ਜਾਉ।'

ਸੁੰਦਰ ਦਾਸ ਨੇ ਕੰਧ 'ਤੇ ਪਿਆ ਆਪਣਾ ਮੱਗ ਚੁੱਕਿਆ, ਉਹਦਾ ਇਕ ਘੁੱਟ ਭਰਿਆ ਤੇ ਪਿੱਠ ਵਿਖਾ ਗਿਆ।

#

ਗੁਰਦਿਆਲ ਪਿਛਾਂਹ ਪਰਤਿਆ ਤੇ ਓਥੇ ਹੀ ਆ ਕੇ ਬਹਿ ਗਿਆ, ਜਿੱਥੋਂ ਉੱਠ ਕੇ ਗਿਆ ਸੀ। ਉਮੀਦ ਦੀ ਇਹ ਕਿਰਨ ਤਾਂ ਬੁੱਝ ਗਈ ਸੀ। ਦੂਜੀ ਜਿਹੜੀ ਹੈ ਸੀ, ਉਹ ਬੜੀ ਮਾਂਦੀ ਸੀ। ਰੌਸ਼ਨੀ ਬੜੀ ਥੋੜ੍ਹੀ ਸੀ। ਪਰ ਚਲਣਾ ਉਧਰ ਹੀ ਪੈਣਾ ਸੀ।

ਉਹ ਦੁਚਿੱਤੀ 'ਚ ਸੀ। ਤੋੜ ਚੰਡੀਗੜ੍ਹ ਜਾਵਾਂ ਕਿ ਏਥੋਂ ਹੀ ਫ਼ੋਨ ਕਰ ਲਵਾਂ? ਨਹੀਂ, ਓਥੇ ਹੀ ਜਾਣਾ ਚਾਹੀਦੈ। ਸਾਹਮਣੇ ਹੋਣ ਨਾਲ ਫ਼ਰਕ ਪੈਂਦੈ। ਐਵੇਂ ਹੀ ਨਹੀਂ ਭੀੜਾਂ ਪਈਆਂ ਰਹਿੰਦੀਆਂ ਵੱਡੇ ਲੀਡਰਾਂ ਦੇ ਦਰਾਂ 'ਤੇ। ਉਹਦਾ ਮਨ ਫੇਰ ਵੀ ਨਾ ਬਣਿਆ। ਉਹਨੇ ਸੋਚਿਆ, ਹਜ਼ੂਰ ਸਿੰਘ ਨਾਲ ਸਲਾਹ ਕੀਤੀ ਜਾਏ। ਏਸ ਮਾਮਲੇ 'ਚ ਉਹਨੂੰ ਬੜਾ ਤਜਰਬਾ ਏ।

ਗੁਰਦਿਆਲ ਨੇ ਉਹਦਾ ਨੰਬਰ ਕੱਢਿਆ ਤੇ ਦੱਬ ਦਿੱਤਾ। ਹਜ਼ੂਰ ਸਿੰਘ ਨੇ ਅੱਗੋਂ ਪਹਿਲੀ ਘੰਟੀ ਵੱਜਦਿਆਂ ਹੀ ਚੁੱਕ ਲਿਆ, ਜਿਵੇਂ ਉਹ ਏਸੇ ਫ਼ੋਨ ਦੀ ਉਡੀਕ 'ਚ ਹੀ ਬੈਠਾ ਹੋਵੇ।

'ਕੀ ਕਰ ਰਿਹੈਂ, ਭਰਾਵਾ?' ਹਜ਼ੂਰ ਸਿੰਘ ਨੇ ਪੁੱਛਿਆ।

'ਕਰਨਾ ਕੀ ਏ, ਯਾਰ, ਸੋਚਾਂ 'ਚ ਪਿਆ ਹੋਇਆਂ। ਇਹ ਦੱਸ, ਚੱਲੀਏ ਫੇਰ ਚੰਡੀਗੜ੍ਹ। ਮਿਲੀਏ ਜਾ ਕੇ ਆਪਣੇ ਲੀਡਰ ਨੂੰ। ਸ਼ਾਇਦ ਤੈਨੂੰ ਕਿਸੇ ਕਾਰਪੋਰੇਸ਼ਨ ਦੀ ਚੇਅਰਮੈਨੀ ਦੇ ਦੇਵੇ', ਗੁਰਦਿਆਲ ਨੇ ਉਹਨੂੰ ਲਾਲਚ ਦਿੱਤਾ।

'ਭਾਈ, ਮੈਨੂੰ ਤਾਂ ਨਹੀਂ ਲੱਗਦਾ ਇੰਜ। ਜਿਸ ਤਰ੍ਹਾਂ ਦੀ ਉਹਦੀ ਜਿੱਤ ਹੋਈ ਏ, ਉਹਦਾ ਉਹਨੂੰ ਵਹਿਮ ਗੁਮਾਨ ਵੀ ਨਹੀਂ ਸੀ। ਅਜੇ ਤਾਂ ਉਹ ਆਪਣੇ ਆਪ 'ਚ ਮਿਉਂ ਨਹੀਂ ਰਿਹਾ ਹੋਣਾ। ਹਵਾ 'ਚ ਉੱਡ ਰਿਹਾ ਹੋਣੈਂ। ਅਸੀਂ ਉਹਦੀ ਨਜ਼ਰੇ ਹੀ ਨਹੀਂ ਚੜ੍ਹਨ ਲੱਗੇ। ਬਾਅਦ 'ਚ ਚੱਲਾਂਗੇ ਕਦੀ।'

'ਹਜ਼ੂਰੇ, ਚਲ ਵਧਾਈ ਹੀ ਦੇ ਆਈਏ, ਯਾਰ। ਕਹਾਂਗੇ, ਲੱਡੂ ਖਾਣ ਆਏ ਹਾਂ', ਗੁਰਦਿਆਲ ਨੇ ਜ਼ੋਰ ਦਿੱਤਾ।

'ਨਹੀਂ ਯਾਰ, ਮਨ ਨਹੀਂ ਮੰਨਦਾ। ਫੇਰ ਸਹੀ ਕਦੀ।' ਹਜ਼ੂਰ ਸਿੰਘ ਨੇ ਨਾਂਹ ਕਰ ਦਿੱਤੀ।

'ਫੇਰ ਤੂੰ ਮੈਨੂੰ ਦੱਸ, ਮੈਂ ਕੀ ਕਰਾਂ' ਗੁਰਦਿਆਲ ਨੇ ਆਪਣੀ ਦੁਬਿਧਾ ਦੱਸੀ। 'ਸਿਫ਼ਾਰਿਸ਼ ਕਰਾਣੀ ਏ ਚੌਧਰੀ ਨੂੰ। ਉਡੀਕ ਨਹੀਂ ਸਕਦਾ। ਨਾਮਜ਼ਦਗੀਆਂ ਅਠਾਰ੍ਹਾਂ ਤਰੀਕ ਨੂੰ ਹੋਣੀਆਂ ਨੇ।'

'ਤੂੰ ਜਾ ਫੇਰ। ਜਾਵੇਂ ਤਾਂ ਚੌਧਰੀ ਨੂੰ ਮਿਲ ਕੇ ਆਵੀਂ। ਝੱਕੀਂ ਨਾ। ਮਿਲੀਂ



ਜ਼ਰੂਰ, ਭਾਵੇਂ ਨਾਂਹ ਕਰ ਦੇਵੇ।'

ਗੁਰਦਿਆਲ ਨੂੰ ਇਕੱਲਿਆ ਹੀ ਜਾਣਾ ਪੈਣਾ ਸੀ। 'ਚਲ ਫੇਰ ਹੋ ਹੀ ਆਨਾਂ। ਦੱਸਾਂਗਾ ਆ ਕੇ ਤੈਨੂੰ, ਉੱਥੇ ਕੀ ਹੋਇਆ।'

ਉਹਨੇ ਫ਼ੋਨ ਬੰਦ ਕਰ ਦਿੱਤਾ।

#

ਸਵੇਰੇ ਨੌਂ ਵੱਜਦਿਆਂ ਹੀ ਗੁਰਦਿਆਲ ਨੇ ਪਾਰਸ ਦੇ ਪੀ-ਏ ਨੂੰ ਫ਼ੋਨ ਕੀਤਾ ਤੇ ਕਿਹਾ ਸਾਹਿਬ ਨਾਲ ਇਕ ਛੋਟੀ ਜਿਹੀ ਮੀਟਿੰਗ ਰਖਾ ਦੇ। ਵਧਾਈ ਦੇਣੀ ਏ ਤੇ ਇਕ ਜ਼ਰੂਰੀ ਗੱਲ ਵੀ ਕਰਨੀ ਏਂ।

ਗੁਰਦਿਆਲ ਰਾਤ ਦਾ ਚੰਡੀਗੜ੍ਹ ਪਹੁੰਚਿਆ ਹੋਇਆ ਸੀ।

ਪੀ-ਏ ਦਾ ਜਵਾਬ ਸੀ,

'ਸਾਹਿਬ ਤਾਂ ਜੀ ਬੜੇ ਰੁੱਝੇ ਹੋਏ ਨੇ। ਮੰਤਰੀ-ਮੰਡਲ ਬਣਾ ਰਹੇ ਨੇ। ਚੌਦ੍ਹਾਂ ਨੂੰ ਸਹੁੰ ਚੁੱਕਣੀ ਏ। ਮੀਟਿੰਗ ਤਾਂ ਨਹੀਂ ਹੋ ਸਕਦੀ। ਕਹੋ ਤਾਂ ਫ਼ੋਨ 'ਤੇ ਗੱਲ ਕਰਾ ਦੇਨਾਂ।'

'ਚਲ ਫ਼ੋਨ 'ਤੇ ਹੀ ਕਰਾ ਦੇ।'

ਪੀ-ਏ ਨੇ ਤਾਰ ਮਿਲਾ ਦਿੱਤੀ। ਗੁਰਦਿਆਲ ਨੂੰ ਕੁਝ ਵੀ ਕਹਿਣ ਦੀ ਲੋੜ ਨਾ ਪਈ। ਪਾਰਸ ਨੇ ਅੱਗੋਂ ਉਹ ਸਭ ਕੁਝ ਕਹਿ ਦਿੱਤਾ, ਜੋ ਉਹ ਪੁੱਛਣਾ ਚਾਹੁੰਦਾ ਸੀ।

'ਗੁਰਦਿਆਲ, ਭਾਈ ਤੂੰ ਚੋਣ ਵਧੀਆ ਲੜੀ ਏ,' ਪਾਰਸ ਕੋਈ ਭੂਮਿਕਾ ਬੰਨ੍ਹੇ ਬਿਨਾਂ ਸ਼ੁਰੂ ਹੋ ਪਿਆ। 'ਅਸੀਂ 331 ਵੋਟਾਂ ਨਾਲ ਹਾਰੇ। ਮੈਂ ਇਹਨੂੰ ਹਾਰ ਨਹੀਂ ਸਮਝਦਾ। ਸ਼ਾਬਾਸ਼ ਤੈਨੂੰ ਤੇ ਹਜ਼ੂਰ ਸਿੰਘ ਨੂੰ। ਅਗਲੀ ਵਾਰ ਤੋਂ ਇਹ ਸੀਟ ਵੀ ਸਾਡੀ ਹੋਈ। ਹਜ਼ੂਰ ਸਿੰਘ ਨੂੰ ਕਹਿ, ਹੁਣ ਏਸ ਹਲਕੇ 'ਚ ਬਹਿ ਜਾਏ ਤੇ ਉਹਦੀ ਸਿੰਜਾਈ ਕਰੇ ਚੰਗੀ ਤਰ੍ਹਾਂ। ਅਗਲੇ ਪੰਜ ਸਾਲ ਉੱਥੋਂ ਹਿੱਲੇ ਨਾ। ਨਾਲੇ, ਏਥੇ ਚੰਡੀਗੜ੍ਹ ਆ ਕੇ ਮਿਲੇ ਮੈਨੂੰ। ਹੁਣੇ ਨਹੀਂ, ਦੋ-ਚਾਰ ਹਫ਼ਤਿਆਂ ਬਾਅਦ...'

ਗੱਲ ਵਿੱਚੇ ਛੱਡ ਪਾਰਸ ਨੇ ਪੀ-ਏ ਨੂੰ ਆਵਾਜ਼ ਦਿੱਤੀ,

'ਗੱਲ ਸੁਣ, ਚੌਧਰੀ ਸਾਹਿਬ ਨਾਲ ਫ਼ੋਨ ਮਿਲਾ ਜ਼ਰਾ!'

ਫੇਰ ਉਹ ਗੁਰਦਿਆਲ ਨੂੰ ਸੰਬੋਧਨ ਹੋਇਆ,

'ਚੌਧਰੀ ਸਾਹਿਬ ਨੂੰ ਵੀ ਮੈਂ ਕਹਿ ਦੇਨਾਂ। ਜਾ ਕੇ ਮਿਲ ਲਈਂ ਉਹਨਾਂ ਨੂੰ। ਏਥੇ ਹੀ ਨੇ।'

ਪਾਰਸ ਨੇ ਫ਼ੋਨ ਰੱਖ ਦਿੱਤਾ।

ਮਿੰਟ ਦੋ ਲੱਗੇ ਸਨ। ਜੋ ਗੁਰਦਿਆਲ ਨੇ ਏਨਾ ਤਰੱਦਦ ਕਰਕੇ ਸੁਣਨ

ਜਾਣਾ ਸੀ, ਪਾਰਸ ਨੇ ਘਰ ਬੈਠੇ ਨੂੰ ਸੁਣਾ ਦਿੱਤਾ ਸੀ। ਹੈ ਕਮਾਲ ਸੀ। ਬ੍ਰਿਧ ਅਵਸਥਾ ਸੀ। ਹੁਣੇ ਚੋਣਾਂ ਦੇ ਗਾੜ੍ਹ 'ਚੋਂ ਲੰਘਿਆ ਸੀ। ਪਰ ਉਹਨੂੰ ਛੋਟੀ ਜਿਹੀ ਗੱਲ ਵੀ ਨਹੀਂ ਸੀ ਭੁੱਲੀ। ਇਹ ਗੁਣ ਹੁੰਦੇ ਨੇ ਵੱਡੇ ਲੀਡਰ ਦੇ। ਗੁਰਦਿਆਲ 'ਤੇ ਬੜਾ ਪ੍ਰਭਾਵ ਪਿਆ। ਉਹਦਾ ਦਾਦ ਦੇਣ ਨੂੰ ਜੀਅ ਕੀਤਾ।

ਪਰ ਉਹ ਇਹ ਉੱਕਾ ਨਹੀਂ ਸੀ ਚਾਹੁੰਦਾ ਕਿ ਚੌਧਰੀ ਵੀ ਉਹਨੂੰ ਏਸੇ ਤਰ੍ਹਾਂ ਹੀ ਨਿਪਟਾ ਦੇਵੇ। ਉਹਦੇ ਮੱਥੇ ਲੱਗਣਾ ਜ਼ਰੂਰੀ ਸੀ।

ਉਹਨੇ ਜਗਨ ਨਾਥ ਨੂੰ ਫ਼ੋਨ ਕੀਤਾ। ਮਨਚੰਦੇ ਦੇ ਪੋਤਰੇ ਦੇ ਦਾਖ਼ਲੇ ਪਿੱਛੋਂ ਉਹਦੇ 'ਤੇ ਉਹਦਾ ਚੰਗਾ ਰੁਅਬ ਪਿਆ ਹੋਇਆ ਸੀ। ਉਹਨੇ ਸਾਹਿਬ ਤੋਂ ਪੁੱਛੇ ਬਿਨਾਂ ਹੀ ਕਹਿ ਦਿੱਤਾ,

'ਸਰਦਾਰ ਜੀ, ਤੁਸੀਂ ਆ ਜਾਓ ਏਥੇ ਤੇ ਬਹਿ ਜਾਓ। ਹੋਰ ਵੀ ਬੈਠੇ ਹੋਣਗੇ। ਪਰ ਮੈਂ ਵਿਚ ਕਿਸੇ ਵੇਲੇ ਤੁਹਾਨੂੰ ਮਿਲਾ ਦਿਆਂਗਾ।'

ਗੁਰਦਿਆਲ ਪਹੁੰਚ ਗਿਆ। ਉਹਨੂੰ ਦੋ ਘੰਟੇ ਬਹਿਣਾ ਪਿਆ। ਜਿਵੇਂ ਹੀ ਹਿਸਾਰ ਦਾ ਕੋਈ ਪਾਰਟੀ ਲੀਡਰ ਬਾਹਰ ਹੋਇਆ, ਜਗਨ ਨਾਥ ਨੇ ਗੁਰਦਿਆਲ ਨੂੰ ਅੰਦਰ ਕਰ ਦਿੱਤਾ।

ਚੌਧਰੀ ਉਹਦੇ ਇੰਜ ਚਾਣਚੱਕ ਸਾਹਮਣੇ ਹੋ ਪੈਣ 'ਤੇ ਹੈਰਾਨ ਤਾਂ ਹੋਇਆ, ਪਰ ਉਹਨੇ ਆਪਣਾ ਹਾਵ-ਭਾਵ ਬਦਲਣ ਨਾ ਦਿੱਤਾ। ਖੁਸ਼-ਖ਼ਲਕੀ ਨਾਲ ਪੇਸ਼ ਆਇਆ ਤੇ ਕਹਿਣ ਲੱਗਾ,

'ਆ ਭਾਈ ਗੁਰਦਿਆਲ, ਤੇਰੀ ਬੜੀ ਲੰਮੀ ਉਮਰ ਏ। ਅਜੇ ਸਵੇਰੇ ਹੀ ਪਾਰਸ ਸਾਹਿਬ ਨੇ ਤੇਰਾ ਜ਼ਿਕਰ ਕੀਤਾ ਸੀ...ਤੇਰੀ ਤਾਰੀਫ਼ ਕਰ ਰਹੇ ਸਨ। ਤੂੰ ਹਾਰੀ ਹੋਈ ਸੀਟ ਨੂੰ ਜਿੱਤੀ ਵਰਗੀ ਬਣਾ ਦਿੱਤੈ। ਸਾਡੇ ਏਥੇ ਅੰਬਾਲੇ ਜਾਂ ਕਰਨਾਲ ਕੰਮ ਕਰ। ਮੱਲ ਲੈ ਕੋਈ ਹਲਕਾ...'

'ਚੌਧਰੀ ਸਾਹਿਬ, ਚੋਣਾਂ ਸਮੇਂ, ਜਿੱਥੇ ਵੀ ਹੁਕਮ ਕਰੋਗੇ, ਉੱਥੇ ਕੰਮ ਕਰਾਂਗਾ। ਵੈਸੇ ਤਾ ਤੁਹਾਨੂੰ ਪਤੈ, ਮੈਂ ਦਿੱਲੀ ਨਾਲ ਬੱਝਾ ਹੋਇਆਂ।'

ਚੌਧਰੀ ਚੁੱਪ ਹੋ ਗਿਆ। ਮਾੜੀ ਜਿਹੀ ਮੁਸਕਰਾਹਟ ਜਿਹੜੀ ਉਹਦੇ ਬੁੱਲ੍ਹਾਂ 'ਤੇ ਖੇਡ ਰਹੀ ਸੀ, ਅਲੋਪ ਹੋ ਗਈ। ਜ਼ੁਬਾਨ ਦੀ ਮਿੱਠਤ ਵੀ ਪਹਿਲਾਂ ਜਿਹੀ ਨਾ ਰਹੀ। ਉਹ ਸਾਫ਼-ਸਾਫ਼ ਕਹਿਣ ਲੱਗਾ,

'ਭਾਈ ਗੁਰਦਿਆਲ, ਰਾਜ ਸਭਾ ਦੀ ਨਾਮਜ਼ਦਗੀ ਦੇ ਮਾਮਲੇ ਵਿੱਚ ਅਜੇ ਕੋਈ ਫ਼ਰਕ ਨਹੀਂ ਪਿਆ। ਸਾਡੇ ਕੋਲ ਇੱਕੋ ਸੀਟ ਪਹਿਲੋਂ ਸੀ ਤੇ ਹੁਣ ਵੀ ਇੱਕੋ ਏ। ਵਾਧੂ ਵੋਟ ਹੁਣ ਵੀ ਹੈ ਨੇ। ਉਹ ਚਾਹੇਂ ਤਾਂ ਲੈ-ਲੈ। ਬਾਕੀ ਦਿਆਂ ਦਾ ਬੰਦੋਬਸਤ ਕਰ ਲੈ।'

'ਚੌਧਰੀ ਸਾਹਿਬ, ਤੁਹਾਨੂੰ ਪਤੈ...', ਗੁਰਦਿਆਲ ਨੇ ਮਿਣ-ਮਿਣ ਕੀਤੀ।

'ਵੇਖ ਭਾਈ', ਚੌਧਰੀ ਵਿੱਚੋਂ ਬੋਲ ਪਿਆ, 'ਮੈਨੂੰ ਤੇਰੇ ਪੱਖ ਦਾ ਪਤੈ। ਪਰ ਏਸ ਵੇਲੇ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੇਰੇ ਕੁੜਮ ਵੀ ਖੜੇ ਨਹੀਂ ਹੋ



ਰਹੇ। ਪਰ ਹੋਰ ਕਈ ਦਾਅਵੇਦਾਰ ਪੈਦਾ ਹੋ ਗਏ ਨੇ। ਤਗੜੇ ਬੰਦੇ ਨੇ। ਮੇਰੀ ਪਾਰਟੀ ਦੇ ਪਾਵੇ ਨੇ। ਜੇ ਮੇਰੇ ਕੋਲ ਚਾਰ ਸੀਟਾਂ ਵੀ ਹੁੰਦੀਆਂ ਤਾਂ ਪੂਰੀ ਨਾ ਪੈਂਦੀ। ਤੇਰੇ ਬਾਰੇ ਕੁਝ ਹੋਰ ਸੋਚਾਂਗੇ। ਪਰ ਪਹਿਲਾਂ ਇਹ ਟੰਟਾ ਮੁਕਾ ਲਈਏ। ਭਾਈ ਗੁਰਦਿਆਲ, ਪਾਰਟੀ ਚਲਾਣੀ ਸੌਖੀ ਨਹੀਂ ਹੁੰਦੀ।'

ਗੁਰਦਿਆਲ ਦਾ ਜੀਅ ਕੀਤਾ, ਉਹਨੂੰ ਕਹੇ, ਜੇ ਏਡੀ ਮੁਸ਼ਕਿਲ ਲੱਗਦੀ ਜੇ ਤਾਂ ਮੈਨੂੰ ਸੌਂਪ ਦਿਓ। ਪਰ ਇਹ ਉਹ ਕਹਿ ਨਹੀਂ ਸੀ ਸਕਦਾ। ਉਹਨੂੰ ਪਤਾ ਸੀ, ਚੌਧਰੀ ਨੂੰ ਕੋਈ ਔਖ ਨਹੀਂ ਸੀ ਹੋ ਰਹੀ। ਉਹ ਤਾਂ ਗੋਂਗਲੂਆਂ ਦੀ ਮਿੱਟੀ ਝਾੜ ਰਿਹਾ ਸੀ।

ਮੀਟਿੰਗ ਖ਼ਤਮ ਸੀ। ਗੁਰਦਿਆਲ ਨੇ ਹੱਥ ਜੋੜੇ ਤੇ ਬਾਹਰ ਟੁਰ ਪਿਆ।

#

ਹੁਣ ਸਾਰੇ ਰਾਹ ਬੰਦ ਸਨ। ਕੋਈ ਨਵਾਂ ਰਾਹ ਲੱਭਣਾ ਪੈਣਾ ਸੀ। ਏਥੋਂ ਨਹੀਂ, ਦਿੱਲੀਉਂ। ਏਸ ਲਈ ਛੇਤੀ ਵਾਪਸ ਜਾਣਾ ਜ਼ਰੂਰੀ ਸੀ। ਪਰ ਜਾਣ ਤੋਂ ਪਹਿਲਾਂ ਪਾਲੀ ਦੇ ਸੱਸ-ਸਹੁਰੇ ਨੂੰ ਸੁਲਾਹ ਵੀ ਮਾਰਨੀ ਪੈਣੀ ਸੀ। ਭਾਵੇਂ ਏਸ ਵੇਲੇ ਸੱਦੇ ਦੇਣ ਤੇ ਖ਼ਾਤਰਾਂ ਕਰਨ ਦੀ ਅਵਸਥਾ ਨਹੀਂ ਸੀ। ਗੁਰਦਿਆਲ ਨੇ ਸੋਚਿਆ, ਸ਼ਾਮੀਂ ਦਸ ਸੈਕਟਰ ਦਾ ਗੇੜਾ ਕੱਢ ਲਿਆ ਜਾਵੇ ਤੇ ਸਵੇਰੇ ਦਿੱਲੀ ਨੂੰ ਚਾਲੇ ਪਾ ਦਿੱਤੇ ਜਾਣ।

ਉਹਨੇ ਦਿੱਲੀ ਪਤਨੀ ਨੂੰ ਵੀ ਫ਼ੋਨ ਕਰ ਦਿੱਤਾ। ਉਹਨੂੰ ਦੱਸ ਦਿੱਤਾ, ਕੰਮ ਨਹੀਂ ਸੀ ਬਣਿਆ। ਕਲ੍ਹ ਦੁਪਹਿਰੇ ਪਹੁੰਚ ਰਿਹਾਂ। ਸ਼ਾਇਦ ਨਾਲ ਪਾਲੀ ਦੀ ਸੱਸ ਤੇ ਸੁਹਰਾ ਵੀ ਹੋਣ।

ਕੁੜਮਾਂ ਨੇ ਬੜਾ ਚਾਅ ਕੀਤਾ। ਰਾਤੀਂ ਦਸ ਵਜੇ ਤਕ ਉੱਠਣ ਨਾ ਦਿੱਤਾ। ਕੁੜਮਣੀ ਦਿੱਲੀ ਜਾਣ ਜੋਗੀ ਨਹੀਂ ਸੀ। ਜੋ ਦਵਾਈ ਉਹ ਖਾ ਰਹੀ ਸੀ, ਲੱਗ ਨਹੀਂ ਸੀ ਰਹੀ। ਪੀੜ ਸਗੋਂ ਵਧੀ ਹੋਈ ਸੀ। ਗੁਰਦਿਆਲ ਨੇ ਤਾਂ ਏਥੋਂ ਤਕ ਕਹਿ ਦਿੱਤਾ,

'ਭੈਣ ਜੀ, ਦਿੱਲੀ ਦਾ ਸਭ ਤੋਂ ਵੱਡਾ ਗੋਡਿਆਂ ਦਾ ਡਾਕਟਰ ਮੇਰਾ ਦੋਸਤ ਏ। ਆ ਜਾਓ, ਤੁਹਾਨੂੰ ਗੋਡੇ ਹੀ ਨਵੇਂ ਲੁਆ ਦੇਣੇ ਹਾਂ। ਇਹ ਰੋਜ਼-ਰੋਜ਼ ਦਾ ਰੇੜਕਾ ਹੀ ਮੁੱਕ ਜਾਏਗਾ।'

ਕੁੜਮਣੀ ਨੂੰ ਕੱਟ-ਵੱਢ ਮੰਜ਼ੂਰ ਨਹੀਂ ਸੀ। ਕੱਟ-ਵੱਢ ਵੇਲੇ ਜਿਹੜਾ ਬੇਹੋਸ਼ ਕਰਦੇ ਸਨ, ਉਹ ਉਸ ਤੋਂ ਵੀ ਡਰਦੀ ਸੀ। ਕਹਿਣ ਲੱਗੀ, ਕੀ ਪਤੈ, ਫੇਰ ਹੋਸ਼ ਆਵੇ ਹੀ ਨਾ। ਉਹਨੇ ਕਹਿ ਦਿੱਤਾ,

'ਭਰਾ ਜੀ, ਮੈਨੂੰ ਨਵੇਂ ਗੋਡੇ ਨਹੀਂ ਚਾਹੀਦੇ। ਜਿਨ੍ਹਾਂ ਗੋਡਿਆਂ ਨੇ ਸਾਰੀ ਉਮਰ ਸਾਥ ਦਿੱਤੈ, ਉਹਨਾਂ ਨੂੰ ਕਿਉਂ ਛੱਡਾਂ ਏਸ ਵੇਲੇ। ਮੈਂ ਦਵਾਈ ਬਦਲ

ਲਵਾਂਗੀ।'

ਏਧਰ-ਉਧਰ ਦੀਆਂ ਬੜੀਆਂ ਗੱਲਾਂ ਹੋਈਆਂ। ਜਦੋਂ ਚੋਣਾਂ ਦੀ ਗੱਲ ਚੱਲੀ, ਕੁੜਮ ਨੇ ਸੁਜਾਨਗੜ੍ਹ ਦੀ ਹਾਰ ਦਾ ਅਫ਼ਸੋਸ ਕੀਤਾ,

'ਭਾਈ ਸਾਹਿਬ, ਬੜਾ ਮਾੜਾ ਹੋਇਐ। ਤੁਸੀਂ ਏਨੀ ਮਿਹਨਤ ਕੀਤੀ। ਕਿਸੇ ਲਾਹੇ ਨਾ ਲੱਗੀ।'

'ਕੋਈ ਗੱਲ ਨਹੀਂ ਜੀ', ਗੁਰਦਿਆਲ ਨੇ ਜਵਾਬ ਦਿੱਤਾ, 'ਕਿਸੇ ਇਕ ਨੇ ਤਾਂ ਹਾਰਨਾਂ ਹੀ ਹੁੰਦੈ। ਅਫ਼ਸੋਸ ਸਾਨੂੰ ਸਿਰਫ਼ ਏਸ ਗੱਲ ਦਾ ਏ ਕਿ ਅਸੀਂ ਸਿਰਫ਼ 331 ਵੋਟਾਂ ਨਾਲ ਹਾਰੇ। ਹੁਣ ਸੋਚਦੇ ਹਾਂ ਕਿ ਜਿੱਤ ਵੀ ਸਕਦੇ ਸਾਂ। ਜੇ ਅਸੀਂ ਆਪਣੀ ਮੁਹਿੰਮ ਇਕ ਹਫ਼ਤਾ ਪਹਿਲੋਂ ਸ਼ੁਰੂ ਕਰ ਲੈਂਦੇ। ਜਾਂ ਜੇ ਤੀਜੀ ਧਿਰ ਵਾਲੇ ਉਮੀਦਵਾਰ 'ਚ ਕੁਝ ਹੋਰ ਜਾਨ ਪੈ ਜਾਂਦੀ। ਜਾਂ ਜੇ ਸਾਡੇ ਹਲਕੇ 'ਚ ਦਲਿਤ ਦੋ-ਚਾਰ ਫ਼ੀ ਸਦੀ ਘਟ ਹੁੰਦੇ...' ਗੁਰਦਿਆਲ ਨੇ ਪੂਰਾ ਲੈਕਚਰ ਦੇ ਦਿੱਤਾ।

'ਮਾਸੜ ਜੀ, ਏਨੀਆਂ ਥੋੜੀਆਂ ਵੋਟਾਂ ਨਾਲ ਹਾਰਨਾ ਕਿਸ ਤਰ੍ਹਾਂ ਲੱਗਦਾ ਹੋਏਗਾ?' ਜਗਜੀਤ ਨੇ ਏਸ ਤਰ੍ਹਾਂ ਦੀ ਹਾਰ ਦੀ ਮਾਨਸਿਕਤਾ ਨੇ ਖਿੱਚ ਪਾਈ।

'ਮਾੜਾ ਤਾਂ ਬਹੁਤ ਲੱਗਦੈ। ਸੋਚੀਦੈ, ਥੋੜਾ ਜਿਹਾ ਜ਼ੋਰ ਹੋਰ ਲਾ ਦੇਂਦੇ। ਜਿਹੜੇ ਪਿੰਡਾਂ 'ਚ ਨਹੀਂ ਸਾਂ ਗਏ, ਉੱਥੇ ਵੀ ਚਲੇ ਜਾਂਦੇ। ਕੁਝ ਪੈਸਾ ਹੋਰ ਲਾ ਦੇਂਦੇ। ਕੁਝ ਸ਼ਰਾਬ ਹੋਰ ਵੰਡ ਦੇਂਦੇ...'

ਬ੍ਰਿਗੇਡੀਅਰ ਤ੍ਰੱਭਕ ਪਿਆ। ਉਸ ਪੁੱਛਿਆ,

'ਭਾਈ ਸਾਹਿਬ, ਤੁਸੀਂ ਸ਼ਰਾਬ ਵੀ ਵੰਡੀ?'

ਬ੍ਰਿਗੇਡੀਅਰ ਨੂੰ ਸ਼ਰਾਬ ਤੋਂ ਭਿੱਟ ਨਹੀਂ ਸੀ। ਹੁਣ ਵੀ ਖਾਣੇ ਤੋਂ ਪਹਿਲਾਂ ਉਹਨੇ ਆਪਣੀ ਸੱਕਾਚ ਦਾ ਪੈੱਗ ਲਾਇਆ ਸੀ। ਉਹਨੂੰ ਸਿਰਫ਼ ਚੋਣ ਤੇ ਸ਼ਰਾਬ ਦੇ ਸੰਬੰਧ ਦੀ ਸਮਝ ਨਹੀਂ ਸੀ ਲੱਗੀ।

'ਵੰਡੀ ਸੀ ਜੀ', ਗੁਰਦਿਆਲ ਨੇ ਮੰਨਿਆ। 'ਸਾਡੇ ਨਾਲ ਕੰਮ ਕਰਨ ਵਾਲਾ ਮਾਹਿਰ ਤਾਂ ਇਹ ਵੀ ਕਹਿੰਦਾ ਸੀ ਕਿ ਜੇ ਅੱਜ ਮਹਾਤਮਾ ਗਾਂਧੀ ਵੀ ਚੋਣ ਲੜੇ, ਸ਼ਰਾਬ ਉਹਨੂੰ ਵੀ ਵੰਡਣੀ ਪਏ। ਅੱਜਕਲ੍ਹ ਸਭ ਵੰਡਦੇ ਨੇ। ਹੋਰ ਵੀ ਬੜਾ ਕੁਝ ਇਹੋ ਜਿਹਾ ਹੁੰਦੈ, ਜਿਹੜਾ ਨਹੀਂ ਹੋਣਾ ਚਾਹੀਦੈ। ਇਹ ਉਦੋਂ ਤਕ ਹੁੰਦਾ ਰਹੇਗਾ, ਜਦੋਂ ਤਕ ਲੋਕ ਪੜ੍ਹ-ਲਿਖ ਨਹੀਂ ਜਾਂਦੇ।'

'ਮਾਸੜ ਜੀ, ਮੈਨੂੰ ਤਾਂ ਤੁਹਾਡੇ ਦੋਸਤ ਹਜ਼ੂਰ ਸਿੰਘ ਦਾ ਖ਼ਿਆਲ ਆਉਂਦੈ, ਓਸ ਵਿਚਾਰੇ 'ਤੇ ਕੀ ਬੀਤੀ ਹੋਏਗੀ?' ਜਗਜੀਤ ਨੂੰ ਏਸ ਤਰ੍ਹਾਂ ਹਾਰੇ ਹੋਏ ਦੀ ਮਨੋ-ਅਵਸਥਾ ਚਿਤਵੀ।

'ਉਹਨੂੰ ਬੜਾ ਮਾੜਾ ਲੱਗਾ ਸੀ। ਪਰ ਛੇਤੀ ਹੀ ਸੰਭਲ ਗਿਐ। ਜੱਗੀ, ਹਜ਼ੂਰ ਸਿੰਘ ਹੰਢਿਆ-ਵਰਤਿਆ ਬੰਦੈ। ਇਕ ਚੋਣ ਪਹਿਲੋਂ ਵੀ ਹਾਰ ਚੁਕੈ। ਉਹਨੂੰ ਸਮਝ ਲਗ ਗਈ ਏ ਕਿ ਇਹ ਸੀਟ ਜਿੱਤੀ ਜਾ ਸਕਦੀ ਏ। ਹੁਣ ਉਹ ਉੱਥੇ ਬਹਿ ਜਾਏਗਾ। ਅਗਲੇ ਪੰਜ ਸਾਲ ਉੱਥੇ ਲੋਕਾਂ ਦੇ ਕੰਮ ਕਰਾਏਗਾ। ਅਗਲੀ ਵਾਰੀ ਉੱਥੋਂ ਜਿੱਤੇਗਾ ਜ਼ਰੂਰ।'



'ਅਗਲੀ ਵਾਰ ਕਿਨ੍ਹੇ ਵੇਖੀ ਏ, ਮਾਸੜ ਜੀ?' ਜਗਜੀਤ ਨੂੰ ਹਲਕੇ 'ਚ ਬਹਿ ਜਾਣ ਵਾਲੀ ਗੱਲ ਨਾ ਜਚੀ। 'ਜੇ ਅਗਲੀ ਵਾਰੀ ਉਹਨੂੰ ਉੱਥੋਂ ਦੀ ਟਿਕਟ ਹੀ ਨਾ ਮਿਲੀ ਤਾਂ?'

'ਉਹਨੂੰ ਨਹੀਂ ਫ਼ਰਕ ਪੈਂਦਾ। ਜੇ ਕੇਸਰੀ ਦਲ ਨੇ ਨਾ ਦਿੱਤੀ ਤਾਂ ਉਹ ਕਿਸੇ ਹੋਰ ਪਾਰਟੀ ਦੀ ਲੈ ਲਵੇਗਾ। ਨਹੀਂ ਤਾਂ ਆਪੇ ਹੀ ਖੜਾ ਹੋ ਜਾਏਗਾ। ਉਹਨੇ ਤਾਂ ਐਮ-ਐਲ-ਏ ਬਣਨੈਂ। ਜੱਗੀ, ਉਹਦੀ ਪੁਜ਼ੀਸ਼ਨ ਇਹ ਹੈ ਕਿ ਉਹਨੇ ਹਰ ਹਾਲੇ ਲੋਕਾਂ ਦੀ ਸੇਵਾ ਕਰਨੀ ਏ ਤੇ ਸੇਵਾ ਕਰਨ ਲਈ ਬੰਦੇ ਦੀ ਸਮਾਜ 'ਚ ਵੁੱਕਅਤ ਹੋਣੀ ਚਾਹੀਦੀ ਏ। ਉਹਦੀ ਸਿਆਸਤ ਇਹ ਵੁੱਕਅਤ ਹੀ ਏ। ਜਿਹੜੀ ਪਾਰਟੀ ਉਹਨੂੰ ਇਹ ਦੇਵੇਗੀ, ਉਹ ਉਹਦੇ ਨਾਲ ਹੋਵੇਗਾ।'

'ਬੰਦਾ ਰੋਚਕ ਏ...'

ਗੁਰਦਿਆਲ ਨੂੰ ਕਿਸੇ ਹੋਰ, ਏਸੇ ਤਰ੍ਹਾਂ ਥੋੜੇ ਜਿਹੇ ਵੋਟਾਂ ਨਾਲ ਹਾਰਨ ਵਾਲੇ ਦਾ ਖ਼ਿਆਲ ਆ ਗਿਆ। ਉਹ ਉਹਦੀ ਗੱਲ ਲੈ ਬੈਠਾ।

'ਜੱਗੀ, ਹਜ਼ੂਰ ਸਿੰਘ ਤਾਂ ਫੇਰ ਵੀ 331 ਵੋਟਾਂ ਨਾਲ ਹਾਰਿਐ। ਤੂੰ ਉਸ ਬੰਦੇ ਦੀ ਸੋਚ, ਜਿਹੜਾ ਸਿਰਫ਼ ਛਪੰਜਾ ਵੋਟਾਂ ਨਾਲ ਰਹਿ ਗਿਐ।'

'ਉਹ ਤਾਂ ਵਿਚਾਰਾ ਉੱਠਣ ਜੋਗਾ ਹੀ ਨਹੀਂ ਰਿਹਾ ਹੋਣਾ। ਵੋਟਾਂ ਵਾਲੀ ਮਸ਼ੀਨ ਨੂੰ ਤੋੜ ਦੇਣ ਦਾ ਜੀਅ ਕੀਤਾ ਹੋਣੈਂ ਉਹਦਾ। ਕੌਣ ਸੀ ਉਹ?'

'ਕੋਈ ਰਾਸ਼ਟਰ-ਦਲੀਆ ਸੀ। ਦੁਆਬੇ ਦੀ ਕਿਸੇ ਸੀਟ ਤੋਂ। ਆਖ਼ਰੀ ਰਾਊਂਡ ਤਕ ਉਹ ਅੱਗੇ ਰਿਹਾ। ਇਹ ਛਪੰਜਾ ਵੋਟ ਉਹਨੂੰ ਅਖ਼ੀਰ 'ਚ ਆ ਕੇ ਥੁੜੇ।'

ਨਿਕਲਣ ਵੇਲੇ ਤਕ ਗੱਲਾਂ ਪੰਜਾਬ ਦੀ ਸਿਆਸਤ ਦੀਆਂ ਹੁੰਦੀਆਂ ਰਹੀਆਂ। ਸੱਭੋ ਸੁਣਦੇ ਰਹੇ ਤੇ ਕੁਝ ਨਾ ਕੁਝ ਕਹਿੰਦੇ ਰਹੇ। ਏਸ ਸਭ ਕੁਝ 'ਚ ਗੁਰਦਿਆਲ ਨੂੰ ਆਪਣੀ ਬਿਪਤਾ ਭੁੱਲੀ ਰਹੀ। ਪਰ ਬਸ ਓਨਾ ਹੀ ਚਿਰ। ਜਿਵੇਂ ਹੀ ਉੱਥੋਂ ਨਿਕਲਿਆ, ਉਹਨੂੰ ਉਹ ਫੇਰ ਯਾਦ ਆ ਗਈ।

# ਮੌਕਾ

ਆਪ ਗੁਰਦਿਆਲ ਵੀ ਤਾਂ ਹਾਰਿਆ ਸੀ। ਹਾਰਿਆ ਵੀ ਬੁਰੀ ਤਰ੍ਹਾਂ ਸੀ। ਜ਼ਮਾਨਤ ਜ਼ਬਤ ਹੋ ਗਈ ਸੀ ਉਹਦੀ। ਭਾਵੇਂ ਚੋਣ ਨਹੀਂ ਸੀ ਲੜਿਆ। ਏਡੀ ਕਰਾਰੀ ਹਾਰ ਨੇ ਉਹਦੇ ਮੂੰਹ ਉੱਤੇ ਕਿਸੇ ਗੂੜ੍ਹੀ ਉਦਾਸੀ ਲੇਪ ਦਿੱਤੀ ਸੀ। ਸਾਰਾ ਦਿਨ ਉਹ ਸਿਰ ਸੁੱਟੀ ਬੈਠਾ ਰਹਿੰਦਾ। ਸੋਚਾਂ ’ਚ ਗੁਆਚਾ। ਕਈ ਦਿਨਾਂ ਤੋਂ ਉਹਨੇ ਪੱਗ ਵੀ ਸੰਵਾਰ ਕੇ ਨਹੀਂ ਸੀ ਬੰਨ੍ਹੀ। ਟਾਈ ਦੀ ਨਾਟ ਦੀ ਪਰਵਾਹ ਨਹੀਂ ਸੀ ਕੀਤੀ। ਪਤਨੀ ਨੂੰ ਤਾਂ ਕਾਰਨ ਦਾ ਪਤਾ ਸੀ। ਬੱਚਿਆਂ ਨੇ ਇਹ ਸਮਝ ਲਿਆ ਸੀ ਕਿ ਅਜੇ ਸੁਜਾਨਗੜ੍ਹ ਦੀ ਚੋਣ ਦਾ ਥਕੇਵਾਂ ਨਹੀਂ ਸੀ ਲੱਥਾ।

ਉਹਦਾ ਕੁਝ ਵੀ ਕਰਨ ਨੂੰ ਜੀਅ ਨਹੀਂ ਸੀ ਕਰ ਰਿਹਾ। ਬਾਹਰ ਵੀ ਘੱਟ ਹੀ ਨਿਕਲਿਆ। ਐਸਟੇਟ ਆਫ਼ਿਸ ਵਾਲੀ ਚਿੱਠੀ ਤਿਆਰ ਪਈ ਸੀ। ਸੁੰਦਰ ਦਾਸ ਨੂੰ ਉਹ ਵੀ ਨਹੀਂ ਸੀ ਫੜਾ ਸਕਿਆ। ਪਰ ਏਸ ਵਿਚ ਸ਼ਾਇਦ ਉਹਦਾ ਕਸੂਰ ਨਹੀਂ ਸੀ। ਸੁੰਦਰ ਦਾਸ ਝੱਲਿਆ ਹੀ ਨਹੀਂ ਸੀ ਕਦੀ। ਲਾਅਨ ’ਚ ਉਹ ਜਦੋਂ ਵੀ ਬਹਿੰਦਾ, ਸੁੰਦਰ ਦਾਸ ਦੀ ਕੋਠੀ ਵਲ ਮੂੰਹ ਕਰਕੇ ਬਹਿੰਦਾ। ਕਦੀ ਨਜ਼ਰ ਹੀ ਨਹੀਂ ਸੀ ਆਇਆ। ਅਲਕਾ ਦੀ ਝਲਕ ਵੀ ਨਹੀਂ ਸੀ ਪਈ।

ਅਖ਼ੀਰ ਇਕ ਸਵੇਰੇ ਸੁੰਦਰ ਦਾਸ ਨਾਲ ਟੱਕਰ ਹੋ ਹੀ ਪਈ। ਬੇ-ਧਿਆਨੇ ਬੈਠੇ ਦੇ ਕੰਨੀਂ ਆਵਾਜ਼ ਪਈ,

‘ਪੂਜਨੀਕ ਪੜੋਸੀਉ, ਕਿੱਥੇ ਗ਼ਾਇਬ ਰਹੇ ਹੋ ਏਨੇ ਦਿਨ?’

ਗੁਰਦਿਆਲ ਨੇ ਵੇਖਿਆ, ਕੰਧ ਦੇ ਪਾਰ ਸੁੰਦਰ ਦਾਸ ਖੜਾ ਸੀ। ਪੂਰਾ ਵਾਤ ਖੋਲ੍ਹ ਮੁਸਕਰਾ ਰਿਹਾ ਸੀ। ਉਹਦੇ ਹੱਥ ’ਚ ਮੱਗ ਨਹੀਂ ਸੀ। ਮਤਲਬ ਸੀ, ਚਾਹ-ਚੂਹ ਪੀਣ ਦਾ ਕੰਮ ਮੁਕਾ ਬੈਠਾ ਸੀ। ਗੁਰਦਿਆਲ ਉੱਠਿਆ ਤੇ ਆਪਣੇ ਪਾਸਿਉਂ ਉਹਦੇ ਸਾਹਮਣੇ ਜਾ ਖਲੋਤਾ।

‘ਗ਼ਾਇਬ ਤਾਂ ਤੁਸੀਂ ਰਹੇ ਹੋ, ਭਾਈ ਸਾਹਿਬ! ਉਲਾਹਮਾ ਮੈਨੂੰ ਦੇ ਰਹੇ ਹੋ’, ਗੁਰਦਿਆਲ ਨੇ ਉਹਦਾ ਝੂਠ ਫੜ ਲਿਆ। ‘ਮੈਂ ਤਾਂ ਤੁਹਾਨੂੰ ਕਈ ਦਿਨਾਂ ਤੋਂ ਲੱਭ ਰਿਹਾਂ।’

‘ਹਾਂ, ਗ਼ਾਇਬ ਮੈਂ ਹੀ ਸਾਂ’, ਸੁੰਦਰ ਦਾਸ ਨੇ ਮੰਨ ਲਿਆ। ‘ਸਿੰਘ ਸਾਹਿਬ, ਦੋ ਜਣਿਆਂ ਨੂੰ ਚੈਣ ਨਹੀਂ ਪੈਂਦਾ। ਇਕ ਤਾਂ ਨਵੇਂ-ਨਵੇਂ ਪ੍ਰੇਮੀ ਨੂੰ ਤੇ



ਦੂਜਾ ਮੇਰੇ ਜਿਹੇ ਸਿਆਸਤਦਾਨ ਨੂੰ, ਜਿਨ੍ਹੇ ਬਿਜ਼ਨਸ ’ਚ ਵੀ ਟੰਗਾਂ ਅੜਾਈਆਂ ਹੋਣ। ਮੈਂ ਲਖਨਊ ਗਿਆ ਹਇਆ ਸਾਂ। ਬੜੇ ਕੰਮ ਸਨ ਉੱਥੇ। ਉੱਥੋਂ ਸਿੱਧਾ ਮੁੰਬਈ ਚਲਾ ਗਿਆ। ਤੁਸੀਂ ਦੱਸੋ, ਤੁਹਾਡਾ ਕੀ ਬਣਿਐ।’

ਸੁੰਦਰ ਦਾਸ ਮੁੜ-ਘਿੜ ਪਿਛਾਂਹ ਵੇਖ ਰਿਹਾ ਸੀ, ਜਿਵੇਂ ਉਹਨੂੰ ਕਿਸੇ ਦੇ ਆਉਣ ਦੀ ਉਡੀਕ ਹੋਵੇ। ਗੁਰਦਿਆਲ ਨੇ ਥੋੜੇ ਲਫ਼ਜ਼ਾਂ ’ਚ ਸਭ ਕੁਝ ਦੱਸ ਦਿੱਤਾ।

‘ਇਹਦਾ ਮਤਲਬ ਇਹ ਹੋਇਆ ਕਿ ਸਾਨੂੰ ਸਹਾਰਾ ਸਿਰਫ਼ *ਐਕਸਟੈਨਸ਼ਨਾਂ* ਦਾ ਰਹਿ ਗਿਐ। ਸਿੰਘ ਸਾਹਿਬ, ਤੁਸੀਂ ਮੈਨੂੰ ਉਹ ਚਿੱਠੀ ਨਹੀਂ ਦਿੱਤੀ’, ਸੁੰਦਰ ਦਾਸ ਨੇ ਵਿਸ਼ਾ ਬਦਲ ਦਿੱਤਾ।

‘ਭਾਈ ਸਾਹਿਬ, ਚਿੱਠੀ ਤਾਂ ਤਿਆਰ ਏ। ਮੈਂ ਹੁਣੇ ਲਿਆ ਦੇਨਾਂ...’

‘ਨਹੀਂ, ਅਜੇ ਰਹਿਣ ਦਿਉ। ਅਜੇ ਬੜਾ *ਟਾਈਮ* ਏ...’

ਸੁੰਦਰ ਦਾਸ ਨੇ ਫੇਰ ਪਿਛਾਂਹ ਵੇਖਿਆ। ਉਹਦੇ ਬੁੱਲ੍ਹਾਂ ’ਤੇ ਮਚਲਦੀ ਮੁਸਕਰਾਹਟ ਅਲੋਪ ਹੋਣ ਲੱਗੀ। ਹਾਵ-ਭਾਵ ਵੀ ਬਦਲਣ ਲੱਗਾ।

ਗੁਰਦਿਆਲ ਨੇ ਪਰਵਾਹ ਨਾ ਕੀਤੀ ਤੇ ਪੁੱਛਿਆ,

‘ਭਾਈ ਸਾਹਿਬ, ਮੈਨੂੰ ਦੱਸੋ, ਮੈਂ ਹੁਣ ਕੀ ਕਰਾਂ?’

‘ਸਿੰਘ ਸਾਹਿਬ, ਹੌਸਲਾ ਰੱਖੋ। ਮੰਜ਼ਿਲ ਤਕ ਪਹੁੰਚਣ ਦਾ ਰਾਹ ਇਕ ਨਹੀਂ ਹੁੰਦਾ। ਰਾਹ ਹੋਰ ਵੀ ਹੁੰਦੇ ਨੇ। ਅਸੀਂ ਉਹਨਾਂ ਨੂੰ ਲੱਭਦੇ ਨਹੀਂ। ਇਹ ਮੇਰੇ ਸਵੱਰਗੀਏ ਪਿਤਾ ਜੀ ਕਿਹਾ ਕਰਦੇ ਸਨ। ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ। ਅਸੀਂ ਲੱਭਾਂਗੇ ਕਈ ਹੋਰ ਰਾਹ।’

‘ਪਰ, ਜਨਾਬ, ਦਿਨ ਤਾਂ ਬਹੁਤੇ ਰਹਿ ਨਹੀਂ ਗਏ। ਆਖ਼ਰੀ ਤਰੀਕ ਨਾਮਜ਼ਦਗੀ ਦੀ ਅਠਾਰ੍ਹਾਂ ਏ।’

‘ਦਿਨ ਹੀ ਦਿਨ ਨੇ। ਏਸ ਤਰੀਕ ਨੂੰ ਤਾਂ ਭੁੱਲ ਜਾਓ ਤੁਸੀਂ। ਇਹਦੇ ਵਲ ਰਾਹ ਬੰਦ ਹੋ ਗਿਆ ਹਇਐ। ਅਸੀਂ ਕਈ ਹੋਰ ਰਾਹ ਲੱਭਣੈਂ। ਥੋੜ੍ਹਾ ਜਿਹਾ ਸਮਾਂ ਦਿਉ ਮੈਨੂੰ। ਅਜੇ ਤੁਹਾਡੀ ਪਹਿਲੀ *ਐਕਸਟੈਂਸ਼ਨ* ਦੇ ਦੋ ਮਹੀਨੇ ਰਹਿੰਦੇ ਨੇ। ਤਿੰਨ ਮਹੀਨਿਆਂ ਦੀ *ਐਕਸਟੈਂਸ਼ਨ* ਅਸੀਂ ਹੋਰ ਲੈ ਰਹੇ ਹਾਂ। ਸਾਡੇ ਕੋਲ ਬੜਾ ਵਕਤ ਏ...’ ਸੁੰਦਰ ਦਾਸ ਨੇ ਫੇਰ ਪਿਛਾਂਹ ਵੇਖਿਆ। ‘ਤੁਸੀਂ ਅਜੇ ਆਪਣੇ ਕਿਰਾਏਦਾਰ ਨੂੰ ਨਾ ਨਿਕਲਣ ਦੇਣਾ...’

ਸੁੰਦਰ ਦਾਸ ਨੂੰ ਲੱਗਾ, ਉਹਨੂੰ ਪਿੱਛੋਂ ਕੋਈ ਆਵਾਜ਼ ਪਈ ਹੋਵੇ। ਉਹਨੇ ਪਿਛਾਂਹ ਵੇਖਿਆ ਤੇ ਛੁੱਟੀ ਮੰਗਣ ਲੱਗਾ,

‘ਸਿੰਘ ਸਾਹਿਬ, ਮੈਨੂੰ ਕਈ ਮਿਲਣ ਆ ਗਿਐ। ਅਜੇ ਤਾਂ ਛੁੱਟੀ ਦਿਉ। ਮੈਨੂੰ ਧਿਆਨ ਰਹੇਗਾ। ਕੋਈ ਨਾ ਕੋਈ ਰਾਹ ਲੱਭਾਂਗੇ। ਰਾਹ ਬੜੇ ਨੇ...’

ਏਸ ਤੋਂ ਪਹਿਲਾਂ ਕਿ ਗੁਰਦਿਆਲ ਅੱਗੋਂ ਕੁਝ ਕਹਿੰਦਾ, ਸੁੰਦਰ ਦਾਸ ਪਿਛਾਂਹ ਪਰਤ ਗਿਆ।

#

ਕਈ ਦਿਨ ਲੰਘ ਗਏ। ਨਾ ਹੀ ਕੁਝ ਗੁਰਦਿਆਲ ਨੂੰ ਸੁੱਝਿਆ ਤੇ ਨਾ ਹੀ ਉਹਨੂੰ ਕਿਸੇ ਹਰ ਨੇ ਸੁਝਾਇਆ। ਸੁੰਦਰ ਦਾਸ ਨਾਲ ਤਾਂ ਫੇਰ ਮੇਲ ਹੀ ਨਾ ਹੋਇਆ। ਨਾ ਕਈ ਫ਼ੋਨ 'ਤੇ ਹੀ ਗੱਲ ਹਈ। ਇਕ ਦਿਨ ਅਲਕਾ ਦਿੱਸੀ। ਐਸਟੇਟ ਆਫ਼ਿਸ ਵਾਲੀ ਚਿੱਠੀ ਗੁਰਦਿਆਲ ਨੇ ਉਹਨੇ ਫੜਾ ਦਿੱਤੀ।

ਅਠਾਰ੍ਹਾਂ ਤਾਰੀਕ ਆ ਗਈ। ਜਿਨ੍ਹਾਂ ਨਾਮਜ਼ਦਗੀਆਂ ਭਰਨੀਆਂ ਸਨ, ਭਰ ਦਿੱਤੀਆਂ। ਉਹ ਬਿਨਾਂ ਮੁਕਾਬਲਾ ਚੁਣੇ ਗਏ। ਨਾ ਹਿੰਙ ਲੱਗੀ ਨਾ ਫਟਕੜੀ। ਕਈ ਮੁਹਿੰਮ ਨਾ ਚਲਾਣੀ ਪਈ। ਨਾ ਕਿਸੇ ਰੱਛੇ ਵਰਗੇ ਮਾਹਿਰ ਦੀ ਮਦਦ ਲੈਣੀ ਪਈ। ਨਾ ਮਹੀਨਾ ਡੇਢ ਨਤੀਜੇ ਉਡੀਕਣੇ ਪਏ। ਉਹ ਸ਼ਾਮ ਨੂੰ ਹੀ ਨਿਕਲ ਆਏ। ਚੋਣ ਹੋਵੇ ਤਾਂ ਇਹੋ ਜਿਹੀ। ਗੁਰਦਿਆਲ ਨੂੰ ਰਸ਼ਕ ਆਇਆ। ਇਹ ਤਾਂ ਮੱਖਣ ਤੋਂ ਵਾਲ ਕੱਢਣ ਵਾਂਗ ਸੀ। ਜਾਂ ਕੜ੍ਹੇ ਦੁੱਧ 'ਤੋਂ ਮਲਾਈ ਲਾਹੁਣ ਵਾਂਗ।

ਕਈ ਵਿਚਾਰੇ ਰਹਿ ਵੀ ਗਏ। ਉਹਨਾਂ ਨੂੰ ਪਾਰਟੀ ਨੇ ਟਿਕਟ ਹੀ ਨਹੀਂ ਸੀ ਦਿੱਤੀ। ਹੋਰ ਤਾ ਹੋਰ, ਉਹ ਐਕਟ੍ਰੈਸ ਵੀ ਰਹਿ ਗਈ, ਜੋ ਸੁਫ਼ਨਿਆਂ ਦੀ ਮਲਕਾ ਕਹਿਵਾਉਂਦੀ ਸੀ। *ਡਰੀਮ ਗਰਲ*। ਉਹ ਲੰਮਾ-ਝੰਮਾ ਜਣਾ ਵੀ ਰਹਿ ਗਿਆ, ਜੋ ਇਕ ਵੇਲੇ ਗੁਰਦਿਆਲ ਵਾਂਗ ਹੀ ਸੰਜੇ ਗਾਂਧੀ ਦਾ ਚੇਲਾ ਹੁੰਦਾ ਸੀ। ਚਿੱਟਾ ਕੁੜਤਾ-ਪਾਜਾਮਾ ਪਾਉਂਦਾ ਸੀ ਤੇ ਕਿਸੇ ਬਹੁਤ ਹੀ ਗੂਹੜੇ ਰੰਗ ਦੀ ਪਗੜੀ ਬਣਦਾ ਸੀ। ਰਾਜ ਸਭਾ 'ਚ ਅੜਿੰਗੇ ਡਾਹੁਣ ਤੇ ਰੌਲਾ ਪਾਉਣ 'ਚ ਸਭ ਤੋਂ ਅੱਗੇ ਹੁੰਦਾ ਸੀ। ਉਹ ਚੌਦ੍ਹਾਂ ਵਰ੍ਹੇ ਸਭਾ ਦੇ ਅਗਲੇ ਬੈਂਚਾਂ 'ਤੇ ਸ਼ੁਸ਼ੋਭਿਤ ਰਿਹਾ। ਹੁਣ ਕੀ ਕਰੇਗਾ ਵਿਚਾਰਾ? ਗੁਰਦਿਆਲ ਦੇ ਦਿਲ 'ਚ ਹਮਦਰਦੀ ਜਾਗ ਪਈ। ਉਹਦੀ ਕੋਠੀ ਖੁੱਸ ਜਾਏਗੀ? ਲੱਗਦਾ ਨਹੀਂ। ਉਹ ਛੇਤੀ ਕੀਤੇ ਨਿਕਲਣ ਵਾਲਾ ਬੰਦਾ ਨਹੀਂ ਸੀ। ਸੁਫ਼ਨਿਆਂ ਦੀ ਮਲਕਾ ਕੋਲ ਹੋਰ ਬੜੇ ਘਰ ਹੋਣਗੇ। ਦਿੱਲੀ ਵੀ ਤੇ ਮੁੰਬਈ ਵੀ।

ਛਾਯਾ ਦੇਵੀ ਜਿੱਤ ਗਈ ਸੀ। ਹੁਣ ਉਹਨੇ ਦਿੱਲੀ ਬਹਿਣਾ ਸੀ। ਏਥੇ ਕੁਆਲੀਸ਼ਨ ਸਰਕਾਰ ਸੀ। ਉਹਦੇ ਤੋਂ ਮਤਲਬ ਦੇ ਫ਼ੈਸਲੇ ਕਰਾਉਣੇ ਸਨ ਤੇ ਬੜੇ ਭਾਈ ਸਾਹਿਬ 'ਤੇ ਨਜ਼ਰ ਰੱਖਣੀ ਸੀ। ਇਕ ਅਖ਼ਬਾਰ ਨੇ ਉਹਦੀ ਜਿੱਤ ਦੀ ਖ਼ਬਰ ਦੇ ਨਾਲ-ਨਾਲ ਉਹਦੀ ਜਾਇਦਾਦ ਦਾ ਉਹ ਵੇਰਵਾ ਵੀ ਛਾਪ ਦਿੱਤਾ ਸੀ, ਜਿਹੜਾ ਉਹਨੇ ਆਪਣੇ ਨਾਮਜ਼ਦਗੀ ਦੇ ਕਾਗ਼ਜ਼ਾਂ 'ਚ ਦਿੱਤਾ ਸੀ। ਗੁਰਦਿਆਲ ਨੇ ਧਿਆਨ ਨਾਲ ਪੜ੍ਹਿਆ। ਦੇਵੀ ਜੀ ਦੀ ਵੁੱਕਅਤ ਢਾਈ ਸੌ ਕਰੋੜ ਰੁਪਏ ਸੀ। ਵਧੀਆ ਇਲਾਕਿਆਂ 'ਚ ਜਾਇਦਾਦਾਂ ਸਨ। ਦਿੱਲੀ 'ਚ ਵੀ ਸਨ, ਉਹਨਾਂ ਦੋ ਪੰਜ-ਤਾਰਾ ਹੋਟਲਾਂ ਦੇ ਨੇੜੇ, ਜਿਨ੍ਹਾਂ 'ਚੋਂ ਇਕ 'ਚ ਭਾਰਤ-ਫੇਰੀ ਤੇ ਆਇਆ ਅਮਰੀਕੀ ਪ੍ਰਧਾਨ ਕਲਿੰਟਨ ਠਹਿਰਿਆ ਸੀ ਤੇ ਦੂਜੇ ਵਿਚ ਉਭਰ ਰਹੇ ਚਾਰ ਦੇਸਾਂ ਦਾ *ਬਰਿਕਸ ਸੰਮੇਲਨ* ਹੋਇਆ ਸੀ। ਉਹਨੂੰ



ਬੜਾ ਵਿਚਾਰਾ ਜਿਹਾ ਮਹਿਸੂਸ ਹਇਆ। ਉਹਨੇ ਠੰਢਾ ਸਾਹ ਲਿਆ ਤੇ ਕਿਹਾ, 'ਕਾਸ਼ ਮੈਂ ਵੀ ਕਿਸੇ ਚਮਾਰ ਦੇ ਘਰ ਪੈਦਾ ਹੋਇਆ ਹੁੰਦਾ।' ਇਹ ਤਾਂ ਸ਼ੁਕਰ ਸੀ, ਉਹਦਾ ਕਿਹਾ ਉਹਦੀ ਪਤਨੀ ਨੇ ਨਹੀਂ ਸੀ ਸੁਣਿਆ। ਉਹ ਉਸ ਵੇਲੇ ਰਸੋਈ 'ਚ ਸੀ। ਨਹੀਂ ਤਾਂ ਉਹਨੂੰ ਝਾੜ ਪੈਣੀ ਸੀ।

ਇਕ ਪੁਰਾਣੇ ਮੁਸਲਮਾਨ ਕੌਮੀ ਲੀਡਰ ਦੀ ਰਿਸ਼ਤੇਦਾਰ ਦਾ ਵੀ ਦਾਅ ਲੱਗ ਗਿਆ ਸੀ। ਭਗਵਾਂ ਪਾਰਟੀ ਵਾਲਿਆਂ ਨੇ ਉਹਨੂੰ ਸੌ ਉਚੇਚ ਕਰਕੇ ਟਿਕਟ ਦਿੱਤੀ ਸੀ। ਪਾਰਟੀ ਦੇ ਆਪਣੇ ਕਈ, ਸਾਲਾਂ-ਬੱਧੀ ਲੀਡਰਾਂ ਦੇ ਬਰਾਂਡਿਆਂ 'ਚ ਬੈਠੇ ਰਹਿਣ ਵਾਲੇ, ਰਹਿ ਗਏ ਸਨ। ਗੁਰਦਿਆਲ ਨੂੰ ਉਹਨਾਂ 'ਤੇ ਵੀ ਤਰਸ ਆਇਆ। ਉਹ ਉਹਦੇ ਹਮਸਫ਼ਰ ਸਨ। ਉਹਨਾਂ ਨੂੰ ਵੀ ਆਪਣੀ ਮੰਜ਼ਿਲ ਦਾ ਕੋਈ ਹੋਰ ਰਾਹ ਲੱਭਣਾ ਪੈਣਾ ਸੀ।

ਬੇ-ਟਿਕਟੇ ਹੋਰ ਵੀ ਬਹੁਤ ਸਨ। ਮਾੜਾ ਜਿਹਾ ਦੁੱਖ ਗੁਰਦਿਆਲ ਨੂੰ ਉਹਨਾਂ ਦਾ ਵੀ ਲੱਗਾ। ਵੈਸੇ ਵੀ ਮੂੰਹ ਲਟਕਿਆ ਹੋਇਆ ਸੀ। ਥੋੜਾ ਜਿਹਾ ਹੋਰ ਲਟਕ ਗਿਆ। ਪਤਨੀ ਜਦੋਂ ਸਾਹਮਣੇ ਹੋਈ, ਉਹਦੇ ਮੂੰਹੋਂ ਨਿਕਲ ਹੀ ਪਿਆ,

'ਮੈਂ ਵੀ ਕਿਉਂ ਨਾ ਕਿਸੇ ਚਮਾਰ ਦੇ ਘਰ ਪੈਦਾ ਹੋਇਆ?'

'ਸ਼ਰਮ ਕਰੋ। ਕੀ ਕਹਿ ਰਹੇ ਹੋ?' ਪਤਨੀ ਨੇ ਝਿੜਕਿਆ। 'ਜੇ ਬੱਚੇ ਸੁਣ ਲੈਂਦੇ ਤਾਂ?'

ਗੁਰਦਿਆਲ ਨੇ ਉਹਨੂੰ ਛਾਯਾ ਦੇਵੀ ਦੀ ਦੌਲਤ ਦਾ ਵੇਰਵਾ ਦਿੱਤਾ, ਜੋ ਉਹਨੇ ਅਖ਼ਬਾਰ 'ਚ ਪੜ੍ਹਿਆ ਸੀ।

'ਨਾ ਕਰੋ ਈਰਖਾ। ਚੰਗੀ ਨਹੀਂ ਹੁੰਦੀ। ਜਿਦ੍ਹੀ ਜੋ ਕਿਸਮਤ। ਕਿਉਂ ਆਪਣਾ ਜੀਅ ਖ਼ਰਾਬ ਕਰਦੇ ਹੋ? ਮਾਰੋ ਗੋਲੀ ਇਹਨਾਂ ਸਭ ਚੀਜ਼ਾਂ ਨੂੰ। ਨਹੀਂ ਚਾਹੀਦੀ ਸਾਨੂੰ ਕੋਈ। ਨਾ ਲੱਗੋ ਇਹਨਾਂ ਪਾਲੀਟੀਸ਼ਨਾਂ ਦੇ ਪਿੱਛੇ। ਵੇਚੋ ਆਪਣਾ ਘਰ ਤੇ ਬਣਾਉ ਡੀ-ਐਲ-ਐਫ਼ 'ਚ ਆਪਣਾ ਬੰਗਲਾ। ਛੋਟਾ ਜਿਹਾ ਹੀ ਸਹੀ। ਹੋ ਜਾਏਗਾ ਗੁਜ਼ਾਰਾ ਸਾਡਾ।'

'ਫੇਰ ਕਰਾਂ ਪ੍ਰਾਪਟੀ ਡੀਲਰ ਨੂੰ ਫ਼ੋਨ?'

'ਕਰੋ। ਮੁਕਾਓ ਟੰਟਾ। ਬੀ-ਜੀ ਕਿਹਾ ਕਰਦੇ ਸਨ, ਭੱਠ ਪਏ ਉਹ ਸੋਨਾ, ਜਿਹੜਾ ਕੰਨਾਂ ਨੂੰ ਪਾੜੇ। ਕੋਠੀ ਤਾਂ ਜਾਨ ਦਾ ਖੌ ਬਣ ਗਈ ਏ। ਲਾਹੋ ਮਗਰੋਂ ਇਹਨੂੰ।'

'ਚਲੋ ਇੰਜ ਹੀ ਕਰਨੇ ਹਾਂ। ਸਵੇਰੇ ਕਰਾਂਗਾ ਫ਼ੋਨ ਉਹਨੂੰ।'

ਗੁਰਦਿਆਲ ਨੇ ਫੇਰ ਠੰਢਾ ਸਾਹ ਲਿਆ।

#

ਦਿਨ ਚੰਗਾ ਚੜ੍ਹਿਆ ਹੋਇਆ ਸੀ। ਗੁਰਦਿਆਲ ਲਾਅਨ 'ਚ ਬੈਠਾ

ਅਖ਼ਬਾਰਾਂ ਪੜ੍ਹ ਰਿਹਾ ਸੀ। ਉਹਨੂੰ ਯਾਦ ਸੀ, ਉਹਨੇ ਪ੍ਰਾਪਰਟੀ ਡੀਲਰ ਨੂੰ ਫ਼ੋਨ ਕਰਨਾ ਏ। ਉਹਨੇ, ਜਿਹੜੀ ਖ਼ਬਰ ਉਹ ਪੜ੍ਹ ਰਿਹਾ ਸੀ, ਉਹਨੂੰ ਵਿੱਚੇ ਹੀ ਛਡ ਉਹਦਾ ਫ਼ੋਨ ਮਿਲਾਇਆ। ਫ਼ੋਨ *ਬਿਜ਼ੀ* ਸੀ। ਕੁਝ ਚਿਰ ਉਡੀਕ ਲੈਣ ਪਿੱਛੋਂ ਉਹ ਨੰਬਰ ਫੇਰ ਦਬਾਉਣ ਹੀ ਲੱਗਾ ਸੀ ਕਿ ਉਹਨੂੰ ਗਵਾਂਢੋਂ ਆਵਾਜ਼ ਪਈ,

'ਪੂਜਨੀਕ ਪੜੋਸੀਉ, ਕਿੱਥੇ ਹੋ?'

ਗੁਰਦਿਆਲ ਨੇ ਵੇਖਿਆ, ਸੁੰਦਰ ਦਾਸ, ਆਪਣੀ ਕੰਧ ਨੂੰ ਲੱਗਾ, ਸੈਨਤਾਂ ਕਰ ਰਿਹਾ ਸੀ। ਉਹਨੇ ਫ਼ੋਨ ਰੱਖ ਦਿੱਤਾ ਤੇ ਉਹਦੇ ਵਲ ਹੋ ਪਿਆ।

ਸੁੰਦਰ ਦਾਸ ਦੇ ਹੱਥ, ਕਿਸੇ ਥਾਉਂ ਖੁੱਲ੍ਹਾ, ਕੋਈ ਅਖ਼ਬਾਰ ਸੀ। ਉਹਨੂੰ ਅੱਗੇ ਕਰਦਾ ਉਹ ਬੋਲਿਆ,

'ਸਿੰਘ ਸਾਹਿਬ, ਆਹ ਪੜ੍ਹੋ।'

ਅਖ਼ਬਾਰ ਉਸ ਸਫ਼ੇ ਤੋਂ ਖੁੱਲ੍ਹਾ ਹੋਇਆ ਸੀ, ਜਿਸ 'ਤੇ ਉਠਾਉਣੀਆਂ, ਰਸਮ-ਕਿਰਿਆ ਤੇ ਅੰਤਿਮ ਅਰਦਾਸਾਂ ਦੇ ਇਸ਼ਤਿਹਾਰ ਹੁੰਦੇ ਨੇ। ਇਹੋ ਜਿਹੇ ਹੀ ਇਕ ਇਸ਼ਤਿਹਾਰ 'ਤੇ ਨਿਸ਼ਾਨ ਲੱਗਾ ਹਇਆ ਸੀ। ਛੋਟੀ ਜਿਹੀ ਰੰਗੀਨ ਤਸਵੀਰ ਵੀ ਲੱਗੀ ਹੋਈ ਸੀ। ਬਣੇ-ਠਣੇ, ਮੁਸਕਰਾ ਰਹੇ, ਕਿਸੇ ਬੀਬੇ ਜਿਹੇ ਸਰਦਾਰ ਦੀ ਸੀ। ਗੁਰਦਿਆਲ ਨੇ ਪੜ੍ਹਿਆ। ਇਕ ਨਾਮੀ ਪੰਜਾਬੀ ਲੇਖਕ, ਕਿਸੇ ਸਰਕਾਰੀ ਸੰਸਥਾ ਦਾ ਸਾਬਿਕ ਚੇਅਰਮੈਨ, ਰਾਜ ਸਭਾ ਦਾ ਮੈਂਬਰ, ਕੁਝ ਦੇਰ ਬੀਮਾਰ ਰਹਿਣ ਪਿੱਛੋਂ ਪਰਲੋਕ ਸਿਧਾਰ ਗਿਆ ਸੀ ਤੇ ਅੱਜ ਦੁਪਹਿਰੇ ਲੋਧੀ ਕਾਲੋਨੀ ਵਾਲੀ ਸ਼ਮਸ਼ਾਨ ਭੂਮੀ 'ਚ ਉਹਦਾ ਸਸਕਾਰ ਹੋ ਰਿਹਾ ਸੀ। ਹੇਠ ਬੜੇ ਸਾਰੇ ਨਾਂ ਸਨ। ਭਰਾਵਾਂ, ਭਰਜਾਈਆਂ, ਭਤੀਜੇ, ਭਤੀਜੀਆਂ, ਪੁੱਤਰਾਂ, ਧੀਆਂ, ਨੂੰਹਾਂ, ਜਵਾਈਆਂ, ਪੋਤਰੇ-ਪੋਤਰੀਆਂ, ਦੋਹਤਰੇ-ਦੋਹਤਰੀਆਂ ਦੇ। ਵੱਡਾ ਪਰਵਾਰ ਸੀ। ਲੇਖਕ ਅਠਾਸੀ ਸਾਲ ਦੀ ਉਮਰ ਭੋਗ ਕੇ ਗਿਆ ਸੀ। ਪਰਵਾਰ ਵੱਡਾ ਹੋਣਾ ਹੀ ਸੀ।

'ਜਾ ਰਹੇ ਹੋ ਸਸਕਾਰ 'ਤੇ?' ਅਖ਼ਬਾਰ ਵਾਪਸ ਕਰਦਿਆਂ ਗੁਰਦਿਆਲ ਨੇ ਪੁੱਛਿਆ।

'ਨਹੀਂ। ਮੇਰਾ ਉਹ ਕੁਝ ਨਹੀਂ ਸੀ ਲੱਗਦਾ। ਮੈਂ ਉਹਦੀ ਕੋਈ ਕਿਤਾਬ ਵੀ ਨਹੀਂ ਪੜ੍ਹੀ ਹੋਈ। ਪੜ੍ਹਨਾ ਵੀ ਨਹੀਂ ਚਾਹੁੰਦਾ।' ਸੁੰਦਰ ਦਾਸ ਨੇ ਗੱਲ ਮੁਕਾ ਦਿੱਤੀ।

'ਪੜ੍ਹੀ ਤਾਂ ਮੈਂ ਵੀ ਨਹੀਂ ਹੋਈ। ਮੈਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਵੀ ਨਹੀਂ। ਮੇਰਾ ਜਾਣੂ ਵੀ ਨਹੀਂ ਸੀ ਉਹ। ਮੈਂ ਵੀ ਨਹੀਂ ਜਾਵਾਂਗਾ ਸਸਕਾਰ 'ਤੇ।'

ਸੁੰਦਰ ਦਾਸ ਹੱਸ ਪਿਆ। ਆਵਾਜ਼ ਉੱਚੀ ਕਰ ਬੋਲਿਆ,

'ਪਾਤਸ਼ਾਹੋ, ਮੈਂ ਤੁਹਾਨੂੰ ਸ਼ਮਸ਼ਾਨ-ਭੂਮੀ ਨਹੀਂ ਘੱਲ ਰਿਹਾ। ਬੁੱਝੋ ਭਲਾ, ਮੈਂ ਇਹ ਇਸ਼ਤਿਹਾਰ ਕਿਉਂ ਪੜ੍ਹਾਇਐ ਤੁਹਾਨੂੰ।'



ਗੁਰਦਿਆਲ ਨੇ ਦਿਮਾਗ਼ 'ਤੇ ਜ਼ੋਰ ਦਿੱਤਾ। ਉਹਨੂੰ ਕੁਝ ਨਾ ਸੁੱਝਿਆ। ਕਹਿਣ ਲੱਗਾ,

'ਆਪੇ ਦੱਸ ਦਿਓ। ਨਹੀਂ ਬੁੱਝਿਆ ਜਾਂਦਾ।'

'ਵੇਖੋ ਸਿੰਘ ਸਾਹਿਬ, ਧਿਆਨ ਨਾਲ ਸੁਣੋ। ਜਿਹੜੀ ਰਾਜ ਸਭਾ ਏ, ਉਪਰਲਾ ਸਦਨ, ਜਿਹਦਾ ਮੈਂ ਪਿੱਛਲੇ ਗਿਆਰਾਂ ਸਾਲਾਂ ਤੋਂ ਮੈਂਬਰ ਹਾਂ, ਉਹਦੇ ਕੁਲ ਢਾਈ ਸੌ ਮੈਂਬਰ ਹੁੰਦੇ ਨੇ। ਦੋ ਸੌ ਅਠੱਤੀ ਸਭਨਾਂ ਰਾਜਾਂ ਤੇ ਕੇਂਦਰ-ਸ਼ਾਸਿਤ ਇਲਾਕਿਆਂ ਤੋਂ ਚੁਣੇ ਜਾਂਦੇ ਨੇ ਤੇ ਬਾਕੀ ਦੇ ਬਾਰ੍ਹਾਂ ਰਾਸ਼ਟਰਪਤੀ ਨਿਯੁਕਤ ਕਰਦੈ। ਆਪਣੇ ਆਪ ਨਹੀਂ, ਕੇਂਦਰੀ ਸਰਕਾਰ ਦੀ ਸਿਫ਼ਾਰਸ਼ 'ਤੇ। ਇਸ ਇਸ਼ਤਿਹਾਰ ਦਾ ਮਤਲਬ ਇਹ ਜੇ ਕਿ ਉਹਨਾਂ ਬਾਰ੍ਹਾਂ ਨਾਮਜ਼ਦ ਮੈਂਬਰਾਂ 'ਚੋਂ ਇਕ ਕਲ੍ਹ ਸ਼ਾਮੀਂ ਕਿਰ ਗਿਐ। ਮਤਲਬ ਏ, ਜਿਹੜੀ ਥਾਂ ਉਹਨੇ ਮੱਲੀ ਹੋਈ ਸੀ, ਉਹ ਖ਼ਾਲੀ ਹੋ ਗਈ ਏ ਤੇ ਰਾਸ਼ਟਰਪਤੀ, ਕੇਂਦਰੀ ਸਰਕਾਰ ਦੀ ਸਿਫ਼ਾਰਸ਼ 'ਤੇ, ਉਹਨੂੰ ਫੇਰ ਭਰ ਸਕਦੈ। ਸਮਝੇ ਹੋ ਕਿ ਨਹੀਂ ਅਜੇ ਵੀ?'

ਗੁਰਦਿਆਲ ਨੂੰ ਸਮਝ ਪੈ ਗਈ। ਸੁੰਦਰ ਦਾਸ ਨੂੰ ਬੜੀ ਦੂਰ ਦੀ ਸੁੱਝੀ ਸੀ।

'ਭਾਈ ਸਾਹਿਬ, ਮੈਂ ਤਾਂ ਲੇਖਕ ਨਹੀਂ।' ਗੁਰਦਿਆਲ ਨੂੰ ਕਸਰ ਲੱਗੀ।

'ਕੋਈ ਫ਼ਰਕ ਨਹੀਂ ਪੈਂਦਾ। ਲੇਖਕ ਹੋਣਾ ਜ਼ਰੂਰੀ ਨਹੀਂ। ਅਸਲ 'ਚ ਕੁਝ ਵੀ ਹੋਣਾ ਜ਼ਰੂਰੀ ਨਹੀਂ। ਜ਼ਰੂਰੀ ਚੀਜ਼ ਸਿਰਫ਼ ਇਕ ਮਿਹਰਬਾਨ ਨਜ਼ਰ ਏ। ਕੇਂਦਰੀ ਸਰਕਾਰ ਦੀ, ਜਾਂ ਉਹਦੀ, ਜਿਹਨੂੰ ਕੇਂਦਰੀ ਸਰਕਾਰ ਮੰਨਦੀ ਹੋਵੇ। ਜਾਂ ਕਿਸੇ ਇਹੋ ਜਿਹੇ ਦੀ, ਜਿਹੜਾ ਕੇਂਦਰੀ ਸਰਕਾਰ ਤੋਂ ਸਿਫ਼ਾਰਸ਼ ਕਰਾ ਸਕੇ।'

'ਕੇਂਦਰੀ ਸਰਕਾਰ ਮੇਰੀ ਸਿਫ਼ਾਰਸ਼ ਕਿਉਂ ਕਰੇਗੀ?'

'ਏਸ ਲਈ ਕਿ ਤੁਸੀਂ ਉਹਨੂੰ ਕਹੋਗੇ ਜਾਂ ਕਹਿਵਾਉਗੇ।'

ਸੁੰਦਰ ਦਾਸ ਹੱਸੀ ਜਾ ਰਿਹਾ ਸੀ।

'ਮੇਰੇ ਲਈ ਕੌਣ ਕਹੇਗਾ?' ਗੁਰਦਿਆਲ ਨੂੰ ਔਖਾ ਲੱਗਾ।

'ਇਹ ਤੁਸੀਂ ਆਪ ਸੋਚੋ।' ਸੁੰਦਰ ਦਾਸ ਗੰਭੀਰ ਹੋ ਗਿਆ। 'ਮੈਂ ਤਾਂ ਤੁਹਾਨੂੰ ਦੱਸ ਦਿੱਤੈ, ਭਾਈ, ਇਕ ਮੌਕਾ ਬਣਿਆ ਜੇ। ਏਸ ਤੋਂ ਵਧ ਮੈਂ ਕੁਝ ਨਹੀਂ ਕਰ ਸਕਦਾ। ਨਾਮਜ਼ਦਗੀ ਕੇਂਦਰੀ ਸਰਕਾਰ ਨੇ ਕਰਨੀ ਏ। ਕੇਂਦਰੀ ਸਰਕਾਰ ਰਾਸ਼ਟਰ ਦਲ ਦੀ ਏ। ਤੁਸੀਂ ਉਹਦੇ ਵਿਰੋਧੀ ਹੋ। ਅਸੀਂ ਉਹਦੇ ਏਡੇ ਵਿਰੋਧੀ ਵੀ ਨਹੀਂ, ਉਹਦੀ ਬਾਹਰੋਂ ਹਿਮਾਇਤ ਕਰਦੇ ਹਾਂ, ਪਰ ਉਹਨੂੰ ਕਹਿਣ ਜੋਗੇ ਅਸੀਂ ਵੀ ਨਹੀਂ। ਵੇਖੋ, ਏਡੀ ਮੁਸ਼ਕਿਲ ਗੱਲ ਕੋਈ ਨਹੀਂ ਜੇ। ਦਿੱਲੀ 'ਚ ਬੜੇ-ਬੜੇ ਮਹਾਂਰਥੀ ਬੈਠੇ ਨੇ। ਏਧਰ-ਉਧਰ ਨਜ਼ਰ ਮਾਰੋ। ਕੋਈ ਨਾ ਕੋਈ ਲੱਭ ਜਾਏਗਾ। ਅਜੇ ਸਮਾਂ ਹੈ, ਪਰ ਬਹੁਤਾ ਨਹੀਂ ਜੇ। ਇਹ ਇਸ਼ਤਿਹਾਰ ਹੋਰਨਾਂ ਨੇ ਵੀ ਪੜ੍ਹਿਆ ਹੋਏਗਾ।'

'ਭਾਈ ਸਾਹਿਬ, ਬੜਾ ਮੁਸ਼ਕਿਲ ਲਗਦੈ। ਮੈਂ ਕਿਸ ਮੂੰਹ ਨਾਲ ਜਾਵਾਂ ਏਸ ਸਰਕਾਰ ਕੋਲ। ਹੁਣ ਤਕ ਤਾਂ ਮੈਂ ਉਹਦਾ ਵਿਰੋਧ ਕਰਦਾ ਰਿਹਾਂ।'

ਸੁੰਦਰ ਦਾਸ ਹੱਸ ਪਿਆ। ਉਹਦਾ ਮਜ਼ਾਕੀਆ ਲਹਿਜਾ ਪਰਤ ਆਇਆ। ਉਹਨੇ ਟਿਕਾ ਕੇ ਕਿਹਾ,

'ਜਾਣਾ ਤਾਂ ਏਸੇ ਮੂੰਹ ਨਾਲ ਪਵੇਗਾ। ਸਿੰਘ ਸਾਹਿਬ, ਜੇ ਅਸੀਂ ਰਾਵਨ ਹੁੰਦੇ ਤਾਂ ਸਾਡੇ ਕੋਲ ਅੱਠ-ਦਸ ਮੂੰਹ ਹੋਰ ਹੁੰਦੇ। ਪਰ ਅਸੀਂ ਕਿਸੇ ਹੋਰ ਜੁਗ 'ਚ ਪੈਦਾ ਹੋਏ ਹਾਂ। ਇਕੋ ਮੂੰਹ ਏ ਸਾਡੇ ਕੋਲ। ਹਰ ਥਾਂ ਇਹਨੂੰ ਹੀ ਡਾਹੀਦੈ। ਤੁਸੀਂ ਫ਼ੈਲਸੂਫ਼ੀਆਂ 'ਚ ਨਾ ਪਵੋ। ਇਹ ਨਾ ਸੋਚੋ ਕਿ ਤੁਸੀਂ ਵਿਰੋਧ 'ਚ ਹੋ। ਸਾਡੇ ਏਸ ਮਹਾਨ ਭਾਰਤਵਰਸ਼ 'ਚ ਕਈ ਵੀ ਅਜਿਹਾ ਸਿਆਸਤਦਾਨ ਨਹੀਂ, ਜਿਹੜਾ ਸਾਰੀ ਉਮਰ ਇਕ ਥਾਂ ਖਲੋਤਾ ਰਿਹਾ ਹੋਵੇ। ਹਰ ਕਿਸੇ ਵਿਰੋਧ ਵੀ ਕੀਤੈ ਤੇ ਹਿਮਾਇਤ ਵੀ। ਨਾਲੇ ਰਾਸ਼ਟਰ ਦਲ ਨਾਲ ਵਿਰੋਧ ਦਾ ਕਈ ਮਤਲਬ ਨਹੀਂ। ਅਸੀਂ ਸਾਰੇ ਉਹਦੇ 'ਚੋਂ ਹੀ ਨਿਕਲੇ ਹਾਂ। ਇਕ ਵੇਲੇ ਮੈਂ ਵੀ ਰਾਸ਼ਟਰ ਦਲ 'ਚ ਹੁੰਦਾ ਸਾਂ। ਉਹਦੀ ਇਕ ਰਾਜ-ਇਕਾਈ ਦਾ ਖ਼ਜ਼ਾਨਚੀ ਲੱਗਾ ਰਿਹਾਂ...'

'ਏਸ ਤਰ੍ਹਾਂ ਤਾਂ, ਭਾਈ ਸਾਹਿਬ, ਕਦੀ ਮੈਂ ਵੀ ਹੁੰਦਾ ਸਾਂ ਰਾਸ਼ਟਰ ਦਲ 'ਚ। ਛੋਟੀ ਉਮਰੇ। ਜਦੋਂ ਅਜੇ ਸੰਜੇ ਗਾਂਧੀ ਦਾ ਜ਼ੋਰ ਹੁੰਦਾ ਸੀ...'

ਸੁੰਦਰ ਦਾਸ ਝੂਠਾ ਜਿਹਾ ਚੌਂਕ ਪਿਆ।

'ਇਹ ਕੀਹਦਾ ਨਾਂ ਲਿਆ ਜੇ? ਮੁੜ ਕੇ ਨਾ ਲੈਣਾ। ਏਸ ਨਾਂ ਦਾ ਹੁਣ ਫ਼ੈਸ਼ਨ ਨਹੀਂ ਰਿਹਾ। ਇਹ ਨਾਂ ਵਰਜਿਤ ਏ ਰਾਸ਼ਟਰ ਦਲ 'ਚ। ਸੋ ਭੁੱਲ ਜਾਓ ਕਿ ਤੁਸੀਂ ਕਦੀ ਰਾਸ਼ਟਰ ਦਲ 'ਚ ਹੁੰਦੇ ਸਾਉ। ਫੇਰ ਵੀ ਆਪਣੇ ਆਪ ਨੂੰ ਉਹ ਰਾਹ-ਭੁੱਲਾ ਬੰਦਾ ਸਮਝੋ, ਜਿਹੜਾ ਸਵੇਰੇ ਗੁਆਚ ਕੇ ਸ਼ਾਮ ਨੂੰ ਘਰ ਆ ਜਾਵੇ।'

ਗੁਰਦਿਆਲ ਮੁਸਕਰਾ ਪਿਆ।

'ਚੱਲੋ, ਭਾਈ ਸਾਹਿਬ, ਲੱਭਦੇ ਹਾਂ ਕਿਸੇ ਨੂੰ। ਤੁਹਾਨੂੰ ਵੀ ਕਈ ਸੁੱਝੇ ਤਾਂ ਦੱਸਣਾ।'

'ਪਰ, ਸਿੰਘ ਸਾਹਿਬ, ਲੱਭਣਾ ਉਹਨੂੰ, ਜਿਦ੍ਹੀ ਹਾਈ ਕਮਾਨ ਤਕ ਪਹੁੰਚ ਹੋਵੇ। ਏਸ ਤੋਂ ਹੇਠਾਂ ਕੰਮ ਨਹੀਂ ਜੇ ਬਣਨ ਲੱਗਾ।'

ਸੁੰਦਰ ਦਾਸ ਖਿਸਕਣ ਲੱਗਾ।

'ਇਹ ਅਖ਼ਬਾਰ ਆਪਣੇ ਕੋਲ ਹੀ ਰੱਖੋ।' ਉਹਨੇ ਅਖ਼ਬਾਰ ਗੁਰਦਿਆਲ ਵਲ ਕਰ ਦਿੱਤਾ।

'ਭਾਈ ਸਾਹਿਬ', ਗੁਰਦਿਆਲ ਨੇ ਜਾਂਦੇ ਨੂੰ ਪਿੱਛੋਂ ਆਵਾਜ਼ ਦਿੱਤੀ, 'ਅੱਜ ਪੜ੍ਹਿਆ ਜੇ ਅਖ਼ਬਾਰ 'ਚ ਛਾਯਾ ਦੇਵੀ ਦੀ ਦੌਲਤ ਦਾ ਵੇਰਵਾ?'

'ਬਿਲਕੁਲ ਪੜ੍ਹਿਐ!'

ਸੁੰਦਰ ਦਾਸ ਪਰਤ ਆਇਆ।



'ਏਨਾ ਪੈਸਾ ਹੁੰਦੈ ਸਾਡੇ ਸਿਆਸਤਦਾਨਾਂ ਕੋਲ?' ਗੁਰਦਿਆਲ ਨੇ ਹੈਰਾਨੀ ਨਾਲ ਪੁੱਛਿਆ।

'ਸਿੰਘ ਸਾਹਿਬ, ਇਹ ਤਾਂ ਕੁਝ ਵੀ ਨਹੀਂ?' ਸੁੰਦਰ ਦਾਸ ਨੇ ਚਸਕਾ ਲਾਇਆ। 'ਸਿਆਸਤ ਸਾਡੇ ਦੇਸ਼ ਦਾ ਸਭ ਤੋਂ ਵੱਡਾ *ਬਿਜ਼ਨਸ* ਏ। ਦੇਸ ਦੀ ਆਰਥਕਤਾ ਸਾਲ 'ਚ ਛੇ, ਸੱਤ ਜਾਂ ਹੱਦ ਅੱਠ ਫ਼ੀ ਸਦੀ ਵਧਦੀ ਏ। ਪਰ ਸਿਆਸਤਦਾਨਾਂ ਦੀ ਆਰਥਕਤਾ ਦਾ ਵਾਧਾ ਕਈ ਸੌ ਫ਼ੀ ਸਦੀ ਹੁੰਦੈ। ਮਾਤਾ ਜੀ ਦੀ ਆਰਥਕਤਾ ਵੀ ਏਸੇ ਦਰ 'ਤੇ ਵਧੀ ਏ। ਸਾਰੀ ਦਿੱਸਦੀ ਵੀ ਨਹੀਂ। ਕਦੀ ਆਈਸਬਰਗ ਵੇਖਿਆ ਜੇ?'

'ਵੇਖਣਾ ਕਿੱਥੋਂ ਸੀ। ਜੁਗਰਾਫ਼ੀਏ 'ਚ ਪੜ੍ਹਿਆ ਸੀ ਜਾਂ ਇਕ ਫ਼ਿਲਮ 'ਚ ਵੇਖਿਆ ਸੀ। ਏਸ ਆਈਸਬਰਗ ਨੇ ਇਕ ਬੜਾ ਜ਼ਬਰਦਸਤ ਸਮੁੰਦਰੀ ਜਹਾਜ਼ ਡੋਬ ਦਿੱਤਾ ਸੀ...'

'ਏਸ ਜਹਾਜ਼ ਦਾ ਨਾਂ ਸੀ *ਟਾਈਟੈਨਿਕ*...'

'ਹਾਂ ਯਾਦ ਆ ਗਿਐ...'

'ਆਈਸਬਰਗ ਥੋੜਾ ਜਿਹਾ ਹੀ ਉਪਰ ਹੁੰਦੈ—ਪਾਣੀ ਤੋਂ, ਬਾਕੀ ਸਾਰਾ ਹੇਠਾਂ। ਮਾਤਾ ਜੀ ਦੀ ਦੌਲਤ ਦਾ ਵੀ ਇਹ ਹਾਲ ਜੇ। ਉੱਪਰ ਵਾਲੀ ਤਾਂ ਨਾ ਜਾਉ।'

ਸੁੰਦਰ ਦਾਸ ਫੇਰ ਖਿਸਕਣ ਲੱਗਾ, ਪਰ ਕੁਝ ਸੋਚ ਕੇ ਰੁਕ ਗਿਆ। ਸ਼ਾਇਦ ਉਹਦਾ ਆਪਣੀ ਵਡਿਆਈ ਕਰਨ ਨੂੰ ਜੀਅ ਕਰ ਆਇਆ ਸੀ। ਕਹਿਣ ਲੱਗਾ,

'ਸਿੰਘ ਸਾਹਿਬ, ਮੈਂ ਵੀ ਸਿਆਸਤ 'ਚ ਹਾਂ, ਪਰ ਮੇਰੇ ਹੋਰ *ਬਿਜ਼ਨਸ* ਵੀ ਨੇ। ਕਈ ਫ਼ਰਮਾਂ ਨੇ ਤੇ ਫ਼ੈਕਟਰੀਆਂ। ਦੌਲਤ ਦੇ ਮਾਮਲੇ 'ਚ ਮੈਂ ਜਿੰਨਾ ਹੇਠਾਂ ਹਾਂ, ਉਸ ਤੋਂ ਜ਼ਿਆਦਾ ਉੱਪਰ ਹਾਂ। ਟੈਕਸ ਵਾਲਿਆਂ ਤੋਂ ਡਰਦਾ ਹਾਂ, ਨਹੀਂ ਤਾਂ ਸਾਰਾ ਉੱਪਰ ਹੁੰਦਾ।

ਸੁੰਦਰ ਦਾਸ ਨੇ ਅੱਖ ਮਾਰੀ ਤੇ ਜ਼ੋਰ ਦੀ ਹੱਸਿਆ। ਹੱਸਦਾ-ਹੱਸਦਾ ਪਿਛਾਂਹ ਹੋ ਪਿਆ।

#

ਗੁਰਦਿਆਲ ਵਾਪਸ ਆ ਆਪਣੀ ਪਹਿਲੀ ਥਾਂ 'ਤੇ ਬਹਿ ਗਿਆ। ਉਹਨੇ ਪ੍ਰਾਪਰਟੀ ਡੀਲਰ ਨੂੰ ਅਜੇ ਫ਼ੋਨ ਨਾ ਕਰਨ ਦਾ ਫ਼ੈਸਲਾ ਕੀਤਾ। ਅਜੇ ਵੇਖ ਲਈਏ, ਇਹਦਾ ਕੀ ਬਣਦੈ, ਉਹਨੇ ਆਪਣੇ ਆਪ ਨੂੰ ਸਲਾਹ ਦਿੱਤੀ। ਲੇਖਕ ਦੇ ਸਸਕਾਰ ਵਾਲੇ ਇਸ਼ਤਿਹਾਰ ਨੂੰ ਉਹਨਾਂ ਫੇਰ ਪੜ੍ਹਿਆ। ਐਤਕੀਂ ਪੂਰਾ ਅਖ਼ਬਾਰ ਖੋਲ੍ਹ ਕੇ। ਬੜਾ ਚਿਰ ਉਹਦੀ ਨਜ਼ਰ ਲੇਖਕ ਦੀ ਤਸਵੀਰ ਤੇ ਟਿਕੀ ਰਹੀ। ਕਿਸੇ ਵੇਲੇ ਤਿਆਰ ਹੋ ਕੇ ਖਿਚਵਾਈ ਲੱਗਦੀ ਸੀ। ਪੱਗ ਸੰਵਾਰ ਕੇ ਬੰਨ੍ਹੀ ਹਈ ਸੀ। ਹੇਠ ਫਿਫਟੀ ਨਹੀਂ ਸੀ, ਪਰ ਉਹਦਾ ਨਾ ਹੋਣਾ ਅਖ਼ਰਦਾ

ਨਹੀਂ ਸੀ। ਟਾਈ ਦੀ ਨਾਟ ਵੀ ਠੀਕ ਸੀ। ਪੱਗ ਤੇ ਟਾਈ ਦਾ ਰੰਗ ਇਕ ਨਹੀਂ ਸੀ। ਖ਼ੈਰ ਇਹ ਤਾਂ ਗੁਰਦਿਆਲ ਦੀ ਵਿਸ਼ੇਸ਼ਤਾ ਸੀ। ਹਰ ਕੋਈ ਇੰਜ ਨਹੀਂ ਸੀ ਕਰਦਾ। ਬੰਦਾ ਭੋਲਾ-ਭਾਲਾ ਲੱਗਦਾ ਸੀ। ਸਾਊ। ਸ਼ਰੀਫ਼ ਜਿਹਾ। ਚੱਲੋ ਦੁਨੀਆਂ 'ਚ ਇਕ ਭਲਾ ਬੰਦਾ ਹੋਰ ਘੱਟ ਗਿਆ। ਉਹਨੂੰ ਮਾੜਾ ਲੱਗਾ।

ਉਹਦਾ ਧਿਆਨ ਅਖ਼ਬਾਰ ਦੇ ਨਾਲ-ਵਾਲੇ ਸਫ਼ੇ 'ਤੇ ਚੱਲਾ ਗਿਆ। ਉਹਦਾ ਹੇਠਲਾ ਅੱਧ ਇਕ ਸ਼ੈਮਪੂ ਦੇ ਇਸ਼ਤਿਹਾਰ ਨੇ ਮੱਲਿਆ ਹੋਇਆ ਸੀ, ਜਿਸ ਨੂੰ ਤਿੰਨ ਹਫ਼ਤੇ ਵਰਤਣ ਨਾਲ ਵਾਲਾਂ 'ਚ ਸਿੱਕਰੀ ਨਹੀਂ ਸੀ ਰਹਿੰਦੀ। ਲੰਮੀਆਂ ਜ਼ੁਲਫ਼ਾਂ ਵਾਲੀ ਇਕ ਬਾਂਕੀ ਐਕਟ੍ਰੈਸ ਇਹਦੀ ਸ਼ਾਹਦੀ ਭਰ ਰਹੀ ਸੀ। ਉਹਨੇ ਸੋਚਿਆ, ਉਹਦੀ ਦੀਪਾਂ ਨੂੰ ਵੀ ਇਹੋ ਸ਼ੈਮਪੂ ਵਰਤਣਾ ਚਾਹੀਦਾ ਸੀ। ਇਸ਼ਤਿਹਾਰ ਦੇ ਉਪਰ ਕਰਕੇ ਇਕ ਛੋਟੀ ਜਿਹੀ ਖ਼ਬਰ ਸੀ। ਸੁਰਖ਼ੀ ਸੀ, *ਇਕ ਸੰਸਦ ਦਾ ਸੁਰਗਵਾਸ*। ਗੁਰਦਿਆਲ ਦਾ ਧਿਆਨ ਉਹਦੇ ਵੱਲ ਗਿਆ। ਉਹਨੇ ਖ਼ਬਰ ਪੜ੍ਹੀ। ਬੜਾ ਮਾੜਾ ਹੋਇਆ ਸੀ। ਕਿਸਾਨ ਕਰਾਂਤੀ ਦਲ ਦੇ ਐਮ-ਪੀ, ਪ੍ਰੋਫ਼ੈਸਰ ਦੇਵ ਦੱਤ ਲੂਥਰਾ, ਕਲ੍ਹ ਸ਼ਾਮੀ ਚੰਡੀਗੜ੍ਹ ਪੀ-ਜੀ-ਆਈ 'ਚ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨਾਲ ਜੂਝਦੇ ਹੋਏ ਚਲਾਣਾ ਕਰ ਗਏ ਸਨ। ਉਹ ਪਚੱਤਰ ਵਰ੍ਹਿਆਂ ਦੇ ਸਨ। ਬੇ-ਉਲਾਦ ਸਨ। ਪਿੱਛੇ ਸਿਰਫ਼ ਆਪਣੀ ਪਤਨੀ ਛੱਡ ਗਏ ਸਨ, ਜੋ ਰੋਹਤਕ ਦੇ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਰਹਿ ਚੁੱਕੀ ਸੀ। ਇਕ ਹੋਰ ਭਲਾ ਬੰਦਾ ਚਲਾ ਗਿਆ ਸੀ। ਗੁਰਦਿਆਲ ਮਸੋਸਿਆ ਗਿਆ।

ਉਹਨੂੰ ਯਾਦ ਆਇਆ, ਉਹ ਤੇ ਹਜ਼ੂਰ ਸਿੰਘ ਸਿਫ਼ਾਰਸ਼ ਕਰਾਉਣ ਉਹਦੇ ਕੋਲ ਪੰਚਕੂਲੇ ਗਏ ਸਨ। ਉਹ ਉਦੋਂ ਵੀ ਬੀਮਾਰ ਸੀ। ਘੁਲ ਰਿਹਾ ਸੀ ਆਪਣੇ ਰੋਗ ਨਾਲ। ਜਿਉਣ ਦਾ ਹੱਠ ਬੜਾ ਸੀ ਉਹਦੇ 'ਚ। ਫੁੱਲਾਂ 'ਚ ਘਿਰਿਆ ਬੈਠਾ ਸੀ। ਬੜੀ ਚੰਗੀ ਸਲਾਹ ਦਿੱਤੀ ਸੀ ਉਹਨੇ। ਕਾਬਿਲ ਬੰਦਾ ਸੀ। ਛੋਟਾ ਚੌਧਰੀ ਤਾਂ ਉਹਦੇ ਪੈਰੀਂ ਪੈਂਦਾ ਸੀ। ਵੱਡਾ ਚੌਧਰੀ ਉਹਦੀ ਸਲਾਹ-ਮੱਤ ਤੋਂ ਬਿਨਾਂ ਪੈਰ ਨਹੀਂ ਸੀ ਪੁੱਟਦਾ। ਹਜ਼ੂਰ ਸਿੰਘ ਵੀ ਉਹਨੂੰ ਮੰਨਦਾ ਸੀ। ਅਣਥੱਕ ਬੰਦਾ ਸੀ। ਸਿਆਸਤ ਦੇ ਸਭ ਪੈਂਡੇ ਉਹਨੇ ਮਾਰੇ ਹੋਏ ਸਨ। ਕਈ ਮੰਜ਼ਿਲ ਨਹੀਂ ਸੀ ਛੱਡੀ। ਅਖ਼ੀਰ ਚੱਲਾ ਗਿਆ। ਚਲੇ ਤਾਂ ਸਭ ਨੂੰ ਜਾਣਾ ਏ। ਬੰਦਾ ਨਾਸ਼ਮਾਨ ਏ। ਅਖ਼ੀਰ ਉਹਨੇ ਮਿੱਟੀ 'ਚ ਮਿੱਟੀ ਹਣੈਂ।

ਜੀਵਨ ਦੀ ਨਾਸ਼ਮਾਨਤਾ 'ਤੇ ਲਿਖਿਆ ਕਬੀਰ ਦਾ ਇਕ ਦੋਹਾ ਉਹਨੂੰ ਯਾਦ ਆਉਂਦਾ-ਆਉਂਦਾ ਰਹਿ ਗਿਆ। ਏਸ ਵਿਸ਼ੇ 'ਤੇ ਬਾਬਾ ਫ਼ਰੀਦ ਨੇ ਵੀ ਕੁਝ ਕਿਹਾ ਸੀ। ਉਹਨੂੰ ਉਹ ਵੀ ਚੇਤੇ ਨਾ ਆਇਆ। ਉਹ ਪਹਿਲੇ ਸਫ਼ੇ 'ਤੇ ਮੁੜਿਆ ਤੇ ਚਲੇ-ਗਏ ਲੇਖਕ ਦੀ ਤਸਵੀਰ ਫੇਰ ਵੇਖੀ। ਉਸ ਸਫ਼ੇ 'ਤੇ ਹੋਰ ਬੜੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਲੇਖਕ ਦੇ ਨਾਲ-ਨਾਲ ਕਈ ਹੋਰ ਵੀ ਚਲੇ ਗਏ ਸਨ। ਗੁਰਦਿਆਲ ਝੌਂ ਗਿਆ। ਉਸ ਸੋਚਿਆ, ਮੈਂ ਕਿਹੜਾ



ਬੈਠੇ ਰਹਿਣੈਂ। ਪਤਾ ਨਹੀਂ ਕਦੋਂ ਸੱਦਾ ਆ ਜਾਏ ਮੈਨੂੰ ਵੀ।

ਉਹਨੂੰ ਲੱਗਾ, ਕਬੀਰ ਦਾ ਦੋਹਾ ਉਹਨੂੰ ਅਹੁੜ ਪਿਆ ਸੀ, *ਚਿੜੀ ਚੋਂਚ ਭਰ ਲੇ ਗਈ...* ਨਹੀਂ? ਇਹ ਨਹੀਂ ਸੀ ਉਹ। ਇਹਦਾ ਮਤਲਬ ਤਾਂ ਕੁਝ ਹੋਰ ਏ। ਉਹਨੇ ਚੇਤੇ 'ਤੇ ਜ਼ੋਰ ਦਿੱਤਾ।

'ਮੈਂ ਕਿਹੈ, ਫ਼ੋਨ ਚੁੱਕੋ ਆਪਣਾ', ਬਰਾਂਡੇ ਵਲੋਂ ਦੀਪਾਂ ਦੀ ਆਵਾਜ਼ ਆਈ। 'ਕੁਰਲਾ ਰਿਹੈ ਏਨੇ ਚਿਰ ਤੋਂ।'

ਗੁਰਦਿਆਲ ਜਿਵੇਂ ਸੁੱਤਾ ਜਾਗ ਪਿਆ। ਉਹਦੇ ਕੰਨੀਂ ਤਾਂ ਕੁਝ ਨਹੀਂ ਸੀ ਪਿਆ। ਉਹ ਫ਼ੋਨ ਲੱਭਣ ਲੱਗਾ। ਉਹ ਹੇਠਾਂ ਡਿੱਗਾ ਪਿਆ ਸੀ। ਉਸ ਚੁੱਕਿਆ ਤੇ ਵੇਖਿਆ, ਬਤਰੇ ਦੀ *ਮਿੱਸਡ ਕਾਲ* ਸੀ।

ਬਤਰਾ, ਰਤਨ ਲਾਲ, ਭਗਵਾਂ ਪਾਰਟੀ ਦਾ ਸੰਸਦ-ਮੈਂਬਰ ਸੀ। ਪਹਿਲਵਾਨੀ ਫ਼ੈਡਰੇਸ਼ਨ ਦਾ ਸੀਨੀਅਰ ਮੀਤ-ਪ੍ਰਧਾਨ ਸੀ। ਬੜਾ ਮੁਅਤਬਰ ਬੰਦਾ ਸੀ। ਗੁਰਦਿਆਲ ਨਾਲ ਉਹਦੀ ਬੜੀ ਬਣਦੀ ਸੀ। ਹਮ-ਉਮਰ ਸੀ। ਛੋਟੇ ਹੁੰਦਿਆਂ ਤੋਂ ਇਕ ਦੂਜੇ ਨੂੰ ਜਾਣਦੇ ਸਨ। ਇਕ ਦੂਜੇ ਨੂੰ ਪਹਿਲੇ ਨਾਂ ਨਾਲ ਸੱਦਦੇ ਸਨ। ਹੁਣ ਬੜੇ ਸਾਲਾਂ ਤੋਂ ਸਿਆਸੀ ਵਾੜ੍ਹ ਦੇ ਇਕੋ ਪਾਸੇ ਸਨ।

ਗੁਰਦਿਆਲ ਨੂੰ ਬੰਦੇ ਦੀ ਨਾਸ਼ਮਾਨਤਾ ਵਿੱਸਰ ਗਈ। ਉਹਨੇ ਬਤਰੇ ਦਾ ਨੰਬਰ ਦੱਬਿਆ।

'ਰਤਨ, ਤੇਰੀ *ਮਿੱਸਡ ਕਾਲ* ਸੀ। ਕਿਵੇਂ ਯਾਦ ਕੀਤੈ?'

'ਉਹ, ਯਾਰ, ਐਵੇਂ ਹੀ ਤੇਰਾ ਨੰਬਰ ਦੱਬਿਆ ਗਿਐ,' ਬਤਰਾ ਖਿੜਖਿੜਾਇਆ, 'ਅੰਦਰੋਂ ਹੁੱਸੜ ਗਿਆ ਹੋਵਾਂਗਾ। ਚੱਲ ਇਕ ਦੂਜੇ ਦੀ ਆਵਾਜ਼ ਤਾਂ ਸੁਣ ਲਈਏ। ਕੀ ਬਣ ਰਿਹੈ ਫੇਰ? ਕੋਠੀ ਦਾ ਟੰਟਾ ਮੁੱਕਾ ਏ ਕਿ ਨਹੀਂ?'

'ਨਹੀਂ ਯਾਰ, ਨਾਮਜ਼ਦਗੀ ਨਹੀਂ ਮਿਲੀ।'

'ਯਾਰ, ਇਹ ਤਾਂ ਮਾੜਾ ਹੋਇਐ। ਸਾਡੀ ਪਾਰਟੀ ਦੇ ਵੀ ਕਈ ਵੱਡੇ-ਵੱਡੇ ਰਹਿ ਗਏ ਨੇ। ਸੋਗ ਪਿਆ ਹੋਇਐ। ਉਹ ਵੀ ਰਹਿ ਗਏ ਨੇ, ਜਿਨ੍ਹਾਂ ਨੂੰ ਸਾਡੇ ਮਾਨਿਅਵਰ ਧੱਕ ਰਹੇ ਸਨ।' ਉਹਨੇ ਭਗਵਾਂ ਪਾਰਟੀ ਦੇ ਇਕ ਮੁਹਰੈਲ ਦਾ ਨਾਂ ਲਿਆ।

'ਕਮਾਲ ਏ ਯਾਰ, ਉਹਨਾਂ ਦੀ ਵੀ ਨਹੀਂ ਚੱਲੀ।' ਗੁਰਦਿਆਲ ਨੂੰ ਹੈਰਾਨੀ ਹੋਈ। 'ਇਹ ਕਿਸ ਤਰ੍ਹਾਂ ਹੋਇਆ?'

'ਮਿਲੇਂਗਾ ਤਾਂ ਦੱਸਾਂਗਾ। ਗੱਲ ਫ਼ੋਨ 'ਤੇ ਕਰਨ ਵਾਲੀ ਨਹੀਂ। ਪਾਰਟੀਆਂ ਅੰਦਰ ਖਿੱਚ-ਧੂਹ ਬੜੀ ਹੁੰਦੀ ਏ। ਬਾਹਰੋਂ ਨਹੀਂ ਦਿੱਸਦੀ।'

'ਰਤਨ, ਤੂੰ ਉਹ ਖ਼ਬਰ ਸੁਣੀ ਏ, ਉਸ ਨਾਮਵਰ ਲੇਖਕ ਦੇ ਦੇਹਾਂਤ ਦੀ, ਉਹ ਜਿਹੜਾ ਰਾਜ ਸਭਾ ਦਾ ਮੈਂਬਰ ਸੀ?' ਗੁਰਦਿਆਲ ਆਪਣੇ ਵਿਸ਼ੇ 'ਤੇ ਆ ਗਿਆ।

'ਸੁਣੀ ਏ। ਬੜਾ ਅਫ਼ਸਸ ਹੋਇਐ। ਬੜਾ ਨੇਕ ਬੰਦਾ ਸੀ। ਚੰਗਾ ਲਿਖਦਾ ਹੋਣੈਂ। ਮੈਂ ਉਹਦਾ ਕੁਝ ਪੜ੍ਹਿਆ ਨਹੀਂ। ਪਾਰਲੀਮੈਂਟ ਦੇ ਸੈਂਟਰਲ ਹਾਲ 'ਚ ਕਦੀ ਮਿਲ ਪੈਂਦਾ ਸੀ। ਏਡੀ ਉਮਰੇ ਵੀ ਚੁਸਤ ਸੀ। ਸਿੱਧਾ ਟੁਰਦਾ ਸੀ। ਅਜੇ ਸੋਟੀ ਨਹੀਂ ਸੀ ਫੜੀ ਉਹਨੇ।'

'ਉਹਦੀ ਸੀਟ ਖ਼ਾਲੀ ਹੋ ਗਈ ਏ। ਉਹਦੇ ਲਈ ਕੋਸ਼ਿਸ਼ ਕਰੀਏ?'

'ਕਰ ਵੇਖ। ਰਾਜ ਸਭਾ ਦੀਆਂ ਚੋਣਾਂ ਤਾਂ ਹੁਣ ਦੋ ਸਾਲ ਨਹੀਂ ਹੋਣੀਆਂ। ਗੁੰਜਾਇਸ਼ ਏਥੋਂ ਹੀ ਨਿਕਲ ਸਕਦੀ ਏ।'

'ਕਿਸ ਤਰ੍ਹਾਂ ਕਰੀਏ ਕੋਸ਼ਿਸ਼?' ਗੁਰਦਿਆਲ ਨੇ ਤਰਕੀਬ ਪੁੱਛੀ।

'ਸੋਚਦੇ ਹਾਂ। ਇਹਦੀ ਨਾਮਜ਼ਦਗੀ ਤਾਂ ਹਾਕਮ ਪਾਰਟੀ ਕਰਦੀ ਏ। ਕੋਈ ਕਲਾ ਮਰੋੜਨੀ ਪਏਗੀ ਉਸ ਪਾਰਟੀ 'ਚ। ਤੂੰ ਇੰਜ ਕਰ, ਕੱਲ੍ਹ ਸਵੇਰੇ ਮੇਰੇ ਕੋਲ ਆ ਜਾ। ਬਹਿ ਕੇ ਸੋਚਾਂਗੇ।'

'ਅੱਜ ਸ਼ਾਮੀਂ ਨਾ ਆ ਜਾਵਾਂ?' ਗੁਰਦਿਆਲ ਨੂੰ ਕਾਹਲ ਸੀ।

'ਨਹੀਂ ਯਾਰ, ਸ਼ਾਮੀਂ ਮੈਂ ਕਿਸੇ ਔਖੇ ਕੰਮ ਨਿਕਲਿਆ ਹੋਵਾਂਗਾ। ਪਤਾ ਈ ਨਾ, ਕਾਰਪੋਰੇਸ਼ਨ ਦੀਆਂ ਚੋਣਾਂ ਹੋ ਰਹੀਆਂ ਨੇ। ਸਾਡੇ ਕੁਝ ਬੰਦਿਆਂ ਨੂੰ ਟਿਕਟਾਂ ਨਹੀਂ ਮਿਲੀਆਂ। ਉਹ ਆਜ਼ਾਦ ਉਮੀਦਵਾਰ ਦੇ ਤੌਰ ਤੇ ਖੜੇ ਹੋ ਰਹੇ ਨੇ। ਸਾਡੇ ਵੋਟ ਪਾੜਨਗੇ। ਮੇਰੀ ਡਿਊਟੀ ਲੱਗੀ ਏ ਇਕ ਨੂੰ ਬਿਠਾਣ ਦੀ। ਸ਼ਾਮੀਂ ਮੈਂ ਏਸ ਕੰਮ ਲੱਗਾ ਹੋਵਾਂਗਾ। ਤੂੰ ਸਵੇਰੇ ਆ ਜਾ।'

ਗੁਰਦਿਆਲ ਨੂੰ ਹੈਰਾਨੀ ਹੋਈ।

'ਕਮਾਲ ਏ, ਤੁਹਾਡੀ ਪਾਰਟੀ 'ਚ ਵੀ ਇਹ ਹਾਲ ਹੋ ਗਿਐ। ਤੁਹਾਡੇ ਤਾਂ ਬੜਾ ਡਸਿਪਲਿਨ ਹੁੰਦਾ ਏ।'

'ਯਾਰ, ਅੱਜਕਲ੍ਹ ਕਈ ਪਰਵਾਹ ਨਹੀਂ ਕਰਦਾ। ਹਰ ਕੋਈ ਕੁਰਸੀ ਮੰਗਦੈ। ਜਿਹਨੂੰ ਨਾਂਹ ਕਰੀਏ, ਅੱਖਾਂ ਵਿਖਾਂਦੈ। ਕਹਿੰਦੈ, ਜੇ ਮੈਨੂੰ ਨਹੀਂ ਦੇ ਸਕਦੇ ਤੇ ਮੇਰੇ ਪੁੱਤਰ ਨੂੰ ਦੇ ਦਿਉ ਜਾਂ ਮੇਰੀ ਵਹੁਟੀ ਨੂੰ, ਭਾਵੇਂ ਉਹ ਬਿਲਕੁਲ ਅਨਪੜ੍ਹ ਹੋਵੇ। ਝੁੱਗਾ ਚੌੜ ਏ। ਦਿਆਲ, ਤੂੰ ਚੰਗੈ। ਇਹਨਾਂ ਚੀਜ਼ਾਂ ਤੋਂ ਬਾਹਰ ਏਂ।'

'ਪਤਾ ਨਹੀਂ, ਚੰਗਾ ਹਾਂ ਕਿ ਮੰਦਾ। ਮੇਰੀ ਤਾਂ ਪੁੱਛ-ਪ੍ਰਤੀਤ ਹੀ ਕੋਈ ਨਹੀਂ।'

ਗੁਰਦਿਆਲ ਨੇ ਫ਼ੋਨ ਬੰਦ ਕਰ ਦਿੱਤਾ ਤੇ ਲੇਖਕ ਵਾਲਾ ਅਖ਼ਬਾਰ ਲੱਭਣ ਲੱਗਾ। ਉਹ ਖਿੰਡ ਗਿਆ ਹੋਇਆ ਸੀ। ਲੇਖਕ ਦੇ ਇਸ਼ਤਿਹਾਰ ਵਾਲਾ ਸਫ਼ਾ ਉੱਡ ਕੇ ਸੁੰਦਰ ਦਾਸ ਦੀ ਕੰਧ ਕੋਲ ਪਹੁੰਚਿਆ ਹੋਇਆ ਸੀ। ਫੜਫੜਾ ਰਿਹਾ ਸੀ ਵਿਚਾਰਾ।

# ਤਜਵੀਜ਼

ਗੁਰਦਿਆਲ ਸਵੇਰੇ ਬਤਰੇ ਦੇ ਪਹੁੰਚ ਗਿਆ। ਉਹ ਅੱਗੋਂ ਘਰ ਨਹੀਂ ਸੀ। ਦਿਨ ਹੁੰਦਿਆਂ ਹੀ ਕਿਤੇ ਨਿਕਲ ਗਿਆ ਸੀ ਤੇ ਆਪਣੇ ਪੀ-ਏ ਸਾਈਂ ਦਾਸ ਨੂੰ ਕਹਿ ਗਿਆ ਸੀ ਕਿ ਮਹਿਮਾਨ ਨੂੰ ਬਿਠਾਏ ਤੇ ਚਾਹ-ਪਾਣੀ ਪੁੱਛੇ। ਛੇਤੀ ਆ ਜਾਵਾਂਗਾ। ਸਾਈਂ ਦਾਸ ਨੇ ਗੁਰਦਿਆਲ ਨੂੰ ਬਾਹਰ ਲਾਅਨ 'ਚ ਬਿਠਾ ਦਿੱਤਾ ਤੇ ਅੱਗੇ ਅੱਜ ਦੇ ਅਖ਼ਬਾਰ ਰੱਖ ਦਿੱਤੇ।

ਬੱਦਲਵਾਈ ਸੀ। ਮਾੜੀ ਜਿਹੀ ਠੰਡੀਰ ਸੀ। ਗੁਰਦਿਆਲ ਬਾਹਰਲੇ ਫਾਟਕ ਵਲ ਮੂੰਹ ਕਰ ਬਹਿ ਗਿਆ। ਅਖਬਾਰ ਉਹ ਘਰੋਂ ਪੜ੍ਹ ਕੇ ਟੁਰਿਆ ਸੀ। ਏਸ ਲਈ ਉਹ ਉਹਨੇ ਪਏ ਰਹਿਣ ਦਿੱਤੇ। ਏਧਰ-ਓਧਰ ਝਾਕਣ ਲੱਗਾ।

ਉਹ ਏਥੇ ਬੜੀ ਵਾਰੀ ਆਇਆ ਹੋਇਆ ਸੀ। ਅੰਦਰ-ਬਾਹਰ ਸਭ ਕੁਝ ਉਹਨੇ ਵੇਖਿਆ ਹੋਇਆ ਸੀ। ਬਤਰੇ ਦੀ ਕੋਠੀ ਓਡੀ ਹੀ ਸੀ, ਜਿੱਡੀ ਉਹਦੀ ਆਪਣੀ। ਬੱਸ ਪਿਛਵਾੜਿਉਂ ਜ਼ਰਾ ਕੁ ਵੱਡੀ ਸੀ। ਅੱਜ ਉਹਨੂੰ ਕੋਠੀ ਅੱਗੇ ਨਾਲੋਂ ਵੱਡੀ ਲੱਗੀ। ਏਥੇ ਘਰ ਤੋਂ ਫਾਟਕ ਜ਼ਿਆਦਾ ਦੂਰ ਪੈਂਦਾ ਸੀ। ਉਹਨੂੰ ਲੱਗਾ, ਏਥੇ ਘਾਹ ਵੀ ਜ਼ਿਆਦਾ ਹਰੀ ਸੀ। ਗੱਫ਼ ਵੀ ਜ਼ਿਆਦਾ ਸੀ। ਉਹਨੇ ਦਰੱਖ਼ਤਾਂ ਵਲ ਵੇਖਿਆ। ਉਹ ਵੀ ਜ਼ਿਆਦਾ ਉੱਚੇ ਤੇ ਸੰਘਣੇ ਲੱਗੇ। ਪੰਛੀਆਂ ਦੀ ਚੂਕ ਤੇ ਚਹਿਕ ਵੀ ਜ਼ਿਆਦਾ ਸੀ। ਉਹਨੂੰ ਰਸ਼ਕ ਆਇਆ। ਉਹਨੂੰ ਵਜ੍ਹਾ ਇਹ ਲੱਗੀ ਕਿ ਬਤਰੇ ਦੀ ਕੋਠੀ ਦੀ ਸੰਭਾਲ ਚੰਗੀ ਸੀ। ਉਹ ਕੋਈ ਪੰਦਰ੍ਹਾਂ ਵਰ੍ਹਿਆਂ ਤੋਂ ਏਸੇ ਕੋਠੀ 'ਚ ਰਹਿ ਰਿਹਾ ਸੀ। ਅੱਗੋਂ ਵੀ ਉਹਨੇ ਏਥੇ ਹੀ ਰਹਿਣਾ ਸੀ। ਦਿੱਲੀ ਦੇ ਜਿਸ ਹਲਕੇ ਤੋਂ ਉਹ ਖੜਾ ਹੁੰਦਾ ਸੀ, ਉਹ ਉਹਦੀ ਪਾਰਟੀ ਦਾ ਗੜ੍ਹ ਸੀ। ਉਥੋਂ ਕੋਈ ਹੋਰ ਜਿੱਤ ਹੀ ਨਹੀਂ ਸੀ ਸਕਦਾ। ਬੜੇ ਟਿੱਲ ਲਾ ਚੁੱਕੇ ਸਨ। ਪਾਰਟੀ 'ਚ ਉਹਦੀ ਪੁਜ਼ੀਸ਼ਨ ਅਜਿਹੀ ਸੀ ਕਿ ਉਹਨੂੰ ਛੱਡ ਕਿਸੇ ਹਰ ਨੂੰ ਖੜਾ ਨਹੀਂ ਸੀ ਕੀਤਾ ਜਾ ਸਕਦਾ। ਗੁਰਦਿਆਲ ਨੇ ਬਾਹਰਲੀ ਕੰਧ ਤਕ ਵੇਖਦਿਆਂ ਲੰਮਾ ਸਾਹ ਲਿਆ।

ਇਕ ਲਾਲੜੀ ਫੁਦਕਦੀ-ਫੁਦਕਦੀ ਉਹਦੇ ਕੋਲ ਆ ਢੁਕੀ ਸੀ। ਡਰ ਨਹੀਂ ਸੀ ਰਹੀ। ਗੁਰਦਿਆਲ ਨੇ ਏਨੀ ਨੇੜਿਉਂ ਕਦੀ ਘੱਟ ਹੀ ਵੇਖੀ ਸੀ। ਗੂਹੜੀ ਨਸਵਾਰੀ ਸੀ। ਵਿਚੋਂ ਕਾਲੀ ਤੇ ਅੱਖਾਂ ਜਿਵੇਂ ਕਜਲਾਈਆਂ ਹੋਈਆਂ। ਉਹਨੂੰ ਬੜੀ ਪਿਆਰੀ ਲੱਗੀ। ਉਹਦੀ ਆਪਣੀ ਕੋਠੀ 'ਚ ਲਾਲੜੀਆਂ ਨਹੀਂ ਸਨ ਆਉਂਦੀਆਂ। ਲਾਲੜੀ, ਗੁਰਦਿਆਲ ਦੇ ਨੇੜੇ ਹੁੰਦੀ-ਹੁੰਦੀ, ਫੇਰ ਫੁਦਕੀ

ਤੇ ਕਾਫ਼ੀ ਦੂਰ ਜਾ ਬੈਠੀ। ਫੇਰ ਜ਼ੋਰ ਦੇ ਚਹਿਕੀ, ਜਿਵੇਂ ਕਿਸੇ ਨੂੰ ਕੁਝ ਕਹਿ ਰਹੀ ਹੋਵੇ ਤੇ ਉੱਡ ਗਈ। ਗੁਰਦਿਆਲ ਦੀਆਂ ਨਜ਼ਰਾਂ ਉਹਦਾ ਪਿੱਛਾ ਕਰਦੀਆਂ ਰਹੀਆਂ।

ਕਿਸੇ ਉਸੇ ਪਲ ਹੀ ਬਤਰੇ ਦੀ ਗੱਡੀ ਅੰਦਰ ਆ ਵੜੀ। ਉਹ ਅਗਾਂਹ ਜਾਣ ਦੀ ਥਾਂ ਉੱਥੇ ਹੀ ਅਟਕ ਗਈ, ਜਿੱਥੇ ਗੁਰਦਿਆਲ ਬੈਠਾ ਸੀ। ਬਤਰਾ ਉਤਰਿਆ ਤੇ ਧਾਈ ਕਰਦਾ ਉਹਦੇ ਕੋਲ ਪਹੁੰਚ ਗਿਆ।

'ਹਾਂ ਜੀ, ਬਹੁਤਾ ਤਾਂ ਨਹੀਂ ਉਡੀਕਣਾ ਪਿਆ?' ਗੁਰਦਿਆਲ ਨੂੰ ਬਾਹਵਾਂ 'ਚ ਭਰਦਿਆਂ ਉਸ ਪੁੱਛਿਆ।

'ਮੌਸਮ ਚੰਗੈ। ਪਤਾ ਹੀ ਨਹੀਂ ਲੱਗਾ। ਕਿੱਥੇ ਗਿਆ ਸੈਂ ਸਵੇਰੇ-ਸਵੇਰੇ?'

ਬਤਰਾ ਉਹਨੂੰ ਕੁਝ ਹੋਰ ਤਰ੍ਹਾਂ ਦਾ ਲੱਗਾ। ਜਿਹੜੀਆਂ ਬਰੀਕ ਜਿਹੀਆਂ ਮੁੱਛਾਂ ਉਹ ਰਖਦਾ ਸੀ, ਗ਼ਾਇਬ ਸਨ।

'ਰਤਨ, ਤੇਰੀਆਂ ਮੁੱਛਾਂ...'

'ਅਜੇ ਸਾਫ਼ ਕਰਾ ਦਿੱਤੀਆਂ ਨੇ', ਬਤਰੇ ਨੇ ਸਵਾਲ ਪੂਰਾ ਹੋਣ ਤੋਂ ਪਹਿਲੋਂ ਦੱਸ ਦਿੱਤਾ, 'ਚੋਣਾਂ ਵੇਲੇ ਮੈਂ ਸਾਫ਼ ਕਰਾ ਦੇਨਾਂ। ਮੈਨੂੰ ਵਹਿਮ ਏ।'

ਗੁਰਦਿਆਲ ਆਪਣੀਆਂ ਮੁੱਛਾਂ ਤਾਂ ਛੇੜ ਨਹੀਂ ਸੀ ਸਕਦਾ। ਉਹਨੇ ਇਹ ਵਿਸ਼ਾ ਛੱਡ ਦਿੱਤਾ ਤੇ ਪੁੱਛਿਆ,

'ਉਸੇ ਸ਼ਾਮ ਵਾਲੇ ਕੰਮੇਂ ਹੀ ਲੱਗਾ ਹੋਇਆਂ?'

'ਹੁਣ ਕਿਸੇ ਹੋਰ ਨੂੰ ਬਿਠਾਣ ਗਿਆ ਸਾਂ। ਮੇਰੇ ਆਪਣੇ ਹਲਕੇ ਦਾ ਸੀ। ਏਸ ਲਈ ਹੋਰ ਵੀ ਜ਼ਰੂਰੀ ਸੀ...'

'ਬਹਿ ਗਿਐ ਫੇਰ?'

'ਲੱਗਦਾ ਤਾਂ ਹੈ। ਦਿਆਲ, ਮੰਦਾ ਹਾਲ ਏ। ਇਹ ਬੰਦਾ ਸਵੱਮ ਸੇਵਕ ਏ। ਸ਼ਾਖ਼ਾ ਜਾਂਦਾ ਰਿਹੈ। ਕਾਲੀ ਟੋਪੀ ਤੇ ਖ਼ਾਕੀ ਨਿੱਕਰ ਪਾ ਕੇ। ਧਵੱਜ ਪਰਨਾਮ ਕਰਦਾ ਰਿਹੈ। ਪਰ ਤਿਆਗ ਉੱਕਾ ਨਹੀਂ...'

ਬਤਰੇ ਨੇ ਕਰਹਿਤ ਨਾਲ ਟਿੱਚ-ਟਿੱਚ ਕੀਤੀ।

'ਕੁਝ ਮੰਗਦੈ ਹੋਣੈਂ?'

'ਕਹਿੰਦਾ ਸੀ, ਬਹਿ ਜਾਨਾਂ, ਪਰ ਮੇਰੀ ਘਰ ਵਾਲੀ ਨੂੰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਲਾ ਦਿਉ।'

'ਰਤਨ, ਇਹ ਤਾਂ ਮੁਸ਼ਕਿਲ ਨਹੀਂ। ਕਾਰਪੋਰੇਸ਼ਨ ਤੁਹਾਡੀ ਏ ਤੇ ਕਾਰਪੋਰੇਸ਼ਨ ਦੇ ਸਕੂਲ ਵੀ। ਲਾ ਦਿਉ ਸੂ।'

'ਸੌਖਾ ਨਹੀਂ ਯਾਰ। ਉਹਦੀ ਘਰ ਵਾਲੀ ਬੀ-ਐਡ ਹੈ। ਤਜਰਬਾ ਵੀ ਹੈ ਸੂ। ਪਰ ਉਹਨੂੰ ਐਵੇਂ ਚੁੱਕ ਕੇ ਪ੍ਰਿੰਸੀਪਲ ਨਹੀਂ ਲਾਇਆ ਜਾ ਸਕਦਾ। ਇਹ ਪੁਜ਼ੀਸ਼ਨ *ਸੀਨੀਆਰਟੀ* ਨਾਲ ਮਿਲਦੀ ਏ। ਜੇ ਕਿਸੇ ਨੂੰ ਐਵੇਂ ਲਾ ਦਈਏ ਤੇ ਬਾਕੀ ਦੀਆਂ *ਟੀਚਰਾਂ* ਰੌਲਾ ਪਾਣਗੀਆਂ...'



'ਫੇਰ ਕੀ ਕੀਤਾ ਈ?'

ਬਤਰਾ ਹੱਸ ਪਿਆ।

'ਯਾਰ, ਕੋਈ ਰਾਹ ਤਾਂ ਕੱਢਣਾ ਸੀ। ਮੈਂ ਉਹਨੂੰ ਕਿਹਾ, ਪਹਿਲੋਂ ਉਹਨੂੰ ਦੂਰ, ਕਿਸੇ ਨਵੇਂ ਖੁੱਲ੍ਹੇ ਸਕੂਲ ਦੀ ਪ੍ਰਿੰਸੀਪਲ ਲਾ ਦਿਆਂਗੇ ਤੇ ਫੇਰ ਕੁਝ ਵਕਤ ਬਾਅਦ ਉਹਦੀ ਬਦਲੀ ਕਰਾ ਦਿਆਂਗੇ। ਮੰਨ ਗਿਆ ਤੇ ਨਾਂ ਵਾਪਸ ਲੈਣ ਦੇ ਕਾਗ਼ਜ਼ 'ਤੇ ਉਹਨੇ ਘੁੱਗੀ ਮਾਰ ਦਿੱਤੀ।'

'ਰਤਨ, ਬੰਦਾ ਤੂੰ ਬੜਾ ਢੰਗੀ ਏਂ।' ਗੁਰਦਿਆਲ ਹੱਸਿਆ।

'ਪਰ, ਦਿਆਲ, ਫੇਰ ਵੀ ਮੈਂ ਤੇਰੇ ਲਈ ਅਜੇ ਕੁਝ ਨਹੀਂ ਲੱਭ ਸਕਿਆ,' ਬਤਰਾ ਉਹਦੇ ਮਤਲਬ ਦੇ ਵਿਸ਼ੇ 'ਤੇ ਆ ਗਿਆ। ਗੁਰਦਿਆਲ ਧਿਆਨ ਨਾਲ ਸੁਣਨ ਲੱਗਾ। 'ਮੈਂ ਬੜਿਆਂ ਨਾਲ ਗੱਲ ਕੀਤੀ ਏ। ਸੌਖਾ ਰਸਤਾ ਕੋਈ ਨਹੀਂ। ਇਹ ਨਾਮਜ਼ਦਗੀਆਂ ਕਲਾ, ਸਾਹਿਤ, ਸੰਗੀਤ ਜਿਹੇ ਖੇਤਰਾਂ ਦੀਆਂ ਨਾਮਵਰ ਹਸਤੀਆਂ ਦੀਆਂ ਕੀਤੀਆਂ ਜਾਂਦੀਆਂ ਨੇ। ਜਾਂ ਫੇਰ ਹਾਕਮ ਪਾਰਟੀ ਦੇ ਲਾਡਲਿਆਂ ਦੀਆਂ। ਜੇ ਤੂੰ ਬਿਸਮਿਲਾ ਖਾਂ, ਸਿਤਾਰਾ ਦੇਵੀ ਜਾਂ ਮੁਨਸ਼ੀ ਪ੍ਰੇਮ ਚੰਦ ਜਿਹਾ ਕੋਈ ਹੁੰਦਾ ਤਾਂ ਸ਼ਾਇਦ ਏਡੀ ਮੁਸ਼ਕਿਲ ਨਾ ਪੈਂਦੀ। ਜਾਂ ਜੇ ਤੂੰ ਕੋਈ ਨਾਮੀ ਵਕੀਲ ਜਾਂ ਪੱਤਰਕਾਰ ਵੀ ਹੁੰਦਾ ਤਾਂ ਵੀ ਕੰਮ ਚਲ ਜਾਂਦਾ। ਜਾਂ ਜੇ ਤੂੰ ਭਗਤ ਪੂਰਨ ਸਿੰਘ ਜਿਹਾ ਸਮਾਜ-ਸੇਵੀ ਹੁੰਦਾ ਤਾਂ ਵੀ ਸਰ ਜਾਂਦਾ। ਤੂੰ ਇਹਨਾਂ 'ਚੋਂ ਕੁਝ ਵੀ ਨਹੀਂ। ਨਾ ਹੀ ਤੂੰ ਹਾਕਮ ਪਾਰਟੀ ਦਾ ਬੱਚੂ ਏਂ। ਏਸੇ ਲਈ ਤਾ ਕੁਝ ਸੁੱਝਿਆ ਨਹੀਂ।'

'ਫੇਰ?'

'ਫੇਰ ਮੈਂ ਹਾਰ ਕੇ ਆਂਗਰੇ ਨਾਲ ਗੱਲ ਕੀਤੀ।'

'ਹੱਛਾ!'

ਭੂਪਤ ਰਾਓ ਆਂਗਰੇ, ਪਹਿਲਵਾਨੀ ਫ਼ੈਡਰੇਸ਼ਨ ਦਾ ਚੇਅਰਮੈਨ ਸੀ। ਇਹਨਾਂ ਦੋਵਾਂ ਦਾ ਦੋਸਤ ਤੇ ਹਮਦਰਦ। ਮਦਦਗਾਰ। ਹੈ ਉਹ ਹਾਕਮ ਪਾਰਟੀ ਦਾ ਐਮ-ਪੀ ਸੀ ਤੇ ਪੱਛਮੀ ਮਹਾਰਾਸ਼ਟਰਾ 'ਚ ਰਾਸ਼ਟਰ ਦਲ ਦਾ ਮੁਹਰਲਾ ਆਗੂ। ਇਹਨਾਂ ਤਿੰਨਾਂ 'ਚ ਸਾਂਝੀ ਗੱਲ ਸਿਰਫ਼ ਇਹ ਫੈਡਰੇਸ਼ਨ ਸੀ। ਇਹ ਫ਼ੈਡਰੇਸ਼ਨ ਬੜੀ ਮਜ਼ੇਦਾਰ ਚੀਜ਼ ਸੀ। ਪਹਿਲਵਾਨ ਇਹਨਾਂ 'ਚੋਂ ਕੋਈ ਵੀ ਨਹੀਂ ਸੀ। ਇਹ ਸਿਰਫ਼ ਸਿਆਸੀ ਕੁਸ਼ਤੀਆਂ ਹੀ ਕਰਦੇ ਸਨ। ਬੜੀ ਭਾਈਬੰਦੀ ਸੀ ਇਹਨਾਂ 'ਚ। ਫ਼ੈਡਰੇਸ਼ਨ 'ਚ ਕਦੀ ਕੋਈ ਰੇੜਕਾ ਨਹੀਂ ਸੀ ਪੈਂਦਾ। ਸਭ ਕੁਝ ਸੁਲਾਹ-ਸਫਾਈ ਨਾਲ ਨਿਪਟਾਇਆ ਜਾਂਦਾ ਸੀ। ਦੇਸ ਦੀ ਪਾਰਲੀਮੈਂਟ ਵਾਂਗ ਆਪ 'ਚ ਖਹਿਬੜਦੇ ਨਹੀਂ ਸਨ ਰਹਿੰਦੇ। ਸਮੇਂ-ਸਮੇਂ ਪਿੱਛੋਂ ਫ਼ੈਡਰੇਸ਼ਨ ਦੀਆਂ ਚੋਣਾਂ ਕਰਾਉਂਦੇ ਸਨ ਤੇ ਇਕ ਦੂਜੇ ਨੂੰ ਫੇਰ ਚੁਣ ਲੈਂਦੇ ਸਨ। ਹਰ ਇਕ ਨੂੰ ਆਪੋ ਆਪਣਾ ਅਹੁਦਾ ਫੇਰ ਮਿਲ ਜਾਂਦਾ ਸੀ।

'ਆਂਗਰੇ ਨੇ ਕਿਹਾ ਕੀ ਏ ਫੇਰ?' ਗੁਰਦਿਆਲ ਨੇ ਪੁੱਛਿਆ।

'ਨਾਂਹ ਨਹੀਂ ਸੂ ਕੀਤੀ। ਕਹਿੰਦਾ ਸੀ, ਆ ਕੇ ਮੈਨੂੰ ਮਿਲੇ। ਵੈਸੇ, ਦਿਆਲ, ਉਹਨੂੰ ਇਕ ਮੁਸ਼ਕਿਲ ਪੈ ਸਕਦੀ ਏ।'

ਗੁਰਦਿਆਲ ਤ੍ਰਹਿ ਗਿਆ। ਉਸ ਪੁੱਛਿਆ,

'ਕਿਹੜੀ?'

'ਉਹਦਾ ਨਾਂ ਇਕ ਘੁਟਾਲੇ 'ਚ ਆ ਰਿਹੈ...'

'ਯਾਰ, ਉਹ ਤਾਂ ਸ਼ਰੀਫ਼ ਬੰਦੈ...', ਗੁਰਦਿਆਲ ਨੂੰ ਸੁਣ ਕੇ ਅਤਬਾਰ ਨਾ ਆਇਆ।

'ਦਿਆਲ, ਸ਼ਰੀਫ਼ ਹੀ ਨਹੀਂ, ਦੌਲਤਮੰਦ ਵੀ ਬੜੈ। ਆਪਣੀਆਂ ਸ਼ੂਗਰ ਮਿੱਲਾਂ ਸੂ। ਬਿਜਲੀ ਵੀ ਬਣਾਂਦੈ। ਏਥਨੋਲ ਵੀ। *ਰੀਅਲ ਐਸਟੇਟ* ਵੀ ਕਰਦੈ। ਹੋਰ ਵੀ ਬੜਾ ਕੁਝ ਕਰਦੈ। ਪਰ ਘੁਟਾਲਾ ਆਪਣੀ ਥਾਂ ਏ। ਅਮੀਰ ਬੰਦਿਆਂ ਨੂੰ ਵੀ ਤਾਂ ਲਾਲਚ ਆ ਸਕਦੈ।'

'ਰਤਨ ਯਾਰ, ਇਹ ਤਾਂ ਮਾੜੀ ਗੱਲ ਏ...'

'ਪਰ, ਦਿਆਲ, ਫ਼ਿਲਹਾਲ ਅਜੇ ਕਈ ਖ਼ਾਸ ਫ਼ਿਕਰ ਦੀ ਗੱਲ ਨਹੀਂ। ਅਜੇ ਇਹਦਾ ਧੂੰਅ ਨਹੀਂ ਨਿਕਲਿਆ। ਜਿੰਨਾ ਚਿਰ ਕਿਸੇ ਟੀ-ਵੀ ਚੈਨਲ ਦੀ ਨਜ਼ਰ 'ਚ ਨਹੀਂ ਆਉਂਦਾ, ਓਨਾ ਚਿਰ ਕਈ ਖ਼ਤਰਾ ਨਹੀਂ।'

ਗੁਰਦਿਆਲ ਨੂੰ ਕੁਝ ਧਰਵਾਸ ਹੋਇਆ।

'ਕਦੋਂ ਜਾਵਾਂ ਫੇਰ ਉਹਦੇ ਕੋਲ?' ਉਹਨੇ ਪੁੱਛਿਆ।

'ਹੁਣੇ ਪੁੱਛ ਲੈਣੇ ਹਾਂ...'

ਬਤਰਾ ਅਟਕ ਗਿਆ। ਉਹਨੂੰ ਕੋਈ ਖ਼ਿਆਲ ਆਇਆ। ਉਹਨੇ ਗੁਰਦਿਆਲ ਨੂੰ ਚਿਤਾਉਣੀ ਦਿੱਤੀ,

'ਪਰ ਗੁਰਦਿਆਲ, ਇਕ ਗੱਲ ਸਮਝ ਲੈ। ਇਹ ਕੰਮ ਮੁਫ਼ਤ ਨਹੀਉਂ ਹੋਣਾ। ਇਹਦੀ ਕੀਮਤ ਦੇਣੀ ਪੈਣੀ ਏ। ਤੂੰ ਉਹਨਾਂ ਦੀ ਪਾਰਟੀ ਦਾ ਵੀ ਨਹੀਂ। ਤੇਰੇ ਤੋਂ ਕੀਮਤ ਵੀ ਜ਼ਿਆਦਾ ਵਸੂਲਣਗੇ...'

'ਯਾਰ, ਮੈਂ ਤਾਂ ਕੁਝ ਦੇਣ ਜੋਗਾ ਨਹੀਂ। ਗ਼ਰੀਬ ਆਦਮੀ ਹਾਂ। ਤੈਨੂੰ ਪਤਾ ਈ ਏ...'

'ਉਹ ਨਹੀਂ ਯਾਰ, ਪੈਸੇ ਨਹੀਂ ਮੰਗਣਗੇ। ਕੀਮਤ ਸਿਆਸੀ ਹੋਏਗੀ। ਦੇ ਦਈਂ। ਤੇਰਾ ਕੀ ਘਸਦੈ। ਪਰ ਜਾ ਤਿਆਰ ਹੋ ਕੇ। ਜੇ ਦਿਲ ਨਹੀਂ ਮੰਨਦਾ ਤਾਂ ਬੈਠਾ ਰਹੁ। ਕੋਠੀ ਦੀਆਂ *ਐਕਸਟੈਂਸ਼ਨਾਂ* ਲਈ ਜਾ।'

ਗੁਰਦਿਆਲ ਏਸ ਤਰ੍ਹਾਂ ਦੀ ਕੀਮਤ ਦੇਣ ਨੂੰ ਤਿਆਰ ਸੀ। ਉਹਨੇ ਆਖਿਆ,

'ਨਹੀਂ ਰਤਨ। ਇਹ ਯੱਬ ਮੁਕਾ ਹੀ ਦੇ। ਪੁੱਛ ਲੈ ਉਹਦੇ ਤੋਂ।'

ਬਤਰੇ ਨੇ ਫ਼ੋਨ ਕੀਤਾ,

'ਆਂਗਰੇ ਸਾਹਿਬ, ਗੁਰਦਿਆਲ ਨੂੰ ਕਦੋਂ ਘੱਲਾਂ?' ਉਹਨੇ ਪੁੱਛਿਆ ਤੇ ਉਹਦਾ ਜਵਾਬ ਲੈ ਗੁਰਦਿਆਲ ਨੂੰ ਦੱਸਿਆ,



'ਕਹਿੰਦੈ, ਹੁਣੇ ਭੇਜ ਦੇ। ਜਾ, ਸਿੱਧਾ ਏਥੋਂ ਚਲਾ ਜਾ। ਸਾਨੂੰ ਵੀ ਦੇਰ ਨਹੀਂ ਕਰਨੀ ਚਾਹੀਦੀ। ਏਸ ਤੋਂ ਪਹਿਲਾਂ ਕਿ ਘੁਟਾਲੇ ਦਾ ਰੌਲਾ ਪਵੇ, ਆਪਣਾ ਕੰਮ ਕਰਾ ਲੈਣਾ ਚਾਹੀਦੈ।'

ਗੱਲ ਤਾਂ ਠੀਕ ਸੀ। ਗੁਰਦਿਆਲ ਨੇ ਛੁੱਟੀ ਲਈ ਤੇ ਨਿਕਲ ਪਿਆ।

#

ਆਂਗਰੇ ਦੀ ਕੋਠੀ ਉੱਥੋਂ ਨੇੜੇ ਹੀ ਸੀ। ਪੰਦਰ੍ਹਾਂ-ਵੀਹ ਮਿੰਟਾਂ 'ਚ ਉਹ ਪਹੁੰਚ ਵੀ ਗਿਆ। ਅੰਦਰ ਵੜਨ ਲਈ ਜਿਵੇਂ ਹੀ ਉਹਨੇ ਫਾਟਕ ਖੋਲ੍ਹਿਆ, ਉਹਨੂੰ ਤਿੰਨ ਕੁੱਤੇ ਅੱਗੇ ਖਲੋਤੇ ਦਿੱਸੇ। ਤਿੰਨੇ ਹੀ ਗੁੱਰਾ ਰਹੇ ਸਨ। ਇਕੋ ਸੁਰ 'ਚ। ਗੁਰਦਿਆਲ ਦੁਬਕ ਗਿਆ। ਕੁੱਤੇ ਨਾ ਹਿੱਲੇ। ਅਖ਼ੀਰ ਗੁਰਦਿਆਲ ਨੇ ਸਫ਼ਾਈ ਦਿੱਤੀ,

'ਭਾਈ, ਆਂਗਰੇ ਸਾਹਿਬ ਨੇ ਸੱਦਿਐ। ਮੈਂ ਆਪੇ ਨਹੀਂ ਆਇਆ।'

ਕੁੱਤੇ ਟੱਸ ਤੋਂ ਮੱਸ ਨਾ ਹੋਏ। ਗੁਰਦਿਆਲ ਨੇ ਧਿਆਨ ਨਾਲ ਵੇਖੇ। ਤਿੰਨੇ ਦਰਜਾ ਬਦਰਜਾ ਸਨ। ਹਰ ਪੱਖੋਂ। ਇਕ ਕਾਲਾ ਸੀ। ਦੂਜਾ ਭੂਰਾ ਤੇ ਤੀਜਾ ਚਿੱਟਾ। ਇਕ ਉੱਚਾ ਸੀ। ਵਛੇਰੇ ਜਿੱਡਾ। ਦੂਜਾ ਉਸ ਤੋਂ ਨੀਵਾਂ। ਕੱਟੇ ਜਿੱਡਾ। ਤੀਜਾ ਅੱਗੋਂ ਉਸ ਤੋਂ ਨੀਵਾਂ। ਮੇਮਣੇ ਜਿੱਡਾ। ਇਕ ਦੀ ਜੱਤ ਲੰਮੀ ਤੇ ਸੰਘਣੀ ਸੀ। ਦੂਜੇ ਦੀ ਬਰੀਕ ਵਿਤਰੀ ਹੋਈ। ਤੀਜੇ ਦੀ ਹੈ ਹੀ ਨਹੀਂ ਸੀ। ਉਸਤਰਾ ਫਿਰਿਆ ਹੋਇਆ ਸੀ। ਇਕ ਦੀ ਦਿੱਖ ਖੂੰਖਾਰ ਸੀ। ਬਘਿਆੜਾਂ ਵਰਗੀ। ਦੂਜੇ ਦੀ ਮੀਸਣੀ, ਜਿਵੇਂ ਝਪਟਣ ਦਾ ਮੌਕਾ ਭਾਲ ਰਿਹਾ ਹੋਵੇ। ਤੀਜੇ ਦੀ ਮਸਕੀਨ ਜਿਹੀ, ਜਿਵੇਂ ਰਾਹ ਰੋਕਣ ਦੀ ਖਿਮਾ ਮੰਗ ਰਿਹਾ ਹੋਵੇ।

ਗੁਰਦਿਆਲ ਨੇ ਵੇਖਿਆ, ਤਿੰਨਾਂ ਦੀਆਂ ਪੂਛਾਂ ਇਕ ਤਰ੍ਹਾਂ ਹਿੱਲ ਰਹੀਆਂ ਸਨ। ਕੰਨ ਵੀ ਇਕ ਤਰ੍ਹਾਂ ਖੜ੍ਹੇ ਸਨ। ਉਹਨੂੰ ਲੱਗਾ, ਉਹ ਉਹਨੂੰ ਕੋਈ ਇਸ਼ਾਰਾ ਕਰ ਰਹੇ ਸਨ, ਜਿਹਦੀ ਉਹਨੂੰ ਸਮਝ ਨਹੀਂ ਸੀ ਪੈ ਰਹੀ।

ਗੁਰਦਿਆਲ ਦੇ ਇਕ ਪੈਰ ਅੱਗੇ ਕਰਨ ਨਾਲ *ਡੈਡਲਾਕ* ਖ਼ਤਮ ਹੋ ਗਿਆ। ਕੁੱਤਿਆਂ ਨੇ ਮੂੰਹ ਮੋੜ ਲਏ ਤੇ ਅੱਗੜ-ਪਿੱਛੜ ਹੋ ਪਿਛਾਂਹ ਟੁਰ ਪਏ। ਇੰਜ ਜਿਵੇਂ ਗੁਰਦਿਆਲ ਦੀ ਅਗਵਾਈ ਕਰ ਰਹੇ ਹੋਣ। ਗੁਰਦਿਆਲ ਉਹਨਾਂ ਦੇ ਮਗਰ-ਮਗਰ ਹੋ ਪਿਆ। ਉਹ ਉਹਨੂੰ ਉੱਥੋਂ ਤਕ ਲੈ ਗਏ, ਜਿੱਥੋਂ ਰਾਹ ਵਰਾਂਡੇ ਵਲ ਜਾਂਦਾ ਸੀ। ਅੱਗੇ ਜਾਣ ਵਾਲਾ ਰਾਹ ਉਹਨਾਂ ਰੋਕ ਦਿੱਤਾ, ਜਿਵੇਂ ਕਹਿ ਰਹੇ ਹੋਣ, ਵਰਾਂਡੇ ਵਲ ਮੁੜ ਜਾਓ, ਅੱਗੇ ਜਾਣਾ ਮਨ੍ਹਾ ਹੈ।

ਉਥੋਂ ਵਰਾਂਡਾ ਦਿੱਸਦਾ ਸੀ। ਆਂਗਰੇ ਖੜਾ ਉਹਦੇ ਵਲ ਵੇਖ ਰਿਹਾ ਸੀ। ਉਹਨੂੰ ਦੂਰੋਂ ਆਵਾਜ਼ ਦਿੱਤੀ,

'ਆ ਜਾਓ ਏਧਰ। ਕੁੱਤਿਆਂ ਤੋਂ ਡਰੋ ਨਾ। ਵੱਢਣਗੇ ਨਹੀਂ।'

ਗੁਰਦਿਆਲ ਓਧਰ ਹੋ ਪਿਆ।

ਆਂਗਰੇ ਮੁਸਕਰਾ ਰਿਹਾ ਸੀ। ਗੁਰਦਿਆਲ ਨੂੰ ਉਹ ਉੱਚੀ ਥਾਂ ਖਲੋਤਾ ਕੁਝ ਜ਼ਿਆਦਾ ਹੀ ਲੰਮਾ ਲੱਗਾ। ਉਹਦੀ ਦਾੜ੍ਹੀ ਤੇ ਮੁੱਛਾਂ ਜ਼ਿਆਦਾ ਭਰੀਆਂ ਹੋਈਆਂ ਸਨ। ਕਾਲੀਆਂ ਵੀ ਜ਼ਿਆਦਾ ਸਨ। ਸ਼ਾਇਦ ਅੱਜ ਸਵੇਰੇ ਹੀ ਰੰਗੀਆਂ ਸਨ। ਜੇ ਉਹਦੇ ਸਿਰ 'ਤੇ ਪਗੜੀ ਵੀ ਹੁੰਦੀ ਤਾਂ ਉਹ ਸਰਦਾਰ ਲੱਗਦਾ, ਜਿਹੋ ਜਿਹੇ ਹਿੰਦੀ ਫ਼ਿਲਮਾਂ 'ਚ ਹੁੰਦੇ ਨੇ।

'ਆਂਗਰੇ ਸਾਹਿਬ, ਕੁੱਤੇ ਤਾਂ ਤੁਸੀਂ ਬੜੇ ਬਾਂਕੇ ਰੱਖੇ ਹੋਏ ਨੇ;' ਵਰਾਂਡੇ ਚੜ੍ਹਦਿਆਂ ਗੁਰਦਿਆਲ ਨੇ ਪ੍ਰਸੰਸਾ ਕੀਤੀ।

ਆਂਗਰੇ ਦੀ ਮੁਸਕੜੀ ਦਾ ਭਾਹ ਬਦਲ ਗਈ। ਮਾਨ-ਮੱਤੀ ਹੋ ਗਈ। ਉਹਨੇ ਇਕ ਸੋਫ਼ੇ ਵਲ ਸੈਨਤ ਕਰਦਿਆਂ ਕਿਹਾ,

'ਆ ਬੈਠ।'

ਵਰਾਂਡੇ ਦੀ ਅੜ੍ਹਕ-ਮੜ੍ਹਕ ਡਰਾਇੰਗ-ਰੂਮ ਵਰਗੀ ਸੀ। ਸੋਫ਼ੇ ਲੱਗੇ ਹੋਏ ਸਨ। ਕੰਧਾਂ ਉੱਤੇ ਚਿਤਰ ਸਨ। ਫੂਲਦਾਨਾਂ 'ਚ ਫੁੱਲ। ਹੋਰ ਹਰ ਤਰ੍ਹਾਂ ਦੀ ਸਜਾਵਟ ਵੀ ਸੀ।

'ਗੁਰਦਿਆਲ, ਇਹ ਕੁੱਤੇ ਮੇਰੇ ਨਹੀਂ, ਮੇਰੀ ਬੀਵੀ ਦੇ ਨੇ। ਮੈਨੂੰ ਸਿਆਸਤ ਤੇ *ਬਿਜ਼ਨਸ* ਤੋਂ ਵਿਹਲ ਨਹੀਂ ਮਿਲਦੀ। ਮੈਂ ਕਈ ਸ਼ੌਕ ਨਹੀਂ ਪਾਲ ਸਕਦਾ।'

'ਆਂਗਰੇ ਸਾਹਿਬ, ਉਹਨਾਂ ਨੂੰ *ਟਰੇਨਿੰਗ* ਤਾਂ ਤੁਹਾਡੀ ਲੱਗਦੀ ਏ। ਆਉਣ ਵਾਲੇ ਨੂੰ ਸਲੀਕੇ ਨਾਲ ਅੰਦਰ ਲਿਆਂਦੇ ਨੇ। ਏਧਰ-ਉਧਰ ਨਹੀਂ ਹੋਣ ਦੇਂਦੇ।'

'ਨਹੀਂ, *ਟਰੇਨਿੰਗ* ਤਾਂ ਮੇਰੀ ਬੀਵੀ ਦੀ ਏ। ਜੇ ਮੈਂ ਬਾਹਰੋਂ ਪੈਦਲ ਆਵਾਂ, ਮੇਰਾ ਸੁਆਗਤ ਵੀ ਏਸੇ ਤਰ੍ਹਾਂ ਹੁੰਦੈ। ਇਹ ਸਾਡੇ ਚੌਕੀਦਾਰ ਵੀ ਨੇ ਤੇ ਦਰਬਾਨ ਵੀ।'

'ਕਿੱਥੋਂ ਲਏ ਜੇ?' ਗੁਰਦਿਆਲ ਨੂੰ ਉਤਸੁਕਤਾ ਹੋਈ।

'ਪੁੱਛ ਨਾ ਯਾਰ, ਬੜੇ ਢੂੰਡ-ਢੂੰਡ ਕੇ ਲੱਭੇ ਨੇ। ਇਕ ਦੁੱਬਈ ਤੋਂ ਲੱਭਾ ਸੀ। ਇਕ ਯੂ-ਕੇ ਤੋਂ ਤੇ ਇਕ ਨੇੜਿਉਂ ਕਠਮੰਡੂ ਤੋਂ। ਹੁਣ ਤਾਂ ਵਧੀਆ ਕੁੱਤੇ ਅਸੀਂ ਆਪ ਵੀ ਦੇ ਸਕਦੇ ਹਾਂ। ਮੇਰੀ ਬੀਵੀ ਨੇ ਪੂਨੇ ਕੋਲ ਕੁੱਤਿਆਂ ਦਾ ਫ਼ਾਰਮ ਬਣਾਇਆ ਹੋਇਐ। ਛੋਟਾ ਜਿਹਾ। ਇਹ ਨਸਲਾਂ ਵੀ ਉੱਥੇ ਹੈ ਨੇ...'

'ਕਮਾਲ ਏ! ਘੋੜਿਆਂ ਦੇ ਫ਼ਾਰਮ ਤਾਂ ਸੁਣੇ ਸਨ, ਕੁੱਤਿਆਂ ਦੇ ਨਹੀਂ ਸਨ ਸੁਣੇ।'

'ਖ਼ੈਰ, ਗੁਰਦਿਆਲ, ਅਸੀਂ ਇਹਨਾਂ ਤਿੰਨ ਕੁੱਤਿਆਂ ਦੀ ਗੱਲ ਕਰ ਰਹੇ ਸਾਂ', ਆਂਗਰੇ ਉਹਨਾਂ ਦੀ ਪਛਾਣ ਪੂਰੀ ਕਰਨ ਲੱਗਾ,

'ਜਿਹੜਾ ਸਭ ਤੋਂ ਵੱਡਾ ਏ, ਸ਼ਾਹ ਕਾਲਾ, ਲੰਮੀ ਜੱਤ ਵਾਲਾ, ਉਹਨੂੰ ਅਸੀਂ *ਮਿੰਨੀ* ਸੱਦਦੇ ਹਾਂ...'



'ਉਹ ਤਾਂ ਵੱਡੈ। ਉਹਦਾ ਨਾ *ਮਿੰਨੀ* ਕਿਉਂ ਰਖਿਆ ਜੇ?' ਗੁਰਦਿਆਲ ਨੂੰ ਅਜੀਬ ਲੱਗਾ।

'ਗੁਰਦਿਆਲ, ਮੇਰੀ ਬੀਵੀ ਨੇ ਰੱਖ ਦਿੱਤੈ। ਉਹਦਾ ਮਹਿਕਮਾ ਏ। ਮੈਂ ਦਖ਼ਲ ਨਹੀਂ ਦੇਂਦਾ।, ਸਭ ਤੋਂ ਛੋਟੇ ਦਾ ਨਾਂ ਉਹਨੇ *ਮੈਕਸੀ* ਰੱਖਿਆ ਹੋਇਐ। ਵਿਚਲੇ ਦਾ *ਮਿਡਲਿੰਗ*।'

'ਮਜ਼ਾਕੀਆ ਤਬੀਅਤ ਵਾਲੇ ਨੇ...'

'ਉਹ ਨਹੀਂ ਯਾਰ। ਬੜੀ ਸਖ਼ਤ ਤਬੀਅਤ ਦੀ ਏ। ਡਰ ਕੇ ਰਹਿਣਾ ਪੈਂਦੈ। ਗੁਰਦਿਆਲ, ਇਕ ਗੱਲ ਦੱਸਾਂ। ਕੁੱਤੇ ਬੰਦਿਆਂ ਨਾਲੋਂ ਚੰਗੇ ਨੇ। ਵਫ਼ਾਦਾਰ ਨੇ। ਧੋਖਾ ਨਹੀਂ ਦੇਂਦੇ। ਆਗਿਆਕਾਰ ਨੇ। ਮੈਂ ਇਹਨਾਂ ਨਾਲ ਮਰਾਠੀ ਬੋਲਨਾਂ। ਸਭ ਸਮਝਦੇ ਨੇ। ਮੇਰੀ ਬੀਵੀ ਦੀ ਖੋਜ ਕਹਿੰਦੀ ਏ ਕਿ ਕੁੱਤੇ ਅੱਸੀ ਲਫ਼ਜ਼ ਸਮਝ ਲੈਂਦੇ ਨੇ, ਭਾਵੇਂ ਕਿਸੇ ਵੀ ਜ਼ੁਬਾਨ ਦੇ ਹੋਣ। ਸਾਡੇ ਇਹ ਕੁੱਤੇ ਬੜੇ ਸੁਲਾਹਕੁਲ ਨੇ। ਆਪੋ 'ਚ ਲੜਦੇ ਨਹੀਂ।'

'ਨਰ ਨੇ ਕਿ ਮਾਦਾ?'

'ਸਭ ਮਾਦਾ ਨੇ। ਜੇ ਇਕ ਵੀ ਨਰ ਹੁੰਦਾ, ਤਾਂ ਵਖ਼ਤ ਪਿਆ ਰਹਿੰਦਾ।'

ਆਂਗਰੇ ਦੀ ਮੁਸਕੜੀ ਮਾੜੇ ਜਿਹੇ ਹਾਸੇ 'ਚ ਬਦਲ ਗਈ।

ਗੁਰਦਿਆਲ ਇੰਜ ਪੁੱਛੀ ਜਾ ਰਿਹਾ ਸੀ, ਜਿਵੇਂ ਉਹ ਆਂਗਰੇ ਕੋਲ ਕੁੱਤਿਆਂ ਦੀ ਜਾਣਕਾਰੀ ਲੈਣ ਆਇਆ ਹੋਵੇ। ਪਰ ਉਹਨੂੰ ਆਪਣੀ ਗਰਜ਼ ਭੁੱਲੀ ਨਹੀਂ ਸੀ। ਉਡੀਕ ਰਿਹਾ ਸੀ, ਉਹਦੀ ਗੱਲ ਵੀ ਹੋਵੇ। ਇਹਦੇ ਲਈ ਉਚੇਚ ਨਾ ਕਰਨਾ ਪਿਆ। ਚਾਹ ਆ ਗਈ ਤੇ ਵਿਸ਼ਾ ਆਪੇ ਹੀ ਬਦਲ ਗਿਆ।

ਚਾਹ ਬਾ-ਵਰਦੀ ਖਾਨਾਸਾਮਾ ਲਿਆਇਆ। ਪੂਰੇ ਸਲੀਕੇ ਨਾਲ। ਚੰਗੀ ਖੇਚਲ ਕੀਤੀ ਹੋਈ ਸੀ। ਛੋਟਾ ਜਿਹਾ ਚਾਕਲੇਟ ਕੇਕ ਵੀ ਸੀ। ਹੋਰ ਵੀ ਕਾਫ਼ੀ ਕੁਝ ਸੀ।

ਆਂਗਰੇ ਨੇ ਕੇਕ 'ਚ ਛੁਰੀ ਫੇਰੀ ਤੇ ਗੁਰਦਿਆਲ ਦੇ ਮਤਲਬ ਦਾ ਵਿਸ਼ਾ ਫੜਿਆ। ਕਹਿਣ ਲੱਗਾ,

'ਗੁਰਦਿਆਲ, ਇਹ ਜਿਹੜਾ ਲੇਖਕ ਪੂਰਾ ਹੋਇਐ, ਮੈਂ ਉਹਨੂੰ ਜਾਣਦਾ ਸਾਂ।'

'ਪੜ੍ਹਿਆ ਹੋਇਆ ਜੇ?'

'ਨਹੀਂ ਯਾਰ, ਮੈਂ ਕਿੱਥੋਂ ਪੜ੍ਹਨ ਜੋਗਾ। ਉਹਦੀ ਇਕ ਕਹਾਣੀ ਸਾਡੇ ਕੋਰਸ 'ਚ ਹੁੰਦੀ ਸੀ। ਉਹ ਮੈਂ ਪੜ੍ਹੀ ਹੋਈ ਏ। ਉਹ ਕਹਾਣੀ ਵੀ ਕੁੱਤਿਆਂ ਦੀ ਸੀ...'

ਗੁਰਦਿਆਲ ਨੂੰ ਫ਼ਿਕਰ ਲੱਗਾ। ਫੇਰ ਕੁੱਤੇ ਵਿੱਚ ਆਣ ਵੜੇ ਸਨ। ਪਰ ਆਂਗਰੇ ਨੇ ਨਜ਼ਰ ਕੁੱਤਿਆਂ 'ਤੇ ਨਹੀਂ, ਲੇਖਕ 'ਤੇ ਰੱਖੀ। ਉਸ ਕਿਹਾ,

'ਇਕ ਗੱਲ ਚੰਗੀ ਏ ਕਿ ਇਹ ਲੇਖਕ ਸਿੱਖ ਸੀ।'

'ਕੀ ਵਜ੍ਹਾ?'

'ਵਜ੍ਹਾ ਇਹ ਕਿ ਸਿੱਖ ਦੀ ਥਾਂ ਸਿੱਖ ਲਾਣਾ ਸੌਖਾ ਹੁੰਦੈ। ਇਹਨਾਂ ਮਾਮਲਿਆਂ 'ਚ ਧਰਮ, ਜ਼ਾਤ, ਸੂਬੇ ਜਿਹੀਆਂ ਚੀਜ਼ਾਂ ਦਾ ਧਿਆਨ ਵੀ ਰੱਖਣਾ ਪੈਂਦੈ...'

'ਪਰ, ਆਂਗਰੇ ਸਾਹਿਬ, ਸਿੱਖ ਤਾਂ ਹੋਰ ਵੀ ਬੜੇ ਨੇ।'

'ਇਕ ਮੁਸ਼ਕਿਲ ਇਹ ਵੀ ਏ। ਜਿੱਥੋਂ ਤਕ ਬੂਹੇ ਭੰਨਣ ਦਾ ਸਵਾਲ ਏ, ਸਿੱਖ ਵੀ ਸਾਡੇ ਮਰਾਠਿਆਂ ਵਰਗੇ ਨੇ। ਵੇਖਦੇ ਨਹੀਂ, ਦੱਬੀ ਜਾਂਦੇ ਨੇ।'

'ਆਂਗਰੇ ਸਾਹਿਬ, ਜੋ ਵੀ ਕਰ ਸਕਦੇ ਹੋ, ਕਰੋ,' ਗੁਰਦਿਆਲ ਨੇ ਸਿੱਧੀ ਗੱਲ ਕੀਤੀ, 'ਬੜੀ ਭੀੜਾ ਬਣੀ ਹੋਈ ਏ।'

'ਗੁਰਦਿਆਲ, ਸਮੱਸਿਆ ਇਹ ਹੈ ਕਿ ਸਾਡੀ ਪਾਰਟੀ 'ਚ ਸਭ ਕੁਝ ਹਾਈ ਕਮਾਨ ਹੀ ਕਰਦੀ ਏ। ਮੈਂ ਆਪ ਕੁਝ ਨਹੀਂ ਕਰਦਾ।'

'ਹਾਈ ਕਮਾਨ ਤੁਹਾਡੇ ਤੋਂ ਬਾਹਰ ਥੋੜੀ ਏ,' ਗੁਰਦਿਆਲ ਨੇ ਫੂਕ ਦਿੱਤੀ।

'ਏਸ ਮਾਮਲੇ 'ਚ ਬਾਹਰ ਏ।'

'ਪਹੁੰਚ ਤਾਂ ਹੈ ਨਾ ਤੁਹਾਡੀ!'

'ਏਸ ਮਾਮਲੇ 'ਚ ਨਹੀਂ। ਹਾਈ ਕਮਾਨ ਦੇ ਸਲਾਹਕਾਰ ਦੇ ਸਲਾਹਕਾਰ ਨੂੰ ਫੜਨਾ ਪਏਗਾ ਤੇ ਕੋਈ ਇਹੋ ਜਿਹੀ ਤਜਵੀਜ਼ ਰੱਖਣੀ ਪਏਗੀ, ਜਿਹੜੀ ਉਹਨੂੰ ਜੱਚ ਜਾਵੇ।'

'ਫੇਰ ਬਣਾਓ ਕਈ ਤਜਵੀਜ਼ ਐਸੀ', ਗੁਰਦਿਆਲ ਨੂੰ ਸੌਖਾ ਲੱਗਾ।

'ਬਣਾਨਾਂ। ਪਰ ਪਹਿਲੋਂ ਤੇਰੇ ਨਾਲ ਗੱਲ ਤਾਂ ਖੋਲ੍ਹ ਲਵਾਂ।'

ਆਂਗਰੇ ਦੀ ਮੁਸਕੜੀ ਗੰਭੀਰਤਾ ਦੀ ਭਾਹ ਮਾਰਨ ਲੱਗੀ।

'ਗੁਰਦਿਆਲ ਰਾਜ ਸਭਾ 'ਚ ਨਾਮਜ਼ਦਗੀਆਂ ਪਾਰਟੀ ਵਾਲਿਆਂ ਦੀਆਂ ਹੁੰਦੀਆਂ ਨੇ ਜਾਂ ਉਹਨਾਂ ਦੀਆਂ, ਜਿਨ੍ਹਾਂ ਪਾਰਟੀ ਦੀ ਨਿਸ਼ਕਾਮ ਸੇਵਾ ਕੀਤੀ ਹੁੰਦੀ ਏ। ਨਾਮਜ਼ਦਗੀ ਇਕ ਤਰ੍ਹਾਂ ਦਾ ਇਨਾਮ ਹੁੰਦੈ। ਤੂੰ ਨਾ ਤਾਂ ਸਾਡੀ ਪਾਰਟੀ ਦੈਂ ਤੇ ਨਾ ਹੀ ਤੂੰ ਸਾਡੀ ਪਾਰਟੀ ਦੀ ਕੋਈ ਸੇਵਾ ਕੀਤੀ ਹੋਈ ਏ...'

'ਸੇਵਾ, ਆਂਗਰੇ ਸਾਹਿਬ, ਮੈਂ ਕਰਨ ਨੂੰ ਤਿਆਰ ਹਾਂ। ਕਰਾ ਲੌ ਜਦੋਂ ਚਾਹਵੋ।'

ਗੁਰਦਿਆਲ ਨੂੰ ਇਹ ਕੋਈ ਏਡੀ ਔਖੀ ਗੱਲ ਨਾ ਲੱਗੀ।

'ਪਰ ਇਨਾਮ ਤਾਂ ਤੂੰ *ਐਡਵਾਂਸ* ਮੰਗ ਰਿਹੈਂ ਨਾ!'

'ਇਹ ਤਾਂ ਸਥਿਤੀ ਏਸ ਤਰ੍ਹਾਂ ਦੀ ਬਣ ਗਈ ਏ। ਮੈਂ ਸੇਵਾ ਜ਼ਿਆਦਾ ਕਰ ਦਿਆਂਗਾ।'

ਇਹ ਤਾਂ ਭੂਮਿਕਾ ਸੀ। ਆਂਗਰੇ ਅਗਲੀ ਗੰਢ ਖੋਲ੍ਹਣ ਲੱਗਾ,



'ਠੀਕ ਏ। ਇਹ ਦੱਸ, ਚੌਧਰੀ ਸੂਰਜ ਮਲ ਨੂੰ ਜਾਣਦਾ ਹੈਂ ਨਾ?'

'ਜਿਹੜੇ ਹਰਿਆਣੇ ਵਾਲੇ ਨੇ?'

'ਉਹੀਓ।'

'ਉਹਨਾਂ ਨੂੰ ਤਾਂ ਮੈਂ ਬੜੀ ਚੰਗੀ ਤਰ੍ਹਾਂ ਜਾਣਨਾਂ। ਮੇਰੇ ਬੜੇ ਮਿਹਰਬਾਨ ਨੇ। ਜੇ ਉਹਨਾਂ ਕੋਲ ਰਾਜ ਸਭਾ ਦੀਆਂ ਦੋ ਸੀਟਾਂ ਹੁੰਦੀਆਂ ਤਾਂ ਇਕ ਉਹ ਮੈਨੂੰ ਖੁਸ਼ੀ ਖੁਸ਼ਾਈਂ ਦੇ ਦੇਂਦੇ। ਮੈਨੂੰ ਤੁਹਾਡੇ ਕੋਲ ਆਉਣ ਦੀ ਲੋੜ ਹੀ ਨਾ ਪੈਂਦੀ।'

'ਗੁਰਦਿਆਲ, ਫੇਰ ਤੈਨੂੰ ਇਹ ਵੀ ਪਤਾ ਹੋਏਗਾ ਕਿ ਉਹ ਭ੍ਰਿਸ਼ਟਾਚਾਰੀ ਨੇ।'

'ਪਤਾ ਕਿਉਂ ਨਹੀਂ। ਘੋਰ ਭ੍ਰਿਸ਼ਟਾਚਾਰੀ ਨੇ।'

'ਤੈਨੂੰ ਉਹਨਾਂ ਦੇ ਭ੍ਰਿਸ਼ਟਾਚਾਰ ਦਾ ਸਭ ਕੁਝ ਪਤੈ?'

'ਆਂਗਰੇ ਸਾਹਿਬ, ਸਭ ਕੁਝ ਤਾਂ ਆਪ ਚੌਧਰੀ ਸਾਹਿਬ ਨੂੰ ਵੀ ਪਤਾ ਨਹੀਂ। ਕੋਈ ਥਾਂ ਨਹੀਂ ਛੱਡੀ ਉਹਨਾਂ।'

ਗੁਰਦਿਆਲ ਨੇ ਕਰਹਿਤ ਨਾਲ ਮੱਥੇ ਨੂੰ ਹੱਥ ਲਾਇਆ।

'ਤੈਨੂੰ ਪਤੈ, ਹਰਿਆਣੇ 'ਚ ਲੋਕ ਸਭਾ ਦੀ ਉਪ-ਚੋਣ ਹੋ ਰਹੀ ਏ? ਉਸ ਸੀਟ 'ਤੇ, ਜਿਹੜੀ ਪ੍ਰੋਫ਼ੈਸਰ ਦੱਤ ਦੇ ਪੂਰੇ ਹਣ ਨਾਲ ਖ਼ਾਲੀ ਹੋਈ ਏ। ਚੌਧਰੀ ਦਾ ਕੁੜਮ ਖੜਾ ਹੋ ਰਿਹੈ ਉੱਥੋਂ।'

'ਹੱਛਾ!' ਗੁਰਦਿਆਲ ਨੂੰ ਸਭ ਕੁਝ ਯਾਦ ਆ ਗਿਆ। 'ਪਹਿਲੋਂ ਉਹ ਰਾਜ ਸਭਾ ਲਈ ਖੜਾ ਹੋਣ ਲੱਗਾ ਸੀ।'

ਕੁਝ ਚਿਰ ਅਲੋਪ ਰਹੀ ਆਂਗਰੇ ਦੀ ਮੁਸਕੜੀ ਮੁੜ ਆਈ। ਹੁਣ ਉਹ ਖੱਚਰ ਭਾਹ ਮਾਰ ਰਹੀ ਸੀ।

'ਇਹ ਦੱਸ', ਆਂਗਰੇ ਨੇ ਪੁੱਛਿਆ, 'ਇਸ ਚੋਣ ਤੋਂ ਕੁਝ ਚਿਰ ਪਹਿਲਾਂ ਤੂੰ ਕੋਈ ਬਿਆਨ ਦੇ ਸਕਣੈਂ, ਜਿਸ 'ਚ ਤੂੰ ਕਹੇਂ ਕਿ ਮੈਂ ਚੌਧਰੀ ਦਾ ਨਿਕਟਵਰਤੀ ਰਿਹਾ ਹਾਂ ਤੇ ਮੈਂ ਉਹਦੇ ਭ੍ਰਿਸ਼ਟਾਚਾਰ ਨੂੰ ਨੇੜਿਉਂ ਵੇਖਿਆ ਏ। ਉਹਨੇ ਇਹ-ਇਹ ਕਾਰੇ ਕੀਤੇ ਨੇ। ਏਨਾ ਉਹਦੇ ਕੋਲ ਧੰਨ ਏ ਤੇ ਏਸ-ਏਸ ਥਾਂ ਉਹਨੇ ਰੱਖਿਆ ਹੋਇਐ।'

ਗੁਰਦਿਆਲ ਦਾ ਰੰਗ ਕਾਲਾ ਪੈ ਗਿਆ। ਉਹ ਕਹਿ ਉੱਠਿਆ,

'ਆਂਗਰੇ ਸਾਹਿਬ, ਜੋ ਤੁਸੀਂ ਕਹਿ ਰਹੇ ਹੋ, ਉਹ ਸੋਲ੍ਹਾਂ ਆਨੇ ਸੱਚ ਏ। ਚੌਧਰੀ ਬੜੀ ਕਮੀਨੀ ਚੀਜ਼ ਏ। ਮਹਾਨ ਭ੍ਰਿਸ਼ਟਾਚਾਰੀ ਏ। ਏਥੋਂ ਤਕ ਕਿ ਉਹਨੇ ਪਟਵਾਰੀਆਂ ਤੇ ਮਾਸਟਰਾਂ ਦੀ ਭਰਤੀ 'ਚੋਂ ਵੀ ਪੈਸੇ ਖਾਧੇ ਨੇ। ਪਰ ਮੈਂ ਇਹ ਸਭ ਕੁਝ ਖੁਲ੍ਹੇ-ਆਮ ਨਹੀਂ ਕਹਿ ਸਕਦਾ। ਮੇਰੇ 'ਤੇ ਚੌਧਰੀ ਦੇ ਬੜੇ ਅਹਿਸਾਨ ਨੇ।'

ਆਂਗਰੇ ਦੀ ਮੁਸਕੜੀ ਫੇਰ ਅਲੋਪ ਹੋ ਗਈ। ਉਹਨੇ ਲਾਚਾਰੀ ਜਿਹੀ ਨਾਲ ਪੁੱਛਿਆ,

'ਗੁਰਦਿਆਲ, ਜੇ ਤੂੰ ਏਨਾ ਵੀ ਨਹੀਂ ਕਹਿ ਸਕਦਾ ਤਾਂ ਮੈਂ ਕਿਸ ਮੂੰਹ ਨਾਲ ਜਾਵਾਂ ਤੇਰੀ ਸਿਫ਼ਾਰਸ਼ ਲੈ ਕੇ? ਗੱਲ ਸ਼ੁਰੂ ਕਰਨ ਲਈ ਮੇਰੇ ਕੋਲ ਏਨਾ ਕੁਝ ਤਾ ਹੋਣਾ ਹੀ ਚਾਹੀਦੈ। ਏਨੇ ਨਾਲ ਤਾਂ ਅਸਲ ਗੱਲ ਟੋਰਨ ਦੀ ਜ਼ਮੀਨ ਹੀ ਬਣਦੀ ਏ।'

'ਆਂਗਰੇ ਸਾਹਿਬ, ਚੌਧਰੀ ਬੰਦਾ ਮਾੜਾ ਨਹੀਂ। ਮੇਰੇ ਲਈ ਤਾਂ ਉਹ ਬੜਾ ਚੰਗਾ ਰਿਹੈ।'

'ਗੁਰਦਿਆਲ, ਕੌਣ ਚੰਗੈ ਤੇ ਕੌਣ ਮੰਦੈ, ਇਹ ਤਾਂ ਹਾਲਾਤ 'ਤੇ ਨਿਰਭਰ ਕਰਦੈ। ਜੋ ਅੱਜ ਚੰਗੈ, ਉਹ ਕਲ੍ਹ ਮੰਦਾ ਵੀ ਹੋ ਸਕਦੈ। ਤੇ ਜੋ ਅੱਜ ਮੰਦੈ, ਉਹਦੇ ਕਲ੍ਹ ਵੀ ਮੰਦੇ ਹੀ ਰਹਿਣ ਦੀ ਕੋਈ ਗਾਰੰਟੀ ਨਹੀਂ। ਤੂੰ ਆਪਣੀ ਸੋਚ। ਚੰਗ ਮੰਦ 'ਚ ਨਾ ਪਓ।'

ਸਿਧਾਂਤ ਕਮਜ਼ੋਰ ਸੀ, ਪਰ ਗੁਰਦਿਆਲ ਨੂੰ ਜੱਚ ਗਿਆ। ਇਸ ਤਰ੍ਹਾਂ ਦੀ ਦਲੀਲ ਉਹ ਆਪ ਵੀ ਦਿਆ ਕਰਦਾ ਸੀ। ਉਹ ਨਰਮ ਪੈ ਗਿਆ। ਕਹਿਣ ਲੱਗਾ,

'ਆਂਗਰੇ ਸਾਹਿਬ, ਚਲੋ ਸੋਚ ਲੈਨੇ ਹਾਂ। ਤੁਸੀਂ ਆਪਣੀ ਥਾਂ ਗੱਲ ਤਾਂ ਚਲਾਓ।'

'ਠੀਕ ਏ। ਗੁਰਦਿਆਲ, ਕੁਝ ਸਮਾਂ ਮੈਨੂੰ ਵੀ ਚਾਹੀਦਾ ਹੋਵੇਗਾ। ਰਾਜ ਸਭਾ ਦੀ ਸੀਟ ਇਕਦਮ ਹੀ ਨਹੀਂ ਭਰੀ ਜਾਂਦੀ।'

'ਕੋਈ ਗੱਲ ਨਹੀਂ। ਸਮਾਂ ਜਿੰਨਾ ਚਾਹੋ, ਲੈ ਲਵੋ। ਪਰ ਏਨਾ ਧਿਆਨ ਜ਼ਰੂਰ ਰੱਖਣਾ, ਕੋਈ ਹੋਰ ਦਾਅ ਨਾ ਲਾ ਜਾਏ।'

'ਇਹਦਾ ਮੈਂ ਧਿਆਨ ਰੱਖਾਂਗਾ।'

'ਕੋਠੀ ਦੀ *ਐਕਸਟੈਨਸ਼ਨ* ਮੈਨੂੰ ਮਿਲੀ ਹੋਈ ਏ। ਵਕਤ ਮੇਰੇ ਕੋਲ ਹੈ।'

'ਗੁਰਦਿਆਲ, *ਐਕਸਟੈਨਸ਼ਨ* ਦੀ ਕੋਈ ਸਮੱਸਿਆ ਨਹੀਂ। ਲੋੜ ਪਈ ਤਾਂ ਹੋਰ ਲੈ ਲਾਂਗੇ। ਪਰ ਵੇਖ, ਅਸੀਂ ਇਕ ਗੱਲ ਦਾ ਧਿਆਨ ਰਖਣੈਂ। ਗੱਲ ਮੇਰੇ ਤੇ ਤੇਰੇ ਵਿਚਕਾਰ ਹੀ ਰਹਿਣੀ ਚਾਹੀਦੀ ਏ। ਜੇ ਨਿਕਲ ਗਈ ਤਾਂ ਇਹ ਰਸਤਾ ਬੰਦ ਹੋਇਆ ਸਮਝ।'

'ਨਹੀਂ ਦੱਸਾਂਗਾ ਕਿਸੇ ਨੂੰ', ਗੁਰਦਿਆਲ ਨੇ ਵਿਸ਼ਵਾਸ ਦਵਾਇਆ। 'ਬੀਵੀ ਨਾਲ ਗੱਲ ਕਰਨੀ ਪਏਗੀ। ਪਰ ਉਹ ਬੜੀ ਪੱਕੀ ਏ। ਅੱਗੋਂ ਕਿਸੇ ਹੋਰ ਨਾਲ ਨਹੀਂ ਕਰੇਗੀ।'

'ਬਤਰੇ ਨੂੰ ਵੀ ਨਹੀਂ ਦੱਸਣਾ', ਆਂਗਰੇ ਨੇ ਤਾਕੀਦ ਕੀਤੀ, 'ਚੌਧਰੀ ਉਹਨਾਂ ਦੇ ਮੋਰਚੇ 'ਚ ਏ। ਉਹਨੂੰ ਦੱਸ ਦੇਗਾ ਉਹ।'

'ਨਹੀਂ ਦੱਸਾਂਗਾ। ਕਹਿ ਦਿਆਂਗਾ, ਆਂਗਰੇ ਸਾਹਿਬ ਅਜੇ ਕੁਝ ਸੋਚ ਰਹੇ ਨੇ।'

'ਗੁਰਦਿਆਲ, ਭੁੱਲੀਂ ਨਾ', ਆਂਗਰੇ ਨੇ ਫੇਰ ਪੱਕ ਕੀਤੀ, 'ਬਤਰਾ ਭਾਵੇਂ



ਸਾਡਾ ਦੋਸਤ ਏ, ਪਰ ਉਹ ਸਕਾ ਸਾਡਾ ਨਹੀਂ, ਆਪਣੀ ਪਾਰਟੀ ਦੈ।'

ਆਂਗਰੇ ਦੀ ਮੁਸਕੜੀ 'ਚ ਹੁਣ ਸਾਜ਼ਿਸ਼ੀ ਭਾਹ ਸੀ।

'ਠੀਕ ਏ, ਆਂਗਰੇ ਸਾਹਿਬ।'

ਗੁਰਦਿਆਲ ਉੱਠ ਪਿਆ।

'ਮੈਂ ਗੱਲ ਕਰਕੇ ਤੈਨੂੰ ਫ਼ੋਨ ਕਰਾਂਗਾ।'

ਆਂਗਰੇ ਵਰਾਂਡੇ ਦੇ ਰਸਤੇ ਤਕ ਉਹਦੇ ਨਾਲ ਆਇਆ। ਅੱਗੋਂ ਉਹਦੇ ਕੁੱਤਿਆਂ ਦੀ ਤਿੱਕੜੀ ਰਲ ਪਈ। ਉਹਨੇ ਫਾਟਕ ਤਕ ਗੁਰਦਿਆਲ ਦੀ ਅਗਵਾਈ ਕੀਤੀ। ਫਾਟਕ ਕੋਲ ਪਹੁੰਚ, ਤਿੱਕੜੀ ਇੱਕੋ ਸੁਰ 'ਚ ਗ਼ੁੱਰਾਈ ਤੇ ਗੁਰਦਿਆਲ ਨੂੰ ਫਾਟਕੋਂ ਪਾਰ ਕਰਾ ਗਈ।

# ਦਲੀਲਾਂ

ਘਰ ਵਾਪਸ ਜਾਂਦਿਆਂ ਗੁਰਦਿਆਲ ਦੀ ਗੱਡੀ ਰਫ਼ਤਾਰ ਨਹੀਂ ਸੀ ਫੜ ਰਹੀ। ਖੱਬੇ ਪਾਸੇ ਲੱਗੀ ਹੋਈ ਸੀ। ਪਰ ਦਿਮਾਗ਼ ਉਹਦਾ ਆਪਣੇ ਪੂਰੇ ਗੇੜ 'ਚ ਸੀ। ਜੋ ਗੱਲਾਂ ਆਂਗਰੇ ਨਾਲ ਹੋਈਆਂ ਸਨ, ਉਹਨਾਂ ਨੂੰ ਉਹ ਰਿੜਕਣੇ ਪਾਈ ਬੈਠਾ ਸੀ। ਹੁਣ ਉਹਨੂੰ ਲੱਗ ਰਿਹਾ ਸੀ, ਆਂਗਰੇ ਨੂੰ ਹਾਂ ਨਹੀਂ ਸੀ ਕਰਨੀ ਚਾਹੀਦੀ। ਉਹ ਬਿਆਨ ਦੇਣ 'ਤੇ ਰਾਜ਼ੀ ਨਹੀਂ ਸੀ ਹੋਣਾ ਚਾਹੀਦਾ, ਜੋ ਆਂਗਰੇ ਉਸ ਤੋਂ ਦਵਾਉਣਾ ਚਾਹੁੰਦਾ ਸੀ। ਇਹ ਕਿੱਥੋਂ ਦੀ ਸ਼ਰਾਫ਼ਤ ਏ ਕਿ ਕੋਈ ਬੰਦਾ ਤੁਹਾਡਾ ਭਲਾ ਕਰੇ ਤੇ ਤੁਸੀਂ, ਆਪਣੀ ਗਰਜ਼ ਦੀ ਖ਼ਾਤਿਰ, ਉਹਦੇ ਕਪੜੇ ਲਾਹ ਛੱਡੋ। ਉਹ ਵੀ ਸਰੇ-ਬਾਜ਼ਾਰ। ਸਿੱਖਰ ਦੁਪਹਿਰੇ। ਜਦੋਂ ਪੂਰੀ ਰੌਸ਼ਨੀ ਹੋਵੇ। ਬੰਦਾ ਭਾਵੇਂ ਮਾੜਾ ਹੋਵੇ, ਤੁਸੀਂ ਤਾਂ ਇਹ ਵੇਖਣਾ ਏਂ ਕਿ ਤੁਹਾਡੇ ਨਾਲ ਉਹਦਾ ਵਿਹਾਰ ਕਿਹੋ ਜਿਹਾ ਏ। ਤੁਸੀਂ ਉਹਦਾ ਮਾੜਾ ਕਰੋ, ਜੇ ਉਹਨੇ ਤੁਹਾਡੇ ਨਾਲ ਮਾੜਾ ਕੀਤਾ ਹੋਵੇ।

ਜਦੋਂ ਗੁਰਦਿਆਲ ਅਗਲਾ ਮੋੜ ਮੁੜਿਆ, ਉਹਨੂੰ ਆਪਣੀ ਏਸ ਸੋਚ ਦੀ ਪਕਿਆਈ ਘਟਦੀ ਲੱਗੀ। ਉਹ ਦੇਸ ਦੀ ਸਿਆਸਤ 'ਚੋਂ ਆਪਣੇ ਜਿਹੇ ਪ੍ਰਮਾਣ ਲੱਭਣ ਲੱਗਾ। ਕਦੀ ਕਿਸੇ ਹੋਰ ਨੇ ਵੀ ਇਸ ਤਰ੍ਹਾਂ ਕੀਤੈ, ਜਿਵੇਂ ਕਰਨਾ ਉਹ ਮੰਨ ਆਇਆ ਸੀ ? ਉਹ ਚੇਤਾ ਫਰੋਲਣ ਲੱਗਾ।

ਉਹਨੂੰ ਬਹੁਤਾ ਹੇਠ ਜਾਣ ਦੀ ਲੋੜ ਨਾ ਪਈ। ਅਜੇ ਪਿੱਛੇ ਜਿਹੇ ਹੀ ਪੰਜਾਬ ਦੀਆਂ ਚੋਣਾਂ ਤੋਂ ਪਹਿਲਾਂ ਪਾਰਸ ਦੇ ਸਕੇ ਉਸ ਤੋਂ ਵਿਟਰੇ ਤੇ ਵਿਛੜੇ ਸਨ। ਉਹਨਾਂ ਆਪਣੀ ਵੱਖਰੀ ਪਾਰਟੀ ਤੇ ਫੇਰ ਆਪਣਾ ਵੱਖਰਾ ਫਰੰਟ ਬਣਾ ਲਿਆ ਸੀ। ਪੰਜਾਬ 'ਚ ਤੀਜੀ ਧਿਰ ਦੇ ਤੌਰ 'ਤੇ ਸਾਹਮਣੇ ਆਏ ਸਨ। ਉਹਨਾਂ ਚੋਣਾਂ 'ਚ ਥਾਂ-ਥਾਂ ਆਪਣੇ ਉਮੀਦਵਾਰ ਖੜੇ ਕੀਤੇ ਤੇ ਆਪਣਾ ਨਿਸ਼ਾਨਾ ਕੇਸਰੀ ਦਲ ਨੂੰ ਵੀ ਬਣਾਇਆ ਤੇ ਰਾਸ਼ਟਰ ਦਲ ਨੂੰ ਵੀ। ਉਹ, ਚਾਹੁੰਦੇ ਨਾ ਚਾਹੁੰਦੇ ਹੋਏ ਵੀ, ਪਾਰਸ ਦੀ ਹਾਰ ਦਾ ਨਹੀਂ, ਜਿੱਤ ਦਾ ਕਾਰਨ ਬਣੇ। ਸ਼ਾਇਦ ਉਹ ਇੰਜ ਨਹੀਂ ਸਨ ਚਾਹੁੰਦੇ। ਇਹ ਉਹਨਾਂ ਦੀ ਦਿੱਖ ਦੀ ਕਮਜ਼ੋਰੀ ਸੀ। ਫੇਰ ਵੀ ਉਹਨਾਂ ਜੋ ਵੀ ਕੀਤਾ, ਸਿਆਸੀ ਤਰੀਕੇ ਨਾਲ ਕੀਤਾ। ਆਪਣੀ ਲੜਾਈ ਸਿਆਸਤ ਨਾਲ ਲੜੀ। ਉਹਨਾਂ ਪਾਰਸ ਪਰਵਾਰ ਦੇ ਪੋਤੜੇ ਨਾ ਫੋਲੇ। ਅੰਦਰਖਾਨੇ, ਭਾਵੇਂ ਕੁਝ ਵੀ ਕਹਿੰਦੇ ਹੋਣ, ਬਾਹਰ, ਅਲ-ਅਲਾਨ, ਮੰਚ ਤੋਂ ਜਾਂ ਮੀਡੀਆ ਰਾਹੀਂ, ਉਹਨਾਂ ਕੁਝ ਨਾ ਕਿਹਾ। ਜਦੋਂ ਚੋਣਾਂ ਦੇ ਨਤੀਜੇ ਨਿਕਲ ਆਏ, ਏਨਾ ਜ਼ਰੂਰ ਆਖਿਆ ਕਿ ਇਹਨਾਂ ਚੋਣਾਂ 'ਤੇ



ਕੇਸਰੀ ਦਲ ਨੇ ਦਸ ਹਜ਼ਾਰ ਕਰੋੜ ਰੁਪਏ ਖ਼ਰਚੇ ਨੇ, ਪਰ ਇਹ ਨਾ ਦੱਸਿਆ ਕਿ ਇਹ ਰੁਪਏ ਕਿਸ ਗੁਫ਼ਾ ਜਾਂ ਕਿਸ ਗੱਲੇ 'ਚੋਂ ਕਢੇ ਨੇ।

ਗੁਰਦਿਆਲ ਨੂੰ ਪੱਕ ਹੋ ਗਿਆ ਕਿ ਸਾਡੇ ਸਿਆਸੀ ਸਭਿਆਚਾਰ ਵਿਚ ਇਸ ਤਰ੍ਹਾਂ ਦੀ ਕੋਈ ਵੀ ਪਿਰਤ ਨਹੀਂ ਪਈ ਹੋਈ। ਅੰਦਰ ਬੈਠੇ ਪਏ ਵਿੱਸ ਘੋਲਦੇ ਰਹਿਣ, ਬਾਹਰ ਕੋਈ ਗੱਲ ਨਹੀਂ ਕਰਦਾ। ਨਜ਼ਦੀਕੀ ਹਮੇਸ਼ਾ ਹੀ ਰੁੱਸਦੇ ਰਹੇ ਨੇ। ਲਾਲਚ ਉਹਨਾਂ ਨੂੰ ਵੀ ਰਿਹੈ। ਪਰ ਕਿਸੇ ਨੇ ਉਸ ਤਰ੍ਹਾਂ ਮੂੰਹ ਨਹੀਂ ਖੋਲ੍ਹਿਆ, ਜਿਸ ਤਰ੍ਹਾਂ ਖੋਲ੍ਹਣ ਲਈ ਉਹਨੂੰ ਆਂਗਰੇ ਨੇ ਅੱਜ ਕਿਹਾ ਸੀ।

ਇਕ ਵੇਲੇ ਬੋਫ਼ਰ ਤੋਪਾਂ ਦੇ ਸੌਦੇ ਦਾ ਰੌਲਾ ਵੀ ਪਿਆ ਸੀ। ਵਿਰੋਧੀਆਂ ਨੇ ਉਹਦੇ ਜ਼ੋਰ ਨਾਲ ਚੋਣਾਂ ਵੀ ਜਿੱਤ ਲਈਆਂ ਸਨ। ਸਰਕਾਰ ਵੀ ਬਣਾ ਲਈ ਸੀ। ਪਰ ਤੋਪਾਂ ਦਾ ਠੇਕਾ ਦੇਣ ਵਾਲਿਆਂ ਦੇ ਕਿਸੇ ਵੀ ਨਿਕਟਵਕਤੀ ਨੇ ਅੱਜ ਤਕ ਮੂੰਹ ਨਹੀਂ ਖਲ੍ਹਿਆ। ਆਪੋ ਵਿਚ ਝਗੜੇ ਵੀ ਹੋਏ। ਤੜਰਕੇ ਵੀ ਪਏ। ਸਾਥ ਟੁੱਟੇ। ਫੇਰ ਵੀ ਹਰ ਕਿਸੇ ਦੜ ਵੱਟੀ ਰੱਖੀ। ਦਹਾਕੇ ਬੀਤ ਗਏ ਨੇ। ਅਜੇ ਤਕ ਇਹ ਵੀ ਪਤਾ ਨਹੀਂ ਲੱਗਾ, ਕੋਈ ਗੜਬੜ ਹੋਈ ਵੀ ਸੀ ਕਿ ਨਹੀਂ। ਜੇ ਹੋਈ ਸੀ ਤਾਂ ਕਿਨ੍ਹੇ ਕੀਤੀ ਸੀ। 'ਸਾਡੇ ਨਹੀਂ ਕੋਈ ਗੱਲਾਂ ਕਰਦਾ!' ਗੁਰਦਿਆਲ ਨੇ ਆਪਣੇ ਆਪ ਨੂੰ ਸਪੱਸ਼ਟ ਕੀਤਾ।

ਕਰਨਾਟਕ ਦੀ ਮਿਸਾਲ ਵੀ ਸੀ। ਭਗਵਾਂ ਪਾਰਟੀ ਦੇ ਵੱਡੇ ਮੰਤਰੀ ਦੀ। ਓਥੇ ਉਹਦੇ ਸਦਕਾ ਕੱਚੇ ਲੋਹੇ ਦੀ ਗ਼ੈਰ-ਕਾਨੂੰਨੀ ਪੁਟਾਈ ਤੇ ਨਿਰਯਾਤ ਹੋਈ। ਸਰਕਾਰੀ ਜ਼ਮੀਨਾਂ ਭੰਗ ਦੇ ਭਾੜੇ ਵਿੱਕੀਆਂ। ਲੋਕ-ਆਯੁਕਤ ਨੇ ਉਸ 'ਤੇ ਕੇਸ ਚਲਾਏ। ਉਹਨੂੰ ਅੰਦਰ ਵੀ ਕੀਤਾ। ਉਹਦੀ ਗੱਦੀ ਵੀ ਗਈ। ਪਰ ਉਹਦੇ ਭੇਤੀਆਂ ਨੇ ਤੇ ਵਿਰੋਧੀਆਂ ਨੇ ਅੰਦਰੋਂ ਅੰਦਰ ਜਾਣਕਾਰੀ ਤਾਂ ਦਿੱਤੀ, ਦਸਤਾਵੇਜ਼ਾਂ ਵੀ ਦਿੱਤੀਆਂ, ਪਰ ਬਾਹਰ ਮੂੰਹ ਨਾ ਖੋਲ੍ਹਿਆ। 'ਇਹੋ ਜਿਹੀ ਕੋਈ ਰਵਾਇਤ ਹੀ ਨਹੀਂ ਸਾਡੇ!' ਗੁਰਦਿਆਲ ਨੇ ਆਪਣੇ ਆਪ ਨੂੰ ਕਿਹਾ।

ਸਾਫ਼, ਖੁੱਲ੍ਹੀ ਸੜਕ ਸੀ। ਫੇਰ ਵੀ ਗੱਡੀ ਉਹਦੀ ਤੀਜੇ ਗੀਅਰ 'ਚ ਸੀ। ਘਰ ਦਾ ਰਾਹ ਲੰਮਾ ਹੁੰਦਾ ਜਾ ਰਿਹਾ ਸੀ। ਅਜੇ ਉਹ ਜਨਪਥ ਦੇ ਉਸ ਚੌਕ ਤੇ ਵੀ ਨਹੀਂ ਸੀ ਪਹੁੰਚਿਆ, ਜਿਥੋਂ ਪ੍ਰਿਥਵੀ ਰਾਜ ਰੋਡ ਨੂੰ ਪਹੁੰਚਾਉਂਦੀ ਸਾਊਥ ਐਂਡ ਨਾਂ ਦੀ ਛੋਟੀ ਜਿਹੀ ਸੜਕ ਨਿਕਲਦੀ ਸੀ। ਉਹਦਾ ਜ਼ੋਰ ਰਾਹ ਮੁਕਾਉਣ 'ਤੇ ਨਹੀਂ, ਆਪਣੇ ਆਪ ਨਾਲ ਘੁੱਲਣ 'ਤੇ ਸੀ।

ਅਖ਼ੀਰ ਉਹਨੇ ਆਪਣੇ ਆਪ ਨੂੰ ਕਹਿ ਦਿਤਾ, 'ਜੇ ਕੋਈ ਪਿਰਤ ਹੀ ਨਹੀਂ ਤੇ ਮੈਂ ਕਿਉਂ ਪਾਵਾਂ; ਬਸ ਏਸ ਲਈ ਕਿ ਮੇਰੇ 'ਤੇ ਭੀੜਾ ਬਣੀ ਹੋਈ ਏ। ਇਹ ਤਾਂ ਕੋਈ ਕਾਰਨ ਨਹੀਂ। ਭੀੜਾ ਕਿਸ 'ਤੇ ਨਹੀਂ ਬਣਦੀ?'

ਉਹਨੂੰ ਐਵੇਂ ਹੀ ਹਾਲੀਵੁੱਡ ਦੀ ਇਕ ਫ਼ਿਲਮ ਯਾਦ ਆਉਣ ਲਗੀ। ਪਤਾ ਨਹੀਂ, ਕਦੋਂ ਵੇਖੀ ਸੀ। ਬੜੇ ਸਾਲ ਪਹਿਲੋਂ ਵੇਖੀ ਹੋਣੀ ਏ। ਚੰਗੀ ਲਗੀ ਹੋਣੀ ਏਂ। ਤਾਂ ਹੀ ਤਾ ਉਹ ਅਜੇ ਤਕ ਚੇਤੇ 'ਚ ਵੱਸੀ ਹਈ ਏ। ਕੀ ਨਾਂ ਸੀ ਭਲਾ

ਉਹਦਾ? *ਇਨਡੀਸੈਂਟ ਪ੍ਰਪੋਜ਼ਲ* ਜਾਂ ਲੁੱਚਾ ਸੁਝਾਅ ਜਾਂ ਪੇਸ਼ਕਸ਼। ਓਸ ਫ਼ਿਲਮ 'ਚ ਕੁਝ ਏਸ ਤਰ੍ਹਾਂ ਦੀ ਸਥਿੱਤੀ ਸੀ। ਨਾਇਕਾ ਆਪਣੇ ਪਤੀ ਨਾਲ ਇਕ *ਕਾਸੀਨੋ* 'ਚ ਜਾਂਦੀ ਏ। ਉਹਨਾਂ ਕੋਲ ਜੋ ਕੁਝ ਵੀ ਹੈ ਸੀ, ਉਹਨਾਂ ਦਾਅ ਉਤੇ ਲਾ ਦਿੱਤਾ, ਇਸ ਆਸ ਨਾਲ ਕਿ ਉਹਨਾਂ ਦਾ ਪੈਸਾ ਦੂਣ ਸਵਾਇਆ ਹੋ ਜਾਏਗਾ। ਉਹਨਾਂ ਦੀ ਆਸ ਨਾ ਪੁੱਗੀ ਤੇ ਉਹ ਹਾਰ ਗਏ। ਕੱਖੋਂ ਹੌਲੇ ਹੋ ਗਏ। ਉਹਨਾਂ ਦੀਆਂ ਅੱਖਾਂ ਸਾਹਵੇਂ ਹਨ੍ਹੇਰਾ ਛਾ ਗਿਆ। ਜਿੱਤਿਆ ਹੋਇਆ ਧਨਾਢ ਜਵਾਰੀ ਨਾਇਕਾ 'ਤੇ ਮੋਹਿਤ ਹੋ ਗਿਆ। ਉਹ ਬੜੀ ਹੁਸੀਨ ਸੀ। ਜਵਾਰੀ ਨੇ ਪੇਸ਼ਕਸ਼ ਕੀਤੀ। ਲੁੱਚੀ ਪੇਸ਼ਕਸ਼ ਕਿ ਜੇ ਨਾਇਕਾ ਇਕ ਰਾਤ ਲਈ ਉਹਦੀ ਹੋ ਜਾਏ ਤਾਂ ਉਹ ਜਿੱਤਿਆ ਹੋਇਆ ਸਾਰਾ ਧੰਨ ਉਹਨਾਂ ਨੂੰ ਮੋੜ ਦੇਵੇਗਾ। ਰਕਮ ਬੜੀ ਵੱਡੀ ਸੀ। ਇਕ ਕਰੋੜ ਡਾਲਰ। ਕੋਈ ਸੱਠ ਕਰੋੜ ਰੁਪਏ। ਅਖ਼ੀਰ ਸੌਦਾ ਹੋ ਗਿਆ ਤੇ ਨਾਇਕਾ ਧਨਾਢ ਜੇਤੂ ਜਵਾਰੀ ਨਾਲ ਟੁਰ ਪਈ।

ਫ਼ਿਲਮ ਦੀ ਕਹਾਣੀ ਨੇ ਅੱਗੋਂ ਬੜੇ ਮੋੜ ਖਾਧੇ। ਪਰ ਉਹਨਾਂ ਦਾ ਗੁਰਦਿਆਲ ਦੀ ਹੁਣ ਵਾਲੀ ਸਥਿੱਤੀ ਨਾਲ ਕੋਈ ਜੋੜ ਨਹੀਂ ਸੀ ਜੁੜਦਾ। ਉਹਨੇ ਧਿਆਨ ਓਧਰ ਨਾ ਜਾਣ ਦਿੱਤਾ। ਉਹਨੂੰ ਲੱਗਾ, ਜੋ ਪੇਸ਼ਕਸ਼ ਅੱਜ ਆਂਗਰੇ ਨੇ ਉਹਨੂੰ ਕੀਤੀ ਸੀ, ਉਹ ਵੀ ਓਨੀ ਹੀ ਲੁੱਚੀ ਸੀ, ਜਿੰਨੀ ਉਹ ਪੇਸ਼ਕਸ਼, ਜਿਹੜੀ ਜੇਤੂ ਜਵਾਰੀ ਨੇ ਹਾਰੇ ਹੋਏ ਪਤੀ-ਪਤਨੀ ਨੂੰ ਕੀਤੀ ਸੀ। ਉਹਨਾਂ ਤਾਂ ਇਹ ਪੇਸ਼ਕਸ਼ ਮੰਨ ਲਈ ਸੀ। ਗੁਰਦਿਆਲ ਨੂੰ ਲੱਗਾ, ਉਹਨਾਂ ਲਈ ਸੌਖਾ ਸੀ। ਉਹ ਪੱਛਮੀ ਸਮਾਜ ਦੇ ਸਨ। ਓਥੋਂ ਦੀਆਂ ਕਦਰਾਂ-ਕੀਮਤਾਂ ਹੋਰ ਤਰ੍ਹਾਂ ਦੀਆਂ ਸਨ। ਓਥੇ ਕੋਈ ਫ਼ਰਕ ਨਹੀਂ ਸੀ ਪੈਂਦਾ। ਅਸੀਂ ਤਾਂ ਪੂਰਬੀ ਸਮਾਜ ਦੇ ਹਾਂ। ਸਾਡੇ ਸੰਸਕਾਰ ਹੋਰ ਨੇ। ਅਸੀਂ ਕਿਵੇਂ ਮੰਨ ਸਕਦੇ ਹਾਂ? ਮਦਦ ਕਰ ਰਹੇ ਹੱਥ ਨੂੰ ਦੰਦੀ ਨਹੀਂ ਵੱਢੀ ਜਾ ਸਕਦੀ। ਗੁਰਦਿਆਲ ਨੂੰ ਸੋਚ ਕੇ ਕ੍ਰਹਿਤ ਹੋਈ।

ਏਸ ਫ਼ਿਲਮ ਨੂੰ ਚਿਤਾਰਦਾ ਉਹ, ਦੋ ਟਰੈਫ਼ਿਕ ਸਿਗਨਲ ਪਾਰ ਕਰ, ਉਸ ਚੌਕ ਤੇ ਪਹੁੰਚਿਆ ਹੋਇਆ ਸੀ, ਜਿੱਥੋਂ ਸੱਜੇ ਹੱਥ ਹੁੰਦਿਆਂ ਹੀ ਉਹਨੇ ਘਰ ਪਹੁੰਚ ਜਾਣਾ ਸੀ। ਬਸ ਕੁਝ ਮਿੰਟ ਹੀ ਲੱਗਣੇ ਸਨ। ਓਧਰ ਮੁੜਨ ਵੇਲੇ ਉਹਦੇ ਅੰਦਰ ਧਾਰਿਆ ਜਾ ਚੁੱਕਾ ਸੀ ਕਿ ਉਹਨੇ ਆਂਗਰੇ ਦੀ ਪੇਸ਼ਕਸ਼ ਰੱਦ ਕਰ ਦੇਣੀ ਸੀ। ਘਰ ਜਾ ਕੇ ਦੀਪਾਂ ਨਾਲ ਗੱਲ ਕਰਨੀ ਸੀ ਤੇ ਫੇਰ ਆਂਗਰੇ ਨੂੰ ਫ਼ੋਨ ਕਰ ਦੇਣਾ ਸੀ ਕਿ ਹਾਈ ਕਮਾਨ ਦੇ ਸਲਾਹਕਾਰ ਦੇ ਸਲਾਹਕਾਰ ਨੂੰ ਮਿਲਣ ਦੀ ਲੋੜ ਨਹੀਂ। ਇਹਨਾਂ ਸ਼ਰਤਾਂ 'ਤੇ ਮੈਨੂੰ ਨਾਮਜ਼ਦਗੀ ਨਹੀਂ ਚਾਹੀਦੀ।

#

ਕੋਠੀ ਸੁੰਨ-ਮਸੁੰਨ ਸੀ। ਵਰਾਂਡਾ ਖ਼ਾਲੀ ਸੀ। ਇਕ ਕੁਰਸੀ ਪਰ੍ਹਾਂ ਧਰੀਕੀ ਪਈ ਸੀ। ਦੀਪਾਂ ਨੂੰ ਏਸ ਕੁਰਸੀ 'ਤੇ ਬੈਠਾ ਹੋਣਾ ਚਾਹੀਦਾ ਸੀ। ਜਿੰਨਾ ਚਿਰ



ਉਹ ਆਉਂਦਾ ਨਹੀਂ ਸੀ, ਉਹ ਓਥੇ ਹੀ ਉਡੀਕ ਰਹੀ ਹੁੰਦੀ ਸੀ। ਕੋਈ ਖੜਾਕ ਵੀ ਨਹੀਂ ਸੀ ਹੋ ਰਿਹਾ। ਉਹਦੀ ਕਾਰ ਅੰਦਰ ਵੜੀ ਸੀ। ਉਹ ਵੀ ਨਹੀਂ ਸੀ ਗੌਲੀ ਗਈ। ਗੁਰਦਿਆਲ ਨੂੰ ਅਜੀਬ ਲੱਗਾ।

ਉਹ ਰਸੋਈ 'ਚ ਵੜਿਆ। ਗੈਸ 'ਤੇ ਕੁਝ ਰਿੱਝਣ ਨੂੰ ਰਖਿਆ ਪਿਆ ਸੀ। ਹੇਠਾਂ ਅੱਗ ਨਹੀਂ ਸੀ ਬਲ ਰਹੀ। ਤਾਂਬੀਏ ਦਾ ਢੱਕਣ ਲੱਥਾ ਪਿਆ ਸੀ। ਉਹ ਆਪਣੇ ਕਮਰੇ 'ਚ ਗਿਆ। ਓਥੇ ਵੀ ਕੋਈ ਨਹੀਂ ਸੀ। ਅਲਮਾਰੀ ਖੁੱਲ੍ਹੀ ਪਈ ਸੀ। ਨੀਲੀਆਂ ਬਿੰਦੀਆਂ ਵਾਲੀ ਟਾਈ ਹੇਠ ਡਿੱਗੀ ਪਈ ਸੀ। ਇਕ ਖਾਲੀ ਹੈਂਗਰ ਓਸ ਹੈਂਗਰ ਉਤੇ ਚੜ੍ਹਿਆ ਹੋਇਆ ਸੀ, ਜਿਸ ਉਤੇ ਉਹਦਾ ਕਸ਼ਮੀਰੀ *ਟਵੀਡ* ਦਾ ਕੋਟ ਟੰਙਿਆ ਹੋਇਆ ਸੀ। ਉਹਦੀ ਹੈਰਾਨੀ ਵਧੀ।

ਉਹ ਡਰਾਇੰਗ-ਰੂਮ 'ਚ ਆਇਆ। ਓਥੇ ਵੀ ਕੋਈ ਨਹੀਂ ਸੀ। ਵਿਚਲੇ ਮੇਜ਼ 'ਤੇ ਖੁੱਲ੍ਹਾ ਹੋਇਆ ਅਖ਼ਬਾਰ ਵਿਛਿਆ ਪਿਆ ਸੀ। ਅੱਧਾ ਹੇਠ ਲਟਕਿਆ ਹੋਇਆ। ਉਹ ਫੇਰ ਬਾਹਰਲੇ ਲਾਅਨ 'ਚ ਆਇਆ। ਓਹਲੇ ਵਾਲੀ ਓਸ ਨੁੱਕਰੇ ਗਿਆ, ਜਿੱਥੇ ਗੁੱਟ ਮਤੀਏ ਦਾ ਬੂਟਾ ਸੀ। ਦੀਪਾਂ ਉਹਦੀਆਂ ਕਲੀਆਂ ਚੁਣਦੀ ਓਥੇ ਕਿੰਨਾ-ਕਿੰਨਾ ਚਿਰ ਖਲੋਤੀ ਰਹਿੰਦੀ ਸੀ। ਉਹ ਓਥੇ ਵੀ ਨਹੀਂ ਸੀ। ਉਹ ਪਿਛਲੇ ਵਰਾਂਡੇ 'ਚ ਪਹੁੰਚਿਆ। ਏਧਰ-ਓਧਰ ਝਾਕਿਆ। ਦੀਪਾਂ ਉਹਨੂੰ ਕਿਤੇ ਨਾ ਦਿੱਸੀ। ਉਹਨੂੰ ਹੌਲ ਪਿਆ। ਕੋਈ ਭਾਣਾ ਵਰਤ ਗਿਆ ਸੀ। ਏਧਰ-ਓਧਰ ਨਜ਼ੀਰ ਲਾਉਂਦਿਆਂ ਅਖ਼ੀਰ ਉਹਦਾ ਧਿਆਨ ਉਸ ਦੁਰਾਡੀ ਨੁੱਕਰ ਵਲ ਗਿਆ, ਜਿੱਥੇ ਗਵਾਂਢੀ ਦੱਖਣ-ਭਾਰਤੀਏ ਦੀ ਉੱਚੀ ਕੰਧ ਤੋਂ ਲਟਕੀ ਪੀਲੇ ਫੁੱਲਾਂ ਵਾਲੀ ਵੇਲ ਉਹਨਾਂ ਦੀ ਆਪਣੀ ਜਾਮਣੂ ਫੁੱਲਾਂ ਵਾਲੀ ਵੇਲ ਨਾਲ ਪਲਚੀ ਹੋਈ ਸੀ ਤੇ ਇਕ ਬੂਟੇ ਨੂੰ ਦੋ ਰੰਗਾਂ ਦੇ ਫੁੱਲ ਲੱਗੇ ਹੋਣ ਦਾ ਗੁਮਾਨ ਹੁੰਦਾ ਸੀ। ਦੀਪਾਂ ਓਥੇ ਸੀ। ਏਸ ਅਨਖੇ ਦੋ-ਰੰਗੇ ਵਰਤਾਰੇ ਨੂੰ ਨੀਝ ਰਹੀ ਸੀ। ਗੁਰਦਿਆਲ ਦੀ ਜਾਨ 'ਚ ਜਾਨ ਆਈ।

ਉਹਨੇ ਆਵਾਜ਼ ਦਿੱਤੀ। ਉੱਚੀ। ਦੀਪਾਂ ਨੇ ਸਿਰ ਘੁਮਾ ਕੇ ਵੇਖਿਆ ਤੇ ਮਲਕੜੇ ਟੁਰਦੀ ਉਹਨੂੰ ਬਹੁੜ ਪਈ। ਉਹਦੇ ਹੱਥ 'ਚ ਇਕ ਨੀਲਾ ਤੇ ਇਕ ਪੀਲਾ ਫੁੱਲ ਸੀ।

'ਏਡੀ ਵੱਡੀ ਕੋਠੀ ਸਿਰ ਮਾਰਨੀ ਏ, ਜਿੱਥੇ ਬੰਦੇ ਨੂੰ ਬੰਦਾ ਨਾ ਲੱਭੇ', ਗੁਰਦਿਆਲ ਨੇ ਉਲਾਂਭਾ ਦਿੱਤਾ। 'ਦਸ ਮਿੰਟ ਹੋ ਗਏ ਨੇ ਤੈਨੂੰ ਲੱਭਦਿਆਂ।'

'ਮੈਂ ਅਜੇ ਕੁਝ ਚਿਰ ਪਹਿਲਾਂ ਬਾਹਰਲੇ ਵਰਾਂਡੇ 'ਚ ਹੀ ਬੈਠੀ ਸਾਂ। ਤੁਹਾਨੂੰ ਉਡੀਕਦੀ। ਤੁਸੀਂ ਹੀ ਏਨੀ ਦੇਰ ਕਰ ਦਿੱਤੀ', ਉਹਨੇ ਇੰਜ ਜਵਾਬ ਦਿੱਤਾ, ਜਿਵੇਂ ਕੁਝ ਹੋਇਆ ਹੀ ਨਾ ਹੋਵੇ।

'ਕੀ ਕਰਦਾ? ਬਤਰੇ ਤੋਂ ਸਿੱਧਾ ਆਂਗਰੇ ਵਲ ਜਾਣਾ ਪੈ ਗਿਆ। ਬਤਰਾ ਕਹਿੰਦਾ ਸੀ, ਸਾਡੀ ਸਮੱਸਿਆ ਦਾ ਹੱਲ ਆਂਗਰੇ ਕੋਲ ਏ।'

'ਫੇਰ ਕੀ ਕਿਹੈ ਓਸ ਆਂਗਰੇ ਨੇ। ਇਹ ਨਾਂ ਕੀ ਰਖਿਆ ਹੋਇਆ ਸੂ

ਆਪਣਾ?'

'ਦੀਪਾਂ, ਇਹ ਉਹਦਾ ਨਾਂ ਨਹੀਂ, ਗੋਤ ਏ ਉਹਦੀ', ਗੁਰਦਿਆਲ ਨੇ ਸਮਝਾਇਆ। 'ਮਰਾਠੀ ਗੋਤਾਂ ਏਸ ਤਰ੍ਹਾਂ ਦੀਆਂ ਹੀ ਹੁੰਦੀਆਂ ਨੇ। ਠਾਕਰੇ, ਬਾਰਵੇ, ਅੰਤੁਲੇ, ਸਾਲਵੇ, ਰਾਣੇ, ਮੁੰਡੇ...'

'ਕੀ ਕਿਹਾ ਜੇ, ਮੁੰਡੇ?' ਦੀਪਾ ਜ਼ੋਰ ਦੀ ਹੱਸੀ। 'ਫੇਰ ਤਾਂ ਏਸ ਗੋਤ ਵਾਲੀਆਂ ਕੁੜੀਆਂ ਵੀ ਮੁੰਡੇ ਹੁੰਦੀਆਂ ਹੋਣਗੀਆਂ!'

ਮਾੜਾ ਜਿਹਾ ਹਾਸਾ ਗੁਰਦਿਆਲ ਨੂੰ ਵੀ ਆ ਗਿਆ।

'ਹੱਛਾ, ਇਹ ਦੱਸੋ, ਤੁਹਾਡੇ ਏਸ ਆਂਗਰੇ ਨੇ ਕਿਹਾ ਕੀ ਏ?' ਦੀਪਾਂ ਨੇ ਪੁੱਛਿਆ।

'ਦੱਸਨਾਂ। ਯਾਦ ਈ, ਬਹੁਤ ਪਹਿਲਾਂ ਅਸੀਂ ਇਕ ਵਲਾਇਤੀ ਫ਼ਿਲਮ ਵੇਖੀ ਸੀ, *ਇਨਡੀਸੈਂਟ ਪ੍ਰਪੋਜ਼ਲ...*'

'ਯਾਦ ਏ', ਦੀਪਾਂ ਚਹਿਕੀ, 'ਇਹ ਅਸੀਂ ਕਨਾਟ ਪਲੇਸ *ਰਿਵੋਲੀ* ਸਿਨਮੇ 'ਚ ਵੇਖੀ ਸੀ। ਦੁਪਹਿਰ ਦਾ ਸ਼ੋਅ। ਉਹੀਓ ਹੀ ਏ ਨਾ, ਜਿਸ ਵਿਚ ਜਿੱਤੇ ਹੋਏ ਜਵਾਰੀ ਨੇ ਇਕ ਰਾਤ ਲਈ ਹਾਰੇ ਹੋਏ ਜਵਾਰੀ ਦੀ ਸੁਹਣੀ ਵਹੁਟੀ ਮੰਗ ਲਈ ਸੀ?'

'ਹਾਂ ਉਹੀਓ ਹੀ। ਆਂਗਰੇ ਨੇ ਵੀ ਕੁਝ ਓਸੇ ਤਰ੍ਹਾਂ ਦੀ ਪੇਸ਼ਕਸ਼ ਕੀਤੀ ਏ...'

'ਕੀ ਕਿਹਾ ਜੇ?!' ਦੀਪਾਂ ਦਾ ਤੱਰਾਹ ਨਿਕਲ ਗਿਆ। 'ਬੜਾ ਬੇਸ਼ਰਮ ਏ। ਤੁਸੀਂ ਬੈਠੇ ਸੁਣਦੇ ਰਹੇ ਉਹਦੀ ਬਕਵਾਸ?'

ਗੁਰਦਿਆਲ ਹੱਸ ਪਿਆ।

'ਭੋਲੀਏ, ਪੂਰੀ ਗੱਲ ਤਾਂ ਸੁਣ।'

ਉਹਨੇ ਵਿਸਥਾਰ ਨਾਲ ਦੱਸਿਆ, ਜੋ ਪਹਿਲੋਂ ਬਤਰੇ ਦੇ ਘਰ ਤੇ ਫੇਰ ਆਂਗਰੇ ਦੇ ਘਰ ਹੋਇਆ ਸੀ। ਸੁਣ ਕੇ ਦੀਪਾਂ ਵੀ ਸੋਚੀਂ ਪੈ ਗਈ।

'ਮੈਂ ਸਾਰਾ ਰਾਹ ਇਹੋ ਸੋਚਦਾ ਆਇਆਂ', ਗੁਰਦਿਆਲ ਦੱਸਣ ਲੱਗਾ, 'ਚੌਧਰੀ ਸਾਡਾ ਮਿਹਰਬਾਨ ਏ। ਅਸੀਂ ਉਸ 'ਤੇ ਚਿੱਕੜ ਨਹੀਂ ਸੁੱਟ ਸਕਦੇ।'

'ਗੱਲ ਤਾਂ ਤੁਹਾਡੀ ਠੀਕ ਏ। ਪਰ ਫੇਰ ਕਰੀਏ ਕੀ?'

'ਉਹੀਓ ਜੋ ਤੈਨੂੰ ਪਹਿਲੋਂ ਕਿਹਾ ਸੀ। ਭਾਪਾ ਜੀ ਵਾਲਾ ਘਰ ਵੇਚੀਏ ਤੇ *ਡੀ-ਐਲ-ਐਫ਼* 'ਚ ਪੰਜ ਸੌ ਗਜ਼ ਦੀ ਕੋਠੀ ਪਾਈਏ। ਉਹਦੇ ਅੱਗੇ-ਪਿੱਛੇ ਕੱਚੀ ਥਾਂ ਰੱਖੀਏ। ਉਸ ਵਿਚ ਤੇਰੀ ਮੋਤੀਏ ਦੀ ਵੇਲ ਵੀ ਲੱਗੇ ਤੇ ਮੇਰੇ ਪੈਂਜ਼ੀ ਦੇ ਫੁੱਲ ਵੀ। ਉਹ ਦੋ ਵੇਲਾਂ ਵੀ, ਜਿਨ੍ਹਾਂ 'ਚ ਅੱਜ ਹੁਣੇ ਤੂੰ ਗੁਆਚੀ ਹੋਈ ਸੈਂ।'

'ਕੋਠੀ ਬਣਦਿਆਂ ਨੂੰ ਦੋ-ਢਾਈ ਸਾਲ ਤਾਂ ਲੱਗ ਜਾਣਗੇ?'

'ਏਨਾ ਕੁ ਵਕਤ ਤਾਂ ਲੱਗੇਗਾ ਹੀ।'

'ਓਨਾ ਚਿਰ ਕੀ ਕਰਾਂਗੇ? ਮਤਲਬ, ਰਹਾਂਗੇ ਕਿੱਥੇ?'



'ਏਥੇ ਹੀ। *ਐਕਸਟੈਂਸ਼ਨ* ਲਈ ਜਾਵਾਂਗੇ। ਲਿਖ ਦਿਆਂਗੇ, ਸਾਡਾ ਘਰ ਬਣ ਰਿਹੈ, ਓਨੀ ਮੁਹਲਤ ਦੇ ਦਿਓ।'

'ਜੇ ਉਹਨਾਂ ਨਾ ਦਿੱਤੀ ਤਾਂ?' ਦੀਪਾਂ ਨੇ ਆਵਾਜ਼, ਤਿੱਖੀ ਕਰਦਿਆਂ, ਪੁੱਛਿਆ।

'ਇੰਜ ਵੀ ਹੋ ਸਕਦੈ।' ਗੁਰਦਿਆਲ ਨੇ ਮੰਨ ਲਿਆ।

'ਤਾਂ ਫੇਰ ਮੇਰੀ ਗੱਲ ਸੁਣੋ। ਹਾਲ ਦੀ ਘੜੀ ਕੋਈ ਫ਼ੈਸਲਾ ਨਾ ਕਰੋ। ਠੰਢੇ ਦਿਮਾਗ਼ ਨਾਲ ਸੋਚੋ।'

ਦੀਪਾਂ ਨੇ ਏਸ ਤਰ੍ਹਾਂ ਕਿਹਾ, ਜਿਵੇਂ ਉਹ ਅਜੇ, ਏਸ ਵੇਲੇ, ਇਸ ਵਿਸ਼ੇ 'ਤੇ ਹੋਰ ਕੁਝ ਕਹਿਣ-ਸੁਣਨ ਦੀ ਲੋੜ ਨਾ ਸਮਝਦੀ ਹੋਵੇ। ਉਹਨੇ ਨਵੀਂ ਗੱਲ ਛੋਹ ਲਈ,

'ਇਹ ਦੱਸੋ ਕਿ ਆਂਗਰੇ ਦੇ ਕੁੱਤੇ ਕਿਹੋ ਜਿਹੇ ਸਨ?'

ਗੁਰਦਿਆਲ ਨੇ ਪੂਰਾ ਵੇਰਵਾ ਦੇ ਦਿੱਤਾ।

'ਹੱਛਾ, ਪੂਰੀ ਫ਼ੌਜ ਦੀ ਫ਼ੌਜ ਰੱਖੀ ਹੋਈ ਸੂ!' ਦੀਪਾਂ ਨੇ ਸੁਆਦ ਲਿਆ।

'ਪਿੱਛੇ ਪੂਨੇ ਕੁੱਤਿਆਂ ਦਾ ਫ਼ਾਰਮ ਵੀ ਸੂ। ਜਿਵੇਂ ਲੋਕ ਘੋੜੇ ਪਾਲਦੇ ਨੇ, ਆਂਗਰੇ ਕੁੱਤੇ ਪਾਲਦੈ। ਉਹ ਨਹੀਂ, ਉਹਦੀ ਬੀਵੀ।'

'ਉਹਨਾਂ ਤੋਂ ਅਸੀਂ ਵੀ ਕੋਈ ਕੁੱਤਾ ਨਾ ਲੈ ਲਈਏ?'

'ਮੰਗੀਏ ਤਾਂ ਦੇ ਦੇਣਗੇ। ਪਰ ਪਹਿਲੋਂ ਘਰ ਬਣ ਲਵੇ...'

'ਕੁੱਤਾ ਮੈਨੂੰ ਉਹ ਚਾਹੀਦੈ, ਜਿਹੜਾ ਬਹੁਤ ਵੱਡਾ ਨਾ ਹੋਵੇ। ਕਾਲੇ ਰੰਗ ਵਾਲਾ ਨਾ ਹੋਵੇ। ਜੱਤ ਬਹੁਤੀ ਨਾ ਹੋਵੇ।' ਦੀਪਾਂ ਨੇ ਆਪਣੀ ਪਸੰਦ ਦੇ ਕੁੱਤੇ ਦੀਆਂ ਸਾਰੀਆਂ ਖ਼ਾਸੀਅਤਾਂ ਗਿਣਵਾ ਦਿੱਤੀਆਂ।

'ਜੇ ਦੇਵੇਗਾ ਤਾਂ ਇਹੋ ਜਿਹਾ ਹੀ ਲਵਾਂਗੇ। ਪਰ ਪਹਿਲੋਂ ਉਹਨੂੰ ਅਸੀਂ ਉਹ ਕੁੱਤਾ ਤਾਂ ਦਈਏ, ਜਿਹੜਾ ਉਹਨੇ ਮੰਗਿਐ।'

ਗੁਰਦਿਆਲ ਅੰਦਰੋਂ ਆਂਗਰੇ ਦੀ ਪੇਸ਼ਕਸ਼ ਭੁੜਕ ਪਈ।

'ਦਿਓ ਨਾ ਫੇਰ!' ਦੀਪਾਂ ਨੇ ਕੁਝ ਚਿਰ ਪਹਿਲਾਂ ਲਾਇਆ ਡੱਕਾ ਲਾਹ ਦਿੱਤਾ। 'ਅਸੀਂ ਦੇ ਵੀ ਸਕਦੇ ਹਾਂ।'

'ਕਿਵੇਂ?' ਗੁਰਦਿਆਲ ਨੂੰ ਹੈਰਾਨੀ ਹੋਈ। ਦੀਪਾਂ ਦੀ ਰੌਂ ਚਾਣਚੱਕ ਹੀ ਬਦਲ ਗਈ ਸੀ।

'ਬੜਾ ਸੌਖੈ। ਸੁਣੋ...', ਦੀਪਾਂ ਦੋ-ਟੁਕ ਲਹਿਜੇ 'ਚ ਦੱਸਣ ਲੱਗੀ,

'ਇਹ ਹੀ ਕਹਿੰਦੇ ਨੇ ਕਿ ਬਿਆਨ ਦੇ ਦੇਵੋ ਕਿ ਚੌਧਰੀ ਭ੍ਰਿਸ਼ਟਾਚਾਰੀ ਏ?'

'ਹਾਂ।'

'ਹੱਛਾ ਦੱਸੋ, ਜੇ ਤੁਸੀਂ ਉਹਨੂੰ ਭ੍ਰਿਸ਼ਟਾਚਾਰੀ ਕਹਿ ਦਿਓਗੇ ਤਾਂ ਕੀ ਤੁਸੀਂ ਝੂਠ ਬੋਲੋਗੇ?'

'ਨਹੀਂ, ਭ੍ਰਿਸ਼ਟਾਚਾਰੀ ਤਾਂ ਹੈ ਵੇ। ਘਰ ਭਰੇ ਹਏ ਨੇ ਉਹਨੇ। ਅਜੇ ਕਿਹੜਾ ਰੱਜਿਐ।'

'ਤੁਸੀਂ ਆਪ ਉਹਨੂੰ ਰਿਸ਼ਵਤ ਲੈਂਦਿਆਂ ਕਦੀ ਵੇਖਿਐ?'

ਦੀਪਾਂ ਸਵਾਲ 'ਤੇ ਸਵਾਲ ਕਰਦੀ ਗਈ।

'ਨਹੀਂ, ਮੇਰੇ ਸਾਹਮਣੇ ਕਦੀ ਕੁਝ ਨਹੀਂ ਹੋਇਆ।'

'ਤੁਹਾਨੂੰ ਪਤੈ, ਰਿਸ਼ਵਤ ਦਾ ਪੈਸਾ ਉਹਨੇ ਕਿੱਥੇ ਰਖਿਆ ਹਇਐ?'

'ਨਹੀਂ।'

ਗੁਰਦਿਆਲ ਨੂੰ ਸਮਝ ਨਹੀਂ ਸੀ ਪੈ ਰਹੀ, ਉਹਦੀ ਦੀਪਾ ਉਹਨੂੰ ਕਿੱਧਰ ਲਿਜਾ ਰਹੀ ਸੀ।

'ਫੇਰ ਤੁਹਾਨੂੰ ਪਤਾ ਕੀ ਏ! ਇਹੀਉ ਹੀ ਨਾ ਕਿ ਚੌਧਰੀ ਰਿਸ਼ਵਤਖੋਰ ਏ। ਇਹ ਤਾਂ ਸਾਰੀ ਦੁਨੀਆਂ ਨੂੰ ਪਤੈ।'

'ਇਹ ਤਾਂ ਅਖ਼ਬਾਰਾਂ 'ਚ ਵੀ ਆਉਂਦਾ ਰਹਿੰਦੈ', ਗੁਰਦਿਆਲ ਨੇ ਮੰਨ ਲਿਆ। 'ਕਿਸੇ ਬੰਦੇ ਨੇ ਕਚਹਿਰੀ 'ਚ ਅਰਜ਼ੀ ਵੀ ਪਾਈ ਹੋਈ ਏ।'

'ਫੇਰ ਜੇ ਤੁਸੀਂ ਇਹ ਕਹਿ ਦਿਓਗੇ ਕਿ ਚੌਧਰੀ ਰਿਸ਼ਵਤ ਲੈਂਦੈ ਤਾਂ ਕਿਹੜੀ ਆਖ਼ਰ ਆ ਜਾਏਗੀ। ਬੀ ਜੀ ਕਿਹਾ ਕਰਦੇ ਸਨ ਦਿਨ ਨੂੰ ਦਿਨ ਕਹਿਣ ਨਾਲ ਕਿਸੇ ਦਾ ਕੁਝ ਜਾਂਦਾ ਨਹੀਂ।'

ਦੀਪਾਂ ਨੇ ਹੁਣ ਆਪਣੀ ਸੁਰਗਵਾਸੀ ਮਾਂ ਦੀ ਮੁਹਰ ਵੀ ਲਾ ਦਿੱਤੀ ਸੀ। ਉਹਦੇ ਵਲੋਂ ਹੁਣ ਪੱਕ ਸੀ।

'ਨਹੀਂ ਦੀਪਾਂ, ਗੱਲ ਏਸ ਤਰ੍ਹਾਂ ਨਹੀਂ,' ਗੁਰਦਿਆਲ ਕਾਇਲ ਨਾ ਹੋਇਆ, 'ਜਦੋਂ ਅਸੀਂ ਇਹ ਕਹਾਂਗੇ, ਇਹ ਹੋਰ ਤਰ੍ਹਾਂ ਸਮਝਿਆ ਜਾਏਗਾ। ਸਾਡੇ ਮੂੰਹੋਂ ਨਿਕਲੀ ਗੱਲ ਸਬੂਤ ਸਮਝੀ ਜਾਏਗੀ। ਅਸੀਂ ਚੌਧਰੀ ਦੇ ਨਿਕਟਵਰਤੀ ਹਾਂ।'

ਦੀਪਾਂ ਚੌਂਕ ਪਈ। ਪੁੱਛਣ ਲੱਗੀ,

'ਕੀ ਕਿਹਾ ਜੇ? ਮੈਨੂੰ ਸਮਝਾਉ, ਅਸੀਂ ਚੌਧਰੀ ਦੇ ਨਿਕਟਵਰਤੀ ਕਿਵੇਂ ਹੋਏ?'

'ਜਿਹੜੀ ਪਦਵੀ ਤੋਂ ਹੁਣੇ ਲੱਥੇ ਹਾਂ, ਉਹਨੇ ਹੀ ਦਵਾਈ ਸੀ।'

'ਛੱਡੋ ਜੀ!' ਦੀਪਾਂ 'ਤੇ ਕੋਈ ਅਸਰ ਨਾ ਹੋਇਆ। 'ਇਹ ਪਦਵੀ ਉਹਨੇ ਪੱਲਿਉਂ ਥੋੜ੍ਹੀ ਦਿੱਤੀ ਸੀ। ਪਦਵੀ ਸਰਕਾਰੀ ਸੀ। ਉਹਨੇ ਚੁੱਕ ਕੇ ਤੁਹਾਨੂੰ ਫੜਾ ਦਿੱਤੀ। ਕਈ ਹੋਰਨਾਂ ਨੂੰ ਵੀ ਫੜਾਈ। ਚੌਧਰੀ ਦਾ ਕੀ ਗਿਆ? ਇਹਨਾਂ ਪਦਵੀਆਂ 'ਤੇ ਉਹਨੇ ਆਪ ਤਾਂ ਲੱਗਣਾ ਨਹੀਂ ਸੀ।'

ਦੀਪਾਂ ਨੇ ਪਤੀ ਨੂੰ ਝੁਠਲਾਉਣ ਦੀ ਧਾਰ ਲਈ ਲੱਗਦੀ ਸੀ। ਗੁਰਦਿਆਲ ਨੂੰ ਸਮਝਣ 'ਚ ਸੁਖੱਲ ਹੋ ਰਹੀ ਸੀ। ਜਿਹੜੀਆਂ ਗੰਢਾਂ ਉਹਦੇ ਅੰਦਰ ਪੀਚੀਆਂ ਪਈਆਂ ਸਨ, ਉਹ ਅਛੋਪਲੇ ਹੀ ਖੁੱਲ੍ਹਦੀਆਂ ਜਾ ਰਹੀਆਂ ਸਨ।



'ਮੇਰੀ ਗੱਲ ਸੁਣੋ', ਦੀਪਾਂ ਬੋਲੀ, 'ਅਸੀਂ ਤਾਂ ਸਮਝਦੇ ਹਾਂ ਕਿ ਅਸੀਂ ਚੌਧਰੀ ਦੇ ਨਿਕਟਵਰਤੀ ਹਾਂ। ਪਰ ਚੌਧਰੀ ਸਾਨੂੰ ਆਪਣਾ ਨਿਕਟਵਰਤੀ ਨਹੀਂ ਸਮਝਦਾ।'

ਦੀਪਾਂ ਨੇ ਤੱਤ ਕੱਢ ਕੇ ਸਾਹਮਣੇ ਰਖ ਦਿੱਤਾ। ਗੁਰਦਿਆਲ ਨੂੰ ਵੀ ਸਮਝ ਪੈ ਗਈ ਕਿ ਇਹ ਨਿਕਟਵਰਤੀ ਹੋਣ ਵਾਲਾ ਮਾਮਲਾ ਇਕ-ਤਰਫ਼ਾ ਏ। ਮੈਂ ਆਪਣੇ ਆਪ ਨੂੰ ਚੌਧਰੀ ਦਾ ਨਿਕਟਵਰਤੀ ਸਮਝਦਾ ਹਾਂ, ਪਰ ਚੌਧਰੀ ਮੈਨੂੰ ਆਪਣਾ ਨਿਕਟਵਰਤੀ ਨਹੀਂ ਸਮਝਦਾ। ਜੇ ਮੈਨੂੰ ਸਮਝਦਾ ਹੁੰਦਾ ਤਾਂ ਰਾਜ ਸਭਾ ਦੀ ਸੀਟ ਮੈਨੂੰ ਦੇਂਦਾ, ਕਿਸੇ ਹੋਰ ਨੂੰ ਨਾ। ਜਦੋਂ ਮੈਂ ਉਹਨੂੰ ਕੁਝ ਦਿਨ ਪਹਿਲੋਂ ਮਿਲਿਆ ਸਾਂ, ਬੜਾ ਰੁੱਖਾ ਬੋਲਿਆ ਸੀ। ਸੱਚੀ ਗੱਲ ਤਾਂ ਇਹ ਏ ਕਿ ਜੇ ਮੈਨੂੰ ਜਗਨ ਨਾਥ ਅੰਦਰ ਨਾ ਵਾੜ ਦੇਂਦਾ, ਉਹਨੇ ਮੈਨੂੰ ਮਿਲਣ ਤੋਂ ਇਨਕਾਰ ਕਰ ਦੇਣਾ ਸੀ।

ਉਹਨੇ ਦੀਪਾਂ ਦੀ ਪ੍ਰੋੜ੍ਹਤਾ ਕਰ ਦਿੱਤੀ,

'ਤੂੰ ਠੀਕ ਕਹਿਣੀ ਏਂ। ਅਸੀਂ ਚੌਧਰੀ ਨੂੰ ਨਿਕਟਵਰਤੀ ਸਮਝਦੇ ਹਾਂ, ਪਰ ਚੌਧਰੀ ਸਾਨੂੰ ਨਿਕਟਵਰਤੀ ਨਹੀਂ ਸਮਝਦਾ। ਅਸੀਂ ਰਿਸ਼ਤੇਦਾਰ ਨਹੀਂ ਉਹਦੇ ਕੋਈ। ਉਹਦੀ ਪਾਰਟੀ ਦੇ ਅਹੁਦੇਦਾਰ ਵੀ ਨਹੀਂ। ਸਾਡੇ ਨਾਲ ਰਲ ਕੇ ਉਹਨੇ ਕਦੀ ਪੈਸਾ ਨਹੀਂ ਖਾਧਾ। ਸਾਡੇ ਨਾਲੋਂ ਤਾਂ ਜਗਨ ਨਾਥ ਉਹਦੇ ਜ਼ਿਆਦਾ ਨੇੜੇ ਏ।'

ਦੀਪਾਂ ਮੁਸਕਰਾ ਪਈ।

'ਜੇ ਇਹ ਸੋਚਦੇ ਹੋ, ਤਾਂ ਬਿਆਨ ਵੀ ਦੇ ਦੇਣਾ। ਤੁਹਾਡਾ ਕੀ ਜਾਂਦੈ। ਜੇ ਏਨੇ ਨਾਲ ਸਾਡਾ ਸੰਕਟ ਟਲ ਜਾਵੇ ਤਾਂ ਅਸੀਂ ਕਿਉਂ ਸੰਕੋਚ ਕਰੀਏ।'

ਗੁਰਦਿਆਲ ਨੂੰ ਸਭ ਕੁਝ ਸੌਖਾ ਲੱਗਣ ਲਗ ਪਿਆ। ਪਰ ਝਿਜਕ ਅਜੇ ਪੂਰੀ ਨਹੀਂ ਸੀ ਗਈ। ਉਸ ਕਿਹਾ,

'ਦੀਪਾਂ, ਫੇਰ ਵੀ ਇਹ ਬਿਆਨ ਦੇਣਾ ਮੈਨੂੰ ਠੀਕ ਨਹੀਂ ਲੱਗਦਾ। ਮਾੜਾ ਸਮਝਿਆ ਜਾਏਗਾ। ਸਾਡੇ 'ਤੇ ਕੋਈ ਭਰੋਸਾ ਨਹੀਂ ਕਰੇਗਾ।'

'ਚਲੋ, ਜੇ ਇਹ ਸੋਚਦੇ ਹੋ ਤਾਂ ਇੰਜ ਕਰੋ। ਆਰਾਮ ਨਾਲ ਬੈਠ ਜਾਓ। ਆਪ ਆਂਗਰੇ ਨੂੰ ਫ਼ੋਨ ਨਾ ਕਰੋ। ਪਰ ਜੇ ਉਹਦਾ ਫ਼ੋਨ ਆ ਜਾਏ ਤਾਂ ਉਹ ਕਹੇ ਕਿ ਜੇ ਸੰਕਟ ਟਾਲਣਾ ਜੇ ਤਾਂ ਬਿਆਨ ਦੇ ਦਿਓ, ਤਾਂ ਦੇ ਦੇਣਾ। ਫੇਰ ਨਾ ਝਿਜਕਣਾ।'

ਦੀਪਾਂ ਨੇ ਵਿਚਲਾ ਰਸਤਾ ਸੁਝਾਇਆ। ਗੁਰਦਿਆਲ ਮੰਨ ਗਿਆ। ਉਹਨੇ ਪੁੱਛਿਆ,

'ਇਕ ਸਲਾਹ ਹੋਰ ਦੇ ਦੇ। ਭਾਪਾ ਜੀ ਵਾਲੇ ਘਰ ਲਈ ਅਜੇ ਪ੍ਰਾਪਰਟੀ-ਡੀਲਰ ਨੂੰ ਫੋਨ ਕਰਾਂ ਕਿ ਨਾ।'

'ਕਰੋ ਬੇਸ਼ੱਕ। ਇਹ ਲੰਮਾ ਕੰਮ ਏ। ਦੋ-ਚਾਰ ਦਿਨਾਂ 'ਚ ਤਾਂ ਹੋ ਨਹੀਂ

ਜਾਣਾ। ਪਰ ਮੇਰਾ ਖ਼ਿਆਲ ਏ ਕਿ ਉਹਨੂੰ ਵਿਕਣੇ ਪਾਣ ਤੋਂ ਪਹਿਲਾਂ ਸਾਨੂੰ ਬੱਚਿਆਂ ਨਾਲ ਗੱਲ ਕਰਨੀ ਚਾਹੀਦੀ ਏ।'

'ਗੱਲ ਕੀਤੀ ਤਾਂ ਸਭ ਕੁਝ ਦੱਸਣਾ ਪਏਗਾ।'

'ਦੱਸ ਦੇਣੇ ਹਾਂ। ਅਖ਼ੀਰ ਉਹਨਾਂ ਨੂੰ ਪਤਾ ਲੱਗਣਾ ਹੀ ਏ।'

'ਚਲ, ਸ਼ਾਮੀਂ ਗੱਲ ਛੇੜਨੇ ਹਾਂ। ਪਰ ਅਜੇ ਆਂਗਰੇ ਦੀ ਪੇਸ਼ਕਸ਼ ਵਾਲੀ ਗੱਲ ਨਹੀਂ ਕਰਨੀ।'

'ਨਹੀਂ ਕਰਦੇ।' ਦੀਪਾਂ ਸਹਿਮਤ ਸੀ। ਆਂਗਰੇ ਵਾਲੀ ਗੱਲ ਤਾਂ ਤੁਸੀਂ ਕਿਸੇ ਨਾਲ ਕਰਨੀ ਵੀ ਨਹੀਂ। ਉਹਦੇ ਨਾਲ ਵਾਇਦਾ ਕਰ ਕੇ ਆਏ ਹੋ।'

'ਹਾਂ, ਉਹਦਾ ਤਾਂ ਭੇਤ ਰੱਖਣੈ", ਗੁਰਦਿਆਲ ਨੂੰ ਯਾਦ ਆ ਗਿਆ।

# ਸੌਦਾ

ਗੁਰਦਿਆਲ ਨੇ ਦੜ ਵੱਟੀ ਰੱਖੀ। ਨਾ ਪ੍ਰਾਪਰਟੀ-ਡੀਲਰ ਨੂੰ ਫ਼ੋਨ ਕੀਤਾ, ਨਾ ਆਂਗਰੇ ਨੂੰ। ਆਪ ਆਂਗਰੇ ਵੀ ਚੁੱਪ ਰਿਹਾ। ਬੜੇ ਦਿਨ ਲੰਘ ਗਏ। ਚੰਗਾ ਹੀ ਹੋਇਆ। ਬਲਾ ਟਲੀ। ਗੁਰਦਿਆਲ ਸੋਚਦਾ, ਭੁੱਲ ਗਿਆ ਹੋਣੈਂ। ਕੰਮਾਂ ਵਾਲਾ ਬੰਦੈ। ਥਾਂ-ਥਾਂ ਟੰਙਾਂ ਫਸਾਈਆਂ ਹੋਈਆਂ ਨੇ ਉਹਨੇ। ਚੰਗੈ, ਭੁੱਲਿਆ ਹੀ ਰਹੇ। ਮਾੜਾ ਕੰਮ ਕਰਨੋਂ ਬਚੇ। ਆਪਣੇ ਮਿਹਰਬਾਨਾਂ 'ਤੇ ਚਿੱਕੜ ਸੁੱਟਣ ਨਾਲ ਆਪਣੇ ਵੀ ਤਾਂ ਹੱਥ-ਪੈਰ ਲਿਬੜਦੇ ਸਨ।

ਕਦੀ-ਕਦੀ, ਜਦੋਂ ਪਤੀ-ਪਤਨੀ ਰਲ ਬੈਠੇ ਹੁੰਦੇ, ਗੁਰਦਿਆਲ ਦੀਪਾਂ ਨੂੰ ਕਹਿੰਦਾ,

'ਆਂਗਰੇ ਭੁੱਲ ਗਿਐ।'

ਦੀਪਾਂ ਦਾ ਜਵਾਬ ਹੁੰਦਾ,

'ਭੁੱਲਾ ਰਹਿਣ ਦਿਓ ਸੂ। ਤੁਸੀਂ ਆਪ ਫ਼ੋਨ ਨਹੀਂ ਕਰਨਾ। ਲੋੜ ਹੋਏਗੀ ਤਾਂ ਕਰੇਗਾ। ਲੋੜ ਵੇਲੇ ਸੱਤ ਪਤਾਲਾਂ 'ਚੋਂ ਨਿਕਲ ਆਏਗਾ।'

ਇਕ ਦਿਨ ਜਦੋਂ ਫੇਰ ਗੱਲ ਹੋਈ, ਦੀਪਾਂ ਦੀ ਸੁਰ ਬਦਲੀ ਹੋਈ ਸੀ। ਗੁਰਦਿਆਲ ਨੇ ਪੁੱਛਿਆ ਸੀ,

'ਦੀਪਾਂ, ਹੋਰ ਕਿੰਨਾ ਚਿਰ ਉਡੀਕੀਏ ਆਂਗਰੇ ਨੂੰ?'

ਸਵਾਲ ਸੁਣ ਦੀਪਾਂ ਸੋਚਣ ਲੱਗ ਪਈ ਸੀ। ਕੁਝ ਸੋਚ ਉਹਨੇ ਅੱਗੋਂ ਸਵਾਲ ਕੀਤਾ,

'ਅੱਜ ਕਿੰਨੀ ਤਰੀਕ ਏ?'

'ਪੰਜ।'

'ਚਲੋ, ਪੰਦਰਾਂ ਤਕ ਉਡੀਕ ਲਵੋ। ਜੇ ਓਦੋਂ ਤਕ ਵੀ ਚੁੱਪ ਰਹੇ ਤਾਂ ਤੁਸੀਂ ਆਪ ਫ਼ੋਨ ਕਰ ਲੈਣਾ। ਆਂਗਰੇ ਨੂੰ ਨਹੀਂ, ਪ੍ਰਾਪਰਟੀ-ਡੀਲਰ ਨੂੰ, ਜਿਨ੍ਹੇ ਭਾਪਾ ਜੀ ਵਾਲਾ ਘਰ ਵਿਕਵਾਣੈਂ।'

ਕੁਝ ਹੰਨੇ-ਬੰਨੇ ਹੋ ਰਿਹਾ ਸੀ। ਗੁਰਦਿਆਲ ਨੂੰ ਸਲਾਹ ਜਚ ਗਈ। ਉਹ ਨਿਸਚਿੰਤ ਹੋ ਗਿਆ।

ਦਸ ਤਰੀਕ ਗੁਰਦਿਆਲ ਨੂੰ ਆਪਣੀ ਕਿਸੇ ਪੁਰਾਣੀ ਚਿੱਠੀ ਦੀ ਤਲਬ ਹੋਈ। ਉਹ ਆਪਣੀ ਅਲਮਾਰੀ ਦਾ ਦਰਾਜ਼ ਫੋਲਣ ਲੱਗਾ। ਚਿੱਠੀ ਤਾਂ ਹੱਥ ਨਾ ਲੱਗੀ, *ਐਕਸਟੈਂਸ਼ਨ* ਵਾਲਾ ਉਹ ਖ਼ਤ ਜ਼ਰੂਰ ਲੱਭ ਪਿਆ, ਜਿਹੜਾ ਐਸਟੇਟ ਆਫ਼ਿਸ ਵਲੋਂ ਆਇਆ ਹੋਇਆ ਸੀ। ਉਹ ਅਚੇਤੇ ਹੀ ਉਹਨੂੰ

ਪੜ੍ਹਨ ਲੱਗ ਪਿਆ।

ਖ਼ਤ ਲੰਮਾ ਨਹੀਂ ਸੀ। ਪਹਿਲੋਂ ਉਹ ਕਈ ਵਾਰੀ ਪੜ੍ਹ ਚੁੱਕਾ ਹੋਇਆ ਸੀ। ਉਹਨੇ ਤਿੰਨ ਵਾਰੀ ਫੇਰ ਪੜ੍ਹਿਆ। ਕਈ ਤਰ੍ਹਾਂ ਦੇ ਹਵਾਲੇ ਸਨ ਉਹਦੇ ਵਿਚ। ਪਹਿਲੋਂ ਓਸ ਤਰੀਕ ਦਾ ਹਵਾਲਾ ਸੀ, ਜਦੋਂ ਕੋਠੀ ਗੁਰਦਿਆਲ ਨੂੰ ਅਲਾਟ ਹਈ ਸੀ। ਫੇਰ ਓਸ ਤਰੀਕ ਦਾ ਹਵਾਲਾ ਸੀ, ਜਦੋਂ ਗੁਰਦਿਆਲ ਦੇ ਅਹੁਦੇ ਦੀ ਮਿਆਦ ਮੁੱਕੀ ਸੀ। ਫੇਰ ਓਸ ਤਰੀਕ ਦਾ ਸੀ, ਜਦੋਂ ਅਹੁਦੇ ਦੀ ਮਿਆਦ ਮੁੱਕਣ ਤੋਂ ਬਾਅਦ ਵਾਲੇ *ਗ੍ਰੇਸ* ਦੇ ਤਿੰਨ ਮਹੀਨੇ ਮੁੱਕੇ ਸਨ। ਫੇਰ ਕੋਠੀ ਖ਼ਾਲੀ ਕੀਤੇ ਜਾਣ ਦੇ ਨੋਟਿਸ ਤੇ ਓਸ ਨੋਟਿਸ ਦੀ ਮਿਆਦ ਮੁੱਕਣ ਦੀਆਂ ਤਰੀਕਾਂ ਦੇ ਹਵਾਲੇ ਸਨ। ਫੇਰ ਗੁਰਦਿਆਲ ਦੀ *ਐਕਸਟੈਂਸ਼ਨ* ਲਈ ਦਿੱਤੀ ਕਿਸੇ ਬੇ-ਤਰੀਕ ਆਰਜ਼ੀ ਦਾ ਹਵਾਲਾ ਸੀ। ਅਖ਼ੀਰ, *ਐਕਸਟੈਂਸ਼ਨ* ਦਿੱਤੇ ਜਾਣ ਦੀ ਤਰੀਕ ਤੇ ਉਹਦੇ ਮੁੱਕਣ ਦੀ ਤਰੀਕ ਦੇ ਹਵਾਲੇ ਸਨ। ਉਸ ਪਿੱਛੋਂ ਕਿਸੇ ਕਾਨੂੰਨ ਦੀਆਂ ਤਿੰਨ ਦਫ਼ਾਵਾਂ ਦਾ ਹਵਾਲਾ ਸੀ। ਹਵਾਲਿਆਂ ਦਾ ਜਾਲ ਵਿਛਿਆ ਹੋਇਆ ਸੀ। ਗੁਰਦਿਆਲ ਬੌਂਦਲ ਗਿਆ। ਸਹਿਮ ਗਿਆ। ਉਹਨੂੰ ਲੱਗਾ, ਉਤਾਂਹ, ਐਨ ਉਹਦੇ ਸਿਰ ਉਪਰ, ਕੋਈ ਤਲਵਾਰ ਲਟਕ ਰਹੀ ਸੀ। ਜਿਸ ਰੱਸੀ ਨਾਲ ਉਹ ਬੱਝੀ ਹੋਈ ਸੀ, ਉਹ ਘਸੱਡੀ ਪਈ ਸੀ। ਕਿਸੇ ਵੇਲੇ ਵੀ ਟੁੱਟ ਸਕਦੀ ਸੀ। ਉਹਦਾ ਜੀਅ ਕੀਤਾ, ਕੋਈ ਆਏ ਤੇ ਤਲਵਾਰ ਨੂੰ ਲਾਹ ਲਿਜਾਏ। ਜਾਂ ਉਹਨੂੰ ਆਪ ਨੂੰ ਧੱਕ ਕੇ ਪਰ੍ਹਾਂ ਕਰਦਾ ਜਾਵੇ। ਜਦੋਂ ਤਲਵਾਰ ਡਿੱਗੇ, ਉਹਦੇ ਸਿਰ 'ਤੇ ਨਾ ਪਵੇ। ਇਹ ਤਾਂ ਆਂਗਰੇ ਹੀ ਕਰ ਸਕਦਾ ਸੀ। ਆਪ, ਜਾਂ ਉਹਦਾ ਫ਼ੋਨ। ਗੁਰਦਿਆਲ ਉਹਨੂੰ ਆਪ ਫ਼ੋਨ ਨਹੀਂ ਸੀ ਕਰ ਸਕਦਾ। ਅਜੇ ਪੰਦਰ੍ਹਾਂ ਤਰੀਕ ਨੂੰ ਪੰਜ ਦਿਨ ਰਹਿੰਦੇ ਸਨ। ਦੀਪਾਂ ਨੇ ਬੰਦਿਸ਼ ਲਾਈ ਹੋਈ ਸੀ। ਉਹਨੂੰ ਕਲਵਲ ਹੋਈ। ਆਪ-ਮੁਹਾਰੇ ਹੀ ਉਹਦੇ ਤੋਂ ਅਮੂਕ ਜਿਹੀ ਅਰਦਾਸ ਹੋ ਗਈ,

'ਰੱਬ ਜੀ, ਉਹਨੂੰ ਕਹੋ, ਫ਼ੋਨ ਕਰੇ।'

ਗੁਰਦਿਆਲ ਨੇ ਅਰਦਾਸ 'ਚ ਕਿਸੇ ਦਾ ਨਾਂ ਨਹੀਂ ਸੀ ਲਿਆ ਤੇ ਨਾ ਹੀ ਕਿਸੇ ਦਾ ਸਿਰਨਾਵਾਂ ਦਿੱਤਾ ਸੀ। ਰੱਬ ਨੂੰ ਉਹਦੀ ਲੋੜ ਹੀ ਨਹੀਂ ਸੀ। ਉਹਦੇ ਕੋਲ ਤਾਂ ਹਰ ਥਾਂ ਦੀਆਂ ਡਾਇਰੈਕਟਰੀਆਂ ਸਨ, ਜਿਹੜੀਆਂ, ਮੌਕੇ ਅਨੁਸਾਰ, ਆਪੇ ਹੀ ਠੀਕ ਥਾਂ ਤੋਂ ਖੁੱਲ੍ਹ ਜਾਂਦੀਆਂ ਸਨ। ਰੱਬ ਨੇ ਠੀਕ ਥਾਂ, ਠੀਕ ਬੰਦੇ ਦੇ ਕੰਨ 'ਚ ਫੂਕ ਮਾਰੀ। ਗੁਰਦਿਆਲ ਦਾ ਫ਼ੋਨ ਵੱਜ ਪਿਆ।

ਗੁਰਦਿਆਲ ਤ੍ਰੱਭਕ ਪਿਆ। ਉਹਨੇ ਫ਼ੋਨ ਚੁੱਕਣ ਦੀ ਕੀਤੀ। ਫ਼ੋਨ ਆਂਗਰੇ ਦਾ ਨਹੀਂ ਸੀ। ਪਤਾ ਨਹੀਂ, ਕਿਸਦਾ ਸੀ। ਜਿਹਦਾ ਵੀ ਸੀ, ਉਹ ਗੁਰਦਿਆਲ ਦੇ ਮੁੰਡੇ ਦਾ ਮੋਬਾਇਲ ਨੰਬਰ ਮੰਗ ਰਿਹਾ ਸੀ। ਉਹਦੇ ਨਾਲ ਉਹ ਕੋਈ ਗੱਲ ਕਰਨਾ ਚਾਹੁੰਦਾ ਸੀ। ਗੁਰਦਿਆਲ ਨੇ ਉਹਨੂੰ ਨੰਬਰ ਦੇ ਦਿੱਤਾ। ਫੇਰ ਉਹੀਓ ਚਿੱਠੀ ਲੱਭਣ ਲੱਗਾ, ਜਿਨ੍ਹੇ *ਐਕਸਟੈਂਸ਼ਨ* ਵਾਲਾ ਖ਼ਤ ਲਭਾਇਆ ਸੀ।



ਉਹਨੇ ਦਰਾਜ਼ ਆਪਣੇ ਵਲ ਖਿੱਚਿਆ। ਉਹ ਸਾਰਾ ਬਾਹਰ ਹੀ ਆ ਗਿਆ। ਗੁਰਦਿਆਲ ਉਹਨੂੰ ਫੇਰ ਅੰਦਰ ਵਾੜਨ ਦਾ ਜਤਨ ਕਰ ਰਿਹਾ ਸੀ ਕਿ ਫ਼ੋਨ ਫੇਰ ਵੱਜ ਪਿਆ। ਰੱਬ ਦੀ ਡਾਇਰੈਕਟਰੀ ਐਤਕੀਂ ਠੀਕ ਥਾਉਂ ਖੁੱਲ੍ਹੀ ਲੱਗਦੀ ਸੀ। ਆਂਗਰੇ ਦੀ ਆਵਾਜ਼ 'ਚ ਉਹਦੀ ਖ਼ਾਸ ਖਰਜ ਤੇ ਗੂੰਜ ਸੀ। ਗੁਰਦਿਆਲ ਨੂੰ ਸਾਹ ਆਇਆ। ਖ਼ਿਆਲ ਹੀ ਖ਼ਿਆਲ 'ਚ ਉਹਨੂੰ ਉਹਦੀ ਬਰੀਕ-ਵਿਤਰੀ, ਗੂਹੜੀ-ਰੰਗੀ, ਸੰਘਣੀ ਦਾੜ੍ਹੀ ਤੇ ਗੱਫ਼ ਮੁੱਛਾਂ ਦਾ ਤੇ ਮੋਟੇ ਬੁੱਲ੍ਹਾਂ 'ਤੇ ਖੇਡਦੀ ਬਹੁ-ਭਾਹੀ ਮੁਸਕੜੀ ਦਾ ਝੌਲਾ ਪਿਆ। ਉਹਨੇ ਹੁੰਗਾਰਾ ਭਰਿਆ,

'ਹਾਂ ਜੀ!'

ਗੁਰਦਿਆਲ ਦੇ ਲਹਿਜੇ 'ਚ ਆਪ-ਮੁਹਾਰਾ ਚਾਅ ਸੀ।

'ਗੁਰਦਿਆਲ', ਆਂਗਰੇ ਨੇ ਉਹਦਾ ਨਾਂ ਲਿਆ ਤੇ ਅਟਕ ਗਿਆ, ਜਿਵੇਂ ਸੋਚਣ ਲੱਗ ਪਿਆ ਹੋਵੇ ਕਿ ਕਹਿਣਾ ਕੀ ਏ। ਅਖ਼ੀਰ ਉਹ ਉਚਰ ਹੀ ਪਿਆ,

'ਅਜੇ, ਯਾਰ, ਮੁਸ਼ਕਿਲ ਨਾਲ ਇਕ ਦੋ ਪੈਰ ਹੀ ਪੁੱਟੇ ਨੇ। ਜਦੋਂ ਕਦੀ ਏਧਰੋਂ ਲੰਘੇਂ, ਮਿਲਦਾ ਜਾਈਂ। ਉਚੇਚਾ ਆਉਣ ਦੀ ਲੋੜ ਨਹੀਂ।'

ਗੁਰਦਿਆਲ ਨੂੰ ਅੱਖਰਿਆ। ਮੇਰੇ ਸਿਰ 'ਤੇ ਲਟਕਦੀ ਤਲਵਾਰ ਨਹੀਂ ਸੂ ਦਿੱਸ ਰਹੀ। ਗੱਲ ਨੂੰ ਹੋਰ ਅੱਗੇ ਪਾਣਾ ਚਾਹੁੰਦੈ। ਉਹਨੂੰ ਇਕ ਤਰਕੀਬ ਸੁੱਝੀ। ਉਹਨੇ ਜਵਾਬ ਦਿੱਤਾ,

'ਆਂਗਰੇ ਸਾਹਿਬ, ਲੰਘ ਤਾਂ ਮੈਂ ਅੱਜ ਵੀ ਓਧਰੋਂ ਰਿਹਾ ਹਾਂ। ਮੈਂ ਮੋਤੀ ਬਾਗ਼ ਆਪਣੇ ਚਾਚਾ ਜੀ ਨੂੰ ਮਿਲਣ ਗਿਆ ਹੋਵਾਂਗਾ। ਕਹੋ ਤਾਂ ਅੱਜ ਹੀ ਮਿਲ ਲਵਾਂ ਤੁਹਾਨੂੰ। ਮੋਤੀ ਬਾਗ਼ੋਂ ਮੁੜਦਿਆਂ।'

'ਕਿਹੜੇ ਵੇਲੇ?'

'ਸ਼ਾਮੀਂ ਚਾਰ ਕੁ ਵਜੇ।'

'ਨਹੀਂ ਗੁਰਦਿਆਲ, ਓਦੋਂ ਮੈਂ ਘਰ ਨਹੀਂ ਹੋਵਾਂਗਾ। ਘੰਟਾ ਬਾਅਦ ਲੰਘੇਂ ਤਾਂ ਠੀਕ ਏ।'

'ਚਲੋ ਘੰਟਾ ਬਾਅਦ ਸਹੀ। ਹੋਰ ਕੁਝ ਚਿਰ ਬਹਿ ਲਾਂਗਾ ਆਪਣੇ ਚਾਚਾ ਜੀ ਕੋਲ। ਖੁਸ਼ ਹੋ ਜਾਣਗੇ। ਹੱਛਾ, ਪਹੁੰਚ ਜਾਵਾਂਗਾ ਤੁਹਾਡੇ ਕੋਲ ਪੰਜ ਕੁ ਵਜੇ।'

#

ਜਿਵੇਂ ਹੀ ਗੁਰਦਿਆਲ ਆਂਗਰੇ ਦੀ ਕੋਠੀ 'ਚ ਵੜਿਆ, ਉਹਨੂੰ ਉਹਦੇ ਕੁੱਤਿਆਂ ਦੀ ਤਿਕੜੀ ਟੱਕਰ ਪਈ। ਉਹ ਤਿਆਰ-ਬਰ-ਤਿਆਰ ਖੜੀ ਸੀ। ਉਹਨੇ ਆਪਣੀ ਸਰਗਮ ਛੇੜੀ ਤੇ ਉਹਨੂੰ ਅੱਗੇ ਲੈ ਟੁਰੀ। ਉਹਨੂੰ ਵਰਾਂਡੇ ਦੇ ਰਾਹ ਤੱਕ ਪਹੁੰਚਾਇਆ ਤੇ ਸਿੱਧਾ ਰਾਹ ਰੋਕ ਖੜੀ ਹੋ ਗਈ। ਗੁਰਦਿਆਲ ਨੂੰ ਓਥੋਂ ਦੂਜੇ ਹੱਥ ਹੋਣਾ ਪਿਆ।

ਆਂਗਰੇ ਵਰਾਂਡੇ 'ਚ ਖੜਾ ਆਪਣੇ ਪ੍ਰਾਹੁਣੇ ਦੀ ਅਗਵਾਈ ਹੁੰਦੀ ਵੇਖ ਰਿਹਾ ਸੀ। ਉਹਨੇ ਕੁਝ ਅੱਗੇ ਹੋ ਗੁਰਦਿਆਲ ਦਾ ਹੱਥ ਫੜ ਲਿਆ ਤੇ ਉੱਪਰ ਚੜ੍ਹਾ ਸਾਹਮਣੇ ਸੋਫ਼ੇ 'ਤੇ ਬਿਠਾ ਲਿਆ।

ਵਿਚਲੇ ਮੇਜ਼ 'ਤੇ ਚਾਹ ਲੱਗੀ ਪਈ ਸੀ। ਜਾਪਦਾ ਸੀ, ਉਹਨੇ ਪ੍ਰਾਹੁਣੇ ਦੇ ਆਉਣ ਤੋਂ ਪਹਿਲਾਂ ਪੀਣੀ ਸ਼ੁਰੂ ਕੀਤੀ ਹੋਈ ਸੀ।

'ਮੈਂ ਵੀ ਹੁਣੇ ਆਇਆਂ', ਉਹਨੇ ਗੁਰਦਿਆਲ ਨੂੰ ਖ਼ਬਰ ਦਿੱਤੀ। 'ਚਲੋ ਪਹਿਲੋਂ ਚਾਹ ਪੀ ਲਈਏ।'

ਉਹ ਚਾਹ ਪੀਣਾ ਤੇ ਜ਼ਰੂਰੀ ਗੱਲਾਂ ਕਰਨ ਨੂੰ ਦੋ ਵੱਖਰੇ ਕੰਮ ਸਮਝਦਾ ਲੱਗਦਾ ਸੀ, ਜਿਹੜੇ ਇੱਕੋ ਵੇਲੇ ਨਹੀਂ ਸਨ ਹੋ ਸਕਦੇ।

ਗੁਰਦਿਆਲ ਦਾ ਹੁੰਗਾਰਾ ਉਡੀਕੇ ਬਿਨਾਂ ਉਹਨੇ ਚਾਹ ਪਾਉਣੀ ਸ਼ੁਰੂ ਕਰ ਦਿੱਤੀ। ਆਪਣਾ ਪਿਆਲਾ ਉਹਨ ਛੇਤੀ ਨਾਲ ਮੂੰਹ ਨੂੰ ਲਾਇਆ ਤੇ ਰਤਾ ਕੁ ਸੁਰਕ ਪੁੱਛਣ ਲੱਗਾ,

'ਗੁਰਦਿਆਲ, ਗਰਮੀ ਛੇਤੀ ਨਹੀਂ ਆ ਗਈ ਐਤਕੀਂ? ਅਜੇ ਤਾਂ ਅਪ੍ਰੈਲ ਸ਼ੁਰੂ ਹੀ ਹੋਇਐ।'

'ਆਂਗਰੇ ਸਾਹਿਬ, ਥੋੜ੍ਹੀ ਜਿਹੀ ਗਰਮੀ ਆ ਜਾਣ ਦਿਓ ਨਾ,' ਗੁਰਦਿਆਲ ਨੇ ਸ਼ੁਗਲ ਕੀਤਾ, 'ਵਸਾਖੀ ਆਣ ਵਾਲੀ ਜੇ। ਵਾਢੀਆਂ ਹੋਣੀਆਂ ਨੇ। ਬਸ ਮੀਂਹ ਨਾ ਪੈਣ ਦਿਓ। ਫ਼ਸਲਾਂ ਬਰਬਾਦ ਹੋ ਜਾਣਗੀਆਂ ਕਿਸਾਨਾਂ ਦੀਆਂ।'

'ਚਲ ਭਾਈ, ਪੈ ਜਾਣ ਦੇ ਗਰਮੀ। ਵੈਸੇ ਮੈਨੂੰ ਲੱਗਦੀ ਵੀ ਜ਼ਿਆਦੈ। ਭੱਜ-ਨੱਠ ਜੁ ਰਹਿੰਦੀ ਏ।'

ਗੁਰਦਿਆਲ ਮਾੜਾ ਜਿਹਾ ਹੱਸਿਆ।

'ਤੁਹਾਨੂੰ ਕਾਹਦੀ ਭੱਜ-ਨੱਠ ਏ, ਆਂਗਰੇ ਸਾਹਿਬ?'

'ਭੱਜ-ਨੱਠ ਤਾਂ ਹੋਏਗੀ ਈ। ਥਾਂ ਥਾਂ ਟੰਙਾਂ ਜੁ ਫਸਾਈਆਂ ਹੋਈਆਂ ਨੇ। ਚੈਨ ਨਾਲ ਬਹਿਣਾ ਨਹੀਂ ਮਿਲਦਾ।'

ਆਂਗਰੇ ਦੇ ਬੁੱਲ੍ਹਾਂ 'ਤੇ ਝੂਠੀ ਲਾਚਾਰੀ ਦੀ ਭਾਹ ਮਾਰਦੀ ਮੁਸਕੜੀ ਆ ਗਈ।

ਗੁਰਦਿਆਲ ਓਹਦੀ ਸੁਰ 'ਚ ਸੁਰ ਮਿਲਾਉਣ ਲੱਗਾ। ਉਸ ਪੁੱਛਿਆ,

'ਆਂਗਰੇ ਸਾਹਿਬ, ਦੋ-ਚਾਰ ਥਾਵਾਂ ਤੋਂ ਟੰਙਾਂ ਖਿੱਚ ਕਿਉਂ ਨਹੀਂ ਲੈਂਦੇ? ਤੁਹਾਨੂੰ ਤਾਂ ਪ੍ਰਮਾਤਮਾ ਨੇ ਸਭ ਕੁਝ ਦਿੱਤਾ ਹੋਇਐ।'

'ਗੁਰਦਿਆਲ, ਸਭ ਕੁਝ ਦਿੱਤਾ ਤਾਂ ਹੋਇਐ, ਪਰ ਸੁਮੱਤ ਨਹੀਂ ਦਿੱਤੀ।' ਆਂਗਰੇ ਨੇ ਠੰਢਾ ਸਾਹ ਲਿਆ। 'ਕੀ ਲੋੜ ਏ ਏਨੇ ਪੁਆੜੇ ਪਾਣ ਦੀ? ਪੁੱਛੋ, ਭਾਈ ਕਿਉਂ ਪਾਏ ਹੋਏ ਨੀ?'

ਗੁਰਦਿਆਲ ਨੂੰ ਫੇਰ ਹਾਸਾ ਆ ਗਿਆ।

'ਆਂਗਰੇ ਸਾਹਿਬ, ਪੁੱਛਣਾ ਤਾਂ ਆਪਣੇ ਆਪ ਨੂੰ ਹੀ ਹੁੰਦੈ। ਕਿਸੇ ਹੋਰ



ਕੋਲ ਤਾਂ ਜਾਣਾ ਨਹੀਂ ਹੁੰਦਾ।'

'ਠੀਕ ਕਿਹਾ ਈ, ਯਾਰ। ਆਪਣੇ ਆਪ ਤੋਂ ਹੀ ਪੁੱਛੀਦੈ। ਪਰ, ਗੁਰਦਿਆਲ, ਰੱਬ ਨੇ ਜਿਹੜਾ ਬੰਦਾ ਬਣਾਇਆ ਏ ਨਾ, ਉਹ ਬੜੀ ਲਾਲਚੀ ਚੀਜ਼ ਏ। ਉਹਦਾ ਢਿੱਡ ਨਹੀਉਂ ਭਰਦਾ।'

ਆਂਗਰੇ ਸ਼ਾਇਦ ਕਿਸੇ ਧਰਮਾਤਮਾ ਦਾ ਪ੍ਰਵਚਨ ਸੁਣ ਕੇ ਆਇਆ ਸੀ। ਓਥੇ ਸੁਣੀਆਂ ਗੱਲਾਂ ਆਪਣੇ ਆਪ 'ਤੇ ਘਟਾਉਣ ਦਾ ਸ਼ੁਗਲ ਕਰ ਰਿਹਾ ਸੀ। ਗੁਰਦਿਆਲ ਨੇ ਮਜ਼ਾਕ ਕੀਤਾ,

'ਆਂਗਰੇ ਸਾਹਿਬ, ਸੰਨਿਆਸ ਲੈਣ ਦੀ ਸੋਚ ਰਹੇ ਹੋ?'

'ਉਹ ਨਹੀਂ ਯਾਰ। ਜਦੋਂ ਕਦੋਂ ਥੱਕ ਜਾਂ ਅੱਕ ਜਾਈਏ, ਇਹ ਜਿਹੇ ਖ਼ਿਆਲ ਆਉਣ ਲੱਗਦੇ ਨੇ। ਪਰ ਸਿਆਸਤ ਦੇ ਚੁੰਗਲ 'ਚੋਂ ਨਿਕਲਣਾ ਮੁਸ਼ਕਿਲ ਏ। ਸੁਆਦ ਪੈ ਜਾਂਦੈ। ਪਏ ਜ਼ੋਰ ਲਾਈਏ, ਹਾਸਿਲ ਕੁਝ ਨਹੀਂ ਹੁੰਦਾ।'

ਗੁਰਦਿਆਲ ਨੂੰ ਓਸੇ ਝੂਠੀ ਲਾਚਾਰੀ ਦੀ ਮੁਸਕੜੀ ਦੀ ਲਿਸ਼ਕ ਪਈ।

ਉਹਨੇ ਵੇਖਿਆ, ਆਂਗਰੇ ਦਾ ਪਿਆਲਾ ਖ਼ਾਲੀ ਸੀ। ਹੁਣ ਆਪਣੀ ਗੱਲ ਸ਼ੁਰੂ ਕੀਤੀ ਜਾ ਸਕਦੀ ਸੀ। ਉਹਨੇ ਕਿਹਾ,

'ਆਂਗਰੇ ਸਾਹਿਬ, ਇਹ ਤਾਂ ਸਭ ਵੱਡੀਆਂ ਸਮੱਸਿਆਵਾਂ ਨੇ। ਇਹਨਾਂ ਨਾਲ ਤਾਂ ਸਾਰੀ ਉਮਰ ਮੱਥਾ ਮਾਰਨਾ ਪੈਣੈਂ। ਤੁਸੀਂ ਮੈਨੂੰ ਇਹ ਦੱਸੋ, ਮੇਰੀ ਛੋਟੀ ਜਿਹੀ ਸਮੱਸਿਆ ਦਾ ਕੀ ਕੀਤਾ ਜੇ?'

ਆਂਗਰੇ ਆਪਣਾ ਪਿਆਲਾ ਫੇਰ ਭਰਨ ਲੱਗਾ ਸੀ। ਉਹਨੇ ਹੱਥ ਰੋਕ ਲਿਆ ਤੇ ਬੋਲਿਆ,

'ਗੁਰਦਿਆਲ, ਉਹਨੂੰ ਅਜੇ ਹੱਥ ਹੀ ਪਾਇਐ। ਐਵੇਂ ਗੱਲ ਹੀ ਟੋਰੀ ਏ।'

'ਹੋ ਗਈ ਜੇ ਮੁਲਾਕਾਤ ਹਾਈ ਕਮਾਨ ਨਾਲ?'

'ਅਜੇ ਭਾਈ, ਓਥੋਂ ਤਕ ਨਹੀਂ ਪਹੁੰਚੇ। ਅਜੇ ਤਾਂ ਓਸ ਤੋਂ ਹੇਠਲੀ ਪੌੜੀ ਵੀ ਨਹੀਂ ਚੜ੍ਹੇ। ਅਜੇ ਤਾਂ ਸਿਰਫ਼ ਹਾਈ ਕਮਾਨ ਦੇ ਸਲਾਹਕਾਰ ਦੇ ਸਲਾਹਕਾਰ ਨਾਲ ਗੱਲ ਹੋਈ ਏ। ਸਾਡੀ ਪਾਰਟੀ ਦਾ ਦਸਤੂਰ ਹੀ ਇਹ ਏ। ਆਪ ਹਾਈ ਕਮਾਨ ਕੋਲ ਓਦੋਂ ਪਹੁੰਚੀਦੈ, ਜਦੋਂ ਮੁਹਰ ਲੁਆਣੀ ਹੁੰਦੀ ਏ।'

'ਕੀ ਕਿਹੈ, ਸਲਾਹਕਾਰ ਦੇ ਸਲਾਹਕਾਰ ਨੇ ਫੇਰ?'

'ਉਹਨੇ ਕੋਈ ਯਕੀਨ ਨਹੀਂ ਦਵਾਇਆ, ਪਰ ਨਾਂਹ ਵੀ ਨਹੀਂ ਕੀਤੀ।' ਆਂਗਰੇ ਨੇ ਚਾਹ ਪਾ ਲਈ। ਇਕ ਘੁੱਟ ਭਰਿਆ ਤੇ ਗੱਲ ਪੂਰੀ ਕੀਤੀ, 'ਉਹਨੇ ਪੁੱਛਿਐ...'

'ਕੀ ਪੁੱਛਿਐ?' ਗੁਰਦਿਆਲ ਨੇ ਗੱਲ ਪੂਰੀ ਨਾ ਹੋਣ ਦਿੱਤੀ।

'ਉਹਨੇ ਪੁੱਛਿਐ ਕਿ ਜੇ ਤੁਹਾਡੇ ਬੰਦੇ ਨੂੰ ਇਹ ਕਹੀਏ ਕਿ ਜਾਓ ਤੇ ਉਪ-ਚੋਣ 'ਚ ਹਿੱਸਾ ਲਵੋ, ਰਾਸ਼ਟਰ ਦਲ ਵਲੋਂ, ਜਲਸਿਆਂ 'ਚ ਬੋਲੋ, ਚੌਧਰੀ

ਦੇ ਭ੍ਰਿਸ਼ਟਾਚਾਰ ਬਾਰੇ, ਤਾਂ ਕੀ ਉਹ ਰਾਜ਼ੀ ਹੋ ਜਾਵੇਗਾ?'

ਗੁਰਦਿਆਲ ਤ੍ਰੱਭਕ ਪਿਆ। ਉਹਦਾ ਰੰਗ ਫ਼ੱਕ ਹੋ ਗਿਆ। ਉਹ ਰੋਸ ਮਨਾਉਂਦਾ ਬੋਲਿਆ,

'ਆਂਗਰੇ ਸਾਹਿਬ, ਇਹ ਤਾਂ ਹੋਰ ਗੱਲ ਏ। ਤੁਸੀਂ ਤਾਂ ਦਿੱਲੀਉਂ ਬਿਆਨ ਦੇਣ ਲਈ ਕਿਹਾ ਸੀ। ਹਲਕੇ 'ਚ ਜਾ ਚੌਧਰੀ ਦੇ ਭ੍ਰਿਸ਼ਟਾਚਾਰ ਦੀ ਗੱਲ ਕਰਨੀ ਮੁਸ਼ਕਿਲ ਹੋਏਗੀ। ਮੈਨੂੰ ਲੋਕ ਲਾਅਨਤਾਂ ਪਾਣਗੇ।'

'ਗੁਰਦਿਆਲ, ਇਹ ਤੂੰ ਆਪ ਸੋਚ ਲੈ', ਆਂਗਰੇ 'ਚ ਰੁੱਖਾਈ ਆ ਗਈ, 'ਵੇਖ ਸਾਰਾ ਕੁਝ ਮੇਰੇ ਵੱਸ ਨਹੀਂ। ਮੈਂ ਤਾਂ ਪਾਰਟੀ ਦੀ ਮਸ਼ੀਨ ਦਾ ਛੋਟਾ ਜਿਹਾ ਪੁਰਜ਼ਾ ਹਾਂ। ਮਸ਼ੀਨ ਚਲਾਣ ਵਾਲੇ ਹੋਰ ਨੇ। ਜੇ ਮੁਸ਼ਕਿਲ ਲੱਗਦਾ ਈ ਤਾਂ ਛੱਡ ਪਰ੍ਹਾਂ। ਹੋਰ ਕੋਈ ਤਰੀਕਾ ਲੱਭ ਲੈ ਕੋਠੀ ਬਚਾਣ ਦਾ...'

ਆਂਗਰੇ ਨੇ ਚਾਹ ਦਾ ਘੁੱਟ ਭਰਿਆ ਤੇ ਕੁਝ ਨਰਮ ਪਿਆ। ਸਮਝਾਉਣ ਲੱਗਾ,

'ਗੁਰਦਿਆਲ, ਇਕ ਗੱਲ ਸਮਝ ਲੈ। ਤੂੰ ਸਾਡੀ ਪਾਰਟੀ ਦਾ ਬੰਦਾ ਨਹੀਂ। ਸਦਾ ਤੂੰ ਸਾਡੇ ਵਿਰਧੀਆਂ ਨਾਲ ਰਿਹੈਂ। ਤੂੰ ਸਾਡੀ ਪਾਰਟੀ ਦੀ ਕੋਈ ਸੇਵਾ ਵੀ ਨਹੀਂ ਕੀਤੀ ਹੋਈ। ਏਸ ਲਈ ਜਦੋਂ ਸਾਡੀ ਪਾਰਟੀ ਨੇ ਕੁਝ ਦੇਣਾ ਹੋਵੇ, ਉਹ ਤੈਨੂੰ ਕਿਉਂ ਦੇਵੇ? ਜੋ ਤੈਨੂੰ ਮੈਂ ਕਰਨ ਨੂੰ ਕਿਹੈ, ਇਹ ਤਾਂ ਕੁਝ ਵੀ ਨਹੀਂ। ਯੂ-ਪੀ 'ਚ ਵੇਖਿਆ ਈ? ਕਿੰਨੇ ਹੀ ਲੀਡਰ ਆਪਣੀ ਪਾਰਟੀ ਛੱਡ ਸਾਡੀ ਪਾਰਟੀ 'ਚ ਆਏ ਨੇ। ਉਹਨਾਂ ਆਪਣੀਆਂ ਪਹਿਲੀਆਂ ਪਾਰਟੀਆਂ ਤੇ ਪਹਿਲੇ ਲੀਡਰਾਂ ਦਾ ਪਰਦਾ ਫ਼ਾਸ਼ ਕੀਤੈ। ਪਾਰਟੀ ਛੱਡ ਕੇ ਆਣ ਵਾਲੇ ਇਕ ਪਛੜੀਆਂ ਸ਼ਰੇਣੀਆਂ ਦੇ ਆਗੂ ਨੂੰ ਕੈਬੀਨਟ 'ਚ ਥਾਂ ਦਿੱਤੀ ਗਈ ਏ। ਏਸੇ ਤਰ੍ਹਾਂ ਇਕ ਮੁਸਲਮਾਨ ਲੀਡਰ ਨੂੰ ਸਾਡੀ ਪਾਰਟੀ ਦੀ ਵਰਕਿੰਗ ਕਮੇਟੀ 'ਚ ਲਿਆ ਗਿਐ। ਉਹਨੂੰ ਰਾਜ ਸਭਾ ਦੀ ਸੀਟ ਵੀ ਦਿੱਤੀ ਗਈ ਏ। ਸਿਆਸਤ 'ਚ ਸਭ ਕੁਝ ਲੈਣ-ਦੇਣ ਨਾਲ ਹੁੰਦੈ। ਜੇ ਤੂੰ ਕੁਝ ਦੇ ਨਹੀਂ ਸਕਦਾ, ਤੈਨੂੰ ਮਿਲੇਗਾ ਵੀ ਕੁਝ ਨਹੀਂ।'

ਆਂਗਰੇ ਖ਼ਰੀਆਂ ਸੁਣਾ ਰਿਹਾ ਸੀ। ਕੋਈ ਪਰਦਾ ਨਹੀਂ ਸੀ ਰੱਖ ਰਿਹਾ। ਜੋ ਕਹਿ ਰਿਹਾ ਸੀ, ਉਸ ਵਿਚ ਤਰਕ ਸੀ। ਗੁਰਦਿਆਲ ਨੂੰ ਸਮਝ ਪੈ ਗਈ। ਏਥੇ ਲੈਣ-ਦੇਣ ਸੀ, ਭਾਈਬੰਦੀ ਨਹੀਂ ਸੀ। ਸੌਦਾ ਸੀ। ਵੱਟੋ-ਸੱਟਾ। ਇਕ ਹੱਥ ਦੇਣਾ ਸੀ ਤੇ ਫੇਰ ਦੂਜੇ ਹੱਥ ਲੈਣਾ ਸੀ। ਅਜੇ ਉਹ ਸੋਚ ਹੀ ਰਿਹਾ ਸੀ ਕਿ ਆਂਗਰੇ ਨੇ ਪੁੱਛ ਲਿਆ,

'ਦੱਸ ਫੇਰ, ਕੀ ਕਹਾਂ ਆਪਣੀ ਪਾਰਟੀ ਵਾਲਿਆਂ ਨੂੰ?'

'ਮੈਂ ਏਥੋਂ ਬਿਆਨ ਦੇ ਦਿਆਂਗਾ, ਜਿਸ ਤਰ੍ਹਾਂ ਦਾ ਵੀ ਕਹਿਣਗੇ।' ਗੁਰਦਿਆਲ ਅਜੇ ਓਸੇ ਥਾਂ ਸੀ।

'ਗੁਰਦਿਆਲ, ਖ਼ਾਲੀ ਬਿਆਨ ਦੇਣ ਨਾਲ ਕੰਮ ਨਹੀਂ ਬਣਨਾ। ਚੋਣ-ਮੁਹਿੰਮ 'ਚ ਸ਼ਾਮਿਲ ਹੋਣਾ ਪਏਗਾ। ਜਲਸਿਆਂ 'ਚ ਬੋਲਣਾ ਪਏਗਾ। ਚੌਧਰੀ ਨੂੰ ਬੇ-ਨਕਾਬ ਕਰਨਾ ਪਏਗਾ।'



ਆਂਗਰੇ ਨੇ ਕਿਸੇ ਸ਼ੱਕ ਦੀ ਗੁੰਜਾਇਸ਼ ਨਾ ਰਹਿਣ ਦਿੱਤੀ।

'ਆਂਗਰੇ ਸਾਹਿਬ, ਸੋਚੋ, ਇਹ ਕੰਮ ਏਡਾ ਸੌਖਾ ਨਹੀਂ...।'

'ਵੇਖ, ਸੌਖਾ ਏ ਜਾਂ ਔਖਾ, ਤੇਰਾ ਕੰਮ ਤਾਂ ਹੀ ਹੋਏਗਾ, ਜੇ ਤੂੰ ਇਹ ਕੰਮ ਕਰੇਂਗਾ। ਪਹਿਲੋਂ ਮਨ ਬਣਾ ਲੈ। ਫੇਰ ਮੈਨੂੰ ਦੱਸ ਦਈਂ। ਗੱਲ ਅੱਗੇ ਮੈਂ ਤਾਂ ਹੀ ਟੋਰਾਂਗਾ...'

ਆਂਗਰੇ ਅਟਕਿਆ ਤੇ ਗੁਰਦਿਆਲ ਵਲ ਵੇਖਣ ਲੱਗਾ। ਫੇਰ ਸਮਝਾਉਣ ਲੱਗਾ,

'ਵੇਖ ਗੁਰਦਿਆਲ, ਇਹ ਸਾਡੀ ਪਹਿਲਵਾਨੀ ਫ਼ੈਡਰੇਸ਼ਨ ਨਹੀਂ। ਓਥੇ ਅਸੀਂ ਆਪ ਮਾਲਕ ਹਾਂ। ਇਹ ਰਾਸ਼ਟਰ ਦਲ ਏ। ਏਥੇ ਮਾਲਕ ਸਾਡੀ ਹਾਈ ਕਮਾਨ ਏ। ਹਾਈ ਕਮਾਨ ਮੈਂ ਨਹੀਂ, ਕੋਈ ਹੋਰ ਏ। ਮੈਂ ਹਾਈ ਕਮਾਨ ਦਾ ਸਲਾਹਕਾਰ ਵੀ ਨਹੀਂ। ਸਲਾਹਕਾਰ ਦਾ ਸਲਾਹਕਾਰ ਵੀ ਨਹੀਂ। ਜੇ ਤੂੰ ਕੁਝ ਨਹੀਂ ਦੇਣਾ, ਤਾਂ ਮੈਂ ਤੈਨੂੰ ਕੁਝ ਦੁਆ ਨਹੀਂ ਸਕਦਾ। ਬੇਸ਼ੱਕ ਕਿਸੇ ਹੋਰ ਨੂੰ ਕਹਿ ਕੇ ਵੇਖ ਲੈ।'

'ਮੇਰਾ ਹੋਰ ਕੋਈ ਨਹੀਂ।'

'ਤਾਂ ਫੇਰ ਮੇਰੀ ਗੱਲ ਮੰਨ। ਜੇ ਤੂੰ ਦਿੱਲੀ ਬਿਆਨ ਦੇ ਸਕਣੈਂ, ਤਾਂ ਪੂਨੇ, ਅਹਿਮਦਾਬਾਦ ਜਾਂ ਪਾਣੀਪਤ ਕਿਉਂ ਨਹੀਂ ਦੇ ਸਕਦਾ? ਜੋ ਤੂੰ ਲਿਖ ਕੇ ਕਹਿ ਸਕਣੈਂ, ਉਹ ਮੂੰਹ-ਜ਼ੁਬਾਨੀ, ਲੋਕਾਂ ਸਾਹਮਣੇ ਕਿਉਂ ਨਹੀਂ ਕਹਿ ਸਕਦਾ? ਕੀ ਫ਼ਰਕ ਪਏਗਾ? ਜਿਨ੍ਹਾਂ ਤੈਨੂੰ ਮਾੜਾ ਸਮਝਣੈਂ, ਉਹਨਾਂ ਹਰ ਹਾਲੇ ਮਾੜਾ ਸਮਝਣੈਂ। ਵੇਖ, ਗੁਰਦਿਆਲ, ਜੇ ਦਿਲ ਨਹੀਂ ਮੰਨਦਾ, ਤਾਂ ਆਰਾਮ ਨਾਲ ਬੈਠਾ ਰਹੁ। ਮੈਨੂੰ ਵੀ ਦੱਸ ਦੇ, ਮੈਂ ਟੰਙ ਘਟੋ-ਘੱਟ ਏਸ ਮਾਮਲੇ 'ਚੋਂ ਤਾਂ ਖਿੱਚ ਲਵਾਂ।'

ਗੁਰਦਿਆਲ ਲਾਚਾਰ ਸੀ। ਨਾ ਛੱਡਣ ਜੋਗਾ ਸੀ, ਨਾ ਫੜਨ ਜੋਗਾ। ਉਹਨੂੰ ਇਹ ਜ਼ਰੂਰ ਮਹਿਸੂਸ ਹੋ ਪਿਆ ਕਿ ਆਂਗਰੇ ਕਹਿ ਠੀਕ ਰਿਹਾ ਸੀ ਕਿ ਕੋਈ ਫ਼ਰਕ ਨਹੀਂ ਸੀ ਪੈਂਦਾ। ਬਿਆਨ ਦਿੱਲੀ ਦੇਵਾਂ ਜਾਂ ਹਰਿਆਣੇ ਦੇ ਕਿਸੇ ਸ਼ਹਿਰ ਜਾਂ ਪਿੰਡ 'ਚ। ਗੱਲ ਤਾਂ ਇਕੋ ਹੀ ਏ। ਬਿਆਨ ਤਾਂ ਉਹੀਉ ਰਹਿਣੈਂ। ਅਖ਼ੀਰ ਉਹਨੇ ਆਖ ਹੀ ਦਿੱਤਾ,

'ਆਂਗਰੇ ਸਾਹਿਬ, ਚਲੋ ਟੋਰੋ ਗੱਲ। ਜਿਵੇਂ ਕਹੋਗੇ, ਕਰਾਂਗਾ। ਪਰ ਸਭ ਕੁਝ ਪੱਕਾ ਕਰਨਾ।'

'ਜ਼ਰੂਰ, ਕਰਾਂਗਾ। ਪਰ ਗੁਰਦਿਆਲ, ਸੌ ਫ਼ੀ ਸਦੀ ਕੁਝ ਨਹੀਂ ਕਿਹਾ ਜਾ ਸਕਦਾ। ਸਾਡੀ ਸਿਆਸਤ 'ਚ ਸੌ ਫ਼ੀ ਸਦੀ ਕੁਝ ਨਹੀਂ ਹੁੰਦਾ। ਕਦੀ ਕੁਝ ਏਸ ਤਰ੍ਹਾਂ ਦਾ ਵੀ ਹੋ ਜਾਂਦੈ, ਜਿਦ੍ਹਾ ਪਹਿਲੋਂ ਅਨੁਮਾਨ ਨਹੀਂ ਲੱਗਦਾ। ਬੜੇ

*ਫ਼ੈਕਟਰ* ਹੁੰਦੇ ਨੇ। ਕਈ ਵਾਰੀ ਸਾਰੇ ਸਾਂਭ ਨਹੀਂ ਹੁੰਦੇ।'

'ਉਹ, ਯਾਰ, ਸਾਂਭੋ ਨਾ ਆਪਣੇ ਸਾਰੇ *ਫ਼ੈਕਟਰਾਂ* ਨੂੰ!' ਗੁਰਦਿਆਲ ਸੱਤ ਪਿਆ। 'ਮੇਰੇ ਤੋਂ ਤੁਸੀਂ ਚੌਧਰੀ ਦੀ ਭੰਡੀ ਤਾਂ ਸੌ ਫ਼ੀ ਸਦੀ ਕਰਾਣੀ ਏਂ।'

ਆਂਗਰੇ ਹੱਸ ਪਿਆ। ਬੜਾ ਉੱਚਾ। ਕਹਿਣ ਲੱਗਾ,

'ਗੁਰਦਿਆਲ, ਮੁਸ਼ਕਿਲ ਇਹ ਏ ਕਿ ਸਾਡੀ ਪਾਰਟੀ 'ਚ ਸਾਰਾ ਕੁਝ ਹਾਈ ਕਮਾਨ ਦੇ ਹੱਥ ਹੁੰਦੈ। ਇਕ ਗੱਲੋਂ ਚੰਗਾ ਵੀ ਏ। ਜੇ ਇਕ ਵਾਰੀ ਹਾਈ ਕਮਾਨ ਦੀ ਹਾਂ ਹੋ ਜਾਏ, ਫੇਰ ਕਈ ਭਾਨੀ ਨਹੀਂ ਮਾਰ ਸਕਦਾ।'

'ਫੇਰ ਕਰਾਉ ਨਾ ਹਾਂ ਉਸ ਤੋਂ।'

'ਕੋਸ਼ਿਸ਼ ਤਾਂ ਪੂਰੀ ਹੋਏਗੀ', ਆਂਗਰੇ ਨੇ ਦਿਲਾਸਾ ਦਿੱਤਾ, 'ਤੂੰ ਸਾਡੀ ਫ਼ੈਡਰੇਸ਼ਨ ਦਾ ਵਾਈਸ-ਚੇਅਰਮੈਨ ਏਂ। ਜੇ ਤੇਰੀ ਸ਼ਾਨ ਵਧੀ ਤਾਂ ਸਾਡੀ ਆਪੇ ਹੀ ਵਧ ਜਾਵੇਗੀ।'

'ਆਂਗਰੇ ਸਾਹਿਬ, ਤੁਹਾਡੀ ਸ਼ਾਨ ਤਾਂ ਪਹਿਲੋਂ ਵੀ ਬੜੀ ਏ', ਗੁਰਦਿਆਲ ਨੇ ਫੂਕ ਦਿੱਤੀ।

ਆਂਗਰੇ ਇਕਦਮ ਗੰਭੀਰ ਹੋ ਗਿਆ। ਉਹਦੀ ਮੁਸਕੜੀ ਨਿੰਮ੍ਹੀ ਹੁੰਦੀ-ਹੁੰਦੀ ਅਲੋਪ ਹੋਣ ਲੱਗੀ। ਉਹਦੀ ਆਵਾਜ਼ ਵੀ ਨੀਵੀਂ ਪੈ ਗਈ। ਉਹਨੇ ਅਗਾਂਹ ਉੜ੍ਹ ਆਖਿਆ,

'ਗੁਰਦਿਆਲ, ਸੁਣ ਗੱਲ ਦਾ ਧੂੰਅ ਨਾ ਨਿਕਲੇ। ਇਹਦੀ ਸਫਲਤਾ ਇਹਦੇ 'ਚ ਏ। ਬਤਰੇ ਨੂੰ ਤਾਂ ਉੱਕਾ ਪਤਾ ਨਹੀਂ ਲੱਗਣਾ ਚਾਹੀਦਾ। ਮੈਨੂੰ ਪਤੈ, ਉਹ ਤੇਰਾ ਦੋਸਤ ਏ। ਦੋਸਤ ਉਹ ਮੇਰਾ ਵੀ ਏ। ਪਰ ਦੋਸਤੀ ਆਪਣੀ ਥਾਂ ਏ। ਇਹ ਸਿਆਸਤ ਏ।'

'ਨਹੀਂ, ਆਂਗਰੇ ਸਾਹਿਬ, ਮੈਂ ਨਹੀਂ ਕਰਾਂਗਾ ਕਿਸੇ ਨਾਲ ਗੱਲ। ਸਿਵਾਏ ਆਪਣੀ ਬੀਵੀ ਦੇ। ਆਪਣੇ ਪੁੱਤਰ ਤੇ ਨੂੰਹ ਨਾਲ ਵੀ ਨਹੀਂ ਕਰਾਂਗਾ। ਫ਼ਿਕਰ ਨਾ ਕਰੋ ਤੁਸੀਂ।'

ਦੋਵੇਂ ਇਕੱਠੇ ਹੀ ਨਿਕਲੇ। ਆਂਗਰੇ ਨੇ ਵੀ ਫੇਰ ਕਿਤੇ ਪਹੁੰਚਣਾ ਸੀ। ਉਹਦੀ ਗੱਡੀ ਅੰਦਰ ਖੜੀ ਸੀ। ਉਹਨੇ ਗੁਰਦਿਆਲ ਨੂੰ ਨਾਲ ਹੀ ਬਿਠਾ ਲਿਆ ਤੇ ਕੋਠੀਉਂ ਬਾਹਰ ਲਿਆ ਉਹਦੀ ਕਾਰ ਕੋਲ ਲਾਹ ਦਿੱਤਾ। ਕੁੱਤਿਆਂ ਦੀ ਆਪਣੀ ਤਿੱਕੜੀ ਨੂੰ ਮੌਕਾ ਨਾ ਦਿੱਤਾ ਕਿ ਗੁਰਦਿਆਲ ਨੂੰ ਵਿਧੀਵਧ ਵਿਦਾ ਕਰਦੀ।

# ਮੁਹਿੰਮ

ਘਰ ਪਰਤਦਿਆਂ ਗੁਰਦਿਆਲ ਨੂੰ ਉਰਦੂ ਦਾ ਇਕ ਸ਼ੇਅਰ ਯਾਦ ਆ ਗਿਆ। ਬਹੁਤ ਪੁਰਾਣਾ ਸੀ। ਵਿਦਿਆਰਥੀ-ਜੀਵਨ ਵੇਲੇ ਇਹ ਅਕਸਰ ਉਹਦੀ ਜ਼ੁਬਾਨ 'ਤੇ ਰਹਿੰਦਾ ਸੀ। ਪਤਾ ਨਹੀਂ ਕਿਹਦਾ ਲਿਖਿਆ ਹੋਇਆ ਸੀ। ਅੱਜ ਚਾਣਚੱਕ ਹੀ ਚੇਤੇ 'ਚ ਟਪਕ ਪਿਆ ਸੀ। ਉਹਨੇ ਗੁਣਗੁਣਾਇਆ,

*ਨਾ ਖ਼ੁਦਾ ਹੀ ਮਿਲਾ, ਨਾ ਵਿਸਾਲ-ਏ-ਸਨਮ*
*ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ*

ਮਤਲਬ ਇਹ ਕਿ ਨਾ ਤਾਂ ਮੁਕਤੀ ਮਿਲੀ, ਨਾ ਹੀ ਮਾਅਸ਼ੂਕ। ਨਾ ਏਧਰੋਂ ਕੁਝ ਲੱਭਾ, ਨਾ ਓਧਰੋਂ। ਉਹਨੂੰ ਸ਼ੇਅਰ ਆਪਣੇ-ਆਪ ਉਤੇ ਢੁਕਦਾ ਲੱਗਾ। ਏਸ ਸ਼ੇਅਰ ਵਾਲੀ ਅਵਸਥਾ ਉਹਦੀ ਵੀ ਹੋ ਸਕਦੀ ਸੀ। ਇਹ ਵੀ ਹੋ ਸਕਦਾ ਸੀ ਕਿ ਉਹਦੇ ਤੋਂ ਪਾਪ ਤਾਂ ਕਰਾ ਲਿਆ ਜਾਵੇ ਪਰ ਉਹਦੇ ਪੱਲੇ ਕੁਝ ਨਾ ਪਾਇਆ ਜਾਵੇ। ਉਹਨੂੰ ਯਾਦ ਆਇਆ, ਆਂਗਰੇ ਨੇ ਉਹਨੂੰ ਸੌ ਫ਼ੀ ਸਦੀ ਯਕੀਨ ਨਹੀਂ ਦਵਾਇਆ ਸੀ। ਪਹਿਲੋਂ ਨਾ ਅਨੁਮਾਨੇ ਜਾ ਸਕਦੇ *ਫ਼ੈਕਟਰਾਂ* ਦੀ ਗੱਲ ਵੀ ਕੀਤੀ ਸੀ। ਉਹ ਡਰ ਗਿਆ। ਚੰਗਾ ਹੋਵੇ, ਜੇ ਮੂਲੋਂ ਹੀ ਏਸ ਰਾਹੇ ਨਾ ਪਿਆ ਜਾਵੇ। ਸਿੱਧਾ ਤੇ ਸੌਖਾ ਰਾਹ ਫੜਿਆ ਜਾਏ, ਭਾਪਾ ਜੀ ਵਾਲਾ ਘਰ ਵੇਚ ਕੇ ਨਵਾਂ ਘਰ ਬਣਾਉਣ ਦਾ ਰਾਹ।

ਅਗਲੇ ਮੋੜ ਤਕ ਉਹ ਇਹੋ ਮਤਾ ਪਕਾਉਂਦਾ ਰਿਹਾ। ਪਰ ਮੋੜ ਮੁੜਦਿਆਂ ਹੀ ਉਹਦੀ ਸੋਚ ਵੀ ਮੁੜਨ ਲੱਗੀ। ਉਹਨੂੰ ਜਾਪਿਆ, ਇਹ ਸੌ ਫੀ ਸਦੀ ਵਾਲੀ ਗੱਲ ਆਂਗਰੇ ਨੇ ਐਵੇਂ ਇਹਤਿਆਤ ਲਈ ਕੀਤੀ ਸੀ। ਉਹਦਾ ਕੋਈ ਖ਼ਾਸ ਮਤਲਬ ਨਹੀਂ ਸੀ। ਸਾਡੀ ਸਿਆਸਤ 'ਚ ਰੋਜ਼ ਸੌਦੇ ਹੁੰਦੇ ਨੇ। ਸਾਰੇ ਪੁਗਦੇ ਨੇ। ਜੇ ਬੰਦਾ ਕਹਿ ਕੇ ਮੁੱਕਰ ਜਾਏ ਤਾਂ ਸਿਆਸਤ ਦਾ ਪਹੀਆ ਜਾਮ ਹੋ ਜਾਏ। ਸਾਰੇ ਦੇਸ ਦੀ ਗੱਡੀ ਰੁਕ ਜਾਏ। ਉਹਦੇ ਧਿਆਨ 'ਚ ਰਾਸ਼ਟਰ ਦਲ ਦੀ ਹਾਈ ਕਮਾਨ ਦੇ ਨਕਸ਼ ਉੱਘੜੇ। ਬੜੇ ਸੁਖਾਵੇਂ ਸਨ। ਵਿਸ਼ਵਾਸ ਜਗਾਉਂਦੇ ਸਨ। ਹਰ ਕੋਈ ਮੰਨਦਾ ਸੀ ਕਿ ਹਾਈ ਕਮਾਨ ਪਹਿਲੋਂ ਸੌਖਿਆਂ ਵਾਇਦਾ ਨਹੀਂ ਸੀ ਕਰਦੀ, ਪਰ ਜਦੋਂ ਕਰਦੀ ਸੀ, ਉਸ ਉਤੇ ਕਾਇਮ ਰਹਿੰਦੀ ਸੀ। ਮੇਰੇ ਮਾਮਲੇ 'ਚ ਕਸਰ ਸਿਰਫ਼ ਇਹ ਸੀ ਕਿ ਹਾਈ ਕਮਾਨ ਨੇ ਅਜੇ ਕੋਈ ਵਾਇਦਾ ਨਹੀਂ ਸੀ ਕੀਤਾ। ਆਂਗਰੇ ਨੂੰ ਕਹਿਣਾ ਚਾਹੀਦੈ ਕਿ ਭਾਈ ਪੂਰਾ ਜ਼ੋਰ ਲਾਵੇ ਤੇ ਹਾਈ ਕਮਾਨ ਤੋਂ ਵਾਇਦਾ ਕਰਾ ਲਵੇ। ਉਹ ਕਰਾ ਤਾਂ ਹੀ ਸਕਦਾ ਏ, ਜੇ ਮੈਂ ਉਹਦੀ ਸਲਾਹ ਮੰਨਾਂ। ਉਹਦੇ ਸਾਹਮਣੇ ਤਾਂ ਮੰਨ ਆਇਆ ਹਾਂ, ਪਰ ਅਜੇ ਡੋਲ ਰਿਹਾ

ਹਾਂ। ਮੈਨੂੰ ਆਪਣੀ ਥਾਂ ਪੱਕਾ ਹੋਣਾ ਚਾਹੀਦੈ।

ਏਸ ਦਲੀਲਾਂ-ਪਈ ਅਵਸਥਾ 'ਚ ਉਹ ਘਰ ਪਹੁੰਚਿਆ। ਅੰਦਰ ਵੜਦਿਆਂ ਹੀ ਉਹਨੇ ਉਡੀਕ 'ਚ ਬੈਠੀ ਪਤਨੀ ਨਾਲ ਗੱਲ ਛੇੜੀ। ਉਹਨੂੰ ਦੱਸਿਆ, ਰਾਹ 'ਚ ਉਹਨੂੰ ਕਿਸ ਕਿਸ ਤਰ੍ਹਾਂ ਦੇ ਖ਼ਿਆਲ ਆਉਂਦੇ ਰਹੇ ਸਨ। ਉਹਨੇ ਉਹਨੂੰ ਉਹ ਉਰਦੂ ਦਾ ਸ਼ੇਅਰ ਵੀ ਸੁਣਾਇਆ ਤੇ ਸਮਝਾਇਆ। ਅੱਗੋਂ ਦੀਪਾ ਨੇ ਇਹ ਕਹਿ ਗੱਲ ਹੀ ਮੁਕਾ ਦਿੱਤੀ,

'ਐਵੇਂ ਨਾ ਵਾਧੂ ਸੋਚਾਂ 'ਚ ਪਏ ਰਿਹਾ ਕਰੋ। ਤੁਸੀਂ ਤਾਂ ਵੱਢੀ-ਖੋਰ ਨੂੰ ਵੱਢੀ-ਖੋਰ ਕਹਿਣੈਂ। ਇਹਦੇ 'ਚ ਕੀ ਬੁਰਾ ਏ। ਕਿਸੇ ਆਸਤਕ ਨੂੰ ਨਾਸਤਕ ਤਾਂ ਨਹੀਂ ਕਹਿ ਰਹੇ ਤੁਸੀਂ...'

ਦੀਪਾਂ ਆਪਣੀ ਬੀ-ਜੀ ਦਾ ਕੁਝ ਕਿਹਾ ਵੀ ਯਾਦ ਕਰਨ ਲੱਗੀ। ਮੌਕੇ 'ਤੇ ਢੁਕਦਾ। ਉਹਨੂੰ ਯਾਦ ਨਾ ਆਇਆ। ਪਰ ਗੁਰਦਿਆਲ ਲਈ ਏਨਾ ਹੀ ਕਾਫ਼ੀ ਸੀ। ਉਹਨੂੰ ਚੈਨ ਪੈ ਗਿਆ।

#

ਕਿੰਨੇ ਹੀ ਦਿਨ ਲੰਘ ਗਏ। ਆਂਗਰੇ ਨੇ ਵਾਤ ਨਾ ਪੁੱਛੀ। ਇਕ ਦਿਨ ਗੁਰਦਿਆਲ ਨੂੰ ਹੁੱਲ ਉੱਠੀ ਤੇ ਉਹਨੇ *ਪ੍ਰਾਪਰਟੀ-ਡੀਲਰ* ਨੂੰ ਫ਼ੋਨ ਕਰ ਦਿਤਾ। ਅੱਗੋਂ ਉਹਦੇ ਕੋਲ ਬੜਾ ਵਧੀਆ ਸੌਦਾ ਸੀ। ਉਹਨੇ ਲਲਚਾ ਦਿੱਤਾ।

'ਸਰਦਾਰ ਸਾਹਿਬ, ਕਰੋੜਪਤੀ ਬਣਨ ਦਾ ਮੌਕਾ ਜੇ, ਜੇ ਤੁਸੀਂ ਪਹਿਲੋਂ ਨਹੀਂ ਹੈਗੇ ਤਾਂ,' ਉਸ ਆਖਿਆ, 'ਮੇਰੇ ਕੋਲ *ਬਿਲਡਰ* ਏ। ਉਹ ਤੁਹਾਡਾ ਘਰ ਏਸੇ ਹਾਲਤ 'ਚ ਲੈ ਲਵੇਗਾ ਤੇ ਗੁੜਗਾਵਾਂ 'ਚ ਤੁਹਾਨੂੰ ਤੁਹਾਡੀ ਮਰਜ਼ੀ ਦੀ ਦੋ-ਮੰਜ਼ਲਾ ਕੋਠੀ ਬਣਾ ਦੇਵੇਗਾ, ਪੰਜ ਸੌ ਗਜ਼ ਜ਼ਮੀਨ 'ਤੇ। ਛੋਟੇ ਜਿਹੇ ਬਗੀਚੇ ਵਾਲੀ। ਕੋਠੀ ਵਧੀਆ ਹੋਵੇਗੀ। ਵਿਚ ਸਭ ਕੁਝ ਵਲਾਇਤੀ ਹੋਏਗਾ। ਨਾਲੇ ਤੁਹਾਨੂੰ ਉਪਰੋਂ ਤਿੰਨ ਕਰੋੜ ਰੁਪਏ ਦੇਵੇਗਾ... ਸੋਚ ਲਵੋ ਤੇ ਦੱਸੋ। ਮੈਂ ਤੁਹਾਡਾ *ਐਗਰੀਮੈਂਟ* ਕਰਾ ਦੇਨਾਂ। ਵਧੀਆ ਤੋਂ ਵਧੀਆ *ਆਰਕੀਟੈਕਟ* ਕਰੋ। ਵਧੀਆ ਨਕਸ਼ਾ ਬਣਾਓ...' ਉਹ ਕਿੰਨਾ ਚਿਰ ਲੱਗਾ ਰਿਹਾ।

ਸੁਣ ਕੇ ਗੁਰਦਿਆਲ ਦਾ ਜੀਅ ਕੀਤਾ, ਆਂਗਰੇ ਤੇ ਬਾਕੀ ਸਭਨਾਂ ਨੂੰ ਗੋਲੀ ਮਾਰੇ ਤੇ ਉਵੇਂ ਕਰੇ, ਜਿਵੇਂ *ਪ੍ਰਾਪਰਟੀ-ਡੀਲਰ* ਨੇ ਕਿਹਾ ਸੀ। ਉਹਨੇ ਆਪਣੀ ਦੀਪਾਂ ਨਾਲ ਗੱਲ ਕੀਤੀ।

ਦੀਪਾਂ ਨੂੰ ਲਾਲਚ ਨਾ ਆਇਆ। ਉਹਨੇ ਸਹਿਜ-ਸੁਭਾ ਕਿਹਾ,

'ਇੰਜ ਵੀ ਕਰ ਲਾਂਗੇ, ਪਰ ਪਹਿਲੋਂ ਵੇਖ ਲਈਏ, ਤੁਹਾਡਾ ਆਂਗਰੇ ਕੀ ਕਰਦੈ।'

'ਪਰ, ਦੀਪਾਂ, ਆਂਗਰੇ ਤਾਂ ਸੁੱਤਾ ਪਿਐ।'

'ਤੁਹਾਨੂੰ ਕੀ ਕਾਹਲ ਏ? ਉਡੀਕੋ ਅਜੇ।'



'ਵੇਖ, ਮੈਨੂੰ ਇਕ ਖ਼ਿਆਲ ਆ ਰਿਹੈ। ਜੇ ਇਹ ਸੌਦਾ ਮੈਨੂੰ ਮਹੀਨਾ ਪਹਿਲੋਂ ਮਿਲਿਆ ਹੁੰਦਾ, ਹੁਣ ਤਕ ਮੈਂ ਪਾਰਲੀਮੈਂਟ 'ਚ ਬੈਠਾ ਹੁੰਦਾ ਤੇ ਸਾਡੀ ਇਹ ਕੋਠੀ ਅਗਲੇ ਛੇ ਸਾਲਾਂ ਲਈ ਸਾਡੇ ਨਾਂ ਲੱਗੀ ਹੁੰਦੀ।'

'ਇਹ ਕਿਵੇਂ? ਕੋਈ ਜਾਦੂ ਹੋ ਜਾਂਦਾ?' ਦੀਪਾਂ ਨੂੰ ਅਤਬਾਰ ਨਾ ਆਇਆ।

'ਨਹੀਂ ਜਾਦੂ ਨਹੀਂ। ਮੈਂ ਚੌਧਰੀ ਦੇ ਫਾਲਤੂ ਵੋਟ ਲੈ ਲੈਂਦਾ ਤੇ ਬਾਕੀ ਦੇ ਆਪਣੇ ਇਹਨਾਂ ਤਿੰਨ ਕਰੋੜਾਂ ਨਾਲ ਖ਼ਰੀਦ ਲੈਂਦਾ।'

ਦੀਪਾ ਹੱਸ ਪਈ।

'ਹੱਛਾ! ਬੜੇ ਭੋਲੇ ਹੋ ਤੁਸੀਂ ਵੀ। ਮੈਨੂੰ ਇਹ ਦੱਸੋ ਕਿ ਜੇ ਪਾਰਲੀਮੈਂਟ ਦੀ ਮੈਂਬਰੀ ਸਾਨੂੰ ਮੁਫ਼ਤ ਮਿਲਦੀ ਹੋਵੇ ਤੇ ਸਾਨੂੰ ਕਿਸ ਹਕੀਮ ਨੇ ਕਿਹੈ ਕਿ ਅਸੀਂ ਓਸ 'ਤੇ ਕਰੋੜਾਂ ਰੋੜ੍ਹੀਏ। ਆਂਗਰੇ ਵਾਲੀ ਮੈਂਬਰੀ 'ਤੇ ਕੁਝ ਲੱਗੇਗਾ?'

'ਲੱਗੇਗਾ, ਪਰ ਹੋਰ ਤਰ੍ਹਾਂ ਦਾ। ਪੈਸੇ ਨਹੀਂ ਲੱਗਣਗੇ।'

'ਵੇਖੋ, ਹੋਰ ਤਰ੍ਹਾਂ ਦੀ ਪਰਵਾਹ ਨਾ ਕਰੋ। ਅਸੀਂ ਪੈਸੇ ਨਹੀਂ ਖਰਚਣੇ। ਆਂਗਰੇ ਨੂੰ ਕਰਨ ਦਿਓ ਜੋ ਕਰ ਰਿਹੈ।'

ਗੁਰਦਿਆਲ ਕਾਇਲ ਨਾ ਹੋਇਆ।

'ਪਰ ਅਸੂਲਾਂ ਦੀ ਕੀਮਤ ਤਾਂ ਦੇਣੀ ਪਵੇਗੀ।'

'ਕਿਹੜੇ ਅਸੂਲ? ਵੱਢੀਖੋਰ ਨੂੰ ਵੱਢੀਖੋਰ ਕਹਿਣ ਨਾਲ ਅਸੂਲਾਂ ਦਾ ਕੁਝ ਨਹੀਂ ਜਾਂਦਾ। ਅਸੀਂ ਨਹੀਂ ਲੈਣੀ ਪੈਸੇ ਖ਼ਰਚ ਕੇ ਮੈਂਬਰੀ।' ਦੀਪਾਂ ਦੋ-ਟੁਕ ਸੀ। ਪਰ ਗੁਰਦਿਆਲ ਨੂੰ ਆਂਗਰੇ ਦੀ ਢਿੱਲਮੱਠ ਅੱਖਰ ਰਹੀ ਸੀ। ਉਹਨੇ ਜਵਾਬ ਦਿੱਤਾ,

'ਦੀਪਾਂ, ਚਲ ਤੇਰੀ ਗੱਲ ਮੰਨੀ। ਪਰ ਇਹ ਦੱਸ, ਅਸੀਂ ਕਿੰਨਾ ਚਿਰ ਉਡੀਕੀਏ ਆਪਣੇ ਏਸ ਆਂਗਰੇ ਨੂੰ? ਫ਼ੋਨ ਹੀ ਨਹੀਂ ਕਰ ਰਿਹਾ ਉਹ।'

'ਚਲੋ, ਇਹਦਾ ਫ਼ੈਸਲਾ ਵੀ ਕਰ ਲੈਣੇ ਹਾਂ। ਤੁਸੀਂ ਦੱਸੋ, ਤੁਹਾਨੂੰ ਕਦੋਂ ਸੱਦਣਗੇ ਹਰਿਆਣੇ ਓਸ ਪਿੰਡ ਜਾਂ ਸ਼ਹਿਰ? ਜੋ ਵੀ ਹੈ ਉਹ।'

'ਜੇ ਸੱਦਣਾ ਹੋਇਆ ਤਾਂ ਛੇਤੀ ਹੀ ਸੱਦਣਗੇ। ਓਥੋਂ ਦੀ ਉਪ-ਚੋਣ ਦੀਆਂ ਤਰੀਕਾਂ ਦਾ ਐਲਾਨ ਹੋ ਚੁੱਕੈ।'

'ਹੱਛਾ ਦੱਸੋ, ਅੱਜ ਕੀ ਤਰੀਕ ਏ?' ਦੀਪਾਂ ਨੇ ਆਪਣੇ ਖ਼ਾਸ ਅੰਦਾਜ਼ 'ਚ ਪੁਛਿਆ। ਅੰਕਾਂ ਦੇ ਸਹਾਰੇ ਟੇਵਾ ਲਾਉਣ ਵਾਲੇ ਕਿਸੇ ਜੋਤਿਸ਼ੀ ਵਾਂਗ।

'ਸਤਾਰਾਂ ਅਪ੍ਰੈਲ।'

'ਫੇਰ ਤੁਸੀਂ ਪੱਚੀ ਅਪ੍ਰੈਲ ਤਕ ਉਡੀਕੋ।' ਦੀਪਾਂ ਨੇ ਇਕ-ਇਕ ਲਫ਼ਜ਼ ਘੋਟ ਕੇ ਬੋਲਿਆ 'ਤੇ ਅੱਠ ਦਿਨ ਬਾਅਦ ਦੀ ਤਰੀਕ ਦਿੱਤੀ। 'ਜੇ ਉਸ ਦਿਨ ਸ਼ਾਮ ਤਕ ਆਂਗਰੇ ਦਾ ਫ਼ੋਨ ਨਾ ਆਵੇ ਤਾਂ ਤੁਸੀਂ ਛੱਬੀ ਤਰੀਕ ਸਵੇਰੇ ਮਕਾਨ ਦਾ ਸੌਦਾ ਕਰ ਲੈਣਾ।'

ਹਫ਼ਤਾ ਭਰ ਹੋਰ ਹੱਥ 'ਤੇ ਹੱਥ ਧਰ ਬੈਠੇ ਰਹਿਣ ਦਾ ਫੈਸਲਾ ਹੋ ਗਿਆ।

#

ਬਹੁਤਾ ਉਡੀਕਣਾ ਨਾ ਪਿਆ। ਫ਼ੋਨ ਤਾਂ ਨਾ ਆਇਆ, ਆਂਗਰੇ ਆਪ ਹੀ ਆ ਗਿਆ। ਤੀਜੇ ਦਿਨ। ਬਿਨਾਂ ਪਹਿਲੋਂ ਖ਼ਬਰ ਕੀਤਿਆਂ। ਪੈਦਲ। ਗੱਡੀ ਕਿਤੇ ਦੂਰ ਖੜੀ ਕਰਕੇ ਆਇਆ। ਪੋਲੇ ਪੈਰ ਧਰਦਾ। ਅੱਖਾਂ ਉਤੇ ਕਾਲੀਆਂ ਐਨਕਾਂ ਲਾ ਕੇ। ਬੁੱਲ੍ਹਾਂ ਤੋਂ ਮੁਸਕੜੀ ਦੂਰ ਰਖਦਿਆਂ।

ਗੁਰਦਿਆਲ ਬਾਹਰ ਲਾਅਨ 'ਚ ਬੈਠਾ ਸੀ। ਉਹਦੇ ਨਾਲ ਹੱਥ ਮਿਲਾਉਂਦਿਆਂ ਹੀ ਕਹਿਣ ਲੱਗਾ,

'ਚਲ ਅੰਦਰ ਬੈਠੀਏ। ਏਥੇ ਕੋਈ ਵੇਖ ਲਏਗਾ।'

ਗੁਰਦਿਆਲ ਉਹਨੂੰ ਅੰਦਰ ਲਿਜਾਉਣ ਲੱਗਾ। ਆਂਗਰੇ ਦੀ ਨਜ਼ਰ ਨਾਲ ਦੀ ਨੀਵੀਂ ਕੰਧ ਵਲ ਗਈ। ਉਹਨੇ ਪੁੱਛਿਆ,

'ਏਸ ਕੋਠੀ 'ਚ ਸੁੰਦਰ ਦਾਸ ਰਹਿੰਦਾ ਏ ਨਾ?'

'ਹਾਂ, ਉਹੀਉ ਹੀ। ਏਧਰ, ਜਿੱਧਰ ਕੰਧ ਨੀਵੀਂ ਏ।'

'ਬੜੀ ਚਵਲ ਚੀਜ਼ ਏ। ਚਰਬ ਜ਼ਬਾਨ। ਸ਼ਾਮ ਤੱਕ ਸਾਰੀ ਦਿੱਲੀ ਨੂੰ ਖ਼ਬਰ ਕਰ ਦੇਵੇਗਾ। ਵੇਖ ਨਾ ਲਏ ਸਾਨੂੰ।'

'ਵੇਖ ਲਏ ਬੇਸ਼ੱਕ, ਆਂਗਰੇ ਸਾਹਿਬ। ਏਡੀ ਕੋਈ ਗੱਲ ਨਹੀਂ। ਅਸੀਂ ਦੋਵੇਂ ਪਹਿਲਵਾਨੀ ਫ਼ੈਡਰੇਸ਼ਨ ਦੇ ਰੁਕਨ ਹਾਂ। ਮਿਲਦੇ ਹੀ ਰਹਿੰਦੇ ਹਾਂ। ਕੋਈ ਨਵੀਂ ਗੱਲ ਨਹੀਂ। ਕਾਰ ਅੰਦਰ ਲੈ ਆਉਂਦੈ। ਪੈਦਲ ਕਿਉਂ ਆਏ ਹੋ?'

'ਨਹੀਂ ਯਾਰ, ਕਾਰ ਤਾਂ ਕਾਫ਼ੀ ਦੂਰ ਖੜੀ ਕਰ ਕੇ ਆਇਆਂ। ਐਵੇਂ ਸ਼ੱਕ ਨਾ ਪਵੇ। ਗੁਰਦਿਆਲ, ਇਹਤਿਆਤ ਮਾੜੀ ਚੀਜ਼ ਨਹੀਂ ਹੁੰਦੀ। ਜਿੰਨਾ ਵੀ ਕਰ ਲਵੋ, ਥੋੜੈ।'

ਆਂਗਰੇ ਦਾ ਹੱਥ ਆਪਣੇ ਢਿਲਕ ਪਏ ਕਾਲੇ ਚਸ਼ਮੇ ਵਲ ਗਿਆ।

ਦੋਵੇਂ ਅੰਦਰ ਡਰਾਇੰਗ-ਰੂਮ 'ਚ ਜਾ ਬੈਠੇ।

'ਅੱਜ ਗੱਲ ਹੋ ਗਈ ਏ ਫੇਰ', ਆਂਗਰੇ ਕੋਈ ਭੂਮਿਕਾ ਬੰਨ੍ਹੇ ਬਿਨਾਂ ਸ਼ੁਰੂ ਹੋਇਆ। 'ਸਿੱਧਾ ਓਥੋਂ ਹੀ ਆ ਰਿਹਾਂ।'

ਗੁਰਦਿਆਲ ਦੇ ਕੰਨ ਖੜੇ ਹੋ ਗਏ। ਉਹਨੇ ਪੁੱਛਣ ਦੀ ਕੀਤੀ,

'ਸਲਾਹਕਾਰ ਨਾਲ ਹੋਈ ਏ ਕਿ ਸਲਾਹਕਾਰ ਦੇ ਸਲਾਹਕਾਰ ਨਾਲ?'

'ਕਿਸੇ ਨਾਲ ਵੀ ਸਮਝ ਲੈ। ਮੁਲਾਕਾਤ ਠੀਕ ਬੰਦੇ ਨਾਲ ਹੋਈ ਏ। ਤੇਰੀ ਨਾਮਜ਼ਦਗੀ ਹੋ ਜਾਏਗੀ, ਜੇ ਤੂੰ ਉਹ ਕਰੇਂ, ਜੋ ਤੈਨੂੰ ਕਰਨ ਲਈ ਕਿਹਾ ਸੀ।'

'ਆਂਗਰੇ ਸਾਹਿਬ, ਉਹ ਤਾਂ ਮੈਂ ਕਰ ਦਿਆਂਗਾ। ਮੈਂ ਸਭ ਸੋਚ ਲਿਐ।'

'ਫੇਰ ਤੇਰੀ ਨਾਮਜ਼ਦਗੀ ਪੱਕੀ। ਇਕ-ਅੱਧ ਦਿਨ ਬਾਅਦ ਮੈਂ ਏਧਰੋਂ ਲੰਘਦਾ ਤੈਨੂੰ ਕੁਝ *ਮੈਟੀਰੀਅਲ* ਦੇ ਜਾਵਾਂਗਾ। ਉਹਨੂੰ ਚੰਗੀ ਤਰ੍ਹਾਂ ਪੜ੍ਹ ਲਈਂ। ਮੋਟੇ-ਮੋਟੇ *ਪੁਆਇੰਟ* ਨੋਟ ਕਰ ਲਈਂ। ਪਤਾ ਹੀ, ਓਸ ਹਲਕੇ ਤੋਂ ਚੌਧਰੀ



ਕਿਹਨੂੰ ਖੜਾ ਕਰ ਰਿਹੈ?'

'ਅਜੇ ਅਖ਼ਬਾਰਾਂ 'ਚ ਤਾਂ ਕੁਝ ਨਹੀਂ ਆਇਆ।'

'ਆ ਜਾਏਗਾ ਅਖ਼ਬਾਰਾਂ 'ਚ ਵੀ। ਓਥੋਂ ਉਹ ਆਪਣੇ ਕੁੜਮ ਨੂੰ ਖੜਾ ਕਰ ਰਿਹੈ।'

'ਮੈਨੂੰ ਪਤੈ। ਇਹਦੀ ਸਲਾਹ ਉਹਨੂੰ ਮਰਹੂਮ ਪ੍ਰੋਫ਼ੈਸਰ ਦੱਤ ਨੇ ਦਿੱਤੀ ਸੀ। ਉਹਨੇ ਚੌਧਰੀ ਦੇ ਕੁੜਮ ਲਈ ਆਪਣੀ ਸੀਟ ਖ਼ਾਲੀ ਕਰਨ ਦੀ ਪੇਸ਼ਕਸ਼ ਵੀ ਕੀਤੀ ਸੀ। ਅਖ਼ੀਰ ਕਰ ਗਿਐ ਆਪਣੀ ਸੀਟ ਖ਼ਾਲੀ। ਭਾਵੇਂ ਦੁਨੀਆਂ ਛੱਡਣੀ ਪਈ ਸੂ।'

ਆਂਗਰੇ ਨੇ ਗੁਰਦਿਆਲ ਦੇ ਕਹੇ ਵਲ ਧਿਆਨ ਨਾ ਦਿੱਤਾ। ਆਵਾਜ਼ ਹੋਰ ਨੀਵੀਂ ਕਰ ਲਈ ਤੇ ਖੁਸਰ-ਫੁਸਰ ਕੀਤੀ,

'ਹਲਕੇ 'ਚ ਪ੍ਰਚਾਰ ਦੇ ਖ਼ਤਮ ਹੋਣ ਵਾਲੀ ਸ਼ਾਮ ਤੋਂ ਪੰਜ ਦਿਨ ਪਹਿਲਾਂ ਤੈਨੂੰ ਓਥੇ ਘੱਲਿਆ ਜਾਏਗਾ। ਸਿੱਧਾ ਏਥੋਂ। ਤੇਰੀ ਕੋਠੀਉਂ। ਜੀਪ ਆਏਗੀ, ਕਾਲੇ ਰੰਗ ਦੀ। ਉਹਦੇ 'ਚ ਇਕ ਜਾਣਕਾਰ ਬੰਦਾ ਵੀ ਹੋਏਗਾ, ਜੋ ਤੇਰੇ ਨਾਲ ਰਹੇਗਾ। ਪੈਂਤੀ ਮੀਟਿੰਗਾਂ ਰੱਖੀਆਂ ਗਈਆਂ ਨੇ ਤੇਰੀਆਂ। ਛੋਟੀਆਂ-ਛੋਟੀਆਂ। ਜਿਸ ਸ਼ਾਮ ਪ੍ਰਚਾਰ ਖ਼ਤਮ ਹੋਏਗਾ, ਉਹੀਉ ਜੀਪ ਤੇ ਉਹੀਉ ਬੰਦਾ ਤੈਨੂੰ ਵਾਪਸ ਤੇਰੀ ਕੋਠੀ ਲੈ ਆਵੇਗਾ। ਬੱਸ, ਤੇਰਾ ਕੰਮ ਖ਼ਤਮ।'

ਗੁਰਦਿਆਲ ਨੂੰ ਚਾਣਚੱਕ ਕੁਝ ਫੁਰਿਆ ਤੇ ਉਹ ਤ੍ਰੱਭਕ ਪਿਆ। ਉਹਨੇ ਘਬਰਾ ਕੇ ਪੁੱਛਿਆ,

'ਆਂਗਰੇ ਸਾਹਿਬ, ਜੇ ਮੇਰੀਆਂ ਪੈਂਤੀ ਮੀਟਿੰਗਾਂ ਪਿੱਛੋਂ ਵੀ ਤੁਹਾਡਾ ਉਮੀਦਵਾਰ ਨਾ ਜਿੱਤਿਆ ਤਾਂ?'

'ਤੈਨੂੰ ਕੀ। ਤੂੰ ਤਾਂ ਆਪਣਾ ਕੰਮ ਕਰ ਦਿੱਤਾ ਹੋਏਗਾ।'

ਗੁਰਦਿਆਲ ਦੀ ਤਸੱਲੀ ਨਾ ਹੋਈ। ਉਹਨੇ ਫੇਰ ਪੁੱਛਿਆ,

'ਤੁਹਾਡੀ ਹਾਈ ਕਮਾਨ ਦੇ ਸਲਾਹਕਾਰ ਦਾ ਸਲਾਹਕਾਰ ਇਹ ਤਾਂ ਨਹੀਂ ਕਹੇਗਾ ਕਿ ਮੈਂ ਪ੍ਰਚਾਰ ਠੀਕ ਨਹੀਂ ਕੀਤਾ। ਏਸ ਕਰਕੇ ਮੇਰੀ ਨਾਮਜ਼ਦਗੀ ਨਹੀਂ ਹੋ ਸਕਦੀ।'

'ਨਹੀਂ ਕਹੇਗਾ। ਇਹ ਗੱਲ ਖੋਲ੍ਹ ਲਈ ਏ ਮੈਂ। ਹਾਰ-ਜਿੱਤ ਨਾਲ ਤੇਰਾ ਕੋਈ ਵਾਸਤਾ ਨਹੀਂ।'

'ਆਂਗਰੇ ਸਾਹਿਬ, ਵੇਖ ਲੈਣਾ, ਐਵੇਂ ਗਰੀਬ-ਮਾਰ ਨਾ ਹੋ ਜਾਏ।'

ਆਂਗਰੇ ਦੇ ਬੁੱਲ੍ਹਾਂ 'ਤੇ ਹੁਣ ਤਕ ਅਲੋਪ ਰਹੀ ਮੁਸਕੜੀ ਪ੍ਰਗਟ ਹੋ ਪਈ। ਸਨੇਹ ਦੀ ਭਾਹ ਮਾਰਦੀ। ਉਹਨੇ ਯਕੀਨ ਦਵਾਇਆ,

'ਗੁਰਦਿਆਲ, ਫ਼ਿਕਰ ਨਾ ਕਰ। ਸਾਡੀ ਹਾਈ ਕਮਾਨ ਕੱਚੇ ਵਾਇਦੇ ਨਹੀਂ ਕਰਦੀ। ਯੂ-ਪੀ ਦੀਆਂ ਚੋਣਾਂ ਵੇਲੇ ਤੂੰ ਵੇਖਿਆ ਹੀ ਏ। ਭਾਵੇਂ ਓਥੇ ਅਸੀਂ ਜਿੱਤੇ ਨਹੀਂ, ਅਸੀਂ ਵਾਇਦੇ ਆਪਣੇ ਪੂਰੇ ਕੀਤੇ ਨੇ।'

'ਆਂਗਰੇ ਸਾਹਿਬ, ਓਥੇ ਤਾਂ ਲੋਕਾਂ ਨੇ ਆਪਣੇ ਕੰਮ ਚੋਣਾਂ ਤੋਂ ਪਹਿਲਾਂ ਹੀ ਕਰਾ ਲਏ ਸਨ...'

'ਠੀਕ ਏ, ਕੁਝ ਨੇ ਕਰਾ ਵੀ ਲਏ ਸਨ। ਪਰ ਤੇਰੇ ਮਾਮਲੇ 'ਚ ਇੰਜ ਨਹੀਂ ਹੋ ਸਕਦਾ। ਨਾਮਜ਼ਦਗੀ ਲਈ ਫ਼ਾਈਲ ਟੋਰਨੀ ਪੈਂਦੀ ਏ। ਲੰਮੀ ਪ੍ਰਕਿਰਿਆ ਏ। ਨਾਲੇ, ਗੁਰਦਿਆਲ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਤੇਰੀ ਨਾਮਜ਼ਦਗੀ ਦਾ ਮਾਮਲਾ ਤੇਰੇ ਚੌਧਰੀ ਦਾ ਪਰਦਾ ਫ਼ਾਸ਼ ਕਰਨ ਨਾਲ ਜੁੜ ਜਾਏ...'

'ਉਹ ਤਾਂ, ਆਂਗਰੇ ਸਾਹਿਬ, ਜੁੜ ਹੀ ਜਾਏਗਾ। ਮੈਨੂੰ ਉਹਦੀ ਪਰਵਾਹ ਨਹੀਂ। ਪਿਆ ਜੁੜੇ। ਬੱਸ ਤੁਸੀਂ ਮੇਰਾ ਧਿਆਨ ਕਰ ਲੈਣਾ।'

ਗੁਰਦਿਆਲ ਉਹਨੂੰ ਨਾ-ਇਹ-ਮਿਲਣ ਤੇ ਨਾ-ਉਹ-ਮਿਲਣ ਵਾਲਾ ਉਰਦੂ ਦਾ ਸ਼ੇਅਰ ਵੀ ਸੁਣਾਉਣ ਲੱਗਾ ਸੀ, ਪਰ ਸੰਕੋਚ ਕਰ ਗਿਆ। ਆਂਗਰੇ ਨੇ ਮੇਜ਼ ਤੋਂ ਆਪਣਾ ਕਾਲਾ ਚਸ਼ਮਾ ਚੁੱਕਿਆ ਤੇ ਅੱਖਾਂ 'ਤੇ ਚੜ੍ਹਾ ਲਿਆ। ਟੁਰ ਪਿਆ। ਇਕੱਲਾ ਹੀ। ਗੁਰਦਿਆਲ ਨਾਲ ਹੋ ਪਿਆ ਤੇ ਉਹਨੂੰ ਫਾਟਕੋਂ ਲੰਘਾ ਆਇਆ।

#

ਗੁਰਦਿਆਲ ਮੂੰਹ-ਹਨੇਰੇ ਨਿਕਲਿਆ। ਕਾਲੇ ਰੰਗ ਦੀ ਜੀਪ ਵਿਚ। ਉਹਦੇ ਅਗਲੇ ਤੇ ਪਿਛਲੇ ਸ਼ੀਸ਼ਿਆਂ ਉਤੇ ਆਂਗਰੇ ਦੀ ਪਾਰਟੀ ਦੇ ਛੋਟੇ ਜਿਹੇ ਝੰਡੇ ਤੇ ਚੋਣ-ਨਿਸ਼ਾਨ ਚਿਪੇ ਹੋਏ ਸਨ। ਅਗਲੀ ਸੀਟ ਦੇ ਨਾਲ, ਬਾਹਰ ਵਲ, ਇਕ ਛੋਟਾ ਜਿਹਾ ਝੰਡਾ ਵੀ ਬੱਝਾ ਪਿਆ ਸੀ। ਜਦ ਜੀਪ ਰਫ਼ਤਾਰ ਫੜਦੀ, ਉਹ ਫ਼ੱਰਾਟੇ ਮਾਰਦਾ। ਉਹਦੇ ਨਾਲ ਨਿਹਾਲ ਚੰਦ ਪੁਰਸ਼ਾਰਥੀ ਨਾਂ ਦਾ ਬੰਦਾ ਸੀ। ਉਹ ਚੌਧਰੀ ਪਰਵਾਰ ਦਾ ਭੇਤੀ ਸੀ ਤੇ ਇਲਾਕੇ ਦੇ ਚੱਪੇ-ਚੱਪੇ ਤੋਂ ਵਾਕਿਫ਼ ਸੀ। ਉਹ ਇਕ ਵੇਲੇ ਚੌਧਰੀ ਦੀ ਪਾਰਟੀ 'ਚ ਹੀ ਹੁੰਦਾ ਸੀ। ਉਹਦੀ ਰਾਜ-ਇਕਾਈ ਦਾ ਮੀਤ-ਸਕੱਤਰ ਸੀ। ਫੇਰ ਉਹਨੇ ਪਾਰਟੀ ਬਦਲ ਲਈ, ਪਰ ਉਹਦੀ ਮੀਤ-ਸਕੱਤਰੀ ਕਾਇਮ ਰਹੀ। ਰਾਸ਼ਟਰ ਦਲ ਦੀ ਰਾਜ-ਇਕਾਈ 'ਚ ਉਹਨੂੰ ਇਹੋ ਅਹੁਦਾ ਦਿੱਤਾ ਗਿਆ। ਉਹਦੇ ਦਿਮਾਗ਼ ਤੇ ਝੋਲੇ ਵਿਚ ਉਹ ਸਭ ਕੁਝ ਸੀ, ਜਿਸਦੀ ਗੁਰਦਿਆਲ ਨੂੰ ਲੋੜ ਪੈ ਸਕਦੀ ਸੀ।

ਗੁਰਦਿਆਲ ਦੀਆਂ ਮੀਟਿੰਗਾਂ ਪੈਂਤੀ ਨਹੀਂ, ਪੈਂਠ ਹੋਈਆਂ। ਸ਼ਾਇਦ ਇਸ ਤੋਂ ਵੀ ਜ਼ਿਆਦਾ। ਉਹਦੀ ਰਾਤ ਤਕ ਚਲ-ਸੋ-ਚਲ ਰਹੀ। ਜਿੱਥੇ ਕਿਤੇ ਵੀ ਚਾਰ ਬੰਦੇ ਜੁੜੇ ਦਿਸਦੇ, ਉਹਦੀ ਜੀਪ ਰੋਕ ਦਿੱਤੀ ਜਾਂਦੀ ਤੇ ਉਹਨੂੰ ਬੋਲਣ ਨੂੰ ਕਿਹਾ ਜਾਂਦਾ। ਉਹ ਬੋਲਦਾ ਤੇ ਚੌਧਰੀ ਪਰਵਾਰ ਦੇ ਪੋਤੜੇ ਫੋਲਣ ਲੱਗਦਾ। ਦੱਸਦਾ, ਸਿਆਸਤ 'ਚ ਆਉਣ ਤੋਂ ਪਹਿਲਾਂ ਚੌਧਰੀ ਕਿੰਨੇ ਪਾਣੀ 'ਚ ਸੀ ਤੇ ਹੁਣ ਕਿੰਨੇ 'ਚ ਏ। ਪੈਸੇ ਦੇ ਪਹਾੜ 'ਤੇ ਬੈਠੈ। ਕਿੰਨਾ ਕਿੱਥੋਂ ਬਣਿਆ। ਪਟਵਾਰੀਆਂ ਤੇ ਮਾਸਟਰਾਂ ਦੀ ਭਰਤੀ 'ਚੋਂ ਕਿੰਨਾ ਖੱਟਿਆ। ਕਿੰਨਾ ਪੈਸਾ



ਕਿੱਥੇ ਲਾਇਆ ਤੇ ਕਿੱਥੇ ਰਖਿਆ। ਉਹ ਦੇਸ ਦੇ ਕਈ ਰਾਜਾਂ, ਮਾਰੇਸ਼ਸ, ਸਵਿਟਜ਼ਰਲੈਂਡ, ਸਿੰਘਾਪੁਰ ਤੇ ਹੋਰ ਕਈ ਛੋਟੇ-ਮੋਟੇ ਦੇਸਾਂ ਦੇ ਨਾਂ ਲੈਂਦਾ, ਜਿਹੜੇ ਪਹਿਲੋਂ ਕਿਸੇ ਸੁਣੇ ਨਾ ਹੁੰਦੇ। ਉਹ ਕਹਿੰਦਾ, 'ਮੈਂ ਇਹਨਾਂ ਸਾਰੀਆਂ ਥਾਵਾਂ ਦਾ ਪਤਾ ਦੇ ਸਕਦਾ ਹਾਂ। ਪਰ ਇਹ ਤੁਹਾਡੇ ਕਿਸ ਕੰਮ! ਫੇਰ ਵੀ ਜਿਹਨੂੰ ਕਈ ਪਤਾ ਚਾਹੀਦਾ ਹੋਵੇ, ਉਹ ਮੇਰੇ ਕੋਲ ਦਿੱਲੀ ਆ ਜਾਵੇ। ਮੈਂ ਉਹਨੂੰ ਲਿਖਵਾ ਦਿਆਂਗਾ।'

ਹਰ ਮੀਟਿੰਗ ਤੋਂ ਪਹਿਲਾਂ ਪੁਰਸ਼ਾਰਥੀ ਗੁਰਦਿਆਲ ਸਿੰਘ ਦੀ ਜਾਣ-ਪਛਾਣ ਕਰਾਉਂਦਾ। ਲਫ਼ਜ਼ਾਂ ਦੇ ਥੋੜੇ-ਬਹੁਤੇ ਹੇਰ-ਫੇਰ ਨਾਲ ਉਹ ਹਰ ਥਾਂ ਕੁਝ ਇਸ ਤਰ੍ਹਾਂ ਕਹਿੰਦਾ,

'ਸਰਦਾਰ ਗੁਰਦਿਆਲ ਸਿੰਘ ਕੋਈ ਸਿਆਸੀ ਬੰਦੇ ਨਹੀਂ। ਨਾ ਹੀ ਕਿਸੇ ਪਾਰਟੀ ਦੇ ਮੈਂਬਰ ਨੇ। ਉਹ ਸਿਰਫ਼ ਲੋਕ-ਭਲਾਈ ਦਾ ਕੰਮ ਕਰਦੇ ਨੇ। ਉਹ ਚੌਧਰੀ ਹੁਰਾਂ ਦੇ ਨਿਕਟਵਰਤੀ ਰਹੇ ਨੇ। ਚੌਧਰੀ ਸਾਹਿਬ ਨੇ ਸਰਦਾਰ ਸਾਹਿਬ ਨੂੰ ਦਲਿਤ ਵਿਦਿਅਕ ਕਮਿਸ਼ਨ ਦਾ ਮੈਂਬਰ ਲੁਆਇਆ ਸੀ। ਓਸ ਅਹੁਦੇ ਨਾਲ ਮਿਲਣ ਵਾਲੀਆਂ ਸਹੂਲਤਾਂ ਵੀ ਦਵਾਈਆਂ ਸਨ। ਅੱਜ ਜਦੋਂ ਸਰਦਾਰ ਹੁਰੀਂ ਆਪਣਾ ਮੂੰਹ ਖੋਲ੍ਹ ਰਹੇ ਨੇ, ਉਹਨਾਂ ਨੂੰ ਛਿਣਕ ਦਿੱਤਾ ਜਾਏਗਾ। ਉਹ ਨਿਕਟਵਰਤੀ ਨਹੀਂ ਰਹਿਣਗੇ। ਚੌਧਰੀ ਪਰਵਾਰ ਉਹਨਾਂ ਨੂੰ ਲਾਅਨਤਾਂ ਪਾਵੇਗਾ ਤੇ ਨੇੜੇ ਨਹੀਂ ਲੱਗਣ ਦੇਵੇਗਾ। ਸਰਦਾਰ ਹੁਰਾਂ ਨੂੰ ਧਿਆਨ ਨਾਲ ਸੁਣੋ। ਜੇ ਏਸ ਤੋਂ ਬਾਅਦ ਵੀ ਤੁਸੀਂ ਚੌਧਰੀ ਹੁਰਾਂ ਨੂੰ ਜਾਂ ਉਹਨਾਂ ਦੇ ਕਿਸੇ ਰਿਸ਼ਤੇਦਾਰ ਨੂੰ ਵੋਟ ਪਾਣਾ ਚਾਹਵੋ, ਤਾਂ ਇਹ ਤੁਹਾਡੀ ਮਰਜ਼ੀ।'

ਪੁਰਸ਼ਾਰਥੀ ਬਹਿ ਜਾਂਦਾ ਤੇ ਗੁਰਦਿਆਲ ਖੜੋ ਜਾਂਦਾ। ਉਹਦੀ ਹਰ ਤਕਰੀਰ, ਥੋੜੇ-ਬਹੁਤੇ ਫ਼ਰਕ ਨਾਲ, ਕੁਝ ਏਸ ਤਰ੍ਹਾਂ ਦੀ ਹੁੰਦੀ,

'ਅੱਜ ਜਦੋਂ ਮੈਂ ਤੁਹਾਡੇ ਸਾਹਮਣੇ ਖੜਾ ਹਾਂ, ਸੱਚ ਪੁੱਛੋ ਤਾਂ ਮੈਂ ਡੋਲ ਰਿਹਾ ਹਾਂ। ਕੰਬ ਰਿਹਾ ਹਾਂ। ਦੁਬਿਧਾ 'ਚ ਹਾਂ। ਮੇਰੇ ਅੰਦਰ ਰੱਸਾਕਸ਼ੀ ਹੋ ਰਹੀ ਏ। ਮੂੰਹ ਖੋਲ੍ਹਣ ਨੂੰ ਦਿਲ ਕਰਦੈ, ਪਰ ਉਹਨੂੰ ਬੰਦ ਰੱਖਣ ਦੀਆਂ ਆਵਾਜ਼ਾਂ ਵੀ ਪੈਂਦੀਆਂ ਨੇ। ਮੇਰਾ ਹਾਲ ਰਾਵਣ ਦੇ ਭਰਾ ਭਬੀਸ਼ਨ ਵਰਗੈ। ਸੋਚ ਰਿਹਾ ਹਾਂ, ਸਾਕ ਦਾ ਸਾਥ ਦਿਆਂ ਕਿ ਸੱਚ ਦਾ। ਅੱਜ ਮੈਂ ਵੀ ਭਬੀਸ਼ਨ ਵਾਂਗ ਸੱਚ ਦਾ ਸਾਥ ਦੇਣ ਦਾ ਫ਼ੈਸਲਾ ਕੀਤੈ। ਮੈਂ ਵੀ ਰਾਮ ਨਾਲ ਟੁਰਾਂਗਾ, ਜੋ ਮੇਰਾ ਸਕਾ ਨਹੀਂ, ਜੋ ਮੇਰਾ ਕੁਝ ਨਹੀਂ ਲੱਗਦਾ।

'ਸਾਡੇ ਦੇਸ ਦੀ ਬੜੀਆਂ ਚੀਜ਼ਾਂ ਕਰਕੇ ਮਸ਼ਹੂਰੀ ਏ। ਤਾਜ ਮਹਿਲ ਕਰਕੇ। ਲਾਲ ਕਿਲ੍ਹੇ ਕਰਕੇ। ਕੁਤਬ ਸਾਹਿਬ ਦੀ ਲਾਠ ਕਰਕੇ। ਦੱਖਣ ਦੇ ਮਿਨਾਕਸ਼ੀ ਮੰਦਿਰ ਕਰਕੇ। ਹਰਿਮੰਦਰ ਸਾਹਿਬ ਕਰਕੇ। ਏਸ ਕਰਕੇ ਕਿ ਅਸੀਂ ਧਰਮ-ਨਿਰਪੇਖ ਹਾਂ। ਏਥੇ ਸਭ ਧਰਮ ਬਰਾਬਰ ਨੇ। ਏਸ ਕਰਕੇ ਵੀ ਕਿ ਅਸੀਂ ਤੇਜ਼ੀ ਨਾਲ ਤਰੱਕੀ ਕਰ ਰਹੇ ਹਾਂ। ਛੇਤੀ ਹੀ ਸਾਡਾ ਸ਼ੁਮਾਰ ਦੁਨੀਆਂ

ਦੀਆਂ ਮਹਾਂ-ਸ਼ਕਤੀਆਂ 'ਚ ਹੋਣ ਲੱਗ ਪਵੇਗਾ। ਏਸੇ ਤਰ੍ਹਾਂ ਹੀ ਬੜੀਆਂ ਚੀਜ਼ਾਂ ਕਰਕੇ ਸਾਡੇ ਦੇਸ ਦੀ ਬਦਨਾਮੀ ਵੀ ਹੁੰਦੀ ਏ। ਸਾਡੀ ਗ਼ਰੀਬੀ ਕਰਕੇ। ਸਾਡੀ ਭੁੱਖਮਰੀ ਕਰਕੇ। ਸਾਡੀ ਬੇ-ਘਰੀ ਕਰਕੇ। ਸਾਡੀ ਗੰਦਗੀ ਕਰਕੇ। ਜ਼ਾਤ-ਪਾਤ ਕਰਕੇ। ਤੇ ਸਾਡੇ ਭ੍ਰਿਸ਼ਟਾਚਾਰ ਕਰਕੇ। ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਅਸੀਂ ਦੁਨੀਆਂ 'ਚ ਪਹਿਲੇ ਨੰਬਰ 'ਤੇ ਤਾਂ ਨਹੀਂ, ਪਰ ਪਹਿਲੇ ਦੱਸਾਂ 'ਚ ਸਾਡਾ ਨਾਂ ਜ਼ਰੂਰ ਆਉਂਦੈ। ਜੇ ਅੱਜ ਤੁਸੀਂ ਮੈਨੂੰ ਪੁੱਛੋ ਕਿ ਭ੍ਰਿਸ਼ਟਾਚਾਰ ਦਾ ਤਾਜ ਮਹੱਲ ਕਿੱਥੇ ਏ, ਤਾਂ ਮੈਂ ਦੱਸ ਨਹੀਂ ਸਕਦਾ। ਕਾਰਨ ਇਹ ਹੈ ਕਿ ਇਹ ਬਣਵਾਇਆ ਏਸ ਤਰ੍ਹਾਂ ਗਿਐ ਕਿ ਉਹ ਹੁੰਦਾ ਤਾਂ ਹੈ, ਪਰ ਦਿੱਸਦਾ ਨਹੀਂ। ਓਹਲੇ ਰਹਿੰਦੈ। ਬੜੀਆਂ ਅਜੀਬ ਥਾਂਵਾਂ 'ਤੇ ਬਣਾਇਆ ਗਿਐ। ਉਹ ਸਵਿਟਜ਼ਰਲੈਂਡ 'ਚ ਹੋ ਸਕਦੈ। ਮਾਰੇਸ਼ਸ 'ਚ ਹੋ ਸਕਦੈ। ਕਿਸੇ ਦੂਰ-ਦੁਰੇਡੇ ਟਾਪੂ 'ਚ ਹੋ ਸਕਦੈ। ਇਹਨਾਂ ਥਾਂਵਾਂ ਤੇ ਦੁਨੀਆਂ ਦੇ ਭ੍ਰਿਸ਼ਟਾਚਾਰੀਆਂ ਨੇ ਆਪੋ ਆਪਣੇ ਤਾਜ ਮਹਿਲ ਬਣਾਏ ਹੋਏ ਨੇ। ਪਰ ਜੇ ਕਈ ਮੇਰੇ ਤੋਂ ਇਹ ਪੁੱਛੇ ਕਿ ਭਾਰਤ 'ਚ ਏਸ ਤਰ੍ਹਾਂ ਦਾ ਤਾਜ ਮਹਿਲ ਕਿਨ੍ਹੇ ਬਣਾਇਐ, ਤਾਂ ਇਹ ਮੈਂ ਦੱਸ ਸਕਦਾ ਹਾਂ। ਮੈਂ ਕੀ, ਇਹ ਤੁਸੀਂ ਵੀ ਦੱਸ ਸਕਦੇ ਹੋ। ਜਣਾ-ਖਣਾ ਦੱਸ ਸਕਦੈ। ਮੈਂ ਨਹੀਂ ਸਮਝਦਾ, ਕੋਈ ਨਾਂ ਲੈਣ ਦੀ ਲੋੜ ਏ। ਉਹਨੂੰ ਚਿਤਾਰੋ, ਤਾਂ ਤੁਆਡੀਆਂ ਅੱਖਾਂ ਸਾਹਵੇਂ ਉਹਦੀ ਸ਼ਕਲ ਆ ਜਾਵੇਗੀ।'

ਇਸ ਪਿੱਛੋਂ ਗੁਰਦਿਆਲ ਚੌਧਰੀਆਂ ਦੀ ਵੱਢੀਖੋਰੀ ਦੀ ਵਹੀ ਖੋਲ੍ਹ ਦੇਂਦਾ। ਹਰ ਮਦ ਪੜ੍ਹ ਕੇ ਸੁਣਾਉਂਦਾ ਤੇ ਅਖ਼ੀਰ ਇਹ ਕਹਿ ਕੇ ਭੋਗ ਪਾਉਂਦਾ,

'ਮੈਂ ਕਈ ਸਿਆਸੀ ਬੰਦਾ ਨਹੀਂ। ਨਾ ਹੀ ਮੈਂ ਏਥੋਂ ਦਾ ਉਮੀਦਵਾਰ ਹਾਂ। ਨਾ ਹੀ ਕਦੀ ਅੱਗੋਂ ਜਾ ਕੇ ਹੋਣੈਂ। ਜੋ ਏਥੇ ਉਮੀਦਵਾਰ ਹੈ, ਮੇਰਾ ਉਹ ਰਿਸ਼ਤੇਦਾਰ ਨਹੀਂ। ਦੋਸਤ ਨਹੀਂ। ਗਵਾਂਢੀ ਨਹੀਂ। ਮੇਰੇ ਪਿੰਡ ਜਾਂ ਸ਼ਹਿਰ ਦਾ ਨਹੀਂ। ਅਸੀਂ ਇਕ ਗੋਤ ਦੇ ਵੀ ਨਹੀਂ। ਏਸ ਲਈ ਜੇ ਤੁਸੀਂ ਉਹਨੂੰ ਵੋਟ ਨਾ ਵੀ ਪਾਵੋ ਤਾਂ ਮੈਨੂੰ ਕਈ ਫ਼ਰਕ ਨਹੀਂ ਪੈਣ ਲੱਗਾ। ਪਰ ਵੋਟ ਪਾਵੋ ਜ਼ਰੂਰ। ਆਪੇ ਸੋਚੋ, ਕਿਹਨੂੰ ਪਾਣੈਂ।'

ਏਸ ਪਿੱਛੋਂ ਗੁਰਦਿਆਲ ਦੀ ਕਾਲੀ ਜੀਪ ਅਗਲੀ ਮੀਟਿੰਗ ਲਈ ਨਿਕਲ ਪੈਂਦੀ।

ਸ਼ੁਰੂ-ਸ਼ੁਰੂ 'ਚ ਗੁਰਦਿਆਲ ਅਟਕ-ਅਟਕ ਕੇ ਬੋਲਦਾ। ਵਿਚ ਰੁਕ ਵੀ ਜਾਂਦਾ ਤੇ ਸੋਚਣ ਲੱਗਦਾ, ਕਿਹੜੀ ਗੱਲ ਕਹੇ ਤੇ ਕਿਹੜੀ ਅਣ-ਕਹੀ ਰਹਿਣ ਦੇਵੇ। ਦੁਪਹਿਰ ਤਕ ਉਹਦਾ ਝਾਕਾ ਲਹਿ ਗਿਆ। ਉਹਦੇ ਬੋਲਣ 'ਚ ਰਵਾਨੀ ਆ ਗਈ। ਇੰਜ ਬੋਲਣ ਲੱਗਾ, ਜਿਵੇਂ ਕਈ ਤਵਾ ਲੱਗਾ ਹੋਵੇ। ਟੇਪ ਜਾਂ ਕੋਈ ਸੀ-ਡੀ।

ਦੂਜੇ ਪਾਸਿਉਂ ਉਹਨੂੰ ਲਾਅਨਤਾਂ ਪੈਣ ਲੱਗੀਆਂ। ਚੌਧਰੀ ਦੀ ਪਾਰਟੀ ਦੇ ਬੁਲਾਰੇ ਉਹਨੂੰ ਚੁਫੇਰਗੜ੍ਹੀਆ, ਲੋਟਾ, ਤੋਤਾ-ਚਸ਼ਮ, ਨਾ-ਸ਼ੁਕਰਾ ਤੇ ਹੋਰ ਬੜਾ



ਕੁਝ ਕਹਿਣ ਲੱਗੇ। ਇਕ ਨੇ ਉਹਨੂੰ ਬੁੱਕਲ ਦਾ ਸੱਪ ਕਿਹਾ। ਇਕ ਨੇ ਉਹਨੂੰ ਮੀਰ ਜ਼ਾਫ਼ਰ ਸੱਦਿਆ। ਚੌਧਰੀ ਦੇ ਇਕ ਪੁਰਾਣੀ ਕਿਸਮ ਦੇ ਬੁਲਾਰੇ ਨੇ ਉਹਦਾ ਨਾਂ ਲੈ ਕੇ ਇਹ ਸ਼ੇਅਰ ਵੀ ਪੜ੍ਹਿਆ,

*ਇਸ ਘਰ ਕੋ ਆਗ ਲਗ ਗਈ, ਘਰ ਕੇ ਚਿਰਾਗ਼ ਸੇ*

ਇਕ ਹੋਰ ਬੁਲਾਰੇ ਨੇ ਗੁਰਦਿਆਲ ਦਾ ਰਾਸ਼ਟਰ ਦਲ ਨਾਲ ਪੁਰਾਣਾ ਸੰਬੰਧ ਵੀ ਖੋਜ ਕੱਢਿਆ ਤੇ ਇਹ ਸ਼ੇਅਰ ਪੜ੍ਹਿਆ, *ਪਹੁੰਚੀ ਵੁਹੀਂ ਪੇ ਖ਼ਾਕ, ਜਹਾਂ ਕਾ ਖ਼ਮੀਰ ਥਾ।* ਮਤਲਬ, ਮਿੱਟੀ ਅੰਤ ਓਥੇ ਹੀ ਸੁੱਟੀ ਗਈ, ਜਿੱਥੋਂ ਪੁੱਟੀ ਗਈ ਸੀ।

ਇਕ ਹੋਰ ਬੁਲਾਰੇ ਨੇ ਉਹਦੇ ਭਬੀਸ਼ਨ ਹੋਣ ਦੇ ਦਾਹਵੇ ਨੂੰ ਅੱਜ ਦੇ ਪ੍ਰਸੰਗ 'ਚ ਪੇਸ਼ ਕੀਤਾ ਤੇ ਆਖਿਆ, 'ਭਬੀਸ਼ਨ ਅਸੂਲਾਂ ਦਾ ਰਾਹੀ ਨਹੀਂ ਸੀ। ਦਲ-ਬਦਲੂ ਸੀ। ਲੋਟਾ ਸੀ। ਸੌਦੇਬਾਜ਼ ਸੀ। ਵੱਡੇ ਭਰਾ ਦਾ ਰਾਜ ਹਥਿਆਣਾ ਚਾਹੁੰਦਾ ਸੀ। ਉਹਨੇ ਰਾਮ ਨਾਲ ਸੌਦਾ ਕੀਤਾ। ਅੱਜ ਗੁਰਦਿਆਲ ਸਿੰਘ ਵੀ ਇਹੋ ਕੁਝ ਕਰ ਰਿਹੈ। ਉਹਨੇ ਅੰਦਰਖਾਨੇ ਰਾਸ਼ਟਰ ਦਲ ਨਾਲ ਕੋਈ ਸੌਦਾ ਕੀਤਾ ਹੋਇਐ। ਜੋ ਦਗ਼ਾ ਕਮਾ ਰਿਹੈ, ਉਹਦੀ ਕੀਮਤ ਵਸੂਲੇਗਾ।'

ਏਸ ਬੋਲ-ਬੁਲਾਰੇ ਦਾ ਨਤੀਜਾ ਇਹ ਨਿਕਲਿਆ ਕਿ ਗੁਰਦਿਆਲ ਦੇ ਜਲਸਿਆਂ ਦੀ ਰੌਣਕ ਵਧਣ ਲੱਗੀ। ਲੋਕ ਹੁਮ-ਹੁਮਾ ਪਹੁੰਚਣ ਲੱਗੇ। ਉਹਦੇ ਮੂੰਹੋਂ ਚੌਧਰੀ ਦੀਆਂ ਚੋਂਦੀਆਂ ਚੋਂਦੀਆਂ ਸੁਣ ਮਜ਼ਾ ਲੈਣ ਲੱਗੇ।

ਸ਼ੁਰੂ-ਸ਼ੁਰੂ 'ਚ ਹਲਕੇ ਦੀ ਹਵਾ ਚੌਧਰੀ ਦੇ ਕਿਸਾਨ ਕਰਾਂਤੀ ਦਲ ਦੇ ਹੱਕ 'ਚ ਸੀ। ਇਹ ਉਹਦਾ ਗੜ੍ਹ ਸੀ। ਮਰਹੂਮ ਪ੍ਰੋਫ਼ੈਸਰ ਦੱਤ ਏਥੋਂ ਦੋ ਲਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤਿਆ ਸੀ। ਜਦੋਂ ਪ੍ਰਚਾਰ ਖ਼ਤਮ ਹੋਇਆ, ਹਵਾ ਠਹਿਰੀ ਹਈ ਸੀ। ਨਾ ਏਧਰ ਵਗ ਰਹੀ ਸੀ, ਨਾ ਓਧਰ।

ਜਦੋਂ ਗੁਰਦਿਆਲ ਦੀ ਆਖ਼ਰੀ ਮੀਟਿੰਗ ਮੁੱਕੀ, ਸ਼ਾਮ ਦੇ ਪੰਜ ਵੱਜ ਚੁੱਕੇ ਸਨ। ਚੁਪ-ਚਾਂ ਹੋ ਗਈ ਸੀ। ਵਰਕਰ ਵੋਟ ਭੁਗਤਾਉਣ ਦਾ ਪ੍ਰਬੰਧ ਕਰਨ 'ਚ ਜੁੱਟਣ ਲੱਗੇ ਸਨ। ਉਹ ਆਪਣੀ ਜੀਪ 'ਚ ਬੈਠਾ ਤੇ ਵਾਪਸ ਦਿੱਲੀ ਨੂੰ ਹੋ ਪਿਆ। ਉਹਦਾ ਕੰਮ ਖ਼ਤਮ ਸੀ।

# ਮੁਬਾਰਕਾਂ

ਘਰ ਦੇ ਦੀਵੇ ਨੇ ਘਰ ਨੂੰ ਅੱਗ ਲਾ ਦਿਤੀ। ਘਰ ਸੜ ਕੇ ਸੁਆਹ ਹੋ ਗਿਆ।

ਚੌਧਰੀ ਦਾ ਕੁੜਮ ਹਾਰ ਗਿਆ। ਦੋ-ਚਾਰ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਨਹੀਂ, ਪੂਰੇ ਛੱਬੀ ਹਜ਼ਾਰ ਵੋਟਾਂ ਦੇ ਫ਼ਰਕ ਨਾਲ। ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਏਸ ਹਲਕੇ ’ਚ ਚੌਧਰੀ ਦੀ ਪਾਰਟੀ ਨੂੰ ਏਡਾ ਕੁਟਾਪਾ ਚੜ੍ਹੇਗਾ। ਓਥੇ ਸਾਰੀ ਕੈਬੀਨੈਟ ਬੈਠੀ ਰਹੀ ਸੀ। ਹਰ ਮੰਤਰੀ ਦੇ ਵੰਡੇ ਕੁਝ ਹੀ ਪਿੰਡ ਆਉਂਦੇ ਸਨ। ਫੇਰ ਵੀ ਹਾਰ ਹੋਈ। ਅਣਹੋਣੀ ਹੋ ਗਈ। ਗੁਰਦਿਆਲ ਦੀ ਚੜ੍ਹ ਮੱਚ ਗਈ। ਉਹਨੂੰ ਖੁਸ਼ੀ ਹੋਈ। ਆਸ ਬੱਝੀ। ਪਰ ਉਹ ਸਹਿਮ ਵੀ ਗਿਆ। ਚੌਧਰੀ ਨਾਲ ਉਮਰ ਭਰ ਦਾ ਵੈਰ ਪੈ ਗਿਆ ਸੀ। ਚੌਧਰੀ ਕਿੜ ਰੱਖਣ ਵਾਲਾ ਬੰਦਾ ਸੀ। ਵਾਰ ਕਰੇਗਾ, ਜਦੋਂ ਵੀ ਉਹਨੂੰ ਮੌਕਾ ਮਿਲਿਆ।

ਵੋਟਾਂ ਦੀ ਗਿਣਤੀ ਸਵੇਰੇ ਸ਼ੁਰੂ ਹਈ। ਪਹਿਲੇ ਰਾਊਂਡਾਂ ਵਿਚ ਚੌਧਰੀ ਦਾ ਕੁੜਮ ਅੱਗੇ ਰਿਹਾ। ਜਦੋਂ ਅੱਧੇ ਕੁ ਰਾਊਂਡ ਹੋ ਗਏ, ਉਹਦੀ ਬੜ੍ਹਤ ਘਟਣ ਲੱਗੀ। ਅਖ਼ੀਰ ਏਨੀ ਘਟੀ ਕਿ ਹਾਰ ਗਿਆ। ਸਥਿੱਤੀ ਕੋਈ ਬਾਰਾਂ ਕੁ ਵਜੇ ਸਪੱਸ਼ਟ ਹੋ ਗਈ।

ਲੱਗਦਾ ਸੀ, ਗੁਰਦਿਆਲ ਵਾਂਗ ਆਂਗਰੇ ਵੀ ਗਿਣਤੀ ’ਤੇ ਨਜ਼ਰ ਰੱਖ ਰਿਹਾ ਸੀ। ਨਤੀਜਾ ਨਿਕਲਦਿਆਂ ਹੀ ਉਹਦਾ ਫ਼ੋਨ ਆ ਗਿਆ।

‘ਗੁਰਦਿਆਲ, ਵਾਈ ਤੇਰੀ ਫ਼ਤਹਿ ਹੋਈ ਏ। ਮੁਬਾਰਕ ਹੋਵੇ ਤੈਨੂੰ। ਸਾਡੀ ਹਾਈ ਕਮਾਨ ਤੇਰੇ ’ਤੇ ਬੜੀ ਖੁਸ਼ ਏ।’ ਆਂਗਰੇ ਖਿੜਖਿੜਾ ਪਿਆ।

‘ਮਿਲੇ ਹੋ ਹਾਈ ਕਮਾਨ ਨੂੰ?’ ਗੁਰਦਿਆਲ ਨੇ ਓਸੇ ਦਮ ਪੁੱਛ ਲਿਆ।

‘ਨਹੀਂ ਯਾਰ, ਹਾਈ ਕਮਾਨ ਨੂੰ ਮਿਲਣਾ ਏਨਾ ਸੌਖਾ ਨਹੀਂ। ਏਨਾ ਪਤਾ ਲੱਗ ਗਿਐ ਕਿ ਉਹ ਖੁਸ਼ ਏ।’

‘ਕਿਸ ਤੋਂ ਪਤਾ ਲੱਗਾ ਜੇ?’ ਗੁਰਦਿਆਲ ਪੁੱਛੀ ਗਿਆ। ਹਾਈ ਕਮਾਨ ਦੇ ਸਲਾਹਕਾਰ ਤੋਂ?’

‘ਨਹੀਂ, ਸਲਾਹਕਾਰ ਦੇ ਸਲਾਹਕਾਰ ਤੋਂ। ਹੁਣੇ ਉਹਦਾ ਫ਼ੋਨ ਆਇਆ ਸੀ। ਤੂੰ ਜੋ ਕਮਾਲ ਕੀਤੈ, ਉਸਦਾ ਤੈਨੂੰ ਸਿਲਾ ਮਿਲੇਗਾ।’

‘ਕਦੋਂ ਕੁ?’

‘ਛੇਤੀ ਹੀ। ਪਰ ਏਨੀ ਛੇਤੀ ਵੀ ਨਹੀਂ। ਕੁਝ ਸਮਾਂ ਪੈਣ ਦੇਣਾ ਚਾਹੀਦੈ। ਨਹੀਂ ਤਾਂ ਲੱਗੇਗਾ, ਤੂੰ ਕਈ ਸੌਦਾ ਕੀਤਾ ਸੀ। ਤੂੰ ਆਪ ਸਮਝਦਾਰ ਏਂ।



ਬਹੁਤੀ ਕਾਹਲੀ ਨਹੀਂ ਕਰਨੀ ਚਾਹੀਦੀ। ਅਜੇ ਤੇਰੀ *ਐਕਸਟੈਂਸ਼ਨ* ਤਾਂ ਚਲ ਰਹੀ ਏ।’

‘ਸਮਝਨਾਂ, ਆਂਗਰੇ ਸਾਹਿਬ। ਮੈਂ ਤਾਂ ਅਗਲੀ *ਐਕਸਟੈਂਸ਼ਨ* ਦੀ ਅਰਜ਼ੀ ਵੀ ਪਾ ਦਿੱਤੀ ਹੋਈ ਏ।’

‘ਫੇਰ ਤਾਂ ਕੰਮ ਹੋਰ ਵੀ ਆਰਾਮ ਨਾਲ ਹੋ ਸਕਦੈ।’

ਗੁਰਦਿਆਲ ਨੂੰ ਲੱਗਾ, ਆਂਗਰੇ ਅਵੇਸਲਾ ਹੋਣ ਨੂੰ ਫਿਰਦਾ ਸੀ। ਉਹਨੂੰ ਤਾੜਨ ਦੀ ਕੀਤੀ,

‘ਆਂਗਰੇ ਸਾਹਿਬ, ਗੱਡੀ ਖਲ੍ਹਾਰ ਹੀ ਨਾ ਛੱਡਣਾ। ਧਿਆਨ ਰਖਣਾ, ਗ਼ਰੀਬ-ਮਾਰ ਨਾ ਹੋ ਜਾਏ। ਵੇਖੋ, ਚੌਧਰੀ ਨਾਲ ਤਾਂ ਵੈਰ ਪੈ ਗਿਐ ਮੇਰਾ। ਬੜੀ ਬਦਨਾਮੀ ਕੀਤੀ ਏ ਉਹਦੀ ਮੈਂ। ਮੈਨੂੰ ਵੀ ਬੜੀਆਂ ਲਾਅਨਤਾਂ ਪਈਆਂ ਨੇ। ਜੋ ਕੁਝ ਮੈਨੂੰ ਕਿਹਾ ਗਿਐ, ਸੁਣੋਗੇ ਤਾਂ ਕੰਬ ਉਠੋਗੇ।’

‘ਉਹ ਛੱਡ ਯਾਰ’, ਆਂਗਰੇ ਨੇ ਹੱਸ ਛੱਡਿਆ। ‘ਲਾਅਨਤਾਂ ਦਾ ਕੀ ਏ। ਨਾ ਸੁਣ। ਕੰਨ ਬੰਦ ਕਰ ਲੈ। ਏਸ ਦੇਸ ’ਚ ਤੂੰ ਇੱਕੋ ਨਹੀਂ, ਜਿਹਨੂੰ ਲਾਅਨਤਾਂ ਪਈਆਂ ਨੇ। ਇਹ ਹੁਣੇ ਜਿਹੜੀਆਂ ਪੰਜ ਰਾਜਾਂ ’ਚ ਚੋਣਾਂ ਹੋਈਆਂ ਨੇ, ਉਹਨਾਂ ’ਚ ਜਿਹਨੂੰ ਆਪਣੀ ਪਾਰਟੀ ਦੀ ਟਿਕਟ ਨਾ ਮਿਲੀ, ਉਹ ਦੂਜੀ ਪਾਰਟੀ ਵਲੋਂ ਖਲੋ ਗਿਆ ਤੇ ਉਹਨੇ ਆਪਣੀ ਪਹਿਲੀ ਪਾਰਟੀ ਦੇ ਪੋਲ ਖੋਲ੍ਹ ਦਿੱਤੇ। ਉਹਨਾਂ ਦੀ ਸੋਚ, ਉਹਨਾਂ ਨੂੰ ਕਿੰਨੀਆਂ ਲਾਅਨਤਾਂ ਪਈਆਂ ਹੋਣਗੀਆਂ। ਉਹਨਾਂ ਦੀ ਸਿਹਤ ਨੂੰ ਤਾਂ ਕੋਈ ਫ਼ਰਕ ਨਹੀਂ ਪਿਆ। ਤੇਰੀ ਸਿਹਤ ਨੂੰ ਵੀ ਨਹੀਂ ਪੈਣਾ ਚਾਹੀਦਾ। ਸਾਡੇ ਦੇਸ ’ਚ ਇਹ ਹੁੰਦਾ ਹੀ ਰਹਿੰਦੈ। ਕੋਈ ਦਿਲ ਨੂੰ ਨਹੀਂ ਲਾਂਦਾ।’

ਗੁਰਦਿਆਲ ਇਹ ਸਭ ਸਮਝਦਾ ਸੀ। ਪਹਿਲੋਂ ਵੀ ਸੁਣ ਚੁੱਕਾ ਸੀ। ਫੇਰ ਵੀ ਉਹ ਤਾਕੀਦ ਕਰਨੋਂ ਨਾ ਰਿਹਾ,

‘ਕੋਈ ਗੱਲ ਨਹੀਂ ਆਂਗਰੇ ਸਾਹਿਬ, ਲਾਅਨਤਾਂ ਪੈ ਗਈਆਂ ਤੇ ਮੈਂ ਖਾ ਲਈਆਂ। ਤੁਸੀਂ ਇਹ ਧਿਆਨ ਰੱਖਣਾ ਕਿ ਮੇਰੇ ਨਾਲ ਹੋਇਆ ਵਾਇਦਾ ਪੂਰਾ ਹੋਵੇ। ਇਹ ਨਾ ਹੋਵੇ ਕਿ ਮੈਂ ਸੂਲੀ ਵੀ ਚੜ੍ਹ ਜਾਵਾਂ ਤੇ ਮੈਨੂੰ ਕੋਈ ਸ਼ਹੀਦ ਵੀ ਨਾ ਆਖੇ।’

ਆਂਗਰੇ ਜ਼ੋਰ ਦੀ ਹੱਸਿਆ ਤੇ ਫੇਰ ਦਿਲਾਸਾ ਦੇਣ ਲੱਗਾ,

‘ਉਹ ਨਹੀਂ ਯਾਰ! ਤੂੰ ਸ਼ਹੀਦ ਹੀ ਸ਼ਹੀਦ ਏਂ ਤੇ ਸੂਲੀ ਵੀ ਨਹੀਂ ਚੜ੍ਹਨ ਲੱਗਾ। ਫ਼ਿਕਰ ਨਾ ਕਰ। ਮਹੀਨਾ ਕੁ ਉਡੀਕ। ਤੇਰੀ ਫ਼ਾਈਲ ਨੂੰ ਧੱਕਾ ਮਾਰਦਾ ਰਹਾਂਗਾ।’

ਆਂਗਰੇ ਨੇ ਫ਼ੋਨ ਬੰਦ ਕਰ ਦਿੱਤਾ। ਗੁਰਦਿਆਲ ਨੂੰ ਕੁਝ ਹੋਰ ਕਹਿਣ ਦਾ ਮੌਕਾ ਨਾ ਦਿੱਤਾ।

#

ਗੁਰਦਿਆਲ ਖਾਣਾ ਖਾ ਕੇ ਲੇਟਿਆ ਹੀ ਸੀ ਕਿ ਹਜ਼ੂਰ ਸਿੰਘ ਦਾ ਫ਼ੋਨ ਆ ਗਿਆ। ਉਹਨੇ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ,

'ਦਿਆਲ ਤੂੰ ਤਾਂ ਟੇਸ਼ਨ ਚੁੱਕ ਦਿੱਤੈ', ਓਸ ਆਵਾਜ਼ ਲਮਕਾ ਕੇ ਆਖਿਆ। 'ਤਹੱਲਕਾ ਮੱਚ ਗਿਐ। ਬੱਲੇ-ਬੱਲੇ ਹੋ ਗਈ ਏ ਤੇਰੀ...'

'ਗਾਲ੍ਹਾਂ ਵੀ ਚੰਗੀਆਂ ਖਾਧੀਆਂ ਨੇ,' ਗੁਰਦਿਆਲ ਵਿੱਚੋਂ ਬੋਲ ਪਿਆ। ਉਹਨੇ ਕੋਈ ਖੁਸ਼ੀ ਨਾ ਦਰਸਾਈ। 'ਚੌਧਰੀ ਦੇ ਮੱਥੇ ਲੱਗਣ ਜੋਗਾ ਨਹੀਂ ਰਿਹਾ...'

'ਓਏ, ਤੂੰ ਕੀ ਕਰਨੈਂ ਉਹਦੇ ਮੱਥੇ ਲੱਗ ਕੇ!' ਹਜ਼ੂਰ ਸਿੰਘ ਨੇ ਝਿੜਕ ਦਿੱਤਾ। 'ਇਹ ਦੱਸ, ਜਦੋਂ ਮੱਥੇ ਲੱਗਾ ਸੈਂ, ਕੀ ਮਿਲਿਆ ਸਾਈ?'

'ਯਾਰ, ਜੇ ਮਿਲ ਜਾਂਦਾ ਤਾਂ ਇਹ ਨੌਬਤ ਥੋੜੀ ਆਣੀ ਸੀ।'

'ਚੌਧਰੀ ਨੂੰ ਭੁੱਲ ਜਾ। ਇਹ ਦੱਸ, ਇਹ ਪਾਣਗੇ ਤੇਰੇ ਪੱਲੇ ਕਿ ਨਹੀਂ ਕੁਝ, ਜਿਨ੍ਹਾਂ ਦਾ ਤੂੰ ਉਮੀਦਵਾਰ ਜਿਤਾਇਐ?'

'ਕਹਿੰਦੇ ਤਾਂ ਨੇ।'

'ਉਹ ਕੀ ਕਹਿੰਦੇ ਨੇ?'

'ਅਜੇ ਕੁਝ ਪਤਾ ਨਹੀਂ ਲੱਗ ਰਿਹਾ।' ਗੁਰਦਿਆਲ ਨੇ ਭੇਤ ਨਾ ਦਿੱਤਾ।

'ਰਾਜ ਸਭਾ ਦਾ ਤਾਂ ਬੂਹਾ ਬੰਦ ਏ। ਅਜੇ ਦੋ ਸਾਲ ਹੋਰ ਨਹੀਂ ਖੁੱਲ੍ਹਣਾ...'

'ਯਾਰ, ਏਨਾ ਚਿਰ ਮੈਂ ਨਹੀਂ ਉਡੀਕ ਸਕਦਾ। ਜੇ ਤੱਤੇ-ਤਾਅ ਕੁਝ ਨਾ ਹੋਇਆ ਤਾਂ ਫੇਰ ਕੁਝ ਨਹੀਂ ਹੋਣਾ।'

'ਹੋਵੇਗਾ ਕਿਉਂ ਨਹੀਂ ਯਾਰ', ਹਜ਼ੂਰ ਸਿੰਘ ਨੇ ਦਿਲਾਸਾ ਦਿੱਤਾ। 'ਦੇਣਗੇ ਕੁਝ ਨਾ ਕੁਝ। ਕੇਂਦਰ ਕੋਲ ਦੇਣ ਨੂੰ ਬੜਾ ਕੁਝ ਹੁੰਦੈ।'

ਗੁਰਦਿਆਲ ਹਜ਼ੂਰ ਸਿੰਘ ਦਾ ਧਿਆਨ ਏਧਰੋਂ ਹਟਾਉਣਾ ਚਾਹੁੰਦਾ ਸੀ। ਉਹ ਫੇਰ ਚੌਧਰੀ ਨੂੰ ਲੈ ਬੈਠਾ,

'ਹਜ਼ੂਰੇ, ਚੌਧਰੀ ਤਾਂ ਕਿੜ ਰੱਖੇਗਾ।'

'ਉਹ ਦਫ਼ਾ ਕਰ ਚੌਧਰੀ ਨੂੰ! ਉਹ ਕੋਈ ਬੰਦਾ ਏ! ਰਿਉੜੀਆਂ ਵੰਡਣ ਲਗਦੈ, ਤਾਂ ਸਾਰੀਆਂ ਆਪਣਿਆਂ ਨੂੰ ਹੀ ਦਈ ਜਾਂਦੈ। ਵੰਡਦਾ ਵੀ ਥੋੜੀਆਂ ਜਿਹੀਆਂ। ਬਹੁਤੀਆਂ ਆਪਣੇ ਕੋਲ ਹੀ ਰੱਖੀ ਜਾਂਦੈ। ਦਿਆਲ, ਚੌਧਰੀ ਵਰਗੇ ਲੋਕ ਸਿਰਫ਼ ਆਪਣਾ ਹਿਤ ਹੀ ਵੇਖਦੇ ਨੇ। ਸਿਰਫ਼ ਆਪਣਾ। ਸਭ ਨੂੰ ਬੇ- ਅਸੂਲੇ ਕਹਿੰਦੇ ਨੇ, ਭਾਵੇਂ ਆਪਣਾ ਉਹਨਾਂ ਦਾ ਅਸੂਲ ਕੋਈ ਨਹੀਂ ਹੁੰਦਾ। ਆਪ ਚੌਧਰੀ ਨੇ ਸਿਆਸਤ ਵਿਚ ਤੇ ਸਿਆਸਤ ਤੋਂ ਬਾਹਰ ਬੜੀਆਂ ਕਲਾਬਾਜ਼ੀਆਂ ਖਾਧੀਆਂ ਹੋਈਆਂ ਨੇ।'

ਫੇਰ ਹਜ਼ੂਰ ਸਿੰਘ ਨੇ ਚੌਧਰੀ ਦੀ ਪੂਰੀ ਜ਼ਿੰਦਗੀ ਦਾ ਪਟਾਰਾ ਖੋਲ੍ਹ ਦਿਤਾ। ਅਖ਼ੀਰ ਗੁਰਦਿਆਲ ਨੂੰ ਤਸੱਲੀ ਦਿੱਤੀ,



'ਚੌਧਰੀ ਦੀ ਚਿੰਤਾ ਲਾਹ ਦੇ। ਉਹਦਾ ਨਿੰਬੂ ਨੁੱਚੜ ਗਿਐ। ਆਖ਼ਰੀ ਟੇਪਾ ਤੇਰੇ ਵਾਲੇ ਹਲਕੇ 'ਚ। ਅਗਲੀਆਂ ਚੋਣਾਂ 'ਚ ਉਹਨੇ ਚੌਫਾਲ ਡਿੱਗਣੈਂ। ਉਹਨੂੰ ਫੇਰ ਕਿਸੇ ਨਹੀਂ ਪੁੱਛਣਾ। ਉਹਦੀ ਥਾਂ ਇਤਿਹਾਸ ਦੇ ਕੂੜੇਘਰ 'ਚ ਹੋਏਗੀ।'

ਹਜ਼ੂਰ ਸਿੰਘ ਨੇ ਫ਼ੈਸਲਾ ਸੁਣਾ ਦਿੱਤਾ। ਉਹਦੇ ਲਹਿਜੇ 'ਚ ਕੁੜਿੱਤਣ ਸੀ। ਲੱਗਦਾ ਸੀ, ਕਿਸੇ ਵੇਲੇ ਚੌਧਰੀ ਨੇ ਹਜ਼ੂਰ ਸਿੰਘ ਨਾਲ ਵੀ ਕੋਈ ਹੱਥ ਖੇਡਿਆ ਹੋਇਆ ਸੀ ਤੇ ਓਦੋਂ ਦਾ ਰੋਸਾ ਹੁਣ ਫੇਰ ਨਿਕਲ ਆਇਆ ਸੀ।

ਗੁਰਦਿਆਲ ਨੇ ਚੌਧਰੀ ਨੂੰ ਏਥੇ ਹੀ ਰਹਿਣ ਦਿੱਤਾ ਤੇ ਵਿਸ਼ਾ ਬਦਲ ਲਿਆ। ਉਸ ਪੁੱਛਿਆ,

'ਹਜ਼ੂਰੇ, ਚੰਡੀਗੜ੍ਹ ਗਿਆ ਸੈਂ? ਮਿਲਿਆ ਏਂ ਪਾਰਸ ਨੂੰ?'

'ਮਿਲਿਆ ਸਾਂ। ਦਵਾਲ ਨਹੀਂ ਸੀ ਕੁਝ। ਸਾਰਾ ਕੁਝ ਹੁਣ ਸਾਹਿਬਜ਼ਾਦੇ ਹੱਥ ਏ। ਕਹਿੰਦਾ ਸੀ, ਹਰਿਆਣੇ ਜਾਂ ਯੂ-ਪੀ 'ਚ ਕੇਸਰੀ ਦਲ ਦਾ ਇੰਚਾਰਜ ਬਣ ਜਾ।'

'ਫੇਰ ਤੂੰ ਕੀ ਕਿਹਾ?'

'ਯਾਰ, ਮੈਂ ਕੀ ਕਹਿਣਾ ਸੀ। ਮੈਂ ਕੋਈ ਕਮਲਾ ਹਾਂ। ਓਥੇ ਕਿਹੜਾ ਦਲ ਏ, ਜਿਹਦੀ ਮੈਂ ਇੰਚਾਰਜੀ ਕਰਨੀ ਏ। ਮੈਂ ਆਖ ਦਿਤਾ, ਪਾਤਸ਼ਾਹੋ, ਪੰਜਾਬ 'ਚ ਜਦੋਂ ਕਦੀ ਕੋਈ ਉਪ-ਚੋਣ ਹੋਵੇ, ਮੈਨੂੰ ਖੜਾ ਕਰ ਦਿਉ। ਹਾਰਾਂ ਜਿੱਤਾਂ, ਇਹ ਮੇਰੀ ਕਿਸਮਤ। ਮੈਂ ਤਾਂ ਏਥੇ, ਆਪ ਦੀ ਛਤਰ ਛਾਯਾ ਹੇਠ, ਪੰਜਾਬ 'ਚ ਵਿਦਿਆ ਦਾ ਨਕਸ਼ਾ ਬਦਲਣਾ ਚਾਹੁਨਾਂ। ਉਹਦਾ ਮੌਕਾ ਦਿਓ। ਓਥੇ ਰੱਖੋ, ਜਿੱਥੇ ਮੈਂ ਇਹ ਕੰਮ ਕਰ ਸਕਾਂ।'

'ਹਜ਼ੂਰੇ, ਇਹਦੇ ਲਈ ਤਾਂ ਉਹਨੇ ਹੋਰ ਬੰਦਾ ਲਾਇਆ ਹੋਇਐ। ਤੇਰੇ ਲਈ ਉਹਨੂੰ ਥੋੜਾ ਲਾਹ ਦੇਗਾ!'

'ਪਤਾ ਏ ਮੈਨੂੰ।'

'ਫੇਰ ਹੁਣ ਕੀ ਕਰ ਰਿਹੈਂ?'

'ਕੁਝ ਖ਼ਾਸ ਨਹੀਂ। ਨਸ਼ੇ ਛੁਡਾਣ ਦਾ ਕੰਮ ਕਰੀ ਜਾ ਰਿਹਾਂ। ਸੁਜਾਨਗੜ੍ਹ 'ਚ ਇਕ ਛੋਟਾ ਜਿਹਾ ਦਫ਼ਤਰ ਬਣਾਇਆ ਹੋਇਐ। ਮਹੀਨੇ 'ਚ ਦੋ-ਚਾਰ ਦਿਨ ਓਥੇ ਲਾ ਆਉਨਾਂ। ਇਲਾਕੇ ਦੇ ਲੋਕਾਂ ਨੂੰ ਮੇਰੀ ਸ਼ਕਲ ਦਿੱਸਦੀ ਰਹਿੰਦੀ ਏ।'

ਹਜ਼ੂਰ ਸਿੰਘ ਬੜੇ ਵਿਚਾਰਿਆਂ ਵਾਂਗ ਬੋਲ ਰਿਹਾ ਸੀ। ਨਿਰਾਸ ਲੱਗਦਾ ਸੀ।

'ਯਾਰ, ਕਦੀ ਦਿੱਲੀ ਆ', ਗੁਰਦਿਆਲ ਨੇ ਸੱਦਾ ਦਿੱਤਾ।

'ਵੇਖੋ, ਕਦੋਂ ਮੌਕਾ ਬਣਦੈ। ਤੂੰ, ਦਿਆਲ, ਧਿਆਨ ਰੱਖੀਂ। ਇਹ ਬਟੇਰਾ, ਜਿਹੜਾ ਤੇਰੇ ਪੈਰਾਂ ਹੇਠ ਆਇਆ ਹੋਇਐ, ਇਹਨੂੰ ਨਿਕਲਣ ਨਾ ਦਈਂ।'

ਇਹ ਤਾੜਨਾ ਕਰ ਹਜ਼ੂਰ ਸਿੰਘ ਨੇ ਫ਼ੋਨ ਬੰਦ ਕਰ ਦਿਤਾ।

#

ਹੁਣ ਤਕ ਗੁਰਦਿਆਲ ਦੀ ਖ਼ਬਰ ਸਭ ਥਾਂ ਪਹੁੰਚ ਚੁੱਕੀ ਸੀ। ਬਤਰੇ ਨੂੰ ਵੀ। ਉਹ ਵੈਸੇ ਵੀ ਕੰਨ ਖੋਲ੍ਹ ਕੇ ਰਖਦਾ ਸੀ। ਉਹਨੂੰ ਤਾਂ ਇਹ ਵੀ ਖੁੜਕ ਪਈ ਸੀ ਕਿ ਇਹ ਸਾਰੀ ਆਂਗਰੇ ਦੀ ਕਾਰਸਤਾਨੀ ਸੀ। ਜ਼ਰੂਰ ਕਈ ਸੌਦਾ ਹੋਇਆ ਸੀ, ਜਿਸਦਾ ਉਹਦੇ ਤੋਂ ਲੁਕਾਅ ਰੱਖਿਆ ਗਿਆ ਸੀ। ਗੁਰਦਿਆਲ ਨੂੰ ਮੁਬਾਰਕ ਦੇਣੀ ਵੀ ਬਣਦੀ ਸੀ ਤੇ ਉਲਾਂਭਾ ਦੇਣਾ ਵੀ। ਉਹਨੇ ਵੀ ਗੁਰਦਿਆਲ ਨੂੰ ਫ਼ੋਨ ਕੀਤਾ,

'ਦਿਆਲ, ਮਾਰ ਲਿਆ ਹੀ ਨਾ ਮੋਰਚਾ ਫੇਰ!' ਉਹਦੀ ਆਵਾਜ਼ ਵਿਚ ਖੁਸ਼ੀ ਵੀ ਸੀ ਤੇ ਗਿਲਾ ਵੀ।

'ਹਾਂ, ਰਤਨ, ਪਰ ਮਾਰਿਆ ਤੇਰੇ ਅਸ਼ੀਰਵਾਦ ਨਾਲ ਹੀ ਏ।' ਗੁਰਦਿਆਲ ਕੁਝ ਝੇਂਪ ਗਿਆ।

'ਕੀ ਗੱਲ ਕਰਨੈਂ, ਯਾਰ, ਤੂੰ। ਮੇਰਾ ਅਸ਼ੀਰਵਾਦ ਤੂੰ ਕਦੋਂ ਲਿਆ ਸੀ, ਮੈਂ ਤਾਂ ਤੈਨੂੰ ਹੋਰ ਪਾਸੇ ਪਾਇਆ ਸੀ।'

'ਰਤਨ, ਪਿਆ ਤਾਂ ਓਸੇ ਪਾਸੇ ਸਾਂ। ਮੁਆਫ਼ ਕਰੀਂ। ਮੈਂ ਮਾੜਾ ਕੰਮ ਕੀਤੈ। ਲੋਕ ਸਭਾ 'ਚ ਤੁਹਾਡਾ ਇਕ ਵੋਟ ਘਟਾ ਦਿੱਤੈ।'

ਚੌਧਰੀ ਦੀ ਪਾਰਟੀ ਬਤਰੇ ਦੀ ਪਾਰਟੀ ਵਾਲੇ ਸਾਂਝੇ ਮੋਰਚੇ ਵਿੱਚ ਹੀ ਸੀ। ਉਹਦਾ ਘਾਟਾ ਉਹਨਾਂ ਨੂੰ ਪੈਂਦਾ ਸੀ। ਪਰ ਬਤਰੇ ਨੂੰ ਇਹਦੀ ਪਰਵਾਹ ਨਹੀਂ ਸੀ।

'ਉਹ ਯਾਰ, ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਇਕ ਹੋਰ ਘਟ ਗਿਆ ਤਾਂ ਕੀ। ਅਸੀਂ ਪਹਿਲੋਂ ਵੀ ਕਾਫ਼ੀ ਘਟ ਹਾਂ। ਤੂੰ ਇਹ ਦੱਸ ਮੈਨੂੰ, ਤੂੰ ਆਂਗਰੇ ਨੂੰ ਮਿਲਣ ਤੋਂ ਬਾਅਦ ਮੈਨੂੰ ਦੱਸਿਆ ਕਿਉਂ ਨਹੀਂ ਸੀ?'

'ਯਾਰ, ਉਹਨੇ ਮਨ੍ਹਾਂ ਕਰ ਦਿੱਤਾ ਸੀ। ਕਹਿੰਦਾ ਸੀ, ਬਤਰੇ ਨੂੰ ਨਾ ਦੱਸੀਂ। ਭਾਨੀ ਵੱਜ ਜਾਏਗੀ।'

'ਠੀਕ ਕਿਹਾ ਸੀ ਉਹਨੇ', ਬਤਰੇ ਨੇ ਮੰਨ ਲਿਆ, 'ਜੇ ਤੂੰ ਮੈਨੂੰ ਦੱਸ ਦੇਂਦਾ, ਮੈਂ ਧਰਮ-ਸੰਕਟ 'ਚ ਪੈ ਜਾਣਾ ਸੀ। ਦਿਆਲ, ਤੈਨੂੰ ਪਤੈ, ਮੈਂ ਆਪਣੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਹਾਂ। ਆਪਣੀ ਜਾਨ ਮੈਂ ਉਸਦੇ ਨਾਂ ਲਾਈ ਹੋਈ ਏ। ਮੈਂ ਪਾਰਟੀ ਨੂੰ ਦੱਸ ਦੇਣਾ ਸੀ ਤੇ ਸਾਡੇ ਲੀਡਰਾਂ ਨੇ ਚੌਧਰੀ ਨੂੰ ਖ਼ਬਰ ਕਰ ਦੇਣੀ ਸੀ। ਫੇਰ ਤੇਰਾ ਕੰਮ ਨਹੀਂ ਸੀ ਹੋਣਾ।'

ਗੁਰਦਿਆਲ ਨੂੰ ਸ਼ਰਮਿੰਦਗੀ ਮਹਿਸੂਸ ਹਈ। ਉਸਨੇ ਰਤਨ ਤੋਂ ਮੁਆਫ਼ੀ ਮੰਗੀ।

'ਰਤਨ, ਮੈਥੋਂ ਭੁੱਲ ਹੋ ਗਈ ਏ।'



'ਚਲ ਤੈਨੂੰ ਮੁਆਫ਼ ਵੀ ਕੀਤਾ ਤੇ ਤੇਰਾ ਸ਼ੁਕਰੀਆ ਵੀ ਕੀਤਾ, ਤੂੰ ਮੈਨੂੰ ਧਰਮ-ਸੰਕਟ 'ਚ ਨਹੀਂ ਪਾਇਆ।'

ਗੁਰਦਿਆਲ ਨੂੰ ਤਸੱਲੀ ਹੋਈ। ਉਹ ਹੋਰ ਖੁੱਲ੍ਹ ਪਿਆ।

'ਰਤਨ, ਇਕ ਫ਼ਿਕਰ ਏ ਮੈਨੂੰ। ਮੈਂ ਐਵੇਂ ਬੈਠੇ-ਬਿਠਾਏ ਚੌਧਰੀ ਨਾਲ ਦੁਸ਼ਮਨੀ ਪਾ ਲਈ ਏ।'

ਬਤਰਾ ਜ਼ੋਰ ਦੀ ਹੱਸਿਆ।

'ਉਹ ਬੈਠੇ-ਬਿਠਾਏ ਨਹੀਂ, ਨੱਠ-ਭੱਜ ਕੇ,' ਉਹਨੇ ਮਜ਼ਾਕ ਕੀਤਾ। 'ਐਵੇਂ ਚਿੰਤਾ ਨਾ ਕਰ, ਸਿਆਸਤ 'ਚ ਉਮਰ ਭਰ ਦੀਆਂ ਦੁਸ਼ਮਨੀਆਂ ਨਹੀਂ ਪੈਂਦੀਆਂ। ਜੋੜ-ਤੋੜ ਹੁੰਦੇ ਰਹਿੰਦੈ ਨੇ। ਕਦੀ ਏਧਰ ਹੋਈਦੈ ਤੇ ਕਦੀ ਓਧਰ। ਤੂੰ ਦੁਆਲੇ ਝਾਤੀ ਮਾਰ ਤੇ ਵੇਖ। ਜੋ ਅੱਜ ਦੋਸਤ ਨੇ, ਕਲ੍ਹ ਦੁਸ਼ਮਨ ਸਨ। ਇਹੋ ਜਿਹੇ ਲੋਕ ਵੀ ਨੇ, ਜਿਹੜੇ ਦਿਨੇ ਦੋਸਤ ਨੇ ਤੇ ਰਾਤੀਂ ਦੁਸ਼ਮਨ। ਪੱਛਮੀ ਉੱਤਰ ਪ੍ਰਦੇਸ਼ ਦਾ ਉਹ ਆਗੂ ਦਿਸਦਾ ਹੀ ਨਾ? ਇਕ ਉਹ ਵੇਲਾ ਸੀ, ਜਦੋਂ ਉਹ ਆਪਣੇ ਤਿੰਨ ਵੋਟ ਹਾਕਮ ਪਾਰਟੀ ਦੇ ਹੱਕ 'ਚ ਭੁਗਤਾਣ ਨੂੰ ਤਿਆਰ ਨਹੀਂ ਸੀ। ਅੱਜ ਉਹ ਮੰਤਰੀ-ਮੰਡਲ 'ਚ ਬਿਰਾਜਮਾਨ ਏਂ। ਰੋਜ਼ ਟੀ-ਵੀ 'ਤੇ ਬੋਲ ਰਿਹਾ ਹੁੰਦੈ। ਅੱਖ ਵੀ ਨਹੀਂ ਝਮਕਦਾ। ਖੱਬੀ ਧਿਰ ਨੂੰ ਵੇਖ। ਇਕ ਵੇਲੇ ਸਾਨੂੰ ਅਛੂਤ ਸਮਝਦੀ ਸੀ। ਅੱਜ ਉਹ, ਘੱਟੋ ਘਟ ਪਾਰਲੀਮੈਂਟ 'ਚ, ਸਾਡੇ ਨਾਲ ਸੁਰ ਮੇਲ ਕੇ ਚਲਦੀ ਏ। ਤੂੰ ਐਵੇਂ ਨਾ ਝੂਰ ਪਿਆ। ਸਭ ਠੀਕ ਹੋ ਜਾਏਗਾ ਸਮੇਂ ਨਾਲ...'

ਬਤਰੇ ਨੂੰ ਮਜ਼ਾਕ ਸੁੱਝਿਆ। ਹੱਸ ਕੇ ਕਹਿਣ ਲੱਗਾ,

'ਦਿਆਲ, ਜੇ ਚੌਧਰੀ ਤੈਨੂੰ ਆਪਣੀ ਗਾਂ ਦਾ ਦੁੱਧ ਨਾ ਦੇਵੇ ਤਾਂ *ਮਦਰ ਡੇਅਰੀ* ਦਾ ਪੀ ਲਿਆ ਕਰੀਂ...'

ਗੁਰਦਿਆਲ ਨੂੰ ਵੀ ਹਾਸਾ ਆ ਗਿਆ। ਓਸ ਜਵਾਬ ਦਿੱਤਾ,

'ਦੁੱਧ ਤਾਂ ਯਾਰ, ਮੈਂ ਪਹਿਲੋਂ ਹੀ *ਮਦਰ ਡੇਅਰੀ* ਦਾ ਪੀਨਾਂ। ਉਹ ਵੀ ਸਪਰੇਟਾ। ਫ਼ੈਟ ਨਹੀਂ ਸੁਖਾਂਦੀ ਮੈਨੂੰ।'

ਫੇਰ ਗੁਰਦਿਆਲ ਇਕਦਮ ਗੰਭੀਰ ਹੁੰਦਾ ਬੋਲਿਆ,

'ਯਾਰ, ਇਕ ਚਿੰਤਾ ਤਾਂ ਲੱਗੀ ਹੀ ਰਹਿਣੀ ਏ।'

'ਕਾਹਦੀ?'

'ਇਹ ਆਂਗਰੇ ਨਾ ਮੁੱਕਰ ਜਾਏ।'

ਬਤਰਾ ਵੀ ਗੰਭੀਰ ਹੋ ਗਿਆ। ਸਮਝਾਉਣ ਲੱਗਾ,

'ਦਿਆਲ, ਆਂਗਰੇ ਦੇ ਆਪਣੇ ਹੱਥ ਕੁਝ ਨਹੀਂ। ਉਹਦੀ ਪਾਰਟੀ 'ਚ ਸਾਰਾ ਕੁਝ ਹਾਈ ਕਮਾਨ ਦੇ ਹੱਥ ਹੁੰਦੈ। ਜੇ ਉਹਨੇ ਪਹਿਲੋਂ ਹਾਈ ਕਮਾਨ ਤੋਂ ਹਾਂ ਕਰਾਈ ਹੋਈ ਏ, ਤਾਂ ਕੋਈ ਖ਼ਤਰਾ ਨਹੀਂ।'

'ਕਹਿੰਦਾ ਤਾਂ ਸੀ, ਕਰਾਈ ਹੋਈ ਏ।'

'ਫੇਰ ਠੀਕ ਏ। ਤੇਰਾ ਕੰਮ ਕਰ ਦੇਣਗੇ। ਜਸ਼ਨ ਵੀ ਓਦੋਂ ਹੀ ਮਨਾਵਾਂਗੇ, ਜਦੋਂ ਤੇਰਾ ਕੰਮ ਹੋ ਜਾਏਗਾ।'

ਗੁਰਦਿਆਲ ਦਾ ਹਾਸਾ ਵਾਪਸ ਆ ਗਿਆ।

'ਛੱਡ ਯਾਰ, ਤੇਰਾ ਵੀ ਕੋਈ ਜਸ਼ਨ ਏ। ਡੱਬਾ ਲੱਡੂਆਂ ਦਾ ਤੇ ਗਲਾਸ ਸ਼ਕੰਜਵੀਂ। ਨਿੰਬੂ ਪਾਣੀ।'

ਗੁਰਦਿਆਲ ਵਾਂਗ ਬਤਰਾ ਵੀ ਸੂਫ਼ੀ ਸੀ। ਨਾਲ ਵੈਸ਼ਨੋ ਵੀ।

#

ਖ਼ਬਰ ਚੰਡੀਗੜ੍ਹ ਵੀ ਪਹੁੰਚੀ ਹੋਈ ਸੀ। ਸ਼ਾਮ ਦੀ ਚਾਹ ਵੇਲੇ ਜਗਜੀਤ ਦਾ ਫ਼ੋਨ ਵੀ ਆ ਗਿਆ। ਉਹਨੇ ਵੀ ਵਧਾਈ ਦਿੱਤੀ,

'ਮਾਸੜ ਜੀ, ਤੁਸੀਂ ਤਾਂ ਹੱਦਾਂ ਲਾਹ ਦਿਤੀਆਂ। 'ਕੱਲਿਆਂ ਹੀ ਏਡਾ ਵੱਡਾ ਸਾਨ੍ਹ ਢਾਹ ਲਿਆ।'

'ਜੱਗੀ, ਸਾਨ੍ਹ ਮੈਂ ਨਹੀਂ ਢਾਹਿਆ, ਆਪੇ ਢਹਿ ਗਿਐ। ਬੱਚੇ,' ਉਹ ਸਮਝਾਉਣ ਲੱਗਾ, 'ਇਹ ਜਿਹੜਾ ਭ੍ਰਿਸ਼ਟਾਚਾਰ ਹੁੰਦੈ ਨਾ, ਇਹਦਾ ਆਪਣਾ ਭਾਰ ਵੀ ਬੜਾ ਹੁੰਦੈ। ਬੰਦਾ ਫਿੱਸ ਜਾਂਦੈ ਉਹਦੇ ਥੱਲੇ।'

'ਇਹ ਗੱਲ ਤਾਂ ਠੀਕ ਏ। ਪਰ ਮਾਸੜ ਜੀ, ਮੈਨੂੰ ਇਕ ਗੱਲ ਦੀ ਸਮਝ ਨਹੀਂ ਲੱਗੀ। ਕਿਸਾਨ ਕਰਾਂਤੀ ਦਲ ਤਾਂ ਤੁਹਾਡੀ ਆਪਣੀ ਪਾਰਟੀ ਸੀ...'

'ਨਹੀ, ਜੱਗੀ', ਗੁਰਦਿਆਲ ਨੇ ਟੋਕ ਦਿੱਤਾ, 'ਮੇਰੀ ਕੋਈ ਪਾਰਟੀ ਨਹੀਂ। ਮੇਰੇ ਤਾਂ ਪਾਰਟੀਆਂ ਦੇ ਲੀਡਰਾਂ ਨਾਲ ਜ਼ਾਤੀ ਸੰਬੰਧ ਨੇ। ਏਸ ਕਰਕੇ ਲੱਗਦਾ ਹੋਣੈਂ।'

ਜਗਜੀਤ ਨੂੰ ਅੰਦਰ ਦਾ ਭੇਤ ਨਹੀਂ ਸੀ। ਦਿਆਲ ਵੀ ਅਜੇ ਦੇਣਾ ਨਹੀਂ ਸੀ ਚਾਹੁੰਦਾ। ਉਹਨੇ ਏਨਾ ਹੀ ਕਿਹਾ,

'ਬੇਟਾ, ਮੇਰੀ ਮਜਬੂਰੀ ਸੀ। ਮੈਂ ਕਿਸੇ ਮਾੜੇ ਜਿਹੇ ਸੰਕਟ 'ਚ ਫਸ ਗਿਆ ਸਾਂ। ਉਹਦੇ ਕਰਕੇ ਮੈਨੂੰ ਏਸ ਚੋਣ-ਮੁਹਿੰਮ 'ਚ ਪੈਣਾ ਪਿਆ। ਪਰ ਮੈਂ ਓਸ ਵੇਲੇ ਜੋ ਕੁਝ ਵੀ ਕਿਹਾ, ਸੱਚ ਕਿਹਾ। ਚੌਧਰੀ ਨੇ ਲੁੱਟ ਤਾਂ ਮਚਾਈ ਹੀ ਹੋਈ ਏ।'

ਜਗਜੀਤ ਸਿਆਣਾ ਸੀ। ਉਹਨੇ ਹੋਰ ਨਾ ਖਰੋਚਿਆ। ਉਹਦਾ ਕੋਈ ਹੋਰ ਪੱਖ ਲੈ ਬੈਠਾ,

'ਮਾਸੜ ਜੀ, ਚੰਗਾ ਤਾਂ ਸਾਡੇ ਪੰਜਾਬ ਦੇ ਲੀਡਰਾਂ ਨੂੰ ਵੀ ਨਹੀਂ ਲੱਗਾ ਹੋਣਾ...'

ਗੁਰਦਿਆਲ ਸਹਿਮ ਗਿਆ। ਇਹਦਾ ਉਹਨੂੰ ਚਿੱਤਾ-ਚੇਤਾ ਵੀ ਨਹੀਂ ਸੀ। ਪਾਰਸ ਨੂੰ ਵੀ ਜ਼ਰੂਰ ਮਾੜਾ ਲੱਗਾ ਹੋਏਗਾ। ਸਗੋਂ ਚੌਧਰੀ ਉਹਨੂੰ ਉਲਾਹਮਾ ਦੇਣੋਂ ਵੀ ਨਹੀਂ ਰਿਹਾ ਹੋਣਾ। ਵੱਟ ਉਹਨੂੰ ਵੀ ਚੜ੍ਹਿਆ ਹੋਏਗਾ। ਪਰ ਹੁਣ ਕੀ ਹੋ ਸਕਦੈ।



'ਕਾਕਾ, ਚੰਗਾ ਤਾਂ ਨਹੀਂ ਲੱਗਾ ਹੋਣਾ। ਪਰ ਕੀ ਕਰੀਏ? ਜਦੋਂ ਬੰਦਾ ਕਰਦੈ, ਹਰ ਪਾਸੇ ਧਿਆਨ ਨਹੀਂ ਜਾਂਦਾ। ਚਲੋ, ਜੋ ਹੋ ਗਿਆ, ਸੋ ਹੋ ਗਿਆ। ਜਦੋਂ ਕੋਈ ਮੌਕਾ ਬਣਿਆ, ਦੱਸ ਦਿਆਂਗੇ ਨੇ, ਕੀ ਮਜਬੂਰੀ ਸੀ।'

'ਵੈਸੇ, ਮਾਸੜ ਜੀ, ਸਾਡੇ ਦੇਸ 'ਚ ਰਿਸ਼ਵਤ ਦਾ ਮਿਹਣਾ ਕਈ ਨਹੀਂ ਜੇ। ਏਸ ਹਮਾਮ 'ਚ ਸਭ ਦੇ ਕਪੜੇ ਲੱਥੇ ਹੋਏ ਨੇ...' ਜਗਜੀਤ ਸ਼ਬਦ *ਨੰਗੇ* ਵਰਤਣੋਂ ਝੱਕਿਆ।

'ਨਹੀਂ, ਕਾਕਾ, ਇਹ ਗੱਲ ਨਹੀਂ। ਅਜੇ ਵੀ ਸਾਡੇ ਬੜੇ ਇਹੋ ਜਿਹੇ ਨੇ, ਜਿਨ੍ਹਾਂ ਨੂੰ ਨਹਾਉਣ ਦੀ ਲਾਲਸਾ ਵੀ ਨਹੀਂ ਹੋਈ। ਉਹਨਾਂ ਸਦਕਾ ਹੀ ਤਾਂ ਦੇਸ ਅਜੇ ਤਕ ਬਚਿਆ ਹੋਇਐ...'

ਗੁਰਦਿਆਲ ਨੇ ਗੱਲ ਅੱਗੇ ਨਾ ਖਿੱਚੀ। ਸਗੋਂ ਉਹਨੂੰ ਪਰਵਾਰ ਵੱਲ ਲੈ ਆਂਦਾ। ਪੁੱਛਿਆ,

'ਪਾਲੀ ਦਾ ਕੀ ਹਾਲ ਏ? ਠੀਕ ਏ ਨਾ?'

'ਗੱਲ ਕਰ ਲੌ ਸੂ। ਕੋਲ ਹੀ ਖੜੀ ਏ।'

ਉਹਨੇ ਫ਼ੋਨ ਉਹਨੂੰ ਫੜਾ ਦਿੱਤਾ।

'ਮਾਸੜ ਜੀ, ਤੁਸੀਂ ਤਾਂ ਹੱਦ ਲਾਹ ਦਿੱਤੀ', ਪਾਲੀ ਨੇ ਵੀ ਆਪਣੀ ਤਰ੍ਹਾਂ ਮਾਸੜ ਨੂੰ ਵਧਾਈ ਦਿਤੀ।

'ਨਹੀਂ ਕੁੜੀਏ, ਕੋਈ ਹੱਦ-ਹੁੱਦ ਨਹੀਂ ਲਾਹੀ। ਤੂੰ ਦੱਸ, ਤੇਰਾ ਹਾਲ ਕੀ ਏ?'

'ਹਾਲ, ਮਾਸੜ ਜੀ, ਵਧੀਐ। ਬੜੀ ਖੁਸ਼ ਹਾਂ। ਮੰਮੀ ਹੁਰਾਂ ਦੀ ਪੀੜ ਵੀ ਘਟ ਗਈ ਏ। ਗੋਡਿਆਂ ਦੀ। ਟੁਰਦੇ ਫਿਰਦੇ ਨੇ ਘਰ 'ਚ।'

'ਚਲ ਚੰਗੈ। ਜਿਹੜੀ ਦਵਾਈ ਲੱਗੀ ਨੇ, ਉਹੀਉ ਖਾਂਦੇ ਰਹਿਣ। ਠੀਕ ਹੋ ਜਾਣਗੇ।'

'ਪਤਾ ਜੇ, ਮਾਸੜ ਜੀ, ਉਹ ਕੀ ਦਵਾਈ ਖਾ ਰਹੇ ਨੇ? ਹਲਦੀ! ਲੂਣਕੀ 'ਚੋਂ ਕੱਢ ਕੇ ਨਹੀਂ, ਘੜੇ 'ਚੋਂ ਕੱਢ ਕੇ।'

ਗੁਰਦਿਆਲ ਨੂੰ ਮਾੜਾ ਜਿਹਾ ਹਾਸਾ ਆ ਗਿਆ।

'ਕੁੜੀਏ, ਇਹ ਘੜੇ ਵਾਲੀ ਹਲਦੀ ਕਿਹੜੀ ਹੁੰਦੀ ਏ', ਉਸ ਪੁੱਛਿਆ,

'ਸਾਨੂੰ ਕਰਨਾਲ ਤੋਂ ਦੱਸ ਪਈ ਸੀ। ਕੋਰਾ ਘੜਾ ਲੌ। ਉਹਦੇ 'ਚ ਹਲਦੀ ਦੀਆਂ ਗੱਠੀਆਂ ਤੇ ਚੂਨਾ ਭਿਉਂ ਦਿਓ। ਦਸ-ਪੰਦਰਾਂ ਦਿਨ ਧੁੱਪੇ ਪਿਆ ਰਹਿਣ ਦਿਓ। ਫੇਰ ਕੱਢ ਕੇ ਗੱਠੀਆਂ ਨੂੰ ਪੀਹ ਲੌ। ਕੱਪੜ-ਛਾਣ ਕਰੋ ਤੇ ਰੋਜ਼ ਸਵੇਰੇ ਇਕ ਛੋਟਾ ਚਮਚਾ ਖਾਓ। ਅਜੇ ਖਾਂਦਿਆਂ ਦਸ-ਪੰਦਰ੍ਹਾਂ ਦਿਨ ਹੀ ਹੋਏ ਨੇ। ਆਰਾਮ ਮਹਿਸੂਸ ਹੋ ਰਿਹੈ।'

'ਕਮਾਲ ਏ! ਸਾਡੇ ਕਈ ਟੋਟਕੇ ਬੜੇ ਅਸਰਦਾਰ ਹੁੰਦੇ ਨੇ। ਕਹਿ ਨੇ ਕਿ ਖਾਂਦੇ ਰਹਿਣ।'

'ਮਾਸੜ ਜੀ, ਮੰਮੀ ਬੜੇ ਸ਼ੌਕ ਨਾਲ ਖਾ ਰਹੇ ਨੇ। ਹੁਣ ਚਾਹੋ ਤਾਂ ਉਹ ਦਿੱਲੀ ਵੀ ਆ ਸਕਦੇ ਨੇ ਤੁਹਾਡੇ ਕੋਲ।'

'ਜੀ ਸਦਕੇ ਆਉਣ। ਅਜੇ ਹਫ਼ਤਾ ਦਸ ਦਿਨ ਦਵਾਈ ਹੋਰ ਖਾ ਲੈਣ। ਓਦੋਂ ਤਕ ਮੇਰਾ ਚੰਡੀਗੜ੍ਹ ਆਉਣਾ ਹੋ ਸਕਦੈ। ਮੈਂ ਨਾਲ ਲੈਂਦਾ ਆਵਾਂਗਾ ਉਹਨਾਂ ਨੂੰ। ਬ੍ਰਿਗੇਡੀਅਰ ਸਾਹਿਬ ਨੂੰ ਵੀ।'

'ਤੁਹਾਡਾ ਲੱਗ ਰਿਹੈ ਚੱਕਰ ਏਥੋਂ ਦਾ?' ਪਾਲੀ ਨੂੰ ਚਾਅ ਚੜ੍ਹ ਗਿਆ।

'ਚੱਕਰ ਲੱਗ ਵੀ ਸਕਦੈ। ਨਹੀਂ ਤਾਂ ਮਿਲਣ ਹੀ ਆ ਜਾਂਗਾ।'

ਗੁਰਦਿਆਲ ਨੇ ਇਹ ਨਾ ਦੱਸਿਆ, ਉਹਨੂੰ ਅਜੇ ਕੋਈ ਹੋਰ ਚੱਕਰ ਪਿਆ ਹੋਇਆ ਸੀ।

#

ਸ਼ਾਮੀਂ ਲਾਅਨ 'ਚ ਬੈਠਿਆਂ ਬੰਨੀ ਉਤੋਂ ਉੱਭਰਦਾ ਉਹਨੂੰ ਸੁੰਦਰ ਦਾਸ ਦਾ ਮੂੰਹ ਦਿੱਸਿਆ। ਖਿੜਖਿੜਾਉਂਦਾ। ਸਾਰੇ ਦਾ ਸਾਰਾ। ਸੁੰਦਰ ਦਾਸ ਆਪਣੇ ਵੱਲ ਕਿਸੇ ਉੱਚੀ ਥਾਂ 'ਤੇ ਖੜਾ ਸੀ। ਉਹਨੇ ਆਵਾਜ਼ ਕੱਢੀ,

'ਪੂਜਨੀਕ ਪੜੋਸੀਉ! *ਹਮ ਭੀ ਪੜੇ ਹੈਂ ਰਾਹੋਂ ਮੇਂ।* ਇਕ ਨਜ਼ਰ ਏਧਰ ਵੀ।'

ਗੁਰਦਿਆਲ ਪੁਲਾਂਘ ਪੁਟਦਾ ਉਹਦੇ ਸਾਹਮਣੇ ਜਾ ਖਲੋਤਾ।

'ਹਾਂ ਜੀ, ਭਾਈ ਸਾਹਿਬ, ਹਾਜ਼ਿਰ ਹਾਂ!'

'ਤੁਸੀਂ ਬੜੇ ਭੋਲੇ ਹੋ।' ਕੋਈ ਅੱਗਾ-ਪਿੱਛਾ ਦੱਸੇ ਬਿਨਾਂ ਸੁੰਦਰ ਦਾਸ ਨੇ ਫ਼ੈਸਲਾ ਸੁਣਾ ਦਿੱਤਾ। ਉਹਨੇ ਗੁਰਦਿਆਲ ਦੇ ਮੂੰਹ 'ਤੇ ਆਈ ਹੈਰਾਨੀ ਨਾ ਵੇਖੀ ਤੇ ਦੱਬੀ ਗਿਆ,

'ਤੁਸੀਂ ਆਪਣਾ ਇਹ ਕਾਰਨਾਮਾ ਕਰਨ ਤੋਂ ਪਹਿਲਾਂ ਸਭ ਕੁਝ ਪੱਕਾ ਨਹੀਂ ਕੀਤਾ।'

'ਕੀ ਮਤਲਬ?'

ਗੁਰਦਿਆਲ ਹੋਰ ਹੈਰਾਨ ਹੋਇਆ।

'ਇਹ ਦੱਸੋ, ਪਹਿਲੋਂ ਹਾਈ ਕਮਾਨ ਨੂੰ ਮਿਲੇ ਸਾਓ?'

'ਨਹੀਂ।'

'ਜਾਂ ਹਾਈ ਕਮਾਨ ਦੇ ਸਲਾਹਕਾਰ ਨੂੰ?'

ਉਹਨੇ ਇੰਜ ਪੁੱਛਿਆ, ਜਿਵੇਂ ਡਾਂਟ ਪਿਲਾ ਰਿਹਾ ਹਵੇ।

'ਨਹੀਂ, ਉਹਨੂੰ ਵੀ ਨਹੀਂ।'

'ਫੇਰ ਕਿਹਨੂੰ ਮਿਲੇ ਸਾਓ?'

'ਆਂਗਰੇ ਨੂੰ। ਬੜਾ ਮੁਅਤਬਰ ਬੰਦੈ। ਪਾਰਟੀ ਦਾ ਪੁਰਾਣਾ ਐਮ-ਪੀ ਏ। ਚੰਗੇ ਅਸਰ-ਰਸੂਖ਼ ਵਾਲੈ।'



'ਸਿੰਘ ਸਾਹਿਬ, ਰਾਸ਼ਟਰ ਦਲ 'ਚ ਕਿਸੇ ਦਾ ਵੀ ਅਸਰ-ਰਸੂਖ਼ ਨਹੀਂ ਜੇ ਚਲਦਾ। ਓਥੇ ਸਭ ਕੁਝ ਹਾਈ ਕਮਾਨ ਜੇ। ਉਸ ਤੋਂ ਹੇਠਾਂ ਕੋਈ ਕਿਸੇ ਨੂੰ ਬਚਨ ਨਹੀਂ ਦੇ ਸਕਦਾ। ਮੁੱਲ ਸਿਰਫ਼ ਹਾਈ ਕਮਾਨ ਦੇ ਬਚਨ ਦਾ ਏ। ਮੈਨੂੰ ਲਗਦੈ, ਅਖ਼ਬਾਰ ਤੁਸੀਂ ਧਿਆਨ ਨਾਲ ਨਹੀਂ ਪੜ੍ਹਦੇ। ਰਾਸ਼ਟਰ ਦਲ ਨੂੰ ਪਾਰਲੀਮੈਂਟ 'ਚ ਵੋਟਾਂ ਦੀ ਬੜੀ ਤੋਟ ਏ। ਇਕ-ਇਕ ਵੋਟ ਦਾ ਮੁੱਲ ਜੇ ਬੜਾ। ਮੁਹਿੰਮ 'ਚ ਪੈਣ ਤੋਂ ਪਹਿਲਾਂ ਵੋਟ ਦੀ ਕੀਮਤ ਤੈਅ ਕਰਨੀ ਸੀ। ਹਾਈ ਕਮਾਨ ਨਾਲ। ਆਂਗਰੇ ਕਿਸ ਬਾਗ਼ ਦੀ ਮੂਲੀ ਏ!'

ਗੁਰਦਿਆਲ ਬੌਂਦਲ ਗਿਆ।

'ਭਾਈ ਸਾਹਿਬ, ਆਂਗਰੇ ਨੇ ਸਭ ਕੁਝ ਤੈਅ ਕੀਤਾ ਸੀ। ਏਥੋਂ ਮੈਨੂੰ ਘਰੋਂ ਪਾਰਟੀ ਦੀ ਜੀਪ ਲੈ ਕੇ ਗਈ ਸੀ। ਨਾਲ ਬੰਦਾ ਵੀ ਪਾਰਟੀ ਦਾ ਗਿਆ ਸੀ। ਜਿਹੜਾ ਮੈਨੂੰ ਉਹਨਾਂ *ਬੈਕਗਰਾਊਂਡਰ* ਦਿੱਤਾ ਸੀ, ਉਹ ਵੀ ਪਾਰਟੀ ਦਾ ਹੀ ਤਿਆਰ ਕੀਤਾ ਹੋਇਆ ਸੀ...'

ਸੁੰਦਰ ਦਾਸ ਇੰਜ ਮੂੰਹ ਘੁੱਟ ਕੇ ਹੱਸਿਆ, ਜਿਵੇਂ ਉਹਨੂੰ ਬੜਾ ਤਰਸ ਆ ਰਿਹਾ ਹਵੇ।

'ਛੱਡੋ ਸਿੰਘ ਸਾਹਿਬ, ਹੁਣ ਤਾਂ ਪਾਣੀ ਸਿਰ ਤੋਂ ਲੰਘ ਗਿਐ। ਜੇ ਤੁਸੀਂ ਮੇਰੇ ਨਾਲ ਗੱਲ ਕੀਤੀ ਹੁੰਦੀ, ਮੈਂ ਤੁਹਾਨੂੰ ਆਪ ਹਾਈ ਕਮਾਨ ਕੋਲ ਲੈ ਜਾਂਦਾ।'

'ਤੁਹਾਡੀ ਹੈ ਪਹੁੰਚ?'

'ਕਿਉਂ ਨਹੀਂ। ਜੇ ਕੋਈ ਉਹਨਾਂ ਦੇ ਹਿਤ ਵਾਲੀ ਗੱਲ ਹੋਵੇ ਤਾਂ। ਐਵੇਂ ਚਾਹ-ਕਾਫ਼ੀ ਪੀਣ ਨਹੀਂ ਜਾਂਦਾ। ਕੋਈ ਮਾਮਲਾ ਹੋਣਾ ਚਾਹੀਦੈ, ਜਿਹਦੇ 'ਚ ਦੋਵਾਂ ਧਿਰਾਂ ਨੂੰ ਦਿਲਚਸਪੀ ਹੋਵੇ।'

'ਕਦੀ ਮਿਲੇ ਹੋ ਉਹਨੂੰ?'

'ਕਈ ਵਾਰੀ। ਪਰ ਸਿੰਘ ਸਾਹਿਬ, ਹੁਣ ਤਾਂ ਤੁਹਾਡੇ ਮਾਮਲੇ 'ਚ ਕੁਝ ਨਹੀਂ ਹੋ ਸਕਦਾ। ਤੁਸੀਂ ਬੜਾ ਕੱਚਾ ਕੰਮ ਕੀਤੈ।'

ਗੁਰਦਿਆਲ ਸਹਿਮ ਗਿਆ। ਸੁੰਦਰ ਦਾਸ ਨੇ ਉਹਨੂੰ ਹੌਸਲਾ ਦਿੱਤਾ,

'ਘਬਰਾਓ ਨਾ। *ਐਕਸਟੈਂਸ਼ਨ* ਤੁਹਾਨੂੰ ਮਿਲਦੀ ਰਹੇਗੀ। ਤੁਹਾਡੀ ਅਰਜ਼ੀ ਦਾ ਜਵਾਬ ਤੁਹਾਨੂੰ ਪਹੁੰਚਣ ਹੀ ਵਾਲੈ...'

ਸੁੰਦਰ ਦਾਸ ਨੂੰ ਪਿੱਛੋਂ ਕਈ ਖੜਾਕ ਸੁਣੀਤਾ। ਉਹਨੇ ਭੌਂ ਕੇ ਵੇਖਿਆ। ਅਲਕਾ ਮੂਰੂਗੱਪਾ ਕਾਰ 'ਚ ਬਹਿ ਰਹੀ ਸੀ। ਪੂਰੀ ਸੱਜੀ ਹੋਈ ਸੀ।

'ਸਿੰਘ ਸਾਹਿਬ, ਮੈਂ ਵੀ ਚਲਨਾਂ,' ਸੁੰਦਰ ਦਾਸ ਛੁੱਟੀ ਲੈਣ ਲੱਗਾ। 'ਕਿਸੇ ਜ਼ਰੂਰੀ ਥਾਂ ਪਹੁੰਚਣੈਂ। ਫੇਰ ਗੱਲ ਕਰਾਂਗੇ।'

ਸੁੰਦਰ ਦਾਸ ਪਿਛਾਂਹ ਟੁਰ ਪਿਆ। ਗੁਰਦਿਆਲ ਆਪਣੀ ਪਹਿਲੀ ਥਾਂ 'ਤੇ ਮੁੜ ਆਇਆ। ਬਹਿ ਗਿਆ। ਜਿਹੜਾ ਸਹਿਮ ਸੁੰਦਰ ਦਾਸ ਪਾ ਗਿਆ ਸੀ, ਜਾ ਨਹੀਂ ਸੀ ਰਿਹਾ। ਗ਼ਲਤੀ ਹੋ ਗਈ ਸੀ। ਉਹਨੇ ਸਭ ਕੁਝ ਆਂਗਰੇ 'ਤੇ

ਛੱਡਿਆ ਹਇਆ ਸੀ ਤੇ ਅੱਗੋਂ ਆਂਗਰੇ ਨੇ ਕਿਸੇ ਹੋਰ ਉਤੇ। ਓਸ ਕਿਸੇ ਹੋਰ ਨੇ ਅੱਗੋਂ ਪਤਾ ਨਹੀਂ ਕਿਹੜੇ ਹੋਰ 'ਤੇ ਛੱਡਿਆ ਹੋਇਆ ਸੀ। ਉਹ ਬੁੱਧੂ ਬਣਿਆ ਸੀ। ਆਂਗਰੇ ਨੇ ਬਣਾਇਆ ਸੀ। ਬੈਠਾ-ਬੈਠਾ ਉਹ ਆਂਗਰੇ ਨੂੰ ਚਿਤਵਣ ਲੱਗਾ। ਉਹਦੀ ਸੂਰਤ ਉਹਦੇ ਸਾਹਮਣੇ ਆ ਖਲੋਤੀ। ਸ਼ਾਹ ਕਾਲੀ ਦਾੜ੍ਹੀ। ਸੰਘਣੀ। ਗੱਫ਼। ਬਰੀਕ ਵਿੱਤਰੀ ਹੋਈ। ਸ਼ਾਹ ਕਾਲੀਆਂ ਮੁੱਛਾਂ। ਪੂਰੀ ਫਾਂਟ ਦੀ ਫਾਂਟ। ਹੇਠ ਦਾਅ ਕੱਟੀਆਂ ਹੋਈਆਂ। ਸ਼ਾਹ ਕਾਲੇ ਵਾਲ। ਵਿਰਲੇ। ਦੁਪਾਸੀਂ ਵਾਹੇ ਹਏ। ਮੋਟੇ-ਮੋਟੇ ਬੁੱਲ੍ਹ। ਮੁੱਛਾਂ ਤੋਂ ਹਟਵੇਂ। ਉਤੇ ਪਲ-ਪਲ ਬਦਲਦੀ ਮੁਸਕੜੀ। ਇਕ ਪਲ ਮਿਹਰਬਾਨ। ਦੂਜੇ ਪਲ ਖਚਰੀ। ਇਕ ਪਲ ਤਿਲਕਵੀਂ। ਦੂਜੇ ਪਲ ਵਿਸ਼ਵਾਸ ਦਵਾਉਂਦੀ। ਉਹਨੂੰ ਪਤਾ ਨਹੀਂ ਸੀ ਲੱਗ ਰਿਹਾ, ਉਹ ਕਿਹੜੀ ਮੰਨੇ।

## ਧਜਕਾ

ਵੀਹ-ਬਾਈ ਦਿਨ ਲੰਘ ਗਏ। ਕੁਝ ਵੀ ਨਾ ਹੋਇਆ। ਗੁਰਦਿਆਲ ਘਰੋਂ ਹੀ ਨਾ ਨਿਕਲਿਆ। ਦਿਲ ਹੀ ਨਾ ਕੀਤਾ। ਕਿਸੇ ਸੱਦਿਆ ਵੀ ਨਾ। ਉਹਦਾ ਕੀਤਾ ਕਾਰਨਾਮਾ ਵੀ ਭੁੱਲ-ਭੁਲਾ ਗਿਆ। ਆਂਗਰੇ ਨੂੰ ਸੱਪ ਸੁੰਘ ਗਿਆ ਸੀ। ਉਹਨੇ ਮੂੰਹ 'ਚ ਘੁੰਗਣੀਆਂ ਪਾ ਲਈਆਂ ਸਨ। ਗੁਰਦਿਆਲ ਨੇ ਵੀ ਉਹਨੂੰ ਨਾ ਝੂਣਿਆ। ਅਜੇ ਝੂਣਦਾ ਵੀ ਕਿਉਂ? ਆਂਗਰੇ ਨੇ ਉਹਨੂੰ ਪਹਿਲੋਂ ਹੀ ਕਹਿ ਦਿੱਤਾ ਹਇਆ ਸੀ ਕਿ ਅਜੇ ਫ਼ਾਈਲ ਟੁਰੇਗੀ। ਟੁਰ ਪਈ ਹੋਣੀ ਏ। ਕੀੜੀ ਦੀ ਟੋਰੇ।

ਅੱਕ ਕੇ ਕਦੀ ਦੀਪਾਂ ਆਖਦੀ,

'ਆਂਗਰੇ ਨੂੰ ਫ਼ੋਨ ਕਰਕੇ ਵੇਖ ਲਵੋ।'

'ਅਜੇ ਨਹੀਂ,' ਉਹਦਾ ਜਵਾਬ ਹੁੰਦਾ, 'ਉਹਨੇ ਵਕਤ ਮੰਗਿਆ ਸੀ। ਲੈ ਲਵੇ ਵਕਤ।'

'ਜੇ ਇਹ ਗੱਲ ਏ ਤਾਂ ਫੇਰ ਚਿੰਤਾ ਛੱਡੋ। ਆਪਣਾ ਨੇਮ ਰੱਖੋ। ਅੰਦਰ ਬਾਹਰ ਨਿਕਲੋ।'

'ਚਲੋ ਨਿਕਲਨਾਂ। ਸ਼ਾਮੀਂ ਲੋਧੀ ਗਾਰਡਨਜ਼ ਸੈਰ ਕਰਨ ਜਾਵਾਂਗਾ। ਨਹੀਂ, ਓਥੇ ਨਹੀਂ। ਕੋਈ ਮਿਲ ਪਏਗਾ ਤੇ ਫੇਰ ਚੌਧਰੀ ਦਾ ਕਿੱਸਾ ਲੈ ਬੈਠੇਗਾ। ਕਲ੍ਹ ਸਵੇਰ ਤੋਂ ਗੋਲਫ਼ ਖੇਡਣ ਜਾਵਾਂਗਾ।'

ਅਗਲੇ ਦਿਨ ਗੁਰਦਿਆਲ ਸਵੇਰੇ ਦਸ ਵਜੇ ਨਾਲ ਗੋਲਫ਼ ਕਲੱਬ ਤੋਂ ਮੁੜਿਆ। ਵਰਾਂਡੇ 'ਚ ਬਹਿ ਚਾਹ ਪੀਣ ਲੱਗਾ ਤੇ ਅਖ਼ਬਾਰਾਂ ਵੇਖਣ। ਅਚੇਤੇ ਹੀ ਉਹਨੇ ਪਹਿਲੋਂ ਹੀ ਕਿਤੋਂ ਖੁੱਲ੍ਹਿਆ ਹੋਇਆ ਕੋਈ ਅਖ਼ਬਾਰ ਚੁੱਕਿਆ। ਦੀਪਾਂ ਪੜ੍ਹਦੀ ਛੱਡ ਗਈ ਹੋਵੇਗੀ। ਸੁਰਖ਼ੀਆਂ 'ਤੇ ਨਜ਼ਰ ਮਾਰਦਿਆਂ ਉਹ ਇਕ ਛੋਟੀ ਜਿਹੀ ਖ਼ਬਰ 'ਤੇ ਅਟਕ ਗਿਆ। ਉਹਨੇ ਛੇਤੀ ਨਾਲ ਪੜ੍ਹੀ। ਉਹਦਾ ਅੰਦਰ ਦਾ ਸਾਹ ਅੰਦਰ ਰਹਿ ਗਿਆ। ਉਹ ਉੱਫਲ ਪਿਆ। ਉਹਨੇ ਪੱਗ ਸਿਰ ਤੋਂ ਲਾਹ ਮਾਰੀ। ਚਾਹ ਦਾ ਅੱਧ-ਪੀਤਾ ਮੱਗ ਭੁਆ ਮਾਰਿਆ। ਕਿਸੇ ਨੂੰ ਭੈਣ ਦੀ ਗਾਲ੍ਹ ਕੱਢੀ, ਜਿਹੜੀ ਉਹ ਕਦੀ ਛੋਟੇ ਹੁੰਦਿਆਂ ਕੱਢਦਾ ਹੁੰਦਾ ਸੀ। ਫੇਰ ਉਸ ਜ਼ਮਾਨੇ ਦੀਆਂ ਹੋਰ ਵੀ ਕਈ ਗਾਲ੍ਹਾਂ ਕੱਢੀਆਂ। ਜਦੋਂ ਵੱਡੀਆਂ ਵੱਡੀਆਂ ਮੁੱਕ ਗਈਆਂ, ਛੋਟੀਆਂ-ਮੋਟੀਆਂ ਕੱਢਣ ਲੱਗ ਪਿਆ,

'ਹਰਾਮਜ਼ਾਦੇ! ਕੁੱਤੇ! ਕਮੀਨੇ! ਥੁੱਕ ਲਾ ਗਏ ਨੇ...'

ਗੁਰਦਿਆਲ ਆਪੇ ਤੋਂ ਬਾਹਰ ਹੋਇਆ ਪਿਆ ਸੀ। ਕਰਦਾ ਵੀ ਕੀ?

ਖ਼ਬਰ ਹੀ ਇਹੋ ਜਿਹੀ ਸੀ। ਰਾਜ ਸਭਾ ਦੀ ਜਿਸ ਨਾਮਜ਼ਦਗੀ ਦੀ ਆਸ ਉਹਨੂੰ ਦਵਾਈ ਗਈ ਸੀ, ਉਹ ਕਿਸੇ ਹੋਰ ਦੀ ਹੋ ਗਈ ਸੀ। ਕਈ ਗਰੀਸ਼ ਰਾਵਤ ਨਾਂ ਦਾ ਬੰਦਾ ਸੀ। ਪਹਾੜੀਆ ਸਮਾਜ-ਸੇਵੀ ਕੋਈ ਉੱਤਰਾਖੰਡ ਦਾ। ਰਾਸ਼ਟਰਪਤੀ ਨੇ ਉਹਨੂੰ ਰਾਜ ਸਭਾ ਦਾ ਮੈਂਬਰ ਥਾਪ ਦਿੱਤਾ ਸੀ।

'ਦੀਪਾਂ!' ਉਹਨੇ ਪਤਨੀ ਨੂੰ ਆਵਾਜ਼ ਦਿੱਤੀ। 'ਆ ਵੇਖ ਥੁੱਕ ਲਾ ਗਏ ਨੀ। ਸਾਲੇ! ਹਰਾਮਜ਼ਾਦੇ! ਭੈਣ...', ਉਹਨੇ ਫੇਰ ਭੈਣ ਦੀ ਗਾਲ੍ਹ ਕੱਢੀ। ਉਹੀਉ ਛੋਟੇ ਹੁੰਦਿਆਂ ਵਾਲੀ।

'ਕੀ ਹੋਇਐ?' ਦੀਪਾਂ ਭੱਜੀ-ਭੱਜੀ ਬਾਹਰ ਆਈ।

'ਆਹ ਵੇਖ, ਕੁੱਤਿਆਂ, ਕਮੀਨਿਆਂ ਨੇ ਜਿਹੜੀ ਸੀਟ ਮੈਨੂੰ ਦੇਣੀ ਕੀਤੀ ਸੀ, ਕਿਸੇ ਹੋਰ ਨੂੰ ਦੇ ਦਿੱਤੀ ਏ। ਉੱਲੂ ਦੇ ਪੱਠੇ! ਕੰਜਰ! ਜ਼ਲੀਲ! ਦੱਲੇ। ਅਸੀਂ ਤਾਂ ਟੰਝੇ ਰਹਿ ਗਏ। ਹੁਣ ਕੋਈ ਹੋਰ ਮਰੇਗਾ ਜਾਂ ਫਾਹੇ ਲੱਗੇਗਾ ਤਾਂ ਸੀਟ ਖ਼ਾਲੀ ਹੋਏਗੀ। ਤਾਂ ਹੀ ਮਿਲੇਗੀ ਸਾਨੂੰ।'

ਦੀਪਾਂ ਦਾ ਤੱਰਾਹ ਨਿਕਲ ਗਿਆ। ਰੰਗ ਉੱਡ ਗਿਆ। ਅੱਖਾਂ ਛਲਕ ਪਈਆਂ।

'ਅਸੀਂ ਤਾਂ ਕਿਸੇ ਥਾਂ ਜੋਗੇ ਨਹੀਂ ਰਹਿ ਗਏ', ਉਹ ਵਿਲਕ ਉੱਠੀ, 'ਇਹ ਤਾਂ ਬੜਾ ਮਾੜਾ ਹੋਇਐ। ਸਾਡੇ ਮੂੰਹ ਕੌਣ ਲੱਗੇਗਾ ਹੁਣ!'

ਗੁਰਦਿਆਲ ਨੇ ਪੱਗ ਚੁੱਕ ਫੇਰ ਸਿਰ 'ਤੇ ਰੱਖ ਲਈ।

'ਮੈਂ ਚਲਿਆਂ ਓਸ ਸੂਰ ਦੇ ਪੁੱਤਰ ਆਂਗਰੇ ਕੋਲ। ਜਾ ਕੇ ਉਹਨੂੰ ਮੈਂ ਗਲੇ ਤੋਂ ਫੜ ਲੈਨੈਂ। ਉਹਦੀਆਂ ਸ਼ਾਹ ਕਾਲੀਆਂ ਮੁੱਛਾਂ ਪੁੱਟ ਦੇਣੀਆਂ ਨੇ ਮੈਂ।'

ਗੁਰਦਿਆਲ ਨੇ ਇਕ ਹੋਰ ਉਬਾਲਾ ਖਾਧਾ।

ਦੀਪਾ ਨੂੰ ਫ਼ਿਕਰ ਲੱਗਾ।

'ਧੀਰਜ ਕਰੋ ਜ਼ਰਾ। ਪਹਿਲੋਂ ਫ਼ੋਨ ਕਰ ਲੌ ਸੂ', ਉਹ ਉਹਨੂੰ ਠੰਢਾ ਪਾਉਣ ਲੱਗੀ। ਉਹਦੇ ਆਪਣੇ ਅੱਥਰੂ ਅਜੇ ਠੱਲੇ ਨਹੀਂ ਸਨ। 'ਪਹਿਲੋਂ ਸਭ ਕੁਝ ਸੋਚ ਲੌ।'

'ਹੁਣ ਸੋਚਣ ਵਾਲਾ ਰਹਿ ਕੀ ਗਿਐ?'

'ਫੇਰ ਵੀ। ਪਹਿਲੋਂ ਫ਼ੋਨ ਕਰ ਕੇ ਵੇਖ ਲੌ। ਇਹ ਨਾ ਹੋਵੇ, ਤੁਸੀਂ ਜਾਓ ਤੇ ਅੱਗੋਂ ਉਹ ਘਰ ਹੀ ਨਾ ਹੋਵੇ।'

'ਦੀਪਾਂ, ਮੈਂ ਓਸ ਹਰਾਮਜ਼ਾਦੇ ਨੂੰ ਫ਼ੋਨ ਨਹੀਂ ਕਰਨਾ। ਉਹਨੇ ਅੱਗੋਂ ਚੁੱਕਣਾ ਹੀ ਨਹੀਂ ਜਾਂ ਕਿਸੇ ਥਾਂ ਲੁਕ ਜਾਣੈਂ। ਮੈਂ ਤਾਂ ਜਾ ਕੇ ਗਲੇ ਤੋਂ ਫੜ ਲੈਣੈਂ ਉਹਨੂੰ।'

ਦੀਪਾਂ ਨੇ ਨਾ ਰੋਕਿਆ। ਆਪਣੇ ਅੱਥਰੂ ਵੀ ਵਗੀ ਜਾਣ ਦਿੱਤੇ।

ਗੁਰਦਿਆਲ ਨੇ ਸ਼ੀਸ਼ੇ ਅੱਗੇ ਜਾ ਪੱਗ ਠੀਕ ਕੀਤੀ। ਉਹਦੇ ਨਾਲ ਦੀ ਟਾਈ ਪਈ ਰਹਿਣ ਦਿੱਤੀ। ਕਾਰ ਦੀ ਚਾਬੀ ਚੁੱਕੀ ਤੇ ਕਚੀਚੀਆਂ ਵੱਟਦਾ



ਬਾਹਰ ਨਿਕਲ ਗਿਆ।

'ਧਿਆਨ ਰੱਖਣਾ, ਉਹਦੇ ਕੁੱਤਿਆਂ ਦਾ!' ਦੀਪਾਂ ਨੇ ਪਿੱਛੋਂ ਆਵਾਜ਼ ਦਿੱਤੀ।

#

ਆਂਗਰੇ ਕਸਰਤੀ ਕੱਪੜੇ ਪਾਈ, ਬੇ-ਕੁੱਤਾ, ਆਪਣੇ ਲਾਅਨ 'ਚ ਬੈਠਾ ਸੀ। ਹੁਣੇ ਸੈਰ ਕਰਕੇ ਮੁੜਿਆ ਲੱਗਦਾ ਸੀ। ਅੱਗੇ ਅਖ਼ਬਾਰ ਪਏ ਸਨ। ਜ਼ਰੂਰ ਉਹ ਅਖ਼ਬਾਰ ਵੀ ਪਿਆ ਹੋਵੇਗਾ, ਜਿਹਨੂੰ ਪੜ੍ਹ ਕੇ ਗੁਰਦਿਆਲ ਨੂੰ ਅੱਗ ਲਗੀ ਸੀ। ਆਂਗਰੇ ਠੰਢਾ ਸੀ। ਲਾਟਾਂ ਕੋਈ ਨਹੀਂ ਸਨ ਨਿਕਲ ਰਹੀਆਂ ਉਹਦੇ 'ਚੋਂ। ਕੋਠੀ 'ਚ ਵੜਦਾ ਗੁਰਦਿਆਲ ਉਹਨੂੰ ਦੂਰੋਂ ਹੀ ਦਿੱਸ ਪਿਆ। ਉਹਨੂੰ ਵੇਖਦਿਆਂ ਹੀ ਉਹਦੇ ਬੁੱਲ੍ਹਾਂ ਉਤੇ ਖਸਿਆਣੀ ਜਿਹੀ ਮੁਸਕੜੀ ਆ ਗਈ। ਉਹ ਉੱਠ ਪਿਆ ਤੇ ਅੱਗੇ ਹੋਇਆ।

'ਆ ਗੁਰਦਿਆਲ। ਮੈਂ ਤੈਨੂੰ ਫ਼ੋਨ ਕਰਨ ਹੀ ਲੱਗਾ ਸਾਂ।'

ਉਹਨੇ ਉਹਨੂੰ ਬਾਹਵਾਂ 'ਚ ਵਲ ਲਿਆ।

'ਆਂਗਰੇ ਸਾਹਿਬ', ਗੁਰਦਿਆਲ ਨੇ ਚੰਗੀ ਕੌੜੀ ਆਵਾਜ਼ ਕੱਢੀ। 'ਮਰਵਾ ਦਿੱਤਾ ਜੇ ਨਾ ਫੇਰ?'

'ਉਹ ਨਹੀਂ ਯਾਰ, ਕੋਈ ਨਹੀਂ ਮਰਿਆ-ਮੁਰਿਆ। ਸਭ ਜਿਊਂਦੇ ਨੇ।'

'ਪੜ੍ਹ ਲਿਆ ਜੇ ਨਾ ਅਖ਼ਬਾਰ?'

'ਮੈਨੂੰ, ਗੁਰਦਿਆਲ, ਕਲ੍ਹ ਹੀ ਪਤਾ ਲੱਗ ਗਿਆ ਸੀ। ਤੇਰੇ ਵਲ ਆਉਣ ਲੱਗਾ ਸਾਂ, ਪਰ ਕਿਤੇ ਰਾਹ 'ਚ ਫਸ ਗਿਆ। ਮੇਰੀਆਂ ਲਗੜਾਂ ਨਹੀਂ ਛਡਦੀਆਂ ਮੈਨੂੰ।'

ਗੁਰਦਿਆਲ ਨੇ ਉਹਦੇ ਮੂੰਹ 'ਤੇ ਟੱਕ ਲਾਈ।

'ਤੂੰ, ਯਾਰ, ਦਿਲ ਨਾ ਛੱਡ...' ਆਂਗਰੇ ਸੁਰ ਬਦਲਣ ਲੱਗਾ।

'ਆਂਗਰੇ ਸਾਹਿਬ, ਹੁਣ ਦਿਲ ਨੂੰ ਫੜ ਕੇ ਰੱਖਣ ਵਾਲੀ ਕਿਹੜੀ ਗੱਲ ਰਹਿ ਗਈ ਏ?'

'ਰਹਿ ਕਿਉਂ ਨਹੀਂ ਗਈ! ਤੈਨੂੰ ਵੀ *ਫ਼ਿੱਟ* ਕਰਾਂਗੇ। ਕਿਸੇ ਠੀਕ ਥਾਂ। ਪਹਿਲੋਂ ਮੇਰੀ ਗੱਲ ਤਾਂ ਸੁਣ। ਕਲ੍ਹ ਮੈਨੂੰ ਸਲਾਹਕਾਰ ਨੇ ਸੱਦਿਆ ਸੀ...ਤੂੰ ਪਹਿਲੋਂ ਮੇਰੇ ਤੋਂ ਇਹ ਸਮਝ ਲੈ, ਇਹ ਹੋਇਆ ਕਿਉਂ ਏ ਤੇ ਕਿਸ ਤਰ੍ਹਾਂ। ਤੈਨੂੰ ਪਤੈ, ਪੰਜਾਬ ਵਾਂਗ ਉੱਤਰਾਖੰਡ 'ਚ ਵੀ ਚੋਣਾਂ ਹੋਈਆਂ ਸਨ। ਓਥੇ ਸਾਡੀ ਪਾਰਟੀ ਪਹਿਲੇ ਨੰਬਰ 'ਤੇ ਰਹੀ, ਪਰ ਉਹਦੀ ਬਹੁ-ਗਿਣਤੀ ਨਾ ਹੋਈ। ਚੀਫ਼ ਮਨਿੱਸਟਰੀ ਦਾ ਰੱਟਾ ਵੀ ਪਿਆ। ਇਕ ਬੰਦਾ, ਨਹੀਂ ਬੰਦੀ, ਮੰਨ ਨਹੀਂ ਸੀ ਰਹੀ। ਉਸ ਟੰਟਾ ਖੜਾ ਕਰ ਦਿਤਾ। ਆਜ਼ਾਦ ਉਮੀਦਵਾਰ ਏ। ਉਹਦੇ ਰਲਣ ਨਾਲ ਸਾਡੀ ਬਹੁ-ਗਿਣਤੀ ਹੋ ਜਾਂਦੀ ਸੀ ਤੇ ਸਾਡੀ ਸਰਕਾਰ ਬਚੀ ਰਹਿੰਦੀ

ਸੀ। ਉਹ ਏਸ ਸ਼ਰਤ 'ਤੇ ਮੰਨੀ ਕਿ ਉਹਦੇ ਪਤੀ ਨੂੰ ਕੇਂਦਰ 'ਚ ਰਾਜ-ਮੰਤਰੀ ਬਣਾਇਆ ਜਾਵੇ। ਬਣਾਇਆ ਉਹ ਤਾਂ ਜਾ ਸਕਦਾ ਸੀ, ਜੇ ਉਹ ਕਿਸੇ ਸਦਨ ਦਾ ਮੈਂਬਰ ਹੋਵੇ। ਅਠਾਈ ਤਰੀਕ ਨੂੰ ਅਸੰਬਲੀ 'ਚ ਵਿਸ਼ਵਾਸ ਮੱਤ ਸੀ। ਏਸ ਬੰਦੀ ਨੂੰ ਰਾਮ ਕਰਨਾ ਜ਼ਰੂਰੀ ਸੀ। ਵਕਤ ਬਹੁਤਾ ਨਹੀਂ ਸੀ। ਏਸੇ ਲਈ ਤੇਰੀ ਥਾਂ ਓਸ ਬੰਦੀ ਦੇ ਘਰ ਵਾਲੇ ਨੂੰ ਨਾਮਜ਼ਦ ਕਰਨਾ ਪਿਆ। ਤੇਰੀ ਫ਼ਾਈਲ ਖਿੱਚਣੀ ਪਈ ਤੇ ਉਹਦੀ ਧੱਕਣੀ...'

'ਕਮਾਲ ਏ ਆਂਗਰੇ ਸਾਹਿਬ, ਤੁਸੀਂ ਤਾਂ ਆਪਣਾ ਟੰਟਾ ਮੁਕਾ ਲਿਆ, ਪਰ ਮੈਂ ਤਾਂ ਉੱਜੜ ਗਿਆ ਨਾ।'

'ਨਹੀਂ, ਗੁਰਦਿਆਲ, ਤੈਨੂੰ ਵੀ ਵਸਾ ਕੇ ਰੱਖਾਂਗੇ। ਠੀਕ ਥਾਂ। ਪਹਿਲੋਂ ਪੂਰੀ ਗੱਲ ਤਾਂ ਸੁਣ। ਮੈਨੂੰ ਕਿਹਾ ਗਿਆ, ਤੇਰੇ ਦੋਸਤ ਨੂੰ ਵਾਇਸ-ਚਾਂਸਲਰ ਲਾ ਦੇਂਦੇ ਹਾਂ। ਕਿਸੇ ਦੁਰਾਡੀ ਯੂਨੀਵਰਸਿਟੀ ਦਾ ਨਾਂ ਲੈਂਦੇ ਸਨ। ਮੈਂ ਕਹਿ ਦਿੱਤਾ, ਗੁਰਦਿਆਲ ਦਿੱਲੀ ਨਹੀਂ ਛੱਡ ਸਕਦਾ। ਫੇਰ ਕਹਿਣ ਲੱਗੇ, ਕਿਸੇ ਰਾਜ ਦਾ ਗਵਰਨਰ ਲਾ ਦੇਂਦੇ ਹਾਂ। ਮੈਂ ਪੁਛਿਆ, ਕਿੱਥੋਂ ਦਾ? ਉਹਨਾਂ ਆਪਣੀ ਛਾਣ-ਬੀਣ ਕੀਤੀ। ਪਤਾ ਲੱਗਾ, ਲਾਇਆ ਜਾ ਸਕਦੈ, ਪਰ ਇਕ ਸਾਲ ਬਾਅਦ। ਇਕ ਗਵਰਨਰ ਰੀਟਾਇਰ ਹੋਣ ਵਾਲੈ। ਮੈਂ ਕਹਿ ਦਿੱਤਾ, ਸਾਨੂੰ ਨਹੀਂ ਪੁਜਦਾ। ਅਸੀਂ ਇਕ ਸਾਲ ਨਹੀਂ ਉਡੀਕ ਸਕਦੇ। ਕੁਝ ਹੋਰ ਲੱਭੋ। ਹੁਣੇ ਦਿੱਤਾ ਜਾ ਸਕਣ ਵਾਲਾ... ਅਖ਼ੀਰ ਉਹਨਾਂ ਕੁਝ ਹਰ ਪੇਸ਼ ਕੀਤਾ...'

'ਕੀ? ਕਿੱਥੇ?' ਗੁਰਦਿਆਲ ਬੋਲ ਪਿਆ।

'*ਐਮਬੈਸਡਰੀ*। '*ਐਮਬੈਸਡਰ* ਦਾ ਅਹੁਦਾ। ਤੈਨੂੰ ਰਾਜਦੂਤ ਬਣਾਣ ਦਾ। *ਹਿਜ਼ ਐਕਸੇਲੈਂਸੀ*।

ਗੁਰਦਿਆਲ ਦਾ ਤਾਪ ਕਈ ਦਰਜੇ ਲਹਿ ਗਿਆ। ਪਰ ਉਹਦੇ ਤੌਖ਼ਲੇ ਨਾ ਗਏ।

'ਆਂਗਰੇ ਸਾਹਿਬ, ਐਵੇਂ ਲਾਰੇ ਤਾਂ ਨਹੀਂ ਲਾ ਰਹੇ?' ਓਸ ਕਲਪ ਕੇ ਪੁੱਛਿਆ।

'ਉਹ ਨਹੀਂ ਯਾਰ, ਤੈਨੂੰ ਬਣਾ ਰਹੇ ਹਾਂ *ਐਮਬੈਸਡਰ*। ਛੇਤੀ ਹੀ। ਦੱਸ ਕਿੱਥੇ ਲੱਗਣਾ ਈ। ਹਫ਼ਤੇ-ਦਸ ਦਿਨ 'ਚ ਤੂੰ *ਹਿਜ਼ ਐਕਸੇਲੈਂਸੀ* ਬਣਿਆ ਹੋਵੇਂਗਾ...'

ਗੁਰਦਿਆਲ ਨੂੰ ਕੁਝ ਹੋਰ ਠੰਢ ਪਈ। ਆਂਗਰੇ ਦੀ ਮੁਸਕੜੀ ਮਿਹਰਾਂ ਵਾਲੀ ਹੋ ਗਈ। ਉਹਨੇ ਮੂੰਹ ਕੁਝ ਹੋਰ ਖੋਲ੍ਹ ਕੇ ਪੁੱਛਿਆ,

'ਦੱਸ, ਬੋਟਸਵਾਣੇ ਜਾਏਂਗਾ?'

'ਇਹ ਕੀ ਨਾਂ ਲਿਆ ਜੇ?' ਗੁਰਦਿਆਲ ਘਬਰਾ ਗਿਆ।

'ਬੋਟਸਵਾਣਾ। ਜਿਵੇਂ ਹਰਿਆਣੇ 'ਚ ਗੋਹਾਣਾ ਤੇ ਟੋਹਾਣਾ।'

ਆਂਗਰੇ ਕਿਸੇ ਸਮੇਂ ਆਪਣੀ ਪਾਰਟੀ ਦਾ ਹਰਿਆਣਾ-ਨਰੀਖ਼ਸ਼ਕ ਰਿਹਾ



ਸੀ। ਉਹਨੇ ਉਸ ਰਾਜ ਦਾ ਜੁਗਰਾਫ਼ੀਆ ਪੂਰਾ ਪੜ੍ਹਿਆ ਹੋਇਆ ਸੀ। ਗੁਰਦਿਆਲ ਬੌਂਦਲਾ ਗਿਆ। ਫੇਰ ਪੁੱਛਣ ਲੱਗਾ,

'ਆਂਗਰੇ ਸਾਹਿਬ, ਮੈਂ ਤੁਕਾਂਤ ਦੀ ਗੱਲ ਨਹੀਂ ਕਰ ਰਿਹਾ। ਦੱਸੋ, ਇਹ ਚੀਜ਼ ਕੀ ਏ, ਤੁਹਾਡਾ ਇਹ ਬੋਟਸਵਾਣਾ?'

'ਗੁਰਦਿਆਲ, ਇਹ ਚੀਜ਼ ਨਹੀਂ, ਦੇਸ ਏ। ਮੁਲਕ। ਰਾਸ਼ਟਰ।'

'ਕਿੱਥੇ ਏ ਇਹ?'

'ਠਹਿਰ ਤੈਨੂੰ ਵਿਖਾਨਾਂ।'

ਆਂਗਰੇ ਉੱਠਿਆ। ਕੋਠੀ ਅੰਦਰ ਗਿਆ ਤੇ ਆਪਣੀ *ਲੈਪਟਾਪ* ਚੁੱਕ ਲਿਆਇਆ। ਉਹਨੂੰ ਚਲਾਇਆ। ਵਿੱਚੋਂ ਅਫ਼ਰੀਕੀ ਮਹਾਂਦੀਪ ਕੱਢਿਆ। ਉਹਨੂੰ ਗੁਰਦਿਆਲ ਅੱਗੇ ਰੱਖਦਿਆਂ ਉਸ ਪੁੱਛਿਆ,

'ਸਕੂਲ 'ਚ ਕਾਲਾਹਾਰੀ ਥਲ ਦਾ ਨਾਂ ਸੁਣਿਆ ਸਾਈ?'

'ਸੁਣਿਆ ਸੀ। ਅਫ਼ਰੀਕਾ 'ਚ ਏ। ਹੇਠਾਂ ਕਰਕੇ।'

'ਇਹ ਥਲ ਬੋਟਸਵਾਣਾ 'ਚ ਹੀ ਪੈਂਦੈ। ਸੱਤਰ ਫ਼ੀ ਸਦੀ ਦੇਸ ਏਹਨੇ ਹੀ ਮੱਲਿਆ ਹੋਇਐ।'

ਗੁਰਦਿਆਲ ਨੂੰ ਹੌਲ ਪਿਆ।

'ਫੇਰ ਬਾਕੀ ਕੀ ਰਹਿ ਗਿਆ? ਰੇਤ ਫੱਕਦੇ ਨੇ ਲੋਕ ਓਥੇ?'

'ਨਹੀਂ ਯਾਰ, ਓਥੋਂ ਦੇ ਲੋਕ ਬੜੇ ਸੌਖੇ ਨੇ। ਜੀਅ ਪ੍ਰਤੀ ਆਮਦਨ ਉਹਨਾਂ ਦੀ ਕੋਈ ਸੱਤਰ ਹਜ਼ਾਰ ਡਾਲਰ ਸਾਲਾਨਾ ਏ। ਮਤਲਬ ਏ, ਉਹ ਮੈਕਸੀਕੋ ਤੇ ਤੁਰਕੀ ਦੇ ਮੇਚ ਦੇ ਨੇ, ਏਸ ਮਾਮਲੇ 'ਚ।'

'ਸਭ ਕਾਲੇ ਹੋਣਗੇ?'

'ਕਾਲੇ ਹੀ ਨਹੀਂ, ਕਾਲੇ-ਚੋ। ਤਵੇ ਦਾ ਦੂਜਾ ਪਾਸਾ।'

ਗੁਰਦਿਆਲ ਦੀ ਨਜ਼ਰ ਆਂਗਰੇ ਦੀ ਦਾੜ੍ਹੀ ਮੁੱਛਾਂ 'ਤੇ ਗਈ।

'ਯਾਰ, ਉਹ ਅਫ਼ਰੀਕਨ ਨੇ। ਗੋਰੇ ਤਾਂ ਹੋ ਨਹੀਂ ਸਕਦੇ। ਬੋਟਸਵਾਣਾ ਅਫ਼ਰੀਕਾ ਦੇ ਦੱਖਣ 'ਚ ਵਸਿਆ ਹੋਇਐ। ਆਹ ਵੇਖ।'

ਆਂਗਰੇ ਨੇ ਕੋਈ ਨਕਸ਼ਾ ਵੱਡਾ ਕਰਕੇ ਵਿਖਾਇਆ।

'ਇਹ ਦੇਸ ਸਮੁੰਦਰੋਂ ਦੂਰ ਏ। ਉਹਦੇ ਇਕ ਪਾਸੇ ਦੱਖਣੀ ਅਫ਼ਰੀਕਾ ਏ, ਓਥੇ ਜਿੱਥੇ ਸਾਡੇ ਖਿਡਾਰੀ ਕ੍ਰਿੱਕਟ ਖੇਡਣ ਜਾਂਦੇ ਨੇ। ਦੂਜੇ ਪਾਸੇ ਨਾਮੀਬੀਆ ਏ। ਤੀਜੇ ਪਾਸੇ ਜ਼ਾਮਬੀਆ ਤੇ ਚੌਥੇ ਪਾਸੇ ਜ਼ਿਮਬਾਬਵੇ।'

'ਕਿਹਦੀ ਹਕੂਮਤ ਏ ਓਥੇ?'

'ਉਹਦੇ ਆਪਣੇ ਲੋਕਾਂ ਦੀ। *ਡੈਮਕ੍ਰੇਸੀ* ਏ ਓਥੇ। ਸਾਡੇ ਵਾਂਗ। 1966 'ਚ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ। ਬੜੀ ਤੇਜ਼ੀ ਨਾਲ ਵਿਕਾਸ ਕਰ ਰਿਹੈ। ਹੀਰਿਆਂ, ਸੋਨੇ, ਤਾਂਬੇ ਤੇ ਯੂਰੇਨੀਅਮ ਦੀਆਂ ਖਾਣਾਂ ਨੇ ਓਥੇ। ਸਾਡੇ ਵਾਂਗ ਕਾਮਨਵੈਲਥ ਦਾ ਮੈਂਬਰ ਏ। ਪਿੱਛੇ ਜਿਹੇ ਜਿਹੜੀਆਂ ਏਥੇ ਕਾਮਨਵੈਲਥ ਖੇਡਾਂ

ਹੋਈਆਂ ਸਨ, ਉਹਦੀਆਂ ਟੀਮਾ ਵੀ ਆਈਆਂ ਹੋਈਆਂ ਸਨ ਉਹਨਾਂ 'ਚ। ਤੂੰ ਹੋਏਂਗਾ *ਐਮਬੈਸਡਰ*, ਪਰ ਕਹਿਵਾਏਂਗਾ *ਹਾਈ ਕਮਿਸ਼ਨਰ*। ਕਾਮਵੈਲਥ ਦੇਸਾਂ 'ਚ ਰਾਜਦੂਤਾਂ ਨੂੰ *ਹਾਈ ਕਮਿਸ਼ਨਰ* ਕਹਿੰਦੇ ਨੇ।'

ਗੁਰਦਿਆਲ ਦਾ ਬੁਖ਼ਾਰ ਪੂਰਾ ਲਹਿ ਚੁੱਕਾ ਸੀ। ਉਹਨੇ ਪੁੱਛਿਆ,

'ਓਥੇ ਬੰਦੇ ਕਿੰਨੇ ਕੁ ਨੇ?'

'ਬਹੁਤੇ ਨਹੀਂ। ਤੂੰ ਬੰਦਿਆਂ ਨੂੰ ਕੀ ਕਰਨੈਂ? ਹੋਣਗੇ ਕੋਈ ਵੀਹ-ਪੰਝੀ ਲੱਖ। ਸਾਡੀ ਲੋਕ ਸਭਾ ਦੇ ਕੋਈ ਦੋ ਹਲਕਿਆਂ ਦੇ ਬਰਾਬਰ।'

ਆਂਗਰੇ ਦੀ ਮੁਸਕਰਾਹਟ ਹਾਸੇ 'ਚ ਬਦਲ ਗਈ। ਗੁਰਦਿਆਲ ਕੁਝ ਸੋਚਣ ਲੱਗਾ। ਉਸ ਪੁੱਛਿਆ,

'ਆਂਗਰੇ ਸਾਹਿਬ, ਹੋਰ ਕਿਹੜੀ ਥਾਂ ਜਾ ਸਕਦੇ ਹਾਂ?'

'ਹੋਰ ਥਾਂ ਏ ਮੈਡਗਾਸਕਰ। ਇਹ ਵੀ ਅਫ਼ਰੀਕਾ 'ਚ ਹੀ ਏ। ਟਾਪੂ ਏ। ਦੁਨੀਆਂ ਦੇ ਸਭ ਤੋਂ ਵੱਡੇ ਤਿੰਨ ਟਾਪੂਆਂ 'ਚੋਂ ਇਕ ਏ। ਵੱਸੋਂ ਓਥੇ ਵੀ ਬਹੁਤੀ ਨਹੀਂ। ਪਰ ਟਾਪੂ ਬਹੁਤ ਵੱਡੈ। ਆਹ ਵੇਖ।'

ਆਂਗਰੇ ਨੇ ਇਕ ਹਰ ਨਕਸ਼ਾ ਕੱਢਿਆ ਤੇ ਗੁਰਦਿਆਲ ਅੱਗੇ ਕੀਤਾ।

ਟਾਪੂ ਅਫ਼ਰੀਕਾ ਦੇ ਦੱਖਣ-ਪੂਰਬੀ ਸਾਹਿਲ ਤੋਂ ਹਟਵਾਂ ਸੀ।

'ਇਹ ਤਾਂ ਸਾਡੇ ਤੋਂ ਨੇੜੇ ਲੱਗਦੈ', ਗੁਰਦਿਆਲ ਨੇ ਅੰਦਾਜ਼ਾ ਲਾਇਆ।

'ਦੂਰ ਨਹੀਂ, ਪਰ ਸਿੱਧੀ ਫਲਾਈਟ ਕੋਈ ਨਹੀਂ ਜਾਂਦੀ। ਆਮ ਵਿਸ਼ਵਾਸ ਇਹ ਹੈ ਕਿ ਕੋਈ ਨੌਂ ਕਰੋੜ ਸਾਲ ਪਹਿਲਾਂ ਧਰਤੀ 'ਚ ਕੋਈ ਜ਼ਬਰਦਸਤ ਉਪਰ-ਥੱਲੇ ਹੋਈ ਤੇ ਓਦੋਂ ਇਸ ਟਾਪੂ ਵਾਲਾ ਹਿੱਸਾ ਸਾਡੇ ਇੰਡੀਆ ਤੋਂ ਕੱਟਿਆ ਗਿਆ। ਫੇਰ ਸਮੁੰਦਰ 'ਚ ਕੱਲਾ ਹੀ ਵਧਿਆ-ਫੁੱਲਿਆ। ਏਸੇ ਕਰਕੇ ਜਿਹੜੇ ਫੁੱਲ ਬੂਟੇ, ਜਨੌਰ, ਪੰਖੇਰੂ ਓਥੇ ਹੁੰਦੇ ਨੇ, ਹੋਰ ਕਿਤੇ ਨਹੀਂ ਹੁੰਦੇ।'

'ਹੱਛਾ! ਓਥੇ ਤਾਂ ਫੇਰ ਕਿਸੇ ਵਾਤਾਵਰਨ-ਪ੍ਰੇਮੀ ਨੂੰ ਜਾਣਾ ਚਾਹੀਦੈ। ਇਹ ਦੱਸੋ ਕਿ ਬੋਲੀ ਕਿਹੜੀ ਚਲਦੀ ਏ ਓਥੇ?'

'ਫ਼ਰਾਂਸੀਸੀ। ਟਾਪੂ ਪਹਿਲੋਂ ਫ਼ਰਾਂਸੀਸੀਆਂ ਦੇ ਕਬਜ਼ੇ 'ਚ ਰਿਹੈ। ਵੈਸੇ ਓਥੋਂ ਦੀ ਆਪਣੀ ਜ਼ੁਬਾਨ ਵੀ ਏ।'

'ਬੋਟਸਵਾਣਾ 'ਚ ਕਿਹੜੀ ਜ਼ਬਾਨ ਏ?'

'ਅੰਗਰੇਜ਼ੀ। ਬੋਟਸਵਾਣਾ 'ਤੇ ਪਹਿਲੋਂ ਅੰਗਰੇਜ਼ਾਂ ਦੀ ਹਕੂਮਤ ਰਹੀ ਏ। ਸਾਡੇ ਵਾਂਗ। ਉਹਨਾਂ ਦੀ ਆਪਣੀ ਜ਼ਬਾਨ ਵੀ ਏ। ਗੁਰਦਿਆਲ, ਇਹਨਾਂ ਦੋਵਾਂ 'ਚੋਂ ਚੁਣ ਲੈ ਕੋਈ।'

'ਆਂਗਰੇ ਸਾਹਿਬ, ਹੁਣ ਚੁਣਨ ਵਾਲੀ ਕਿਹੜੀ ਗੱਲ ਰਹਿ ਗਈ ਏ। ਓਹੀਓ ਦਿਓ, ਜਿੱਥੇ ਅੰਗਰੇਜ਼ੀ ਏ। ਹੁਣ ਏਸ ਉਮਰੇ ਫ਼ਰਾਂਸੀਸੀ ਤਾਂ ਸਿੱਖਣ ਨਹੀਂ ਲੱਗੇ।'

'ਠੀਕ ਏ, ਫੇਰ ਕਹਿ ਦਈਏ ਬੋਟਸਵਾਣਾ?'



'ਕਹਿ ਦਿਓ। ਕਦੋਂ ਤਕ ਐਲਾਨ ਹੋ ਜਾਏਗਾ?'

'ਬਸ ਹੋਇਆ ਕਿ ਹੋਇਆ। ਤੈਨੂੰ ਪੁੱਛਣਾ ਹੀ ਸੀ। ਫੇਰ ਇਹਨਾਂ ਮਾਮਲਿਆਂ 'ਚ ਇਕ ਮਾੜੀ ਜਿਹੀ *ਫਾਰਮੈਲਿਟੀ* ਵੀ ਹੁੰਦੀ ਏ। ਦੇਸ ਵਾਲਿਆਂ ਨੂੰ ਨਾਂ ਪਹਿਲੋਂ ਭੇਜਣਾ ਪੈਂਦੈ। ਉਹਨਾਂ ਦੀ ਰਸਮੀ ਪ੍ਰਵਾਨਗੀ ਲਈ ਜਾਂਦੀ ਏ। ਇਹ ਹੱਥੋ-ਹੱਥ ਹੀ ਕਰਾ ਲਾਂਗੇ। ਦੱਸ ਫੇਰ, ਕਹਿ ਦਈਏ ਨਾ ਬੋਟਸਵਾਣਾ?'

'ਕਹਿ ਦਿਓ। ਪੱਕਾ ਸਮਝੋ।'

ਚਾਣਚੱਕ ਹੀ ਗੁਰਦਿਆਲ ਅੰਦਰ ਕਈ ਸੰਸਾ ਉੱਠਿਆ। ਉਸ ਪੁੱਛਿਆ,

'ਆਂਗਰੇ ਸਾਹਿਬ, ਮੇਰੀ ਕੋਠੀ ਦਾ ਕੀ ਬਣੇਗਾ?'

'ਜਿੰਨਾ ਚਿਰ ਤੂੰ ਬੋਟਸਵਾਣਾ ਨਹੀਂ ਜਾਂਦਾ, ਤੈਨੂੰ ਕੋਈ ਓਥੋਂ ਹਿਲਾਏਗਾ ਨਹੀਂ। ਰਹੀ ਜਾਓ। ਬੋਟਸਵਾਣਾ 'ਚ ਤੁਹਾਡੀ ਆਪਣੀ ਕੋਠੀ ਹੋਵੇਗੀ। ਏਥੋਂ ਨਾਲੋਂ ਵੱਡੀ। ਨੌਕਰ-ਚਾਕਰ ਵੀ ਹੋਣਗੇ। ਤਿੰਨ ਸਾਲ ਬੈਠ ਐਸ਼ ਕਰਨਾ। ਕੰਮ ਕੋਈ ਖ਼ਾਸ ਨਹੀਂ ਹੋਣਾ। ਜਿਹੜਾ ਹੋਇਆ ਵੀ, ਵਿਦੇਸ਼ ਮੰਤਰਾਲੇ ਦਾ ਸਟਾਫ਼ ਕਰੇਗਾ। ਉਹ ਓਥੇ ਹੋਏਗਾ ਹੀ।'

ਗੁਰਦਿਆਲ ਅੰਦਰ ਇਕ ਹੋਰ ਸਵਾਲ ਭੁੜਕਿਆ ਤੇ ਉਹਦੇ ਬੁੱਲ੍ਹਾਂ 'ਤੇ ਆ ਗਿਆ,

'ਆਂਗਰੇ ਸਾਹਿਬ, ਸਾਡੀ ਪਹਿਲਵਾਨੀ ਫ਼ੈਡਰੇਸ਼ਨ ਦਾ ਕੀ ਬਣੇਗਾ?'

'ਉਹ ਕਾਇਮ ਰਹੇਗੀ। ਤੇਰੀ ਥਾਂ ਕਿਸੇ ਹੋਰ ਨੂੰ ਬਿਠਾ ਦਿਆਂਗੇ। ਬੜੇ ਉਮੀਦਾਵਰ ਨੇ। ਜਦੋਂ ਤੂੰ ਵਾਪਸ ਆਏਂਗਾ, ਤੈਨੂੰ ਏਸੇ ਤਰ੍ਹਾਂ ਦੀ ਕੋਈ ਹੋਰ ਕੁਰਸੀ ਦੇ ਦਿਆਂਗੇ। ਕਬੱਡੀ ਫ਼ੈਡਰੇਸ਼ਨ 'ਚ ਜਾਂ ਸਾਈਕਲ ਫ਼ੈਡਰੇਸ਼ਨ 'ਚ। ਜਾਂ ਕਿਸੇ ਹੋਰ ਫ਼ੈਡਰੇਸ਼ਨ 'ਚ। ਬੜੀਆਂ ਨੇ। ਇਹ ਓਦੋਂ ਵੇਖਾਂਗੇ। ਤੇਰੀ ਜੂਨੀਅਰ ਵਾਇਸ-ਚੇਅਰਮੈਨੀ ਕਿਤੇ ਨਹੀਂ ਜਾਂਦੀ। ਖ਼ਿਆਲ ਰੱਖਾਂਗੇ ਯਾਰ ਤੇਰਾ। ਹੁਣ ਤਾਂ ਤੂੰ ਸਾਡੀ ਆਪਣੀ ਪਾਰਟੀ ਦਾ ਬੰਦਾ ਏਂ।'

ਗੁਰਦਿਆਲ ਨੂੰ ਧਰਵਾਸ ਹੋਇਆ। ਅੰਦਰ ਚੈਨ ਪਿਆ। ਹੁਣ ਉਹਨੇ ਆਂਗਰੇ ਦੇ ਮਤਲਬ ਦੀ ਪੁੱਛ ਕੀਤੀ,

'ਆਂਗਰੇ ਸਾਹਿਬ, ਅੱਜ ਤੁਹਾਡੇ ਕੁੱਤੇ ਨਹੀਂ ਦਿੱਸੇ?'

'ਪਿੱਛੇ ਨੇ। ਏਸ ਵੇਲੇ ਮੇਰੀ ਪਤਨੀ ਉਹਨਾਂ ਨੂੰ ਲਾਡ ਲਡਾਉਂਦੀ ਏ। ਵੈਸੇ, ਉਹਨਾਂ ਨੂੰ ਤੇਰੇ ਆਉਣ ਦਾ ਪਤੈ। ਜਦੋਂ ਤੂੰ ਅੰਦਰ ਵੜਿਆ ਸੈਂ, ਮੈਕਸੀ ਨੇ ਆਵਾਜ਼ ਕੱਢੀ ਸੀ।'

'ਇਹ ਮੈਕਸੀ ਤੁਹਾਡੇ ਆਪਣੇ ਫ਼ਾਰਮ ਦਾ ਏ?'

'ਬਿਲਕੁਲ! ਇਹੋ ਜਿਹਾ ਕੁੱਤਾ ਹੋਰ ਕਿਸੇ ਕੋਲ ਨਹੀਂ।'

'ਮੈਨੂੰ ਵੀ ਲਿਆ ਦਿਓ ਕੋਈ ਇਹਦੇ ਨਾਲ ਦਾ ਕਤੂਰਾ। ਬੋਟਸਵਾਣਾ ਨਾਲ ਲੈ ਜਾਵਾਂਗਾ।'

'ਹੈ ਸਾਡੇ ਕੋਲ। ਅਗਲੀ ਵਾਰੀ ਜਦੋਂ ਪੂਨੇ ਗਿਆ, ਲੈ ਆਵਾਂਗਾ...

ਗੁਰਦਿਆਲ, ਅਸੀਂ ਤੈਨੂੰ ਬੜੀ ਧੂਮ-ਧਾਮ ਨਾਲ ਵਿਦਾ ਕਰਾਂਗੇ। ਸਾਡੀ ਫ਼ੈਡਰੇਸ਼ਨ *ਗੋਲਫ਼ ਕਲੱਬ* 'ਚ ਪਾਰਟੀ ਕਰੇਗੀ। ਵਿਦੇਸ਼ ਮੰਤਰੀ ਨੂੰ ਵੀ ਸੱਦਾਂਗੇ। ਵਿਦੇਸ਼ ਮੰਤਰਾਲੇ ਦੇ ਲੋਕਾਂ ਨੂੰ ਵੀ। ਉਹਨਾਂ ਨੂੰ ਵੀ, ਜਿਨ੍ਹਾਂ ਨਾਲ ਤੇਰਾ ਵਾਸਤਾ ਰਹੇਗਾ। ਪਾਰਟੀ ਦੇ ਬੰਦਿਆਂ ਨੂੰ ਵੀ।'

'ਸਲਾਹਕਾਰ ਨੂੰ ਵੀ ਸੱਦੋਗੇ?'

'ਨਹੀਂ। ਉਹ ਪਾਰਟੀਆਂ 'ਚ ਨਹੀਂ ਜਾਂਦਾ। ਪਰ ਸਲਾਹਕਾਰ ਦੇ ਸਲਾਹਕਾਰ ਨੂੰ ਜ਼ਰੂਰ ਸੱਦਾਂਗੇ। ਉਹ ਤੈਨੂੰ ਮਿਲਣਾ ਵੀ ਚਾਹੁੰਦੈ।'

'ਮੈਂ ਵੀ ਮਿਲਣਾ ਚਾਹੁਨਾਂ ਉਹਨੂੰ। ਜ਼ਰੂਰ ਮਿਲਾਣਾ।'

ਗੁਰਦਿਆਲ ਨੂੰ ਹੁਣ ਘਰ ਜਾਣ ਦੀ ਕਾਹਲ ਸੀ। ਸਾਰਾ ਕੁਝ ਦੀਪਾਂ ਨੂੰ ਦੱਸਣਾ ਚਾਹੁੰਦਾ ਸੀ। ਉਹ ਬੈਠੀ ਫ਼ਿਕਰ ਕਰਦੀ ਹੋਏਗੀ। ਉਹਨੇ ਆਂਗਰੇ ਤੋਂ ਛੁੱਟੀ ਮੰਗੀ। ਉਹ ਬਾਹਰ ਉਹਦੇ ਨਾਲ ਆਇਆ। ਜਦੋਂ ਗੁਰਦਿਆਲ ਗੱਡੀ 'ਚ ਬੈਠਾ, ਆਂਗਰੇ ਨੇ, ਅੱਗੇ ਉੜ੍ਹ, ਸਾਵਧਾਨ ਕੀਤਾ,

'ਗੁਰਦਿਆਲ, ਤੇਰੇ *ਐਮਬੈਸਡਰ* ਲੱਗਣ ਦੀ ਖ਼ਬਰ ਅਖ਼ਬਾਰਾਂ 'ਚੋਂ ਮਿਲਣੀ ਚਾਹੀਦੀ ਏ, ਤੇਰੇ ਮੂੰਹੋਂ ਨਹੀਂ।'

'ਮੇਰੇ ਮੂੰਹੋਂ ਸਿਰਫ਼ ਮੇਰੀ ਪਤਨੀ ਨੂੰ ਮਿਲੇਗੀ।'

ਮਾੜਾ ਜਿਹਾ ਹੱਸਦਿਆਂ ਗੁਰਦਿਆਲ ਨੇ ਗੱਡੀ ਟੋਰ ਦਿਤੀ।

# ਐਲਾਨ

ਘਰ ਪਰਤਣ ਵੇਲੇ ਗੁਰਦਿਆਲ ਨੇ ਉਹ ਰਾਹ ਚੁਣਿਆ, ਜਿਹੜਾ ਹੈ ਤਾਂ ਲੰਮਾ ਸੀ, ਪਰ ਵਿੱਚ ਬੱਤੀਆਂ ਨਾ ਹੋਣ ਕਰਕੇ ਮੁੱਕਦਾ ਛੇਤੀ ਸੀ। ਉਹ ਘਰ ਫਟਾਫਟ ਹੀ ਪਹੁੰਚ ਗਿਆ। ਜਾ ਕੇ ਉਹਨੂੰ ਆਪਣੀ ਦੀਪਾਂ ਵੀ ਲੱਭਣੀ ਨਾ ਪਈ। ਉਹ ਬਾਹਰ ਹੀ ਲਾਅਨ 'ਚ ਸੁੰਦਰ ਦਾਸ ਵਾਲੇ ਅੰਬ ਦੀ ਛਾਵੇਂ ਬੈਠੀ ਸੀ। ਬਾਹਰਲੇ ਫਾਟਕ ਵੱਲ ਮੂੰਹ ਕਰਕੇ। ਉਹਨੂੰ ਅੰਦਰ ਵੜਦਿਆਂ ਵੇਖ ਉਹ ਉੱਠ ਖਲੋਤੀ। ਉਹਨੂੰ ਬੇ-ਫ਼ਿਕਰ ਹੋਇਆ ਵੇਖ ਉਹਦਾ ਆਪਣਾ ਫ਼ਿਕਰ ਵੀ ਲਹਿ ਗਿਆ।

'ਬੱਚੇ ਚਲੇ ਗਏ ਨੇ?' ਦੀਪਾ ਕੋਲ ਪਹੁੰਚਦਿਆਂ ਗੁਰਦਿਆਲ ਨੇ ਪੁੱਛਿਆ।

'ਉਹ ਤਾਂ ਤੁਹਾਡੇ ਹੁੰਦਿਆਂ ਹੀ ਚਲੇ ਗਏ ਸਨ। ਤੁਹਾਨੂੰ ਮਿਲ ਕੇ ਗਏ ਸਨ।'

'ਹਾਂ, ਯਾਦ ਆ ਗਿਐ।'

ਗੁਰਦਿਆਲ ਨੇ ਉਹਨੂੰ ਸਾਰਾ ਕੁਝ ਵਿਸਥਾਰ ਨਾਲ ਦੱਸਿਆ। ਸਿਰਫ਼ ਅਜੇ ਮੈਕਸੀ ਜਿਹਾ ਕੁੱਤਾ ਮੰਗਣ ਦਾ ਜ਼ਿਕਰ ਨਾ ਕੀਤਾ।

'ਫੇਰ ਲਾਰਾ ਤਾਂ ਨਹੀਂ ਲਾ ਰਹੇ ਕੋਈ?' ਦੀਪਾਂ ਨੇ ਪੁੱਛਿਆ। ਉਹਨੂੰ ਅਜੇ ਵਿਸ਼ਵਾਸ ਨਹੀਂ ਸੀ ਹੋਇਆ।

'ਕੁਝ ਨਹੀਂ ਕਹਿ ਸਕਦੇ। ਇਕ ਵਾਰੀ ਤਾਂ ਨਜ਼ਾਰਾ ਵਿਖਾ ਹੀ ਚੁੱਕੇ ਨੇ।'

'ਕਦੋਂ ਫ਼ੈਸਲਾ ਹੋਏਗਾ?'

'ਛੇਤੀ ਹੀ। ਕੁਝ ਦਿਨਾਂ ਦੇ ਅੰਦਰ ਅੰਦਰ।'

'ਅੱਜ ਕੀ ਤਰੀਕ ਏ?'

'ਤੂੰ ਤਰੀਕ ਨੂੰ ਕੀ ਕਰਨੈਂ। ਆਪੇ ਅਖ਼ਬਾਰਾਂ 'ਚ ਨਿਕਲ ਆਏਗਾ। ਪੜ੍ਹ ਲਈਂ।'

'ਪੜ੍ਹ ਤਾਂ ਲਾਂਗੀ, ਪਰ ਮੈਨੂੰ ਤੁਹਾਡਾ ਇਹ ਬੋਟਸਵਾਣਾ ਠੀਕ ਨਹੀਂ ਜੇ ਲੱਗਦਾ। ਓਥੇ ਗਰਮੀ ਬੜੀ ਹੋਏਗੀ।'

'ਤੈਨੂੰ ਕੀ! ਸਾਡੀ ਕੋਠੀ ਤਾਂ *ਏਅਰ-ਕੰਡੀਸ਼ਨਿੰਡ* ਹੋਏਗੀ। ਨਾਲੇ, ਦੀਪਾਂ ਓਥੇ ਹਰ ਲੋਕ ਵੀ ਤਾਂ ਰਹਿੰਦੇ ਨੇ। ਅਸੀਂ ਵੀ ਰਹਿ ਲਾਂਗੇ।'

ਦੀਪਾਂ ਨੂੰ ਇਕ ਹੋਰ ਚਿੰਤਾ ਨੇ ਆ ਘੇਰਿਆ। ਉਸ ਪੁੱਛਿਆ,

'ਬਚਿਆਂ ਦਾ ਕੀ ਬਣੇਗਾ?... ਉਹ ਸਾਡੇ ਨਾਲ ਤਾਂ ਜਾਣ ਨਹੀਂ ਲੱਗੇ।'

'ਉਹ ਕਿਉਂ ਜਾਣ ਸਾਡੇ ਨਾਲ? ਉਹਨਾਂ ਦੇ ਆਪਣੇ ਕੰਮ ਨੇ।'

'ਰਹਿਣਗੇ ਕਿੱਥੇ? ਇਹ ਕੋਠੀ ਤਾਂ ਖੁੱਸ ਜਾਏਗੀ।'

'ਕੋਠੀ ਤਾਂ ਖੁੱਸੇਗੀ ਹੀ। ਕੁਝ ਨਾ ਕੁਝ ਕਰਾਂਗੇ। ਪਹਿਲੋਂ ਐਲਾਨ ਹੋ ਲੈਣ ਦੇ। ਸ਼ਾਇਦ ਸਾਡੀ ਫ਼ੈਡਰੇਸ਼ਨ ਜਾਂ ਕਿਸੇ ਹਰ ਫ਼ੈਡਰੇਸ਼ਨ ਕੋਲ ਕੋਈ ਥਾਂ ਹੋਵੇ। ਆਂਗਰੇ ਨਾਲ ਕਰਾਂਗਾ ਗੱਲ।'

ਦੀਪਾਂ ਦੀ ਤਸੱਲੀ ਨਾ ਹੋਈ। ਉਹਨੇ ਇਕ ਹੋਰ ਸਵਾਲ ਪੁੱਛਿਆ,

'ਜਦੋਂ ਬੋਟਸਵਾਣਾ ਤੋਂ ਵਾਪਸ ਆਵਾਂਗੇ... ਅਸੀਂ ਜਾ ਕਿੰਨੇ ਸਾਲਾਂ ਲਈ ਰਹੇ ਹਾਂ?'

'ਤਿੰਨ ਸਾਲਾਂ ਲਈ।'

'ਜਦੋਂ ਵਾਪਸ ਆਵਾਂਗੇ, ਕਿੱਥੇ ਰਹਾਂਗੇ?'

'ਦੀਪਾਂ, ਪਹਿਲਂ ਵਾਪਸ ਤਾਂ ਆ ਲਈਏ। ਓਦੋਂ ਦੀ ਓਦੋਂ ਵੇਖਾਂਗੇ। ਕੁਝ ਨਾ ਕੁਝ ਬੰਦਬਸਤ ਹੋ ਹੀ ਜਾਏਗਾ। ਸੋਚ ਲਾਂਗੇ... ਤੂੰ ਦੀਪਾਂ, ਅਜੇ ਕਿਸੇ ਨਾਲ ਗੱਲ ਨਹੀਂ ਕਰਨੀ। ਫੇਰ ਨਾ ਭਾਨੀ ਵੱਜ ਜਾਏ।'

'ਸਿਰਫ਼ ਲਾਡੀ ਨਾਲ ਕਰਾਂਗੀ।'

'ਨਹੀਂ, ਅਜੇ ਉਹਨੂੰ ਵੀ ਨਹੀਂ ਦੱਸਣਾ। ਨਾ ਹੀ ਕਿਸੇ ਹੋਰ ਨੂੰ।'

ਦੀਪਾਂ ਬੜਾ ਕੁਝ ਹੋਰ ਪੁੱਛਣਾ ਚਾਹੁੰਦੀ ਸੀ, ਪਰ ਗੁਰਦਿਆਲ ਕੋਲ ਉਹਦੇ ਸਵਾਲਾਂ ਦੇ ਜਵਾਬ ਨਹੀਂ ਸਨ। ਉਹਨੇ ਉਹਦਾ ਧਿਆਨ ਹੋਰ ਪਾਸੇ ਲਾਉਣਾ ਚਾਹਿਆ। ਅੱਗੋਂ ਸਵਾਲ ਕੀਤਾ,

'ਆਂਗਰੇ ਵਰਗਾ ਕੋਈ ਕੁੱਤਾ ਲੈਣਾ ਈ?'

'ਅਜੇ ਨਹੀਂ। ਨਾਲ ਲੈ ਜਾਂਗੇ।'

'ਨਾਲ ਹੀ ਲੈ ਜਾਈਂ, ਪਰ ਚਾਹੀਦਾ ਕਿਹੜਾ ਈ?'

'ਛੋਟਾ। ਮੈਨੂੰ ਵੱਡਿਆਂ ਤੋਂ ਡਰ ਲਗਦੈ। ਆਂਗਰੇ ਦੇ ਛੋਟੇ ਕੁੱਤੇ ਦਾ ਨਾਂ ਕੀ ਸੀ ਭਲਾ?'

'ਮੈਕਸੀ।'

'ਬਸ, ਉਹੋ ਜਿਹਾ। ਪਿਸਤਾ।'

'ਮੈਂ ਕਿਹੈ ਉਹਨੂੰ। ਕਹਿੰਦਾ ਸੀ, ਜਦੋਂ ਪੂਨੇ ਗਿਆ, ਲੈ ਆਵੇਗਾ।'

'ਇਹ ਦੱਸੋ', ਦੀਪਾਂ ਨੂੰ ਕੁਝ ਯਾਦ ਆ ਗਿਆ, 'ਸਾਡੀ ਓਥੇ ਤਨਖ਼ਾਹ ਕਿੰਨੀ ਹੋਵੇਗੀ?'

ਉਹ ਫੇਰ ਪਹਿਲੀ ਥਾਂ ਆ ਗਈ ਸੀ।

'ਦੀਪਾਂ, ਇਹ ਤਾਂ ਮੈਂ ਪੁੱਛਿਆ ਨਹੀਂ। ਆਂਗਰੇ ਨੂੰ ਆਪ ਵੀ ਪਤਾ ਨਹੀਂ ਹੋਣਾ। ਝੱਲੀਏ, ਐਮਬੈਸਡਰ ਲੋਕ ਤਨਖ਼ਾਹ ਵਾਸਤੇ ਥੋੜਾ ਲੱਗਦੇ ਨੇ। ਟੌਹਰ ਹੁੰਦੀ ਏ। ਸਲਾਮਾਂ ਹੁੰਦੀਆਂ ਨੇ। ਜਨਾਬ, ਜਨਾਬ ਹੁੰਦੀ ਏ। ਤਨਖ਼ਾਹ ਠੀਕ ਹੀ ਹੋਵੇਗੀ। ਖ਼ਰਚ ਤਾਂ ਸਾਰੇ ਸਰਕਾਰੀ ਹੋਣਗੇ। ਕਾਰਾਂ 'ਚ ਪੈਟਰੋਲ ਵੀ ਸਾਨੂੰ ਆਪਣਾ ਨਹੀਂ ਪੁਆਣਾ ਪਏਗਾ... ਦੀਪਾ ਛੱਡ ਇਹਨੂੰ। ਪਹਿਲੋਂ ਅਖ਼ਬਾਰਾਂ



'ਚ ਨਿਕਲ ਲੈਣ ਦੇ।'

'ਚਲੋ ਫੇਰ ਨਹਾ-ਧੋ ਲੌ। ਤੁਹਾਡੀ ਪਰੌਂਠੀ ਬਣੀ ਪਈ ਏ। ਪਹਿਲੋਂ ਖਾਣੀ ਜੇ ਤਾਂ ਪਹਿਲਾਂ ਖਾ ਲੌ।'

'ਚਲ, ਅੱਜ ਪਹਿਲਾਂ ਹੀ ਖਾ ਲੈਣੇ ਹਾਂ। ਤੂੰ ਚਾਹ ਬਣਾ।'

ਦੋਵੇਂ ਅੰਦਰ ਚਲੇ ਗਏ।

#

ਬੜੇ ਦਿਨ ਬੜੀ ਬੇ-ਸਬਰੀ ਰਹੀ। ਭਾਵੇਂ ਐਲਾਨ ਅਜੇ ਕੁਝ ਦਿਨਾਂ ਨੂੰ ਹੋਣਾ ਸੀ, ਗੁਰਦਿਆਲ ਨੇ ਅਖ਼ਬਾਰ ਹੁਣੇ ਹੀ ਧਿਆਨ ਨਾਲ ਪੜ੍ਹਨੇ ਸ਼ੁਰੂ ਕਰ ਦਿੱਤੇ। ਉਹਨੂੰ ਪਤਾ ਸੀ, ਏਸ ਤਰ੍ਹਾਂ ਦੀ ਖ਼ਬਰ ਕਿਸੇ ਗੁੱਠੇ ਲੱਗੀ ਹੋਵੇਗੀ। ਛੋਟੀ ਜਿਹੀ ਸੁਰਖ਼ੀ ਹੋਵੇਗੀ ਤੇ ਦੋ ਚਾਰ ਸਤਰਾਂ। ਹੋਵੇਗੀ ਵੀ ਬੇ-ਤਸਵੀਰ। ਉਹ ਅਖ਼ਬਾਰਾਂ 'ਚ ਗੁੱਠੇ-ਲੱਗੀਆਂ, ਕੁਝ-ਸਤਰੀਆਂ, ਬੇ-ਤਸਵੀਰ ਖ਼ਬਰਾਂ ਲੱਭ-ਲੱਭ ਪੜ੍ਹਨ ਲੱਗ ਪਿਆ। ਮੋਟੀਆਂ ਸੁਰਖ਼ੀਆਂ ਵਾਲੀਆਂ ਖ਼ਬਰਾਂ 'ਤੇ ਐਵੇਂ ਨਜ਼ਰਾਂ ਦੌੜਾ ਛੱਡਦਾ।

ਇਕ ਦਿਨ ਸਵੇਰੇ ਲਾਅਨ 'ਚ ਬੈਠਾ ਆਪਣੇ ਏਸੇ ਆਹਰੇ ਲੱਗਾ ਹੋਇਆ ਸੀ ਕਿ ਬਤਰੇ ਦਾ ਫ਼ੋਨ ਆ ਗਿਆ।

'ਓਏ ਦਿਆਲ, ਤੂੰ ਤਾਂ ਛੁਪਿਆ ਰੁਸਤਮ ਨਿਕਲਿਐਂ।'

ਬਤਰੇ ਨੇ ਜ਼ੋਰ ਦੀ ਹਾਸਾ ਛੱਡਿਆ।

'ਕੀ ਕੀਤੈ ਯਾਰ ਮੈਂ?'

'ਤੇਰੇ ਸਿਰ 'ਤੇ ਮੁਕਟ ਰੱਖ ਦਿੱਤਾ ਨੇ। ਕਿਹੜਾ ਅਖ਼ਬਾਰ ਪੜ੍ਹ ਰਿਹੈਂ?'

ਗੁਰਦਿਆਲ ਨੇ ਆਪਣੇ ਅਖ਼ਬਾਰ ਦਾ ਨਾਂ ਲਿਆ।

'ਉਹ ਸਫ਼ਾ ਕੱਢ, ਜਿੱਥੇ ਦਿੱਲੀ ਦੇ ਮੌਸਮ ਦਾ ਹਾਲ ਹੁੰਦੈ, ਤੇ ਰਸਮ-ਪਗੜੀ ਤੇ ਉਠਾਲਿਆਂ ਦੇ ਇਸ਼ਤਿਹਾਰ। ਸਫ਼ਾ ਪੰਜ। ਪਹਿਲੇ ਕਾਲਮ ਦੇ ਐਨ ਹੇਠਾਂ ਵੇਖ।'

ਗੁਰਦਿਆਲ ਨੇ ਪੰਜਵਾਂ ਸਫ਼ਾ ਕੱਢਿਆ। ਪਹਿਲੇ ਕਾਲਮ ਦੇ ਐਨ ਹੇਠਾਂ ਗਿਆ। ਓਥੇ ਉਹੀਓ ਕੁਝ-ਸਤਰੀ, ਬੇ-ਤਸਵੀਰ, ਖ਼ਬਰ ਸੀ, ਜਿਹਦੀ ਉਹਨੂੰ ਉਡੀਕ ਸੀ।

*'ਸਮਾਜ-ਸੇਵੀ ਰਾਜਦੂਤ ਨਿਯੁਕਤ*

*ਸ੍ਰੀ ਗੁਰਦਿਆਲ ਸਿੰਘ ਨੂੰ ਬੋਟਸਵਾਣਾ 'ਚ ਭਾਰਤ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਆਪ ਸਰਬ-ਭਾਰਤੀ ਪਹਿਲਵਾਨੀ ਫ਼ੈਡਰੇਸ਼ਨ ਦੇ ਜੂਨੀਅਰ ਵਾਈਸ-ਚੇਅਰਮੈਨ ਹਨ ਤੇ ਅਜੇ ਪਿੱਛੇ ਜਿਹੇ ਹੀ ਦਲਿਤ ਵਿਦਿਅਕ ਕਮਿਸ਼ਨ ਤੋਂ ਰੀਟਾਇਰ ਹੋਏ ਹਨ।*

'ਰਤਨ, ਨਾਂ ਤਾਂ ਮੇਰਾ ਹੀ ਏ', ਗੁਰਦਿਆਲ ਨੇ ਮੰਨ ਲਿਆ।

'ਹੋਰ ਕਿਦ੍ਹਾ ਹੋਣਾ ਸੀ। ਮੇਵਾ ਉਹਨੂੰ ਹੀ ਮਿਲਦੈ, ਜਿਨ੍ਹੇ ਸੇਵਾ ਕੀਤੀ ਹੁੰਦੀ ਏ।' ਬਤਰੇ ਨੇ ਗੁਰਦਿਆਲ ਦੀ ਹਰਿਆਣੇ ਵਾਲੀ ਕਾਰਗੁਜ਼ਾਰੀ ਵੱਲ ਇਸ਼ਾਰਾ ਕੀਤਾ। 'ਕਦੋਂ ਵਿਛੜਨਾ ਈ ਫੇਰ ਸਾਡੇ ਤੋਂ?'

'ਅਜੇ ਤਾਂ ਕੁਝ ਪਤਾ ਨਹੀਂ। ਆਪੇ ਮਨਿੱਸਟਰੀ ਵਾਲੇ ਦੱਸਣਗੇ। ਰਤਨ, ਇਹ ਦੱਸ ਯਾਰ, ਮੇਰੇ ਪਿੱਛੋਂ ਮੇਰੀ *ਵਾਈਸ-ਚੇਅਰਮੈਨੀ* ਦਾ ਕੀ ਬਣੇਗਾ?'

ਗੁਰਦਿਆਲ ਨੂੰ ਆਪਣੀ ਕੁਰਸੀ ਦੀ ਪੈ ਗਈ।

'ਕਾਇਮ ਰਹੇਗੀ ਉਹ।'

'ਮੈਂ ਤਾਂ ਏਥੇ ਹੋਣਾ ਨਹੀਂ। ਸ਼ਾਇਦ ਤਿੰਨ ਸਾਲ।'

'ਤਾਂ ਕੀ! ਕੁਰਸੀ ਹੀ ਏ ਨਾ। ਕਰਨਾ-ਕਰਾਣਾ ਤਾਂ ਕੁਝ ਨਹੀਂ। ਅਸੀਂ ਕੁਸ਼ਤੀਆਂ ਤਾਂ ਕਰਾਂਦੇ ਨਹੀਂ ਰਹਿੰਦੇ।'

'ਕਿਸੇ ਨੂੰ ਏਤਰਾਜ਼ ਵੀ ਤਾਂ ਹੋ ਸਕਦੈ।'

'ਕਿਹਦੀ ਮਜਾਲ ਏ! ਮਾਚਵੇ ਸਾਹਿਬ ਦਾ ਯਾਦ ਹੀ ਨਾ। ਉਹ ਆਪਣੀ ਏਸ਼ੀਆਈ ਖੇਡ ਫ਼ੈਡਰੇਸ਼ਨ ਵਾਲੇ ਘੁਟਾਲੇ 'ਚ ਫਸ ਗਏ। ਦੋ ਮਹੀਨੇ ਜੇਲ੍ਹੇ ਵੀ ਪਏ ਰਹੇ। ਜ਼ਮਾਨਤ 'ਤੇ ਰਿਹਾ ਹੋਏ। ਕੁਰਸੀ ਤਾਂ ਉਹਨਾਂ ਦੀ ਕਾਇਮ ਰਹੀ। ਤੇਰੀ ਕੁਰਸੀ 'ਤੇ ਵੀ ਤੇਰੀਆਂ ਖੜਾਵਾਂ ਰੱਖ ਦਿਆਂਗੇ ਜਾਂ ਤੇਰੀਆਂ ਪੁਰਾਣੀਆਂ ਚੱਪਲਾਂ...'

ਬਤਰਾ ਜ਼ੋਰ ਦੀ ਹੱਸਿਆ ਤੇ ਫੇਰ ਸਮਝਾਉਣ ਲੱਗਾ, 'ਗੁਰਦਿਆਲ ਤੇਰੇ ਨਾਲ ਤਾਂ ਸਾਡੀ ਫ਼ੈਡਰੇਸ਼ਨ ਦੇ ਸਿਰ 'ਤੇ ਕਲਗ਼ੀ ਲੱਗ ਜਾਏਗੀ। ਕੌਣ ਲਾਹੇਗਾ ਇਹ ਕਲਗ਼ੀ?'

ਬਤਰੇ ਦੇ ਕਹੇ 'ਚ ਤਰਕ ਸੀ। ਗੁਰਦਿਆਲ ਨੂੰ ਵਿਸ਼ਵਾਸ ਹੋਇਆ। ਬਤਰਾ ਭਾਵੇਂ ਸਿਰਫ਼ ਸੀਨੀਅਰ ਵਾਈਸ ਚੇਅਰਮੈਨ ਸੀ, ਉਹਦੇ ਕਹੇ 'ਤੇ ਹਰ ਕੋਈ ਫੁੱਲ ਚੜ੍ਹਾਉਂਦਾ ਸੀ। ਆਂਗਰੇ ਵੀ ਉਹਦਾ ਆਖਾ ਨਹੀਂ ਸੀ ਮੋੜਦਾ।

'ਤੈਨੂੰ ਅਸੀਂ ਫ਼ੈਡਰੇਸ਼ਨ ਵਲੋਂ *ਸੈਂਡ-ਔਫ਼* ਦਿਆਂਗੇ।' ਬਤਰੇ ਨੇ ਕਿਹਾ। 'ਮੈਂ ਕਰਨਾ ਆਂਗਰੇ ਨਾਲ ਗੱਲ।'

ਉਹਨੇ ਫ਼ੋਨ ਬੰਦ ਕਰ ਦਿੱਤਾ, ਜਿਵੇਂ ਹੁਣੇ, ਏਸੇ ਪਲ, ਆਂਗਰੇ ਨੂੰ ਫੜਨ ਲੱਗਾ ਹੋਵੇ।

ਗੁਰਦਿਆਲ ਛੇਤੀ ਅੰਦਰ ਜਾ ਦੀਪਾਂ ਨੂੰ ਦੱਸਣਾ ਚਾਹੁੰਦਾ ਸੀ। ਉਹਨੇ ਪੰਜਵੇਂ ਸਫ਼ੇ ਤੋਂ ਖੁੱਲ੍ਹਾ ਅਖ਼ਬਾਰ ਚੁੱਕਿਆ ਤੇ ਉੱਠ ਖਲੋਤਾ। ਓਸੇ ਛਿਣ ਟੈਲੀਫ਼ੋਨ ਦੀ ਘੰਟੀ ਫੇਰ ਵੱਜ ਪਈ। ਉਹਨੇ ਅਖ਼ਬਾਰ ਰੱਖ ਦਿੱਤਾ ਤੇ ਫ਼ੋਨ ਕੰਨ ਨੂੰ ਲਾ ਲਿਆ। ਹੁਣ ਹਜ਼ੂਰ ਸਿੰਘ ਬੋਲ ਰਿਹਾ ਸੀ।

'ਦਿਆਲ, ਭਾਈ ਸਮਝ ਨਹੀਂ ਲਗਦੀ, ਤੈਨੂੰ ਵਧਾਈ ਦਿਆਂ ਕਿ ਕੁਝ ਹੋਰ ਕਹਾਂ।'

'ਕਿਉਂ ਹਜ਼ੂਰੇ?'



'ਮੈਂ ਤੇਰੀ ਥਾਂ ਹੁੰਦਾ ਤਾਂ ਇਹ ਪੁਜ਼ੀਸ਼ਨ ਪਰਵਾਨ ਨਾ ਕਰਦਾ...'

'ਕਿਉਂ ਭਾਈ, ਇਹਦੇ 'ਚ ਕੀ ਮਾੜੈ?'

'ਚੰਗਾ ਕੀ ਏ! ਤੂੰ ਤਾਂ ਗਿਆ ਕੰਮ ਤੋਂ। ਕੁਝ ਸਾਲ ਤਾਂ ਸਮਾਜ-ਸੇਵਾ ਜੋਗਾ ਨਹੀਂ ਰਹੇਂਗਾ।'

ਗੁਰਦਿਆਲ ਹੱਸ ਪਿਆ।

'ਮੈਂ ਅੱਗੇ ਕਿਹੜੀ ਸਮਾਜ ਦੀ ਸੇਵਾ ਕਰਦਾਂ? ਸੇਵਾ ਤਾਂ ਮੈਂ ਸਿਰਫ਼ ਆਪਣੀ ਕਰਨਾਂ, ਜਾਂ ਆਪਣੇ ਪਰਵਾਰ ਦੀ। ਜਾਂ ਆਪਣੇ ਕੁਝ ਲਗਦਿਆਂ ਦੀ। ਛੱਡ ਇਹਨੂੰ, ਯਾਰ। ਇਹ ਦੱਸ, ਤੈਨੂੰ ਪਤਾ ਕਿਵੇਂ ਲੱਗੈ?' ਪਹੁੰਚ ਗਈ ਏ ਖ਼ਬਰ ਪੰਜਾਬ ਵੀ?'

'ਨਹੀਂ, ਮੈਂ ਤਾਂ ਏਥੇ ਪੜ੍ਹੀ ਏ। ਜਨਕਪੁਰੀ।'

'ਏਥੇ ਕੀ ਕਰ ਰਿਹੈਂ?'

'ਕਿਸੇ ਬੜੇ ਖ਼ਾਸ ਬੰਦੇ ਨੂੰ ਮਿਲਣ ਆਇਆ ਸਾਂ।'

'ਮੇਰੇ ਵਲੋਂ ਵੀ ਹੁੰਦਾ ਜਾ। ਆ ਤੇਰਾ ਮੂੰਹ ਮਿੱਠਾ ਕਰਾਈਏ।'

'ਮੈਂ ਕਰ ਲਿਐ ਮੂੰਹ ਮਿੱਠਾ ਯਾਰ। ਹੁਣੇ-ਹੁਣੇ ਤੇਰਾ ਨਾਂ ਲੈ ਗਜਰੇਲਾ ਖਾਧੈ, ਆਲੂ ਵਾਲੀ ਪਰੌਂਠੀ ਨਾਲ।'

ਹਜ਼ੂਰ ਸਿੰਘ ਫੜਾਈ ਨਹੀਂ ਸੀ ਦੇ ਰਿਹਾ।

'ਹਜ਼ੂਰੇ, ਇਹ ਗੱਲ ਠੀਕ ਨਹੀਂ। ਏਨੀ ਨੇੜਿਉਂ ਸੁੱਕਾ ਲੰਘ ਚੱਲਿਐਂ।'

'ਉਹ ਯਾਰ, ਤੂੰ ਇਹਦੀ ਚਿੰਤਾ ਨਾ ਕਰ। ਮੈਂ ਤਾਂ ਤੇਰੇ ਕੋਲ ਬੋਟਸਵਾਣਾ ਵੀ ਪਹੁੰਚ ਪਵਾਂਗਾ।'

'ਹੱਛਾ!' ਗੁਰਦਿਆਲ ਖੁਸ਼ ਹੋ ਗਿਆ। 'ਜ਼ਰੂਰ ਪਹੁੰਚੀਂ। ਤੇਰੀ ਸਮਾਜ ਸੇਵਾ ਦਾ ਪ੍ਰਬੰਧ ਓਥੇ ਵੀ ਕਰ ਦਿਆਂਗੇ।'

'ਨਾ ਭਾਈ ਨਾ', ਹਜ਼ੂਰ ਸਿੰਘ ਨੇ ਜਿਵੇਂ ਕੰਨਾਂ ਨੂੰ ਹੱਥ ਲਾਏ, 'ਆਪਾਂ ਤਾਂ ਸੇਵਾ ਸਿਰਫ਼ ਪੰਜਾਬੀ ਜਾਂ ਭਾਰਤੀ ਲੋਕਾਂ ਦੀ ਕਰਦੇ ਹਾਂ। ਸਤ-ਬਗਾਨਿਆਂ ਦੀ ਸੇਵਾ ਦੀ ਲਾਲਸਾ ਨਹੀਂ ਆਪਾਂ ਨੂੰ। ...ਵੈਸੇ ਦਿਆਲ, ਤੈਨੂੰ ਥਾਂ ਬੜੀ ਕਸੂਤੀ ਦਿੱਤੀ ਨੇ। ਜੇ ਕਿਤੇ ਯੌਰਪ ਦੇ ਰਾਹ 'ਚ ਹੁੰਦੀ ਤਾਂ ਮੈਂ ਸਾਲ 'ਚ ਦੋ-ਤਿੰਨ ਵਾਰੀ ਤੇਰੇ ਦਰਸ਼ਨ ਕਰਦਾ। ਤੂੰ ਜਾ ਕਦੋਂ ਰਿਹੈਂ?'

'ਅਜੇ ਪਤਾ ਨਹੀਂ। ਆਪੇ *ਮਨਿੱਸਟਰੀ* ਵਾਲੇ ਦੱਸਣਗੇ।'

'ਚਲ ਚੰਗੈ, ਕੁਝ ਸਾਲ ਤਾਂ ਚੌਧਰੀ ਦੇ ਗੁੱਸੇ ਤੋਂ ਬਚਿਆ ਰਹੇਂਗਾ।'

ਹਜ਼ੂਰ ਸਿੰਘ ਨੇ ਮਜ਼ਾਕ ਕੀਤਾ। ਗੁਰਦਿਆਲ ਨੂੰ ਹੁਣ ਪਰਵਾਹ ਨਹੀਂ ਸੀ। ਉਸ ਕਿਹਾ,

'ਚੌਧਰੀ ਕਰਦਾ ਰਹੇ ਗੁੱਸਾ। ਮੇਰੀ ਸਿਹਤ ਨੂੰ ਫ਼ਰਕ ਨਹੀਂ ਪੈਂਦਾ।'

'ਹੱਛਾ ਫੇਰ ਦਿਆਲ...'

ਹਜ਼ੂਰ ਸਿੰਘ ਨੇ ਫ਼ੋਨ ਬੰਦ ਕਰ ਦਿੱਤਾ।

#

ਗੁਰਦਿਆਲ ਨੇ ਅਖ਼ਬਾਰ ਫੇਰ ਚੁੱਕਿਆ। ਉਹ ਹੇਠ ਡਿੱਗਾ ਪਿਆ ਸੀ ਤੇ ਉਹਦਾ ਕੋਈ ਹੋਰ ਸਫ਼ਾ ਖੁੱਲ੍ਹਾ ਪਿਆ ਸੀ। ਉਹਨੇ ਫੇਰ ਪੰਜਵਾਂ ਸਫ਼ਾ ਕੱਢਿਆ ਤੇ ਅੰਦਰ ਵੱਲ ਪੁਲਾਂਘ ਪੁੱਟੀ। ਫ਼ੋਨ ਫੇਰ ਵੱਜ ਪਿਆ। ਉਹਨੂੰ ਕੰਨ ਨੂੰ ਲਾਉਣਾ ਪਿਆ।

ਆਵਾਜ਼ ਉੱਚੀ ਸੀ ਤੇ ਦੋਹਰੀ। ਅੰਦਰੋਂ ਵੀ ਆ ਰਹੀ ਸੀ ਤੇ ਬਾਹਰੋਂ ਵੀ। ਉਹਨੇ ਨਾਲ ਦੀ ਕੰਧ ਵੱਲ ਵੇਖਿਆ। ਉਹਦੇ ਪਾਰ, ਕੰਨ 'ਤੇ ਮੋਬਾਇਲ ਚੇਪੀ, ਸੁੰਦਰ ਦਾਸ ਖੜਾ ਸੀ ਤੇ ਉੱਚੀ-ਉੱਚੀ ਬੋਲ ਰਿਹਾ ਸੀ। ਗੁਰਦਿਆਲ ਨੇ ਵੀ ਆਪਣੀ ਆਵਾਜ਼ ਓਨੀ ਹੀ ਉੱਚੀ ਕਰ ਲਈ ਤੇ ਹੱਸ ਕੇ ਪੁੱਛਿਆ,

'ਭਾਈ ਸਾਹਿਬ, ਅੱਜ ਕੰਧ ਦੇ ਆਰ-ਪਾਰ ਗੱਲ ਨਹੀਂ ਕਰਨੀ, ਜਿਵੇਂ ਅੱਗੇ ਕਰਦੇ ਹੁੰਦੇ ਸਾਂ?'

'ਨਹੀਂ, ਸਿੰਘ ਸਾਹਿਬ, ਅੱਜ ਨਹੀਂ। ਅੱਜ ਵਿਸ਼ੇਸ਼ ਅਵਸਰ ਏ। ਅੱਜ ਮੈਂ ਮਾਣਿਆਵਰ ਰਾਜਦੂਤ ਸਾਹਿਬ ਨਾਲ ਗੱਲ ਕਰ ਰਿਹਾ ਹਾਂ। ਮਰਿਆਦਾ ਰੱਖਣੀ ਪਵੇਗੀ...'

ਸੁੰਦਰ ਦਾਸ ਦਾ ਵੀ ਹਾਸਾ ਨਿਕਲ ਗਿਆ।

'ਮੈਂ ਤੁਹਾਨੂੰ ਮੁਬਾਰਕ ਪੇਸ਼ ਕਰਦਾ ਹਾਂ ਤੇ ਸੂਚਿਤ ਕਰਦਾ ਹਾਂ ਕਿ ਏਸ ਵੇਲੇ ਮੈਨੂੰ ਇਕ ਚਿੰਤਾ ਵੀ ਲੱਗੀ ਹੋਈ ਏ...'

'ਕਿਹੜੀ?'

'ਚਿੰਤਾ ਇਹ ਕਿ ਜਿਹੜੇ ਅੰਬਾਂ 'ਤੇ ਤੁਹਾਡਾ ਅਧਿਕਾਰ ਏ, ਉਹ ਕਿਦ੍ਹੇ ਖਾਤੇ ਪੈਣਗੇ?'

ਗੁਰਦਿਆਲ ਹੱਸ ਪਿਆ।

'ਭਾਈ ਸਾਹਿਬ, ਇਹਦੀ ਚਿੰਤਾ ਲਾਹ ਛੱਡੋ। ਜਿਦ੍ਹੇ ਵੀ ਖਾਤੇ 'ਚ ਪੈਂਦੇ ਨੇ, ਪੈਣ ਦਿਓ। ਮਿਲਣਗੇ ਤਾਂ ਉਹਨੂੰ ਹੀ ਨਾ, ਜਿਹਨੂੰ ਸਾਡੇ ਵਾਲੀ ਕੋਠੀ ਮਿਲੇਗੀ।'

'ਸਿੰਘ ਸਾਹਿਬ, ਇਹ ਅਸੀਂ ਸਹਿਣ ਨਹੀਂ ਕਰ ਸਕਾਂਗੇ। ਅਸੀਂ ਤੁਹਾਡੇ ਵਾਲੀ ਕੋਠੀ 'ਚ ਕੋਈ ਆਪਣਾ ਬੰਦਾ ਲਿਆਵਾਂਗੇ।'

'ਬੰਦੀ ਨੂੰ ਹੀ ਕਿਉਂ ਨਹੀਂ ਲੈ ਆਉਂਦੇ?' ਗੁਰਦਿਆਲ ਨੂੰ ਵੀ ਮਸਖ਼ਰੀ ਸੁੱਝ ਪਈ। 'ਅਲਕਾ ਜੀ ਦੀ ਕੋਠੀ ਬਦਲਵਾ ਦਿਓ। ਉਹ ਆਪਣੀ ਛੱਡ ਦੇਣ ਤੇ ਏਥੇ ਆ ਜਾਣ।'

'ਗੱਲ ਤਾਂ ਪਤੇ ਦੀ ਕੀਤੀ ਜੇ, ਸਿੰਘ ਸਾਹਿਬ।' ਸੁੰਦਰ ਦਾਸ ਖੁਸ਼ ਹੋ ਗਿਆ। 'ਹੈਰਾਨੀ ਮੈਨੂੰ ਏਸ ਚੀਜ਼ ਦੀ ਏ ਕਿ ਇਹ ਤੁਹਾਨੂੰ ਮੇਰੇ ਤੋਂ ਪਹਿਲੋਂ ਕਿਵੇਂ ਸੁੱਝ ਪਈ। ਖ਼ੈਰ ਕਈ ਗੱਲ ਨਹੀਂ। ਕੀ ਫ਼ਰਕ ਪੈਂਦੈ। ਤੁਹਾਨੂੰ ਸੁੱਝੀ



ਕਿ ਮੈਨੂੰ ਸੁੱਝੀ। ਚੱਲਾਂਗੇ ਤੁਹਾਡੇ ਹੀ ਨਕਸ਼ੇ-ਕਦਮ 'ਤੇ। ਜਿੱਥੋਂ ਤਕ ਤੁਹਾਡੇ ਹਿੱਸੇ ਦੇ ਅੰਬਾਂ ਦਾ ਸਵਾਲ ਏ, ਉਹ ਤੁਹਾਨੂੰ ਹਵਾਈ ਜਹਾਜ਼ ਰਾਹੀਂ ਬਾਕਾਇਦਾ ਪਹੁੰਚਦੇ ਰਹਿਣਗੇ।'

'ਨਹੀਂ ਭਾਈ ਸਾਹਿਬ, ਏਡੀ ਖੇਚਲ ਦੀ ਲੋੜ ਨਹੀਂ। ਅੰਬ ਓਥੇ ਜਿਹੋ ਜਿਹੇ ਵੀ ਮਿਲੇ, ਚੂਪ ਲਾਂਗੇ ਅਸੀਂ ਤੁਹਾਡਾ ਨਾਂ ਲੈ ਕੇ।'

'ਨਹੀਂ, ਨਹੀਂ, ਇੰਜ ਨਹੀਂ ਹੋ ਸਕਦਾ। ਤੁਹਾਡੇ ਅੰਬਾਂ 'ਤੇ ਕਿਸੇ ਹੋਰ ਦੀ ਮੁਹਰ ਨਹੀਂ ਲੱਗ ਸਕਦੀ। ਤੁਹਾਡੇ ਅੰਬ ਤੁਹਾਨੂੰ ਹੀ ਪਹੁੰਚਣਗੇ। ਕਿੱਥੇ ਘੱਲਣੇ ਨੇ? ਕੀ ਨਾਂ ਏ ਤੁਹਾਡੇ ਏਸ ਬੋਟਸਵਾਣੇ ਦੀ ਰਾਜਧਾਨੀ ਦਾ?'

ਗੁਰਦਿਆਲ ਬੌਂਦਲ ਗਿਆ। ਨਾਂ ਦਾ ਉਹਨੂੰ ਪਤਾ ਨਹੀਂ ਸੀ। ਆਂਗਰੇ ਨੂੰ ਪੁੱਛਣਾ ਭੁੱਲ ਗਿਆ ਸੀ।

'ਭਾਈ ਸਾਹਿਬ, ਨਾਂ ਦਾ ਅਜੇ ਪਤਾ ਨਹੀਂ ਕੀਤਾ।'

'ਸਿੰਘ ਸਾਹਿਬ, ਪਤਾ ਹੋਣਾ ਜ਼ਰੂਰੀ ਏ। ਨਹੀਂ ਤਾਂ ਸਾਡੇ ਕੋਰੀਅਰ ਗ਼ਲਤ ਥਾਂ ਪਹੁੰਚ ਜਾਣਗੇ।'

ਸੁੰਦਰ ਦਾਸ ਗੱਲ ਨੂੰ ਲਮਕਾਈ ਜਾ ਰਿਹਾ ਸੀ। ਫ਼ੋਨ ਤਾਂ ਉਹਨੇ ਇਹ ਜਤਲਾਉਣ ਲਈ ਕੀਤਾ ਸੀ ਕਿ ਬੋਟਸਵਾਣੇ ਹੋਈ ਨਿਯੁਕਤੀ ਉਸ ਤੋਂ ਗੁੱਝੀ ਨਹੀਂ ਸੀ। ਪਰ ਉਹ ਬਸ ਹੀ ਨਹੀਂ ਸੀ ਕਰ ਰਿਹਾ। ਗੁਰਦਿਆਲ ਨੂੰ ਕਾਹਲ ਪੈ ਰਹੀ ਸੀ। ਉਹ ਛੇਤੀ ਅੰਦਰ ਜਾ ਦੀਪਾਂ ਨੂੰ ਦੱਸਣਾ ਚਾਹੁੰਦਾ ਸੀ। ਉਹਨੇ ਗੱਲ ਮੁਕਾਉਣੀ ਚਾਹੀ। ਸੁੰਦਰ ਦਾਸ ਨੂੰ ਸੱਦਾ ਦਿੱਤਾ,

'ਭਾਈ ਸਾਹਿਬ, ਨਿਰੇ ਅੰਬ ਹੀ ਨਾ ਘਲਦੇ ਰਹਿਣਾ। ਆਪ ਵੀ ਆਉਣਾ ਕਦੀ।'

'ਜ਼ਰੂਰ ਆਵਾਂਗੇ, ਜਦੋਂ ਪਾਰਲੀਮੈਂਟ ਦੀ *ਰੀਸੈਸ* ਹੋਈ।'

'ਅਲਕਾ ਜੀ ਨੂੰ ਵੀ ਨਾਲ ਲਿਆਉਣਾ।'

'ਉਹ ਵੀ ਆਉਣਗੇ। ਲੀਲਾ ਜੀ ਵੀ ਆਉਣਗੇ। ਅਸੀਂ ਬਾਹਰ 'ਕੱਠੇ ਹੀ ਜਾਂਦੇ ਹਾਂ। ਇਹ ਦੱਸੋ, ਕੋਈ ਛੋਟਾ-ਮੋਟਾ ਜਸ਼ਨ ਕਰ ਦਈਏ?'

'ਛੱਡੋ ਪਰ੍ਹਾਂ, ਭਾਈ ਸਾਹਿਬ। ਕੀ ਕਰਨੈਂ ਜਸ਼ਨ ਕਰਕੇ। ਮੈਂ ਸੂਫ਼ੀ ਬੰਦਾ ਹਾਂ। ਬਸ ਕਿਸੇ ਦਿਨ ਤੁਹਾਡੇ ਕੋਲ ਚਾਹ ਪੀਣ ਆ ਜਾਂਗਾ...'

'ਚਲੋ, ਇਹ ਵੀ ਠੀਕ ਏ। ਚਾਹ ਤੁਹਾਨੂੰ ਅਲਕਾ ਜੀ ਆਪਣੇ ਹੱਥਾਂ ਨਾਲ ਬਣਾ ਕੇ ਪਿਆਣਗੇ...'

ਗੱਲ ਖ਼ਤਮ ਨਹੀਂ ਸੀ ਹੋ ਰਹੀ। ਗੁਰਦਿਆਲ ਨੇ ਫ਼ੋਨ ਬੰਦ ਕਰ ਦਿੱਤਾ ਤੇ ਮੇਜ਼ ਉਤੇ ਰੱਖ ਦਿੱਤਾ। ਅਖ਼ਬਾਰ ਚੁੱਕਿਆ ਤੇ ਅੰਦਰ ਜਾਣ ਲੱਗਾ। ਇਕ ਪੁਲਾਂਘ ਪੁੱਟੀ ਸੀ ਕਿ ਫ਼ੋਨ ਫੇਰ ਵੱਜ ਪਿਆ। ਗੁਰਦਿਆਲ ਨੇ ਵੱਜਦੇ ਰਹਿਣ ਦਿੱਤਾ ਤੇ ਅੰਦਰ ਹੋ ਪਿਆ।

ਉਹਨੇ ਵਰਾਂਡੇ 'ਚੋਂ ਆਵਾਜ਼ ਦਿੱਤੀ,

'ਦੀਪਾਂ, ਏਧਰ ਆ। ਆਹ ਵੇਖ!'

ਦੀਪਾਂ ਰਸੋਈ 'ਚ ਸੀ। ਦੁਪਹਿਰ ਦੇ ਖਾਣੇ ਲਈ ਕੱਦੂ ਚਾੜ੍ਹਨ ਲੱਗੀ ਸੀ। ਅਜੇ ਉਹਨੇ ਲੰਬੂਤਰੇ ਕੱਦੂ ਨੂੰ ਵਿੱਚੋਂ ਅੱਧਾ ਹੀ ਕੀਤਾ ਸੀ। ਉਹ ਓਸੇ ਤਰ੍ਹਾਂ ਹੀ ਬਾਹਰ ਆ ਗਈ। ਉਹਦੇ ਇਕ ਹੱਥ 'ਚ ਕਰਦ ਸੀ ਤੇ ਦੂਜੇ 'ਚ ਕੱਦੂ ਦਾ ਡੰਡੀ ਵਾਲਾ ਅੱਧ। ਗੁਰਦਿਆਲ ਨੇ ਠੀਕ ਥਾਉਂ ਖੁੱਲ੍ਹਿਆ ਅਖ਼ਬਾਰ ਉਹਦੇ ਅੱਗੇ ਕਰ ਦਿੱਤਾ।

'ਆਹ ਪੜ੍ਹ ਦੀਪਾਂ! ਮੈਂ *ਐਮਬੈਸਡਰ* ਬਣ ਗਿਆਂ! *ਹਾਈ ਕਮਿਸ਼ਨਰ! ਹਿਜ਼ ਐਕਸੇਲੈਂਸੀ...*' ਉਹ ਚਾਂਭਲ ਕੇ ਬੋਲਿਆ।

ਦੀਪਾਂ ਹੱਥੋਂ ਕਰਦ ਛੁਟਕ ਗਈ। ਉਹਨੇ ਅਖ਼ਬਾਰ ਫੜ ਅੱਖਾਂ ਅੱਗੇ ਕੀਤਾ। ਖ਼ਬਰ ਨੂੰ ਪੜ੍ਹਿਆ। ਉਹਦਾ ਮੂੰਹ ਚਮਕ ਪਿਆ। ਉਹਨੇ ਕੁਝ ਸੋਚਿਆ ਤੇ ਪੁੱਛਿਆ,

'ਓਥੇ ਮੈਨੂੰ ਕੀ ਸੱਦਣਗੇ ਫੇਰ?'

'ਤੈਨੂੰ ਸੱਦਣਗੇ *ਹਾਈ ਕਮਿਸ਼ਨਰੀ। ਨਹੀਂ, ਹਾਈ ਕਮਿਸ਼ਰਾਣੀ। ਹਰ ਹਾਈਨੈਸ!...*'

ਦੀਪਾਂ ਦੇ ਦੂਜੇ ਹੱਥ ਫੜਿਆ ਡੰਡੀ ਵਾਲਾ ਅੱਧਾ ਕੱਦੂ ਛੁਟਕ ਕੇ ਫ਼ਰਸ਼ 'ਤੇ ਜਾ ਪਿਆ।

## ਬੈਕ ਪੇਜ

*ਗੁਰਦਿਆਲ ਦੇ ਉਸ ਉੱਚੇ ਅਹੁਦੇ ਦੀ ਮਿਆਦ ਮੁੱਕ ਗਈ, ਜਿਸ ਉਤੇ ਉਹਨੂੰ ਕਿਸੇ ਤਖ਼ਤੇ-ਬੈਠੇ ਸਿਆਸਤਦਾਨ ਨੇ ਲਿਹਾਜ਼ਨ ਲਾਇਆ ਸੀ। ਨਾਲ ਹੀ ਮੁੱਕ ਗਈ ਦਿੱਲੀ ਦੇ ਫੰਨੇ-ਖਾਂ ਇਲਾਕੇ 'ਚ ਬਣੀ ਉਸ ਕੋਠੀ 'ਚ ਰਹਿ ਸਕਣ ਦੇ ਹੱਕ ਦੀ ਮਿਆਦ ਵੀ, ਜਿਹੜਾ ਉਹਨੂੰ ਉਸ ਅਹੁਦੇ ਨਾਲ ਮਿਲਿਆ ਸੀ। ਉਹਨੂੰ ਏਸ ਕੋਠੀ 'ਚੋਂ ਫੁੱਟਣ ਦਾ ਹੁਕਮ ਹੋ ਗਿਆ। ਉਹਨੂੰ ਜੱਫਾ ਮਾਰੀ ਰੱਖਣ ਲਈ ਉਹਨੇ ਜ਼ਮੀਨ-ਅਸਮਾਨ ਇੱਕ ਕਰ ਦਿੱਤਾ। ਇਹ ਨਾਵਲ ਏ ਏਸ ਸਿਲਸਿਲੇ 'ਚ ਉਹਦੇ ਕੱਢੇ ਡੰਡ-ਬੈਠਕਾਂ ਦੀ ਕਹਾਣੀ ਤੇ ਉਹਦੀ ਸ਼ਕਲੇ, ਸਾਡੀ ਸਿਆਸਤ 'ਚ ਲੁੱਡੀਆਂ ਪਾਉਂਦੀ, ਮੌਕਾ-ਪ੍ਰਸਤੀ ਦੀ ਵਾਰਤਾ। ਸ਼ੀਸ਼ਾ ਉਹਦਾ ਏ, ਪਰ ਉਸ ਵਿਚ ਦਿਸਦੇ ਨੇ ਉਹ ਸੱਭੋ ਚਿਹਰੇ, ਜਿਨ੍ਹਾਂ ਉਤੇ ਅਖੌਤੀ ਅਸੂਲਾਂ ਦੇ ਰਾਂਗਲੇ ਮਖੌਟੇ ਨੇ, ਪਰ ਜਿਨ੍ਹਾਂ ਦੇ ਅਸਲ ਨਕਸ਼ ਏਡੇ ਦਿਲ-ਲੁਭਾਵੇ ਨਹੀਂ।*

*ਸਾਡੀ ਸਿਆਸਤ ਦਾ ਚੀਰ-ਹਰਨ ਕਰਦਾ ਏ ਇਹ ਨਾਵਲ।*

ਦਰਸ਼ਨ ਸਿੰਘ (ਜਨਮ ਸੰਨ 1928) ਨੇ ਸਾਰੀ ਉਮਰ ਅਨੁਵਾਦ ਕਰਦੇ ਰਹਿਣ ਪਿੱਛੋਂ ਕੋਈ ਸੱਤਰ ਵਰ੍ਹਿਆਂ ਦੀ ਉਮਰੇ ਮੌਲਿਕ ਲਿਖਣਾ ਸ਼ੁਰੂ ਕੀਤਾ। ਹੁਣ ਤਕ ਉਹ, *ਕੰਡਾ, ਭਾਉ, ਮੀਂਹ ਵਰਸੇਂਦਾ, ਭੂਮਿਕਾ ਤੇ ਗੈਲਰੀ ਸ਼ਹੀਦਾਂ ਸਣੇ,* ਨੌਂ ਨਾਵਲ ਲਿਖ ਚੁੱਕਾ ਏ। ਵਿੱਚ-ਵਿੱਚ ਕਹਾਣੀਆਂ ਵੀ ਲਿਖੀਆਂ ਨੇ ਤੇ ਰੇਖਾ-ਚਿੱਤਰ ਵੀ।

ਉਹਦੀ ਨਾਵਲਕਾਰੀ ਦੀ ਵਿਸ਼ੇਸ਼ਤਾ ਏ, ਬਿਰਤਾਂਤ ਦੀ ਬਰੀਕ ਤੇ ਸੰਘਣੀ ਬੁਣਤੀ, ਬਹੁ-ਪਰਤੀ ਪਾਤਰ-ਉਸਾਰੀ, ਵਿਸ਼ਿਆਂ ਦੀ ਵੰਨ-ਸੁਵੰਨਤਾ, ਰੌਚਕਤਾ ਤੇ ਸਾਹਿਤਕਤਾ ਦਾ ਸੁਮੇਲ ਤੇ ਸੁੱਚੀ, ਸਰਲ, ਠੁਕ-ਬੱਝੀ ਕੇਂਦਰੀ ਪੰਜਾਬੀ ਬੋਲੀ ਦੀ ਵਰਤੋਂ।

ਉਹ ਸੰਨ ਸੰਤਾਲੀ ਦੇ ਲਹੂ-ਸਿੰਜੇ ਵੰਡਾਰੇ ਸਮੇਂ ਲਾਹੌਰੋਂ ਦਿੱਲੀ ਆਇਆ ਤੇ ਓਦੋਂ ਤੋਂ ਹੀ, ਪਿਛਲੀ ਸਦੀ ਦੇ ਮਧ-ਸੱਠਵਿਆਂ ਦੇ ਉਹਨਾਂ ਪੌਣੇ ਚਾਰ ਵਰ੍ਹਿਆਂ ਨੂੰ ਛੱਡ, ਜਦੋਂ ਉਹ ਸੋਵੀਅਤ ਰਾਜਧਾਨੀ ਮਾਸਕੋ 'ਚ ਅਨੁਵਾਦ, ਨਾਮਾ-ਨਿਗਾਰੀ ਤੇ ਪ੍ਰਸਾਰਨ ਦੇ ਆਹਰੀਂ ਲੱਗਾ ਰਿਹਾ, ਦਿੱਲੀ ਵਸਿਆ ਹੋਇਆ ਹੈ।